Digitized by Arya Samaj Foundation Chennai and eGangotri

ਮੇਰਾ ਜੀਵਨ ਪੰਧ

ਦੀਵਾਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

7743

पुस्तकालय
गुरुकुल कांगड़ी विश्वविद्यालय

Forwarded free of Cost, and with the Compliments of Deptt of Education, Govt. of India, New Delhi,

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਜੀਵਨ ਪੰਧ

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੇਖਕ ਦੀਆਂ ਹੋਰ ਰਚਨਾਵਾਂ

ਲਾਹੌਰ ਬੁਕ ਸ਼ਾਪ, ਲੁਧਿਆਣਾ

1. ਫ਼ਰੀਦ ਦਰਸ਼ਨ (ਛੇਵੀਂ ਐਡੀਸ਼ਨ)
2. ਸੂਫ਼ੀਵਾਦ ਤੇ ਹੋਰ ਲੇਖ (ਚੌਥੀ ਐਡੀਸ਼ਨ)
3. ਦਸਮ ਗੁਰੂ : ਜੀਵਨ ਤੇ ਸ਼ਖ਼ਸੀਅਤ(ਪੰਜਵੀਂ ਐਡੀਸ਼ਨ)
4. Guru Nanak & Indian Mystic Tradition

ਨਿਊ ਬੁਕ ਕੰਪਨੀ, ਜਲੰਧਰ

5. ਸੱਸੀ ਪੁੰਨੂੰ ਹਾਸ਼ਮ (ਛੇਵੀਂ ਐਡੀਸ਼ਨ)
6. ਸੋਹਣੀ ਫ਼ਜ਼ਲਸ਼ਾਹ (ਚੌਥੀ ਐਡੀਸ਼ਨ)
7. ਆਧੁਨਿਕ ਪੰਜਾਬੀ ਸਾਹਿੱਤ
8. ਤਿਹਾਏ ਸੁਪਨੇ (ਕਵਿਤਾ)
9. ਵਾਰਸ ਸ਼ਾਹ ਦਾ ਕਾਵਿ-ਲੋਕ (ਦੂਜੀ ਐਡੀਸ਼ਨ)
10. ਬੁੱਲ੍ਹੇ ਸ਼ਾਹ ਦਾ ਕਾਵਿ-ਲੋਕ (ਦੂਜੀ ਐਡੀਸ਼ਨ)
11. ਡਾ. ਬਲਬੀਰ ਸਿੰਘ ਦੀ ਵਾਰਤਕ ਕਲਾ
12. ਪ੍ਰਿੰ. ਤੇਜਾ ਸਿੰਘ ਦੀ ਵਾਰਤਕ ਕਲਾ

ਰਵੀ ਸਾਹਿੱਤ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ

13. ਅੰਦਾਜ਼ਿ ਗ਼ਜ਼ਲ
14. ਸਮੁੱਚੀ ਕਾਵਿ-ਰਚਨਾ
15. ਚਾਤ੍ਰਿਕ ਦੀ ਚੋਣਵੀਂ ਕਵਿਤਾ
16. What is Mysticism ?

ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ

17. Guru Nanak's Message in Japji (3rd ed.)
18. Initials of Sikhism

ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ

19. ਸਿੱਧ ਗੋਸ਼ਟ ਤੇ ਹੋਰ ਲੇਖ (ਸੰਪਾਦਿਤ)
20. ਗੁਰੂ ਤੇਗ਼ ਬਹਾਦਰ : ਚਿੰਤਨ, ਕਲਾ ਤੇ ਬਾਣੀ (ਸੰਪਾਦਿਤ)

ਭਾਸ਼ਾ ਵਿਭਾਗ ਪੰਜਾਬ, ਪਟਿਆਲਾ

21. ਫ਼ਾਰਸੀ ਸਾਹਿੱਤ ਦਾ ਇਤਿਹਾਸ (ਅਨੁਵਾਦ ਅੰਗਰੇਜ਼ੀ ਤੋਂ ਪੰਜਾਬੀ)

ਪੰਜਾਬੀ ਯੂਨੀਵਰਸਿਟੀ, ਪਟਿਆਲਾ

22. ਚਾਤ੍ਰਿਕ ਦੀ ਪੁਸ਼ਪ ਮਾਲਾ

ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ, ਲੁਧਿਆਣਾ/ਅੰਮ੍ਰਿਤਸਰ

23. ਹਮ ਸੰਤਨ ਕੀ ਰੇਨੁ
24. ਸਿੱਖ ਧਰਮ ਬਾਰੇ
25. ਗੁਰਬਾਣੀ ਚਿੰਤਨ
26. ਗੁਰਮਤਿ ਸਿੱਧਾਂਤ
27. ਕਾਵਿ-ਪ੍ਰਵਾਹ (ਸੰਪਾ. ਪਾਠ-ਪੁਸਤਕ)
28. ਕਾਵਿ-ਰੰਗ (ਸੰਪਾਦਿਤ ਪਾਠ-ਪੁਸਤਕ)
29. ਕਾਵਿ-ਰਸ (ਸੰਪਾ. ਪਾਠ-ਪੁਸਤਕ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਜੀਵਨ ਪੰਧ

(ਸਵੈਜੀਵਨੀ)

पुस्तकालय
कांगड़ी विश्वविद्यालय

7743
7743 DONATION

ਡਾ. ਦੀਵਾਨ ਸਿੰਘ

ਸਾਬਕ ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਵਿਭਾਗ,
ਖ਼ਾਲਸਾ ਕਾਲਜ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ,
ਸ੍ਰੀ ਅੰਮ੍ਰਿਤਸਰ ।

Forwarded free of Cost, and with the
Compliments of Deptt of Education,
Govt. of India, New Delhi.

ਵਾਰਿਸ ਸ਼ਾਹ ਫਾਊਂਡੇਸ਼ਨ
ਅਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਹੱਕ ਰਾਖਵੇਂ ਹਨ ।

MERA JIWAN PANDH (An autobiography)

by : Dr. Dewan Singh

ਸੰਸਕਰਣ : 1992

ਮੁੱਲ : 80 ਰੁਪਏ

ਪ੍ਰਾਪਤੀ ਸਥਾਨ :

ਵਾਰਿਸ ਸ਼ਾਹ ਫਾਊਂਡੇਸ਼ਨ

42, ਗੁਰੂ ਤੇਗ ਬਹਾਦਰ ਨਗਰ, ਡਾਕ. ਖ਼ਾਲਸਾ ਕਾਲਜ,

ਸ੍ਰੀ ਅੰਮ੍ਰਿਤਸਰ-143002

ਛਾਪਕ :

ਗੰਭੀਰ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਬਾਬਾ ਭੌੜੀ ਵਾਲਾ, ਸ੍ਰੀ ਅੰਮ੍ਰਿਤਸਰ ਫੋਨ 33380

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਕਾਰਯੋਗ ਸਰਦਾਰ ਸਾਹਿਬ ਸੂਬੇਦਾਰ ਸ਼ੇਰ ਸਿੰਘ ਜੀ (ਦਾਦਾ),
ਸਰਦਾਰ ਉਜਾਗਰ ਸਿੰਘ ਜੀ (ਪਿਤਾ) ਅਤੇ
ਸਰਦਾਰਨੀ ਹਰਨਾਮ ਕੌਰ (ਮਾਤਾ) ਨੂੰ
ਅਤਿਅੰਤ ਸ਼ਰਧਾ ਸਹਿਤ

ਸਮਰਪਿਤ

Forwarded free of Cost, and with the
Compliments of Deptt of Education,.
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਮੁੱਢਲੀ ਗੱਲ	9
ਪਹਿਲੀ ਐਡੀਸ਼ਨ ਬਾਰੇ ਰਾਵਾਂ	12
ਪਹਿਲੀ ਐਡੀਸ਼ਨ ਬਾਰੇ ਰੀਵਿਊ	24
ਭੂਮਿਕਾ	35
ਸਿਆਲਕੋਟ ਤੋਂ ਸਰਗੋਧਾ	41
ਬਚਪਨ	56
ਸਰਗੋਧਾ ਸ਼ਹਿਰ	92
ਇਕ ਵੱਡਾ ਦੁਖਾਂਤ	105
ਲਾਹੌਰ ਵਿਚ ਸੱਤ ਸਾਲ	112
ਖ਼ਾਲਸਾ ਕਾਲਜ (1943–47)	148
1947 ਦੀ ਦੇਸ਼-ਵੰਡ	159
ਖ਼ਾਲਸਾ ਕਾਲਜ (1948–70)	165
ਖ਼ਾਲਸਾ ਕਾਲਜ ਦੇ ਕੁਝ ਉੱਘੇ ਵਿਅਕਤੀ	194
ਖ਼ਾਲਸਾ ਕਾਲਜ ਦੀਆਂ ਰੋਚਕ ਯਾਦਾਂ	222
ਯੂਨੀਵਰਸਿਟੀ ਸਰਵਿਸ ਤੇ ਉਸ ਤੋਂ ਬਾਅਦ	238
ਅਜੋਕੀ ਪਰਿਵਾਰਕ ਸਥਿਤੀ	250

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਰੂਰੀ ਬੇਨਤੀ

ਪ੍ਰਸਿੱਧ ਸੰਤ ਬਾਬਾ ਬਸੰਤ ਸਿੰਘ ਜੀ ਜੌਹਲਾਂ ਵਾਲੇ (ਜਲੰਧਰ) ਦਾ ਮੈਨੂੰ ਦਿੱਤਾ ਕੀਮਤੀ ਉਪਦੇਸ਼ ਤੇ ਆਦੇਸ਼ ਕਿ ਅੰਮ੍ਰਿਤਸਰ ਦੀ ਥਾਂ ਹਮੇਸ਼ਾਂ ਸ੍ਰੀ ਅੰਮ੍ਰਿਤਸਰ ਬੋਲੋ ਤੇ ਲਿਖੋ, ਕਿਉਂਕਿ ਇਹ ਸਿੱਖ ਪੰਥ ਦਾ ਸਭ ਤੋਂ ਮਹਾਨ ਤੇ ਪਵਿੱਤਰ ਅਸਥਾਨ ਹੈ, ਸਾਰੇ ਪਾਠਕਾਂ ਅਤੇ ਮਿੱਤਰ ਸਨੇਹੀਆਂ ਦੇ ਧਿਆਨ ਗੋਚਰ ਕੀਤਾ ਜਾਂਦਾ ਹੈ। ਇਸ ਉਤੇ ਅਮਲ ਕਰ ਕੇ ਸਤਿਗੁਰੂ ਅਤੇ ਸੰਤ ਬਾਬਾ ਜੀ ਦੀ ਮਿਹਰ ਤੇ ਖ਼ੁਸ਼ੀਆਂ ਪ੍ਰਾਪਤ ਕਰੋ।

(ਵਿਸਥਾਰ ਲਈ ਦੇਖੋ, ਪੁਸਤਕ 'ਹਮ ਸੰਤਨ ਕੀ ਰੇਨੁ')

—**ਲੇਖਕ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਢਲੀ ਗੱਲ

ਮੈਂ ਆਪਣੀ ਸਵੈਜੀਵਨੀ ਵਿਚ ਜੀਵਨ ਤੱਥਾਂ (facts) ਨੂੰ ਮੁੱਖ ਰੱਖਿਆ ਹੈ, ਜਿਵੇਂ ਕਿਹਾ ਜਾਂਦਾ ਹੈ ਕਿ ਮੈਂ ਸੱਚ ਕਹਾਂਗਾ ਤੇ ਸੱਚ ਤੋਂ ਬਿਨਾਂ ਕੁਝ ਨਹੀਂ ਕਹਾਂਗਾ। ਜੋ ਕੁਝ ਵਾਪਰਿਆ, ਜੋ ਕੁਝ ਦੇਖਿਆ, ਸੁਣਿਆ ਤੇ ਅਨੁਭਵ ਕੀਤਾ, ਕੇਵਲ ਉਹੀ ਲਿਖਿਆ ਹੈ। ਆਪਣੇ ਵਲੋਂ ਕੋਈ ਬਨਾਵਟ ਸ਼ਾਮਲ ਨਹੀਂ ਕੀਤੀ, ਕਿਉਂਕਿ ਮੈਨੂੰ ਬਨਾਵਟ ਤੋਂ ਨਫ਼ਰਤ ਹੈ। ਸਾਦਗੀ ਤੇ ਸਚਾਈ ਮੇਰਾ ਜੀਵਨ-ਆਦਰਸ਼ ਹੈ। ਆਪਣੇ ਆਪ ਨਾਲ ਸਚਾਈ, ਦੁਨੀਆ ਨਾਲ ਸਚਾਈ, ਆਪਣੇ ਕਰਨਹਾਰ ਨਾਲ ਸਚਾਈ। ਜੋ ਲੋਕ ਸੱਚ ਤੋਂ ਦੂਰ ਚਲੇ ਜਾਂਦੇ ਹਨ ਜਾਂ ਝੂਠ ਦਾ ਆਸਰਾ ਲੈਂਦੇ ਹਨ, ਉਹ ਅੰਤ ਨੂੰ ਪਛਤਾਂਦੇ ਹਨ। ਸਾਹਿੱਤਕਾਰ ਨੂੰ ਤਾਂ ਅਵੱਸ਼ ਜੀਵਨ-ਸਚਾਈ ਨੂੰ ਹੀ ਮੁੱਖ ਰੱਖਣਾ ਚਾਹੀਦਾ ਹੈ। ਮਹਾਨ ਪੱਛਮੀ ਆਲੋਚਕ ਤੇ ਚਿੰਤਕ ਕਾਰਲਾਈਲ ਅਤੇ ਮੈਥੀਊ ਆਰਨਲਡ ਇਸ ਜੀਵਨ ਸਚਾਈ ਨੂੰ Sincerity ਦਾ ਨਾਂ ਦੇਂਦੇ ਹਨ। ਇਹੋ ਉਦੇਸ਼ ਪ੍ਰਸਿੱਧ ਰੂਸੀ ਲੇਖਕ ਟਾਲਸਟਾਏ ਦਾ ਸੀ ਜਿਸ ਨੂੰ ਇਸ ਸਚਾਈ ਪਿੱਛੇ ਕਾਫ਼ੀ ਦੁੱਖ ਵੀ ਸਹਿਣਾ ਪਿਆ।

ਕਈ ਵਾਰੀ ਸੱਚ ਕੌੜਾ ਤੇ ਕੋਝਾ ਵੀ ਹੁੰਦਾ ਹੈ ਤੇ ਕਦੀ ਕਦੀ ਗਵਾਰੂ ਤੇ ਬਾਜ਼ਾਰੀ (vulgar) ਵੀ। ਅਜੇਹੇ ਸੱਚ ਨੂੰ ਸਾਹਿੱਤ ਵਿਚ ਯਥਾਰਥਵਾਦ (Realism) ਅਤੇ ਪੜ-ਯਥਾਰਥਵਾਦ (Surrealism) ਦਾ ਨਾਂ ਦਿੱਤਾ ਜਾਂਦਾ ਹੈ। ਇਸ ਦਾ ਇਕ ਰੂਪ ਨੰਗੇਜ਼ਵਾਦ (Obscenity) ਵੀ ਹੈ ਜੋ ਫ਼ਰਾਇਡ ਦੇ ਪ੍ਰਭਾਵ ਹੇਠ ਪ੍ਰਚਲਿਤ ਹੋਇਆ ਹੈ। ਮੈਂ ਇਨ੍ਹਾਂ ਪੱਖਾਂ ਨੂੰ ਜਾਣ ਬੁੱਝ ਕੇ ਛੱਡ ਦਿਤਾ ਹੈ, ਕਿਉਂਕਿ ਇਕ ਤਾਂ ਇਹ ਸੁਹਜ ਸਵਾਦ ਨੂੰ ਭੰਗ ਕਰਦੇ ਹਨ, ਦੂਜਾ ਸੰਬੰਧਿਤ ਵਿਅਕਤੀਆਂ ਦੀ ਹੇਠੀ ਦਾ ਕਾਰਨ ਬਣਦੇ ਹਨ। ਫਿਰ ਵੀ ਕਾਫ਼ੀ ਹੱਦ ਤੱਕ ਸਾਨੂੰ ਯਥਾਰਥ ਦਾ ਸਹਾਰਾ ਲੈਣਾ ਹੀ ਪੈਂਦਾ ਹੈ। ਜੀਵਨ-ਸੱਚ ਅਸਲ ਵਿਚ ਆਦਰਸ਼ ਨਾਲੋਂ ਯਥਾਰਥ ਦੇ ਵਧੇਰੇ ਨੇੜੇ ਹੁੰਦਾ ਹੈ। ਇਸ ਲਈ ਯਥਾਰਥ ਦੀ ਭਾਰੀ ਮਹੱਤਾ ਹੈ, ਖ਼ਾਸ ਕਰਕੇ ਗਲਪ ਸਾਹਿਤ, ਇਤਿਹਾਸ ਤੇ ਜੀਵਨਕਾਰੀ ਦੇ ਖੇਤਰਾਂ ਵਿਚ। ਕਾਵਿ-ਰਚਨਾ ਵਿਚ ਭਾਵ ਤੇ ਕਲਪਨਾ ਦੀ ਪ੍ਰਧਾਨਤਾ ਹੁੰਦੀ ਹੈ। ਗੱਦ-ਲੇਖਕ ਦੀ ਵਿਸ਼ਾ-ਸਮੱਗਰੀ ਪ੍ਰਗਟ ਹੋਣ ਲਈ ਯਥਾਰਥ ਦਾ ਰੂਪ ਧਾਰਨ ਕਰਦੀ ਹੈ। ਮੈਥੀਊ ਆਰਨਲਡ ਦਾ ਪ੍ਰਸਿੱਧ ਕਥਨ ਹੈ ਕਿ ਤੁਹਾਡੇ ਪਾਸ ਕੁਝ ਕਹਿਣ ਨੂੰ ਹੋਣਾ ਚਾਹੀਦਾ ਹੈ ਫਿਰ ਉਸ ਨੂੰ ਸਾਦਾ ਤੇ ਸਿੱਧੇ ਢੰਗ ਨਾਲ ਕਹਿ ਦਿਓ, ਬਿਨਾ ਬਨਾਵਟ ਜਾਂ ਭਰਤੀ ਦੇ। ਇਹੋ ਗੱਲ ਗੋਰਕੀ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਲਡੂਸ ਹਕਸਲੇ ਨੇ ਕਹੀ ਹੈ। ਰੂਸੋ ਨੇ Confessions ਵਿਚ, ਆਸਕਰਵਾਈਲਡ ਨੇ De Profundis ਵਿਚ, ਥੋਰੋ ਨੇ Walden ਵਿਚ ਅਤੇ ਟਾਲਸਟਾਏ ਤੇ ਗੋਰਕੀ ਨੇ ਆਪਣੀਆਂ ਸਵੈਜੀਵਨੀ-ਪੁਸਤਕਾਂ ਵਿਚ ਯਥਾਰਥ ਦਾ ਭਰਪੂਰ ਪ੍ਰਗਟਾ ਕੀਤਾ ਹੈ। ਭਾਰਤ ਵਿਚ ਮਹਾਤਮਾ ਗਾਂਧੀ ਦੀ ਅੰਗਰੇਜ਼ੀ ਵਿਚ ਲਿਖੀ ਸਵੈਜੀਵਨੀ ਵੀ ਯਥਾਰਥ ਦਾ ਇਕ ਉੱਤਮ ਨਮੂਨਾ ਹੈ। ਪੰਜਾਬੀ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪ੍ਰੋ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਨਿਰੰਜਨ ਸਿੰਘ, ਸ. ਨਾਨਕ ਸਿੰਘ ਨਾਵਲਿਸਟ, ਆਦਿ ਦੀਆਂ ਸਵੈਜੀਵਨੀਆ ਇਸ ਪੱਖ ਤੋਂ ਵਿਸ਼ੇਸ਼ ਰਚਨਾਵਾਂ ਹਨ। ਉਰਦੂ ਵਿਚ ਕੰਵਰ ਮੁਹਿੰਦਰ ਸਿੰਘ ਬੇਦੀ ਦੀ ਸਵੈਜੀਵਨੀ 'ਯਾਦਾਂ ਦਾ ਜਸ਼ਨ' ਵੀ ਇਕ ਉਤਕ੍ਰਿਸ਼ਟ ਰਚਨਾ ਹੈ।

ਮੈਂ ਆਪਣੀ ਸਵੈਜੀਵਨੀ ਵਿਚ ਪੂਰਨ ਸੱਚ ਨੂੰ ਤਾਂ ਅਪਨਾਇਆ ਹੀ ਹੈ ਪਰ ਯਥਾਰਥ ਨੂੰ ਨਿਯੰਤਰਨ ਵਿਚ ਰਖਿਆ ਹੈ। ਮੈਂ ਨਹੀਂ ਚਾਹੁੰਦਾ ਸੀ ਕਿ ਮੇਰੇ ਸੱਚ ਦੇ ਪ੍ਰਗਟਾ ਵਿਚੋਂ ਕਿਸੇ ਵਿਅਕਤੀ ਦਾ ਦਿਲ ਦੁਖੇ। ਕਿਸੇ ਦਾ ਦਿਲ ਦੁਖਾਣਾ ਇਕ ਵੱਡਾ ਅਪਰਾਧ ਹੈ। ਸੂਫ਼ੀਵਾਦ (ਤਸੱਵਫ਼) ਵਿਚ ਤਾਂ ਕਿਸੇ ਦਾ ਦਿਲ ਦੁਖਾਣ ਤੋਂ ਵੱਡਾ ਕੋਈ ਪਾਪ ਹੀ ਨਹੀਂ। ਸੂਫ਼ੀ ਸਦਾਚਾਰ ਦਾ ਮੂਲ ਧੁਰਾ ਹੀ ਇਹੀ ਹੈ। ਫ਼ਾਰਸੀ ਦਾ ਇਕ ਮਸ਼ਹੂਰ ਸ਼ਿਅਰ ਇਸ ਸੂਫ਼ੀ ਸਿਧਾਂਤ ਦਾ ਐਲਾਨ ਕਰਦਾ ਹੈ :

ਮਬਾਸ਼ ਦਰ ਪਏ ਆਜ਼ਾਰ ਓ ਹਰ ਚਿ ਖ਼ਾਹੀ ਕੁਨ,
ਕਿ ਦਰ ਸ਼ਰੀਅਤਿ ਮਾ ਗ਼ੈਰ ਅਜ਼ੀਂ ਗੁਨਾਹੇ ਨੇਸਤ।

ਅਰਥਾਤ ਕਿਸੇ ਦਾ ਦਿਲ ਨਾ ਦੁਖਾ, ਹੋਰ ਜੋ ਜੀ ਚਾਹੇ ਕਰ, ਕਿਉਂਕਿ ਸਾਡੇ ਸਦਾਚਾਰ-ਵਿਧਾਨ ਵਿਚ ਇਸ ਤੋਂ ਬਿਨਾਂ ਹੋਰ ਕੋਈ ਗੁਨਾਹ ਹੀ ਨਹੀਂ।

ਸਾਹਿੱਤ ਰਚਨਾ ਵਿਚ ਕਲਪਨਾ ਦਾ ਕਰਤੱਵ, ਜਿਵੇਂ ਕੋਲਰਿਜ ਨੇ ਕਿਹਾ ਹੈ, ਅਤਿ ਜ਼ਰੂਰੀ ਹੈ। ਇਹ ਵਿਸ਼ੇ ਦੀ ਸਾਰਥਕਤਾ ਨੂੰ ਨਿਰਧਾਰਤ ਕਰਦਾ ਹੈ ਅਤੇ ਕਿਸੇ ਘਟਨਾ-ਵਿਸ਼ੇਸ਼ ਦੀ ਸਥਿਤੀ ਤੇ ਮਹੱਤਾ ਨੂੰ ਉਜਾਗਰ ਕਰਦਾ ਹੈ। ਕਵੀ ਹੋਣ ਕਰ ਕੇ ਮੈਂ ਕਲਪਨਾ ਦੀ ਉਪਯੋਗਤਾ ਤੋਂ ਬਹੁਤ ਲਾਭ ਉਠਾਇਆ ਹੈ। ਲਗ ਪਗ ਸਾਰੀ ਪੁਸਤਕ ਜੀਵਨ ਭਰ ਵਿਚ ਵਾਪਰੀਆਂ ਘਟਨਾਵਾਂ ਦੀ ਅੰਦਰਲੀ ਸਥਿਤੀ (ਅਰਥਾਤ ਮੁੱਢਲੇ ਸੱਚ) ਨੂੰ ਕਲਪਨਾ ਦੀ ਸਹਾਇਤਾ ਨਾਲ ਮੂਰਤੀਮਾਨ ਕਰਨ ਤੇ ਨਿਰਭਰ ਹੈ।

ਗੋਇਟੇ ਨੇ ਠੀਕ ਕਿਹਾ ਹੈ ਕਿ ਸਾਰਾ ਗਿਆਨ ਸਿਮਰਤੀ ਵਿਚ ਬੱਝਾ ਹੈ। ਮੈਨੂੰ ਵੀ ਆਪਣੀ ਯਾਦ-ਸ਼ਕਤੀ ਦੀ ਪ੍ਰਚੰਡਤਾ ਨੇ ਸਵੈਜੀਵਨੀ ਵਿਚਲੀਆਂ ਘਟਨਾਵਾਂ ਨੂੰ ਯਾਦ ਕਰ ਕੇ ਨਵੇਂ ਸਿਰਿਓਂ ਸੁਰਜੀਤ ਤੇ ਜੀਵੰਤ ਕਰਨ ਵਿਚ ਬਹੁਤ ਸਹਾਇਤਾ ਕੀਤੀ ਹੈ। ਇਸ ਨੂੰ ਮੈਂ ਕੁਦਰਤ ਦੀ ਦੇਣ ਸਮਝਦਾ ਹਾਂ।

— 2 —

ਪੁਸਤਕ ਦੀ ਦੂਜੀ ਐਡੀਸ਼ਨ ਵਿਚ ਡਾ. ਬਿਕਰਮ ਸਿੰਘ ਘੁੰਮਣ ਦੀ ਸਲਾਹ ਨਾਲ ਹੇਠ ਲਿਖੇ ਅਨੁਸਾਰ ਕੁਝ ਜ਼ਰੂਰੀ ਪਰਿਵਰਤਨ ਕੀਤੇ ਗਏ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਸਵੈਜੀਵਨੀ ਦੇ ਮੁੱਢਲੇ ਆਸ਼ੇ ਨੂੰ ਮੁੱਖ ਰੱਖ ਕੇ, ਪੁਸਤਕ 'ਮੇਰਾ ਜੀਵਨ ਪੰਧ' ਨੂੰ ਕੇਵਲ ਜੀਵਨ-ਤੱਥਾਂ ਦੇ ਵਿਹਾਰਕ ਤੇ ਦੁਨੀਆਵੀ ਪੱਧਰ ਅਤੇ ਪੱਧਤੀ ਤੱਕ ਸੀਮਤ ਰਖਿਆ ਹੈ ਅਤੇ ਪਹਿਲੀ ਐਡੀਸ਼ਨ ਵਿਚ ਜੋ ਪੁਸਤਕ ਦੇ ਅੰਤ ਵਿਚ ਸੰਤਾਂ ਮਹਾਂਪੁਰਸ਼ਾਂ ਨਾਲ ਸੰਬੰਧਿਤ ਹਾਲਾਤ ਲਿਖੇ ਸਨ, ਉਨ੍ਹਾਂ ਨੂੰ ਇਕ ਵੱਖਰੀ ਪੁਸਤਕ ਦੇ ਰੂਪ ਵਿਚ ਛਾਪਣ ਦਾ ਫ਼ੈਸਲਾ ਕੀਤਾ ਹੈ। ਉਸ ਨਿਰੋਲ ਧਾਰਮਕ ਪੁਸਤਕ ਦਾ ਸਿਰਲੇਖ 'ਹਮ ਸੰਤਨ ਕੀ ਰੇਨ' ਤਜਵੀਜ਼ ਕੀਤਾ ਗਿਆ ਹੈ। ਉਹ ਪੁਸਤਕ ਵੀ ਬਹੁਤ ਜਲਦੀ ਛਾਪੀ ਜਾ ਰਹੀ ਹੈ।

2. ਪਹਿਲੀ ਐਡੀਸ਼ਨ ਵਿਚ ਮੈਂ ਆਪਣੇ ਸਾਹਿੱਤਕ ਕਾਰਜਾਂ ਤੇ ਸਾਹਿਤਕਾਰਾਂ ਨਾਲ ਨਿੱਜੀ ਸੰਬੰਧਾਂ ਬਾਰੇ ਅਤਿ ਸੰਖੇਪ ਉਲੇਖ ਕਰ ਸਕਿਆ ਸੀ ਤਾਂ ਜੋ ਪੁਸਤਕ ਦਾ ਆਕਾਰ ਨਾ ਵਧ ਜਾਏ। ਪਰੰਤੂ ਕੁਝ ਮਿੱਤਰ ਵਿਦਵਾਨਾਂ ਨੇ ਮੈਨੂੰ ਪੂਰੇ ਵਿਸਥਾਰ ਨਾਲ ਆਪਣੀ ਸਾਹਿੱਤਕਤਾ ਬਾਰੇ ਲਿਖਣ ਦੀ ਪ੍ਰੇਰਨਾ ਕੀਤੀ ਹੈ। ਇਸ ਲਈ ਇਸ ਸਵੈਜੀਵਨੀ ਵਿਚ ਕੇਵਲ ਆਪਣੀ ਸਾਹਿਤ-ਸਿਰਜਣਾ ਦਾ ਸੰਖੇਪ ਬਿਉਰਾ ਹੀ ਸ਼ਾਮਲ ਕਰਦੇ ਹੋਏ ਆਪਣੇ ਵਿਸ਼ਾਲ ਤੇ ਅੱਧੀ ਸਦੀ ਤੱਕ ਫੈਲੇ ਹੋਏ ਸਾਹਿੱਤਕ ਕਾਰਜਾਂ ਲਈ ਇਕ ਵੱਖਰੀ ਪੁਸਤਕ 'ਮੇਰੀ ਸਾਹਿੱਤ ਯਾਤਰਾ' ਲਿਖ ਕੇ ਛਾਪਣ ਦਾ ਫ਼ੈਸਲਾ ਕੀਤਾ ਹੈ। ਆਸ ਹੈ ਇਹ ਪੁਸਤਕ ਵੀ 1992 ਦੇ ਅੰਤ ਤੱਕ ਛਪ ਕੇ ਪਾਠਕਾਂ ਤਕ ਪੁੱਜ ਜਾਏਗੀ।

3. ਆਪਣੀ ਸਵੈਜੀਵਨੀ ਦੀ ਦੂਜੀ ਐਡੀਸ਼ਨ ਵਿਚ ਲੋੜੀਂਦੀ ਸੁਧਾਈ ਤੋਂ ਇਲਾਵਾ ਕੁਝ ਨਿੱਗਰ ਵਾਧੇ ਵੀ ਸ਼ਾਮਲ ਕੀਤੇ ਹਨ ਜਿਵੇਂ (i) ਪਹਿਲੀ ਐਡੀਸ਼ਨ ਬਾਰੇ ਮਿਲੀਆਂ ਰਾਵਾਂ ਤੇ ਰੀਵੀਊ (ii) ਪੁਸਤਕ ਵਿਚ ਕੁਝ ਹੋਰ ਵਾਧਿਆਂ ਤੋਂ ਇਲਾਵਾ ਇਕ ਨਵਾਂ ਕਾਂਡ 'ਸਿਆਲਕੋਟ ਤੋਂ ਸਰਗੋਧਾ' ਸਿਰਲੇਖ ਹੇਠ ਆਪਣੇ ਜੱਦੀ ਜ਼ਿਲੇ ਤੇ ਪਿੰਡ ਦਾ ਹਾਲ ਦੱਸ ਕੇ ਤੇ ਪਰਿਵਾਰਕ ਵਿਰਸੇ ਜਾਂ ਇਤਿਹਾਸ ਨੂੰ ਸੰਖੇਪ ਰੂਪ ਵਿਚ ਅੰਕਿਤ ਕਰਕੇ ਸ਼ਾਮਲ ਕੀਤਾ ਹੈ। (iii) ਕੁਝ ਵਿਸ਼ੇਸ਼ ਯਾਦਾਂ ਜੋ ਪਹਿਲੀ ਛਾਪ ਵਿਚ ਸ਼ਾਮਲ ਨਹੀਂ ਹੋ ਸਕੀਆਂ ਸਨ, ਉਹ ਲਿਖ ਕੇ ਸ਼ਾਮਲ ਕਰ ਦਿਤੀਆਂ ਹਨ, ਇਕ ਨਵੇਂ ਕਾਂਡ ਦੇ ਰੂਪ ਵਿਚ, ਜਿਸਦਾ ਸਿਰਲੇਖ ਹੈ 'ਕੁਝ ਹੋਰ ਵਿਸ਼ੇਸ਼ ਯਾਦਾਂ।'

— **ਲੇਖਕ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੀ ਐਡੀਸ਼ਨ ਬਾਰੇ ਰਾਵਾਂ

ਸ. ਪ੍ਰੀਤਮ ਸਿੰਘ ਸਫ਼ੀਰ, ਪ੍ਰਸਿੱਧ ਪੰਜਾਬੀ ਕਵੀ (ਸਾਬਕ ਜਸਟਿਸ ਹਾਈ-ਕੋਰਟ, ਦਿਲੀ)

ਆਪ ਜੀ ਦੀ ਜੀਵਨ-ਕਹਾਣੀ ਸਿਰਫ਼ ਆਪ ਦੀ ਹੀ ਨਹੀਂ, ਸਗੋਂ ਖ਼ਾਲਸਾ ਕਾਲਜ ਦੇ ਬਹੁਤ ਸਾਰੇ ਉੱਘੇ ਵਿਅਕਤੀਆਂ ਦੀ ਜੀਵਨ ਕਥਾ ਹੈ। ਖ਼ਾਲਸਾ ਕਾਲਜ ਵਿਚ ਪੜ੍ਹੇ ਹੋਣ ਕਰਕੇ ਬਹੁਤ ਸਾਰਿਆਂ ਨਾਲ ਮੇਰੀ ਜਾਣ ਪਛਾਣ ਰਹੀ।

ਪ੍ਰਿੰਸੀਪਲ ਜੋਧ ਸਿੰਘ ਬਹੁਤ ਮਿਹਰਵਾਨ ਸਨ। ਉਨ੍ਹਾਂ ਵਰਗੀ ਸ਼ਖਸੀਅਤ ਫਿਰ ਪੈਦਾ ਹੋ ਹੀ ਨਹੀਂ ਸਕਦੀ।

ਤੁਹਾਡੀ ਵਿਦਵਤਾ ਨੇ ਪ੍ਰੋ. ਸਾਹਿਬ ਸਿੰਘ ਜੀ ਦੀ ਜੋ ਕਦਰ ਕਲਮਬੰਦ ਕੀਤੀ ਹੈ, ਉਹ ਉਨ੍ਹਾਂ ਦੀ ਮਿਹਨਤ ਤੇ ਉੱਚੀ ਸੁੱਚੀ, ਜ਼ਿੰਦਗੀ ਦੇ ਦਰਸ਼ਨ ਕਰਾਉਂਦੀ ਹੈ।

ਤੁਹਾਡੇ ਅੰਦਰ ਉਹ ਸੁੱਚਾ ਖ਼ੂਨ ਹੈ ਜੋ ਗੁਰਬਾਣੀ ਦਾ ਅੰਮ੍ਰਿਤ ਪੀ ਕੇ ਸੁਰਖਿਅਤ ਹੋ ਰਿਹਾ ਹੈ। ਜੇ ਸ਼ੁਰੂ ਤੋਂ ਹੀ ਗਿਆਤ ਰੌਸ਼ਨ ਨਾ ਹੁੰਦੀ ਤਾਂ ਏਨੇ ਮਹਾਨ ਸੰਤਾਂ ਦੇ ਜੀਵਨ-ਸਪਰਸ਼ ਏਨੀ ਵਾਰ ਪ੍ਰਾਪਤ ਨਾ ਹੁੰਦੇ।

ਅੱਜ ਬੇਅੰਤ ਜ਼ਰੂਰਤ ਹੈ ਅਜਿਹੀਆਂ ਸ਼ਖਸੀਅਤਾਂ ਦੀ ਜੋ ਆਤਮਕ ਪ੍ਰਤਿਭਾ ਨਾਲ ਪੰਜਾਬ ਦੀ ਖ਼ੂਨ ਰੰਗੀ ਧਰਤੀ ਨੂੰ ਸ਼ਾਂਤੀ ਤੇ ਸ਼ਕਤੀ ਪ੍ਰਦਾਨ ਕਰਨ। ਹਜ਼ਾਰਾਂ ਘਰ ਸੋਗ-ਭਰੇ ਹਨ। ਪੰਜਾਬ ਵਿਚ ਕਿਉਂ ਏਕਤਾ-ਭਰਪੂਰ ਜਾਗਰਤ ਨਹੀਂ ਆਉਂਦੀ? ਪੰਜਾਬ ਦੀ ਧਰਤੀ ਉਤੇ ਹਰ ਥਾਂ ਸਤਿਗੁਰਾਂ ਦੇ ਚਰਨਾਂ ਦੀ ਮੋਹਰਛਾਪ ਹੈ।

ਆਪ ਜੀ ਦੀ ਪੁਸਤਕ ਦੇ ਬਹੁਤ ਸਾਰੇ ਸਫ਼ੇ ਨੋਟ ਕੀਤੇ ਹਨ। ਜੀਵਨ ਸਮਾਚਾਰ ਲਿਖਦਿਆਂ ਤੁਸਾਂ ਗੁਰਬਾਣੀ ਵਿਚੋਂ ਦ੍ਰਿਸ਼ਟਾਂਤ ਦੇ ਕੇ ਅਜੇਹੇ ਸੁਝਾਉ ਦਿਤੇ ਹਨ ਜੋ ਗਿਆਨ-ਮਾਰਗ ਦਿਖਾਂਦੇ ਹਨ। (ਪੱਤਰ ਮਿਤੀ 21-12-89)

ਡਾ. ਰਤਨ ਸਿੰਘ 'ਜੱਗੀ', ਸਾਬਕ ਪ੍ਰੋਫ਼ੈਸਰ ਤੇ ਮੁਖੀ, ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਵੈ-ਜੀਵਨੀ ਲਿਖਣਾ ਹਰ ਇਕ ਲਈ ਜ਼ਰੂਰੀ ਨਹੀਂ। ਉਹੀ ਲੋਕ ਸਵੈ-ਜੀਵਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਦੇ ਹਨ ਜਿਨ੍ਹਾਂ ਪਾਸ ਕੁਝ ਕਹਿਣ ਨੂੰ ਉਚੇਚਾ ਜਾਂ ਵਿਲੱਖਣ ਹੁੰਦਾ ਹੈ। ਡਾ. ਦੀਵਾਨ ਸਿੰਘ ਪੰਜਾਬੀ ਸਾਹਿੱਤ ਜਗਤ ਦੇ ਇਕ ਜਾਣੇ ਪਛਾਣੇ ਹਸਤਾਖਰ ਹਨ। ਉਨ੍ਹਾਂ ਨੇ 'ਮੇਰਾ ਜੀਵਨ ਪੰਧ' ਨਾਂ ਦੀ ਸਵੈ-ਜੀਵਨੀ ਵਿਚ ਬੜੇ ਮਾਨਸਿਕ ਸੰਤੁਲਨ ਨਾਲ ਆਪਣੇ ਡੂੰਘੇ ਗਿਆਨ ਅਤੇ ਗੰਭੀਰ ਵਿਵੇਕ ਨੂੰ ਪ੍ਰਗਟਾਇਆ ਹੈ। ਉਨ੍ਹਾਂ ਨੇ ਆਪਣੇ ਨਿਜੀ ਤਜਰਬਿਆਂ ਦੇ ਨਾਲ ਨਾਲ ਆਪਣੇ ਸੰਪਰਕ ਵਿਚ ਆਏ ਲੋਕਾਂ ਦਾ ਪਰਿਚੈ ਵੀ ਦਿਤਾ ਹੈ ਅਤੇ ਸਾਧਾਂ, ਸੰਤਾਂ, ਫ਼ਕੀਰਾਂ ਦੇ ਪ੍ਰਭਾਵ ਦਾ ਉਲੇਖ ਵੀ ਕੀਤਾ ਹੈ। ਪਰਿਵਾਰਕ ਸੰਕਟ ਵਿਚੋਂ ਲੰਘੇ, ਸੰਘਰਸ਼ ਦੀ ਸਾਣ ਤੇ ਚੜ੍ਹੇ ਅਤੇ ਮਹਾਂਪੁਰਸ਼ਾਂ ਦੀ ਅਸੀਸ ਨਾਲ ਵਰੁਸਾਏ ਜੀਵਨ ਦੀ ਇਹ ਪੁਸਤਕ ਇਕ ਸੱਚੀ ਦਸਤਾਵੇਜ਼ ਹੈ, ਜਿਸ ਨਾਲ ਉਨ੍ਹਾਂ ਨੇ ਆਪਣੇ ਪਾਠਕਾਂ ਨਾਲ ਆਤਮੀਅਤਾ ਸਥਾਪਿਤ ਕੀਤੀ ਹੈ।

ਡਾ. ਮੁਹਿੰਦਰ ਪਾਲ ਕੋਹਲੀ, ਪ੍ਰੋਫੈਸਰ ਤੇ ਮੁਖੀ, ਕਾਰੈਸਪਾਂਡੈਂਸ ਕੋਰਸਿਜ਼ ਵਿਭਾਗ, ਪੰਜਾਬੀ, ਯੂਨੀਵਰਸਿਟੀ ਪਟਿਆਲਾ।

ਲੇਖਕ ਦਾ ਜ਼ਿੰਦਗੀਨਾਮਾ ਮੈਂ ਇਕੋ ਹੀ ਬੈਠਕ ਵਿਚ ਪੜ੍ਹ ਗਿਆ। ਇਹ 'ਜੀਵਨ ਪੰਧ' ਇਕ ਪਿਆਰੀ ਆਤਮਾ ਦਾ ਪ੍ਰਗਟਾ ਹੈ, ਸੁਸੰਸਕ੍ਰਿਤ ਵਿਅਕਤੀ ਦੇ ਸਾਊ ਸੁਭਾ ਦਾ ਪ੍ਰਤੀਬਿੰਬ ਹੈ ਤੇ ਪੁਰਖੁਲੂਸ ਮਨੁੱਖ ਦੀਆਂ ਆਪ ਬੀਤੀਆਂ ਘਟਨਾਵਾਂ ਦਾ ਮਜਮੂਆ ਹੈ। ਇਕ ਸ਼ਬਦ ਵੀ ਰੜਕਦਾ ਨਹੀਂ। ਸਭ ਲੋਕਾਂ ਦੀਆਂ ਚੰਗਿਆਈਆਂ ਹੀ ਦੱਸੀਆਂ ਹਨ। ਬੁਰਾਈ ਲੇਖਕ ਨੂੰ ਕਿਤੇ ਨਜ਼ਰ ਨਹੀਂ ਆਈ। ਆਪਣੀ ਪ੍ਰੰਪਰਾ ਵਿਚ ਅਜੇਹੇ ਵਿਅਕਤੀ ਨੂੰ 'ਅਜਾਤ ਸ਼ਤਰੂ' ਆਖਦੇ ਹਨ। ਮੈਂ ਵੀ ਲੇਖਕ ਨੂੰ 'ਅਜਾਤ ਸ਼ਤਰੂ' ਹੀ ਆਖਾਂਗਾ। ਲੇਖਕ ਦੇ ਨਿਕਟਵਰਤੀ ਸਾਥੀਆਂ ਦਾ ਵੇਰਵਾ ਬਹੁਤ ਹੀ ਟੁੰਬਦਾ ਹੈ ਤੇ ਹਾਸ-ਰਸੀ ਬਿਆਨ ਅਨੰਦ ਦੇਂਦਾ ਹੈ। ਮਿਲਟਨ ਨੇ ਚੰਗੇ ਕਵੀ ਦੀ ਨਿਸ਼ਾਨੀ ਦੱਸੀ ਸੀ ਕਿ ਚੰਗਾ ਕਵੀ ਇਕ ਚੰਗੀ ਕਵਿਤਾ ਹੀ ਹੁੰਦਾ ਹੈ। ਮੈਂ ਲੇਖਕ ਨੂੰ ਚੰਗੀ ਕਵਿਤਾ ਆਖਣ ਦਾ ਹੀਆ ਕਰਦਾ ਹਾਂ।

ਸ. ਜੋਧ ਸਿੰਘ, ਪ੍ਰੋਡਿਊਸਰ ਅਕਾਸ਼ਵਾਣੀ, ਜਲੰਧਰ (ਰਿਟਾ.)

ਮੈਂ ਇਸ ਵਡਮੁੱਲੀ ਪੁਸਤਕ ਨੂੰ ਤੋੜ ਤਕ ਪੜ੍ਹਿਆ, ਮਾਣਿਆਂ ਤੇ ਸਲਾਹਿਆ ਹੈ। ਜਿਸ ਜਿਸ ਨਿੱਜੀ ਸੰਪਰਕ ਦਾ ਇਸ ਵਿਚ ਜ਼ਿਕਰ ਹੋਇਆ ਹੈ, ਉਨ੍ਹਾਂ ਨਾਲ ਮੈਂ ਵੀ ਵਿਚਰਦਾ ਤੇ ਵਰਤਦਾ ਰਿਹਾ ਹਾਂ। ਉਨ੍ਹਾਂ ਸਭ ਦਾ ਚਰਿਤਰ ਉਲੀਕਣ ਤੇ ਉਨ੍ਹਾਂ ਨੂੰ ਬੜੇ ਭਾਵਪੂਰਤ ਤੇ ਅਧਿਆਤਮਕ ਪ੍ਰਸੰਗ ਵਿਚ ਚਿਤਰਨ ਨਾਲ ਸਰਗੋਧਾ ਦੇ ਉਸ ਸਾਰੇ ਇਲਾਕੇ ਦਾ ਹੀ ਇਤਿਹਾਸ ਲਿਖ ਦਿਤਾ ਗਿਆ ਹੈ। ਪੁਸਤਕ ਦੀ ਪਛਾਣ ਦਾ ਇਹ ਇਕ ਪੱਕਾ ਮਾਪ ਤੋਲ ਹੈ ਕਿ ਉਸ ਨੂੰ ਪੜ੍ਹਨ ਨੂੰ ਦਿਲ ਕਰੇ। ਇਸ ਪੱਖੋਂ ਇਹ ਬੜੀ ਸਰਲ ਕਿਰਤ ਹੈ। ਲੇਖਕ ਦੇ ਜੀਵਨ ਦਾ ਧੁਰਾ ਸਿੱਖੀ ਵਿਚਾਰਧਾਰਾ ਤੇ ਅਕਾਲ ਪੁਰਖ ਤੇ ਡੂੰਘਾ ਵਿਸ਼ਵਾਸ ਹੈ। ਇਹ ਧਾਰਨਾ ਸਾਰੀ ਪੁਸਤਕ ਵਿਚ ਪ੍ਰਧਾਨ ਤੇ ਪ੍ਰਤੱਖ ਹੈ।

ਕਈ ਲੇਖਕ ਆਪਣੀਆਂ ਸਾਹਿੱਤਕ ਰਚਨਾਵਾਂ ਤੇ ਪ੍ਰਾਪਤੀਆਂ ਬਾਰੇ ਝਿਜਕ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਕੋਚ ਤੋਂ ਕੰਮ ਨਹੀਂ ਲੈਂਦੇ। ਪਰ ਇਸ ਪੁਸਤਕ ਵਿਚ ਅਜੇਹਾ ਸਵੈ-ਪ੍ਰਚਾਰ ਨਹੀਂ ਮਿਲਦਾ, ਜੋ ਲੇਖਕ ਦੇ ਸਰੇਸ਼ਟਾਚਾਰ ਦੀ ਨਿਸ਼ਾਨੀ ਹੈ। ਘਟਨਾਵਾਂ ਬਾਰੇ ਲੇਖਕ ਦੇ ਪ੍ਰਤੀਕਰਮ ਬੜੇ ਸੁਚੱਜੇ ਤੇ ਡੂੰਘੀ ਧਾਰਮਕ ਦ੍ਰਿਸ਼ਟੀ ਵਾਲੇ ਹਨ। ਮੇਰੇ ਲਈ ਇਹ ਪੁਸਤਕ ਖਾਸ ਵਿਸ਼ੇਸ਼ਤਾ ਰਖਦੀ ਹੈ, ਕਿਉਂਕਿ ਕਿਤਨੀਆਂ ਪਿਆਰੀਆਂ ਯਾਦਾਂ, ਕਿਤਨੇ ਪਿਆਰੇ ਸਤਿਕਾਰੇ ਨਾਮ ਇਸ ਵਿਚ ਸਾਂਭ ਲਏ ਗਏ ਹਨ।

ਸ. ਨਰਿੰਦਰ ਸਿੰਘ 'ਸੋਚ', ਉੱਘੇ ਤੇ ਬਜ਼ੁਰਗ ਪੰਜਾਬੀ ਲੇਖਕ (ਜੋ ਅੱਜ ਕਲ ਆਪਣੇ ਸਪੁੱਤਰ ਪ੍ਰਿੰ. ਹਰਭਜਨ ਸਿੰਘ 'ਸੋਚ' ਪਾਸ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਦੇ ਕੈਂਪਸ ਤੇ ਰਹਿੰਦੇ ਹਨ)

ਮੈਂ ਸਵੇਰੇ 7 ਵਜੇ ਦੁਧ ਪੀਣ ਪਿਛੋਂ ਚਲਣਾ ਸ਼ੁਰੂ ਕੀਤਾ, ਨੌਂ ਵਜੇ ਥੋੜਾ ਰੁਕਿਆ ਤੇ ਇਕ ਵਜੇ ਪ੍ਰਸ਼ਾਦ ਛਕਣ ਪਿਛੋਂ ਫਿਰ ਤੁਰ ਪਿਆ। ਖ਼ਾਲਸਾ ਕਾਲਜ ਦੀ ਵੱਡੀ ਘੜੀ ਤਿੰਨ ਵਜਾ ਰਹੀ ਸੀ ਤੇ ਮੈਂ ਸਾਰਾ 'ਮੇਰਾ ਜੀਵਨ ਪੰਧ' ਮੁਕਾ ਲਿਆ ਸੀ। ਪੰਧ ਆਮ ਤੌਰ ਉਪਰ ਥਕਾ ਦੇਂਦੇ ਹਨ ਪਰ ਇਹ 'ਜੀਵਨ ਪੰਧ' ਪੜ੍ਹਦਿਆਂ ਸਗੋਂ ਮੈਂ ਹੋਰ ਤਾਜ਼ਾਦਮ ਹੋਈ ਗਿਆ ਹਾਂ। ਲੇਖਕ ਸਚਮੁੱਚ ਜੀਵਨ ਵਿਚ ਲਾੜੇ ਵਾਂਗ ਵਿਚਰਿਆ ਹੈ ਤੇ ਉਸ ਦੇ ਨਾਲ ਦੇ ਬਰਾਤੀ ਵੀ ਸਮੇਂ ਸਿਰ ਲਾੜੇ ਬਣਦੇ ਰਹੇ ਹਨ। ਲੇਖਕ ਨੇ (ਪ੍ਰਿੰ. ਜੋਧ ਸਿੰਘ ਦੇ ਜ਼ਿਕਰ ਵਿਚ) ਆਰਸੀ ਤੇ ਸ਼ੀਸ਼ੇ ਦੀ ਗੱਲ ਕਹਿ ਕੇ ਸਾਰਾ ਮਹਾਂਭਾਰਤ ਹੀ ਸੁਣਾ ਦਿਤਾ ਹੈ। ਲੇਖਕ ਨੇ ਚਿਰਾਂ ਤੋਂ ਵਿਛੜੇ ਜਾਣੂਆਂ ਪਛਾਣੂਆਂ ਅਤੇ ਸੱਜਣਾਂ ਮਿੱਤਰਾਂ ਨਾਲ ਘੁੱਟ ਘੁੱਟ ਕੇ ਜੱਫੀਆਂ ਪਵਾਈਆਂ ਹਨ ਅਤੇ ਗੱਲਾਂ ਕਰਵਾਈਆਂ ਹਨ। ਲੇਖਕ ਦਾ ਜੀਵਨ ਪ੍ਰਵਾਰ ਬੜਾ ਵਿਸ਼ਾਲ ਹੈ, ਉਸ ਵਿਚ ਮਾਪੇ ਹਨ, ਬੱਚੇ ਹਨ, ਪ੍ਰੋਫੈਸਰ ਹਨ, ਪ੍ਰਿੰਸੀਪਲ ਹਨ ਤੇ ਪੂਜਨੀਕ ਸੰਤ ਵੀ ਹਨ। ਉਹ ਨਜ਼ਰਾਂ ਵੀ ਹਨ ਜੋ ਵੇਖ ਸਕਣ ਕਿ ਇਹ ਦੋਵੇਂ ਲੜਕੇ ਸਨ (ਸੰਕੇਤ ਸੰਤ ਬਾਬਾ ਵਸਾਖਾ ਸਿੰਘ ਜੀ ਦੇ ਸੰਪਰਕ ਵਲ ਹੈ)। ਸਾਰਾ ਪੰਧ ਖੇੜੇ ਤੇ ਵਿਗਾਸ ਦਾ ਹੈ। ਕਈ ਵਾਰ ਮੈਂ ਖਿੜ ਖੜਾ ਕੇ ਹੱਸਿਆ ਹਾਂ। ਪੁਸਤਕ ਪੜ੍ਹ ਕੇ ਮਾਨੋ ਮੈਂ ਧਰਮ ਦੇ ਸਰੋਵਰ ਵਿਚ ਇਸ਼ਨਾਨ ਕੀਤਾ ਹੈ। ਜਿਹੜਾ ਪੜ੍ਹੇਗਾ, ਉਸ ਵਿਚੋਂ ਧਰਮ ਦਾ ਅੰਕੁਰ ਬਾਹਰ ਆ ਜਾਵੇਗਾ।

ਡਾ. ਜਸਵੰਤ ਸਿੰਘ 'ਜੱਸ', ਸਾਬਕ ਪ੍ਰਿੰਸੀਪਲ, ਗੌਰਮਿੰਟ ਕਾਲਜ ਆਫ ਐਜੂਕੇਸ਼ਨ, ਜਲੰਧਰ।

ਲੇਖਕ ਦੇ ਬਚਪਨ ਤੇ ਜਵਾਨੀ ਦੇ ਅਨੁਭਵ ਸਰਗੋਧੇ ਦੀ ਬਾਰ ਨਾਲ ਸੰਬੰਧਤ ਹਨ, ਜਿਨ੍ਹਾਂ ਨੂੰ ਉਹ ਬੜੇ ਪਿਆਰ ਤੇ ਰੀਝ ਨਾਲ ਮਾਣਦਾ ਤੇ ਚਿਤਰਦਾ ਹੈ। ਪਾਕਿਸਤਾਨ ਵਿਚ ਰਹਿ ਗਈਆਂ ਬਾਰਾਂ ਵਿਚ ਬਤੀਤ ਹੋਇਆ ਸਾਡਾ ਜੀਵਨ ਪੰਜਾਬੀਆਂ ਦਾ ਭਰਪੂਰ ਸਭਿਆਚਾਰਕ ਵਿਰਸਾ ਹੈ ਜੋ ਨਵੇਂ ਪੋਚ ਦੀ ਕਲਪਨਾ ਵਿਚ ਨਹੀਂ ਆ ਸਕਦਾ।

ਪ੍ਰੋ. ਦੀਵਾਨ ਸਿੰਘ ਦਾ ਵਿਦਿਆਰਥੀ ਵਜੋਂ ਸੱਤ ਸਾਲ ਗੌਰਮਿੰਟ ਕਾਲਜ, ਲਾਹੌਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਹੋਸ਼ਟਲ ਵਿਚ ਰਹਿਣ ਦਾ ਸਮਾਂ, ਉਂਕੇ ਹੰਢਾਏ ਸਾਂਝੇ ਧਾਰਮਕ ਕਲਚਰ ਨੂੰ ਉਜਾਗਰ ਕਰਦਾ ਹੈ। ਖ਼ਾਲਸਾ ਕਾਲਜ, ਅੰਮ੍ਰਿਤਸਰ ਇਕ ਸਰੇਸ਼ਟ ਸੰਸਥਾ ਹੋਣ ਦੇ ਨਾਤੇ, ਉਨ੍ਹਾਂ ਦਿਨਾਂ ਵਿਚ ਵਿਦਵਾਨਾਂ ਦਾ ਗੜ੍ਹ ਹੁੰਦਾ ਸੀ। ਪ੍ਰੋ. ਸਾਹਿਬ ਦੇ ਜੀਵਨ-ਪੰਧ ਵਿਚੋਂ ਕਈ ਮੰਨੇ ਪਰਮੰਨੇ ਵਿਦਵਾਨਾਂ ਦੇ ਜੀਵਨ ਚਮਤਕਾਰ ਪੜ੍ਹਨ ਨੂੰ ਮਿਲਦੇ ਹਨ।

ਲੇਖਕ ਇਕ ਸ਼ਰਧਾਵਾਨ ਗੁਰਸਿੱਖ ਹੈ ਤੇ ਗੁਰਸਿੱਖੀ ਮਾਰਗ ਹੀ ਉਸਦੇ ਜੀਵਨ ਦਾ ਲਕਸ਼ ਹੈ। ਇਸ ਲਕਸ਼ ਦੀ ਦ੍ਰਿੜਤਾ ਲਈ ਉਹ ਪੰਥ ਦੇ ਸਤਿਕਾਰੇ ਹੋਏ ਗੁਰਮੁਖ ਪਿਆਰੇ ਸੰਤਾਂ ਦੀ ਸ਼ਰਨ ਲੈਂਦਾ ਹੈ।

ਲੇਖਕ ਵਲੋਂ ਥਾਂ ਪਰ ਥਾਂ, ਘਟਨਾਵਾਂ 'ਚੋਂ ਉਪਜੇ ਤੱਤ ਦ੍ਰਿੜ ਕਰਾਏ ਗਏ ਹਨ ਤੇ ਕਈ ਥਾਈਂ ਗੁਰਮਤਿ ਸਿਧਾਂਤ ਦੀ ਕਸਵੱਟੀ ਤੇ ਪਰਖ ਕੇ ਉਨ੍ਹਾਂ ਨੂੰ ਵਧੇਰੇ ਨਿਖਾਰਨ ਦਾ ਜਤਨ ਕੀਤਾ ਗਿਆ ਹੈ। ਉਸ ਦੇ ਕਈ ਅਨੁਭਵ ਅਜ਼ਮਾਇਸ਼ੀ ਕਸਵੱਟੀਆਂ ਤੋਂ ਉਪਰ ਉੱਠਕੇ ਅਟੱਲ-ਸਚਾਈਆਂ ਦੀ ਪਦਵੀ ਧਾਰਨ ਕਰੀ ਬੈਠੇ ਹਨ, ਜਿਵੇਂ :

— ਚੰਗੇ ਜੀਵਨ ਵਿਚੋਂ ਹੀ ਚੰਗੇ ਗੁਣ ਤੇ ਸਦਾਚਾਰ ਉਪਜਦੇ ਹਨ।
— ਸਾਡੀ ਜੀਵਨ ਤੰਦ ਜ਼ਿੰਦਗੀ ਤੇ ਮੌਤ ਵਿਚਕਾਰ ਇਕ ਕੱਚੇ ਧਾਗੇ ਨਾਲ ਬੱਧੀ ਹੋਈ ਤਣੀ ਰਹਿੰਦੀ ਹੈ ਜੋ ਕਿਸੇ ਵੇਲੇ ਵੀ ਇਕ ਪਲ ਵਿਚ ਟੁੱਟ ਸਕਦੀ ਹੈ।
— ਦੁੱਖਾਂ ਦੀ ਕੁਠਾਲੀ ਵਿਚ ਪੈ ਕੇ ਮਨੁੱਖ ਉੱਚਾ ਆਚਰਨ ਪ੍ਰਾਪਤ ਕਰਦਾ ਹੈ।
— ਜਿਸ ਦਾ ਕੋਈ ਨਹੀਂ ਹੁੰਦਾ, ਉਸ ਦਾ ਰੱਬ ਹੁੰਦਾ ਹੈ।
— ਰੱਬ ਓਦੋਂ ਹੀ ਬਹੁੜਦਾ ਹੈ, ਓਦੋਂ ਹੀ ਪੁਕਾਰ ਸੁਣਦਾ ਹੈ, ਜਦੋਂ ਮਨੁੱਖ ਉੱਕਾ ਹੀ ਬੇਸਹਾਰਾ, ਉਦਾਸ ਤੇ ਮਸਕੀਨ ਹੋਵੇ।

ਪ੍ਰੋ. ਸਾਹਿਬ ਦੀ ਲਿਖਣ ਸ਼ੈਲੀ ਸਰਲ, ਰੌਚਕ ਤੇ ਅਪਣੱਤ ਭਰਪੂਰ ਹੈ। ਜਿਉਂ ਜਿਉਂ ਪਾਠਕ ਪੜ੍ਹਦਾ ਹੈ, ਇਉਂ ਪਰਤੀਤ ਹੁੰਦਾ ਹੈ ਜਿਵੇਂ ਕੋਈ ਸਾਮ੍ਹਣੇ ਬੈਠਾ ਵਾਰਤਾ ਸੁਣਾ ਰਿਹਾ ਹੋਵੇ, ਗੱਲਾਂ ਬਾਤਾਂ ਕਰ ਰਿਹਾ ਹੋਵੇ। ਇਕ ਇਕ ਸ਼ਬਦ ਜਜ਼ਬੇ ਅਧੀਨ ਉਚਾਰਿਆ ਗਿਆ ਹੈ, ਜੋ ਲੇਖਕ ਦੀ ਸੁਹਿਰਦਤਾ ਦਾ ਲਖਾਇਕ ਹੈ।

ਸਮੁੱਚੇ ਤੌਰ ਤੇ ਇਹ ਪੁਸਤਕ ਸਿਖ ਇਤਿਹਾਸਕ ਰਵਾਇਤਾਂ ਤੇ ਚਾਨਣ ਪਾਉਂਦੀ ਹੈ, ਜੋ ਬੜੀ ਤੇਜ਼ੀ ਨਾਲ ਸਾਡੇ ਜੀਵਨ ਅਤੇ ਵਿਦਿਅਕ ਆਸ਼ਰਮਾਂ ਵਿਚੋਂ ਅਲੋਪ ਹੋ ਰਹੀਆਂ ਹਨ।

ਪ੍ਰਿੰ. ਗੁਰਬਖਸ਼ ਸਿੰਘ ਸ਼ੇਰਗਿੱਲ, ਚੇਅਰਮੈਨ, ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਚੰਡੀਗੜ੍ਹ।

ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ-ਗਰੈਜੂਏਟ ਪੰਜਾਬੀ ਅਧਿਐਨ ਵਿਭਾਗ ਦਾ ਇਕ ਆਪਣਾ ਵਿਲੱਖਣ ਤੇ ਗੌਰਵਮਈ ਇਤਿਹਾਸ ਹੈ। ਪੰਜਾਬੀ ਐਮ. ਏ. ਦੀ ਪੜ੍ਹਾਈ ਦੇ ਸੰਬੰਧ ਵਿਚ 1949 ਵਿਚ ਖੁਲ੍ਹਾ ਇਹ ਪੰਜਾਬੀ ਦਾ ਸਭ ਤੋਂ ਪਹਿਲਾ ਵਿਭਾਗ ਹੈ। ਪ੍ਰੋ: ਸੰਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਸੇਖੋਂ ਤੋਂ ਪਿਛੋਂ ਇਸ ਵਿਭਾਗ ਦੇ ਦੂਜੇ ਨਾਮਵਰ ਮੁਖੀ ਪ੍ਰੋ. ਦੀਵਾਨ ਸਿੰਘ ਹੀ ਸਨ। ਏਥੋਂ ਹੀ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਵਿਭਾਗ ਦੇ ਪਹਿਲੇ ਮੁਖੀ ਬਣ ਕੇ ਗਏ ਅਤੇ ਗੁਰੂ ਨਾਨਕ ਐਧਿਆਨ ਵਿਭਾਗ ਦੇ ਮੁਖੀ ਰਹਿਣ ਉਪਰੰਤ ਸੇਵਾ ਮੁਕਤ ਹੋਏ ਹਨ।

ਪੰਜਾਬੀ ਜ਼ਬਾਨ ਅਤੇ ਪੰਜਾਬੀ ਸਾਹਿਤ ਨੇ ਅੱਜ ਦੁਨੀਆਂ ਦੇ ਸਾਹਿੱਤ ਵਿਚ ਇਕ ਥਾਂ ਬਣਾ ਲਈ ਹੈ। ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਨੇ ਪੰਜਾਬੀ ਮਾਂ ਬੋਲੀ ਅਤੇ ਸਾਹਿੱਤ ਦੀ ਵਰਨਣਯੋਗ ਸੇਵਾ ਕੀਤੀ ਹੈ। ਖ਼ਾਲਸਾ ਕਾਲਜ ਨਾਲ ਸੰਬੰਧਿਤ ਬਹੁਤ ਸਾਰੇ ਨਾਮਵਰ ਲੇਖਕਾਂ ਵਿਚੋਂ ਪ੍ਰੋ. ਦੀਵਾਨ ਸਿੰਘ ਹੁਰਾਂ ਦਾ ਆਪਣਾ ਇਕ ਵੱਖਰਾ ਸਥਾਨ ਹੈ। ਉਨ੍ਹਾਂ ਦਾ ਜਿਥੇ ਪੰਜਾਬੀ ਦੇ ਚੋਟੀ ਦੇ ਗ਼ਜ਼ਲਕਾਰਾਂ ਵਿਚ ਇਕ ਸ਼ੁਮਾਰ ਹੈ ਉਥੇ ਉਹ ਅਕਾਦਮਿਕ ਪੱਧਰ ਦੇ ਸਾਹਿੱਤ ਆਲੋਚਕ ਵੀ ਹਨ।

ਪ੍ਰੋ. ਦੀਵਾਨ ਸਿੰਘ ਹੁਰਾਂ ਦੀ ਹੁਣੇ ਜਿਹੇ ਛਪੀ ਸਵੈਜੀਵਨੀ 'ਮੇਰਾ ਜੀਵਨ ਪੰਧ' ਪੜ੍ਹ ਕੇ ਮੈਂ ਉਨ੍ਹਾਂ ਦੇ ਜੀਵਨ ਬਿਰਤਾਂਤ, ਸੁਚੱਜੀ ਲੇਖਣੀ ਤੇ ਉੱਚ ਸੋਚਣੀ ਤੋਂ ਮੁਤਾਸਰ ਹੋਇਆ ਹਾਂ। ਉਨ੍ਹਾਂ ਦੀ ਸ਼ਖ਼ਸੀਅਤ ਇਕ ਗੁਰਮੁਖ ਸ਼ਖ਼ਸੀਅਤ ਹੈ।

ਸ. ਨਰਿੰਜਨ ਸਿੰਘ ਸਾਥੀ, ਜਨਰਲ ਸਕੱਤਰ, ਪੰਜਾਬੀ ਲੇਖਕ ਸਭਾ, ਜਲੰਧਰ।

ਲੇਖਕ ਨੇ ਆਪਣੇ ਖ਼ਾਨਦਾਨੀ ਪਿਛੋਕੜ ਅਤੇ ਦਾਦਾ ਜੀ ਬਾਰੇ ਬਹੁਤ ਸੁਹਣਾ ਲਿਖਿਆ ਹੈ। ਇਹ ਸਵੈਜੀਵਨੀ ਉਸ ਦੇ ਜੀਵਨ ਦੀ ਸੰਖੇਪ ਘਟਨਾਵਲੀ ਹੈ। ਖ਼ਾਲਸਾ ਕਾਲਜ ਦੀਆਂ ਸਰਗਰਮੀਆਂ ਅਤੇ ਸ਼ਰੋਮਣੀ ਸਿੱਖ ਸੰਸਥਾ ਦੀਆਂ ਕੁਝ ਪ੍ਰਮੁੱਖ ਸ਼ਖ਼ਸੀਅਤਾਂ ਦਾ ਵੇਰਵਾ ਇਸ ਵਿਚ ਦਰਜ ਹੈ, ਖ਼ਾਸ ਕਰਕੇ ਲੇਖਕ ਦੀ ਆਸਤਕਤਾ ਤੇ ਸੰਤ ਮਹਾਤਮਾਵਾਂ ਪ੍ਰਤੀ ਉਸ ਦੀ ਸ਼ਰਧਾ ਦੇ ਝਲਕਾਰੇ ਥਾਂ-ਥਾਂ ਪੈਂਦੇ ਹਨ।

ਮੈਂ ਮਹਿਸੂਸ ਕੀਤਾ ਹੈ ਕਿ ਇਸ ਸਵੈਜੀਵਨੀ ਨੂੰ ਸਮਕਾਲੀ ਸਮਾਜਕ, ਸਭਿਆਚਾਰਕ, ਧਾਰਮਕ, ਸਾਹਿੱਤਕ ਤੇ ਵਿਦਿਅਕ ਪ੍ਰਸਥਿਤੀਆਂ ਨਾਲ ਜੋੜ ਕੇ ਕੁਝ ਵਿਸਥਾਰ ਸਹਿਤ ਲਿਖਿਆ ਜਾਂਦਾ ਤਾਂ ਹੋਰ ਵੀ ਸਾਰਥਕ ਹੁੰਦਾ।

ਲੇਖਕ ਨੇ ਆਪਣੀ ਸਾਹਿੱਤਕ ਪ੍ਰਕ੍ਰਿਆ ਬਾਰੇ ਵੀ ਬਹੁਤ ਘੱਟ ਲਿਖਿਆ ਹੈ। ਬਹੁਤਾ ਨਹੀਂ ਤਾਂ ਘੱਟੋ-ਘੱਟ ਇਕ ਚੈਪਟਰ ਤਾਂ ਇਸ ਵਿਸ਼ੇ ਉਤੇ ਹੋਣਾ ਚਾਹੀਦਾ ਸੀ। ਜੇ ਪੁਸਤਕ ਵਿਚ ਕੁਝ ਤਸਵੀਰਾਂ ਲਗਾ ਦਿੱਤੀਆਂ ਜਾਂਦੀਆਂ ਤਾਂ ਪੁਸਤਕ ਦੀ ਮਹੱਤਤਾ ਵਿਚ ਹੋਰ ਵਾਧਾ ਹੋ ਜਾਣਾ ਸੀ।

'ਖ਼ਾਲਸਾ ਕਾਲਜ ਦੇ ਉੱਘੇ ਵਿਅਕਤੀ' ਅਤੇ 'ਖ਼ਾਲਸਾ ਕਾਲਜ ਦੀਆਂ ਰੌਚਕ ਯਾਦਾਂ' ਦੋਵੇਂ ਚੈਪਟਰ ਮੈਨੂੰ ਬਹੁਤ ਚੰਗੇ ਲੱਗੇ ਹਨ। ਭਾ. ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਗੰਡਾ ਸਿੰਘ, ਪ੍ਰੋ. ਗੁਲਵੰਤ ਸਿੰਘ, ਡਾ. ਰੌਸ਼ਨ ਲਾਲ ਆਹੂਜਾ ਅਤੇ ਪ੍ਰੋ. ਵਰਿਆਮ ਸਿੰਘ ਬਾਰੇ ਦਿਲਚਸਪ ਸਮੱਗਰੀ ਪ੍ਰਦਾਨ ਕੀਤੀ ਹੈ। ਪਰ ਗਿਆਨੀ ਖਜ਼ਾਨ ਸਿੰਘ ਹੁਰਾਂ ਬਾਰੇ ਘੱਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਿਆ ਹੈ ।

ਫਿਰ ਵੀ ਇਹ ਪੁਸਤਕ ਪੰਜਾਬੀ ਸਵੈਜੀਵਨੀ ਸਾਹਿੱਤ ਵਿਚ ਇਕ ਚੰਗਾ ਵਾਧਾ ਹੈ। ਇਹ ਪੁਸਤਕ ਲਿਖੀ ਵੀ ਠੀਕ ਸਮੇਂ ਤੇ ਗਈ ਹੈ । ਸੱਤਰ ਸਾਲ ਦੀ ਉਮਰ ਆਪਣੇ ਜੀਵਨ ਦਾ ਲੇਖਾ-ਜੋਖਾ ਕਰਨ ਲਈ ਢੁਕਵਾਂ ਸਮਾਂ ਹੁੰਦਾ ਹੈ ।

ਸ੍ਰੀ ਵੀ. ਐਨ. ਬਜਾਜ, ਸਾਬਕ ਬ੍ਰਾਂਚ ਮੈਨੇਜਰ, ਜੀਵਨ ਬੀਮਾ ਨਿਗਮ ।

ਮੈਂ ਡਾ. ਦੀਵਾਨ ਸਿੰਘ ਦੀ ਸਵੈਜੀਵਨੀ ('ਮੇਰਾ ਜੀਵਨ ਪੰਧ') ਪੜ੍ਹ ਕੇ ਅਤਿ ਪ੍ਰਭਾਵਿਤ ਹੋਇਆ ਹਾਂ । ਭੂਮਿਕਾ ਵਿਚ ਸਾਰੇ ਜੀਵਨ ਦਾ ਸਾਰ ਦਰਸਾ ਦਿੱਤਾ ਹੈ...। ਪਾਠਕ ਇਸ ਮੁਖਬੰਧ ਤੋਂ ਅਗਵਾਈ ਲੈ ਕੇ ਸੁਚੱਜੇ ਜੀਵਨ ਦੇ ਭੇਦਾਂ ਤੋਂ ਵਾਕਫ਼ ਹੋ ਸਕਦੇ ਹਨ ।

ਡਾ. ਸਾਹਿਬ ਨੇ ਆਪਣੀ ਸਵੈਜੀਵਨੀ ਵਿਚ ਬੇਸ਼ਕ ਆਪਣੀਆਂ ਸਫਲਤਾਵਾਂ ਦਾ ਉਲੇਖ ਵਿਸਤਾਰ ਨਾਲ ਕੀਤਾ ਹੈ ਪਰ ਇਸ ਦੇ ਨਾਲ-ਨਾਲ ਬੇਅੰਤ ਹੋਰ ਵਿਅਕਤੀਆਂ ਦਾ ਜ਼ਿਕਰ ਵੀ ਕੀਤਾ ਹੈ । ਫਿਰ ਘਟਨਾਵਾਂ ਨੂੰ ਰੋਚਕ ਬਨਾਣ ਦੇ ਜਤਨ ਦੇ ਨਾਲ-ਨਾਲ ਹਾਸ-ਰਸ ਦਾ ਅਨੰਦ ਵੀ ਪ੍ਰਦਾਨ ਕੀਤਾ ਹੈ ।

ਇਹ ਸਵੈਜੀਵਨੀ ਕੇਵਲ ਲੇਖਕ ਦੀ ਆਪਣੀ ਜੀਵਨ ਕਥਾ ਹੀ ਨਹੀਂ ਸਗੋਂ ਕਈ ਮਹਾਨ ਚਰਿੱਤਰਵਾਨ, ਗ੍ਰਹਿਸਤੀ ਸੰਤ ਪੁਰਸ਼ਾਂ ਦੀਆਂ ਜੀਵਨ ਕਥਾਵਾਂ ਦਾ ਸੰਗ੍ਰਹਿ ਵੀ ਹੈ।

ਮੈਂ ਖ਼ਾਲਸਾ ਕਾਲਜ ਵਿਚ ਸੰਨ 1949-51 ਵਿਚ ਡਾ. ਸਾਹਿਬ ਦਾ ਐਮ. ਏ. ਪੰਜਾਬੀ ਦਾ ਵਿਦਿਆਰਥੀ ਰਿਹਾ ਹਾਂ । ਇਸ ਤੋਂ ਪਿਛੋਂ ਵੀ ਉਨ੍ਹਾਂ ਨਾਲ ਮੇਰਾ ਨੇੜੇ ਦਾ ਸੰਪਰਕ ਰਿਹਾ ਹੈ, ਪਰ ਉਨ੍ਹਾਂ ਦੇ ਇਕ ਮਹਾਨ ਗੁਣ ਦਾ ਪਤਾ ਮੈਨੂੰ ਹੁਣ ਹੀ ਲੱਗਾ ਹੈ ਕਿ ਉਨ੍ਹਾਂ ਦੀ ਯਾਦਦਾਸ਼ਤ ਇਤਨੀ ਤੀਖਣ ਹੈ ਕਿ ਹਰ ਇਕ ਮਾੜੀ-ਮੋਟੀ ਘਟਨਾ ਉਨ੍ਹਾਂ ਦੇ ਦਿਮਾਗ਼ ਵਿਚ ਉਕਰੀ ਰਹੀ ਤੇ ਤਾਰੀਖ਼ਾਂ ਆਦਿ ਦਾ ਵੇਰਵਾ ਵੀ ਉਨ੍ਹਾ ਨੂੰ ਯਾਦ ਰਿਹਾ। ਇਹ ਤਾਂ ਹੋ ਨਹੀਂ ਸਕਦਾ ਕਿ ਜਨਮ ਤੋਂ ਹੁਣ ਤਕ ਹਰ ਘਟਨਾ ਦਾ ਵੇਰਵਾ ਉਹ ਡਾਇਰੀ ਵਿਚ ਲਿਖਦੇ ਰਹੇ ਹੋਣ ਤੇ ਇਤਨੇ ਸਾਲਾਂ ਦੀਆਂ ਡਾਇਰੀਆਂ ਵੀ ਸੰਭਾਲੀਆਂ ਹੋਣ। ਇਹ ਪੁਸਤਕ ਹਰ ਲਾਇਬਰੇਰੀ ਵਿਚ ਰੱਖਣੀ ਚਾਹੀਦੀ ਹੈ ।

ਡਾ. ਊਧਮ ਸਿੰਘ ਸ਼ਾਹੀ, ਲੈਕਚਰਰ ਪੰਜਾਬੀ ਵਿਭਾਗ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ।

'ਮੇਰਾ ਜੀਵਨ ਪੰਧ' ਪੰਜਾਬੀ-ਜੀਵਨੀ-ਸਾਹਿੱਤ ਵਿਚ ਇਕ ਮਹੱਤਵਪੂਰਨ ਪ੍ਰਵੇਸ਼ ਹੈ। ਇਹ ਸੱਜਰੀ ਰਚਨਾ ਪੰਜਾਬੀ ਗ਼ਜ਼ਲਕਾਰ, ਸਾਹਿੱਤ-ਚਿੰਤਕ, ਅੰਗਰੇਜ਼ੀ, ਫ਼ਾਰਸੀ ਤੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਦੀਵਾਨ ਸਿੰਘ ਜੀ ਦੀ ਸਵੈਜੀਵਨੀ ਹੈ। ਸਾਹਿੱਤ ਦੇ ਹੋਰਨਾਂ ਰੂਪਾਕਾਰਾਂ ਦੇ ਟਾਕਰੇ ਤੇ ਸਵੈਜੀਵਨੀ ਵਧੇਰੇ ਜਟਿਲ ਤੇ ਨਿੱਜੀ ਰਚਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਜਿਸ ਵਿਚ ਲੇਖਕ ਦਾ 'ਆਪਾ' ਸਿੱਧਾ ਸ਼ਾਮਿਲ ਹੁੰਦਾ ਹੈ। ਸਮਾਜ ਦੇ ਪ੍ਰਸੰਗ ਵਿਚ ਆਪਣੇ ਹੰਢਾਏ ਜੀਵਨ ਨੂੰ ਲੇਖਕ ਨੇ ਆਪ ਹੀ ਇਸ ਰੂਪਾਕਾਰ ਰਾਹੀਂ ਆਪਣੇ ਸਮ-ਕਾਲੀਆਂ ਨੂੰ ਪੇਸ਼ ਕਰਨਾ ਹੁੰਦਾ ਹੈ। 'ਹਉਂ' ਦੀ ਬੁਲੰਦੀ ਨੂੰ ਤਿਆਗ ਕੇ, ਆਪਣਾ ਆਪੇ ਹੀ ਪਾਰਖੂ ਬਣ ਕੇ, ਆਪਣੇ 'ਹੋਣ' 'ਨਾ ਹੋਣ' ਦਾ ਹੋਕਾ ਦੇਣਾ ਡਾਢਾ ਕਠਿਨ ਕਾਰਜ ਹੈ। ਆਪਣੀ ਬੁੱਕਲ ਵਿਚਲੇ ਸੱਚ ਨੂੰ ਕੋਈ ਵਿਰਲਾ ਵਿਅਕਤੀ ਹੀ ਵਿਖਾਉਂਦਾ ਹੈ। 'ਇਹ ਮਨੁ ਆਰਸੀ ਕੋਈ ਗੁਰਮੁਖਿ ਵੇਖੈ।' ਸ਼ਬਦਾਂ ਦੇ ਸ਼ੀਸ਼ੇ ਵਿਚੋਂ ਆਪਣਾ ਮੂੰਹ ਆਪ ਹੀ ਵੇਖਣ-ਵਿਖਾਉਣ ਦਾ ਨਾਮ ਸਵੈਜੀਵਨੀ ਹੈ।

'ਮੇਰਾ ਜੀਵਨ ਪੰਧ' ਪ੍ਰੋਫੈਸਰ ਦੀਵਾਨ ਸਿੰਘ ਹੁਰਾਂ ਦੇ ਸੱਤਰ ਸਾਲਾ (1920-1989) ਜੀਵਨ ਦੀਆਂ ਸਿਮਰਤੀਆਂ ਦਾ ਮਜਮੂਆ ਹੈ। ਪ੍ਰੋਫੈਸਰ ਸਾਹਿਬ ਨੇ ਇਹਨਾਂ ਸਿਮਰਤੀਆਂ ਨੂੰ ਅਤਿ ਸੁਚੇਤ ਤੇ ਸੰਜਮੀ ਹੋ ਕੇ ਇਕ ਵਿਸ਼ੇਸ਼ ਦਿਸ਼ਾ ਵਿਚ ਚਿਤਰਿਆ ਹੈ। 'ਮੇਰਾ ਜੀਵਨ ਪੰਧ' ਵਿਚ ਪੇਸ਼ ਵੇਰਵਿਆਂ ਨੂੰ ਮੋਟੇ ਤੌਰ ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

1. ਨਿੱਜੀ ਸਮਾਜਕ ਜੀਵਨ, 2. ਵਿਦਿਆ ਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਨੌਕਰੀ ਅਤੇ 3. ਧਾਰਮਿਕ ਵਿਅਕਤੀਆਂ ਦੀ ਸੰਗਤ। ਪਹਿਲੇ ਦੋ ਪਹਿਲੂਆਂ ਨੂੰ ਪ੍ਰੋਫੈਸਰ ਸਾਹਿਬ ਨੇ ਲਗਪਗ ਤੀਸਰੇ ਪਹਿਲੂ ਦੀ ਰੌਸ਼ਨੀ ਵਿਚ ਰੱਖ ਕੇ ਪੇਸ਼ ਕੀਤਾ ਹੈ। ਉਹਨਾਂ ਨੇ ਆਪਣੇ ਜੀਵਨ ਦੇ ਹਰ ਪ੍ਰਸਤੁਤ ਵੇਰਵੇ, ਵਰਤਾਰੇ ਤੇ ਹਵਾਲੇ ਨੂੰ ਸੰਤਾਂ, ਸਾਧਾਂ, ਗੁਰਮੁਖ ਸੱਜਣਾਂ ਤੇ ਪੀਰਾਂ-ਫ਼ਕੀਰਾਂ ਦੀ ਬਖ਼ਸ਼ਿਸ਼ ਦੁਆਰਾ ਹੋਈ ਰੱਬੀ ਰਹਿਮਤ ਦੇ ਪ੍ਰਸੰਗ ਵਿਚ ਹੀ ਮੁੱਲਵਾਨ ਸਮਝਿਆ ਹੈ। ਇਉਂ ਲੱਗਦਾ ਹੈ ਜਿਵੇਂ ਸਵੈਜੀਵਨੀਕਾਰ ਨੇ 'ਸੰਤ ਚਰਨ ਪਰਸਣ' ਅਤੇ 'ਸੰਤ ਜਨਾਂ ਪ੍ਰਤੀ ਕ੍ਰਿਤਿਗਯਤਾ' ਪੇਸ਼ ਕਰਨ ਹਿੱਤ 'ਮੇਰਾ ਜੀਵਨ ਪੰਧ' ਦੀ ਸਿਰਜਣਾ ਕੀਤੀ ਹੈ। ਉਹ ਲਿਖਦੇ ਹਨ।

"ਸੰਤ ਚਰਨ ਪਰਸਣ ਦੀ ਖਾਤਰ ਅਸਾਂ ਖੰਭ ਯਾਦਾਂ ਦੇ ਲਾਏ।"

'ਮੇਰਾ ਜੀਵਨ ਪੰਧ' ਸੰਤਾਂ ਸਾਧਾਂ ਦੀ ਸੰਗਤ ਦੇ ਸੰਜੋਗ ਵਿਚੋਂ ਪ੍ਰਾਪਤ ਪ੍ਰਕਾਸ਼ ਵਿਚ ਚਕਾਚੌਂਧ ਹੋਏ ਆਪੇ ਦੀ ਆਪ-ਬੀਤੀ ਹੈ। ਸੰਤ ਜਨਾਂ ਦੇ ਚੇਤੇ ਵਿਚ ਵਿਸਮਾਦਤ ਹੋਈ ਰੂਹ ਦੀ ਸੰਸਾਰਕਤਾ ਨੂੰ ਨਿਰਲੇਪ ਹੋ ਕੇ ਹੰਢਾਉਣ ਦਾ ਅਭਿਆਸ ਹੈ। ਭਾਣਾ ਮੰਨ ਕੇ ਜੀਣਾ, ਨਿਓਟੇ ਹੋ ਕੇ ਓਟ ਪ੍ਰਾਪਤੀ, ਕਰਤਾਰੀ ਕ੍ਰਿਸ਼ਮਿਆਂ ਨਾਲ ਓਤਪੋਤ ਤੇ ਪ੍ਰਜਵਲਤ ਹੋਈ ਸ਼ਖ਼ਸੀਅਤ ਦਾ ਸਾਹਿੱਤਕ ਪੱਧਰ ਤੇ ਪਾਇਆ ਵਿਖਾਲਾ ਹੈ। ਸੱਚ,ਇਨਸਾਫ, ਈਮਾਨਦਾਰੀ, ਸਬਰ, ਸੰਤੋਖ ਤੇ ਪਰਉਸਤਤ ਵਿਚੋਂ ਪ੍ਰਾਪਤ ਹੋਏ ਆਨੰਦ ਤੇ ਆਤਮਿਕ ਖੇੜੇ ਦੀ ਮਹਿਕ ਹੈ।

'ਮੇਰਾ ਜੀਵਨ ਪੰਧ' ਦੇ ਨਾਇਕ ਦੀ ਕਹਾਣੀ, ਸੰਤ ਆਤਮਾ ਵਾਂਗ ਪ੍ਰਕਾਸ਼ਮਾਨ ਤੇ ਸੰਸਕਾਰੇ ਹੋਏ ਚਰਿੱਤ੍ਰ ਦੀ ਕਹਾਣੀ ਹੈ ਜੋ ਇਕ ਪੂਜਯ ਮਨੁੱਖ ਦੀ ਕਰਨੀ ਵਾਂਗ ਰੌਸ਼ਨ ਹੈ। ਪ੍ਰੋਫੈਸਰ ਦੀਵਾਨ ਸਿੰਘ ਹੁਰਾਂ ਦਾ ਕਿਰਦਾਰ ਰਹੱਸਵਾਦੀ ਤੇ ਪ੍ਰਕ੍ਰਿਤੀ ਅਕਾਲ-ਮੁਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਉਹਨਾਂ ਦਾ ਜੀਵਨ ਗੁਰਬਾਣੀ ਦੇ ਚਾਨਣ ਨਾਲ ਵਰੋਸਾਇਆ ਹੋਇਆ ਜੀਵਨ ਹੈ। ਉਹਨਾਂ ਨੇ ਆਪਣੇ ਜੀਵਨ ਦੀ ਹਰ ਘਟਨਾ/ਅਸਲੀਅਤ ਨੂੰ Reality of mystic evperience ਨਾਲ ਮੇਲ ਕੇ ਅਭਿਵਿਅਕਤ ਕੀਤਾ ਹੈ। ਕਹਿਣਾ ਬਣਦਾ ਹੈ—"ਸੰਤ ਸਰਨਿ ਜੋ ਜਨੁ ਪਰੈ, ਸੋ ਜਨੁ ਉਧਰਨਹਾਰ।" ਪ੍ਰੋਫ਼ੈਸਰ ਸਾਹਿਬ ਦਾ ਜੀਵਨ ਤਾਂ ਭਾਈ ਵੀਰ ਸਿੰਘ ਦੇ ਇਹਨਾਂ ਸ਼ਬਦਾਂ ਵਿਚਲਾ ਜੀਵਨ ਹੈ :

"ਸੂਰਜ ਅੱਖੀਆਂ ਵਿਚ ਸਮਾਨੀ ਆਂ
ਨੂਰੋ ਨੂਰ ਹੋਵੰਦੜੀ ਜਾਨੀ ਆਂ।"

ਪ੍ਰਿੰਸੀਪਲ ਤੇਜਾ ਸਿੰਘ ਦੀ 'ਆਰਸੀ', ਡਾ. ਗੁਰਚਰਨ ਸਿੰਘ ਰਚਿਤ 'ਵਗਦੀ ਸੀ ਰਾਵੀ' ਅਤੇ ਪ੍ਰਿੰਸੀਪਲ ਨਿਰੰਜਣ ਸਿੰਘ ਦੀ 'ਮੇਰਾ ਜੀਵਨ ਵਿਕਾਸ' ਤੋਂ ਬਾਅਦ 'ਮੇਰਾ ਜੀਵਨ ਪੰਧ' ਹੀ ਅਜਿਹੀ ਸਾਹਿੱਤਕ ਰਚਨਾ ਹੈ ਜਿਸ ਵਿਚ ਪ੍ਰੋਫੈਸਰ ਦੀਵਾਨ ਸਿੰਘ ਹੁਰਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਭਰਪੂਰ ਰੂਪ ਵਿਚ ਚਿਤਰਿਆ ਹੈ। ਉਨ੍ਹਾਂ ਨੂੰ ਖ਼ਾਲਸਾ ਕਾਲਜ ਦੀ ਪਹਿਲੀ ਦੱਖ (1942) ਹੀ ਮੋਹ ਲੈਂਦੀ ਹੈ—"ਮੈਂ ਖੜਾ ਕਾਲਜ ਨੂੰ ਜਾਂਦੇ ਸਿੱਖ ਵਿਦਿਆਰਥੀਆਂ ਨੂੰ ਦੇਖਦਾ ਰਿਹਾ। ਉਹ ਵਿਦਿਆਰਥੀ ਮੈਨੂੰ ਬਹੁਤ ਚੰਗੇ ਲੱਗੇ, ਲਾਹੌਰ ਦੇ ਵਿਦਿਆਰਥੀਆਂ ਨਾਲੋਂ ਬਹੁਤ ਚੰਗੇ, ਸਾਦਾ, ਭੋਲੇ-ਭਾਲੇ, ਸਿਹਤਮੰਦ। ਕੁਝ ਮਹੀਨਿਆਂ ਪਿਛੋਂ ਮੈਂ ਇਸੇ ਕਾਲਜ ਵਿਚ ਪ੍ਰੋਫੈਸਰ ਲੱਗ ਗਿਆ। ਇਸ ਤਰ੍ਹਾਂ ਮੇਰੇ ਭਵਿੱਖ ਦਾ ਹਨੇਰਾ ਦੂਰ ਹੋ ਗਿਆ। ਧੰਨ ਉਹ ਸੱਚਾ ਪਾਤਸ਼ਾਹ ਹੈ ਜੋ ਕਰਨ ਕਾਰਨ ਹੈ, ਸਰਬ ਸਮਰੱਥ ਹੈ।"

ਡਾ. ਰੌਸ਼ਨ ਲਾਲ ਆਹੂਜਾ, ਪ੍ਰਸਿੱਧ ਸਾਹਿਤਕਾਰ, ਜਲੰਧਰ।

ਸਵੈਜੀਵਨੀ ਆਪ ਦੇ ਵਿਅਕਤਿੱਤਵ ਦਾ ਨਮੂਨਾ ਲੱਗਦੀ ਹੈ। ਅਕਸਰ ਚੁੱਪ ਰਹਿਣਾ, ਕਦੇ-ਕਦੇ ਬੋਲਣਾ, ਕਿਤੇ-ਕਿਤੇ ਹਾਸੇ ਦੀ ਗੱਲ ਛੇੜਨਾ, ਆਪ ਵੀ ਹੱਸਣਾ, ਦੂਜਿਆਂ ਨੂੰ ਹਸਾਉਣਾ...।

ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਮੈਨੂੰ ਪੰਜਾਬੀ ਸਾਹਿੱਤ ਦੀ ਜਾਣਕਾਰੀ ਦਿੱਤੀ। ਜਦ ਮੈਂ ਡਾ. ਮੋਹਨ ਸਿੰਘ ਦੀਵਾਨਾ ਦੇ ਲੈਕਚਰ ਸੁਣੇ ਸਨ, ਉਸ ਦੀਆਂ ਕਹਾਣੀਆਂ ਪੜ੍ਹੀਆਂ ਸਨ ਅਤੇ ਉਸ ਦਾ ਕਾਵਿ ਵੀ ਪੜ੍ਹਿਆ ਸੀ ਤਾਂ ਉਸ ਬਾਰੇ ਲਿਖਿਆ ਵੀ ਸੀ। ਉਹ ਤਾਂ ਇਕ ਆਵਾਜ਼ ਸੀ, ਜੋ ਕਦੇ-ਕਦੇ ਸੁਣਾਈ ਦਿੰਦੀ ਹੈ, ਵਰ੍ਹਿਆਂ ਦੇ ਬਾਅਦ। ਉਸ ਦੇ ਬਾਰੇ ਟੋਟਕੇ ਵੀ ਹਨ। ਪਰ ਗਿਆਨੀ ਬਾਰੇ ਜੋ ਤੁਸੀਂ ਸਾਹਿੱਤ ਦੀ ਭੂਮਿਕਾ ਬੰਨ੍ਹੀ ਸੀ, ਮੈਂ ਕੰਧ ਦੀ ਟੇਕ ਲੱਗ ਕੇ ਸੁਣੀ ਸੀ, ਉਹ ਮੈਨੂੰ ਭੁੱਲਦੀ ਨਹੀਂ। ਮੇਰੇ ਵਾਸਤੇ ਖ਼ਾਲਸਾ ਕਾਲਜ ਪਹਿਲਾਂ ਪ੍ਰੋਫੈਸਰਾਂ ਤੇ ਮਾਸਟਰਾਂ ਦਾ ਇਕ ਜੰਗਲ ਸੀ, ਤੁਸੀਂ ਮੇਰੀ ਇਕੱਲ ਵਿਚ ਸਟਾਫ ਰੂਮ ਵਿਚ ਮੇਰੀ ਪਛਾਣ ਦਿੱਤੀ, ਉਸ ਤੋਂ ਮੇਰੀ ਇਕੱਲ ਦੂਰ ਹੋ ਗਈ ਅਤੇ ਮੈਨੂੰ ਇਕ ਮਿੱਤਰ ਮਿਲ ਗਿਆ, ਜੋ ਸਦਾ ਲਈ ਮੇਰਾ ਸਾਥੀ ਮਿੱਤਰ ਬਣ ਗਿਆ।

ਫਿਰ ਆਪ ਦੇ ਪਰਿਵਾਰ ਦੀ ਮੇਰੇ ਪਰਿਵਾਰ ਨਾਲ ਗੰਢ ਬੱਝ ਗਈ। ਤੁਹਾਡਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਦਲੀਪ ਸਿੰਘ ਮੈਨੂੰ ਅਕਸਰ ਮਿਲਦਾ ਰਿਹਾ, ਭਾਵੇਂ ਕਰਨਲ ਜੋਗਿੰਦਰ ਸਿੰਘ (ਆਪਦਾ ਛੋਟਾ ਭਾਈ) ਚੰਡੀਗੜ੍ਹ ਦਾ ਹੋ ਗਿਆ। ਉਹ ਜਦੋਂ ਕਾਲਜ ਵਿਚ ਛੁੱਟੀ ਆਉਂਦਾ ਸੀ, ਸਾਡੇ ਨਾਲ ਸੈਰ ਜਾਂਦਾ ਸੀ। ਤੁਹਾਡਾ ਸਭ ਤੋਂ ਛੋਟਾ ਭਾਈ ਮੇਰਾ ਵਿਦਿਆਰਥੀ ਸੀ। ਮੈਂ ਤੁਹਾਡਾ ਦੁੱਖ-ਸੁੱਖ ਦਾ ਸ਼ਰੀਕ ਸੀ, ਤੁਸੀਂ ਪਰਿਵਾਰ ਸਹਿਤ ਸਾਡੇ ਘਰ ਆਉਂਦੇ-ਜਾਂਦੇ ਸੀ। ਨਾ ਕੇਵਲ ਸੈਰ ਤੇ ਇਕੱਠੇ ਜਾਂਦੇ ਸੀ, ਕਾਲਜ ਦਾ ਗੁਰਦਵਾਰਾ ਵੀ ਆਪਣੀ ਸਾਂਝ ਰੱਖਦਾ ਸੀ...।"

ਕੀ ਗੁਣ ਗਾਵਾਂ ਪ੍ਰਿੰ. ਜੋਧ ਸਿੰਘ ਦੇ, ਜੋ ਮੇਰੇ ਲਈ ਕਾਲਜ ਦੇ ਪ੍ਰਿੰਸੀਪਲ ਵਜੋਂ ਇਕ ਮਾਡਲ ਸੀ, ਜੋ ਮੈਨੂੰ ਪ੍ਰਿੰਸੀਪਲੀ ਦੀ ਕੁਰਸੀ ਤੇ ਬੈਠ ਕੇ ਅਕਸਰ ਯਾਦ ਆਉਂਦਾ ਰਹਿੰਦਾ ਸੀ। ਕੀ ਖ਼ਾਲਸਾ ਕਾਲਜ ਦੇ ਗੁਣ ਗਾਈਏ, ਜਿਸ ਵਿਚ ਮੇਰਾ ਸਾਹਿੱਤਕ ਪੁਨਰ-ਜਨਮ (Renaissance) ਹੋਇਆ ਸੀ। ਮੈਨੂੰ ਨਿੱਕੀਆਂ-ਮੋਟੀਆਂ ਗੱਲਾਂ ਭੁੱਲ ਗਈਆਂ ਹਨ। ਤੁਸੀਂ ਤਾਂ ਮੇਰੇ ਜਿਤਨੀ ਉਮਰ ਦੀ ਮੰਜ਼ਿਲ ਨਹੀਂ ਕੱਟੀ, ਤੁਹਾਨੂੰ ਯਾਦ ਆਉਂਦੀਆਂ ਹੋਣਗੀਆਂ।

(ਪੱਤਰ ਮਿਤੀ 11-2-90)

ਸ. ਨਿਰਵੈਰ ਸਿੰਘ 'ਅਰਸ਼ੀ', ਸੰਪਾਦਕ 'ਪੰਚਬਟੀ ਸੰਦੇਸ਼' ਡਿਹਰਾਦੂਨ।

ਵਿਭਿੰਨ ਵਿਸ਼ਿਆਂ ਉਤੇ ਤੀਹ ਦੇ ਕਰੀਬ ਪੁਸਤਕਾਂ ਦੇ ਰਚੇਤਾ ਅਤੇ ਸੱਤਰਾਂ ਨੂੰ ਢੁਕ ਰਹੇ ਪ੍ਰੋ. ਦੀਵਾਨ ਸਿੰਘ ਸ਼ਾਇਦ 'ਗੁਰਮੁਖ ਬੁਢੇ ਕਦੇ ਨਾਹਿ' ਵਾਲੀ ਸ਼੍ਰੇਣੀ ਵਿਚ ਆਉਂਦੇ ਹਨ, ਜੋ ਬੁਢਾਪੇ ਵਿਚ ਵੀ ਸਾਹਿੱਤ ਸਿਰਜਣਾ ਵਲ ਰੁਚਿਤ ਹਨ। ਆਪ ਨੇ 'ਮੇਰਾ ਜੀਵਨ ਪੰਧ' ਨਾਮਕ ਪੁਸਤਕ ਦੀ ਸਿਰਜਨਾ ਕਰ ਕੇ ਪੰਜਾਬੀ ਸਵੈਜੀਵਨੀਆਂ ਦੇ ਇਤਿਹਾਸ ਵਿਚ ਇਕ ਨਵਾਂ ਪੰਨਾ ਛੋਹਿਆ ਹੈ। ਇਹ ਪੁਸਤਕ ਕੇਵਲ ਇਕ ਵਿਦਵਾਨ ਦੀ ਜੀਵਨੀ ਮਾਤ੍ਰ ਹੀ ਨਹੀਂ, ਸਗੋਂ ਉਸ ਦੇ ਜੀਵਨ-ਕਾਲ ਦੌਰਾਨ ਵਾਪਰੀਆਂ ਤਮਾਮ ਪ੍ਰਮੁੱਖ ਇਤਿਹਾਸਕ ਤੇ ਸਮਾਜਕ ਘਟਨਾਵਾਂ ਦੀ ਅੰਤਰੰਗ ਚਿਤ੍ਰਾਵਲੀ ਵੀ ਹੈ। ਇਕ ਰੱਜੇ-ਪੁੱਜੇ ਅਤੇ ਸੰਪੰਨ ਪ੍ਰਵਾਰ ਨਾਲ ਸੰਬੰਧਤ, ਖੂਬ ਪੜ੍ਹੇ-ਗੁੜ੍ਹੇ ਅਤੇ ਵਿਸ਼ਾਲ ਅਨੁਭਵ ਦੇ ਸਵਾਮੀ, ਡਾ. ਦੀਵਾਨ ਸਿੰਘ ਹੁਰਾਂ ਦੀ ਵਾਕਫ਼ੀਅਤ ਦਾ ਘੇਰਾ ਵੀ ਬੜਾ ਵਿਸਤ੍ਰਿਤ ਹੈ। ਆਪ ਦੇ ਸੰਪਰਕ ਵਿਚ ਆਉਣ ਵਾਲੇ ਅਤੇ ਸਮਕਾਲੀ ਅਨੇਕਾਂ ਵਿਦਵਾਨਾਂ, ਅਧਿਆਪਕਾਂ, ਮਹਾਂਪੁਰਸ਼ਾਂ ਅਤੇ ਨਾਮ-ਅਭਿਆਸੀਆਂ ਦੇ ਅਲੌਕਿਕ ਜੀਵਨ ਪ੍ਰਸੰਗ ਅਤੇ ਅਨਮੋਲ ਬਚਨ ਇਸ ਪੁਸਤਕ ਵਿਚੋਂ ਪ੍ਰਾਪਤ ਹੁੰਦੇ ਹਨ।

ਸਵੈਜੀਵਨੀ ਜਾਂ ਆਤਮ-ਕਥਾ ਆਪਣੇ ਅੰਤਰ-ਆਤਮੇ ਦਾ ਹੀ ਦੂਜਾ ਨਾਮ ਹੈ।... ਇਕ ਸਾਫ਼ਗੋ ਜੀਵਨੀਕਾਰ ਵਾਂਗ ਡਾ. ਦੀਵਾਨ ਸਿੰਘ ਨੇ ਸੱਚਾਈ ਦਾ ਪੱਲੂ ਆਦਿ ਤੋਂ ਅੰਤ ਤਕ ਫੜੀ ਰੱਖਿਆ ਹੈ। ਕਾਰਲਾਈਲ ਵਲੋਂ ਦਰਸਾਈ ਜੀਵਨੀ ਦੀ ਪਰਿਭਾਸ਼ਾ : **A well-written life is almost as rare as a well-spent one (Essays)** ਡਾ. ਸਾਹਿਬ ਦੀ ਸਵੈਜੀਵਨੀ ਉਪਰ ਇੰਨ-ਬਿੰਨ ਪੂਰੀ ਉਤਰਦੀ ਹੈ। ਇਸ ਪੁਸਤਕ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੜ੍ਹ ਕੇ ਅਨੇਕਾਂ ਪਾਠਕ ਲੇਖਕ ਦੇ ਭਰਪੂਰ ਤਜਰਬੇ ਅਤੇ ਜੀਵਨ ਦੇ ਉਤਰਾ-ਚੜ੍ਹਾ ਆਦਿ ਤੋਂ ਜਾਣੂ ਹੋ ਕੇ ਜੀਵਨ ਦੀ ਸੇਧ ਪ੍ਰਾਪਤ ਕਰ ਸਕਣਗੇ।

ਇਕ ਸਫਲ ਆਤਮ-ਕਥਾ ਦਾ ਢੋਆ ਦੇਣ ਲਈ ਕੁਲ ਪੰਜਾਬੀ ਜਗਤ ਲੇਖਕ ਦਾ ਤਹਿ-ਦਿਲੋਂ ਮਸ਼ਕੂਰ ਹੈ। ਡਾ. ਸਾਹਿਬ ਜੋ ਉਘੇ ਵਿਦਵਾਨ ਅਤੇ ਮਕਬੂਲ ਗ਼ਜ਼ਲਗੋ ਹਨ, ਜੇ ਉਰਦੂ ਸ਼ਾਇਰਾਂ ਵਾਂਗ ਆਪਣਾ ਗ਼ਜ਼ਲਾਂ ਦਾ 'ਦੀਵਾਨ' ਛਾਪ ਸਕਣ ਤਾਂ ਕਿੰਨਾ ਅੱਛਾ ਹੋਵੇ। ਕਾਸ਼! ਅਜਿਹਾ ਹੋ ਸਕੇ।

7743

ਡਾ. ਗੁਰਮੁਖ ਸਿੰਘ, ਭਾਸ਼ਾ ਵਿਭਾਗ, ਪਟਿਆਲਾ।

ਆਪ ਜੀ ਦੀ ਸਵੈਜੀਵਨੀ ਪੜ੍ਹੀ ਹੈ। ਆਪ ਨੇ ਕਮਾਲ ਕਰ ਦਿੱਤੀ ਹੈ। ਮੈਂ ਸਾਰੀ ਪੁਸਤਕ ਇਕੋ ਬੈਠਕ ਵਿਚ ਪੜ੍ਹ ਗਿਆ। ਜਿਥੇ ਆਪ ਜੀ ਤੇ ਆਪ ਜੀ ਦੇ ਪਰਵਾਰ ਤੇ ਸੰਬੰਧੀਆਂ ਬਾਰੇ ਬੜੀ ਭਰਪੂਰ ਜਾਣਕਾਰੀ ਮਿਲੀ, ਉਥੇ ਆਪ ਦੀ ਸ਼ਖ਼ਸੀਅਤ ਬੜੀ ਮਨਮੋਹਣੀ ਬਣ ਕੇ ਉਘੜੀ ਹੈ। ਕਮਾਲ ਇਸ ਗੱਲ ਵਿਚ ਹੈ ਕਿ ਆਪ ਨੇ ਕਿਸੇ ਸਮਕਾਲੀ ਦੀ ਨਿੰਦਿਆ ਨਹੀਂ ਕੀਤੀ। ਸਭ ਬਾਰੇ ਸਹਿਜ-ਸੁਭਾਅ ਲਿਖਿਆ ਹੈ। ਇਕ ਘਾਟ ਰੜਕਦੀ ਹੈ ਕਿ ਆਪ ਨੇ ਆਪਣੀ ਲਿਖਣ-ਪ੍ਰਕ੍ਰਿਆ ਬਾਰੇ ਕੁਝ ਨਹੀਂ ਲਿਖਿਆ। ਆਪ ਸ਼ਾਇਰ ਹੋ ਤੇ ਵਧੀਆ ਆਲੋਚਕ ਹੋ ਪਰ ਆਪ ਨੇ ਇਹ ਪੱਖ ਛੱਡ ਹੀ ਦਿੱਤਾ। ਅਗਲੀ ਐਡੀਸ਼ਨ ਵਿਚ ਇਸ ਬਾਰੇ ਵੀ 10-20 ਪੰਨੇ ਜ਼ਰੂਰ ਲਿਖਣੇ। ਮੇਰੀ ਵਧਾਈ ਸਵੀਕਾਰ ਕਰੋ। ਆਪ ਦੀ ਇਸ ਲਿਖਤ ਨਾਲ ਸਵੈਜੀਵਨੀ ਸਾਹਿੱਤ ਵਿਚ ਇਕ ਮਾਣ-ਯੋਗ ਵਾਧਾ ਹੋਇਆ ਹੈ। ਬਹੁਤ ਘੱਟ ਅਜਿਹੀਆਂ ਜੀਵਨੀਆਂ ਹਨ, ਜਿਹਨਾਂ ਵਿਚ ਸੱਚ ਨੂੰ ਸੱਚ ਵਾਂਗ ਪੇਸ਼ ਕੀਤਾ ਹੈ। (ਪੱਤਰ ਮਿਤੀ 11-4-90)

ਪ੍ਰਿੰ. ਲਾਭ ਸਿੰਘ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ।

'ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।'

ਆਪਣੀ ਇਸ ਸਵੈਜੀਵਨੀ ਵਿੱਚ ਡਾ: ਦੀਵਾਨ ਸਿੰਘ ਜੀ ਨੇ ਆਪਣੇ ਜੀਵਨ-ਪੰਧ ਦੇ ਸੱਤਰ ਸਾਲਾ ਸਫਰ ਦੀਆਂ ਮਹੱਤਵ ਪੂਰਨ, ਰੋਚਿਕ ਤੇ ਅਹਿਮ ਘਟਨਾਵਾਂ ਦਾ ਸਰਲ ਤੇ ਸੁੰਦਰ ਭਾਸ਼ਾ ਵਿਚ ਸੁਚੱਜਾ ਵਰਨਣ ਕੀਤਾ ਹੈ। ਸਵੈਜੀਵਨੀ ਦੁਆਰਾ ਲੇਖਕ ਇਸ ਸੰਸਾਰਕ ਰੰਗ ਮੰਚ ਉਤੇ ਖੇਡੀ ਆਪਣੀ ਜੀਵਨ ਖੇਡ ਦਾ ਪ੍ਰਦਰਸ਼ਨ ਕਰਦਾ ਹੈ। ਸਵੈਜੀਵਨੀ ਰਾਹੀਂ ਲੇਖਕ ਆਪਣੇ ਦੁਨਿਆਵੀ ਅਸਤਿੱਤਵ ਨੂੰ ਇਤਿਹਾਸਕ ਮਹੱਤਵ ਪ੍ਰਦਾਨ ਕਰਦਾ ਹੈ। ਹੋਰਨਾਂ ਗੱਲਾਂ ਤੋਂ ਇਲਾਵਾ ਲੇਖਕ ਦੀ ਸਵੈਜੀਵਨੀ ਉਸ ਦੇ ਵਿਅਕਤਿੱਤਵ ਨੂੰ ਪ੍ਰਤੀਬਿੰਬਤ ਕਰਨ ਦਾ ਬਹੁਤ ਹੀ ਸੁਚੱਜਾ ਸਾਧਨ ਸਿੱਧ ਹੁੰਦੀ ਹੈ।

ਡਾ: ਦੀਵਾਨ ਸਿੰਘ ਇਕ ਸੂਫ਼ੀ ਮਿਜ਼ਾਜ ਅਤੇ ਸਾਧੂ ਸੁਭਾ ਵਿਅਕਤੀ ਹਨ। ਇਹਨਾਂ ਨੇ ਆਪਣਾ ਸਮੁੱਚਾ ਜੀਵਨ ਸਫ਼ਰ ਸ਼ੁਕਰ, ਰਜ਼ਾ ਤੇ ਰੱਬੀ ਭਾਣੇ ਅਨੁਸਾਰ ਤਹਿ ਕੀਤਾ ਹੈ। ਵਿਦਵਤਾ ਦੇ ਖੇਤਰ ਵਿੱਚ ਇਹਨਾਂ ਨੇ ਜੋ ਅਹਿਮ ਪ੍ਰਾਪਤੀਆਂ ਕੀਤੀਆਂ, ਜੀਵਨ ਵਿੱਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਨੂੰ ਜੋ ਵਰਨਣ ਯੋਗ ਸਫਲਤਾ ਤੇ ਮਾਣ ਸਤਿਕਾਰ ਪ੍ਰਾਪਤ ਹੋਇਆ, ਇਹਨਾਂ ਸਮੂਹਕ ਪ੍ਰਾਪਤੀਆਂ ਨਾਲ ਇਹਨਾਂ ਦੇ ਮਨ ਵਿਚ ਨਿਮਰਤਾ, ਸੁਹਿਰਦਤਾ ਅਤੇ ਪ੍ਰੇਮ ਭਾਵਨਾ ਦਾ ਹੀ ਵਾਧਾ ਹੋਇਆ ਹੈ। ਜ਼ਿੰਦਗੀ ਦੇ ਕਾਰਜ ਖੇਤਰ ਵਿਚ ਇਹਨਾਂ ਦਾ ਕਈ ਉਚ ਕੋਟੀ ਦੇ ਵਿਦਵਾਨਾਂ, ਪ੍ਰਤਿਭਾਵਾਨ ਵਿਅਕਤੀਆਂ ਅਤੇ ਧਾਰਮਿਕ ਮਹਾਂ ਪੁਰਸ਼ਾਂ ਨਾਲ ਸੰਜੋਗ ਜੁੜਿਆ। ਇਹਨਾਂ ਨੇ ਉਹਨਾਂ ਸਾਰੇ ਪ੍ਰਤਿਭਾਵਾਨ ਵਿਅਕਤੀਆਂ ਦੇ ਸ਼ੁਭ ਗੁਣਾ ਦੀ ਸੁਗੰਧੀ ਦਾ ਰਸ ਮਾਣਿਆ ਹੈ। ਆਪਣੀ ਇਸ ਸਵੈਜੀਵਨੀ ਵਿੱਚ ਉਹਨਾਂ ਨੇ ਆਪਣੇ ਸੰਪਰਕ ਵਿਚ ਆਉਣ ਵਾਲੇ ਅਜੇਹੇ ਮਹਾਨ ਵਿਅਕਤੀਆਂ ਦੇ ਪ੍ਰੇਰਨਾ ਦਾਇਕ ਤੇ ਸ਼ਲਾਘਾ ਯੋਗ ਪੱਖ ਨੂੰ ਹੀ ਰੂਪਮਾਨ ਕੀਤਾ ਹੈ। ਇਹਨਾਂ ਦੀ ਦ੍ਰਿਸ਼ਟੀ ਵਿਚ ਕੋਈ ਵਿਅਕਤੀ ਮਹੱਤਵਹੀਣ ਨਹੀਂ ਹਰ ਵਿਅਕਤੀ ਆਪਣੇ ਕਾਰਜ ਖੇਤਰ ਵਿੱਚ ਮਹੱਤਵ ਪੂਰਨ ਰੋਲ ਅਦਾ ਕਰਦਾ ਹੈ। ਇਸ ਲਈ ਇਹਨਾਂ ਨੇ ਜੀਵਨ ਵਿੱਚ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ' ਵਾਲਾ ਸੁਨਿਹਰੀ ਅਸੂਲ ਹੀ ਅਪਨਾਇਆ ਹੈ। ਡਾ. ਸਾਹਿਬ ਦੀ ਇਹ ਸਵੈਜੀਵਨੀ ਇਸ ਹਕੀਕਤ ਦਾ ਪ੍ਰਤੱਖ ਪ੍ਰਮਾਣ ਹੈ।

ਖੇੜਾ ਜਾਂ ਹਾਸਾ ਕੁਦਰਤ ਦੀ ਵੱਡਮੁੱਲੀ ਦਾਤ ਹੈ। ਹਾਸੇ ਖੇੜੇ ਦਾ ਨਿਵਾਸ ਕਿਸੇ ਨਿਰਛੱਲ ਨਿਸ਼ਕਪਟ ਅਤੇ ਪਵਿਤ੍ਰ ਹਿਰਦੇ ਵਿੱਚ ਹੀ ਹੋ ਸਕਦਾ ਹੈ। ਡਾ. ਦੀਵਾਨ ਸਿੰਘ ਗੰਭੀਰਤਾ ਦੀ ਸੁੰਨ ਅਵੱਸਥਾ ਨੂੰ ਵੀ ਹਾਸੇ ਖੇੜੇ ਦੇ ਮਹੌਲ ਵਿੱਚ ਤਬਦੀਲ ਕਰਨ ਦੀ ਯੋਗਤਾ ਰੱਖਦੇ ਹਨ। ਇਹਨਾਂ ਦੀ ਇਸ ਸਵੈਜੀਵਨੀ ਵਿੱਚ ਹਾਸ-ਰਸ ਦੀਆਂ ਅਜੇਹੀਆਂ ਅਨੇਕਾਂ ਉਦਾਹਰਣਾਂ ਉਪਲਭਧ ਹਨ। ਇਹਨਾਂ ਦੀਆਂ ਸਾਹਿਤ ਸਿਰਜਨਾ ਦੇ ਖੇਤਰ ਦੀਆਂ ਪ੍ਰਾਪਤੀਆਂ ਤੋਂ ਇਲਾਵਾ ਚਿੰਤਨ ਦੇ ਖੇਤਰ ਵਿਚ ਡਾ. ਦੀਵਾਨ ਸਿੰਘ ਦਾ ਭਾਵੁਕ ਤੇ ਅਨੁਭਵੀ ਕਵੀ ਮਨ ਨਿਰੋਲ ਸਮਾਜਿਕ ਵਿਸ਼ਿਆਂ ਦੇ ਬਾਹਰੀ ਵਹਿਣਾਂ ਵਿੱਚ ਨਹੀਂ ਵਹਿੰਦਾ ਸਗੋਂ ਉਹ ਦ੍ਰਿਸ਼ਟਮਾਨ ਜਗਤ ਦੇ ਮੂਲ ਅਧਾਰਾਂ ਦੇ ਰਹੱਸਵਾਦੀ ਅਨੁਭਵ ਦਾ ਅਭਿਲਾਸ਼ੀ ਹੈ। ਇਹਨਾਂ ਨੇ ਫ਼ਾਰਸੀ ਅਦਬ ਦੇ ਮਹਾਨ ਚਿੰਤਕਾਂ ਦੀ ਧਾਰਨਾਂ ਉਤੇ ਆਪਣੇ ਮਨ ਨੂੰ ਰਹੱਸਵਾਦ ਦੀਆਂ ਅਥਾਹ ਗਹਿਰਾਈਆਂ ਵਿੱਚ ਟੁੱਭੀਆਂ ਲਗਵਾਈਆਂ ਹਨ। ਇਸ ਗੂੜ ਵਿਸ਼ੇ ਦੇ ਚਿੰਤਨ ਦਾ ਆਧਾਰ ਇਹਨਾਂ ਨੇ ਗੁਰਮਤਿ ਗਿਆਨ ਦੀਆਂ ਗਹਿਰ ਗੰਭੀਰ ਤੇ ਅਗੋਚਰ ਰਮਜ਼ਾਂ ਨੂੰ ਬਣਾਇਆ ਹੈ।

ਆਪਸੀ ਇਸ ਸਵੈਜੀਵਨੀ ਦਾ ਅਰੰਭ ਡਾ. ਦੀਵਾਨ ਸਿੰਘ ਜੀ ਨੇ ਮਾਨਵ ਜੀਵਨ ਦੀ ਅਸਥਿਰਤਾ ਅਤੇ ਰੱਬੀ ਭਾਣੇ ਦੀ ਖੇਡ 'ਕਾਠ ਕੀ ਪੁਤਰੀ ਕਹਾਂ ਕਰੈ ਬਾਪੁਰੀ ਖਿਲਾਵਨ-ਹਾਰੋ ਜਾਨੈ' ਦੇ ਰਹੱਸ ਨੂੰ ਪ੍ਰਵਾਨ ਕਰਕੇ ਕੀਤਾ ਹੈ। ਇਹਨਾਂ ਨੇ ਇਸ ਸਵੈਜੀਵਨੀ ਦੀ ਪਹਿਲੀ ਐਡੀਸ਼ਨ ਦਾ ਅੰਤ ਅਜੇਹੇ ਧਾਰਮਿਕ ਵਿਅਕਤੀਆਂ ਪ੍ਰਤੀ ਆਪਣੀ ਸ਼ਰਧਾ ਭਾਵਨਾ ਅਤੇ ਕ੍ਰਿਤੱਗਤਾ ਦੇ ਪ੍ਰਗਟਾਵੇ ਨਾਲ ਕੀਤਾ ਹੈ ਜਿਨ੍ਹਾਂ ਦੀ ਪ੍ਰੇਰਨਾਂ ਅਤੇ ਸਹਾਇਤਾ ਨਾਲ ਡਾ. ਸਾਹਿਬ ਜੀਵਨ ਪੰਧ ਉਤੇ ਗੁਰਮਤਿ ਗਾਡੀ ਰਾਹ ਦੇ ਪਾਂਧੀ ਬਣੇ।

ਡਾਕਟਰ ਸਾਹਿਬ ਨੇ ਆਪਣੀ ਇਸ ਸਵੈਜੀਵਨੀ ਵਿੱਚ ਆਪਣੇ ਪਰਿਵਾਰਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛੋਕੜ, ਪਰਸਪਰ ਪਿਆਰ ਅਤੇ ਸਤਿਕਾਰ ਭਰਪੂਰ ਪਰਿਵਾਰਕ ਸਬੰਧਾਂ ਅਤੇ ਪਰਿਵਾਰਕ ਜ਼ਿਮੇਂਵਾਰੀਆਂ .ਤੇ ਫਰਜ਼ਾਂ ਦੀ ਆਪਣੇ ਵਲੋਂ ਲਗਨ ਤੇ ਸੁਹਿਰਦਤਾ ਨਾਲ ਪੂਰਤੀ ਬਾਰੇ ਭਾਵਪੂਰਤ ਜਾਣਕਾਰੀ ਪ੍ਰਸਤੁਤ ਕੀਤੀ ਹੈ। ਇਸ ਸਵੈਜੀਵਨੀ ਤੋਂ ਗ੍ਰਹਿਸਤ ਮਾਰਗ ਦਾ ਹਰ ਪਾਂਧੀ ਸੁਚੱਜੀ ਪ੍ਰੇਰਨਾ ਪ੍ਰਾਪਤ ਕਰ ਸਕਦਾ ਹੈ। ਸਮੁੱਚੇ ਤੌਰ ਤੇ ਲੇਖਿਕ ਦੀ ਇਹ ਸਵੈਜੀਵਨੀ, ਪੰਜਾਬੀ ਦੇ ਸਵੈਜੀਵਨੀ ਸਾਹਿੱਤ ਵਿੱਚ ਨਿਗਰ ਵਾਧਾ ਕਰਦੀ ਹੈ। ਇਸ ਸੁਚੱਜੇ ਉਦਮ ਲਈ ਲੇਖਿਕ ਜੀ ਸਮੂਹ ਪੰਜਾਬੀ ਪਾਠਕਾਂ ਤੇ ਸਾਹਿਤ ਪ੍ਰੇਮੀਆਂ ਵਲੋਂ ਵਧਾਈ ਦੇ ਪਾਤਰ ਹਨ।

ਡਾ· ਕਰਤਾਰ ਸਿੰਘ ਸੂਰੀ, ਪ੍ਰਸਿੱਧ ਸਾਹਿਤਕਾਰ ਤੇ ਪ੍ਰੋਫੈਸਰ (ਰਿਟਾ.)

ਆਪਦੀ ਸ੍ਵੈ-ਜੀਵਨੀ ਮੈਂ ਸਾਰੀ ਪੜ੍ਹ ਲਈ ਹੈ। ਆਪ ਦੀ ਕਲਮ ਨੂੰ ਸਲਾਮ। ਸ੍ਵੈ-ਜੀਵਨੀਆਂ ਤਾਂ ਹੋਰ ਲੋਕ ਵੀ ਲਿਖਦੇ ਹਨ, ਪਰ ਜ਼ਬਾਨਦਾਨੀ, ਮਿੱਠੀ, ਸਰਲ, ਢੁਕਵੀਂ ਸਿੱਧਾ ਦਿਲ ਤੱਕ ਛੂਹ ਜਾਣ ਵਾਲੀ, ਮਾਖਿਓਂ ਮਿੱਠੀ ਪੰਜਾਬੀ ਜ਼ਬਾਨ ਤਾਂ ਇਹੋ ਜਿਹੀ ਸ਼ਾਇਦ ਹੀ ਕਿਸੇ ਨੇ ਅੱਜ ਤੱਕ ਪੇਸ਼ ਕੀਤੀ ਹੋਵੇ। ਉਸ ਸਮੇਂ ਦਾ ਸਾਰਾ ਵਿਦਿਅਕ, ਸਾਹਿੱਤਕ ਤੇ ਧਾਰਮਿਕ ਮਾਹੌਲ ਆਪ ਨੇ ਜੀਵਤ ਰੂਪ ਵਿਚ ਚਿਤ੍ਰਿਤ ਕਰ ਦਿੱਤਾ ਹੈ। ਸਵਾਦ ਤੇ ਰੌਚਿ-ਕਤਾ ਏਨੀ ਹੈ ਕਿ ਪਾਠਕ ਸਾਰੀ ਪੁਸਤਕ ਖ਼ਤਮ ਕੀਤੇ ਬਿਨਾਂ ਹੋਰ ਕੋਈ ਕੰਮ ਕਰ ਹੀ ਨਹੀਂ ਸਕਦਾ। ਆਪ ਦੀ ਸ਼ਖਸੀਅਤ ਨੂੰ ਬਣਾਣ, ਘੜਨ ਵਾਲੀਆਂ ਸ਼ਕਤੀਆਂ, ਸ਼ਖ਼ਸੀਅਤਾਂ ਤੇ ਪਰਿਸਥਿਤੀਆਂ ਤੋਂ ਜਾਣੂ ਹੋਣਾ ਨਾ ਕੇਵਲ ਗਿਆਨ ਵਿਚ ਵਾਧਾ ਕਰਨ ਵਾਲੀਆਂ ਗੱਲਾਂ ਹਨ ਸਗੋਂ ਪ੍ਰੇਰਣਾਦਾਇਕ ਤੇ ਉਤਸ਼ਾਹ ਭਰਪੂਰ ਵੀ। ਸ਼ਾਲਾ ! ਆਪ ਦੀ ਕਲਮ ਸਾਨੂੰ ਇਹੋ ਜਿਹੀਆਂ ਮਹਾਨ ਰਚਨਾਵਾਂ ਨਾਲ ਮਾਲਾ ਮਾਲ ਕਰਦੀ ਰਹੇ। (ਪੱਤਰ ਮਿਤੀ 23-3-90)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲੀ ਐਡੀਸ਼ਨ ਬਾਰੇ ਰੀਵੀਊ

ਡਾ. ਬਲਕਾਰ ਸਿੰਘ, ਸੰਪਾਦਕ, 'ਨਾਨਕ ਪ੍ਰਕਾਸ਼ ਪੱਤ੍ਰਿਕਾ', ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 1990 ਅੰਕ

'ਮੇਰਾ ਜੀਵਨ ਪੰਧ' ਸ੍ਵੈ-ਜੀਵਨੀ ਹੈ। ਇਹ ਡਾ. ਦੀਵਾਨ ਸਿੰਘ ਦੀ ਪੁਖ਼ਤਾ ਅਤੇ ਸਥਾਪਤ ਸ਼ਖਸੀਅਤ ਦੀਆਂ ਸੰਭਾਵਨਾਵਾਂ ਦੇ ਪ੍ਰਗਟਾਵੇ ਨਾਲ ਬੱਝੀ ਹੋਈ ਹੈ। ਇਸ ਪੁਸਤਕ ਦੇ ਪਾਠਕਾਂ ਕੋਲ ਪਹੁੰਚਣ ਸਮੇਂ ਤੱਕ, ਲੇਖਕ ਕਵਿਤਾ ਦੀਆਂ ਤਿੰਨ ਪੁਸਤਕਾਂ-ਰਸ ਰੰਗ, ਤਿਹਾਏ ਸੁਪਨੇ ਅਤੇ ਅੰਦਾਜ਼-ਇ-ਗਜ਼ਲ ਲਿਖ ਕੇ ਵੀ ਕਵੀਆਂ ਵਾਂਗ ਬਦਨਾਮ ਨਹੀਂ ਹੋਏ। ਫਿਰ ਵੀ ਉਨ੍ਹਾਂ ਦਾ ਨਾਮ ਜ਼ਰੂਰ ਹੋਇਆ। ਪਹਿਲਾਂ ਫ਼ਾਰਸੀ ਅਤੇ ਫਿਰ ਪੰਜਾਬੀ ਦੇ ਨਿਰੰਤਰ ਅਧਿਆਪਨ ਕਾਲ ਨੇ ਉਨ੍ਹਾਂ ਨੂੰ ਆਲੋਚਕ ਦੇ ਤੌਰ ਤੇ ਖ਼ੂਬ ਉਭਾਰਿਆ। ਢੇਰ ਸਾਰੀਆਂ ਪੁਸਤਕਾਂ ਉਨ੍ਹਾਂ ਨੇ ਪੰਜਾਬੀ ਸਾਹਿਤ ਦੇ ਆਲੋਚਨਾ-ਖੇਤਰ ਨੂੰ ਭਰਪੂਰ ਕਰਨ ਵਾਸਤੇ ਦਿੱਤੀਆਂ। ਦਸਮ ਪਾਤਸ਼ਾਹ ਅਤੇ ਬਾਬਾ ਜਲ੍ਹਣ ਦੀਆਂ ਜੀਵਨੀਆਂ ਵੀ ਲਿਖੀਆਂ। ਪੰਜਾਬੀ ਅਕਾਦਮਿਕਤਾ ਵਿਚ ਆਪਣੀ ਨਿਵੇਕਲੀ ਸਾਹਿਤਕ ਸ਼ਖਸ਼ੀਅਤ ਦਾ ਜੋ ਸਿੱਕਾ ਡਾ. ਦੀਵਾਨ ਸਿੰਘ ਨੇ ਬੈਠਾਇਆ ਹੋਇਆ ਸੀ, ਇਸ ਪੁਸਤਕ ਨੂੰ ਉਸੇ ਦਾ ਉਤਮ ਫਲ ਗਰਦਾਨਿਆ ਜਾ ਸਕਦਾ ਹੈ।

ਸ੍ਵੈ-ਜੀਵਨੀ ਦਾ ਕੇਂਦਰੀ ਸਰੋਕਾਰ ਤਾਂ ਕਿਸੇ ਇਕ ਵਿਅਕਤੀ ਨਾਲ ਹੀ ਹੁੰਦਾ ਹੈ ਪਰੰਤੂ ਉਸ ਇਕ ਵਿਅਕਤੀ ਨਾਲ ਜੁੜਿਆ ਹੋਇਆ ਪੂਰਾ ਸਮਾਜ, ਸਮਸਤ ਸਭਿਆਚਾਰ ਅਤੇ ਚੁਫੇਰੇ ਦਾ ਵਿਵਹਾਰ ਵੀ ਸ੍ਵੈ-ਜੀਵਨੀ ਵਿਚ ਪ੍ਰਸਤੁਤ ਹੋ ਜਾਂਦਾ ਹੈ। ਇਸ ਸ੍ਵੈ-ਜੀਵਨੀ ਦਾ ਆਰੰਭ 1920 ਤੋਂ ਹੋ ਜਾਂਦਾ ਹੈ। ਰੂਸੀ ਇਨਕਲਾਬ (1917) ਦੀ ਲਾਲੀ ਦੇ ਉਧਾਰੇਪਨ ਨੂੰ ਮੁਫ਼ਤ ਵਾਂਗੂ ਵਰਤਣ ਦੇ ਫੈਸ਼ਨ ਦਾ ਡਾ. ਦੀਵਾਨ ਸਿੰਘ ਨੇ ਕੋਈ ਪ੍ਰਭਾਵ ਨਹੀਂ ਕਬੂਲਿਆ। ਇਸ ਤੋਂ ਉਲਟ ਲੇਖਕ ਨੇ ਇਹ ਪ੍ਰਭਾਵ ਬਚਪਨ ਵਿਚ ਹੀ ਗ੍ਰਹਿਣ ਕਰ ਲਿਆ ਸੀ ਕਿ ਸੁਖਾਂ ਦਾ ਪ੍ਰਸੰਗ ਕੇਵਲ ਤੇ ਕੇਵਲ ਪਦਾਰਥਕ ਨਹੀਂ ਹੈ। ਸਿਆਸੀ ਤੇ ਪਦਾਰਥਕ ਸਿਧਾਂਤਕਾਰਾਂ ਦੀ ਥਾ ਲੇਖਕ ਨੂੰ ਗ਼ਾਲਿਬ ਵਰਗੇ ਕਵੀ ਆਪਣੀ ਤਬੀਅਤ ਦੇ ਵਧੇਰੇ ਨੇੜੇ ਲੱਗਦੇ ਸਨ। ਇਸੇ ਵਿਚੋਂ ਲੇਖਕ ਦਾ ਰੁਝਾਨ ਆਤਮਕ ਅਤੇ ਧਾਰਮਿਕ ਚੇਤਨਾ ਵੱਲ ਹੋ ਗਿਆ ਸੀ ਅਤੇਂ ਉਸਨੂੰ ਲਗਿਆ, 'ਸੁਖ ਤਾਂ ਕੇਵਲ ਆਤਮਕ ਪੱਧਰ ਤੇ ਸੁਚੇਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਣ ਨਾਲ ਹੀ ਮਿਲ ਸਕਦਾ ਹੈ' (ਭੂਮਿਕਾ)। ਇਸ ਚੇਤਨਾ ਦੇ ਅਭਾਵ ਕਾਰਣ, ਪੈਣ ਵਾਲਿਆਂ ਪੁਆੜਿਆਂ ਦੀ ਸੰਭਾਵਨਾ ਦਾ ਅੰਦਾਜ਼ਾ ਕਠਨ ਨਹੀਂ ਹੈ। ਲੇਖਕ ਅਧਿਆਤਮਕ ਬਿਰਤੀ ਦੇ ਪ੍ਰਤੀਨਿਧ ਵਜੋਂ ਇਸ ਪੁਸਤਕ ਵਿਚ ਫੈਲਿਆ ਹੋਇਆ ਹੈ। ਇਹ ਬਿਰਤੀ ਲੇਖਕ ਨੇ ਕਿਸੇ ਪ੍ਰਤੀਕਰਮ ਜਾਂ ਪ੍ਰਤਿਬੱਧਤਾ ਵਜੋਂ ਪੱਕੀ ਨਹੀਂ ਕੀਤੀ ਸਗੋਂ ਇਹ ਉਨ੍ਹਾਂ ਸਾਰੇ ਪ੍ਰਭਾਵਾਂ ਦਾ ਸੁਤੇ ਵਿਕਾਸ ਸੀ, ਜਿਸ ਦੀਆਂ ਜੜ੍ਹਾਂ ਬਚਪਨ ਵਿਚੋਂ ਲੱਭੀਆਂ ਜਾ ਸਕਦੀਆਂ ਹਨ। ਬਾਰ ਦੇ ਕੁਦਰਤੀ ਨਜ਼ਾਰਿਆਂ ਨੇ ਕਾਵਿਕ-ਸੰਵੇਦਨਾ ਨੂੰ ਜਨਮ ਦਿੱਤਾ ਤਾਂ ਨਾਲ ਹੀ 'ਸਥਾਈ ਤੇ ਪਰਪੱਕ ਪਰਮਾਤਮਾ ਦੇ ਸ਼ੁਕਰਾਨੇ ਦੀ ਭਾਵਨਾਂ' ਤੋਂ ਮੂੰਹ ਹੀ ਨਹੀਂ ਮੋੜਿਆ ਗਿਆ। ਜਿਸ ਸਭਿਆਚਾਰਕ ਮਾਹੌਲ ਵਿਚ ਲੇਖਕ ਦੀ ਪਾਲਨਾ ਪੋਸਨਾ ਹੋ ਰਹੀ ਸੀ, ਉਸ ਨੂੰ ਉਹ 'ਧਾਰਮਿਕ ਕਲਚਰ' ਆਖਦਾ ਹੈ ਅਤੇ ਇਸਦੀ ਪ੍ਰਕਾਸ਼ਨਾਂ ਦਾ ਸਰੋਤ ਉਸ ਚੰਗੇ ਤੇ ਸਿਹਤਮੰਦ ਜੀਵਨ ਨੂੰ ਪ੍ਰਵਾਨ ਕਰਦਾ ਹੈ ਜਿਹੜਾ ਉਸ ਦੇ ਚਾਰ ਚੁਫੇਰੇ ਜੀਵਿਆ ਜਾ ਰਿਹਾ ਸੀ। ਇਸ ਪ੍ਰਭਾਵ ਨੇ ਪਿਛੋਂ ਲੇਖਕ ਦੀ ਇਕ ਗ਼ਜ਼ਲ ਵਿਚ ਇਸ ਤਰ੍ਹਾਂ ਸ਼ਬਦਾਂ ਦਾ ਜਾਮਾ ਪਹਿਨਿਆ :

ਬੰਦਗੀ ਦਾ ਬੋਝ ਬੰਦੇ ਤੋਂ ਉਠਾਇਆ ਨ ਗਿਆ।
ਰੱਬਾ ! ਤੇਰਾ ਮਿਹਰ ਰਿਣ ਸਾਥੋਂ ਚੁਕਾਇਆ ਨ ਗਿਆ॥ (ਪੰਨਾ 17)

ਮੇਰੇ ਰੀਵੀਊ ਕਰਨ ਦਾ ਕਾਰਣ ਵੀ ਇਹੀ ਹੈ ਕਿ ਮੈਨੂੰ ਡਾ. ਦੀਵਾਨ ਸਿੰਘ ਦੀ ਸ੍ਵੈ-ਜੀਵਨੀ ਇਕ ਗੁਰਸਿੱਖ ਦੀ ਸ੍ਵੈ-ਜੀਵਨੀ ਲੱਗਦੀ ਹੈ। ਅੱਜ ਜਦੋਂ ਸਾਡੀਆਂ ਜੜ੍ਹਾਂ ਉਖੜ ਹੀ ਚੁੱਕੀਆਂ ਹਨ ਅਤੇ ਇਸ ਉਪਰੰਤ ਵੀ ਅਸੀਂ ਆਪ ਸਹੇੜੇ ਤਨਾਵਾਂ ਵਿਚ ਫਸੇ ਹੋਏ ਹਾਂ, ਤਾਂ ਇਹ ਸ੍ਵੈ-ਜੀਵਨੀ ਕੁਝ ਰਾਹਤ ਪ੍ਰਦਾਨ ਕਰਦੀ ਪ੍ਰਤੀਤ ਹੁੰਦੀ ਹੈ। ਇਹ ਤਨਾਅ ਸਾਡੀਆਂ ਖੋਖਲੀਆਂ ਤੇ ਬੀਮਾਰ ਰਸਮਾਂ ਦੇ ਨਾਲ ਨਾਲ, ਵਿਦਿਅਕ ਢਾਂਚੇ ਵਿਚੋਂ ਪੈਦਾ ਹੋ ਰਹੇ ਹਨ। ਸਾਡੇ ਵਿਦਿਅਕ ਢਾਂਚੇ ਵਿਚ, ਖ਼ਾਲਸਾ ਸਕੂਲਾਂ ਦੇ ਵਿਚਾਰ ਮਾਡਲ, ਅੰਗਰੇਜੀ ਮਾਧਿਅਮ ਦੇ ਬਦਲ ਵਜੋਂ ਪ੍ਰਵੇਸ਼ ਕਰ ਗਏ ਹਨ। ਮਾਂ-ਬੋਲੀ ਦੀ ਥਾਂ ਮਤਰੇਟੀ ਬੋਲੀ ਰਾਣੀ ਬਣੀ ਬੈਠੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਖਾਂ ਦੀ ਬਾਈਬਲ ਵਜੋਂ ਅਤੇ ਗੁਰਦੁਆਰਾ ਸਾਹਿਬ ਨੂੰ ਸਿਖ ਚਰਚ ਵਜੋਂ ਪਛਾਨਣ ਦੀ ਹਵਾ ਵਿਚ ਲਟਕਦੀ ਜੜ੍ਹ-ਬਿਰਤੀ ਸਾਹਮਣੇ ਆ ਰਹੀ ਹੈ। ਸਿਆਸੀ ਧਰਮ-ਨਿਰਪੇਖਤਾ ਦੇ ਬੇਲੋੜੇ ਬੋਲਬਾਲੇ ਨੇ ਬਾਪ ਨੂੰ ਬਾਪ ਕਹਿਣ ਦੇ ਫ਼ਖ਼ਰ ਨੂੰ ਕੁਨਬਾਪਰਵਰੀ ਦਾ ਨਾਮ ਦੇ ਦਿੱਤਾ ਹੈ। ਇਸ ਵਿਚੋਂ ਨਿਕਲਣ ਦਾ ਇਕ ਰਾਹ ਆਪਣੇ 'ਪਿਊ ਦਾਦੇ ਦੇ ਖ਼ਜ਼ਾਨੇ' ਦੀ ਪਛਾਣ ਕਰ ਲੈਣ ਵਿਚ ਹੈ। ਡਾ. ਦੀਵਾਨ ਸਿੰਘ ਦੀ ਇਸ ਟਿਪਣੀ 'ਇਹ ਖ਼ਾਲਸਾ ਸਕੂਲ ਠੀਕ ਅਰਥਾਂ ਵਿਚ ਖ਼ਾਲਸਾ ਸਕੂਲ ਸੀ ਅਤੇ ਸਿੱਖ ਧਰਮ ਦੇ ਪ੍ਰਚਾਰ ਦਾ ਤਕੜਾ ਕੇਂਦਰ ਸੀ ਕਿਉਂਕਿ ਜੇ ਬਚਿਆਂ ਅਤੇ ਨੌਜਵਾਨਾਂ ਵਿਚ ਸਹੀ ਢੰਗ ਨਾਲ ਧਰਮ ਦਾ ਸੰਚਾਰ ਕੀਤਾ ਜਾਏ ਤਾਂ ਇਹ ਬਹੁਤ ਪ੍ਰਫੁਲਤ ਤੇ ਸਥਾਈ ਹੁੰਦਾ ਹੈ' ਨੂੰ ਵਿਦਿਅਕ ਢਾਂਚੇ ਵਿਚ ਸਮੋਏ ਜਾਣ ਦੀ ਲੋੜ ਹੈ। ਅਜਿਹਾ ਨ ਕਰਨ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ। ਇਸੇ ਦੇ ਸਿੱਟੇ ਦੀ ਗੱਲ ਵੀ ਲੇਖਕ ਨੇ ਕੀਤੀ ਹੋਈ ਹੈ ਜਿਵੇਂ ਕਿ 'ਆਪਸ ਵਿਚ ਲੋਕਾਂ ਦਾ ਸਲੂਕ ਭਰਾਵਾਂ ਵਰਗਾ ਸੀ। ਅਜੇ ਫਿਰਕੇਦਾਰੀ ਦਾ ਜ਼ਹਿਰ ਸਾਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਜ ਤੇ ਰਾਜਨੀਤੀ ਵਿਚ ਫੈਲਿਆ ਨਹੀਂ ਸੀ।'

ਇਸ ਸ੍ਵੈ-ਜੀਵਨੀ ਦੀ ਸਭਿਆਚਾਰਕ ਵਿਵੇਚਨਾ ਦੀ ਤਾਂ ਇਥੇ ਗੁੰਜਾਇਸ਼ ਨਹੀਂ ਹੈ ਪਰੰਤੂ ਜੇ ਵਿਦਿਆ ਜਾਂ ਵਿਦਿਅਕ ਢਾਂਚੇ ਦੀ ਗੱਲ ਚਲ ਹੀ ਪਈ ਹੈ ਤਾਂ ਲੇਖਕ ਦੀ ਇਸ ਟਿਪਣੀ 'ਓਦੋਂ ਮੈਟਰਿਕ ਦੀ ਪੜ੍ਹਾਈ ਹੁਣ ਦੇ ਐਮ.ਏ. ਨਾਲੋਂ ਵਧੇਰੇ ਸਾਰਥਕ ਹੁੰਦੀ ਸੀ' ਤੋਂ ਅੰਦਾਜ਼ਾ ਲਾਉਣਾ ਚਾਹੀਦਾ ਹੈ ਕਿ ਅਸੀਂ ਅਗੇ ਜਾਣ ਦੀ ਥਾਂ ਪਿਛੇ ਕਿਉਂ ਆਏ ਹਾਂ ? ਲੇਖਕ ਨੇ ਵਿਦਿਅਕ ਅਦਾਰਿਆਂ ਵਿਚ ਆਏ ਨਿਘਾਰ ਦੇ ਕਾਰਣਾਂ ਵਿਚ ਖੱਬੇ-ਪੱਖੀ ਲਹਿਰ ਦੇ ਪ੍ਰਭਾਵ ਨੂੰ ਪ੍ਰਮੁਖ ਸਥਾਨ ਦਿਤਾ ਹੈ। ਖ਼ਾਲਸਾ ਕਾਲਜ ਦੀ ਵਿਦਿਆਰਥੀ ਹੜਤਾਲ ਸਮੇਂ ਪ੍ਰਿੰਸੀਪਲ ਭਾਈ ਜੋਧ ਸਿੰਘ ਦਾ ਸੰਤੁਲਤ ਸਿਰੜ ਅਤੇ ਵਿਦਿਆਰਥੀਆਂ ਦਾ ਭਾਵੁਕ ਉਲਾਰ, ਜ਼ਾ ਰਹੀਆਂ ਕੀਮਤਾਂ ਅਤੇ ਆ ਰਹੇ ਸਹੂਲਤਮੁਖੀ ਮੁੱਲਾਂ ਦੀ ਮੂੰਹ ਬੋਲਦੀ ਤਸਵੀਰ ਹੈ। ਲੇਖਕ ਨੇ ਜਿਨ੍ਹਾਂ ਲੇਖਕਾਂ ਦਾ ਵਰਨਣ ਆਪਣੀ ਇਸ ਸ੍ਵੈ-ਜੀਵਨੀ ਵਿਚ ਕੀਤਾ ਹੈ, ਉਹ ਇਸ ਗੁਆਚੀ ਹੋਈ ਨੈਤਿਕਤਾ ਦੇ ਮਾਹੌਲ ਵਿਚ 'ਮਿਊਜ਼ੀਅਮ ਪੀਸ' ਲੱਗਦੇ ਹਨ। ਅੰਦਾਜ਼ਾ ਲਾਉ ਜਿਨ੍ਹਾਂ ਨੂੰ ਮੈਂ ਇੰਨੇ ਪਿਆਰ ਨਾਲ ਯਾਦ ਕਰ ਰਿਹਾ ਹਾਂ ਉਨ੍ਹਾਂ ਨੂੰ (ਜਿਨ੍ਹਾਂ ਵਿਚ ਲੇਖਕ ਵੀ ਸ਼ਾਮਲ ਹੈ) ਸੰਤ ਬਾਬਾ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ 'ਖੁਲ੍ਹੇ ਲੋਕ' ਆਖਿਆ ਕਰਦੇ ਸਨ। ਜੇ ਸੰਤ ਬਾਬਾ ਜੀ ਨੇ ਅੱਜ ਦੇ ਨੌਜਵਾਨ ਤੇ ਟਿੱਪਣੀ ਕਰਨੀ ਹੋਵੇ ਤਾਂ ਕਿਹੜੇ ਲੋਕ ਆਖਣਗੇ, ਇਸਦਾ ਅੰਦਾਜ਼ਾ ਜ਼ਰੂਰ ਲਾਉਣਾ ਚਾਹੀਦਾ ਹੈ।

ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚ ਲੱਗੀਆਂ ਲੇਖਕ ਦੀ ਸ਼ਖ਼ਸੀਅਤ ਦੀਆਂ ਜੜ੍ਹਾਂ ਦਾ ਸਿੱਧਾ ਅਤੇ ਅਸਿੱਧਾ ਵਿਸਥਾਰ ਇਸ ਪੁਸਤਕ ਦੇ ਪੰਨਿਆਂ ਵਿਚ ਖਿਲਰਿਆ ਪਿਆ ਹੈ। ਲੇਖਕ ਦੀ ਦੋਸਤੀ ਦੇ ਦਾਇਰੇ ਵਿਚ ਹਰ ਤਰ੍ਹਾਂ ਦੀ ਸੋਚਣੀ ਵਾਲੇ ਮਿੱਤਰਾਂ ਵਿਚੋਂ ਸਮਾਜਕ ਨੇੜਤਾ ਅਤੇ ਧਾਰਮਿਕ ਸਾਂਝ ਪ੍ਰਗਟ ਵਿਖਾਈ ਦੇਂਦੀ ਹੈ। ਪ੍ਰੋ. ਵਰਿਆਮ ਸਿੰਘ ਦੀ ਕਸ਼ਿਸ਼ ਅਤੇ ਪ੍ਰੋ. ਸਾਹਿਬ ਸਿੰਘ ਦਾ ਸਤਿਕਾਰ ਆਪਣੀ ਆਪਣੀ ਥਾਂ ਆਪਣੇ ਆਪਣੇ ਕਾਰਣਾਂ ਕਰਕੇ ਬਿਲਕੁਲ ਕੁਦਰਤੀ ਹੈ। ਸੰਤਾਂ ਮਹਾਤਮਾਵਾਂ ਦੀ ਸੰਗਤ ਦੀ ਲਗਨ, ਲੇਖਕ ਦੀ ਧਾਰਮਿਕ ਬਿਰਤੀ ਦੇ ਪ੍ਰਕਾਸ਼ਨ ਦੀ ਇਕ ਹੋਰ ਨਰੋਈ ਪਰਤ ਹੈ। ਅੰਮ੍ਰਿਤ ਪ੍ਰਚਾਰ ਸੰਗਤ ਨਾਲ ਸਾਂਝ ਸਾਬਤ ਕਰਦੀ ਹੈ ਕਿ ਵਿਸ਼ਵਾਸ਼ ਅਤੇ ਅਨੁਭਵ ਸਾਂਝੇ ਸਹਜ-ਵਰਤਾਰੇ ਨੂੰ ਜਨਮ ਦੇਂਦਾ ਹੈ। ਇਹ ਮੈਂ ਇਸ ਆਧਾਰ ਤੇ ਕਹਿ ਰਿਹਾ ਹਾਂ ਕਿ ਸਾਰੀ ਹੀ ਪੁਸਤਕ ਵਿਚ ਕੁਤੱਤਨ ਨੂੰ ਕੋਈ ਥਾਂ ਹੀ ਨਹੀਂ ਹੈ। ਦੁਸ਼ਮਣੀ ਸ਼ਬਦ ਦੀ ਕਿਤੇ ਵਰਤੋਂ ਹੀ ਨਹੀਂ ਕੀਤੀ। ਆਈਆਂ ਮੁਸ਼ਕਲਾਂ ਨੂੰ ਭਾਣੇ ਅਤੇ ਹੁਕਮ ਵਿਚ ਪਰਵਾਨ ਕਰਨ ਦਾ ਸੁਭਾ ਤਾਂ ਹੈ ਪਰੰਤੂ ਬਿਜਲੀ ਵਾਂਗ ਡਿੱਗੀ ਮਜਬੂਰੀ ਨਹੀਂ ਹੈ। ਪੇਸ਼ ਆਈਆਂ ਸਮੱਸਿਆਵਾਂ ਨੂੰ ਰਲ ਮਿਲ ਕੇ ਨਜਿੱਠਣ ਦਾ ਵਤੀਰਾ ਐਵੇਂ ਨਹੀਂ ਪੈਦਾ ਹੋ ਜਾਂਦਾ। ਇਸਨੂੰ ਸਮਾਂ ਲੱਗਦਾ ਹੈ ਅਤੇ ਇਸਨੂੰ ਇਕ ਜਨਮ ਦੇ ਕੁਝ ਵਰ੍ਹਿਆਂ ਦੇ ਮਾਹੌਲ ਨਾਲ ਬੰਨ੍ਹਣ ਦੀ ਲੋੜ ਨਹੀਂ ਹੈ। ਇਸੇ ਦੀ ਨਿਰੰਤਰਤਾ ਅਤੇ ਪ੍ਰਕਾਸ਼ਨ ਵਾਸਤੇ ਗ੍ਰਹਿਸਥ ਜ਼ਰੂਰੀ ਹੈ। ਗ੍ਰਹਿਸਥ ਨੂੰ ਭਟਪੂਰ ਤਰੀਕੇ ਨਾਲ ਹੰਢਾਉਂਦਿਆਂ, ਲਿਵ ਸਤਿਗੁਰੂ ਦੇ ਚਰਨਾਂ ਨਾਲ ਜੋੜੀ ਰੱਖਣ ਦਾ ਚਾਅ, ਲੇਖਕ ਨੇ ਸਾਹਮਣੇ ਰਖਿਆ ਹੈ। ਲੇਖਕ ਦੀ ਇਹ ਟਿੱਪਣੀ, 'ਇਸ ਵਿਚ ਕੋਈ ਸ਼ੱਕ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਪੁੱਤਰ ਧੀਆਂ ਗ੍ਰਿਹਸਤ ਦਾ ਮੇਵਾ ਹਨ। ਇਨ੍ਹਾਂ ਤੋਂ ਬਿਨਾਂ ਘਰ ਸੁੰਞੇ ਤੇ ਸੁਨਸਾਨ ਹੁੰਦੇ ਹਨ। ਬਰਿਆਂ ਤੋਂ ਬਿਨਾਂ ਘਰ ਵਿਚ ਕਿਸੇ ਬਰਕਤ ਜਾਂ ਖੁਸ਼ੀ ਦਾ ਵਾਸ ਨਹੀਂ ਹੁੰਦਾ। ਫਿਰ ਵੀ ਰੂਹਾਨੀ ਬਰਕਤਾਂ ਦੇ ਸਾਹਮਣੇ ਇਹ ਤੁਛ ਹਨ' ਸਾਬਤ ਕਰਦੀ ਹੈ ਕਿ ਨਿਹਮਤ ਵੀ ਨਿਯੰਤ੍ਰਣ ਬਿਨਾਂ ਖ਼ੂਬਸੂਰਤ ਨਹੀਂ ਲੱਗਦੀ। ਗ੍ਰਿਹਸਥ ਤੇ ਅਧਿਆਤਮਕਤਾ ਦਾ ਨਿਯੰਤ੍ਰਣ ਇਸੇ ਵਾਸਤੇ ਸਿੱਖ ਜੀਵਨ ਦਾ ਅੰਗ ਮੰਨ ਲਿਆ ਹੈ। ਇਸ ਸੋਝੀ ਨਾਲ ਹੀ ਗ੍ਰਿਹਸਥ ਧਰਮ ਪ੍ਰਧਾਨ ਹੈ ਕਿਉਂਕਿ ਇਸ ਦ੍ਰਿਸ਼ਟੀ ਨਾਲ ਦੀਨ ਤੇ ਦੁਨੀਆਂ ਨੂੰ ਸਮਸਰ ਰੂਪ ਵਿਚ ਹੰਢਾਇਆ ਜਾ ਸਕਦਾ ਹੈ। ਇਸ ਨੂੰ ਹੰਢਾਉਣ ਵਿਚ ਹੀ ਮਨੁੱਖ ਦੀ ਸਰਦਾਰੀ ਹੈ।

ਅਜੋਕੇ ਮਾਹੌਲ ਵਿਚ ਪਸਰੀ ਹੋਈ ਤਪਸ਼ ਨੂੰ ਕਿਸੇ ਜੁਗਤਿ ਵਿਚ ਘਟਾਉਣ ਦੀ ਥਾਂ, ਸਿਆਸੀ ਨਾਹਰੇਬਾਜ਼ੀ ਦਾ ਬੋਲਬਾਲਾ ਸਾਹਮਣੇ ਹੈ। ਪੰਜਾਬ ਹਮੇਸ਼ਾਂ ਤੋਂ ਤਾਂ ਪਰਸਪਰ ਤਪਸ਼ ਦਾ ਸ਼ਿਕਾਰ ਨਹੀਂ ਸੀ। ਜਿਸ ਪਰਸਪਰ-ਪਿਆਰ ਅਤੇ ਅਪਣੱਤ ਵਾਲੇ ਵਰਤਾਰੇ ਵਿਚ ਲੇਖਕ ਪਲਿਆ ਤੇ ਪਰਵਾਨ ਚੜ੍ਹਿਆ ਹੈ, ਉਹ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਗੁਰੂ ਦੇ ਨਾਮ ਤੇ ਜਿਊਣ ਵਾਲਾ ਪੰਜਾਬ ਸੀ। ਸਿਆਸੀ ਨਾਹਰੇਬਾਜ਼ੀ ਨੂੰ ਵੀ ਗੁਰੂ ਦੇ ਸੰਦੇਸ਼ ਨਾਲ ਜੋੜ ਲਿਆ ਜਾਵੇ ਤਾਂ ਅਸਲ ਪੰਜਾਬੀਅਤ ਸਾਹਮਣੇ ਆ ਸਕਦੀ ਹੈ। ਅਜਿਹੇ ਵਿਵਹਾਰ ਦਾ ਜ਼ਿਕਰ, ਲੇਖਕ ਨੇ ਸ. ਦਲੀਪ ਸਿੰਘ ਸੌਂਦ ਦੇ ਹਵਾਲੇ ਨਾਲ ਕੀਤਾ ਹੈ ਉਹ ਪਤਿਤ ਹੈ, ਕਿਉਂਕਿ ਦੇਸ਼ੋਂ ਬਾਹਰ ਉਹ ਕੇਸਾਧਾਰੀ ਨਹੀਂ ਰਹਿ ਸਕਿਆ। ਉਸਦਾ ਵਿਸ਼ਵਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜ਼ਾਹਰਾ ਜ਼ਹੂਰ ਗੁਰੂ ਹੋਣ ਵਿਚ ਪੱਕਾ ਹੈ। ਉਸਦੀ ਚੇਤਨਾ ਬਾਣੀ ਨਾਲ ਰੰਗੀ ਹੋਈ ਹੈ। ਉਸਨੂੰ ਲੇਖਕ ਏਸ਼ੀਆ ਦਾ ਸਭ ਤੋਂ ਮਸ਼ਹੂਰ ਸਿਖ ਪਰਵਾਨ ਕਰਦਾ ਹੈ। ਸ. ਦਲੀਪ ਸਿੰਘ ਦੇ ਇਸ ਵਿਸ਼ਵਾਸ਼ ਨੂੰ ਕਿ 'ਪੰਜਾਬੀ ਜਿਥੇ ਵੀ ਜਾਏਗਾ, ਪੰਜਾਬੀ ਹੀ ਰਹੇਗਾ' ਲੇਖਕ ਮਹੱਤਵ ਪਰਦਾਨ ਕਰਦਾ ਹੈ। ਸ. ਦਲੀਪ ਸਿੰਘ ਰਾਹੀਂ ਲੇਖਕ ਨੇ ਪੰਜਾਬੀਅਤ ਦਾ ਮੂਲ ਇਸ ਭਾਵਨਾ ਨੂੰ ਮੰਨਿਆ ਹੈ, ਜਿਹੜੀ ਸ. ਦਲੀਪ ਸਿੰਘ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੂੰ ਸਿਖਿਆ ਵਜੋਂ ਆਖੀ ਸੀ। ਸਿਖਿਆ ਇਸ ਤਰ੍ਹਾਂ ਹੈ, 'ਬੱਚੋ ! ਖੂਬ ਮਿਹਨਤ ਕਰੋ। ਚੰਗੀ ਤੋਂ ਚੰਗੀ ਪੜ੍ਹਾਈ ਕਰੋ। ਭਾਵੇਂ ਕੇਸਾਂ ਦੀ ਬੜੀ ਮਹੱਤਾ ਹੈ, ਪਰ ਲੋਕਾਂ ਨੇ ਇਹ ਵੀ ਦੇਖਣਾ ਹੈ ਕਿ ਤੁਹਾਡੇ ਸਿਰ ਤੇ ਦਿਮਾਗ਼ ਦੇ ਅੰਦਰ ਕੀ ਹੈ, ਕੇਵਲ ਇਹ ਨਹੀਂ ਕਿ ਸਿਰ ਦੇ ਉਤੇ ਕੀ ਹੈ' ਮੈਨੂੰ ਲਗਿਆ ਕਿ ਇਹ ਸ਼ਬਦ ਕੇਸ ਨ ਰਖਣ ਦੀ ਸ਼ਰਮਿੰਦਗੀ ਤੋਂ ਬਚਣ ਦੇ ਬਹਾਨੇ ਵਰਗੇ ਯਤਨ ਵਿਚੋਂ ਨਹੀਂ ਨਿਕਲੇ ਹੋਏ ਸਗੋਂ 'ਸੁਭ ਅਮਲਾਂ ਬਾਝੋਂ ਦੋਨੋਂ ਰੋਈ' ਦੀ ਪਰੰਪਰਕ ਨੈਤਿਕ ਚੇਤਨਾ ਦੇ ਲਖਾਇਕ ਹਨ। ਮੈਂ ਵਿਸਥਾਰ ਦੇ ਡਰੋਂ ਇਸ ਪ੍ਰਸੰਗ ਨੂੰ ਇਥੇ ਹੀ ਛਡ ਦੇਂਦਾ ਹਾਂ।

ਕਿਸੇ ਵੀ ਲਿਖਤ ਅਤੇ ਲੇਖਕ ਦੀ ਪਛਾਣ ਸ਼ੈਲੀ ਤੋਂ ਹੁੰਦੀ ਹੈ। ਡਾ. ਦੀਵਾਨ ਸਿੰਘ ਇਸ ਪੁਸਤਕ ਦੇ ਲਿਖੇ ਜਾਣ ਤੋਂ ਪਹਿਲਾਂ ਹੀ ਸੌਖੀਆਂ, ਸੰਜਮੀ ਅਤੇ ਪ੍ਰਭਾਵਸ਼ਾਲੀ ਰਚਨਾਵਾਂ ਰਚਣ ਕਰਕੇ, ਸ਼ੈਲੀਕਾਰ ਵਜੋਂ ਪ੍ਰਸਿਧ ਹੋ ਚੁਕੇ ਸਨ। ਇਸ ਪੁਸਤਕ ਵਿਚ ਸਤਿ ਨੂੰ ਸੌਖਿਆਂ ਕਰਕੇ, ਪੜ੍ਹਣ ਵਾਲੇ ਦੇ ਅੰਦਰ ਉਤਾਰਨ ਦੀ ਸਮਰੱਥਾ ਦਾ ਪ੍ਰਗਟਾਵਾ 'ਫਤਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਤ ਫਤ' ਤੋਂ ਹੋ ਗਿਆ ਹੈ। ਨਿਗੂਣੇ ਤੇ ਨਿਰਾਰਥਕ ਸ਼ਬਦਾਂ ਨੂੰ ਅਰਥ ਪਰਦਾਨ ਕਰਨ ਦੀ ਸ਼ਕਤੀ, ਲੇਖਕ ਦੀ ਸ਼ੈਲੀ ਦਾ ਇਕ ਵੱਡਾ ਗੁਣ ਹੈ । ਅਨੁਭਵ, ਵਿਸ਼ਵਾਸ਼ ਅਤੇ ਸਤਿ ਦਾ ਮਿਸ਼ਣ, ਲੇਖਕ ਦੀ ਸ਼ੈਲੀ ਦਾ ਇਕ ਉਤਮ ਗੁਣ ਹੈ। ਸੰਤ ਸ਼ਖ਼ਸ਼ੀਅਤਾਂ ਬਾਰੇ ਲੇਖਕ ਦਾ ਇਹ ਵਾਕ, 'ਬਾਬਾ ਜੀ ਰੂਹਾਨੀ ਖੇਤਰ ਦੀ ਖੇਡ ਕਈ ਢੰਗਾਂ ਦੀ ਜਾਣਦੇ ਸਨ' ਮੇਰੀ ਧਾਰਨਾਂ ਦੀ ਪੁਸ਼ਟੀ ਕਰ ਦੇਂਦਾ ਹੈ । ਸੰਤਾਂ ਮਹਾਤਮਾਵਾਂ ਨਾਲ ਜੁੜੀਆਂ ਕਰਾਮਾਤਾਂ ਬਾਰੇ ਕੀਤੀ ਟਿਪਣੀ, 'ਆਤਮਕ ਜੀਵਨ ਦੇ ਅਗੰਮੀ ਸੋਮੇਂ ਵਿਚੋਂ ਸਹਿਜ ਸੁਭਾ ਫੁਟਦੇ ਕੌਤਕੀ ਝਰਨੇ' ਅਨੁਭਵੀ ਵਿਸ਼ਵਾਸ਼ ਵਿਚੋਂ ਹੀ ਨਿਕਲ ਸਕਦੀ ਹੈ। ਕਰਾਮਾਤ ਦੀ ਵਿਆਖਿਆ ਵੀ ਕਰ ਦਿਤੀ ਹੈ 'ਕਰਾਮਾਤ ਅਰਬੀ ਬੋਲੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਰੂਹਾਨੀ ਬਜ਼ੁਰਗੀ ਜਾਂ ਆਤਮਕ ਉਚਤਾ'।(ਪੰ. 170)

ਬੋਲੀ ਦੇ ਪੱਖੋਂ ਇਹ ਪੁਸਤਕ ਆਪਣੇ ਆਪ ਵਿਚ ਮਿਆਰੀ ਯੋਗਦਾਨ ਹੈ । ਇਹ ਪੁਸਤਕ ਜਿਵੇਂ ਕਿ ਮੁਢ ਵਿਚ ਵੀ ਕਹਿਣ ਦੀ ਕੋਸ਼ਿਸ਼ ਕੀਤੀ ਹੈ, ਬੜੀ ਰੋਚਿਕ ਸ਼ੈਲੀ ਵਿਚ ਵਿਦਿਤ ਕਰਣ ਵਾਲੀ ਰਚਨਾ ਹੈ। ਇਸ ਤੋਂ ਹਰ ਤਰ੍ਹਾਂ ਦਾ ਪਾਠਕ ਲਾਭ ਉਠਾ ਸਕਦਾ ਹੈ। ਮੈਂ ਉਸੀ ਗ਼ੈਬੀ ਪ੍ਰੇਰਨਾ ਸ਼ਕਤੀ ਨੂੰ (ਗੈਬੀ ਇਸ ਲਈ ਕਿਉਂਕਿ ਮੈਨੂੰ ਨਹੀਂ ਪਤਾ ਕਿ ਡਾਕਟਰ ਸਾਹਿਬ ਨੂੰ ਇਹ ਪ੍ਰੇਰਨਾ ਕਿਥੋਂ ਮਿਲੀ ?) ਨਮੋਂ ਕਰਦਾ ਹਾਂ, ਜਿਸ ਕਰਕੇ ਡਾ. ਦੀਵਾਨ ਸਿੰਘ ਨੇ ਇਹ ਪ੍ਰਾਜੈਕ ਸਿਰੇ ਚਾੜ੍ਹਿਆ। ਮੈਂ ਇਸ ਨੂੰ ਸੰਪੂਰਨ ਨਹੀਂ ਮੰਨਦਾ ਅਤੇ ਦੂਜੇ ਭਾਗ ਦੀ ਉਡੀਕ ਵਿਚ ਰਹਾਂਗਾ। ਲੇਖਕ ਤੇ ਛਾਪਕ ਵਧਾਈ ਦੇ ਪਾਤਰ ਹਨ। ਪੁਸਤਕ ਦਾ ਅਸਲ ਅਨੰਦ ਪੁਸਤਕ ਨੂੰ ਪੜ੍ਹਣ ਵਿਚ ਹੁੰਦਾ ਹੈ। ਮੈਂ ਪਰਵਾਨ ਕਰਦਾ ਹਾਂ ਕਿ ਮੈਂ ਜੋ ਆਨੰਦ ਮਾਣਿਆ, ਉਸ ਦਾ ਬਹੁਤ ਘੱਟ ਹਿੱਸਾ ਇਸ ਰੀਵੀਊ ਰਾਹੀਂ ਪ੍ਰਗਟ ਕਰ ਸਕਿਆ ਹਾਂ। ਨਿਕੀਆਂ ਨਿਕੀਆਂ ਘਟਨਾਵਾਂ ਦੇ ਪਿਛੋਕੜ ਵਿਚ ਕਿਵੇਂ ਝਾਕਿਆ ਜਾ ਸਕਦਾ ਹੈ ? ਸ਼ਾਇਦ ਵਾਰ ਵਾਰ ਪੜ੍ਹਿਆਂ ਸੰਭਵ ਹੋ ਸਕੇ।

ਪ੍ਰੋ. ਸ. ਸ. ਅਮੋਲ, 'ਆਰਸੀ', ਮਾਸਕ ਪੱਤਰ, ਜੁਲਾਈ 1990

ਡਾ. ਦੀਵਾਨ ਸਿੰਘ ਅੰਗਰੇਜ਼ੀ, ਫ਼ਾਰਸੀ ਤੇ ਪੰਜਾਬੀ ਦੇ ਮੰਨੇ-ਪ੍ਰਮੰਨੇ ਵਿਦਵਾਨ ਹਨ। ਉਨ੍ਹਾਂ ਨੇ ਸੰਨ 1943 ਤੋਂ 1970 ਤਕ ਲਗਭਗ 27 ਸਾਲ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਕੁਝ ਸਾਲ ਫ਼ਾਰਸੀ ਤੇ ਫਿਰ ਪੰਜਾਬੀ ਦੀ ਐਮ. ਏ. ਜਮਾਤ ਪੜ੍ਹਾਈ। ਫਿਰ ਉਨ੍ਹਾਂ ਨੇ 1970 ਤੋਂ 1983 ਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ. ਏ. ਨੂੰ ਪੜ੍ਹਾਇਆ ਤੇ ਕਈਆਂ ਨੂੰ ਪੀ-ਐਚ. ਡੀ. ਲਈ ਸੇਧ ਦਿੱਤੀ ਤੇ ਇਉਂ ਪੰਜਾਬੀ ਦੇ ਡਾਕਟਰ ਬਣਾਇਆ ਹੈ। ਆਪ ਨੇ ਰੱਜੇ-ਪੁੱਜੇ ਖ਼ਾਨਦਾਨ ਵਿਚ ਜਨਮ ਲਿਆ ਤੇ ਗੌਰਮਿੰਟ ਕਾਲਜ ਲਾਹੌਰ ਵਰਗੇ ਉਸ ਵੇਲੇ ਦੇ ਪੰਜਾਬ ਦੇ ਸਭ ਤੋਂ ਚੰਗੇ ਕਾਲਜ ਵਿਚ ਬਹੁਤ ਪ੍ਰਸਿੱਧ ਤੇ ਵਿਦਵਾਨ ਪ੍ਰੋਫੈਸਰਾਂ ਤੋਂ ਵਿਦਿਆ ਪ੍ਰਾਪਤ ਕੀਤੀ।

ਹੱਥਲੀ ਕਿਤਾਬ ਦੇ ਲਿਖਣ ਤਕ ਉਨ੍ਹਾਂ ਦੀਆਂ ਰਚਿਤ ਕਵਿਤਾਵਾਂ, ਆਲੋਚਨਾ, ਜੀਵਨੀ, ਸੰਪਾਦਨ ਤੇ ਅਨੁਵਾਦ ਆਦਿ, ਪੰਜਾਬੀ ਵਿਚ ਦੋ ਕੁ ਦਰਜਨਾਂ ਪੁਸਤਕਾਂ ਦੇ ਨਾਲ ਅੰਗਰੇਜ਼ੀ ਵਿਚ ਵੀ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ। ਅਜਿਹੀ ਸੂਝ ਤੇ ਤਜਰਬੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰੀ ਸਵੈਜੀਵਨੀ ਦਾ ਪਾਠ ਇਹ ਵੀ ਸਿੱਧ ਕਰਦਾ ਹੈ ਕਿ ਉਨ੍ਹਾਂ ਨੂੰ ਵਿਰਸੇ ਵਿਚ ਮਿਲੀ ਧਾਰਮਕ ਰੁਚੀ ਦੀ ਪਾਲਣਾ ਉਨ੍ਹਾਂ ਦੇ ਲਾਹੌਰ ਦੇ ਕਾਲਜ ਜੀਵਨ ਵਿਚ ਵੀ ਹੁੰਦੀ ਰਹੀ। ਫਿਰ ਖ਼ਾਲਸਾ ਕਾਲਜ, ਅੰਮ੍ਰਿਤਸਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਤਾਵਰਣ ਵਿਚ ਭੀ ਉਨ੍ਹਾਂ ਨੂੰ ਕੁਝ ਪਹੁੰਚੀਆਂ ਰੂਹਾਂ ਵਾਲੇ ਮਹਾਤਮਾਵਾਂ ਤੇ ਕਰਨੀ ਵਾਲੇ ਧਾਰਮਕ ਮਹਾਂਪੁਰਸ਼ਾਂ ਦੀ ਸੰਗਤ, ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਤੇ ਸਹਿਕਰਮੀ ਪ੍ਰੋਫ਼ੈਸਰਾਂ, ਪ੍ਰਿੰਸੀਪਲਾਂ ਨਾਲ ਸੰਜੋਗ ਤੋਂ ਉਨ੍ਹਾਂ ਉਤੇ ਅਧਿਆਤਮਕ ਰੰਗ ਚੜ੍ਹਦਾ ਰਿਹਾ ਹੈ। ਪੁਸਤਕਾਂ ਨੇ ਏਸ ਰੁਚੀ ਨੂੰ ਹੋਰ ਪੱਕਾ ਤੇ ਨਿਆਇਸ਼ੀਲ ਬਣਾਇਆ। 22 ਵਰ੍ਹੇ ਦੀ ਉਮਰ ਤੋਂ ਆਰੰਭ ਕੇ ਹੁਣ ਤਕ ਦੀ ਸਾਰੀ ਅਵਸਥਾ ਉਨ੍ਹਾਂ ਨੇ ਅਧਿਐਨ, ਅਧਿਆਪਨ ਤੇ ਕਲਮ ਦੇ ਸਾਥ ਵਿਚ ਨਿਭਾਈ ਹੈ। ਇਸ ਜੀਵਨੀ ਤੋਂ ਇਹ ਵੀ ਪ੍ਰਤੱਖ ਹੈ ਕਿ ਉਹ ਸਿੱਖ ਧਰਮ ਦੇ ਅਨਿੰਨ ਸ਼ਰਧਾਲੂ ਹਨ ਪਰ ਨਾਲ ਹੀ 'ਬੁਰਾ ਭਲਾ ਕਹੁ ਕਿਸ ਨੂੰ ਕਹੀਏ' ਜਾਂ 'ਸਗਲੇ ਜੀਅ ਤੁਮ੍ਹਾਰੇ' ਦੇ ਅਸੂਲ ਦੇ ਧਾਰਨੀ ਭੀ ਹਨ। ਉਹ ਰਾਜਸੀ ਝਮੇਲਿਆਂ, ਚੌਧਰ, ਪ੍ਰਸਿੱਧਤਾ, ਲੀਡਰੀ ਤੇ ਧੜਿਆਂ ਤੋਂ ਨਿਰਲੇਪ ਰਹਿ ਕੇ ਵਿਦਿਆ ਦੀ ਦੇਵੀ ਤੇ ਸਾਹਿਤ ਦੇ ਦੇਵਤੇ ਦੀ ਅਖੰਡ ਅਰਾਧਨਾ ਵਿਚ ਲੱਗੇ ਰਹੇ ਹਨ। ਇਹ ਸਵੈਜੀਵਨੀ ਸ਼ਾਇਦ ਇਸ ਲਈ ਮੈਨੂੰ ਬਹੁਤ ਪਿਆਰੀ ਲੱਗੀ ਹੈ ਕਿ ਇਸ ਦੇ ਲੇਖਕ ਦੇ ਮਿੱਤਰਾਂ ਤੇ ਜਾਣੂਆਂ ਵਿਚੋਂ ਬਹੁਤੇ ਰੀਵੀਊਕਾਰ ਦੇ ਵੀ ਨਿਕਟ ਸਨੇਹੀ ਤੇ ਸਤਿਕਾਰੇ ਮਿੱਤਰ ਵਿਅਕਤੀ ਸਨ। ਲੇਖਕ ਨੇ ਜਿਸ ਗੰਭੀਰਤਾ ਨਾਲ ਉਨ੍ਹਾਂ ਦੇ ਸੰਖੇਪ ਵਰਣਨ ਤੇ ਖ਼ਾਲਸਾ ਕਾਲਜ ਦੀਆਂ ਰੌਚਕ ਯਾਦਾਂ ਲਿਖੀਆਂ ਹਨ, ਉਨ੍ਹਾਂ ਵਿਚਲੇ ਵਿਅੰਗ, ਹਾਸ-ਰਸ ਤੇ ਰੇਖਾ-ਚਿੱਤਰ ਵੀ ਮਾਣਨ-ਯੋਗ ਹਨ।

ਪੁਸਤਕ ਸਰਲ, ਸਪੱਸ਼ਟ ਤੇ ਸੁਭਾਵਕ ਹੋਣ ਕਰਕੇ ਸਵਾਦਲੀ ਹੈ। ਕਾਲਜਾਂ ਦੀਆਂ ਕਮੇਟੀਆਂ, ਪ੍ਰਿੰਸੀਪਲਾਂ, ਸਟਾਫ ਮੈਂਬਰਾਂ ਦੇ ਭਿੰਨ-ਭਿੰਨ ਰੰਗ ਵੀ ਸਮਕਾਲੀ ਹੋਣ ਕਰਕੇ ਬਹੁਤ ਪ੍ਰਤੱਖ ਹਨ। ਫ਼ਾਰਸੀ ਦੇ ਸ਼ੇਅਰ, ਗੁਰਬਾਣੀ ਦੀਆਂ ਤੁਕਾਂ ਤੇ ਲੇਖਕ ਦੀਆਂ ਆਪਣੀਆਂ ਕਵਿਤਾਵਾਂ ਦੀਆਂ ਪੰਗਤੀਆਂ ਤੇ ਵਿਸ਼ਵਾਸ ਦੀਆਂ ਝਲਕਾਂ ਪੁਸਤਕ ਨੂੰ ਹੋਰ ਭੀ ਰੌਚਕ ਬਣਾਉਂਦੀਆਂ ਹਨ ਤੇ ਇਕ ਨਾਵਲ ਜਾਂ ਕਹਾਣੀ ਵਾਂਗ ਇਕ-ਰਸ ਪੜ੍ਹੀ ਜਾਣ ਲਈ ਪ੍ਰੇਰਦੀਆਂ ਹਨ।

ਪ੍ਰੋ. ਹਿੰਮਤ ਸਿੰਘ ਸੋਢੀ, 'ਅਜੀਤ', ਜਲੰਧਰ, ਮਿਤੀ 27-5-90,

ਪ੍ਰੋ. ਦੀਵਾਨ ਸਿੰਘ ਦੀ ਗਿਣਤੀ ਐਮ. ਏ. ਪੰਜਾਬੀ ਨੂੰ ਪੜ੍ਹਾਉਣ ਵਾਲੇ ਪੁਰਾਣੇ ਤਜਰਬਾਕਾਰ ਅਧਿਆਪਕਾਂ ਵਿਚ ਹੁੰਦੀ ਹੈ, ਜਿਨ੍ਹਾਂ ਨੂੰ ਅੱਜ-ਕੱਲ੍ਹ ਦੀ ਭਾਸ਼ਾ ਵਿਚ 'ਪ੍ਰਾਧਿਆਪਕ' ਕਿਹਾ ਜਾਣ ਲੱਗਾ ਹੈ। ਆਪਣੇ ਕਿੱਤੇ ਨਾਲ ਨਿਆਂ ਕਰਦੇ ਹੋਏ ਆਪ ਸਹਿਜ ਰੂਪ ਵਿਚ ਹੀ ਪੰਜਾਬੀ ਸਮੀਖਿਆ ਦੀਆਂ ਡੇਢ ਦਰਜਨ ਦੇ ਕਰੀਬ ਪੁਸਤਕਾਂ ਦੀ (ਸੰਪਾਦਨ ਸਮੇਤ) ਰਚਨਾ ਕਰ ਚੁੱਕੇ ਹਨ। ਇਸ ਦੇ ਨਾਲ ਹੀ ਸਿੱਖ ਧਰਮ ਸੰਬੰਧੀ ਅੰਗਰੇਜ਼ੀ ਵਿਚ ਤਿੰਨ ਪੁਸਤਕਾਂ ਅਤੇ ਤਿੰਨ ਕਾਵਿ-ਸੰਗ੍ਰਹਿ ਵੀ ਆਪ ਨੇ ਰਚੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹੀ ਅਡੋਲ, ਨਿਮਰਤਾ-ਪੂਰਨ ਤੇ ਅਧਿਆਪਨ ਲਈ ਪ੍ਰਤੀਬੱਧ ਸ਼ਖਸੀਅਤ ਦੀ ਸਵੈ-ਜੀਵਨੀ ਦਾ ਪਠਨ ਦਿਲਚਸਪ ਵੀ ਹੁੰਦਾ ਹੈ ਅਤੇ ਵਾਕਫ਼ੀ-ਭਰਪੂਰ ਵੀ। ਦਰਜਨ ਦੇ ਕਰੀਬ ਪੰਜਾਬੀ ਸਾਹਿਤਕਾਰਾਂ ਅਤੇ ਵਿਦਵਾਨਾਂ ਦੀਆਂ ਸਾਹਿਤਕ ਜੀਵਨੀਆਂ ਅਤੇ ਸਵੈ-ਜੀਵਨੀਆਂ ਪੜ੍ਹਨ ਉਪਰੰਤ ਮੇਰਾ ਇਹ ਵਿਚਾਰ ਪੱਕਾ ਹੁੰਦਾ ਜਾਂਦਾ ਹੈ ਕਿ ਨਾ ਕੇਵਲ ਸਾਹਿਤਕਾਰਾਂ ਦੀਆਂ ਸਾਹਿਤ-ਕਿਰਤਾਂ ਦਾ ਲੇਖਾ-ਜੋਖਾ ਕਰਨ ਲਈ, ਸਗੋਂ ਵੀਹਵੀਂ ਸਦੀ ਦੇ ਪੰਜਾਬ ਦੇ ਸਮਾਜ-ਸ਼ਾਸਤਰੀ ਅਧਿਐਨ ਲਈ ਵੀ ਅਜਿਹੀਆਂ ਪੁਸਤਕਾਂ ਬਹੁਤ ਮਦਦਗਾਰ ਸਿੱਧ ਹੋ ਸਕਦੀਆਂ ਹਨ।

1920 ਵਿਚ ਬਾਰ ਦੀ ਖੁੱਲ੍ਹੀ-ਡੁੱਲ੍ਹੀ ਵਸੋਂ, ਜ਼ਿਲਾ ਸਰਗੋਧਾ ਦੇ ਇਕ ਚੱਕ ਵਿਚ, ਇਕ ਖੁਸ਼ਹਾਲ ਜੱਟ-ਸਿੱਖ ਪਰਿਵਾਰ ਅੰਦਰ ਪੈਦਾ ਹੋਏ ਦੀਵਾਨ ਸਿੰਘ ਨੂੰ ਕੁਦਰਤ ਦੀ ਵਿਸ਼ਾਲਤਾ, ਪਿੰਡ ਦਾ ਸਿੱਖੀ ਵਾਤਾਵਰਣ ਅਤੇ ਖਾਨਦਾਨੀ ਭਲਮਾਣਸੀ ਵਿਰਸੇ ਵਿਚ ਮਿਲੇ। ਪਰਮਾਤਮਾ ਅਤੇ ਉਸ ਦੇ ਸੰਤਾਂ-ਪੀਰਾਂ ਦੀ ਵਡਿਆਈ ਵਿਚ ਅਤੁੱਟ ਨਿਸ਼ਚਾ ਰੱਖਣ ਵਾਲੇ ਪ੍ਰੋ. ਦੀਵਾਨ ਸਿੰਘ ਨੂੰ ਆਪਣੇ ਸੱਤਰ ਸਾਲਾ ਜੀਵਨ ਵਿਚ ਵਧੇਰੇ ਮਾਲੀ ਜਾਂ ਮਾਨਸਿਕ ਔਕੜਾਂ ਦਾ ਸਾਹਮਣਾ ਨਹੀਂ ਕਰਨਾ ਪਿਆ, ਜਿਸ ਦੀ ਪੁਸ਼ਟੀ ਵਿਚ ਇਹ ਦੱਸ ਦੇਣਾ ਹੀ ਕਾਫ਼ੀ ਹੋਵੇਗਾ ਕਿ ਉਸ ਨੇ ਚਾਲ੍ਹੀ ਸਾਲ (1943 ਤੋਂ 1983) ਇਕੋ ਹੀ ਸੰਸਥਾ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਏਸੇ ਕਾਲਜ ਦੀ ਸਹੋਦਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅੰਮ੍ਰਿਤਸਰ ਵਿਖੇ ਹੀ ਬੜੇ ਮਾਨ ਅਤੇ ਆਰਾਮ ਨਾਲ ਗੁਜ਼ਾਰੇ। ਅਕਤੂਬਰ 1949 ਵਿਚ ਜਦ ਐਮ.ਏ. ਪੰਜਾਬੀ ਦੀ ਪਹਿਲੀ ਕਲਾਸ ਖ਼ਾਲਸਾ ਕਾਲਜ ਵਿਖੇ ਸ਼ੁਰੂ ਹੋਈ ਤਾਂ ਅੰਗਰੇਜ਼ੀ ਮਹਿਕਮੇ ਦੇ ਸੰਤ ਸਿੰਘ ਸੇਖੋਂ ਤੇ ਰੌਸ਼ਨ ਲਾਲ ਆਹੂਜਾ, ਫ਼ਾਰਸੀ ਦੇ ਗੁਲਵੰਤ ਸਿੰਘ ਤੇ ਦੀਵਾਨ ਸਿੰਘ ਅਤੇ ਸੰਸਕ੍ਰਿਤ ਦੇ ਪ੍ਰੇਮ ਪ੍ਰਕਾਸ਼ ਸਿੰਘ ਸਭ ਤੋਂ ਪਹਿਲੇ ਪੰਜਾਬੀ ਪ੍ਰਾਧਿਆਪਕ ਨਿਯੁਕਤ ਹੋਏ। ਹੋਰ ਸਭ ਸਾਥੀ ਆਪਣੀਆਂ ਥਾਵਾਂ ਤੇ ਯੂਨੀਵਰਸਿਟੀਆਂ ਬਦਲ ਗਏ, ਪਰ ਇਸ ਭਲੇ ਲੋਕ ਬਾਰੇ ਤਾਂ, ਫ਼ਾਰਸੀ ਦੇ ਇਕ ਅਖਾਣ ਨੂੰ ਥੋੜ੍ਹਾ ਬਦਲਾ ਕੇ, ਇਹੀ ਕਿਹਾ ਜਾ ਸਕਦਾ ਹੈ ਕਿ 'ਜ਼ਮੀਂ ਜੁੰਬਦ, ਨਾ ਜੁੰਬਦ ਦੀਵਾਨ ਸਿੰਘ' (ਜ਼ਮੀਨ ਹਿੱਲ ਗਈ, ਪਰ ਦੀਵਾਨ ਸਿੰਘ ਨਹੀਂ ਹਿੱਲਿਆ)। ਸ਼ਾਂਤ-ਚਿੱਤ ਰਹਿਣਾ ਅਤੇ ਰੱਬ ਵਿਚ ਨਿਸਚਾ ਪ੍ਰੋ: ਦੀਵਾਨ ਸਿੰਘ ਦੀ ਖਾਨਦਾਨੀ ਅਤੇ ਸੁਭਾਵਕ ਵਡਿਆਈ ਦਾ ਪਛਾਣ-ਚਿੰਨ੍ਹ ਹੈ।

ਨਿੱਕੀਆਂ ਤੇ ਵੱਡੀਆਂ ਪਰਿਵਾਰਕ ਘਟਨਾਵਾਂ ਦੇ ਵੇਰਵੇ ਦੇ ਨਾਲ ਨਾਲ ਲੇਖਕ ਨੇ ਆਪਣੇ ਸਾਥੀ ਅਧਿਆਪਕਾਂ, ਸਬੰਧਤ ਅਧਿਕਾਰੀਆਂ ਅਤੇ ਸੱਜਣਾਂ-ਮਿੱਤਰਾਂ ਨਾਲ ਜੁੜੀਆਂ ਆਪਣੀਆਂ ਕਈ ਅਭੁੱਲ ਯਾਦਾਂ ਦਾ ਵੇਰਵਾ ਵੀ ਬੜੇ ਸੰਖੇਪ ਰੂਪ ਵਿਚ ਦਿੱਤਾ ਹੈ। ਇਹਨਾਂ ਵਿਚ ਭਾਈ ਜੋਧ ਸਿੰਘ, ਪ੍ਰੋ: ਸਾਹਿਬ ਸਿੰਘ, ਬਿਸ਼ਨ ਸਿੰਘ ਸਮੁੰਦਰੀ, ਡਾ. ਗੰਡਾ ਸਿੰਘ ਜਿਹੀਆਂ ਸ਼ਖਸੀਅਤਾਂ ਵੀ ਸ਼ਾਮਲ ਹਨ ਅਤੇ ਪ੍ਰੋ: ਵਰਿਆਮ ਸਿੰਘ ਅਤੇ ਪ੍ਰੋ: ਭਰਪੂਰ ਸਿੰਘ (ਅੰਮ੍ਰਿਤਸਰ ਯੂਨੀਵਰਸਿਟੀ ਦੇ ਪਹਿਲੇ ਰਜਿਸਟਰਾਰ) ਦੇ ਮਖੌਲੀਆ ਸੁਭਾਅ ਦੀਆਂ ਗੱਲਾਂ ਵੀ। ਡਾ: ਰੌਸ਼ਨ ਲਾਲ ਆਹੂਜਾ ਅਤੇ ਡਾ: ਮੋਹਨ ਸਿੰਘ ਦੀਵਾਨਾ ਜਿਹੇ ਸਾਹਿਤਕਾਰ-ਅਧਿਆਪਕ ਸਾਥੀਆਂ ਦੇ ਸੁਭਾਅ ਦੀਆਂ ਝਲਕਾਂ ਵੀ ਪੇਸ਼ ਹਨ, ਜਿਵੇਂ ਕਿ ਡਾ. ਆਹੂਜਾ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆਨੀ ਦਾ ਇਮਤਿਹਾਨ ਕਿਸ ਤਰਕੀਬ ਨਾਲ ਦਿੱਤਾ ਅਤੇ ਡਾ. ਦੀਵਾਨਾ ਨੇ ਇਕ ਮਾਸਟਰ ਜੀ ਦੇ ਮੂੰਹ 'ਤੇ ਕਿਵੇਂ ਚਪੇੜ ਕੱਢ ਮਾਰੀ, ਪ੍ਰੋ. ਵਰਿਆਮ ਸਿੰਘ ਦਾ ਕਥਨ ਕਿ 'ਧੰਨ ਜੇਰਾ ਭਾਈ ਜੋਧ ਸਿੰਘ ਦਾ ਜੋ ਮੂੰਗੀ ਦੀ ਦਾਲ ਖਾ ਕੇ ਕਈ ਸਾਲ ਤੱਕ ਏਡਾ ਵੱਡਾ ਕਾਲਜ ਚਲਾਉਂਦੇ ਰਹੇ', ਜਾਂ ਸਟਾਫ ਰੂਮ ਵਿਚ ਕਹਿਣਾ,'ਭਾਈ ਸਾਹਿਬ ਨੇ ਆਪਣੀ ਪੁਸਤਕ ਗੁਰਮਤ ਨਿਰਣਯ' ਵਿਚ ਗੁਰਬਾਨੀ ਦੀਆਂ ਟੂਕਾਂ ਹੀ ਭਰ ਦਿੱਤੀਆਂ ਹਨ, ਆਪ ਤਾਂ ਕੁਝ ਲਿਖਿਆ ਨਹੀਂ । ਗਿਆਨੀ ਵਿਚ ਕੋਰਸ ਲਗਵਾ ਕੇ ਭਾਈ ਸਾਹਿਬ ਉਸ ਦੀ ਰਾਇਲਟੀ ਖਾਈ ਜਾ ਰਹੇ ਨੇ । ਉਦੋਂ ਪਤਾ ਲੱਗੂ ਜਦੋਂ ਅੱਗੇ ਜਾ ਕੇ ਗੁਰੂ ਨਾਨਕ ਸਾਹਿਬ ਨੇ ਪੁੱਛਿਆ 'ਭਾਈ ਮੇਰੀ ਰਚੀ ਬਾਨੀ ਵਰਤਕੇ ਕਿਉਂ ਰਾਇਲਟੀ ਖਾਂਦੇ ਰਹੇ ਹੋ ? ਫਿਰ ਭਾਈ ਸਾਹਿਬ ਕੀ ਜਵਾਬ ਦੇਣਗੇ ?'

ਲੇਖਕ ਦੀ ਬੋਲੀ ਸਾਦਾ ਤੇ ਰਵਾਨੀ ਵਾਲੀ ਹੈ, ਛਪਾਈ ਦੀ ਕੋਈ ਗ਼ਲਤੀ ਨਹੀਂ, ਪਰ ਕੀਮਤ ਕੁਝ ਵੱਧ ਹੈ । ਪੁਸਤਕ ਫੇਰ ਵੀ ਮੁੱਲਵਾਨ ਹੈ ।

ਡਾ. ਟੀ. ਆਰ. ਵਿਨੋਦ, ਪੰਜਾਬੀ ਟ੍ਰਿਬਿਊਨ, ਮਿਤੀ 17-6-90

ਡਾ. ਦੀਵਾਨ ਸਿੰਘ ਦਾ ਕਿੱਤਾ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਅਧਿਆਪਨ ਰਿਹਾ ਹੈ, ਸ਼ੌਕ ਸਾਹਿਤ-ਰਚਨਾ । ਉਨ੍ਹਾਂ ਦੇ ਸੈਂਕੜੇ ਵਿਦਿਆਰਥੀ ਅਤੇ ਪਾਠਕ ਉਨ੍ਹਾਂ ਬਾਰੇ ਕਾਫੀ ਕੁਝ ਜਾਣਦੇ ਹਨ । ਆਪਣੀ ਵਿਦਵਤਾ ਅਤੇ ਸਾਫਗੋਈ ਸਦਕਾ ਉਹ ਬਹੁਤ ਪ੍ਰਿਯ ਅਧਿਆਪਕ ਰਹੇ ਹਨ । ਉਹ ਬਹੁਤ ਛੇਤੀ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਬਣ ਗਏ ਸਨ ਅਤੇ ਪਿੱਛੋਂ 1970 ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁੱਖੀ ਦਾ ਅਹੁਦਾ ਸੰਭਾਲ ਲਿਆ ਸੀ ।

ਪਰ ਉਨ੍ਹਾਂ ਦੇ ਜੀਵਨ ਅਤੇ ਸ਼ਖਸੀਅਤ ਬਾਰੇ ਬਹੁਤ ਕੁਝ ਅਜੇ ਲੁਕਿਆ ਪਿਆ ਸੀ ਜੋ ਹਥਲੀ ਪੁਸਤਕ ਵਿਚ ਉਜਾਗਰ ਹੋਇਆ ਹੈ । ਮਿਸਾਲ ਵਜੋਂ ਉਨ੍ਹਾਂ ਦੀ ਇਹ ਸਵੈ-ਜੀਵਨੀ ਪੜ੍ਹ ਕੇ ਮੇਰੇ ਉਤੇ ਦੋ ਗੱਲਾਂ ਦਾ ਵਿਸ਼ੇਸ਼ ਤੌਰ ਉਤੇ ਪ੍ਰਭਾਵ ਪਿਆ ਹੈ । ਇਕ ਤਾਂ ਉਹ ਸਰਦੇ-ਪੁੱਜਦੇ ਘਰਾਣੇ ਨਾਲ ਸੰਬੰਧਿਤ ਰਹੇ ਹਨ ਜਿਨ੍ਹਾਂ ਦੇ ਜ਼ਿਲਾ ਸਰਗੋਧਾ ਵਿਚ ਕਈ ਮੁਰੱਬੇ ਸਨ ਅਤੇ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਅਤੇ ਨੇੜ-ਪਵੀਹੇ ਵਿਚ ਬਹੁਤ ਇੱਜ਼ਤ-ਆਬਰੂ ਸੀ । ਦੂਸਰੇ ਉਹ ਧਾਰਮਿਕ ਵਾਤਾਵਰਨ ਵਿਚ ਜੰਮੇ-ਪਲੇ ਅਤੇ ਸਾਧੂ-ਸੰਤਾਂ ਤੇ ਪੀਰਾਂ-ਫ਼ਕੀਰਾਂ ਦਾ ਉਨ੍ਹਾਂ ਦੇ ਚਰਿੱਤਰ ਉਤੇ ਬੜਾ ਡੂੰਘਾ ਅਸਰ ਪਿਆ । ਇਨ੍ਹਾਂ ਅਸਰਾਂ ਦੇ ਸਿੱਟੇ ਵਜੋਂ ਉਹ ਧਾਰਮਿਕ ਵਿਅਕਤੀ ਤਾਂ ਨਿਰਸੰਦੇਹ ਬਣ ਗਏ, ਸੰਪਰਦਾਇਕ ਉੱਕਾ ਨਹੀਂ ।

ਇਹ ਸਵੈ-ਜੀਵਨੀ ਪੜ੍ਹ ਕੇ ਇਹ ਵੀ ਪਤਾ ਲੱਗਦਾ ਹੈ ਕਿ ਪੰਜਾਬ ਵਿਚ 1940 ਈ. ਤਕ ਭਾਰੂ ਸੁਰ ਧਾਰਮਿਕ ਰਵਾਦਾਰੀ ਅਤੇ ਰਾਸ਼ਟਰੀ ਏਕਤਾ ਦੀ ਸੀ ਜੋ 1940 ਈ. ਤੋਂ ਬਾਅਦ ਮੱਧਮ ਪੈਂਦੀ ਗਈ ਅਤੇ ਧਾਰਮਿਕ ਲਹਿਰਾਂ ਫ਼ਿਰਕਾਪ੍ਰਸਤੀ ਦਾ ਸ਼ਿਕਾਰ ਹੁੰਦੀਆਂ ਗਈਆਂ । ਇਉਂ ਇਕ ਚੰਗੀ ਸਵੈਜੀਵਨੀ ਵਾਂਗ ਇਸ ਵਿਚ ਵੀ ਵਿਅਕਤੀ-ਚਰਿੱਤਰ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ-ਨਾਲ ਤੱਤਕਾਲੀਨ ਸਮਾਜਕ-ਸੰਸਕ੍ਰਿਤਿਕ ਜੀਵਨ ਦਾ ਵੇਰਵਾ ਵੀ ਪ੍ਰਾਪਤ ਹੈ ।

ਡਾ. ਦੀਵਾਨ ਸਿੰਘ ਹੋਰਾਂ ਨੇ ਇਸ ਪੁਸਤਕ ਵਿਚ ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋਫੈਸਰ ਵਰਿਆਮ ਸਿੰਘ ਅਤੇ ਸੰਤ ਸਿੰਘ ਸੇਖੋਂ ਵਰਗੇ ਆਪਣੇ ਸਹਿਕਰਮੀਆਂ ਦੇ ਸੁਭਾ ਨੂੰ ਵੀ ਉਘਾੜਿਆ ਹੈ ਅਤੇ ਉਨ੍ਹਾਂ ਨਾਲ ਆਪਣੇ ਸੁਖਾਵੇਂ ਸਬੰਧਾਂ ਦਾ ਜ਼ਿਕਰ ਕੀਤਾ ਹੈ ।

ਸਵੈਜੀਵਨੀ ਸਿਮ੍ਰਿਤੀ ਦੇ ਆਸਰੇ ਲਿਖੀ ਜਾਂਦੀ ਹੈ । ਲੇਖਕ, ਆਪਣੀ ਕੋਸ਼ਿਸ਼ ਦੇ ਬਾਵਜੂਦ, ਹੋਈ-ਬੀਤੀ ਬਾਰੇ ਉਸ ਹੁੰਗਾਰੇ ਦਾ ਵਾਸਤਵ ਨਹੀਂ ਪ੍ਰਗਟਾ ਸਕਦਾ ਜੋ ਉਸ ਨੇ ਘਟਨਾ ਦੇ ਵਾਪਰਨ ਸਮੇਂ ਭਰਿਆ ਹੁੰਦਾ ਹੈ। ਇਸ ਲਈ ਇਸ ਪੁਸਤਕ ਵਿਚੋਂ ਸਾਨੂੰ ਡਾਕਟਰ ਸਾਹਿਬ ਦੀ ਵਰਤਮਾਨ ਮਾਨਸਿਕ ਅਵਸਥਾ ਦੇ ਵੀ ਦੀਦਾਰ ਹੁੰਦੇ ਹਨ । ਪੁਸਤਕ ਵਿਚੋਂ ਜੋ ਸ਼ਖਸੀਅਤ ਉਘੜਦੀ ਹੈ ਉਹ ਅਜਿਹੇ ਵਿਅਕਤੀ ਦੀ ਸ਼ਖ਼ਸੀਅਤ ਹੈ ਜੋ ਆਪਣੇ ਧਾਰਮਿਕ ਆਪੇ ਉਤੇ ਦ੍ਰਿੜ ਰਿਹਾ ਹੈ । ਉਨ੍ਹਾਂ ਸਾਂਵੀ-ਪੱਧਰੀ ਜ਼ਿੰਦਗੀ ਬਤੀਤ ਕੀਤੀ ਹੈ। ਸ਼ਾਇਦ ਇਹੀ ਉਨ੍ਹਾਂ ਦੀ ਪ੍ਰਾਪਤੀ ਹੈ ਜਿਸ ਦੀ ਉਨ੍ਹਾਂ ਨੂੰ ਭਰਪੂਰ ਤਸੱਲੀ ਹੈ ।

ਡਾ. ਬਿਕਰਮ ਸਿੰਘ ਘੁੰਮਣ, 'ਖੋਜ ਦਰਪਣ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ (ਜੁਲਾਈ 1986 ਅੰਕ, ਦੇਰ ਨਾਲ ਛਪਿਆ)

ਡਾ. ਦੀਵਾਨ ਸਿੰਘ ਜੀ ਦੋ ਕੁ ਸਾਲ ਪਹਿਲਾਂ ਬਹੁਤ ਬੀਮਾਰ ਹੋ ਗਏ ਸਨ । ਡਾਕਟਰਾਂ ਨੇ ਮਹੀਨਾ ਭਰ ਇਨਟੈਨਸਵ ਕੇਅਰ ਸੈੱਲ ਵਿਚ ਸਖ਼ਤ ਪਹਿਰੇ ਹੇਠ ਰਖ ਕੇ ਪੂਰੀ ਤਨਦੇਹੀ ਨਾਲ ਇਲਾਜ ਕੀਤਾ । ਕਿਸੇ ਵੀ ਓਪਰੇ, ਇਥੋਂ ਤਕ ਕਿ ਘਰ ਦੇ ਜੀਅ ਅਤੇ ਰਿਸ਼ਤੇਦਾਰਾਂ ਨੂੰ ਵੀ ਉਸ ਕਮਰੇ ਵਿਚ ਨਹੀਂ ਜਾਣ ਦਿੱਤਾ ਜਾਂਦਾ ਸੀ । ਕੇਵਲ ਕਮਰੇ ਦਾ ਥੋੜਾ ਜੇਹਾ ਬੂਹਾ ਖੋਲ੍ਹ ਕੇ ਹੀ ਹਾਲ ਪੁੱਛਣ ਆਇਆਂ ਨੂੰ ਡਾਕਟਰ ਸਾਹਿਬ ਦੇ ਦਰਸ਼ਨ ਕਰਵਾ ਦਿੱਤੇ ਜਾਂਦੇ ਸਨ । ਮਾਨੋ ਉਹ ਜ਼ਿੰਦਗੀ ਮੌਤ ਨਾਲ ਘੁਲ ਰਹੇ ਸਨ । ਸਰੀਰ ਕਮਜ਼ੋਰ ਹੋ ਕੇ ਹੱਡੀਆਂ ਦੀ ਮੁੱਠ ਰਹਿ ਗਿਆ ਸੀ । ਉਨ੍ਹਾਂ ਦੇ ਸਰੀਰ ਅੰਦਰ 'ਵਾਈਟ ਸੈੱਲ' ਬਣਨੋਂ ਹਟ ਗਏ ਸਨ । ਡਾਕਟਰਾਂ ਦੀ ਸਖ਼ਤ ਮਿਹਨਤ, ਦੋਸਤਾਂ, ਸਨਬੰਧੀਆਂ ਤੇ ਪਰਿਵਾਰ ਦੇ ਜੀਆਂ ਦੀ ਸੇਵਾ ਤੇ ਅਰਦਾਸਾਂ ਅਤੇ ਵਾਹਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਦੀ ਬੀਮਾਰੀ ਨੂੰ ਕਈ ਦਿਨਾਂ ਬਾਅਦ ਮੋੜਾ ਪੈਣਾ ਸ਼ੁਰੂ ਹੋ ਗਿਆ । ਕੁਝ ਦਿਨਾਂ ਪਿਛੋਂ ਉਹ ਚਲਣ ਫਿਰਨ ਜੋਗੇ ਹੋਏ ਤਾਂ ਮੈਂ ਉਨ੍ਹਾਂ ਨੂੰ ਸ੍ਵੈ-ਜੀਵਨੀ ਲਿਖਣ ਦੀ ਬੇਨਤੀ ਕੀਤੀ । ਮੇਰੀ ਬੇਨਤੀ ਦਾ ਆਧਾਰ ਇਕ ਤਾਂ ਇਹ ਸੀ ਕਿ ਉਹ ਆਪਣੀ ਬੀਮਾਰੀ ਵਲੋਂ ਧਿਆਨ ਮੋੜ ਕੇ ਲਿਖਣ ਪੜ੍ਹਣ ਵੱਲ ਰੁਝ ਜਾਣ ਅਤੇ ਦੂਜਾ ਸੀ ਕਿ ਉਨ੍ਹਾਂ ਨੇ ਆਪਣੀ ਆਯੂ ਦੇ ਸੱਤਰ ਸਾਲਾਂ ਵਿਚ ਜੋ ਵਿਸ਼ਾਲ ਜੀਵਨ ਅਨੁਭਵ ਪ੍ਰਾਪਤ ਕੀਤਾ ਹੈ ਉਸ ਤੋਂ ਪੰਜਾਬੀ ਪਾਠਕ ਤੇ ਸਾਹਿਤ ਪ੍ਰੇਮੀ ਲਾਭ ਉਠਾ ਸਕਣ ।

ਮੇਰੇ ਬਾਰ ਬਾਰ ਬੇਨਤੀ ਕਰਨ ਉਤੇ ਵੀ ਉਹ ਅਕਸਰ ਇਹ ਕਹਿ ਕੇ ਟਾਲਦੇ ਰਹੇ ਕਿ ਆਪਣੇ ਅਤੇ ਆਪਣੇ ਮਿੱਤਰਾਂ ਸਨੇਹੀਆਂ ਬਾਰੇ ਲਿਖਣਾ ਬੜਾ ਔਖਾ ਕੰਮ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਨਹੀਂ ਚਾਹੁੰਦੇ ਸਨ ਕਿ ਕਿਸੇ ਵਿਅਕਤੀ ਬਾਰੇ ਕੋਈ ਅਣਸੁਖਾਵੀਂ ਗੱਲ ਲਿਖ ਦਿੱਤੀ ਜਾਵੇ। ਫਿਰ ਉਨ੍ਹਾਂ ਨੇ ਫ਼ੈਸਲਾ ਕਰ ਹੀ ਲਿਆ ਕਿ ਸਹਿਕਰਮੀਆਂ ਬਾਰੇ ਲਿਖਦਿਆਂ ਉਨ੍ਹਾਂ ਦੇ ਸੁਖਾਵੇਂ ਤੇ ਸ਼ੁਭ ਗੁਣ ਹੀ ਅੰਕਿਤ ਕੀਤੇ ਜਾਣ।

ਡਾ. ਦੀਵਾਨ ਸਿੰਘ, ਪੰਜਾਬੀ ਅਕਾਦਮਿਕਤਾ ਵਿਚ ਆਪਣੀ ਨਿਵੇਕਲੀ ਸਾਹਿਤਕ ਸ਼ਖ਼ਸੀਅਤ ਦੇ ਮਾਲਕ ਹਨ। ਉਨ੍ਹਾਂ ਦੀ ਸ੍ਵੈ-ਜੀਵਨੀ 'ਮੇਰਾ ਜੀਵਨ ਪੰਧ' ਅਵੱਸ਼ ਹੀ ਆਪਣੇ ਭਾਰੀ ਮਹੱਤਵ ਅਤੇ ਵਿਸ਼ੇਸ਼ਤਾ ਕਾਰਨ ਪੰਜਾਬੀ ਸ੍ਵੈ-ਜੀਵਨੀ ਸਾਹਿਤ ਵਿਚ ਇਕ ਨਵੇਕਲਾ ਸਥਾਨ ਰਖਦੀ ਹੈ। ਉਨ੍ਹਾਂ ਨੇ ਇਸ ਵਿਚ ਬੜੇ ਮਾਨਸਿਕ ਸੰਤੁਲਨ ਨਾਲ ਆਪਣੇ ਡੂੰਘੇ ਗਿਆਨ, ਅਨੁਭਵ ਅਤੇ ਗੰਭੀਰ ਵਿਵੇਕ ਨੂੰ ਪ੍ਰਗਟਾਇਆ ਹੈ। ਇਸ ਵਿਚ ਆਮ ਜੀਵਨੀਆਂ ਜਾਂ ਸ੍ਵੈ-ਜੀਵਨੀਆਂ ਨਾਲੋਂ ਇਕ ਵੱਖਰਾ ਲਿਖਣ ਢੰਗ ਅਪਣਾਇਆ ਗਿਆ ਹੈ। ਸਾਦੇ ਅਤੇ ਪੱਧਰੇ ਵਰਣਨ ਦੀ ਥਾਂ ਇਸ ਵਿਚ ਇਕ ਮੌਲਿਕ ਅੰਦਾਜ਼, ਘਟਨਾਵੀ ਅਤੇ ਪ੍ਰਾਸੰਗਕ (incidental episodal) ਪੱਖ ਨੂੰ ਉਜਾਗਰ ਕਰਕੇ ਪੇਸ਼ ਕਰਨ ਦਾ ਅਣਪਾਇਆ ਗਿਆ ਹੈ ਜਿਸ ਨਾਲ ਪੁਸਤਕ ਦੀ ਰੋਚਕਤਾ ਵਿਚ ਬਹੁਤ ਵਾਧਾ ਹੋਇਆ ਹੈ। ਦੂਜੇ ਸ਼ਬਦਾਂ ਵਿਚ, ਜੀਵਨ ਦੀਆਂ ਖਾਸ ਘਟਨਾਵਾਂ, ਕਾਲਕ੍ਰਮ ਅਨੁਸਾਰ, ਚੁਣ ਕੇ ਤੇ ਉਨ੍ਹਾਂ ਦੀ ਮਹੱਤਾ ਤੇ ਨਾਟਕੀ ਵਿਸ਼ੇਸ਼ਤਾ ਨੂੰ ਮੁੱਖ ਰਖ ਕੇ ਬਿਆਨ ਕੀਤੀਆਂ ਗਈਆਂ ਹਨ।

ਇਸ ਪੁਸਤਕ ਦਾ ਤੱਥ-ਭਾਵੀ ਤੇ ਤੱਥਮੂਲਕ ਹੋਣਾ ਇਕ ਹੋਰ ਵੱਡਾ ਗੁਣ ਹੈ। ਸਾਰੀ ਪੁਸਤਕ ਪੜ੍ਹ ਕੇ ਇਹ ਪ੍ਰਭਾਵ ਪੈਂਦਾ ਹੈ ਕਿ ਜੀਵਨ ਦੇ ਸਾਰੇ ਤੱਥ ਪੂਰਨ ਸੱਚਾਈ ਨਾਲ ਇੰਨ ਬਿੰਨ, ਬਿਨਾਂ ਵਾਧ ਘਾਟ ਦੇ ਪੇਸ਼ ਕੀਤੇ ਹਨ। ਇਸ ਪ੍ਰਾਪਤੀ ਲਈ ਬਹੁਤਾ ਯੋਗਦਾਨ ਲੇਖਕ ਦੀ ਅਤਿ ਤੀਖਣ ਤੇ ਅਸਾਧਾਰਨ ਯਾਦਸ਼ਕਤੀ ਦਾ ਹੈ। ਛੋਟੇ ਤੋਂ ਛਟਾ ਵਿਵਰਨ, ਇਥੋਂ ਤਕ ਕਿ ਸੰਬੰਧਿਤ ਵਿਅਕਤੀਆਂ ਵਲੋਂ ਬੋਲੇ ਵਾਕ ਵੀ ਇੰਨ ਬਿੰਨ ਲਿਖ ਦਿੱਤੇ ਹਨ। ਵਿਸਤਾਰ ਦੇ ਨਾਲ ਹਰ ਥਾਂ ਸੰਖੇਪਤਾ ਨੂੰ ਮੁੱਖ ਰੱਖਿਆ ਹੈ। ਬੇਸ਼ਕ ਬਹੁਤ ਸਾਰੇ ਤੱਥਾਂ ਨੂੰ ਬਿਆਨ ਕਰਨ ਵਿਚ ਉਨ੍ਹਾਂ ਨੇ ਆਪਣੀਆਂ ਨਿੱਜੀ ਡਾਇਰੀਆਂ ਵਿਚੋਂ ਸਹਾਇਤਾ ਲਈ ਹੋਵੇਗੀ ਪਰ ਉਨ੍ਹਾਂ ਦੀ ਯਾਦ ਸ਼ਕਤੀ ਦਾ ਇਹ ਕਮਾਲ ਹੈ ਕਿ ਉਨ੍ਹਾਂ ਨੇ ਬਚਪਨ, ਗੌਰਮਿੰਟ ਕਾਲਜ, ਲਾਹੌਰ ਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਵਾਪਰੀਆਂ ਅਨੇਕਾਂ ਘਟਨਾਵਾਂ ਦਾ ਹੂ-ਬ-ਹੂ ਨਕਸ਼ਾ ਖਿੱਚ ਕੇ ਪਾਠਕਾਂ ਦੇ ਸਨਮੁਖ ਰਖ ਦਿੱਤਾ ਹੈ।

ਲੇਖਕ ਨੇ 'ਮੇਰਾ ਜੀਵਨ ਪੰਧ' ਵਿਚ ਜੀਵਨ ਦੇ ਧਾਰਮਕ ਤੇ ਅਧਿਆਤਮਕ ਪੱਖਾਂ ਨੂੰ ਕਾਫ਼ੀ ਜ਼ੋਰ ਨਾਲ ਉਘਾੜਿਆ ਹੈ। ਬਹੁਤ ਸਾਰੇ ਸਾਧਾਰਨ ਤੇ ਵਿਹਾਰਕ ਜੀਵਨ ਤੱਥਾਂ ਵਿਚੋਂ ਧਾਰਮਕ ਤੇ ਨੈਤਿਕ ਨਿਰਨੇ ਕੱਢ ਕੇ ਉਨ੍ਹਾਂ ਨੂੰ ਸੰਤਾਂ ਮਹਾਤਮਾਵਾਂ ਦੇ ਪ੍ਰਸੰਗਾਂ ਨਾਲ ਜੋੜ ਕੇ ਪ੍ਰਗਟ ਕੀਤਾ ਹੈ। ਲੇਖਕ ਦੇ ਸੰਪਰਕ ਵਿਚ ਆਉਣ ਵਾਲੇ ਅਤੇ ਸਮਕਾਲੀ ਅਨੇਕਾਂ ਵਿਦਵਾਨਾਂ, ਅਧਿਆਪਕਾਂ, ਮਹਾਂਪੁਰਖਾਂ ਅਤੇ ਨਾਮ ਅਭਿਆਸੀਆਂ ਦੇ ਅਲੌਕਿਕ ਜੀਵਨ ਪ੍ਰਸੰਗ ਅਤੇ ਅਨਮੋਲ ਬਚਨ ਡਾਕਟਰ ਸਾਹਿਬ ਦੀ ਰਚਨਾ ਦੀ ਸ਼ੋਭਾ ਵਧਾਉਂਦੇ ਹਨ। ਡਾ. ਸਾਹਿਬ ਨੇ ਪੁਸਤਕ ਦੇ ਅੰਤ ਵਿਚ 'ਮੋਕਉ ਕਰਿ ਸੰਤਨ ਕੀ ਧੂਰੇ' ਸਿਰਲੇਖ ਹੇਠ ਉਨ੍ਹਾਂ ਦੇ ਸੰਪਰਕ ਵਿਚ ਆਏ ਲਗ ਭਗ ਇਕ ਦਰਜਨ ਮਹਾਂ ਪੁਰਖਾਂ ਦੇ ਸੰਤਾਂ ਨਾਲ ਸਹਿਜ ਸੁਭਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਪਰੀਆਂ ਕੁਝ ਵਿਸ਼ੇਸ਼ ਘਟਨਾਵਾਂ ਤੇ ਪ੍ਰਸੰਗਾਂ ਨੂੰ ਲੋੜੀਂਦੇ ਵਿਸਥਾਰ ਨਾਲ ਬਿਆਨ ਕਰਕੇ ਅਧਿਆਤਮਕ ਪਾਂਧੀਆਂ ਲਈ ਇਹ ਪੁਸਤਕ ਖਿੱਚ ਦਾ ਕੇਂਦਰ ਬਣਾ ਦਿੱਤੀ ਹੈ।

ਇਸ ਰਚਨਾ ਵਿਚੋਂ ਕਈ ਕਿਸਮ ਦੀ ਕੀਮਤੀ ਤੇ ਦੁਰਲੱਭ ਇਤਿਹਾਸਕ/ਭੂਗੋਲਕ ਜਾਣਕਾਰੀ ਵੀ ਉਪਲਬਧ ਹੁੰਦੀ ਹੈ ਜਿਵੇਂ ਸਰਗੋਧੇ ਦੇ ਇਲਾਕੇ ਬਾਰੇ ਜਾਂ ਫਿਰ ਲਾਹੌਰ ਸ਼ਹਿਰ ਬਾਰੇ ਅਤੇ ਸਭ ਤੋਂ ਵਧ ਸਿੱਖਾਂ ਦੀ ਮਹਾਨ ਵਿਦਿਅਕ ਸੰਸਥਾ ਖ਼ਾਲਸਾ ਕਾਲਜ, ਅੰਮ੍ਰਿਤਸਰ ਬਾਰੇ। ਇਹ ਸ੍ਵੈ-ਜੀਵਨੀ ਇਕ ਤਰ੍ਹਾਂ ਨਾਲ 1943 ਤੋਂ 1970 ਤਕ ਦੇ ਖ਼ਾਲਸਾ ਕਾਲਜ ਦੇ ਵਿਦਿਅਕ ਅਤੇ ਸਭਿਆਚਰਕ ਇਤਿਹਾਸ ਨੂੰ ਮੂਰਤੀਮਾਨ ਕਰਦੀ ਹੈ। ਖ਼ਾਲਸਾ ਕਾਲਜ ਨਾਲ ਸੰਬੰਧਿਤ ਯਾਦਾਂ ਅਤੇ ਕਈ ਮਹਾਨ ਸ਼ਖ਼ਸੀਅਤਾਂ ਜਿਵੇਂ ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਗੰਡਾ ਸਿੰਘ, ਡਾ. ਰੌਸ਼ਨ ਲਾਲ ਆਹੂਜਾ, ਪ੍ਰੋ. ਗੁਲਵੰਤ ਸਿੰਘ, ਪ੍ਰੋ. ਵਰਿਆਮ ਸਿੰਘ ਆਦਿ ਬਾਰੇ ਨਿੱਜੀ ਪੱਧਰ ਤੇ ਲੇਖਕ ਨੇ ਆਪਣੇ ਅਨੁਭਵ ਤੇ ਵਿਚਾਰ ਬੜੇ ਰੋਚਕ ਢੰਗ ਨਾਲ ਅੰਕਿਤ ਕੀਤੇ ਹਨ। ਨਿਰਸੰਦੇਹ ਇਸ ਤਰ੍ਹਾਂ ਇਹ ਸ੍ਵੈਜੀਵਨੀ ਕੇਵਲ ਡਾ. ਦੀਵਾਨ ਸਿੰਘ ਹੁਰਾਂ ਦੀ ਹੀ ਨਹੀਂ ਸਗੋਂ ਖ਼ਾਲਸਾ ਕਾਲਜ ਦੇ ਬਹੁਤ ਉਘੇ ਵਿਅਕਤੀਆਂ ਦੀ ਜੀਵਨ ਕਥਾ ਬਣ ਗਈ ਹੈ। ਇਸ ਤਰ੍ਹਾਂ ਉਨ੍ਹਾਂ ਦੀ ਸ੍ਵੈ-ਜੀਵਨੀ ਤਤਕਾਲੀ ਸਮਾਜ, ਸਭਿਆਚਾਰ ਤੇ ਵਿਵਹਾਰ ਦੀ ਆਰਸੀ ਬਣ ਗਈ ਹੈ।

ਸਾਦਾ ਤੇ ਸਰਲ ਪੰਜਾਬੀ ਬੋਲੀ ਦੀ ਵਰਤੋਂ ਇਸ ਪੁਸਤਕ ਦਾ ਸ਼ਾਇਦ ਸਭ ਤੋਂ ਸਾਰਥਕ ਪੱਖ ਹੈ ਜੋ ਇਸਦੀ ਸਾਹਿਤਕਤਾ ਦਾ ਮੂਲ ਧੁਰਾ ਪ੍ਰਤੀਤ ਹੁੰਦਾ ਹੈ। ਵਰਣਨ ਦੀਆਂ ਬਾਰੀਕ ਤੇ ਸੂਖਮ ਛੋਹਾਂ ਜਦ ਵਿਹਾਰਕ ਤੇ ਮੁਹਾਵਰੇ ਭਰੀ ਬੋਲੀ ਵਿਚ ਅਭਿਵਿਅਕਤ ਹੁੰਦੀਆਂ ਹਨ ਤਾਂ ਅਵੱਸ਼ ਉਨ੍ਹਾਂ ਦਾ ਸ਼ੈਲੀਗਤ ਪ੍ਰਭਾਵ ਬਹੁਤ ਤਿੱਖਾ ਹੋ ਜਾਂਦਾ ਹੈ। ਅਜੇਹੀ ਪ੍ਰਸਾਰਕ ਨਿਪੁਣਤਾ ਇਸ ਪੁਸਤਕ ਦੀ ਸਮੁੱਚੀ ਲਿਖਣ ਸ਼ੈਲੀ ਨੂੰ ਇਕ ਅਨੂਠਾ ਨਾਟਕੀਪਨ ਪ੍ਰਦਾਨ ਕਰਦੀ ਹੈ।

ਇਸ ਪੁਸਤਕ ਵਿਚ ਰਸ-ਸੰਚਾਰ ਦੀ ਅਧਿਕਤਾ ਵੀ ਸਲਾਹੁਣਯੋਗ ਹੈ। ਕਰੁਣਾਰਸ ਦੀ ਇਕ ਸਪੱਸ਼ਟ ਮਿਸਾਲ 'ਇਕ ਵੱਡਾ ਦੁਖਾਂਤ' ਕਾਂਡ ਵਿਚੋਂ ਲੱਭੀ ਜਾ ਸਕਦੀ ਹੈ। ਪਰੰਤੂ ਹਾਸ-ਰਸ ਇਸ ਸ੍ਵੈ-ਜੀਵਨੀ ਦੀ ਸਭ ਤੋਂ ਵੱਡੀ ਪ੍ਰਾਪਤੀ ਸਿੱਧ ਹੁੰਦੀ ਹੈ। ਅਣਗਿਣਤ ਘਟਨਾਵਾਂ ਵਿਚ ਇਸ ਦੁਰਲੱਭ ਰਸ ਦਾ ਮਨੋਰੰਜਕ ਪਰਸਾਰ ਵਿਦਮਾਨ ਹੈ। ਸਵਰਗਵਾਸੀ ਡਾ: ਰੌਸ਼ਨ ਲਾਲ ਆਹੂਜਾ ਜੀ ਨੇ ਠੀਕ ਹੀ ਕਿਹਾ ਹੈ, 'ਆਪ ਦੀ ਸ੍ਵੈ-ਜੀਵਨੀ ਆਪ ਦੇ ਵਿਅਕਤੀਤਵ ਦਾ ਨਮੂਨਾ ਲਗਦੀ ਹੈ। ਅਕਸਰ ਚੁੱਪ ਰਹਿਣਾ, ਕਦੇ ਕਦੇ ਬੋਲਣਾ, ਕਿਤੇ ਕਿਤੇ ਹਾਸੇ ਦੀ ਗੱਲ ਛੇੜਨਾ, ਆਪ ਵੀ ਹੱਸਣਾ, ਦੂਜਿਆਂ ਨੂੰ ਵੀ ਹਸਾਉਣਾ ਆਦਿ ਦਾ ਇਸ ਵਿਚੋਂ ਪ੍ਰਗਟਾਵਾ ਹੋਇਆ।' ਪ੍ਰੋ. ਵਰਿਆਮ ਸਿੰਘ ਤੇ ਸ. ਭਰਪੂਰ ਸਿੰਘ ਦੇ ਮਖੌਲੀਏ ਸੁਭਾਅ ਦੀਆਂ ਘਟਨਾਵਾਂ ਨੂੰ ਬਿਆਨ ਕਰਕੇ ਉਨ੍ਹਾਂ ਨੇ ਆਪਣੀ ਸ੍ਵੈ-ਜੀਵਨੀ ਵਿਚ ਹਾਸ-ਰਸ ਪੈਦਾ ਕੀਤਾ ਹੈ। ਇਸ ਨਾਲ ਪੁਸਤਕ ਦੀ ਰੌਚਕਤਾ ਵਿਚ ਬਹੁਤ ਵਾਧਾ ਹੋਇਆ ਹੈ।

ਮੈਂ ਡਾ. ਦੀਵਾਨ ਸਿੰਘ ਜੀ ਨੂੰ ਅਜੇਹੀ ਪ੍ਰਭਾਵਸ਼ਾਲੀ ਤੇ ਉਤਕ੍ਰਿਸ਼ਟ ਸ੍ਵੈ-ਜੀਵਨੀ ਲਈ ਇਕ ਪ੍ਰਸ਼ੰਸਕ ਤੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲੁਧਿਆਣਾ ਦੇ ਮੈਨੇਜਿੰਗ ਡਾਇਰੈਕਟਰ ਵਜੋਂ ਹਾਰਦਿਕ ਵਧਾਈ ਪੇਸ਼ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਜੀਵਨ ਇਕ ਖੇਡ ਹੈ, ਇਕ ਤਮਾਸ਼ਾ ਹੈ। ਗ਼ਾਲਿਬ ਇਸ ਨੂੰ ਬੱਚਿਆਂ ਦੀ ਖੇਡ ਕਹਿੰਦਾ ਹੈ :

ਬਾਜ਼ੀਚਾਇ ਇਤਫ਼ਾਲ ਹੈ ਦੁਨੀਆ ਮੇਰੇ ਆਗੇ।
ਹੋਤਾ ਹੈ ਸ਼ਬੋ ਰੂਜ਼ ਤਮਾਸ਼ਾ ਮੇਰੇ ਆਗੇ।

ਦੁਨੀਆਂ ਦੀ ਇਹ ਖੇਡ ਹਰ ਮਨੁੱਖ ਨੂੰ ਮਾੜੀ ਚੰਗੀ ਖੇਡਣੀ ਹੀ ਪੈਂਦੀ ਹੈ, ਇਹ ਤਮਾਸ਼ਾ ਹੱਸਦੇ ਰੋਂਦੇ ਦੇਖਣਾ ਹੀ ਪੈਂਦਾ ਹੈ। ਇਥੇ ਮਨੁੱਖ ਦੀ ਆਪਣੀ ਮਰਜ਼ੀ ਨਹੀਂ ਚੱਲਦੀ, ਦੁਨੀਆਂ ਦੇ ਕਰਤਾ ਦੀ ਮਰਜ਼ੀ ਚਲਦੀ ਹੈ। ਮਨੁੱਖ ਦੀ ਹਾਲਤ ਤਾਂ ਇਹ ਹੈ ਕਿ ਜੀਵਨ ਇਥੇ ਲੈ ਆਇਆ, ਮੌਤ ਇਥੋਂ ਲੈ ਗਈ। ਆਪਣੀ ਮਰਜ਼ੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦਿੱਲੀ ਦੇ ਪ੍ਰਸਿੱਧ ਕਵੀ ਜ਼ੌਕ ਅਨੁਸਾਰ :

ਲਾਈ ਹਯਾਤ ਆਏ ਕਜ਼ਾ ਲੇ ਚਲੀ ਚਲੇ।
ਅਪਨੀ ਖੁਸ਼ੀ ਸੇ ਆਏ ਨਾ ਅਪਨੀ ਖੁਸ਼ੀ ਚਲੇ।

ਸੋ ਇਥੇ ਤਾਂ ਮਜਬੂਰੀ ਹੀ ਮਜਬੂਰੀ ਹੈ, ਅਖ਼ਤਿਆਰ ਕੁੱਝ ਵੀ ਨਹੀਂ। ਐਵੇਂ ਮਨੁੱਖ ਬਾਂਧਾਂ ਬੰਨ੍ਹਦਾ ਤੇ ਡੀਂਗਾਂ ਮਾਰਦਾ ਰਹਿੰਦਾ ਹੈ, ਐਵੇਂ ਝੂਠੇ ਦਾਵੇ ਕਰਦਾ ਤੇ ਫੋਕੇ ਦਾਈਏ ਬਣਾਂਦਾ ਰਹਿੰਦਾ ਹੈ। ਉਰਦੂ ਦਾ ਮਹਾਨ ਕਵੀ ਮੀਰ ਇਸ ਨਿਰਾਸ਼ਾਵਾਦੀ ਵਿਚਾਰ ਨੂੰ ਅਤਿ ਸੁੰਦਰ ਢੰਗ ਨਾਲ ਪ੍ਰਗਟ ਕਰਦਾ ਹੈ :

ਨਾਹਕ ਹਮ ਮਜਬੂਰੋਂ ਪਰ ਯਿਹ ਤੁਹਮਤ ਹੈ ਮੁਖਤਾਰੀ ਕੀ।
ਚਾਹੇਂ ਹੈਂ ਸੋ ਆਪ ਕਰੇ ਹੈਂ ਹਮ ਕੋ ਅਬਸ ਬਦਨਾਮ ਕੀਆ।

ਰੱਬ ਆਪ ਸਭ ਕੁੱਝ ਕਰਦਾ ਹੈ ਪਰ ਕੁੱਝ-ਕਰ-ਸਕਣ ਦੀ ਬਦਨਾਮੀ ਮਨੁੱਖ ਦੇ ਸਿਰ ਤੇ ਥੱਪਦਾ ਹੈ। ਇਹੋ ਮਨੁੱਖ ਦੀ ਹੋਣੀ ਦਾ ਵੱਡਾ ਦੁਖਾਂਤ ਹੈ। ਜੋ ਉਹ ਸਮਝਦਾ ਹੈ, ਉਹ ਹੈ ਨਹੀਂ, ਜੋ ਉਹ ਨਹੀਂ ਸਮਝਦਾ, ਉਹੀ ਹੁੰਦਾ ਹੈ। ਮੇਰੀ ਇਕ ਗ਼ਜ਼ਲ ਵਿਚ ਵੀ ਇਸੇ ਵਿਸ਼ੇ ਨਾਲ ਸੰਬੰਧਤ ਇਕ ਸ਼ਿਅਰ ਹੈ :

ਰੱਖ ਬਹਾਨਾ ਹਿੰਮਤ ਵਾਲਾ, ਜੋ ਚਾਹੇ ਸੋ ਕਰਦਾ ਹੈ,
ਮੁੱਕਦੀ ਗੱਲ ਤਕਦੀਰਾਂ ਉਤੇ, ਰੌਲਾ ਹੈ ਤਦਬੀਰਾਂ ਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਗੱਲ ਹਿੰਮਤ ਤੇ ਤਦਬੀਰ ਦੀ ਚਲਦੀ ਹੈ ਤੇ ਚਲਣੀ ਵੀ ਸੁਭਾਵਕ ਹੈ, ਕਿਉਂਕਿ ਮਨੁੱਖ ਕਰਮ-ਬੱਧ ਹੈ, ਪਰ ਹੁੰਦਾ ਉਹੀ ਹੈ ਜੋ ਰੱਬ ਨੂੰ ਭਾਉਂਦਾ ਹੈ। ਖ਼ੈਰ ਇਹ ਇਕ ਨਾ-ਮੁੱਕਣ-ਵਾਲੀ ਬਹਿਸ ਹੈ ਕਿ ਆਦਮੀ ਕਿੰਨਾ ਮੁਖਤਾਰ ਹੈ ਤੇ ਕਿੰਨਾ ਮਜਬੂਰ। ਸਾਡਾ ਭਾਵ ਤਾਂ ਇਥੇ ਜੀਵਨ ਦੀ ਮੁੱਢਲੀ ਸੱਚਾਈ ਨੂੰ ਸਮਝਣਾ ਅਤੇ ਇਸ ਅਭਾਗੇ ਜੀਵਨ ਨੂੰ ਭਲੀ ਭਾਂਤ ਜਾਂ ਸਫਲ ਢੰਗ ਨਾਲ ਬਿਤਾਉਣ ਦਾ ਭੇਤ ਲੱਭਣਾ ਹੈ।

ਹੈਰਾਨੀ ਦੀ ਗੱਲ ਹੈ ਕਿ ਇਕ ਖੇਡ ਤਮਾਸ਼ਾ ਜਾਪਣ ਵਾਲੀ ਇਹ ਦੁਨੀਆਂ ਤੇ ਇਸ ਦਾ ਜੀਵਨ ਏਨਾ ਸੁਖਾਲਾ ਤੇ ਸੁਖਾਵਾਂ ਨਹੀਂ ਜਿੰਨਾ ਕਿ ਨਜ਼ਰ ਆਉਂਦਾ ਹੈ। ਅਸਲ ਵਿਚ ਇਹ ਇਕ ਮੁਸੀਬਤਾਂ ਤੇ ਦੁੱਖਾਂ ਦਾ ਘਰ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਇਹ ਸੰਸਾਰ ਦੁੱਖਾਂ ਨਾਲ ਭਰਿਆ ਹੈ। ਇਥੇ ਦੁੱਖ ਦੀਆਂ ਪੰਡਾਂ ਖੁਲ੍ਹੀਆਂ ਪਈਆਂ ਹਨ, ਸੁੱਖ ਤਾਂ ਹੈ ਹੀ ਨਹੀਂ। ਗੁਰੂ ਸਾਹਿਬ ਦੇ ਮਹਾਂਵਾਕ ਇਸ ਪ੍ਰਥਾਇ ਇਉਂ ਹਨ :

ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥ (ਪੰਨਾ 954)

ਦੁਖ ਕੀਆ ਪੰਡਾ ਖੁਲੀਆ ਸੁਖੁ ਨ ਨਿਕਲਿਓ ਕੋਇ ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥
(ਪੰਨਾ 1240)

ਸੱਚਮੁਚ ਰਤਾ ਗਹੁ ਨਾਲ ਦੇਖੀਏ ਤਾਂ ਮਨੁੱਖੀ ਜੀਵਨ ਮੁਸ਼ਕਲਾਂ ਅਤੇ ਸਮੱਸਿਆਵਾਂ ਨਾਲ ਅੱਟਿਆ ਪਿਆ ਹੈ। ਗਰੀਬੀ, ਬੀਮਾਰੀ, ਬੁਢਾਪਾ, ਮੌਤ ਦਾ ਹਰ ਵੇਲੇ ਸਹਿਮ ਤੇ ਡਰ, ਲੋਕਾਂ ਦੀ ਆਪਸੀ ਖਹਿ-ਮਖਹਿ, ਦੁਸ਼ਮਣੀ, ਕਤਲ ਖ਼ੂਨ, ਧੋਖਾ, ਲੁੱਟ ਖਸੁੱਟ, ਲੜਾਈ ਫਸਾਦ, ਦਗੇਬਾਜ਼ੀ, ਬੇਵਫਾਈ, ਮਿੱਤਰ ਧ੍ਰੋਹ, ਮਿੱਤਰ ਘਾਤ, ਨਫਰਤ, ਝੂਠ ਅਤੇ ਹੋਰ ਕਿੰਨਾ ਨਸ਼ੇਧਆਤਮਕ (negative) ਕੂੜਾ ਕਰਕਟ ਇਥੇ ਭਰਿਆ ਪਿਆ ਹੈ। ਅਫਸੋਸ ਕਿ ਆਦਮੀ ਹੀ ਆਦਮੀ ਦਾ ਦੁਸ਼ਮਨ ਬਣਿਆ ਪਿਆ ਹੈ, ਖ਼ੂਨੀ ਜਾਨਵਰਾਂ, ਦਰਿੰਦਿਆਂ ਤੇ ਪ੍ਰਕਿਰਤੀ ਦੇ ਮਾਰੂ ਹੱਲਿਆਂ ਦਾ ਤਾਂ ਕੀ ਕਹਿਣਾ ? ਸ਼ਾਇਰ ਹਾਲੀ ਪਾਨੀਪਤੀ ਕਹਿੰਦਾ ਹੈ :

ਮੱਖੀਓਂ ਮੇਂ ਇੱਤਫ਼ਾਕ, ਚੀਊਂਟੀਓਂ ਮੇਂ ਇੱਤਹਾਦ,
ਆਦਮੀ ਕਾ ਆਦਮੀ ਦੁਸ਼ਮਨ ਖੁਦਾ ਕੀ ਸ਼ਾਨ ਹੈ।

ਦੇਸ਼ ਤੇ ਕੌਮਾਂ ਆਪਸ ਵਿਚ ਲੜੀ ਜਾਂਦੀਆਂ ਹਨ। ਇਕ ਮਜ਼ਹਬ ਦੂਜੇ ਮਜ਼ਹਬ ਦਾ ਵਿਨਾਸ਼ ਤੇ ਹਾਨੀ ਭਾਲਦਾ ਹੈ। ਸ਼ਾਂਤੀ ਤੇ ਅਮਨ ਵਰਗੀ ਕੋਈ ਚੀਜ਼ ਦੁਨੀਆਂ ਵਿਚ ਬਾਕੀ ਨਹੀਂ ਰਹੀ। ਮੇਰਾ ਇਕ ਸ਼ਿਅਰ ਹੈ (ਸ਼ਿਅਰ ਦੋ ਤੁੱਕਾਂ ਦੀ ਇਕਾਈ ਨੂੰ ਕਹਿੰਦੇ ਹਨ) :

ਵਿਤਕਰੇ ਕੌਮਾਂ ਤੇ ਨਸਲਾਂ ਦੇ ਕਦੋਂ ਤਕ ਰਹਿਣਗੇ,
ਅਸਲਾ ਜਦ ਸਭ ਦਾ ਹੈ ਇੱਕੋ ਸਭ ਦਾ ਇੱਕੋ ਮਾਹੀ ਏ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਆਪਣੇ ਨਿੱਜੀ ਅਨੁਭਵ ਵਿਚ ਵੀ ਆਇਆ ਹੈ ਕਿ ਇਹ ਦੁਨੀਆਂ ਕੋਈ ਫੁੱਲਾਂ ਦੀ ਸੇਜ ਨਹੀਂ । ਨਾ ਹੀ ਕੋਈ ਐਸ਼ ਆਰਾਮ ਕਰਨ ਦੀ ਥਾਂ ਹੈ । ਇਥੇ ਤਾਂ ਰੋਜ਼ੀ ਕਮਾਣ ਤੋਂ ਲੈ ਕੇ ਗ੍ਰਹਿਸਤ ਦੇ ਹਜ਼ਾਰਾਂ ਝਮੇਲਿਆਂ ਤੇ ਸਮਾਜਕ ਜੀਵਨ ਦੇ ਅਨੇਕਾਂ ਬਖੇੜਿਆਂ ਤੱਕ ਸਭ ਕੁਝ ਹੀ ਪ੍ਰੇਸ਼ਾਨ ਕਰਨ ਵਾਲਾ ਹੈ । ਇਹੋ ਕਾਰਨ ਹੈ ਕਿ ਅੱਜ ਦੇ ਮਨੁੱਖ ਵਿਚ ਬੇ-ਭਰੋਸਗੀ, ਮਾਨਸਕ ਤਨਾਓ (tension), ਅਧੀਰਤਾ, ਕਾਹਲੀ, ਖ਼ੂਨ ਦਾ ਵਧਿਆ ਜਾਂ ਘਟਿਆ ਦਬਾਅ, ਦਿਲ, ਜਿਗਰ ਤੇ ਗੁਰਦੇ ਦੀਆਂ ਬੀਮਾਰੀਆਂ ਇਸ ਕਦਰ ਵਧ ਗਈਆਂ ਹਨ । ਮੈਂ ਇਸ ਮੰਦ-ਦਸ਼ਾ (ਬੁਰੀ ਹਾਲਤ) ਤੇ ਕੌੜੀ ਸਥਿਤੀ ਦਾ ਪ੍ਰਗਟਾ ਇਉਂ ਕੀਤਾ ਹੈ :

ਨਾ ਸਮਝੋ ਦੋਸਤੋ ਆਸੂਦਾ ਇਨਸਾਨਾਂ ਦੀ ਦੁਨੀਆ ਹੈ ।
ਹਜ਼ਾਰਾਂ ਮੁਸ਼ਕਲਾਂ ਦੀ, ਘੋਰ ਘਮਸਾਨਾਂ ਦੀ ਦੁਨੀਆ ਹੈ ।

ਆਸੂਦਾ ਸੁਖੀ ਨੂੰ ਕਹਿੰਦੇ ਹਨ । ਪਰ ਸੁਖੀ ਤਾਂ ਦੁਨੀਆਂ ਵਿਚ ਕੋਈ ਵਿਰਲਾ ਹੀ ਹੋ ਸਕਦਾ ਹੈ । ਮੈਂ ਜਦ ਇਸ ਪਾਸੇ ਵੱਲ ਖੋਜ ਆਰੰਭ ਕੀਤੀ ਤਾਂ ਮੈਨੂੰ ਸਮਝ ਆਈ ਕਿ ਸੁਖ ਤਾਂ ਕੇਵਲ ਆਤਮਕ ਤੇ ਧਾਰਮਕ ਪੱਧਰ ਤੇ ਸੁਚੇਤ ਹੋਣ ਨਾਲ ਹੀ ਮਿਲ ਸਕਦਾ ਹੈ । ਇਸ ਲਈ ਕਿਸੇ ਰੂਹਾਨੀ ਮੁਰਸ਼ਦ ਦੀ ਲੋੜ ਹੈ, ਕਿਸੇ ਆਤਮਕ ਆਗੂ ਦੀ ਆਵੱਸ਼ਕਤਾ ਹੈ । ਮੈਂ ਬੜੀ ਤੀਬਰਤਾ ਨਾਲ ਮੁਰਸ਼ਦ ਦੀ ਲੋੜ ਮਹਿਸੂਸ ਕਰਦੇ ਹੋਏ ਹੇਠ ਲਿਖੇ ਦੋ ਸ਼ਿਅਰਾਂ ਵਿਚ ਆਪਣਾ ਰਹੱਸਵਾਦੀ ਅਨੁਭਵ ਪ੍ਰਗਟ ਕੀਤਾ ਹੈ :

ਭੁੱਖਾਂ ਨੇ ਕਈ, ਸਰੀਰ ਦੀ, ਮਨ ਦੀ ਤੇ ਰੂਹ ਦੀ,
ਤਿੰਨਾਂ ਦਾ ਹੱਲ ਲੱਭ ਸਕੇ ਕਿਸ ਦੀ ਹੈ ਇਹ ਮਜਾਲ ?
ਭਾਵੇਂ ਹੈ ਗੱਲ ਸਮੂਹ ਦੀ ਜਾਂ ਇਕ ਮਨੁੱਖ ਦੀ,
ਜੀਵਨ ਦਾ ਭੇਦ ਲੱਭਣਾ ਮੁਰਸ਼ਦ ਬਿਨਾਂ ਮੁਹਾਲ ।

ਇਸੇ ਵਿਸ਼ੇ ਤੇ ਮੇਰਾ ਇਕ ਹੋਰ ਸ਼ਿਅਰ ਹੈ .

ਮੇਰੀ ਜ਼ਿੰਦੜੀ ਔਝੜ ਰਾਹਾਂ 'ਚੋਂ ਲੱਭਦੀ ਸੀ ਭੇਤ ਸਫਲਤਾ ਦਾ,
ਪਰ ਮੁਰਸ਼ਦ ਕੀਤੀ ਮਿਹਰ ਜਦੋਂ ਮੈਂ ਭਟਕੀ ਜ਼ਿੰਦੜੀ ਹੋੜ ਲਈ ।

ਬੱਸ, ਇਸ ਸਾਰੀ ਵਿਚਾਰ ਦਾ ਸਿੱਟਾ ਇਹ ਹੈ ਕਿ ਰੱਬ ਦੀ ਕਿਰਪਾ ਨਾਲ ਜਿਸ ਨੂੰ ਮੁਰਸ਼ਦ ਮਿਲ ਜਾਏ ਅਤੇ ਉਸ ਉਤੇ ਮੁਰਸ਼ਦ ਦੀ ਮਿਹਰ ਹੋ ਜਾਏ ਤਾਂ ਜੀਵਨ ਦਾ ਸਹੀ ਰਸਤਾ ਲੱਭ ਜਾਂਦਾ ਹੈ, ਨਹੀਂ ਤਾਂ ਮਨੁੱਖ ਦੁੱਖਾਂ ਦੀ ਦਲਦਲ ਵਿਚ ਫਸਿਆ ਤੇ ਪਾਪਾਂ ਦੀ ਕਾਲਖ ਢੋਂਦਾ ਖੱਪ ਖੱਪ ਕੇ ਮਰ ਜਾਂਦਾ ਹੈ ।

ਗੁਰੂ ਸਾਹਿਬਾਨ ਦੀ ਇਲਾਹੀ ਬਾਣੀ (ਗੁਰਬਾਣੀ) ਇਕ ਅਮੁੱਲ ਤੇ ਅਤੁੱਟ ਖਜ਼ਾਨਾ ਹੈ ਜਿਸ ਵਿਚੋਂ ਪੂਰਨ ਅਗਵਾਈ ਮਨੁੱਖ ਨੂੰ ਆਤਮਕ ਪੰਧ ਤੇ ਅੱਗੇ ਤੋਂ ਅੱਗੇ ਲੈ ਜਾਂਦੀ ਹੈ ਪਰ ਕਿਸੇ ਪੂਰਨ ਸਾਧ ਸੰਤ ਦੀ ਮਿਹਰ ਤੇ ਅਗਵਾਈ ਪ੍ਰਾਪਤ ਕੀਤੇ ਬਿਨਾਂ ਠੀਕ ਸੇਧ ਨਹੀਂ ਮਿਲ ਸਕਦੀ । ਆਓ ਇਸ ਪਰਥਾਇ ਗੁਰਬਾਣੀ ਦੇ ਮਹਾਨ ਕਥਨਾਂ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓਟ ਲਈਏ :

ਸਾਗਰ ਤਰਿਆ ਸਾਧੂ ਸੰਗੇ ॥
ਨਿਰਭਉ ਨਾਮੁ ਜਪਹੁ ਹਰਿ ਰੰਗੇ ॥ (ਪੰਨਾ 684)

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥
ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥੧॥ ਰਹਾਉ ॥
(ਪੰਨਾ 527)

ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥
(ਪੰਨਾ 729)

ਸੰਤਾਂ ਦੀ ਚਰਨ ਛੋਹ ਪ੍ਰਾਪਤ ਹੋਣ ਨਾਲ ਮਨੁੱਖ ਦੀ ਹਾਲਤ ਫ਼ਾਰਸੀ ਦੇ ਮਹਾਨ ਕਵੀ ਸ਼ੇਖ਼ ਸਾਅਦੀ ਦੀ ਹੇਠ ਲਿਖੀ ਕਵਿਤਾ ਵਿਚ ਪ੍ਰਗਟ ਹੋਏ ਭਾਵਾਂ ਵਾਲੀ ਹੋ ਜਾਂਦੀ ਹੈ । ਉਹ ਕਹਿੰਦਾ ਹੈ :

ਗਿਲੇ ਖ਼ੁਸ਼ਬੂਏ ਦਰ ਹੱਮਾਮ ਰੂਜ਼ੇ
ਫਿਤਾਦ ਅਜ਼ ਦਸਤਿ ਮਹਬੂਬੇ ਬਦਸਤਮ ।
ਬਦੋ ਗੁਫ਼ਤਮ ਕਿ ਮੁਸ਼ਕੀ ਯਾ ਅਬੀਰੀ
ਕਿ ਅਜ਼ ਬੂਇ ਦਿਲਆਵੇਜ਼ਿ ਤੋ ਮਸਤਮ ।
ਬਿਗੁਫਤਾ ਮਨ ਗਿਲਿ ਨਾਚੀਜ਼ ਬੂਦਮ
ਵਲੇ ਚੰਦੇ ਬ ਮਹੂਬੂਬੇ ਨਿਸ਼ਸਤਮ ।
ਜਮਾਲਿ ਹਮਨਸ਼ੀਂ ਦਰ ਮਨ ਅਸਰ ਕਰਦ
ਵਗਰਨਾ ਮਨ ਹਮਾਂ ਖਾਕਮ ਕਿ ਹਸਤਮ ।

ਅਰਥਾਤ ਇਕ ਦਿਨ ਹੱਮਾਮ (ਈਰਾਨ ਵਿਚ ਗਰਮ ਪਾਣੀ ਨਾਲ ਨਹਾਉਣ ਵਾਲਾ ਵਧੀਆ ਗੁਸਲਖਾਨਾ) ਵਿਚ ਇਕ ਸੁੰਦਰ ਵਿਅਕਤੀ ਹੱਥੋਂ ਡਿੱਗ ਕੇ ਇਕ ਖੁਸ਼ਬੂਦਾਰ ਗਿੱਲੀ ਮਿੱਟੀ ਦੀ ਢੇਲੀ ਮੇਰੇ ਹੱਥਾਂ ਵਿਚ ਆ ਗਈ । ਮੈਂ ਉਸ ਨੂੰ ਪੁੱਛਿਆ ਤੂੰ ਕਸਤੂਰੀ ਹੈਂ ਕਿ ਅੰਬਰ ? ਤੇਰੀ ਖੁਸ਼ਬੂ ਮੇਰੇ ਦਿਲ ਨੂੰ ਬਹੁਤ ਲੁਭਾ ਰਹੀ ਤੇ ਮਸਤ ਕਰ ਰਹੀ ਹੈ । ਉਸ ਨੇ ਉਤਰ ਦਿੱਤਾ ਮੈਂ ਇਕ ਨਿਗੂਣੀ ਮਿੱਟੀ ਸੀ ਪਰ ਕੁਝ ਸਮਾਂ ਆਪਣੇ ਪ੍ਰੀਤਮ ਨਾਲ ਸੰਗਤ ਕਰਨ ਦਾ ਸੁਭਾਗ ਮਿਲਿਆ । ਫਿਰ ਉਸ ਪ੍ਰੀਤਮ ਦੀ ਸੁੰਦਰਤਾ ਮੇਰੇ ਉਤੇ ਵੀ ਅਸਰ ਕਰ ਗਈ । ਨਹੀਂ ਤਾਂ ਮੈਂ ਉਹੀ ਨਿਗੂਣੀ ਮਿੱਟੀ ਹਾਂ ਜੋ ਹਾਂ ।

ਜਾਂ ਫਿਰ ਭਾਈ ਵੀਰ ਸਿੰਘ ਦੇ ਇਨ੍ਹਾਂ ਸੁੰਦਰ ਸ਼ਬਦਾਂ ਵਿਚ ਬਿਆਨ ਕੀਤੀ ਦਸ਼ਾ ਵਾਂਗ :

ਮਿੱਟੀ ਚਮਕ ਪਈ ਇਹ ਮੋਈ
ਤੇ ਤੁਸੀਂ ਲੂਆਂ ਵਿਚ ਲਿਸ਼ਕੇ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਜਲੀ ਕੂੰਦ ਗਈ ਥਰਰਾਂਦੀ
ਹੁਣ ਚਕਾ ਚੂੰਦ ਹੈ ਛਾਈ। (ਕੰਬਦੀ ਕਲਾਈ, 'ਲਹਿਰ ਹੁਲਾਰੇ')

ਅਰਥਾਤ ਕੁਝ ਕਿਹਾ ਨਹੀਂ ਜਾ ਸਕਦਾ ਕਿ ਕੀ ਵਾਪਰਿਆ, ਕਿਉਂ ਵਾਪਰਿਆ ਜਾਂ ਕਿਵੇਂ ਵਾਪਰਿਆ। ਜੀਵਨ ਦਾ ਸਾਰਾ ਰਹੱਸਵਾਦੀ ਖੇਤਰ ਅਸਲੋਂ ਅਗੰਮੀ ਤੇ ਅਗੋਚਰ (ਅਕਹਿ ਤੇ ਅਗਿਆਤ) ਹੈ।

ਗੁਰਬਾਣੀ ਦੀ ਅਗਵਾਈ ਜਿਸ ਨੂੰ ਗੁਰਮਤਿ ਕਹਿੰਦੇ ਹਨ, ਦਾ ਨਿਚੋੜ ਇਹ ਹੈ ਕਿ ਮਨੁੱਖ ਸੰਸਾਰ ਵਿਚ ਰਹਿੰਦਿਆਂ ਆਪਣੇ ਆਪ ਨੂੰ ਮੁਸਾਫਰ ਸਮਝੇ। ਪਤਾ ਨਹੀਂ ਕਦੋਂ ਉਸ ਨੂੰ ਮੌਤ ਦਾ ਸੱਦਾ ਆ ਜਾਏ। ਇਸ ਲਈ ਹੰਕਾਰ ਅਤੇ ਹਉਮੈ ਛੱਡ ਕੇ ਆਪਣੇ ਆਪ ਨੂੰ ਸ਼ਰਨਾਗਤ ਤੇ ਮਸਕੀਨ ਆਦਮੀ ਦੀ ਨਿਮਰਤਾ ਵਾਲੀ ਅਵਸਥਾ ਵਿਚ ਰੱਖੇ। ਦੁਨੀਆ ਵਿਚ ਰਹਿੰਦਾ ਹੋਇਆ, ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹੇ। ਫਿਰ ਗੁਰੂ ਦੀ ਸ਼ਰਨ ਦ੍ਰਿੜ ਕਰ ਕੇ ਧਾਰਨ ਕਰੇ ਅਤੇ ਹਰ ਵੇਲੇ ਨਾਮ ਸਿਮਰਨ ਦਾ ਆਸਰਾ ਰੱਖੇ। ਨਾਮ ਤੋਂ ਕਦੀ ਗਾਫ਼ਲ ਜਾਂ ਅਵੇਸਲਾ ਨਾ ਹੋਵੇ। ਇਸ ਤਰ੍ਹਾਂ ਉਹ ਆਪਣੀ ਜੀਵਨ ਯਾਤਰਾ ਸਫਲ ਕਰ ਸਕਦਾ ਹੈ। ਗੁਰੂ ਨਾਨਕ ਸਾਹਿਬ ਦਾ ਇਸ ਬਾਰੇ ਪ੍ਰਸਿੱਧ ਮਹਾਂਵਾਕ ਹੈ :

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥
(ਪੰਨਾ 14)

ਮਨੁੱਖੀ ਕਰਤੱਵ ਬਾਰੇ ਸੁਖਮਨੀ ਸਾਹਿਬ ਦਾ ਅਤਿ ਸਾਰਥਕ ਕਥਨ ਹੈ :

ਮਨ ਤਨ ਨਾਮਿ ਰਤੇ ਇਕ ਰੰਗਿ ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥ (11,7)

ਮੈਂ ਇਸ ਸਵੈਜੀਵਨੀ ਵਿਚ ਆਪਣੇ ਜੀਵਨ ਕਾਲ ਵਿਚ (ਬਚਪਨ ਤੋਂ ਲੈ ਕੇ ਬੁਢਾਪੇ ਤਕ) ਵਾਪਰੀਆਂ ਅਸਾਧਾਰਨ ਘਟਨਾਵਾਂ ਅਤੇ ਸਹਿਜ ਸੁਭਾ ਪ੍ਰਾਪਤ ਕੀਤੇ ਅਨੁਭਵਾਂ ਦਾ ਹੋਰ ਜੀਵਨ ਤੱਥਾਂ ਦੇ ਨਾਲ ਨਾਲ ਵਰਣਨ ਕੀਤਾ ਹੈ। ਮੇਰੀ ਸ਼ਖਸੀਅਤ ਵਿਚ ਧਾਰਮਕ ਅੰਸ਼ ਅਤੇ ਦ੍ਰਿੜ ਰੱਬੀ ਵਿਸ਼ਵਾਸ ਸੰਤਾਂ ਦੀ ਮਿਹਰ ਦਾ ਸਦਕਾ ਪੈਦਾ ਹੋਇਆ ਅਤੇ ਹੌਲੀ ਹੌਲੀ ਇਕ ਸੂਖਮ ਜਿਹਾ ਪ੍ਰਭਾਵ ਬਣ ਕੇ ਮੇਰੇ ਮਨ ਵਿਚ ਵਧਦਾ ਫੁੱਲਦਾ ਗਿਆ। ਸੰਤਾਂ ਮਹਾਤਮਾਵਾਂ ਨਾਲ ਆਪਣੇ ਸੰਪਰਕ ਦਾ ਵਿਸਤ੍ਰਿਤ ਉਲੇਖ ਮੈਂ ਇਕ ਵੱਖਰੀ ਪੁਸਤਕ 'ਹਮ ਸੰਤਨ ਕੀ ਰੇਨੁ' ਦੇ ਰੂਪ ਵਿਚ ਕੀਤਾ।

ਇਹ ਪੁਸਤਕ 'ਹਮ ਸੰਤਨ ਕੀ ਰੇਨੁ' ਅਸਲ ਵਿਚ ਮੇਰੀ ਸਵੈਜੀਵਨੀ ਦਾ ਹੀ ਇਕ ਜ਼ਰੂਰੀ ਭਾਗ ਹੈ, ਜਿਸ ਦਾ ਵਿਸ਼ਾ ਨਿਰੋਲ ਧਾਰਮਕ ਹੈ ਅਤੇ ਇਸ ਵਿਚ ਸੰਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਂਪੁਰਸ਼ਾਂ ਨਾਲ ਸੰਪਰਕ ਵਿਚੋਂ ਮਿਲੀ ਆਤਮਕ ਸ਼ਰਧਾ ਅਤੇ ਨਿਸ਼ਠਾ ਦੀ ਮੁਹਰ-ਛਾਪ ਮੇਰੀ ਸਾਰੀ ਸਵੈਜੀਵਨੀ ਉਤੇ ਲੱਗੀ ਹੋਈ ਹੈ। ਮੇਰੀ ਆਤਮਾ ਦੇ ਪਿਛੋਕੜ ਵਿਚ ਅਤੇ ਅੰਤਹਕਰਨ ਵਿਚ ਸਦਾ ਹੀ ਸੰਤਾਂ ਦੀ ਅਸ਼ੀਰਵਾਦ ਅਤੇ ਰਹੱਸਮਈ ਰੁਸ਼ਨਾਈ ਇਕ ਦੈਵੀ ਆਦਰਸ਼ ਦੇ ਰੂਪ ਵਿਚ ਪ੍ਰਕਾਸ਼ਮਾਨ ਰਹੀ ਹੈ।

ਮੇਰਾ ਵਿਚਾਰ ਹੈ ਕਿ ਸੰਤ ਮਹਾਂਪੁਰਸ਼ ਜਿਸ ਨਿਮਾਣੀ ਆਤਮਾ ਨੂੰ ਪਰਮਾਤਮਾ ਦੇ ਚਰਨ-ਕਮਲਾਂ ਨਾਲ ਜੋੜ ਲੈਣਾ ਚਾਹੁੰਦੇ ਹਨ, ਉਸ ਨੂੰ ਪ੍ਰੇਮ-ਪੂਰਵਕ ਦਰਸ਼ਨ ਦੇ ਕੇ ਕ੍ਰਿਤਾਰਥ ਕਰਦੇ ਹਨ ਅਤੇ ਆਪਣੀ ਅਗੰਮੀ ਚੁੰਬਕ-ਸ਼ਕਤੀ ਦਾ ਪਾਤਰ ਬਣਾ ਲੈਂਦੇ ਹਨ। ਇਹ ਇਕ ਅਲੌਕਿਕ ਖੇਡ ਹੈ ਜੋ ਨਿਰੋਲ ਰਹੱਸਵਾਦੀ ਪੱਧਰ 'ਤੇ ਵਾਪਰਦੀ ਹੈ।

—ਦੀਵਾਨ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਆਲਕੋਟ ਤੋਂ ਸਰਗੋਧਾ
(ਇਕ ਮਹਾਨ ਵਿਅਕਤੀ ਦਾ ਜੀਵਨ ਚਰਿਤਰ)

ਕਾਦਰਯਾਰ ਆਪਣੇ ਕਿੱਸੇ 'ਪੂਰਨ ਭਗਤ' ਦਾ ਆਰੰਭ ਇਸ ਤਰ੍ਹਾਂ ਕਰਦਾ ਹੈ :

ਅਲਫ਼ ਆ ਸਖੀ ਸਿਆਲਕੋਟ ਅੰਦਰ,
ਪੂਰਨ ਪੁੱਤ ਸਲਵਾਨ ਦੇ ਜਾਇਆ ਈ ।

ਰਾਜਾ ਸਲਵਾਨ (ਇਤਿਹਾਸਕ ਨਾਂ ਸਾਲਬਾਹਨ) ਅਤੇ ਪੂਰਨ ਭਗਤ ਦਾ ਪ੍ਰਸਿੱਧ ਸ਼ਹਿਰ ਸਿਆਲਕੋਟ* ਪੁਰਾਤਨ ਸਮਿਆਂ ਵਿਚ ਕਦੀ ਪੰਜਾਬ ਦੀ ਰਾਜਧਾਨੀ ਸੀ । ਮਧਕਾਲੀਨ ਪੰਜਾਬ ਦੇ ਪ੍ਰਮੁਖ ਸ਼ਹਿਰ ਸਨ ਸਿਆਲਕੋਟ, ਲਾਹੌਰ ਤੇ ਮੁਲਤਾਨ । ਸਰਹੰਦ, ਬਨੂੜ, ਸਮਾਣਾ ਆਦਿ ਇਨ੍ਹਾਂ ਤੋਂ ਉਤਰ ਕੇ ਸਨ । ਪਿਛੋਂ ਸਿਖ ਰਾਜ ਸਮੇਂ ਸ੍ਰੀ ਅੰਮ੍ਰਿਤਸਰ ਪੰਜਾਬ ਦਾ ਸ਼ਰੋਮਣੀ ਸ਼ਹਿਰ ਬਣ ਗਿਆ । ਪਰ ਸਿਆਲਕੋਟ ਦੀ ਮਹੱਤਾ ਸਦਾ ਹੀ ਕਾਇਮ ਰਹੀ, ਕਿਉਂਕਿ ਇਹ ਜੰਮੂ-ਕਸ਼ਮੀਰ ਅਤੇ ਸੂਬਾ ਸਰਹੱਦ ਦੇ ਪਿਸ਼ਾਵਰ ਤੇ ਅੱਗੇ ਕਾਬਲ, ਗ਼ਜ਼ਨੀ, ਕੰਧਾਰ ਆਦਿ ਸ਼ਹਿਰਾਂ ਵਲ ਜਾਣ ਦੇ ਰਸਤੇ ਵਿਚ ਵਾਕਿਆ ਸੀ । ਸੁਹਾਣੇ ਜਲਵਾਯੂ, ਸੁੰਦਰ ਵਾਤਾਰਨ ਤੇ ਉਪਜਾਊ ਧਰਤੀ ਦਾ ਖੇਤਰ ਸਿਆਲਕੋਟ, ਪੁਰਾਤਨ ਸਭਿਆਚਾਰ, ਰੁਮਾਂਸ ਅਤੇ ਅਧਿਆਤਮਵਾਦ ਦਾ ਸੰਗਮ ਸੀ, ਜਿਥੇ ਸੋਲ੍ਹਵੀਂ ਸਦੀ ਵਿਚ ਗੁਰੂ ਨਾਨਕ ਸਾਹਿਬ ਜਗਤ-ਗੁਰੂ ਦੇ ਪਵਿੱਤਰ ਚਰਨ ਪਏ :

ਸਾ ਧਰਤ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ (310)

ਅਠਾਰ੍ਹਵੀਂ ਸਦੀ ਵਿਚ ਇਸੇ ਸ਼ਹਿਰ ਵਿਚ ਵੀਰ ਹਕੀਕਤ ਰਾਏ ਵਰਗਾ ਪ੍ਰਸਿੱਧ ਧਰਮੀ ਸ਼ਹੀਦ ਪੈਦਾ ਹੋਇਆ ਜਿਸ ਨੇ ਹਿੰਦੂ ਧਰਮ ਦੀ ਲਾਜ ਰੱਖੀ ਤੇ ਮੁਗ਼ਲ ਹਕੂਮਤ ਦੇ ਘੋਰ ਅਤਿਆਚਾਰ ਦਾ ਮੂੰਹ ਚਿੜਾਇਆ । ਉਨ੍ਹੀਵੀਂ ਤੇ ਵੀਹਵੀਂ ਸਦੀ ਵਿਚ ਵੀ ਸਿਆਲ-ਕੋਟ ਦੇ ਇਲਾਕੇ ਨੇ ਬਹੁਤ ਸਾਰੇ ਨਾਮੀ ਤੇ ਮਹਾਨ ਵਿਅਕਤੀ ਪੈਦਾ ਕੀਤੇ, ਸਾਹਿੱਤਕਾਰ

---

*ਸਿਆਲਕੋਟ ਦੇ ਇਤਿਹਾਸ ਬਾਰੇ ਦੇਖੋ ਗਣੇਸ਼ਦਾਸ ਵਡਹਿਰਾ ਰਚਿਤ ਫ਼ਾਰਸੀ ਪੁਸਤਕ 'ਚਾਰ ਬਾਗ਼ ਪੰਜਾਬ' ਦਾ ਪੰਜਾਬੀ ਅਨੁਵਾਦ 'ਮੁਢਲੀ ਉਨ੍ਹੀਵੀਂ ਸਦੀ ਦਾ ਪੰਜਾਬ' ਪ੍ਰਕਾਸ਼ਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, 1974 ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਇਰ, ਸਿਆਸੀ ਲੀਡਰ, ਡਾਕਟਰ, ਰਈਸ ਆਦਿ । ਕੁਝ ਮਸ਼ਹੂਰ ਨਾਂ ਏਥੇ ਲਿਖੇ ਜਾਂਦੇ ਹਨ :

ਉੱਘੇ ਕਿੱਸਾਕਾਰ ਕਾਦਰਯਾਰ, ਤੇ ਇਮਾਮ ਬਖਸ਼, ਮਹਾਂ ਕਵੀ ਧਨੀ ਰਾਮ ਚਾਤ੍ਰਿਕ, ਇਤਿਹਾਸਕਾਰ ਕਵੀ ਕਰਤਾਰ ਸਿੰਘ ਕਲਾਸਵਾਲੀਆ, ਮਹਾਕਾਵਿ-ਰਚਿਤਾ ਕਿਰਪਾ ਸਾਗਰ, ਉੱਘਾ ਕਵੀ ਤੇ ਦੇਸ਼ ਭਗਤ ਡਾ. ਦੀਵਾਨ ਸਿੰਘ ਕਾਲੇ ਪਾਣੀ, ਮਸ਼ਹੂਰ ਕਵੀ ਕਰਤਾਰ ਸਿੰਘ ਬਲੱਗਣ, ਆਧੁਨਿਕ ਵਾਰਤਕ ਦਾ ਮੋਢੀ ਗੁਰਬਖਸ਼ ਸਿੰਘ ਪ੍ਰੀਤ ਲੜੀ, ਪ੍ਰਸਿੱਧ ਧਾਰਮਕ ਲੇਖਕ ਤੇ ਟੀਕਾਕਾਰ ਪ੍ਰੋ. ਸਾਹਿਬ ਸਿੰਘ, ਕਿੱਸਾ ਹੀਰ ਦਾ ਖੋਜਕਾਰ ਡਾ. ਜੀਤ ਸਿੰਘ ਸੀਤਲ, ਡਾ. ਫੌਜਾ ਸਿੰਘ ਬਾਜਵਾ (ਇਤਿਹਾਸਕਾਰ), ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ (ਲੋਕ ਯਾਨ ਖੋਜੀ) ਮਹਾਨ ਉਰਦੂ ਸ਼ਾਇਰ ਡਾ. ਸਰ ਮੁਹੰਮਦ ਇਕਬਾਲ ਅਤੇ ਫੈਜ਼ ਅਹਿਮਦ ਫੈਜ਼, ਮਸ਼ਹੂਰ ਸਿਆਸੀ ਲੀਡਰ ਬਾਬਾ ਖੜਕ ਸਿੰਘ, ਪ੍ਰਸਿੱਧ ਦੇਸ਼ ਭਗਤ ਜਨਰਲ ਮੋਹਨ ਸਿੰਘ ਆਈ. ਐਨ. ਏ. (ਪਿੰਡ ਉਗੋਕੇ), ਬ੍ਰਿਗ. ਬਿਕ੍ਰਮਜੀਤ ਸਿੰਘ ਬਾਜਵਾ ਸਾਬਕ ਡਿਪਟੀ ਸਪੀਕਰ, ਸਰ ਜ਼ਫਰ ਉੱਲਾ, ਸਰ ਸ਼ਹਾਬੁਦ-ਦੀਨ, ਲਾਲਾ ਭੀਮਸੈਨ ਸੱਚਰ, ਅਕਾਲੀ ਲੀਡਰ ਹਰਚਰਨ ਸਿੰਘ ਬਾਜਵਾ ਆਦਿ । ਡਾਕਟਰਾਂ ਵਿਚੋਂ ਸਰਦਾਰ ਬਹਾਦਰ ਡਾ. ਸੋਹਨ ਸਿੰਘ (ਅੱਖਾਂ ਦਾ ਪ੍ਰਸਿੱਧ ਮਾਹਿਰ) ਅਤੇ ਡਾ. ਵਿਰਸਾ ਸਿੰਘ ਬਾਜਵਾ (ਇਹ ਦੋਵੇਂ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਾਸੀ ਬਣ ਗਏ ਸਨ) । ਰਈਸਾਂ ਵਿਚੋਂ ਸਰਦਾਰ ਬਹਾਦਰ ਸ. ਸ਼ਿਵਦੇਵ ਸਿੰਘ ਡਸਕਾ, ਸ. ਬਹਾਦਰ ਗੁਰਦਿਆਲ ਸਿੰਘ ਬਾਜਵਾ ਤੇ ਸਰਦਾਰ ਬਹਾਦਰ ਅਪਾਰ ਸਿੰਘ ਬਾਜਵਾ (ਕਲਾਸਵਾਲੀਏ.) ਸ. ਬਲਵੰਤ ਸਿੰਘ ਸਿਰਾਂਵਾਲੀ, ਸਰਦਾਰ ਬਹਾਦਰ ਨਿਹਾਲ ਸਿੰਘ ਡਿਪਟੀ ਕਮਨਿਸ਼ਨਰ, ਕਪਤਾਨ ਮਾਨ ਸਿੰਘ ਬੈਂਕੇ ਚੀਮੇ ਆਦਿ ।

ਆਤਮਕ ਆਕਾਸ਼ ਦੇ ਸੂਰਜ ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਜੀ ਕਿਲ੍ਹਾ ਸੂਬਾ ਸਿੰਘ ਵਾਲੇ ਵੀ ਸਿੱਖ ਸਮਾਜ ਨੂੰ ਸਿਆਲਕੋਟ ਜ਼ਿਲੇ ਦੀ ਇਕ ਬਹੁਤ ਵੱਡੀ ਦੇਣ ਸਨ ।

ਸਿਆਲਕੋਟ ਦੇ ਲੋਕ ਬਹੁਤ ਮਿਹਨਤੀ, ਸਾਊ, ਅਮਨਪਸੰਦ ਅਤੇ ਗੈਰਤਮੰਦ ਸਨ । ਜੱਟਾਂ ਦੀਆਂ ਪ੍ਰਮੁਖ ਗੋਤਾਂ ਸਿਆਲਕੋਟ ਜਿਲੇ ਵਿਚ ਇਹ ਸਨ : ਬਾਜਵਾ, ਚੀਮਾ, ਸਾਹੀ, ਘੁੰਮਣ, ਢੀਂਡਸਾ, ਸੰਧੂ, ਭਿੰਡਰ, ਗੁਰਾਇਆ ਨਾਗਰਾ, ਕਾਹਲੋਂ ਵੜੈਚ, ਬਸਰਾ ਆਦਿ । ਖੱਤਰੀਆਂ ਦੀਆਂ ਮਸ਼ਹੂਰ ਗੋਤਾਂ ਸਨ : ਪੁਰੀ, ਬਹਿਲ, ਵਡਹਿਰਾ, ਭਾਟੀਆ, ਚੱਢਾ, ਦੁੱਗਲ, ਕੋਹਲੀ, ਨੰਦਾ, ਸਾਹਨੀ, ਹਾਂਡਾ ਸੱਚਰ, ਆਦਿ । ਸਿਆਲਕੋਟ ਜ਼ਿਲੇ ਦੇ ਉੱਘੇ ਪਿੰਡ ਤੇ ਕਸਬੇ ਇਹ ਸਨ : ਨਾਰੋਵਾਲ, ਰਈਆ, ਬੱਦੋਮਲੀ ਪਸਰੂਰ, ਕਲਾਸਵਾਲਾ, ਡਸਕਾ, ਘਣਤਲ, ਉਗੋਕੇ,ਬੇਗੋਵਾਲ, ਵੱਡਾਲਾ ਸੰਧੂਆਂ, ਸਤਰਾਹ,ਸੰਭੜਿਆਲ, ਭੋਪਾਲਵਾਲਾ, ਸਾਹੂਵਾਲਾ, ਧੌਂਕਲ, ਹੱਲੋਵਾਲ, ਗੋਜਰਾ, ਸੋਧਰਾ, ਗੁਰੂ ਕੀ ਗਲੋਟੀਆਂ, ਜਾਮਕੇ ਆਦਿ । ਸਾਡੇ ਜੱਦੀ ਪਿੰਡ ਸੌਂਕਣ ਵਿੰਡ ਦੇ ਨੇੜੇ ਗੁੱਲੂ ਸ਼ਾਹ ਦਾ ਮੇਲਾ ਬਹੁਤ ਭਰਦਾ ਸੀ ਤੇ ਦੂਰ ਦੂਰ ਤਕ ਮਸ਼ਹੂਰ ਸੀ ਅਤੇ ਇਸਦੀ ਰੌਣਕ ਦੇਖਣ ਵਾਲੀ ਹੁੰਦੀ ਸੀ । ਇਹ ਜ਼ਿਲਾ ਸਿਆਲਕੋਟ, ਸ੍ਰੀ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਤੋਂ ਉੱਤਰ ਵਲ ਦਰਿਆ ਰਾਵੀ ਤੋਂ ਪਾਰ ਸਥਿਤ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਆਲਕੋਟ ਜ਼ਿਲੇ ਦੇ ਵਾਸੀ ਰੁਮਾਂਟਿਕ ਤੇ ਅਲਬੇਲੀ ਤਬੀਅਤ ਦੇ ਮਾਲਕ ਸਨ, ਨਾਚ ਗਾਣੇ, ਰਾਗ ਰੰਗ ਦੇ ਸ਼ੌਕੀਨ। ਕਹਿੰਦੇ ਹਨ ਪ੍ਰਸਿੱਧ ਤੇ ਸਰਬ-ਪ੍ਰੀਅ ਲੋਕ-ਨਾਚ ਭੰਗੜਾ ਇਥੋਂ ਦੇ ਲੋਕਾਂ ਦੀ ਕਾਢ ਸੀ ਜੋ ਹੁਣ ਜਗਤ-ਪ੍ਰਸਿੱਧ ਹੋ ਗਿਆ ਹੈ। ਮਹਾਨ ਆਧੁਨਿਕ ਕਵੀ ਮੋਹਨ ਸਿੰਘ ਇਕ ਥਾਂ ਲਿਖਦਾ ਹੈ ਕਿ ਵਸਾਖੀ ਦੇ ਮੌਕੇ ਜਦ ਕਣਕਾਂ ਪੱਕੀਆਂ ਤਾਂ ਇਕ ਸਿਆਲਕੋਟੀ ਕਿਸਾਨ ਵਾਢੀ ਕਰਕੇ ਸ਼ਾਮ ਨੂੰ ਪਰਤਿਆ ਤਾਂ ਘਰ ਉਸਦੀ ਲੜਕੀ ਨੇ ਥਾਲ ਵਿਚ ਰੋਟੀਆਂ ਉੱਤੇ ਸ਼ੱਕਰ ਘਿਓ ਪਾਇਆ ਤਾਂ ਉਸਦੇ ਸਾਮ੍ਹਣੇ ਲਿਆ ਕੇ ਖਾਣ ਲਈ ਥਾਲ ਰਖਿਆ ਹੀ ਸੀ ਕਿ ਭੰਗੜੇ ਦੇ ਢੋਲ ਦਾ ਡਗਾ ਵੱਜ ਗਿਆ। ਉਸ ਜੱਟ ਨੇ ਇਕ ਦਮ ਉੱਠ ਕੇ ਢੋਲ ਦੇ ਤਾਲ ਤੇ ਨੱਚਦੇ ਹੋਏ ਕੁੜੀ ਨੂੰ ਆਖਿਆ, 'ਬੱਸ ਓ ਬੱਚੀ ਬੱਸ, ਬੱਸ ਓ ਬੱਚੀ ਬੱਸ' ਤੇ ਨੱਚਦਾ ਹੋਇਆ ਭੰਗੜੇ ਦੇ ਪਿੜ ਵਲ ਦੌੜ ਗਿਆ।

ਸਰਗੋਧੇ ਦਾ ਜੰਮ ਪਲ ਹੋਣ ਕਰਕੇ ਮੈਨੂੰ ਸਿਆਲਕੋਟ ਜ਼ਿਲੇ ਵਿਚ ਜਾਣ ਦਾ ਬਹੁਤ ਘੱਟ ਅਵਸਰ ਮਿਲਿਆ, ਫਿਰ ਦੇਸ਼ ਵੰਡ ਹੋ ਗਈ, ਇਸ ਲਈ ਇਸ ਕਾਂਡ ਵਿਚ ਅੰਕਿਤ ਜਾਣਕਾਰੀ ਕੁਝ ਨਿੱਜੀ ਖੋਜ ਤੇ ਆਧਾਰਿਤ ਹੈ ਤੇ ਕੁਝ ਆਪਣੇ ਵਿਦਵਾਨ ਦਾਦਾ ਜੀ ਦੀ ਸੰਨ 1885 ਤੋਂ ਸ਼ੁਰੂ ਕਰਕੇ ਲਿਖੀ ਹੋਈ ਡਾਇਰੀ ਦੇ ਆਧਾਰ ਤੇ ਦਿਤੀ ਗਈ ਹੈ।

ਜੱਦੀ ਪਿੰਡ ਤੇ ਵਡੇਰੇ

ਸਾਡਾ ਜੱਦੀ ਪਿੰਡ ਸੌਂਕਣਵਿੰਡ ਸਿਆਲਕੋਟ ਦੀ ਤਹਿਸੀਲ ਪਸਰੂਰ ਵਿਚ, ਬਰਸਾਤੀ ਨਦੀ ਡੇਕ ਦੇ ਕੰਢੇ ਤੇ ਸਥਿਤ ਸੀ, ਬਾਜਵਾ ਸਰਦਾਰਾਂ ਦੇ ਮਸ਼ਹੂਰ ਕਸਬੇ ਕਲਾਸਵਾਲਾ ਤੋਂ 2 ਮੀਲ ਦੇ ਫਾਸਲੇ ਤੇ। ਇਥੇ ਸ਼ਾਇਦ ਪੁਰਾਤਨ ਸਮੇਂ ਵਿਚ ਦੋ ਸੌਂਕਣਾਂ ਲੜ ਕੇ ਮਰ ਗਈਆਂ ਸਨ, ਇਸ ਲਈ ਇਹ ਨਾਂ ਪੈ ਗਿਆ। ਦਰਿਆ ਰਾਵੀ ਇਥੋਂ 10 ਕੁ ਮੀਲ ਦੱਖਣ ਵਲ ਹੈ। ਇਥੇ ਸਾਡੇ ਦਾਦਾ ਜੀ ਸਰਦਾਰ ਸਾਹਿਬ ਸੂਬੇਦਾਰ ਸ਼ੇਰ ਸਿੰਘ 1858 ਈ. ਵਿਚ ਢੀਂਡਸਾ ਗੋਤ ਦੇ ਜੱਟ ਸ. ਹੀਰਾ ਸਿੰਘ ਦੇ ਘਰ ਪੈਦਾ ਹੋਏ। ਇਸ ਪਿੰਡ ਵਿਚ ਜ਼ੈਲਦਾਰ ਬਸੰਤ ਸਿੰਘ, ਡਾ. ਮੂਲਾ ਸਿੰਘ, ਡਾ. ਮਿਲਖਾ ਸਿੰਘ, ਸ. ਗਿਆਨ ਸਿੰਘ ਐਗਰੀਕਲਚਰ ਅਫ਼ਸਰ ਅਤੇ ਮਾਸਟਰ ਈਸ਼ਰ ਸਿੰਘ ਜੋ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਵਿਚ ਨੌਕਰੀ ਕਰਦੇ ਰਹੇ, ਉੱਘੇ ਵਿਅਕਤੀ ਹੋਏ ਹਨ। ਦਾਦਾ ਜੀ ਦੇ ਤਿੰਨ ਛੋਟੇ ਭਾਈ ਸਨ, ਸ. ਹੇਮ ਸਿੰਘ (ਜਨਮ 1865), ਸ. ਵੀਰ ਸਿੰਘ (ਜ. 1876) ਅਤੇ ਸ. ਅਰਜਨ ਸਿੰਘ (ਜ. 1879)। ਸ. ਹੇਮ ਸਿੰਘ ਦੇ ਵੱਡੇ ਸਪੁੱਤਰ ਡਾ. ਕਿਸ਼ਨ ਸਿੰਘ (ਜ. 1887) ਬੜੇ ਲਾਇਕ ਤੇ ਹਿੰਮਤੀ ਪੁਰਸ਼ ਸਨ, ਉਨ੍ਹਾਂ ਦਾ ਜ਼ਿਕਰ ਅੱਗੇ ਕਈ ਥਾਵਾਂ ਤੇ ਆਏਗਾ। ਉਨ੍ਹਾਂ ਦੇ ਦੂਜੇ ਸਪੁਤਰ ਸ. ਤੇਜਾ ਸਿੰਘ (ਜ. 1889) ਦੇ ਇਕਲੌਤੇ ਲੜਕੇ ਮੇਜਰ ਪਿਆਰਾ ਸਿੰਘ (ਜ. 1915) ਦਾ ਹਾਲ ਵੀ ਅੱਗੇ ਆਏਗਾ। ਸ. ਵੀਰ ਸਿੰਘ ਦੇ ਪੰਜ ਸਪੁਤਰ ਸਨ, ਉਨ੍ਹਾਂ ਦਾ ਉਲੇਖ ਬਚਪਨ ਵਾਲੇ ਕਾਂਡ ਵਿਚ 'ਜਾਂਗਲੀ ਚੋਰਾਂ ਦਾ ਡੇਰਾ' ਸਿਰਲੇਖ ਹੇਠ ਲਿਖੀ ਵਾਰਤਾ ਵਿਚ ਆਏਗਾ। ਸ. ਅਰਜਨ ਸਿੰਘ ਦਾ ਭਰ ਜਵਾਨੀ ਵਿਚ 1903 ਵਿਚ ਦਿਹਾਂਤ ਹੋ ਗਿਆ ਤੇ ਉਨ੍ਹਾਂ ਦਾ ਸਪੁਤਰ ਸ. ਗੁਰਮੁਖ ਸਿੰਘ ਪਿਤਾ ਦੇ ਦੇਹਾਂਤ ਤੋਂ ਦੋ ਮਹੀਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਅਦ ਪੈਦਾ ਹੋਇਆ।

ਦਾਦਾ ਜੀ ਦੇ ਪਿਤਾ ਜੀ ਦਾ ਦੇਹਾਂਤ 1886 ਵਿਚ ਹੋਇਆ, ਜਿਸ ਬਾਰੇ ਦਾਦਾ ਜੀ ਦੀ (ਉਰਦੂ ਵਿਚ ਲਿਖੀ) ਡਾਇਰੀ ਵਿਚ ਨੋਟ ਇਸ ਤਰ੍ਹਾਂ ਦਰਜ ਹੈ :

"ਮਵਰਖ਼ਾ 16 ਮਾਹ ਸਤੰਬਰ ਸੰਨ 1886 ਮੁਤਾਬਕ 2, ਮਾਹ ਅਸੂ ਸੰਮਤ 1943 ਬਰੋਜ਼ ਵੀਰਵਾਰ, ਰਾਤ ਕੋ ਬਵਕਤ ਡੇਢ ਪਹਿਰ ਗੁਜ਼ਸ਼ਤਾ, ਵਾਲਿਦ ਬਜ਼ੁਰਗਵਾਰ ਸੁਰਗਾ ਪਰੀ ਕੋ ਰਵਾਨਾ ਹੂਏ—ਤਹਿਰੀਰ ਤਾਰੀਖ 14 ਅਕਤੂਬਰ 1886 ਬਕਲਮ ਸ਼ੇਰ ਸਿੰਘ (ਦਸਖਤ—ਸ਼ੇਰ ਸਿੰਘ ਹੌਲਦਾਰ)"

ਲਾਇਕ ਤੇ ਵੱਡੇ ਸਪੁੱਤਰ ਹੋਣ ਕਰਕੇ ਦਾਦਾ ਜੀ ਨੇ ਆਪਣੇ ਪਿਤਾ ਜੀ ਦਾ ਘਰ ਦੇ ਕੰਮ ਕਾਜ ਤੇ ਮਾਲੀ ਹਾਲਤ ਸੁਧਾਰਨ ਵਿਚ ਪੂਰਾ ਹੱਥ ਵਟਾਇਆ, ਖਾਸ ਕਰਕੇ ਨੌਕਰੀ ਸ਼ੁਰੂ ਹੋਣ ਉਪਰੰਤ। ਫਿਰ ਆਪਣੇ ਪਿਤਾ ਜੀ ਦੇ ਦੇਹਾਂਤ ਤੋਂ ਬਾਅਦ ਤਾਂ ਸਾਰੇ ਵੱਡੇ ਪਰਵਾਰ ਦੀ ਜ਼ਿਮਾਦਾਰੀ ਉਨ੍ਹਾਂ ਦੇ ਸਿਰ ਤੇ ਪੈ ਗਈ। ਇਥੋਂ ਤਕ ਕਿ ਆਪਣੇ ਤਾਏ ਤੇ ਚਾਚੇ ਸ. ਹਰੀ ਸਿੰਘ ਤੇ ਸ. ਪ੍ਰੇਮ ਸਿੰਘ, ਦੇ ਪਰਵਾਰਾਂ ਦੀ ਵੀ ਹਰ ਪ੍ਰਕਾਰ ਮਦਦ ਕਰਦੇ ਰਹੇ। ਆਪਣੀ ਨੌਕਰੀ ਵਿਚੋਂ ਰੁਪਏ ਬਚਾ ਕੇ ਪਿੰਡ ਦੇ ਮਹਾਜਨ ਗੁਰਮੁਖ ਸ਼ਾਹ ਨਾਲ ਸਾਰੇ ਪਰਿਵਾਰ ਦੇ ਲੈਣ ਦੇਣ ਦਾ ਹਿਸਾਬ ਦਾਦਾ ਜੀ ਹੀ ਕਰਦੇ ਰਹੇ, ਜਿਸ ਬਾਰੇ ਉਨ੍ਹਾਂ ਦੀ ਡਾਇਰੀ ਵਿਚ ਨੋਟ ਦਰਜ ਹਨ। ਆਪਣੇ ਛੋਟੇ ਤਿੰਨ ਭਰਾਵਾਂ ਦੀ ਸ਼ਾਦੀ ਦਾਦਾ ਜੀ ਨੇ ਕੀਤੀ ਜਿਸ ਦੇ ਖਰਚਾਂ ਦਾ ਵੇਰਵਾ ਤੇ ਤਾਰੀਖਾਂ ਡਾਇਰੀ ਵਿਚ ਲਿਖੀਆਂ ਹਨ। ਇਸੇ ਤਰ੍ਹਾਂ ਆਪਣੇ ਭਤੀਜਿਆਂ ਭਤੀਜੀਆਂ ਦੀ ਸ਼ਾਦੀ ਵੀ ਕੀਤੀ। ਛੋਟੇ ਭਾਈ ਅਰਜਨ ਸਿੰਘ ਨੂੰ ਰੁੜਕੀ ਵਿਚ ਓਵਰਸੀਅਰ ਦਾ ਕੋਰਸ ਕਰਾਇਆ। ਆਪਣੇ ਭਤੀਜੇ ਕਿਸ਼ਨ ਸਿੰਘ ਨੂੰ ਆਗਰਾ ਮੈਡੀਕਲ ਸਕੂਲ ਵਿਚ ਡਾਕਟਰੀ ਦਾ ਕੋਰਸ ਕਰਾਇਆ। ਫਿਰ ਆਪਣੇ ਯਤੀਮ ਭਤੀਜੇ, ਗੁਰਮੁਖ ਸਿੰਘ (ਸਪੁਤਰ ਅਰਜਨ ਸਿੰਘ) ਨੂੰ ਸਰਗੋਧੇ ਆਪਣੇ ਪਾਸ ਰਖਕੇ ਪਾਲਿਆ ਪੜ੍ਹਾਇਆ ਤੇ ਸ਼ਾਦੀ ਕੀਤੀ। ਗੁਰਮੁਖ ਸਿੰਘ ਅਤੇ ਇਕ ਹੋਰ ਭਤੀਜੇ ਧਿਆਨ ਸਿੰਘ (ਜ. 1404) ਸਪੁਤਰ ਸ. ਵੀਰ ਸਿੰਘ, ਦੋਹਾਂ ਨੂੰ ਟੈਕਨੀਕਲ ਕੰਮ ਦੀ ਸਿਖਲਾਈ ਦਿਲਾ ਕੇ ਮਕੈਨਿਕ ਵਜੋਂ ਡਾ. ਕਿਸ਼ਨ ਸਿੰਘ ਨਾਲ ਨੌਕਰੀ ਲਈ ਕੀਨੀਆ (ਅਫਰੀਕਾ) ਭੇਜਿਆ।

ਦਾਦਾ ਜੀ ਦੇ ਪਰਉਪਕਾਰ ਅਣਗਿਣਤ ਹਨ। ਉਨ੍ਹਾਂ ਨੇ ਆਪਣੇ ਚਚੇਰੇ ਭਾਈ ਲਹਿਣਾ ਸਿੰਘ ਨੂੰ ਫੌਜ ਵਿਚ ਭਰਤੀ ਕਰਾਇਆ, ਜੋ ਹੌਲਦਾਰ ਵਜੋਂ ਰਿਟਾਇਰ ਹੋਏ ਤੇ ਸਾਡੇ ਪਿਤਾ ਜੀ ਦੇ ਦੇਹਾਂਤ ਉਪਰੰਤ ਕੁਝ ਸਾਲ ਸਰਬਰਾਹ ਜ਼ੈਲਦਾਰ ਬਣ ਕੇ ਸਰਗੋਧੇ ਸਾਡੇ ਪਿੰਡ ਵਿਚ ਰਹੇ। ਦੋ ਭਤੀਜਿਆਂ ਖਜ਼ਾਨ ਸਿੰਘ ਤੇ ਤਾਰਾ ਸਿੰਘ (ਪੁਤਰਾਨ ਸ. ਵੀਰ ਸਿੰਘ) ਨੂੰ ਵੀ ਫੌਜ ਵਿਚ ਭਰਤੀ ਕਰਾਇਆ। ਉਹ ਵੀ ਹੌਲਦਾਰੀ ਪੈਨਸ਼ਨ ਆਏ। ਦਾਦਾ ਜੀ ਦੀ ਵੱਡੀ ਸਾਲੀ ਸਿਆਲਕੋਟ ਦੇ ਪਿੰਡ ਕੋਟ ਅਣੀ ਸਿੰਘ ਵਿਚ ਵਿਆਹੀ ਸੀ, ਉਥੇ ਆਪਣੇ ਸਾਂਢੂ ਦੇ ਭਤੀਜੇ ਸ. ਦੇਵਾ ਸਿੰਘ ਨੂੰ ਫੌਜ ਵਿਚ ਭਰਤੀ ਕਰਵਾਇਆ, ਜੋ ਜਮਾਂਦਾਰੀ ਪੈਨਸ਼ਨ ਆਏ। ਉਨ੍ਹਾਂ ਦੇ ਸਪੁਤਰ ਲੈਫ. ਜੈਨਰਲ ਜੋਗਿੰਦਰ ਸਿੰਘ ਗੁਰਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਰਿਟਾ.) ਅੱਜ ਕਲ ਚੰਡੀਗੜ੍ਹ ਵਿਚ ਨਿਵਾਸ ਕਰਦੇ ਹਨ। ਮੇਰੀ ਪਤਨੀ ਦੇ ਮਾਤਾ ਜੀ ਵੀ ਇਸੇ ਗੁਰਾਇਆ ਪਰਵਾਰ ਵਿਚੋਂ ਹਨ। ਫਿਰ ਦਾਦਾ ਜੀ ਆਪਣੀ ਇਸੇ ਸਾਲੀ ਦੇ ਪੁਤਰ (ਸ. ਬੂਟਾ ਸਿੰਘ) ਤੇ ਪੋਤਰੇ (ਭਾਈ ਰਾਮ ਸਿੰਘ) ਨੂੰ ਆਪਣੇ ਪਾਸ ਸਰਗੋਧੇ ਲੈ ਗਏ ਤੇ ਉਨ੍ਹਾਂ ਨੂੰ ਚਕ 20 (ਗੰਗਾ ਨਗਰ) ਵਿਚ ਜ਼ਮੀਨ ਲੈ ਦਿਤੀ। ਅੱਜ ਕਲ ਭਾਈ ਰਾਮ ਸਿੰਘ ਦਾ ਪਰਵਾਰ ਤਰੱਕੀ ਕਰਕੇ ਵੱਡੇ ਜ਼ਿਮੀਦਾਰ ਬਣ ਗਏ ਹਨ ਤੇ ਗੰਗਾ ਨਗਰ ਤੋਂ ਉੱਠਕੇ ਫਾਜ਼ਲਕਾ ਨੇੜੇ ਆ ਵੱਸੇ ਹਨ। ਮੇਰਾ ਤੇ ਮੇਰੇ ਜੋੜੇ ਭਾਈ ਦਲੀਪ ਸਿੰਘ ਦਾ ਰਿਸ਼ਤਾ ਭਾਈ ਰਾਮ ਸਿੰਘ ਨੇ ਹੀ ਕਰਾਇਆ ਸੀ।

ਦਾਦਾ ਜੀ ਨੇ ਆਪਣੇ ਛੋਟੇ ਭਾਈ ਵੀਰ ਸਿੰਘ ਨੂੰ ਸਾਡੇ ਸਰਗੋਧੇ ਵਾਲੇ ਪਿੰਡ (ਚਕ 115) ਦੇ ਨੇੜੇ ਚਕ 46 ਵਿਚ ਘੋੜੀ ਪਾਲ ਜ਼ਮੀਨ ਲੈ ਦਿਤੀ। ਇਸ ਲਈ ਆਪਣੀ ਤੇ ਬਾਪੂ ਵੀਰ ਸਿੰਘ ਦੀ ਪਿਛਲੀ ਸੌਂਕਣਵਿੰਡ ਵਾਲੀ ਜ਼ਮੀਨ ਦੀ ਆਮਦਨ ਆਪਣੇ ਮਾਤਾ ਜੀ (ਮਾਈ ਸਾਹਿਬਾ) ਦੇ ਨਿੱਜੀ ਖਰਚਾਂ ਲਈ ਨਿਸਚਿਤ ਕਰ ਦਿਤੀ, ਤੇ ਬਾਕੀ ਦੋ ਭਰਾਵਾਂ ਹੇਮ ਸਿੰਘ ਤੇ ਅਰਜਨ ਸਿੰਘ ਦੀ ਜ਼ਮੀਨ ਉਨ੍ਹਾਂ ਪਾਸ ਹੀ ਰਹੀ। ਇਹ ਪ੍ਰਬੰਧ ਦਾਦਾ ਜੀ ਨੇ 1906 ਵਿਚ ਜਦ ਉਹ ਪੈਨਸ਼ਨ ਲੈਣ ਉਪਰੰਤ ਸਰਗੋਧੇ ਚਲੇ ਗਏ ਤਾਂ ਇਕ ਲਿਖਤੀ ਫੈਸਲੇ ਅਨੁਸਾਰ ਕੀਤਾ ਜਿਸ ਦਾ ਜ਼ਿਕਰ ਡਾਇਰੀ ਵਿਚ ਦਰਜ ਹੈ। ਪੂਜਯ ਮਾਈ ਸਾਹਿਬਾ ਸੌਂਕਣਵਿੰਡ ਪਿੰਡ ਵਿਚ ਹੀ ਰਹੇ ਅਤੇ 1912 ਵਿਚ ਸੁਰਗਵਾਸ ਹੋਏ।

ਸਮੇਂ ਦੇ ਰਿਵਾਜ ਅਨੁਸਾਰ ਦਾਦਾ ਜੀ ਦੀ ਸ਼ਾਦੀ 11 ਸਾਲ ਦੀ ਉਮਰ ਵਿਚ (1869 ਵਿਚ) ਕੀਤੀ ਗਈ। ਉਦੋਂ ਵਿਆਹ ਸਮੇਂ ਲੜਕੇ ਤੇ ਲੜਕੀ ਦਾ ਛੋਟੀ ਉਮਰ ਦਾ ਹੋਣਾ ਚੰਗਾ ਸਮਝਦੇ ਸਨ ਤੇ ਮੁਕਲਾਵਾ 2 4 ਸਾਲ ਬਾਅਦ ਲਿਆਉਂਦੇ ਸਨ। ਵਿਆਹ ਦੇ ਫੇਰੇ ਵੇਦੀ ਦੁਆਲੇ ਹੁੰਦੇ ਸਨ। ਲੜਕੇ ਤੇ ਲੜਕੀ ਨੂੰ ਕੁਛੜ ਚੁਕਕੇ ਵੇਦੀ ਤਕ ਲਿਆਉਂਦੇ ਸਨ। ਦਾਦਾ ਜੀ ਦੱਸਦੇ ਸਨ ਕਿ ਜਦ ਬਰਾਤ ਉਨ੍ਹਾਂ ਦੇ ਸੁਹਰੇ ਪਿੰਡ ਫਤਹਗੜ ਚੀਮਿਆਂ (ਜੋ ਡਸਕੇ ਦੇ ਨੇੜੇ ਸੀ) ਗਈ ਤਾਂ ਫੇਰਿਆ ਸਮੇਂ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਚੁੱਕ ਕੇ ਵੇਦੀ ਪਾਸ ਬਿਠਾਇਆ। ਗੁਰੂ ਗ੍ਰੰਥ ਸਾਹਿਬ ਦੁਆਲੇ ਫੇਰੇ ਲੈਣ ਦੀ ਪ੍ਰਥਾ ਕਾਫੀ ਸਾਲਾਂ ਬਾਅਦ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਪ੍ਰਚਲਿਤ ਹੋਈ।

ਦਾਦਾ ਜੀ ਦੇ ਦੱਸਣ ਅਨੁਸਾਰ ਉਨ੍ਹਾਂ ਦੀ ਪੜ੍ਹਾਈ ਕੁਝ ਦੇਰ ਨਾਲ ਸ਼ੁਰੂ ਹੋਈ ਪਰ ਕੁਦਰਤ ਵਲੋਂ ਮਿਲੀ ਦਿਮਾਗੀ ਯੋਗਤਾ ਕਾਰਨ ਇਹ ਕਮੀ ਉਨ੍ਹਾਂ ਛੇਤੀ ਹੀ ਰਪੂੀ ਕਰ ਲਈ ਅਤੇ ਫਿਰ ਹਰ ਜਮਾਤ ਵਿਚ ਪਹਿਲੇ ਨੰਬਰ ਤੇ ਆਉਂਦੇ ਰਹੇ। ਉਨ੍ਹਾਂ ਨੇ ਪਹਿਲੇ ਕੁਝ ਸਾਲ ਪਿੰਡ ਦੇ ਨੇੜੇ ਦੇ ਸਕੂਲਾਂ ਵਿਚ ਵਿਦਿਆ ਪ੍ਰਾਪਤ ਕੀਤੀ ਤੇ ਮੈਟਰਿਕ (ਓਦੋਂ ਐਨਟਰੈਂਸ ਕਹਿੰਦੇ ਸਨ) ਸ੍ਰੀ ਅੰਮ੍ਰਿਤਸਰ ਦੇ ਕੋਤਵਾਲੀ ਨੇੜੇ ਸਥਿਤ ਸਰਕਾਰੀ ਹਾਈ ਸਕੂਲ ਵਿਚੋਂ ਸੰਨ 1881 ਵਿਚ ਚੰਗੇ ਨੰਬਰ ਲੈ ਕੇ ਪਾਸ ਕੀਤੀ। ਇਹ ਸਕੂਲ ਉਸ ਸਮੇਂ ਪੰਜਾਬ ਦੇ ਸਭ ਤੋਂ ਪਹਿਲੇ ਤੇ ਚੰਗੇ ਹਾਈ ਸਕੂਲਾਂ ਵਿਚੋਂ ਸੀ। ਪ੍ਰਸਿੱਧ ਪੰਜਾਬੀ ਕਵੀ ਤੇ ਸਾਹਿੱਤਕਾਰ ਭਾ. ਵੀਰ ਸਿੰਘ ਨੇ ਵੀ ਇਸੇ ਸਕੂਲ ਵਿਚੋਂ 1888 ਵਿਚ ਮੈਟਰਿਕ ਸਾਰੇ ਜ਼ਿਲੇ ਵਿਚੋਂ ਪਹਿਲੇ ਨੰਬਰ ਤੇ ਰਹਿ ਕੇ ਪਾਸ ਕੀਤੀ। ਦਾਦਾ ਜੀ ਦੱਸਦੇ ਸਨ ਕਿ ਉਹ ਪਿੰਡ ਤੋਂ ਸਰਕਾਰੀ ਹਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕੂਲ ਜਾਣ ਵਾਸਤੇ ਪੈਦਲ, ਕਿਰਾਏ ਦੇ ਘੋੜੇ ਜਾਂ ਟਾਂਗੇ ਤੇ ਕਿਲ੍ਹੇ ਵਾਲੇ ਮਹਾਨ ਸੰਤ ਬਾਬਾ ਜੀ ਦੇ ਪਿੰਡ (ਕਿਲ੍ਹਾ ਸੂਬਾ ਸਿੰਘ) ਤੋਂ ਲੰਘ ਕੇ ਅੱਗੇ ਪਿੰਡ ਬੱਦੋਮਲੀ ਦੇ ਨੇੜੇ ਦਰਿਆ ਰਾਵੀ ਦੇ ਪਤਣ ਨੂੰ ਪਾਰ ਕਰਦੇ ਸਨ ਤੇ ਫਿਰ ਅਜਨਾਲੇ ਤੇ ਰਾਜਾ ਸਾਂਸੀ ਦੇ ਰਸਤੇ ਸ੍ਰੀ ਅੰਮ੍ਰਿਤਸਰ ਪਹੁੰਚਦੇ ਸਨ। ਇਹ ਸਾਰਾ ਫ਼ਾਸਲਾ ਲਗ ਪਗ 30 ਕੁ ਮੀਲਾਂ ਦਾ ਹੁੰਦਾ ਸੀ।

ਮੈਟਰਿਕ ਤੋਂ ਬਾਅਦ ਦਾਦਾ ਜੀ 1881 ਵਿਚ ਗੌਰਮਿੰਟ ਕਾਲਜ ਲਾਹੌਰ ਵਿਚ ਜਾ ਦਾਖਲ ਹੋਏ। ਗੌਰਮਿੰਟ ਕਾਲਜ ਵਿਚ ਪੰਜਾਬ ਦੇ ਬਹੁਤ ਚੰਗੇ ਤੇ ਸਰਦੇ ਪੁੱਜਦੇ ਘਰਾਂ ਦੇ ਲੜਕੇ ਹੀ ਦਾਖਲ ਹੁੰਦੇ ਸਨ। ਪਹਿਲੇ ਸਾਲ ਦੀ ਪੜ੍ਹਾਈ ਦੌਰਾਨ ਹੀ ਕਾਲਜ ਵਿਚ ਫੌਜ ਦੇ ਵਿਦਿਆ ਵਿਭਾਗ ਵਲੋਂ ਅੰਗਰੇਜ਼ ਫੌਜੀ ਅਫਸਰਾਂ ਨੂੰ ਉਰਦੂ ਪੜ੍ਹਾਨ ਲਈ ਯੋਗ ਉਸਤਾਦਾਂ ਦੀ ਮੰਗ ਆਈ। ਪੜ੍ਹਾਈ ਦੀ ਸ਼ਰਤ ਮੈਟਰਿਕ ਸੀ। ਦਾਦਾ ਜੀ ਨੇ ਆਪਣੇ ਘਰ ਦੇ ਹਾਲਾਤ ਨੂੰ ਮੁੱਖ ਰੱਖਕੇ ਫੌਜ ਵਿਚ ਨੌਕਰ ਹੋ ਕੇ ਤਰੱਕੀ ਕਰਨ ਦਾ ਫੈਸਲਾ ਕੀਤਾ। ਇਸ ਤਰ੍ਹਾਂ ਉਹ ਆਪਣੇ ਪਿਤਾ ਜੀ ਦੀ ਮਾਲੀ ਮਦਦ ਕਰਕੇ ਉਨ੍ਹਾਂ ਦਾ ਪਰਿਵਾਰਕ ਬੋਝ ਹੋਲਾ ਕਰ ਸਕਦੇ ਸਨ। ਸੰ 1882 ਦੇ ਆਰੰਭ ਵਿਚ ਉਹ ਫੌਜ ਵਿਚ ਉਰਦੂ ਉਸਤਾਦ (Instructor) ਵਜੋਂ ਭਰਤੀ ਹੋ ਗਏ।

ਆਪਣੇ ਕਾਲਜ ਜੀਵਨ ਬਾਰੇ ਉਨ੍ਹਾਂ ਦੀ ਦੱਸੀ ਹੋਈ ਇਕ ਗੱਲ ਮੈਨੂੰ ਯਾਦ ਹੈ। ਉਨ੍ਹਾਂ ਦੇ ਫ਼ਾਰਸੀ ਉਰਦੂ ਦੇ ਪ੍ਰੋਫੈਸਰ ਮੌਲਵੀ ਮੁਹੰਮਦ ਹੁਸੈਨ 'ਆਜ਼ਾਦ' ਦਿਹਲਵੀ ਜੋ ਹਿੰਦੁਸਤਾਨ ਦੇ ਪ੍ਰਸਿੱਧ ਵਿਦਵਾਨ ਅਤੇ ਸ਼ਾਇਰ ਸਨ, ਆਪਣੇ ਉਸਤਾਦ ਜ਼ੌਕ ਦਿਹਲਵੀ ਦਾ ਇਹ ਸ਼ਿਅਰ ਕਲਾਸ ਵਿਚ ਆਮ ਤੌਰ ਤੇ ਸੁਣਾਂਦੇ ਸਨ :

ਨਹੀਂ ਖਿਜ਼ਾਬ ਸੇ ਮਤਲਬ ਮਗਰ ਯਿਹ ਮੂਇ ਸਫ਼ੈਦ
ਸ਼ਿਆਹ ਪੋਸ਼ ਹੂਏ ਮਾਤਮਿ ਜਵਾਨੀ ਮੇਂ।

ਅਰਥਾਤ ਸਾਨੂੰ ਵਸਮੇਂ ਨਾਲ ਮਤਲਬ ਨਹੀਂ। ਇਹ ਸਾਡੇ ਚਿੱਟੇ ਵਾਲ ਜਵਾਨੀ ਦੇ ਸੋਗ ਵਿਚ ਹੀ ਕਾਲੇ ਹੋ ਗਏ ਹਨ। ਮਾਤਮ ਸਮੇਂ ਕਾਲੀ ਪੋਸ਼ਾਕ ਪਾਂਦੇ ਹਨ। ਇਹ ਸੁੰਦਰ ਸ਼ਿਅਰ ਵਸਮਾਂ ਲਗਾਣ ਦੇ ਹੱਕ ਵਿਚ ਇਕ ਵਧੀਆ ਕਾਵਿਕ ਦਲੀਲ ਹੈ। ਮੌਲਵੀ 'ਆਜ਼ਾਦ' ਦਹਿਲਵੀ ਦਾ ਜ਼ਿਕਰ ਅੱਗੇ 'ਲਾਹੌਰ ਵਿਚ ਸੱਤ ਸਾਲ' ਕਾਂਡ ਵਿਚ ਵੀ ਹੋਵੇਗਾ।

ਆਰਮੀ ਸਰਵਿਸ

ਦਾਦਾ ਜੀ 1882 ਵਿਚ 29 ਪੰਜਾਬ ਰੈਜਮੈਂਟ ਵਿਚ ਭਰਤੀ ਹੋਏ। ਚਾਂਦਮਾਰੀ ਦੇ ਹਵਾਲੇ ਨਾਲ ਲਿਖਿਆ ਉਨ੍ਹਾਂ ਦੀ 'ਡਾਇਰੀ' ਦਾ ਇਕ ਨੋਟ ਉਨ੍ਹਾਂ ਦੀ ਸਰਵਿਸ ਦੇ ਪਹਿਲੇ 5 ਸਾਲਾਂ ਬਾਰੇ ਮਹੱਤਵਪੂਰਨ ਹੈ :

"ਰਾਈਫਲ ਨੰ. 769 ਸੇ ਚਾਂਦਮਾਰੀ ਕੀਆ, 1887 ਈ. ਮੇਂ ਔਰ 173 ਪਾਇੰਟ ਬਨਾਇਆ ਮਵਰਖਾ 7 ਸਤੰਬਰ 1887 ਈ.—

		ਪਾਇੰਟ	
ਰੰਗਰੂਟ ਕੋਰਸ	(1882)	160	ਆਗਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਿਲਾ ਸਾਲ	(1883)	123	ਆਗਰਾ
ਦੂਸਰਾ ਸਾਲ	(1884)	140	ਆਗਰਾ
ਤੀਸਰਾ ਸਾਲ	(1885)	161	ਪਿਸ਼ਾਵਰ
ਚੌਥਾ ਸਾਲ	(1886)	156	ਪਿਸ਼ਾਵਰ
ਪਾਂਚਵਾਂ ਸਾਲ	(1887)	173	ਪਿਸ਼ਾਵਰ

1887 ਔਰ 1883 ਕਾ ਇਨਾਮ ਸਾਲਾਨਾ ਚਾਂਦਮਾਰੀ ਕਾ ਮਿਲਾ।" ਉਪਰਲੇ ਨੋਟ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੀ ਸਰਵਿਸ ਰੰਗਰੂਟ ਕੋਰਸ ਕਰਨ ਉਪਰੰਤ 1883 ਤੋਂ ਸ਼ੁਰੂ ਹੋਈ। ਉਨ੍ਹਾਂ ਦੀ ਡਾਇਰੀ ਵਿਚ ਸਭ ਤੋਂ ਪਹਿਲਾ ਨੋਟ ਇਹ ਹੈ :

"12 ਜਨਵਰੀ, 1885 ਈ. ਕੜਾਹ ਪ੍ਰਸ਼ਾਦ ਦਰਬਾਰ ਸਾਹਿਬ ਸਵਾ ਰੁਪਿਆ।" ਦਰਬਾਰ ਸਾਹਿਬ ਤੋਂ ਭਾਵ ਗੁਰੂ ਗ੍ਰੰਥ ਸਾਹਿਬ ਹੈ, ਜਿਵੇਂ ਕਿ ਆਮ ਪ੍ਰਚੱਲਿਤ ਹੈ।

ਨੌਕਰੀ ਦੌਰਾਨ ਦਾਦਾ ਜੀ (ਜਿਵੇਂ ਕਿ ਉਨ੍ਹਾਂ ਦੀ ਡਾਇਰੀ ਤੋਂ ਪਤਾ ਲੱਗਦਾ ਹੈ), ਆਗਰਾ, ਪਿਸ਼ਾਵਰ, ਦਿੱਲੀ ਕਸ਼ਮੀਰ, ਤੀਰਾਹ, ਚਿਤਰਾਲ, ਅਟਕ, ਮੇਰਠ, ਡਿਹਰਾ ਇਸਮਾਈਲ ਖਾਨ ਆਦਿ ਥਾਵਾਂ ਤੇ ਰਹੇ। ਡਾਇਰੀ ਦੇ ਕੁਝ ਨੋਟਾਂ ਦੇ ਨਾਲ ਥਾਂ ਤੇ ਤਾਰੀਖ ਲਿਖੀ ਹੈ ਜਿਸ ਤੋਂ ਕਈ ਥਾਵਾਂ ਤੇ ਰਿਹਾਇਸ਼ ਦਾ ਸੰਨ ਪਤਾ ਲੱਗ ਜਾਂਦਾ ਹੈ, ਜਿਵੇਂ 17 ਨਵੰਬਰ 1887 ਤੀਰਾਹ; 1887 ਪਿਸ਼ਾਵਰ, 11/4/86 ਅਟਕ ਤੇ ਨੌਸ਼ਹਿਰਾ, 1896 ਦਿਹਲੀ, 28/1/97 ਦਿਹਲੀ, ਮਾਰਚ 1900 ਪਿਸ਼ਾਵਰ, 1903 ਤੇ 1904 ਡਿਹਰਾ ਇਸਮਾਈਲ ਖਾਨ। ਡਿਹਰਾ ਇਸਮਾਈਲ ਖਾਨ ਤੋਂ ਹੀ 1904 (16 ਸਤੰਬਰ) ਨੂੰ 21 ਸਾਲ ਨੌਕਰੀ ਪੂਰੀ ਕਰਕੇ ਪੈਨਸ਼ਨ ਮਿਲੀ। ਡਾਇਰੀ ਵਿਚੋਂ ਹੀ ਉਨ੍ਹਾਂ ਦੀ ਤਰੱਕੀ ਦੇ ਸਾਲਾਂ ਬਾਰੇ ਪਤਾ ਲੱਗਦਾ ਹੈ, ਹੌਲਦਾਰ 1886 ਵਿਚ, ਜਮਾਂਦਾਰ 1891 ਵਿਚ ਅਤੇ ਸੂਬੇਦਾਰ 1894 ਵਿਚ ਬਣੇ।

ਮੈਂ 1957 ਅਤੇ 1985 ਵਿਚ ਆਪਣੀ ਕਸ਼ਮੀਰ ਯਾਤਰਾ ਦੌਰਾਨ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਯਾਦ ਵਿਚ ਬਣੇ ਗੁਰਦੁਵਾਰਾ ਮਟਨ ਸਾਹਿਬ ਵਿਚ ਜ਼ਿਲਾ ਸਿਆਲਕੋਟ ਨਾਲ ਸੰਬੰਧਤ ਪਾਂਡੇ (ਪੰਡਿਤ ਜਾਂ ਭੱਟ) ਦੀ ਪੁਰਾਣੀ ਵਹੀ (ਰੀਕਾਰਡ) ਵਿਚ ਦਾਦਾ ਜੀ ਦੇ ਉਰਦੂ ਵਿਚ ਕੀਤੇ ਹੋਏ ਦਸਤਖਤ ਦੇਖੇ ਜੋ ਉਸ ਨਿਸ਼ਚਿਤ ਪਾਂਡਾ ਪ੍ਰਵਾਰ ਨੇ ਸਾਂਭ ਕੇ ਰੱਖੇ ਹਨ ਅਤੇ ਜਦ ਵੀ ਸਾਡੇ ਪਰਵਾਰ ਦਾ ਕੋਈ ਵਿਅਕਤੀ ਉਥੇ ਜਾਂਦਾ ਹੈ ਤਾਂ ਉਸ ਨੂੰ ਦਿਖਾ ਕੇ ਇਨਾਮ ਲੈਂਦੇ ਹਨ। ਮੈਨੂੰ ਵੀ ਦਾਦਾ ਜੀ ਦੇ ਇਹ ਦਸਖਤ ਦੇਖ ਕੇ ਅਤਿਅੰਤ ਖੁਸ਼ੀ ਹੋਈ। ਅੱਗੇ ਉਨ੍ਹਾਂ ਪਾਂਡਿਆਂ ਨੇ ਮੇਰੇ ਪਾਸੋਂ ਪਰਿਵਾਰ ਦੇ ਹੋਰ ਮੁੱਖੀ ਵਿਅਕਤੀਆਂ ਦੇ ਨਾਂ ਵੀ ਨੋਟ ਕਰ ਲਏ ਹਨ। ਮੇਰੇ ਵਾਂਗ ਸਾਡੀ ਸੰਬੰਧਤ ਵਹੀ ਜਾਂ ਰਿਕਾਰਡ ਵਿਚ ਸਾਡੇ ਦੋ ਚਚੇਰੇ ਭਾਈਆਂ ਮੇਜਰ ਪਿਆਰਾ ਸਿੰਘ ਤੇ ਵਿੰਗ ਕਮਾਂਡਰ ਰਤਨ ਸਿੰਘ ਦੇ ਨਾਂ ਲਿਖੇ ਹੋਏ ਹਨ ਜੋ ਯਾਤਰਾ ਦੌਰਾਨ ਉਥੇ ਪਹੁੰਚੇ ਸਨ। ਏਸੇ ਤਰ੍ਹਾਂ ਮੈਂ ਆਪਣੇ ਛੋਟੇ ਭਾਈ ਕਰਨਲ ਜੋਗਿੰਦਰ ਸਿੰਘ ਦਾ ਨਾਂ ਵੀ ਲਿਖਿਆ ਦੇਖਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਬੇਦਾਰ ਬਣਨ ਦੇ ਮੌਕੇ ਤੇ ਦਾਦਾ ਜੀ ਨੇ ਜੋ ਦਾਨ ਕੀਤਾ ਜਾਂ ਇਨਾਮ ਵੰਡੇ ਉਨ੍ਹਾਂ ਦਾ ਵੇਰਵਾ ਡਾਇਰੀ ਦੇ 18 ਅਕਤੂਬਰ, 1894 ਨੂੰ ਲਿਖੇ ਨੋਟ ਅਨੁਸਾਰ ਬਹੁਤ ਰੋਚਕ ਹੈ। ਉਸ ਸਮੇਂ ਦੇ ਫੌਜੀ ਜੀਵਨ ਤੇ ਰਿਵਾਜਾਂ ਬਾਰੇ ਇਸ ਵਿਚੋਂ ਬੜੀ ਦੁਰਲੱਭ ਜਾਣਕਾਰੀ ਮਿਲਦੀ ਹੈ। ਓਦੋਂ ਇਕ ਰੁਪਏ ਦਾ ਮੁੱਲ ਹੁਣ ਦੇ 100 ਰੁਪਇਆਂ ਨਾਲੋਂ ਵਧੀਕ ਸੀ। ਇਕ ਦੋ ਰੁਪਏ ਦੀ ਮਿਠਾਈ ਦਾ ਢੇਰ ਲੱਗ ਜਾਂਦਾ ਸੀ। ਇਕ ਫੌਜੀ ਸਿਪਾਹੀ ਦੀ ਤਨਖਾਹ ਪ੍ਰਤੀ ਮਹੀਨਾ ਕੇਵਲ 6 ਰੁਪਏ ਹੁੰਦੀ ਸੀ। ਨੋਟ ਦੀ ਇੰਨ ਬਿੰਨ ਨਕਲ ਇਸ ਪ੍ਰਕਾਰ ਹੈ :

18 ਅਕਤੂਬਰ, 1894 ਈ. ਯਾਦਦਾਸ਼ਤ ਅਖਰਾਜਾਤ ਬਮੌਕਿਆ ਤਰੱਕੀ ਸੂਬੇਦਾਰੀ।

	ਰੁਪਏ ਆਨੇ		ਰੁਪਏ ਆਨੇ
ਖਜ਼ਾਨਾ ਦਰਬਾਰ ਸਾਹਿਬ	5-00	ਮੁਨਸ਼ੀ	1-00
ਅਰਦਾਸ ਗ੍ਰੰਥੀ	1-00	ਭੰਗੀ	1-00
ਮਿਠਾਈ ਬਾਬੂ ਦਫਤਰ	1-00	ਖਲਾਸੀ	1-00
ਗੁਲਾਮਹੁਸੈਨ ਵ ਬਚਗਾਨ	1-00	ਅਮਲਾ ਹਸਪਤਾਲ	6-00
ਜਰਨੈਲ ਗਾਰਦ	2-00	ਬਾਜ਼ਾਰ	1-00
ਕੋਟ ਗਾਰਦ	3-00	ਮਿਠਾਈ ਸਰਦਾਰਾਂ	5-00
ਹਸਪਤਾਲ ਗਾਰਦ	1-00	ਬਚਿੱਤਰ ਸਿੰਘ	
ਲੈਣ ਪੁਲੀਸ	1-00	ਹੱਜਾਮ (ਨਾਈ)	1-00
8 ਕੰਪਨੀਆਂ ਫ਼ੀ 2 ਰੁਪਏ	16-00	ਪੰਡਤ	1-00
ਬਾਜਾ	1-00	ਭੰਗੀ	0-05
ਬੰਗਾਰ	1-00	ਅੜਦਲੀਆਨ ਕੁਲ	1-12
ਲਾਂਗਰੀ	1-00	ਦੇਵੀ ਦਿਆਲ, ਰਮ	0-09

ਇਕ ਭਿਆਨਕ ਹਾਦਸਾ

ਫੌਜੀ ਜੀਵਨ ਦੌਰਾਨ ਸੰਨ 1900 ਵਿਚ ਦਾਦਾ ਜੀ ਨੂੰ ਪਿਸ਼ਾਵਰ ਸ਼ਹਿਰ ਵਿਚ ਇਕ ਭਿਆਨਕ ਹਾਦਸਾ ਪੇਸ਼ ਆਇਆ, ਜਿਸ ਬਾਰੇ ਬਚਪਨ ਵਿਚ ਜੋ ਕੁਝ ਉਨ੍ਹਾਂ ਪਾਸੋਂ ਸੁਣਿਆ ਹੋਇਆ ਮੈਨੂੰ ਯਾਦ ਰਿਹਾ ਹੈ, ਇਥੇ ਲਿਖਦਾ ਹਾਂ। ਦਾਦਾ ਜੀ ਤਿੰਨ ਹੋਰ ਸਿੱਖ ਸੂਬੇਦਾਰਾਂ ਨਾਲ ਪਿਸ਼ਾਵਰ ਦੇ ਪ੍ਰਸਿੱਧ ਇਤਿਹਾਸਕ 'ਗੁਰਦਵਾਰਾ ਭਾਈ ਜੋਗਾ ਸਿੰਘ' ਦੇ ਦਰਸ਼ਨ ਕਰਨ ਜਾ ਰਹੇ ਸਨ। ਉਹ ਇਕ ਟਾਂਗੇ ਵਿਚ ਸਵਾਰ ਸਨ। ਪਿਸ਼ਾਵਰ ਦੇ ਵਧੀਆ ਟਾਂਗੇ ਤੇ ਤੇਜ਼ ਘੋੜੇ ਮਸ਼ਹੂਰ ਸਨ। ਦਾਦਾ ਜੀ ਇਕ ਹੋਰ ਸੂਬੇਦਾਰ ਨਾਲ ਪਿਛਲੀ ਸੀਟ ਤੇ ਬੈਠੇ ਸਨ, ਬਾਕੀ ਦੇ ਸੂਬੇਦਾਰ ਅਗਲੀ ਸੀਟ ਤੇ ਇਤਫਾਕ ਨਾਲ ਬਾਜ਼ਾਰ ਵਿਚੋਂ ਲੰਘਦਿਆਂ ਟਾਂਗੇ ਦਾ ਘੋੜਾ ਬਿਦਕ (ਡਰ) ਕੇ ਮੁਤਾਣਾ (ਅਰਥਾਤ ਬੇਕਾਬੂ) ਹੋ ਗਿਆ। ਕੋਚਵਾਨ ਪਾਸੋਂ ਉਸ ਦੀਆਂ ਵਾਗਾਂ ਵੀ ਘਬਰਾਹਟ ਵਿਚ ਹੇਠਾਂ ਡਿੱਗ ਪਈਆਂ। ਬਾਜ਼ਾਰ ਵਿਚ ਸ਼ੋਰ ਮੱਚ ਗਿਆ। ਘੋੜਾ ਬੇਤਹਾਸ਼ਾ ਸਰਪੱਟ ਦੌੜ ਰਿਹਾ ਸੀ। ਲੋਕ ਉਸ ਨੂੰ ਰੋਕਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਜਤਨ ਕਰ ਰਹੇ ਸਨ। ਦਾਦਾ ਜੀ ਤੇ ਬਾਕੀ ਸੂਬੇਦਾਰਾਂ ਨੇ ਭਾਰੀ ਖਤਰਾ ਦੇਖਦੇ ਹੋਏ ਕਿ ਘੋੜਾ ਕਿਸੇ ਦੀਵਾਰ ਆਦਿ ਨਾਲ ਟਕਰਾ ਕੇ ਟਾਂਗਾ ਨਾ ਤੋੜ ਦੇਵੇ, ਕਾਹਲੀ ਵਿਚ ਟਾਂਗੇ ਤੋਂ ਛਾਲਾਂ ਮਾਰਨ ਦਾ ਫੈਸਲਾ ਕੀਤਾ। ਦਾਦਾ ਜੀ ਤੇ ਨਾਲ ਦੇ ਸੂਬੇਦਾਰ ਲਈ ਪਿਛੇ ਖਾਲੀ ਥਾਂ ਹੋਣ ਕਰਕੇ ਛਾਲ ਮਾਰਨੀ ਸੌਖੀ ਸੀ। ਉਹ ਦੋਵੇਂ ਛਾਲਾਂ ਮਾਰ ਗਏ। ਪੱਕੀ ਸੜਕ ਤੇ ਉਨ੍ਹਾਂ ਨੂੰ ਭਾਰੀ ਸੱਟਾਂ ਲਗੀਆਂ। ਦਾਦਾ ਜੀ ਦੀ ਲੱਤ ਗਿੱਟੇ ਦੇ ਨੇੜੇ ਕਰਕੇ ਟੁੱਟ ਗਈ। ਅਗਲੇ ਪਾਸੇ ਬੈਠੇ ਦੋਵੇਂ ਸੂਬੇਦਾਰ ਛੇਤੀ ਛਾਲਾਂ ਨਾ ਮਾਰ ਸਕੇ। ਕੁਦਰਤ ਵਲੋਂ ਉਨ੍ਹਾਂ ਦਾ ਬਚਾਅ ਹੋ ਗਿਆ। ਕਿਸੇ ਤਰ੍ਹਾਂ ਲੋਕਾਂ ਨੇ ਘੋੜੇ ਨੂੰ ਰੋਕ ਲਿਆ ਜਾਂ ਉਹ ਆਪ ਹੀ ਹੱਫ ਕੇ ਜਾਂ ਤ੍ਰੇਹਿ ਕੇ ਰੁਕ ਗਿਆ। ਦਾਦਾ ਜੀ 6 ਮਹੀਨੇ ਫੌਜੀ ਹਸਪਤਾਲ ਵਿਚ ਰਹੇ ਪਰ ਵਾਹਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਦੀ ਲੱਤ ਠੀਕ ਹੋ ਗਈ ਅਤੇ ਚੱਲਣ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ ਸੀ। ਦਾਦਾ ਜੀ ਤੇ ਉਨ੍ਹਾਂ ਦੇ ਸਾਥੀ ਇਕ ਸ਼ੁਭ ਧਾਰਮਕ ਕਾਰਜ ਤੇ ਜਾ ਰਹੇ ਸਨ, ਇਸ ਲਈ ਪਰਮਾਤਮਾ ਵਲੋਂ ਉਨ੍ਹਾਂ ਦਾ ਕਸ਼ਟ ਟੱਲ ਗਿਆ, ਨਹੀਂ ਤੇ ਪਤਾ ਨਹੀਂ ਕੀ ਹੁੰਦਾ।

ਦਾਦਾ ਜੀ ਦੀ ਸੰਤਾਨ

ਦਾਦਾ ਜੀ ਦੇ ਵੱਡੇ ਸਪੁੱਤਰ, ਤਾਇਆ ਬਹਾਦਰ ਸਿੰਘ ਜੀ ਦਾ ਜਨਮ 16 ਅਗਸਤ, 1881 ਨੂੰ ਹੋਇਆ। ਉਨ੍ਹਾਂ ਦੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੱਤਾ ਗਿਆ। ਉਨ੍ਹਾਂ ਦੀ ਸਿਹਤ ਬਹੁਤ ਚੰਗੀ ਸੀ। ਜ਼ਿਲੇਦਾਰੀ ਲਈ ਵਿਸ਼ੇਸ਼ ਪੜ੍ਹਾਈ ਕਰ ਰਹੇ ਸਨ ਪਰ ਕਿਸਮਤ ਨੇ ਸਾਥ ਨਾ ਦਿਤਾ। ਵਿਧਾਤਾ ਵਲੋਂ ਉਮਰ ਥੋੜ੍ਹੀ ਲਿਖੀ ਸੀ। 4 ਅਕਤੂਬਰ 1897 ਨੂੰ ਉਨ੍ਹਾਂ ਦੀ ਸ਼ਾਦੀ ਕੀਤੀ ਗਈ। ਅਜੇ ਉਹ ਪੜ੍ਹਾਈ ਖਤਮ ਕਰਕੇ ਜ਼ਿਲੇਦਾਰ ਨਹੀਂ ਲੱਗੇ ਸਨ ਕਿ ਦਰਗਾਹੋਂ ਸੱਦਾ ਆ ਗਿਆ। 22 ਨਵੰਬਰ 1903 ਨੂੰ ਜਦ ਦਾਦਾ ਜੀ ਡਿਹਰਾ ਇਸਮਾਈਲ ਖਾਨ ਤੋਂ ਪਿੰਡ ਛੁੱਟੀ ਆਏ ਹੋਏ ਸਨ, ਅਚਾਨਕ ਉਨ੍ਹਾਂ ਦਾ ਦੇਹਾਂਤ ਹੋ ਗਿਆ। ਦਾਦਾ ਜੀ ਲਈ ਇਹ ਸਦਮਾ ਅਸਹਿ ਸੀ ਪਰ ਰੱਬ ਦਾ ਭਾਣਾ ਮੰਨਣਾ ਹੀ ਪੈਂਦਾ ਹੈ। ਉਸ ਵੇਲੇ ਤਾਇਆ ਜੀ ਦੀ ਉਮਰ 22 ਸਾਲਾਂ ਦੀ ਸੀ। ਜਵਾਨੀ ਦੀ ਮੌਤ ਸੰਸਾਰ ਦੀ ਸਭ ਤੋਂ ਵੱਡੀ ਆਪੱਤੀ ਜਾਂ ਦੁਰਘਟਨਾ ਹੁੰਦੀ ਹੈ।

ਸਾਡੇ ਇਕਲੌਤੇ ਭੂਆ ਜੀ ਕਿਸ਼ਨ ਕੌਰ ਦਾ ਜਨਮ 1888 ਵਿਚ ਹੋਇਆ। ਉਨ੍ਹਾਂ ਦੀ ਸ਼ਾਦੀ 10 ਜੁਲਾਈ 1902 ਨੂੰ ਸ. ਲਾਲ ਸਿੰਘ ਚੀਮਾ ਵਾਸੀ ਗੋਜਰਾ ਜ਼ਿਲਾ ਸਿਆਲਕੋਟ ਨਾਲ ਹੋਇਆ। ਉਨ੍ਹਾਂ ਦੀ ਵੱਡੀ ਸਪੁੱਤਰੀ ਭੈਣ ਲਛਮਣ ਕੌਰ 1906 ਵਿਚ ਪੈਦਾ ਹੋਈ। ਏਸੇ ਭੈਣ ਜੀ ਦੀ ਪੋਤਰੀ ਬੀਬੀ ਸੁਰਿੰਦਰਪਾਲ ਕੌਰ ਦਾ ਰਿਸ਼ਤਾ ਬਾਅਦ ਵਿਚ ਮੇਰੇ ਵੱਡੇ ਲੜਕੇ ਜੈਦੀਪ ਸਿੰਘ ਨਾਲ ਹੋਇਆ ਅਤੇ ਸ਼ਾਦੀ 1980 ਵਿਚ ਹੋਈ। ਭੂਆ ਜੀ ਦਾ ਪਰਿਵਾਰ ਦੇਸ਼ ਵੰਡ ਤੋਂ ਪਿਛੋਂ ਦਸੂਹਾ ਦੇ ਨੇੜੇ ਪਿੰਡ ਉਸਮਾਨ ਸ਼ਹੀਦ ਵਿਚ ਆ ਵੱਸਿਆ। ਇਥੇ ਹੀ ਉਨ੍ਹਾਂ ਦਾ ਦੇਹਾਂਤ 1956 ਵਿਚ ਹੋਇਆ।

ਸਾਡੇ ਪਿਤਾ ਜੀ, ਸ. ਉਜਾਗਰ ਸਿੰਘ ਦਾ ਜਨਮ 17 ਨਵੰਬਰ, 1897 ਬੁਧਵਾਰ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਸੌਂਕਣਵਿੰਡ ਵਿਚ ਹੋਇਆ । ਉਨ੍ਹਾਂ ਦੀ ਸ਼ਾਦੀ ਪਿੰਡ ਦਾਦੂਵਾਲੀ ਜ਼ਿਲਾ ਸਿਆਲਕੋਟ ਦੇ ਸ. ਲਾਭ ਸਿੰਘ ਬਾਜਵਾ ਦੀ ਸਪੁੱਤਰੀ (ਮਾਤਾ) ਹਰਨਾਮ ਕੌਰ ਨਾਲ 11 ਨਵੰਬਰ, 1907 ਵਿਚ ਹੋਈ । ਉਸ ਸਮੇਂ ਪਿਤਾ ਜੀ ਦੀ ਉਮਰ ਕੇਵਲ 10 ਸਾਲਾਂ ਦੀ ਸੀ ।

ਡਾਇਰੀ ਦੇ ਤਿੰਨ ਵਿਸ਼ੇਸ਼ ਨੋਟ

ਦਾਦਾ ਜੀ ਦੀ ਡਾਇਰੀ ਜੋ ਹੁਣ ਤੋਂ ਲੱਗਪਗ ਸੌ ਸਾਲ ਪਹਿਲਾਂ ਦੇ ਪੰਜਾਬੀ ਜੀਵਨ ਨਾਲ ਸੰਬੰਧ ਰਖਦੀ ਹੈ, ਵਿਚ ਕਈ ਗੁਰਬਾਣੀ ਦੀਆਂ ਤੁੱਕਾਂ, ਉਰਦੂ ਦੇ ਚੋਣਵੇਂ ਸ਼ਿਅਰ, ਦਵਾਈਆਂ ਦੇ ਨੁਸਖੇ ਆਦਿ ਜੋ ਉਨ੍ਹਾਂ ਵੱਖ ਵੱਖ ਸਮਿਆਂ ਤੇ ਨੋਟ ਕੀਤੇ, ਦਰਜ ਹਨ । ਇਥੇ ਤਿੰਨ ਕੀਮਤੀ ਤੇ ਅਜੀਬ ਕਿਸਮ ਦੇ ਨੋਟ ਪਾਠਕਾਂ ਦੀ ਦਿਲਚਸਪੀ ਲਈ ਲਿਖ ਰਿਹਾ ਹਾਂ ।

1. **ਸੋਨਾ ਪਰਖਨੇ ਕਾ ਤਰੀਕਾ** : ਪਹਿਲੇ ਜ਼ੇਵਰ ਕੋ ਵਜ਼ਨ ਕੀਆ ਜਾਵੇ ਔਰ ਫਿਰ ਵੁਹੀ ਜ਼ੇਵਰ ਪਾਣੀ ਮੇਂ ਡਾਲਾ ਜਾਵੇ ਔਰ ਫਿਰ ਬਾਹਰ ਨਿਕਾਲ ਕਰ ਵਜ਼ਨ ਕੀਆ ਜਾਵੇ । ਜਿਤਨਾ ਜ਼ਿਆਦਾ ਭਾਰਾ ਹੋ ਜਾਵੇ ਉਤਨਾ ਹੀ ਖੋਟ ਹੋਗਾ, ਕਿਉਂਕਿ ਖਾਲਸ ਸੋਨਾ ਕਭੀ ਜ਼ਰਾ ਭਰ ਭੀ ਪਾਣੀ ਜਜ਼ਬ ਨਹੀਂ ਕਰਤਾ, ਅਜ਼ ਅਖ਼ਬਾਰ 'ਗੁਰਮੁਖੀ' ਮਵਰਖਾ 17 ਨਵੰਬਰ 1884' (ਅਜ਼ ਸ਼ਬਦ ਫ਼ਾਰਸੀ ਦਾ ਹੈ, ਭਾਵ 'ਤੋਂ ਨੋਟ ਕੀਤਾ')

2. **ਇਲਾਜ ਬਰਾਏ ਤਲਾਸ਼ ਚੋਰ** . ਅਜ਼ ਅਖ਼ਬਾਰ ਕੋਹਨੂਰ ਮਾਹ ਦਸੰਬਰ, 1885 ਈ: ਜਿਨ ਅਸ਼ਖਾਸ ਪਰ ਸ਼ੁਬਾ (ਸ਼ਕ) ਹੋ, ਉਨ ਕੋ ਬਿਠਲਾ ਕਰ ਸਬ ਕੋ ਕਦਰੇ ਕਦਰੇ (ਥੋੜ੍ਹਾ ਥੋੜ੍ਹਾ) ਗ਼ੱਲਾ ਚਾਵਲ (ਚੌਲਾਂ ਦੇ ਦਾਣੇ) ਬਾਂਟ ਦੀਏ ਜਾਏਂ ਔਰ ਕਹਾ ਜਾਵੇ ਕਿ ਉਨ ਕੋ ਚਬਾਓ ਔਰ ਚਬਾ ਕਰ ਜ਼ਮੀਨ ਪਰ ਥੂਕ ਡਾਲੋ । ਜਿਸਕੇ ਚਾਵਲ ਖੁਸ਼ਕ ਔਰ ਮੋਟੇ ਹੋਂਗੇ, ਵੁਹ ਜ਼ਰੂਰ ਚੋਰ ਹੋਗਾ, ਕਿਉਂਕਿ ਚੋਰ ਕੇ ਦਿਲ ਮੇਂ ਖਦਸ਼ਾ (ਡਰ) ਪੈਦਾ ਹੋ ਜਾਤਾ ਹੈ, ਕਾਇਦਾ ਕੁਦਰਤੀ ਹੈ, ਔਰ ਉਸ ਕਾ ਥੂਕ ਖੁਸ਼ਕ ਹੋ ਜਾਤਾ ਹੈ ਔਰ ਬਗ਼ੈਰ ਭੀਗਨੇ ਕੇ ਚਾਵਲ ਚਬਾਏ ਜਾਨੇ ਮੁਸ਼ਕਲ ਹੈਂ । ਫਕਤ । (ਫਕਤ ਤੋਂ ਭਾਵ ਬਿਆਨ ਖਤਮ)

3. **ਸਾਰੇ ਹਿੰਦੋਸਤਾਨ ਮੇਂ ਸਖਤ ਕਹਿਤ (ਕਾਲ)** : 1-2-1897—ਅਖ਼ੀਰ ਸਾਲ 1896 ਈ. ਵ ਸ਼ੁਰੂ ਸਾਲ 1897 ਮੇਂ ਸਖਤ ਕਹਿਤ ਕੁਲ ਹਿੰਦੋਸਤਾਨ ਮੇਂ ਹੂਆ । ਨਿਰਖ (ਭਾਅ) ਗਿਹੋਂ (ਕਣਕ) ਸਾਢੇ 7 ਸੇਰ ਪੁਖ਼ਤਾ (ਪੱਕਾ) ਔਰ ਨਿਰਖ਼ ਆਰਦ (ਆਟਾ) 5.3/4 ਸੇਰ ਪੁਖਤਾ ਹੋ ਗਿਆ । ਜਨਵਰੀ 14, 25, 26 ਕੋ ਬਾਰਸ਼ ਪੰਜਾਬ ਮੇਂ ਹੋ ਗਈ ਔਰ ਉਸ ਸੇ ਆਰਦ (ਆਟੇ) ਕਾ ਨਿਰਖ਼ 7 ਸੇਰ (ਫ਼ੀ ਰੁਪਿਆ) ਹੋ ਗਿਆ ਔਰ ਜ਼ਰਾ ਇਫ਼ਾਕਾ (relief) ਹੋ ਗਿਆ ।'

ਨੋਟ : ਉਪਰਲੇ ਨੋਟਾਂ ਵਿਚ ਮੁਸ਼ਕਲ ਸ਼ਬਦਾਂ ਦੇ ਅਰਥ ਬਰੈਕਟਾਂ ਵਿਚ ਮੇਰੇ ਵਲੋਂ ਲਿਖੇ ਗਏ ਹਨ ।

ਸਰਗੋਧਾ ਵਿਚ ਸਥਾਪਤੀ

ਫੌਜ ਤੋਂ 1904 ਵਿਚ ਰਿਟਾਇਰ ਹੋਣ ਉਪਰੰਤ ਦਾਦਾ ਜੀ ਨੂੰ ਸਰਗੋਧੇ ਦੀ ਬਾਰ ਵਿਚ ਫੌਜੀ ਗਰਾਂਟ ਵਜੋਂ 3 ਮੁਰੱਬੇ ਜ਼ਮੀਨ ਮਿਲੀ, ਜੋ ਉਨ੍ਹਾਂ ਨੇ 1905 ਵਿਚ ਕਬਜ਼ਾ ਲੈ ਕੇ ਆਬਾਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ । 1905 ਤੋਂ ਉਨ੍ਹਾਂ ਦਾ ਇਕ ਅਸਲੋਂ ਨਵਾਂ ਸਿਵਲ ਪੱਧਰ ਦਾ ਜੀਵਨ ਸ਼ੁਰੂ ਹੋਇਆ ਜਿਸ ਵਿਚ ਉਨ੍ਹਾਂ ਨੇ ਕਈ ਖੇਤਰਾਂ ਵਿਚ ਭਾਰੀ ਤਰੱਕੀ ਕੀਤੀ ਅਤੇ ਕਈ ਮਹਾਨ ਪ੍ਰਾਪਤੀਆਂ ਦੇ ਭਾਗੀ ਬਣੇ । 1905 ਤੋਂ 1940 (ਉਨ੍ਹਾਂ ਦੇ ਦੇਹਾਂਤ ਦਾ ਸਾਲ) ਤੱਕ ਦਾ 35 ਸਾਲਾਂ ਦਾ ਸਾਡਾ ਪਰਿਵਾਰਕ ਇਤਿਹਾਸ ਇਕ ਅਤਿਅੰਤ ਯੋਗਤਾਸ਼ੀਲ, ਪ੍ਰਾਕਰਮੀ ਤੇ ਹਿੰਮਤੀ ਪੁਰਸ਼ ਦੇ ਬਹੁ-ਪੱਖੀ ਕਾਰਨਾਮਿਆਂ ਦਾ ਰਿਕਾਰਡ ਹੈ ਜਿਸ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ ।

1905-6 ਵਿਚ ਦੋ ਸਾਲ ਦਾਦਾ ਜੀ ਸਰਗੋਧਾ ਸ਼ਹਿਰ ਦੇ ਨਵੇਂ ਕਾਇਮ ਹੋਏ ਸੀਡ ਫਾਰਮ (ਬੀਜ ਫਾਰਮ) ਦੇ ਮੈਨੇਜਰ ਰਹੇ । ਇਨ੍ਹਾਂ ਦੋ ਸਾਲਾਂ ਵਿਚ ਉਨ੍ਹਾਂ ਦੇ ਛੋਟੇ ਭਾਈ ਬਾਪੂ ਵੀਰ ਸਿੰਘ ਨਵੀਂ ਮਿਲੀ ਜ਼ਮੀਨ ਦੇ ਮੁੱਢਲੇ ਕੰਮਾਂ ਤੇ ਨਵੇਂ ਵੱਸ ਰਹੇ ਪਿੰਡਾਂ ਦੀ ਚੱਕ-ਬੰਦੀ ਦੇ ਕਾਰਜ ਵਿਚ ਹੱਥ ਵਟਾਂਦੇ ਰਹੇ । ਬਾਪੂ ਵੀਰ ਸਿੰਘ ਹੁਰਾਂ ਨੂੰ ਸਾਡੇ ਚਕ 115 ਦੇ ਨੇੜੇ ਵੱਸੇ ਚਕ 46 ਵਿਚ ਘੋੜੀ ਪਾਲ ਵਜੋਂ ਜ਼ਮੀਨ ਮਿਲੀ ਸੀ ।

ਸਰਗੋਧੇ ਦੀ ਬਾਰ ਵਿਚ ਸਿਆਲਕੋਟ, ਗੁਜਰਾਂਵਾਲਾ, ਸ਼ੇਖ਼ੂਪੁਰਾ, ਜਿਹਲਮ, ਰਾਵਲ ਪਿੰਡੀ, ਸ੍ਰੀ ਅੰਮ੍ਰਿਤਸਰ, ਗੁਰਦਾਸਪੁਰ ਆਦਿ ਜ਼ਿਲਿਆਂ ਤੋਂ ਬਹੁਤੇ ਆਬਾਦਕਾਰ ਗਏ ਸਨ । ਦਾਦਾ ਜੀ ਆਪਣੀ ਯੋਗਤਾ ਅਤੇ ਚੰਗੇ ਮਨੁੱਖੀ ਗੁਣਾਂ ਕਾਰਨ ਉਨ੍ਹਾਂ ਸਾਰੇ ਉੱਦਮੀ ਲੋਕਾਂ ਨਾਲੋਂ ਵਧੇਰੇ ਉੱਨਤੀ ਕਰਕੇ ਸਾਰੇ ਜ਼ਿਲੇ ਦੇ ਸ਼ਰੋਮਣੀ ਤੇ ਸਭ ਤੋਂ ਉੱਘੇ ਵਿਅਕਤੀਆਂ ਵਿਚ ਗਿਣੇ ਜਾਣ ਲੱਗ ਪਏ । ਇਸ ਮਹਾਨ ਤੇ ਅਦੁੱਤੀ ਪ੍ਰਾਪਤੀ ਵਿਚ ਬਹੁਤਾ ਹਿੱਸਾ ਉਨ੍ਹਾਂ ਦੇ ਅੰਗਰੇਜ਼ੀ, ਫ਼ਾਰਸੀ, ਉਰਦੂ ਜ਼ਬਾਨਾਂ ਦੇ ਉੱਚੇ ਵਿਦਵਾਨ ਹੋਣ ਦਾ ਸੀ ਕਿਉਂਕਿ ਸਾਰੇ ਜ਼ਿਲੇ ਵਿਚ ਹੀ ਬਹੁਤ ਘੱਟ ਇਸ ਪੱਧਰ ਦੇ ਸੁਸਿਖਿਅਤ (educated) ਵਿਅਕਤੀ ਸਨ । ਬਹੁਤੇ ਆਬਾਦਕਾਰ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਲੋਕ ਸਨ ।

ਦਾਦਾ ਜੀ ਦੀ ਰੈਜਮੈਂਟ ਦੇ ਕਮਾਂਡਿੰਗ ਆਫੀਸਰ ਕਰਨਲ ਮੁਲਿਨਜ਼ (Mullins) ਵਲੋਂ ਸਰਗੋਧਾ ਦੇ ਕਾਲੋਨੀ ਆਫੀਸਰ ਵਲ ਲਿਖੇ ਡੀ.ਓ, ਪੱਤਰ ਮਿਤੀ 8-11-1905 ਦੇ ਹੇਠ ਲਿਖੇ ਸ਼ਬਦਾਂ ਤੋਂ ਦਾਦਾ ਜੀ ਦੀ ਯੋਗਤਾ, ਵਿਦਵਤਾ ਅਤੇ ਆਚਰਨ ਦਾ ਸਪੱਸ਼ਟ ਪ੍ਰਮਾਣ ਮਿਲਦਾ ਹੈ :

> 'Subedar Sher Singh was very highly thought of in the Regiment... He is a straight-forward, highly educated officer with very good ability and character I would suggest from what I know of him that there can be only a few others in the settlement, so fitted by education, ability and character for honourable and respectable position under your administration.'

ਦਾਦਾ ਜੀ ਨੇ 1907 ਵਿਚ ਚਕ 115 ਵਿਚ ਪੱਕੀ ਰਿਹਾਇਸ਼ ਇਖ਼ਤਿਆਰ ਕੀਤੀ । 1906 (11 ਮਈ) ਨੂੰ ਪਿਛਲੇ ਪਿੰਡ ਜਾ ਕੇ ਉਨ੍ਹਾਂ ਨੇ ਆਪਣੇ ਲਾਇਕ ਭਤੀਜੇ ਡਾ. ਕਿਸ਼ਨ ਸਿੰਘ ਦੀ ਸ਼ਾਦੀ ਕੀਤੀ । ਬਰਾਤ ਡਸਕੇ ਦੇ ਨੇੜੇ ਪਿੰਡ ਜਾਮਕੇ ਚੀਮਿਆਂ ਵਿਚ ਗਈ । 1907 (11 ਨਵੰਬਰ) ਨੂੰ ਜਿਵੇਂ ਉਪਰ ਜ਼ਿਕਰ ਆਇਆ, ਉਨ੍ਹਾਂ ਨੇ ਆਪਣੇ ਸਪੁੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ. ਉਜਾਗਰ ਸਿੰਘ (ਸਾਡੇ ਪਿਤਾ ਜੀ) ਦੀ ਸ਼ਾਦੀ ਪਿਛਲੇ ਪਿੰਡ ਜਾ ਕੇ ਕੀਤੀ।

ਨਵੀਆਂ ਪ੍ਰਾਪਤੀਆਂ

1908 ਵਿਚ ਦਾਦਾ ਜੀ ਪਿੰਡ ਦੇ ਨੰਬਰਦਾਰ ਤੇ ਹੰਡੇਵਾਲੀ ਜ਼ੈਲ ਦੇ ਜ਼ੈਲਦਾਰ ਨਿਯੁਕਤ ਹੋਏ। ਇਸ ਤੋਂ ਛੇਤੀ ਪਿਛੋਂ ਉਹ ਡਿਸਟ੍ਰਿਕਟ ਬੋਰਡ ਦੇ ਮੈਂਬਰ ਚੁਣੇ ਗਏ ਅਤੇ ਫਿਰ ਜਦ ਤਕ ਜੀਉਂਦੇ ਰਹੇ ਬਿਨਾਂ ਮੁਕਾਬਲਾ ਚੁਣੇ ਜਾਂਦੇ ਰਹੇ। ਥੋੜ੍ਹੇ ਸਾਲਾਂ ਵਿਚ ਹੀ ਉਨ੍ਹਾਂ ਦੀ ਯੋਗਤਾ ਅਤੇ ਰਸੂਖ ਦੀ ਸ਼ੁਹਰਤ ਹਰ ਪਾਸੇ ਫੈਲ ਗਈ। ਉਨ੍ਹਾਂ ਦਾ ਸਿਤਾਰਾ ਤਰੱਕੀ ਤੇ ਸੀ। ਮਿਹਨਤ ਤੇ ਚੰਗੇ ਪ੍ਰਬੰਧ ਸਦਕਾ ਉਨ੍ਹਾਂ ਨੇ ਕਈ ਮੁਰੱਬੇ ਜ਼ਮੀਨ ਹੋਰ ਪ੍ਰਾਪਤ ਕਰ ਲਈ।

8 ਜਨਵਰੀ, 1914 ਨੂੰ ਉਨ੍ਹਾਂ ਦੀ ਪੋਤੀ (ਸਾਡੀ ਵੱਡੀ ਭੈਣ) ਆਸ ਕੌਰ ਦਾ ਜਨਮ ਹੋਇਆ ਅਤੇ 16 ਮਾਰਚ 1916 ਨੂੰ ਪਹਿਲਾ ਪੋਤਾ ਪੈਦਾ ਹੋਇਆ। ਉਸ ਦਾ ਨਾਂ ਚੰਗੀ ਕਿਸਮਤ ਦੀ ਨਿਸ਼ਾਨੀ ਸਮਝ ਕੇ ਇਕਬਾਲ ਸਿੰਘ ਰਖਿਆ ਗਿਆ। (ਇਕਬਾਲ ਦੇ ਅਰਥ ਹਨ ਖੁਸ਼ਕਿਸਮਤੀ, ਰਸੂਖ ਆਦਿ)

1916 ਵਿਚ ਆਪ ਆਨਰੇਰੀ ਮੈਜਿਸਟਰੇਟ ਮੁਕੱਰਰ ਹੋਏ। ਇਸ ਸਿਲਸਿਲੇ ਵਿਚ ਮਹੀਨੇ ਵਿਚ 15 ਦਿਨ ਉਨ੍ਹਾਂ ਨੂੰ ਸਰਗੋਧਾ ਸ਼ਹਿਰ ਵਿਚ ਰਹਿਣਾ ਪੈਂਦਾ ਸੀ। ਸੋ ਉਨ੍ਹਾਂ ਨੇ ਸਾਡੇ ਪਿਤਾ ਜੀ ਨੂੰ 1915 ਦੇ ਅੰਤ ਵਿਚ ਸਰਬਰਾਹ ਜ਼ੈਲਦਾਰ ਬਣਵਾ ਲਿਆ। ਸ਼ਹਿਰ ਦੇ ਬਲਾਕ ਨੰ: 15 ਵਿਚ ਉਨ੍ਹਾਂ ਨੇ ਆਪਣੀ ਰਿਹਾਇਸ਼ ਲਈ ਮਕਾਨ ਵੀ ਉਸਾਰ ਲਿਆ। ਇਸ ਤਰ੍ਹਾਂ ਪਰਵਾਰ ਦੀ ਉੱਨਤੀ ਦੇ ਰਸਤੇ ਖੁਲ੍ਹਦੇ ਗਏ। ਉਹ ਪਿੰਡ ਦੇ ਸਹਿਕਾਰੀ ਬੈਂਕ ਦੇ ਪ੍ਰਧਾਨ ਅਤੇ ਜ਼ਿਲਾ ਸਹਿਕਾਰੀ ਬੈਂਕ ਦੇ ਡਾਇਰੈਕਟਰ ਥਾਪੇ ਗਏ।

ਇਨ੍ਹਾਂ ਸਾਲਾਂ ਵਿਚ ਹੀ ਦਾਦਾ ਜੀ ਨੂੰ ਸਰਕਾਰੀ ਕੰਮਾਂ ਵਿਚ ਮਿਹਨਤ ਅਤੇ ਕੁਸ਼ਲਤਾ ਦਿਖਾਣ ਕਾਰਨ 'ਕੁਰਸੀ ਨਸ਼ੀਨੀ', ਜਗੀਰ ਅਤੇ 'ਡਵੀਜਨਲ ਦਰਬਾਰੀ' ਦੇ ਖਿਤਾਬ ਦਿਤੇ ਗਏ। 11 ਦਸੰਬਰ, 1915 ਨੂੰ ਲਾਹੌਰ ਦਰਬਾਰ ਵਿਚ ਵਾਇਸਰਾਏ ਹਿੰਦ ਵਲੋਂ ਇਕ ਘੜੀ ਤੇ ਸਨਦ ਇਨਾਮ ਵਜੋਂ ਭੇਟ ਕੀਤੀ ਗਈ।

1922 ਵਿਚ ਦਾਦਾ ਜੀ ਨੂੰ ਵਾਇਸਰਾਏ ਹਿੰਦ ਲਾਰਡ ਹਾਰਡਿੰਗ ਵਲੋਂ 'ਸਰਦਾਰ ਸਾਹਿਬ' ਦਾ ਖਿਤਾਬ ਮਿਲਿਆ। ਇਹ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਉੱਨਤੀ ਦੀ ਸਿਖਰ ਸੀ। ਅਗਸਤ 1922 ਵਿਚ ਹੀ ਸਾਡੇ ਪਿਤਾ ਜੀ ਦਾਦਾ ਜੀ ਨੂੰ ਦਸੇ ਬਿਨਾਂ ਧਾਰਮਕ ਜਜ਼ਬੇ ਅਧੀਨ ਪਿੰਡ ਦੇ ਚਾਰ ਹੋਰ ਨੌਜਵਾਨ ਸਰਦਾਰਾਂ ਨਾਲ ਗੁਰੂ ਕਾ ਬਾਗ ਮੋਰਚਾ (ਸ੍ਰੀ ਅੰਮ੍ਰਿਤਸਰ) ਵਿਚ ਕੈਦ ਹੋਏ ਅਤੇ 9 ਮਹੀਨੇ ਅਟਕ ਜੇਲ ਵਿਚ ਕੱਟੇ।

ਮੇਰਾ ਤੇ ਮੇਰੇ ਜੋੜੇ ਭਾਈ ਦਲੀਪ ਸਿੰਘ ਦਾ ਜਨਮ 19 ਅਗਸਤ 1920 ਨੂੰ ਹੋਇਆ, ਛੋਟੇ ਭਰਾਵਾਂ ਗੁਰਚਰਨ ਸਿੰਘ ਦਾ 23 ਅਗਸਤ, 1922, ਜੋਗਿੰਦਰ ਸਿੰਘ ਦਾ 29 ਅਕਤੂਬਰ, 1924 ਅਤੇ ਅਮਰੀਕ ਸਿੰਘ ਦਾ 31 ਜਨਵਰੀ 1927 ਨੂੰ ਜਨਮ ਹੋਇਆ।

1925 ਵਿਚ ਦਾਦਾ ਜੀ ਤੇ ਪਿਤਾ ਜੀ ਨੇ ਨਵੇਂ ਤੇ ਵੱਡੇ ਮਕਾਨਾਂ ਦੀ ਉਸਾਰੀ ਕੀਤੀ। ਬਾਹਰਲੀ ਡਿਉੜੀ ਦੇ ਬਾਹਰ ਵੱਡੇ ਅੱਖਰਾਂ ਵਿਚ 1925 ਲਿਖਿਆ ਸੀ। ਆਸ ਹੈ ਅਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਇਹ ਉਥੇ ਏਸੇ ਤਰ੍ਹਾਂ ਲਿਖਿਆ ਹੋਵੇਗਾ। ਸਾਡੇ ਵਿਚੋਂ 1947 ਤੋਂ ਬਾਅਦ ਕੋਈ ਵਿਅਕਤੀ ਆਪਣਾ ਪੈਦਾਇਸ਼ੀ ਪਿੰਡ ਦੇਖਣ ਨਹੀਂ ਜਾ ਸਕਿਆ।

ਦਾਦਾ ਜੀ ਦੇ ਜੀਵਨ ਕਾਲ ਦੀਆਂ ਬਾਕੀ ਘਟਨਾਵਾਂ ਇਹ ਹਨ। 1931 ਜਨਵਰੀ ਵਿਚ ਆਪ 15 ਸਾਲ ਮਜਿਸਟਰੇਟੀ ਕਰਕੇ ਇਸ ਪਦਵੀ ਤੋਂ ਰਿਟਾਇਰ ਹੋਏ। 11 ਅਕਤੂਬਰ 1929 ਨੂੰ ਸਾਡੇ ਦਾਦੀ ਜੀ ਸੁਰਗਵਾਸ ਹੋ ਗਏ। ਦਾਦਾ ਜੀ ਦੇ ਜੀਵਨ ਦੀ ਸਭ ਤੋਂ ਦੁਖਦਾਈ ਘਟਨਾ 27 ਸਤੰਬਰ, 1930 ਨੂੰ ਵਾਪਰੀ। ਇਹ ਸੀ ਸਾਡੇ ਪਿਤਾ ਜੀ ਦਾ ਅਕਾਲ ਚਲਾਣਾ। ਇਸ ਬਾਰੇ ਇਕ ਵੱਖਰੇ ਕਾਂਡ ਵਿਚ ਵਿਸਤਾਰ ਸਹਿਤ ਲਿਖਿਆ ਜਾਏਗਾ। 1934 ਵਿਚ ਭਾ. ਇਕਬਾਲ ਸਿੰਘ ਪਿਤਾ ਜੀ ਦੀ ਥਾਂ ਸਰਬਰਾਹ ਜ਼ੈਲਦਾਰ ਬਣੇ।

ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਦਾਦਾ ਜੀ ਤੇ ਪਿਤਾ ਜੀ ਦੋਵੇਂ ਸਿੱਖ ਧਾਰਮਕ ਨਿਸਚੇ ਵਿਚ ਬਹੁਤ ਪਰਪੱਕ ਹੋ ਗਏ ਸਨ। ਪਿਤਾ ਜੀ ਉਤੇ ਤਾਂ ਅਕਾਲੀ ਲਹਿਰ ਦਾ ਵੀ ਡੂੰਘਾ ਪ੍ਰਭਾਵ ਪਿਆ। ਜਿਥੇ ਦਾਦਾ ਜੀ ਦੀ ਭਾਰੀ ਵਿਦਵਤਾ ਬਾਕਾਇਦਾ ਪ੍ਰਾਪਤ ਕੀਤੀ ਹੋਈ ਤੇ ਲੰਮੇ ਜੀਵਨ ਤਜਰਬੇ ਦਾ ਸਿੱਟਾ ਸੀ। ਉਥੇ ਪਿਤਾ ਜੀ ਨੂੰ ਇਹ ਦਾਤ ਕੁਦਰਤ ਵਲੋਂ ਮਿਲੀ ਸੀ। ਉਨ੍ਹਾਂ ਸਕੂਲ ਵਿਚ ਕੇਵਲ 8 ਜਮਾਤਾਂ ਹੀ ਪੜ੍ਹੀਆਂ ਪਰ ਉਨ੍ਹਾਂ ਦਾ ਬਹੁਪੱਖੀ ਕਿਤਾਬੀ ਗਿਆਨ ਇਕ ਸਾਗਰ ਵਾਂਗ ਸੀ, ਉਨ੍ਹਾਂ ਨੇ ਘਰ ਵਿਚ ਇਕ ਪੁਸਤਕਾਲਾ ਕਾਇਮ ਕੀਤਾ ਜਿਸ ਵਿਚ ਭਾਈ ਵੀਰ ਸਿੰਘ ਅਤੇ ਭਾ: ਮੋਹਨ ਸਿੰਘ ਵੈਦ ਦੀਆਂ ਸਾਰੀਆਂ ਲਿਖਤਾਂ, ਉਰਦੂ ਵਿਚ ਯੋਗ ਮੱਤ ਬਾਰੇ ਕਈ ਪੁਸਤਕਾਂ, ਉਰਦੂ ਕਵਿਤਾ ਦੀਆਂ ਪ੍ਰਮਾਣਿਕ ਪੁਸਤਕਾਂ, ਖ੍ਵਾਜਾ ਹਸਨ ਨਿਜ਼ਾਮੀ ਦਿਹਲਵੀ ਦੀਆਂ ਪ੍ਰਸਿੱਧ ਇਤਿਹਾਸਕ ਕਿਤਾਬਾਂ ਸ਼ਾਮਲ ਸਨ। 1934-35 ਵਿਚ ਜਦ ਮੈਂ ਹੋਸ਼ ਸੰਭਲੀ ਤਾਂ ਇਹ ਕਿਤਾਬੀ ਖਜ਼ਾਨਾ ਦੇਖ ਕੇ ਮੇਰੇ ਦਿਲ ਵਿਚ ਇਕ ਦਮ ਪੜ੍ਹਾਈ ਦਾ ਅਥਾਹ ਜੋਸ਼ ਪੈਦਾ ਹੋ ਗਿਆ।

ਸ: ਅਮਰ ਸਿੰਘ 'ਸ਼ੇਰਿ ਪੰਜਾਬ' ਹਫ਼ਤਾਵਾਰ ਅਖ਼ਬਾਰ 'ਸ਼ੇਰਿ ਪੰਜਾਬ' ਅਤੇ ਭਾਈ ਵੀਰ ਸਿੰਘ ਵਲੋਂ ਸੰਪਾਦਿਤ 'ਖਾਲਸਾ ਸਮਾਚਾਰ' ਤੇ 'ਨਿਰਗੁਣੀਆਰਾ' ਸਿੱਖ ਧਾਰਮਕ ਵਿਚਾਰਾਂ ਦੇ ਮਸ਼ਹੂਰ ਪੱਤਰ ਸਾਡੇ ਘਰ ਬਾਕਾਇਦਾ ਆਉਂਦੇ ਸਨ। ਪਿਤਾ ਜੀ ਹੋਰ ਵੀ ਕਈ ਰਸਾਲੇ ਮੰਗਾਂਦੇ ਰਹਿੰਦੇ ਸਨ। ਸਾਡਾ ਪ੍ਰਵਾਰ ਸਾਰੇ ਇਲਾਕੇ ਵਿਚ ਉੱਨਤੀਸ਼ੀਲ ਅਤੇ ਸੁਸਿਖਿਅਤ ਪ੍ਰਵਾਰ ਸਮਝਿਆ ਜਾਂਦਾ ਸੀ। ਵਿਦਵਤਾ ਅਤੇ ਗਿਆਨ-ਪ੍ਰਾਪਤੀ ਦੀ ਇਹ ਪ੍ਰਥਾ ਅੱਗੇ ਤੋਰਨ ਵਿਚ ਦਾਦਾ ਜੀ ਤੇ ਪਿਤਾ ਜੀ ਦੇ ਡੂੰਘੇ ਪ੍ਰਭਾਵ ਸਦਕਾ ਮੇਰੇ ਵਲੋਂ ਜੋ ਨਿਮਾਣਾ ਜਤਨ ਅਤੇ ਯੋਗਦਾਨ ਪਾਇਆ ਗਿਆ ਹੈ, ਉਸ ਲਈ ਮੈਂ ਪਰਮਾਤਮਾ ਦਾ ਸ਼ੁਕਰ ਗੁਜ਼ਾਰ ਹਾਂ। ਵਿਦਿਵਤਾ ਉਹ ਦੌਲਤ ਹੈ ਜੋ ਕੌਮਾਂ ਦੀ ਹੋਣੀ ਬਦਲ ਸਕਦੀ ਹੈ ਅਤੇ ਇਸ ਦੀ ਘਾਟ ਜਾਂ ਅਭਾਵ ਕੌਮਾਂ ਦੀ ਗਿਰਾਵਟ ਤੇ ਪਤਨ ਦਾ ਕਾਰਨ ਬਣ ਸਕਦਾ ਹੈ।

ਦਾਦਾ ਜੀ ਹੋਰ ਪਦਵੀਆਂ ਤੇ ਕੰਮਾਂ ਤੋਂ ਇਲਾਵਾ 32 ਸਾਲ (1908-40) ਜ਼ੈਲਦਾਰ ਰਹੇ ਅਤੇ ਪਿਤਾ ਜੀ 14 ਸਾਲ (1916-30)। ਉਨ੍ਹਾਂ ਦੇ ਕੰਮਾਂ ਦੀ ਪ੍ਰਸੰਸਾ ਦੇ ਰੀਕਾਰਡ ਵਜੋਂ ਜ਼ੈਲਦਾਰੀ ਪੁਸਤਕ ਵਿਚ ਜੋ ਜ਼ਿਲ੍ਹੇ ਦੇ ਉੱਚ-ਅਫ਼ਸਰਾਂ ਵਲੋਂ ਵਿਸ਼ੇਸ਼ ਕਥਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(remarks) ਲਿਖੇ ਮਿਲਦੇ ਹਨ ਅਤੇ ਲੱਗਪਗ ਸਾਰੇ ਹੀ ਇਨ੍ਹਾਂ ਦੋਹਾਂ ਮਹਾਨ ਵਿਅਕਤੀਆਂ ਦੀ ਭਰਪੂਰ ਸ਼ਲਾਘਾ ਦਾ ਨਮੂਨਾ ਹਨ, ਉਨ੍ਹਾਂ ਵਿਚੋਂ ਕੁਝ ਚੋਣਵੀਆਂ ਟੂਕਾਂ ਦੇਣਾ ਹੀ ਕਾਫ਼ੀ ਹੋਵੇਗਾ। ਅੰਗਰੇਜ਼ੀ ਵਿਚ ਲਿਖੇ ਇਹ ਕਥਨ ਉਨ੍ਹਾਂ ਦੋਹਾਂ ਦੀ ਪ੍ਰਤਿਭਾ ਅਤੇ ਉੱਚੇ ਚਰਿੱਤਰ ਦੀ ਮੂੰਹ ਬੋਲਦੀ ਤਸਵੀਰ ਹਨ। ਅਖੀਰ ਤੇ ਕੁਝ ਪ੍ਰਾਕਥਨ ਭਾ. ਇਕਬਾਲ ਸਿੰਘ ਦੀ ਉਸਤਤ ਵਿਚ ਵੀ ਹਨ।

25-12-09 '...seems to be a very capable and intelligent officer.'

14-12-10 'Being a retired Subedar he is naturally smart and capable. Nothing can go wrong in his zail...'

18-5-11 '...Subedar Sher Singh seems to be a sterling good fellow.'

6-1-12 'Subedar Sher Singh is a man of superior education and withal an excellent zaildar.'

17-4-13 'I know no man in this district more entirely trustworthy and worthy of respect.'

20-8-14 'Subedar Sher Singh is an excellent man in every way and a great help to the administration.'

6-2-17 'Ujagar Singh has been present during my inspection. He seems a very promising young man.'

18-8-20 'Subedar Sher Singh himself is far above the average zaildars and his son is an intelligent, active and hard-working youth with considerable capacity.'

31-8-22 'Bhai Ujagar Singh is a well-behaved youth...I hope in due time he will rise to the position and distinction of his father.'

13-1-28 'S. Ujagar Singh, Sarbrah Zaildar, is an energetic young man, quite well-behaved and useful...'

15-10-30 '...glad to meet Sardar Sahib Subedar Sher Singh, Hony. Magistrate, member D. B. and non-official visitor of Sub-Jail Sargodha, but I an extremely sorry to hear of the death of his only son Ujagar Singh. This is a very heavy loss to Subedar Sahib in his old age and a great shock, but he is bearing it wonderfully well. I knew Ujagar Singh and liked him very much. He was following in the footsteps of his father and

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

was an excellent worker. His death is a great loss to the district administration.

(H. B. Bhanote, D. C.)

27-3-32 'S. S. Subedar Sher Singh comes from a very respectable and loyal family of Sialkot District, which is very well known to me.'

12-6-35 '...S. Iqbal Singh, S. Zaildar, remained present during my inspection. He is a young man with some education and is doing his work in a satisfactory manner.'

1-7-35 'Iqbal Singh, grandson of S. S. Subedar Sher Singh, was appointed Sarbrah Zaildar in Sept. 1934. He is a grown-up youngman of gentlemanly behavior and good habits...'

18-11-36 '...S. Iqbal Singh is fortunate in still havind the example and advice of that very fine old gentleman S. S. Subedar Sher Singh, who continues to be a model to the rest af the colony in energy and sanity of out-look.'

(A. A. Williams, A. C.)

10-3-37 'A real pleasure to meet this colony veteran, first in his chak on March 7 and again today here (Asianwali bangalow). He would be an asset to any countryside but not many countrysides could produce him.'

(M. L. Darling, F. C. D.)

4-1-38 'I have today met S. S. Subedar Sher Singh himself. He impressed me as a most shrewd and sensible gentleman.'

4-11-39 'I am very pleased to meet S. S. Subedar Sher Singh and to see his excellent record.'

ਇਹ 4 ਨਵੰਬਰ 1939 ਵਾਲਾ ਉਪਰਲਾ ਕਥਨ ਦਾਦਾ ਜੀ ਦੇ ਜੀਵਨ-ਚਰਿੱਤਰ ਬਾਰੇ ਅੰਤਮ ਕਥਨ ਹੈ ਜੋ ਜ਼ੈਲਦਾਰੀ ਪੁਸਤਕ ਦੀ ਇਕ ਤਰ੍ਹਾਂ ਮੁੰਦਾਵਣੀ ਹੈ। ਦਾਦਾ ਜੀ 1908 ਤੋਂ 1940 ਤਕ, 32 ਸਾਲ ਜ਼ੈਲਦਾਰ ਰਹੇ, ਪਿਤਾ ਜੀ 1916 ਤੋਂ 1930 ਤਕ, 14 ਸਾਲ ਸਰਬਰਾਹ ਜ਼ੈਲਦਾਰ ਰਹੇ ਅਤੇ ਭਾ. ਇਕਬਾਲ ਸਿੰਘ 1934 ਤੋਂ 1940 ਤਕ, 6 ਸਾਲ ਸਰਬਰਾਹ ਜ਼ੈਲਦਾਰ ਅਤੇ 1940 ਤੋਂ 1947 (ਦੇਸ਼ ਦੀ ਵੰਡ ਤਕ) 7 ਸਾਲ ਸਫ਼ੈਦਪੋਸ਼ ਰਹੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਚਪਨ

ਪਹਿਲੀ ਵਚਿਤਰ ਘਟਨਾ

ਮੇਰੇ ਜੀਵਨ ਦੀ ਪਹਿਲੀ ਵਚਿਤਰ ਘਟਨਾ ਜਨਮ ਤੋਂ ਛੇਤੀ ਪਿਛੋਂ ਦੀ ਹੈ, ਜਿਸ ਬਾਰੇ ਪੂਜਯ ਮਾਤਾ ਜੀ, ਸਰਦਾਰਨੀ ਹਰਨਾਮ ਕੌਰ, ਨੇ ਮੇਰੇ ਹੋਸ਼ ਸੰਭਲਣ ਤੋਂ ਸਾਲਾਂ ਬਾਅਦ ਗੱਲਾਂ ਬਾਤਾਂ ਵਿਚ ਕਈ ਵਾਰ ਦੱਸਿਆ । ਮੈਂ ਅਤੇ ਮੇਰਾ ਭਾਈ ਦਲੀਪ ਸਿੰਘ (ਜੋ ਕੁਝ ਸਾਲ ਹੋਏ ਸੁਪ੍ਰਡੰਟ ਪੋਲੀਸ ਦੇ ਅਹੁਦੇ ਤੋਂ ਰਿਟਾਇਰ ਹੋਇਆ) ਜੋੜੇ ਬੱਚਿਆਂ ਵਜੋਂ 19 ਅਗਸਤ ਸੰਨ 1720* ਨੂੰ ਸਵੇਰੇ ਸਾਢੇ ਦਸ ਤੋਂ ਸਾਢੇ ਗਿਆਰਾਂ ਵਜੇ ਵਿਚਕਾਰ, ਚੱਕ 115 ਜਨੂਬੀ (ਦੱਖਣੀ), ਜ਼ਿਲਾ ਸਰਗੋਧਾ (ਪੱਛਮੀ ਪੰਜਾਬ) ਵਿਚ ਪੈਦਾ ਹੋਏ । ਸਾਡੀ ਇਕਲੌਤੀ ਵੱਡੀ ਭੈਣ, ਬੀਬੀ ਆਸ ਕੌਰ, ਉਸ ਸਮੇਂ 6 ਸਾਲਾਂ ਦੀ ਅਤੇ ਵੱਡਾ ਭਾਈ ਸ. ਇਕਬਾਲ ਸਿੰਘ 4 ਸਾਲਾਂ ਦਾ ਸੀ । ਸਾਡੇ ਜਨਮ ਤੋਂ ਦੋ ਸਾਲ ਪਹਿਲਾਂ, 1918 ਵਿਚ ਇਕ ਭਾਈ ਜਸਵੰਤ ਸਿੰਘ, ਦੋ ਮਹੀਨੇ ਦਾ ਹੋ ਕੇ ਗੁਜ਼ਰ ਗਿਆ ਸੀ, ਇਸ ਲਈ ਸਾਡੇ ਦੁਹਾਂ ਦੇ ਜੋੜੇ ਰੂਪ ਵਿਚ ਪੈਦਾ ਹੋਣ ਨਾਲ ਸਮਝਿਆ ਗਿਆ ਕਿ ਪਰਮਾਤਮਾ ਨੇ ਗੁਜ਼ਰੇ ਹੋਏ ਬੱਚੇ ਦੀ ਕਮੀ ਪੂਰੀ ਕਰ ਦਿਤੀ ਹੈ । ਘਰ ਵਿਚ ਸਾਡੇ ਪਿਤਾ ਸ. ਉਜਾਗਰ ਸਿੰਘ ਜੀ ਸਾਡੇ ਦਾਦਾ ਸਰਦਾਰ ਸਾਹਿਬ ਸੂਬੇਦਾਰ ਸ਼ੇਰ ਸਿੰਘ ਜੀ ਦੇ ਇਕਲੌਤੇ ਸਪੁਤਰ ਸਨ, ਇਸ ਲਈ ਇਕ ਵੱਡੇ ਜ਼ਿਮੀਂਦਾਰ ਘਰ ਬਾਰ ਦਾ ਸਾਰਾ ਅੰਦਰਲਾ ਪ੍ਰਬੰਧ ਮਾਤਾ ਜੀ ਦੇ ਸਿਰ ਤੇ ਸੀ ਜੋ ਉਹ ਮੁਸ਼ਕਲ ਨਾਲ ਚਲਾ ਰਹੇ ਸਨ । ਫਿਰ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਦਾ ਭਾਰ ਵੀ ਵਧ ਗਿਆ । ਇਸ ਲਈ ਮੇਰੇ ਅਤੇ ਦਲੀਪ ਸਿੰਘ ਦੇ ਪਾਲਣ ਪੋਸਣ ਲਈ ਇਕ ਮੁਸਲਮਾਨ ਲੜਕੀ ਜਿਸ ਦਾ ਨਾਂ ਰੱਖੀ (ਅੱਲ੍ਹਾ ਰੱਖੀ) ਸੀ, ਨੌਕਰ ਰੱਖੀ ਗਈ । ਦਲੀਪ ਸਿੰਘ ਨੂੰ ਸਾਂਭਣ ਦੀ ਜ਼ਿੰਮੇਦਾਰੀ

---

*ਵਿਦਿਅਕ ਤੇ ਸਾਹਿੱਤਕ ਰਿਕਾਰਡਾਂ ਵਿਚ ਜੋ ਮੇਰੀ ਜਨਮ ਮਿਤੀ 1 ਫਰਵਰੀ, 1921 ਲਿਖੀ ਹੋਈ ਮਿਲਦੀ ਹੈ, ਇਹ ਠੀਕ ਨਹੀਂ । ਸਕੂਲ ਵਿਚ ਦਾਖਲ ਕਰਾਉਣ ਸਮੇਂ ਸ਼ਾਇਦ ਭੁਲੇਖੇ ਨਾਲ ਇਹ ਤਾਰੀਖ ਲਿਖਾ ਦਿਤੀ ਗਈ ਹੋਵੇਗੀ । 19 ਅਗਸਤ, 1920 ਵਾਲੀ ਤਾਰੀਖ ਸਾਡੇ ਪਰਿਵਾਰ ਵਿਚ ਸਾਂਭੀ ਹੋਈ ਸਤਿਕਾਰਯੋਗ ਦਾਦਾ ਜੀ ਦੀ ਹੱਥ-ਲਿਖਤ ਡਾਇਰੀ ਅਨੁਸਾਰ ਹੈ ਅਤੇ ਸ਼ੁੱਧ ਮਿਤੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੇ ਵੱਡੇ ਭੈਣ ਜੀ ਨੇ ਲੈ ਲਈ ਅਤੇ ਮੇਰੀ ਸਾਂਭ ਉਸ ਲੜਕੀ ਰੱਖੀ ਦੇ ਹਿੱਸੇ ਆਈ। ਉਹ ਸ਼ਾਇਦ ਓਦੋਂ 10-12 ਸਾਲਾਂ ਦੀ ਹੋਵੇਗੀ ! ਉਹ ਪੂਰਾ ਜਤਨ ਕਰਨ ਲੱਗੀ ਕਿ ਮੇਰਾ ਵਧ ਤੋਂ ਵਧ ਖਿਆਲ ਰੱਖੇ ਅਤੇ ਇਕ ਤਰ੍ਹਾਂ ਮੁਕਾਬਲੇ ਦੀ ਭਾਵਨਾ ਨਾਲ ਉਹ ਮੈਨੂੰ ਹਰ ਹੀਲੇ ਜਿੰਨਾ ਹੱਥ ਆ ਸਕੇ ਦੁੱਧ ਪਿਲਾਣ ਦਾ ਜਤਨ ਕਰਦੀ। ਬੇ ਜੀ ਦੱਸਦੇ ਸਨ ਕਿ ਉਹ ਮੈਨੂੰ ਸੱਕੀ ਭੈਣ ਨਾਲੋਂ ਵੀ ਵਧ ਪਿਆਰ ਤੇ ਮੋਹ ਕਰਦੀ ਸੀ। ਇਹ ਗੱਲ ਸੰਜੋਗ ਦੀ ਹੈ ਜਾਂ ਪਿਛਲੇ ਜਨਮਾਂ ਦੇ ਸੰਸਕਾਰਾਂ ਦੀ ਹੈ।

ਮੇਰਾ ਖਿਆਲ ਹੈ ਕਿ ਦੋ ਤਿੰਨ ਸਾਲ ਇਹ ਸਾਂਭ ਸੰਭਾਲ ਦਾ ਕੰਮ ਚਲਦਾ ਰਿਹਾ। ਓਦੋਂ ਲੜਕੀਆਂ ਛੇਤੀ ਵਿਆਹ ਦੇਂਦੇ ਸਨ। ਉਸ ਦੇ ਮਾਪਿਆਂ ਨੇ ਜੋ ਸਾਡੇ ਇਹਾਤੇ (ਮਕਾਨਾਂ ਦੀ ਚਾਰ ਦੀਵਾਰੀ) ਵਿਚ ਹੀ ਰਹਿੰਦੇ ਸਨ ਤੇ ਉਸ ਦਾ ਬਾਪ ਖੇਤੀ ਦੇ ਕੰਮਾਂ ਵਿਚ ਨੌਕਰ (ਸੀਰੀ) ਸੀ, ਉਸ ਦਾ ਛੇਤੀ ਵਿਆਹ ਕਰ ਦਿੱਤਾ। ਪਰ ਉਸ ਲੜਕੀ ਦੀ ਉਮਰ ਰੱਬ ਵਲੋਂ ਥੋੜ੍ਹੀ ਲਿਖੀ ਸੀ, ਉਹ ਸਹੁਰੇ ਜਾ ਕੇ ਕੁਝ ਸਮੇਂ ਪਿਛੋਂ ਬੀਮਾਰ ਹੋ ਗਈ। ਓਦੋਂ ਕੋਈ ਵੀ ਸਖਤ ਬੀਮਾਰੀ ਆਉਂਦੀ ਤਾਂ ਉਸ ਦਾ ਕੋਈ ਇਲਾਜ ਨਹੀਂ ਹੁੰਦਾ ਸੀ, ਖਾਸ ਕਰ ਕੇ ਗਰੀਬ ਤੇ ਪੇਂਡੂ ਲੋਕਾਂ ਦਾ ਤਾਂ ਬਹੁਤ ਹੀ ਬੁਰਾ ਹਾਲ ਸੀ। ਜਦ ਉਹ ਵਿਚਾਰੀ ਮਰਨ ਕਿਨਾਰੇ ਹੋ ਗਈ ਤਾਂ ਮਾਤਾ ਜੀ ਦੱਸਦੇ ਸਨ ਕਿ ਉਹ ਮਰਨ ਵੇਲੇ ਮੈਨੂੰ ਮੇਰਾ ਨਾਂ ਲੈ ਕੇ ਯਾਦ ਕਰਨ ਲੱਗੀ ਤੇ ਕਹਿਣ ਲੱਗੀ ਮੈਨੂੰ ਵੀਰ ਦਿਵਾਨ ਸਿੰਘ ਨੂੰ ਮਿਲਾ ਦਿਓ। ਉਸ ਦੇ ਸਹੁਰੇ-ਘਰ ਦੇ ਲੋਕ ਹੈਰਾਨ ਕਿ ਇਹ ਮਰਨ ਵੇਲੇ ਕਿਸੇ ਸਿੱਖ ਦਾ ਨਾਂ ਲੈ ਰਹੀ ਹੈ। ਕਈਆਂ ਨੇ ਨੱਕ ਚਾੜ੍ਹਿਆ ਤੇ ਗੁੱਸਾ ਪ੍ਰਗਟ ਕੀਤਾ। ਖ਼ੈਰ ਜਦ ਉਹ ਮਰ ਗਈ ਤੇ ਉਸਦੇ ਮਾਪੇ ਉਥੇ ਪਹੁੰਚੇ ਤਾਂ ਉਸਦੇ ਸਹੁਰਿਆਂ ਨੇ ਪੁੱਛਿਆ ਕਿ ਦੀਵਾਨ ਸਿੰਘ ਕੌਣ ਹੈ, ਰੱਖੀ ਉਸਦਾ ਮਰਨ ਵੇਲੇ ਨਾਂ ਲੈਂਦੀ ਸੀ। ਉਨ੍ਹਾਂ ਦੱਸਿਆ ਕਿ ਜਿਥੇ ਅਸੀਂ ਰਹਿੰਦੇ ਹਾਂ, ਉਨ੍ਹਾਂ ਸਰਦਾਰਾਂ ਦੇ ਇਕ ਬੱਚੇ ਨੂੰ ਖਿਡਾਂਦੀ ਤੇ ਪਾਲਦੀ ਸੀ ਤੇ ਉਸ ਨਾਲ ਬਹੁਤ ਪਿਆਰ ਕਰਦੀ ਸੀ। ਇਸ ਘਟਨਾ ਤੋਂ ਅਵੱਸ਼ ਇਹ ਸਿੱਟਾ ਨਿਕਲਦਾ ਹੈ ਕਿ ਸੱਚਾ ਪਿਆਰ ਆਤਮਕ ਪੱਧਰ ਦਾ ਹੁੰਦਾ ਹੈ ਅਤੇ ਇਹ ਮਜ਼ਹਬ, ਕੌਮ, ਦੇਸ਼, ਰੰਗ ਸਾਰੇ ਵਖੇਵਿਆਂ ਤੋਂ ਉੱਚਾ ਹੁੰਦਾ ਹੈ, ਦੂਜੀ ਗੱਲ ਇਹ ਕਿ ਮੇਰੇ ਜੀਵਨ ਦੀ ਨੀਂਹ ਇਕ ਸੱਚੇ ਸੁੱਚੇ ਪਿਆਰ ਤੇ ਰੱਖੀ ਗਈ ਜੋ ਸਦਾ ਅਮਰ ਹੈ।

ਬਾਰ ਦੀ ਖੁਲ੍ਹੀ ਡੁਲ੍ਹੀ ਵਸੋਂ

ਮੈਂ ਆਪਣੇ ਜੀਵਨ ਦੇ ਪਹਿਲੇ 10 ਸਾਲ ਪਿੰਡ ਵਿਚ ਬਿਤਾਏ, ਫਿਰ ਸ਼ਹਿਰੀ ਬਣ ਗਿਆ, ਪਹਿਲਾਂ ਪੜ੍ਹਾਈ ਲਈ, ਫਿਰ ਨੌਕਰੀ ਲਈ। ਹੌਲੀ ਹੌਲੀ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦਾ ਹੀ ਪੱਕਾ ਵਾਸੀ ਬਣ ਗਿਆ। ਸਾਡਾ ਪਿੰਡ ਇਥੋਂ ਸ੍ਰੀ ਅੰਮ੍ਰਿਤਸਰ ਤੋਂ ਉਤਰ ਪੱਛਮ ਵੱਲ ਲਾਹੌਰ ਸ਼ਹਿਰ ਤੋਂ ਦਰਿਆ ਰਾਵੀ ਪਾਰ ਕਰਕੇ ਅਤੇ ਸ਼ੇਖ਼ੂਪੁਰਾ, ਲਾਇਲਪੁਰ* ਤੇ ਝੰਗ ਦੇ ਜ਼ਿਲੇ ਲੰਘ ਕੇ ਅੱਗੇ ਦਰਿਆ ਚਨਾਬ (ਝਨਾਂ) ਤੋਂ ਪਾਰ ਜ਼ਿਲਾ

*ਹੁਣ ਪਾਕਿਸਤਾਨ ਵਿਚ ਇਸਦਾ ਨਾਂ ਬਦਲ ਕੇ ਸਊਦੀ ਅਰਬ ਦੇ ਸਾਬਕ ਅਮੀਰ (ਬਾਦਸ਼ਾਹ) ਦੇ ਨਾਂ ਤੇ ਫੈਸਲਾਬਾਦ ਰੱਖ ਦਿਤਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਗੋਧਾ ਵਿਚ, ਦਰਿਆ ਚਨਾਬ ਤੋਂ 15 ਕੁ ਮੀਲਾਂ ਤੇ ਉਤਰ ਵੱਲ ਵਾਕਿਆ ਸੀ । ਚਨਾਬ ਦਰਿਆ ਨੂੰ ਪਾਰ ਕਰਨ ਲਈ ਚਣਿਓਟ ਸ਼ਹਿਰ ਦੇ ਨੇੜੇ ਰੇਲ ਅਤੇ ਸੜਕ ਦੇ ਪੁਲ ਬਣੇ ਹੋਏ ਸਨ । ਸਰਗੋਧਾ ਜ਼ਿਲੇ ਦੀ ਬਹੁਤੀ ਆਬਾਦੀ ਮੁਸਲਮਾਨਾਂ ਦੀ ਸੀ ਪਰ ਸਰਗੋਧਾ ਤਹਿਸੀਲ ਵਿਚ ਕਾਫੀ ਗਿਣਤੀ ਸਿੱਖਾਂ ਦੀ ਸੀ ।

ਪਿੰਡ ਦੇ ਪੂਰਬ ਤੇ ਦੱਖਣ ਵਲ ਨੇੜੇ ਹੀ ਦੋ ਪਹਾੜੀਆਂ ਸਨ । ਸਰਗੋਧਾ ਸ਼ਹਿਰ ਸਾਡੇ ਪਿੰਡ ਤੋਂ ਉੱਤਰ ਵਲ 17 ਮੀਲਾਂ ਦੇ ਫਾਸਲੇ ਤੇ ਸੀ ਅਤੇ ਸੜਕ ਦੇ ਰਸਤੇ 10 ਕੁ ਮੀਲ ਤੇ ਜਾ ਕੇ ਇਕ ਵਡੀ ਉੱਚੀ ਪਹਾੜੀ ਸੀ (ਕਿਰਾਣਾ ਪਹਾੜ) ਜਿਸ ਉਤੇ ਇਕ ਪੁਰਾਤਨ ਜੋਗੀਆਂ ਦਾ ਟਿੱਲਾ ਜਾਂ ਡੇਰਾ ਬਣਿਆ ਹੋਇਆ ਸੀ ਅਤੇ ਹਰ ਸਾਲ ਸ਼ਿਵਰਾਤਰੀ ਤੇ ਉਥ ਭਾਰੀ ਮੇਲਾ ਲਗਦਾ ਸੀ । ਸਾਰਾ ਸ਼ਹਿਰ ਹੀ ਮੇਲੇ ਤੇ ਜਾਂਦਾ ਦਿੱਸਦਾ । ਅਸੀਂ ਵੀ ਹੋਸਟਲ ਤੋਂ ਹਰ ਸਾਲ ਸਤ ਮੀਲਾਂ ਦਾ ਇਹ ਪੈਂਡਾ ਪੈਦਲ ਤੈ ਕਰਕੇ ਮੇਲਾ ਦੇਖਣ ਜਾਂਦੇ ।

ਲਾਇਲਪੁਰ ਤੇ ਮਿੰਟਗੁਮਰੀ ਵਾਂਗ ਇਸ ਇਲਾਕੇ ਨੂੰ ਵੀ ਬਾਰ ਕਹਿੰਦੇ ਸਨ । ਬਾਰ ਤੋਂ ਭਾਵ ਜੰਗਲ । ਪਹਿਲਾਂ ਇਥੇ ਜੰਗਲ ਹੁੰਦਾ ਸੀ ਤੇ ਬਹੁਤ ਥੋੜੀ ਪੁਰਾਣੀ ਵਸੋਂ ਹੁੰਦੀ ਸੀ । ਅੰਗਰੇਜ਼ ਹਕੂਮਤ ਨੇ ਜਿਹਲਮ ਦਰਿਆ ਵਿਚੋਂ ਨਹਿਰ ਕਢ ਕੇ ਇਸ ਬਾਰ ਨੂੰ ਵਸਾਇਆ । ਇਹ ਬਾਰ ਲਗਪਗ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੋਂਦ ਵਿਚ ਆਈ। ਪੂਰਬੀ ਤੇ ਕੁਝ ਪਛਮੀ ਪੰਜਾਬ ਦੇ ਜ਼ਿਲ੍ਹਿਆਂ ਵਿਚੋਂ ਆ ਕੇ ਇਥੇ ਵੱਸੇ ਜ਼ਿਮੀਂਦਾਰ ਦੋ ਕਿਸਮ ਦੇ ਸਨ, ਇਕ ਉਹ ਜਿਨ੍ਹਾਂ ਨੂੰ ਫ਼ੌਜੀ ਨੌਕਰੀ ਦੇ ਇਨਾਮ ਵਜੋਂ ਜ਼ਮੀਨ ਮਿਲੀ, ਦੂਜੇ ਉਹ ਜਿਨ੍ਹਾਂ ਨੂੰ ਵਧੀਆ ਨਸਲ ਦੀ ਘੋੜੀ ਪਾਲਣ ਦੇ ਖਰਚੇ ਵਜੋਂ ਜ਼ਮੀਨ ਮਿਲੀ । ਪਿੰਡ ਨੂੰ ਇਥੇ ਚਕ ਕਹਿੰਦੇ ਸਨ ਤੇ ਉਤਰੀ ਪਿੰਡਾਂ ਨੂੰ ਸ਼ਮਾਲੀ ਤੇ ਦਖਣ ਪਾਸੇ ਦੇ ਪਿੰਡਾਂ ਨੂੰ ਜਨੂਬੀ । ਬਹੁਤੇ ਆਬਾਦਕਾਰ (colonist) ਸਿੱਖ ਸਨ ਅਤੇ ਬਹੁਤ ਸਾਰੇ ਪਿੰਡ ਨਿਰੋਲ ਸਿੱਖਾਂ ਦੇ ਸਨ । ਸਾਡੇ ਨੇੜੇ ਇਕ ਰੇਲਵੇ ਸਟੇਸ਼ਨ ਦਾ ਨਾਂ ਸਿੱਖਾਂਵਾਲਾ ਸੀ । ਕੁਝ ਚਕ ਨਿਰੋਲ ਮੁਸਲਮਾਨਾਂ ਦੇ ਵੀ ਸਨ । ਪਿੰਡਾਂ ਦੀ ਵਿਉਂਤਬੰਦੀ (lay-out) ਬਹੁਤ ਚੰਗੀ ਤੇ ਨਵੀਨ ਸੀ । ਹਰ ਪਿੰਡ ਦੇ ਵਿਚਕਾਰ ਚੌਕ, ਚੌਕ ਦੇ ਚੌਹਾਂ ਕੋਣਿਆਂ ਵਿਚ ਚਾਰ ਦੁਕਾਨਾਂ ਤੇ ਚਾਰੇ ਪਾਸੇ ਚਾਰ ਵੱਡੀਆਂ ਸੜਕਾਂ ਸਨ । ਮਕਾਨ ਖੁਲ੍ਹੇ ਤੇ ਵਿਸ਼ਾਲ ਸਨ । ਹਰ ਪਿੰਡ ਵਿਚ ਗੁਰਦਵਾਰਾ, ਡਾਕਖਾਨਾ ਤੇ ਪ੍ਰਾਇਮਰੀ ਸਕੂਲ ਸੀ । ਪਿੰਡ ਦੇ ਬਾਹਰਲੇ ਪਾਸੇ ਕੰਮੀਆਂ (ਖੇਤ ਮਜ਼ਦੂਰਾਂ), ਲੋਹਾਰਾਂ, ਤਰਖਾਣਾਂ, ਧੋਬੀ, ਨਾਈ, ਚਮਾਰਾਂ ਆਦਿ ਦੇ ਕੋਠੇ ਸਨ ।

ਕੁਦਰਤ ਦੀ ਵਿਸ਼ਾਲਤਾ

ਬਾਰ ਨਵੀਂ ਵੱਸੀ ਹੋਣ ਕਾਰਨ ਲੋਕਾਂ ਦੇ ਪਰਸਪਰ ਸੰਬੰਧ ਸੁਖਾਵੇਂ ਤੇ ਸੁਹਿਰਦਤਾ-ਭਰੇ ਸਨ । 40 ਸਾਲਾਂ ਦੇ ਅਰਸੇ ਵਿਚ ਉਥੇ ਬਹੁਤ ਘਟ ਲੜਾਈ ਝਗੜੇ, ਕਤਲ ਜਾਂ ਚੋਰੀ ਡਾਕੇ ਦੇ ਕੇਸ ਹੋਏ । ਵਸੋਂ ਥੋੜੀ ਤੇ ਸਫ਼ਾਈ ਜ਼ਿਆਦਾ ਸੀ । ਗੰਦਗੀ ਦਾ ਨਾਂ ਨਿਸ਼ਾਨ ਨਹੀਂ ਸੀ । ਕੁਦਰਤ ਅਜੇ ਨਿਰਜਨ ਤੇ ਅਛੋਹ ਜਾਪਦੀ ਸੀ । ਖੇਤ ਖੁਲ੍ਹੇ ਤੇ ਦੂਰ ਦੂਰ ਤਕ ਇਕਸਾਰ ਫੈਲੇ ਹੋਏ । ਜ਼ਮੀਨ ਦੀ ਇਕਾਈ 'ਮੁਰਬਾ' ਅਖਵਾਂਦੀ ਸੀ । ਇਕ ਮੁਰੱਬੇ ਵਿਚ 25 ਏਕੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਮੀਨ ਹੁੰਦੀ ਸੀ। ਦਰੱਖਤ ਘੱਟ ਸਨ ਤੇ ਬਾਗ ਬਹੁਤ ਹੀ ਘੱਟ । ਬਚਪਨ ਤੋਂ ਹੀ ਮੇਰੇ ਮਨ ਵਿਚ ਕੁਦਰਤ ਦੀ ਵਿਸ਼ਾਲਤਾ. ਵਿਰਾਟਤਾ ਤੇ ਅਨੰਤਤਾ ਦਾ ਬਹੁਤ ਡੂੰਘਾ ਪ੍ਰਭਾਵ ਪਿਆ। ਇਹ ਜੀਵਨ ਦੇ ਪਹਿਲੇ ਦਸ ਸਾਲਾਂ ਵਿਚ ਮਾਨੋ ਕੁਦਰਤ ਦਾ ਸੁਹਜਮਈ ਪ੍ਰਭਾਵ ਮੈਂ ਰੱਜ ਕੇ ਮਾਣਿਆ। ਬਹੁਤ ਪਿਛੋਂ ਕੁਦਰਤ ਦਾ ਅਨੁਭਵ ਮੈਂ ਇਕ ਕਵਿਤਾ ਵਿਚ ਇਉਂ ਮੂਰਤੀਮਾਨ ਕੀਤਾ :

ਅਦਭੁਤ ਇਕ ਪੰਘੂੜਾ ਬਣਿਆ
ਕੁਦਰਤ ਸਭ ਨੂੰ ਗੋਦ ਖਿਡਾਵੇ।
ਕੁਦਰਤ ਇਕ ਪ੍ਰਭਾਵ ਸੁਹਾਣਾ,
ਨਿੱਤ ਖਜ਼ਾਨੇ ਵੰਡਦੀ ਜਾਵੇ।
ਸਦਾ ਅਛੋਹ ਪਵਿੱਤਰ ਰਹਿੰਦੀ,
ਹਰ ਪਿਆਸੇ ਦਿਲ ਨੂੰ ਵਰਸਾਵੇ।
ਵਾਹ ! ਅਨੰਤ, ਅਸੀਮ, ਅਗੋਚਰ
ਦਿਲ ਹੱਦੋਂ ਬੇਹੱਦ ਸਮਾਵੇ। (ਕੁਦਰਤ, ਪੁਸਤਕ 'ਅੰਦਾਜ਼ਿ ਗਜ਼ਲ')

ਮੈਂ ਸਮਝਦਾ ਹਾਂ ਕਿ ਕੁਦਰਤ ਦਾ ਡੂੰਘਾ ਪ੍ਰਭਾਵ ਅਧਿਆਤਮਕ ਪੱਧਰ ਦਾ ਹੁੰਦਾ ਹੈ ਤੇ ਧਾਰਮਕ ਪ੍ਰੇਰਨਾ ਦਾ ਸਰੋਤ ਵੀ। ਦੂਜਾ ਦੀਰਘ ਪ੍ਰਭਾਵ ਜੋ ਬਚਪਨ ਦੇ ਇਨ੍ਹਾਂ ਸਾਲਾਂ ਵਿਚ ਮੇਰੇ ਮਨ ਵਿਚੋਂ ਨਿਖਰ ਕੇ ਸਾਹਮਣੇ ਆਇਆ, ਉਹ ਸੀ ਇਕ ਸਬਾਈ ਤੇ ਪਰਪੱਕ ਪਰਮਾਤਮਾ ਦੇ 'ਸ਼ੁਕਟਾਨੇ' ਦੀ ਭਾਵਨਾ । ਸਾਰੀ ਉਮਰ ਮੈਂ ਉਨ੍ਹਾਂ ਸਾਲਾਂ ਵਿਚ ਪ੍ਰਾਪਤ ਹੋਏ ਚੰਗੇ ਤੇ ਸੁਖਾਵੇਂ ਜੀਵਨ ਅਤੇ ਬੇਫਿਕਰੀ, ਖੁਸ਼ਹਾਲੀ ਤੇ ਸਬਰ ਸੰਤੋਖ ਦੇ ਮਿਲੇ ਜੁਲੇ ਵਾਤਾਰਨ ਲਈ ਰੱਬ ਦਾ ਸ਼ੁਕਰ ਗੁਜ਼ਾਰ ਰਿਹਾ ਹਾਂ । ਜਦ ਘਰ ਵਿਚ ਕਿਸੇ ਚੀਜ਼ ਦੀ ਕਮੀ ਨਾ ਹੋਵੇ ਤਾਂ ਅਵੱਸ਼ ਆਦਮੀ ਨੂੰ ਕਰਤੇ ਦਾ ਧੰਨਵਾਦ ਹੀ ਕਰਨਾ ਬਣਦਾ ਹੈ। ਮੇਰੀ ਇਕ ਗ਼ਜ਼ਲ ਦਾ ਪਹਿਲਾ ਸ਼ਿਅਰ ਹੈ :

ਬੰਦਗੀ ਦਾ ਬੋਝ ਬੰਦੇ ਤੋਂ ਉਠਾਇਆ ਨਾ ਗਿਆ।
ਰੱਬਾ ! ਤੇਰਾ ਮਿਹਰ ਰਿਣ ਸਾਥੋਂ ਚੁਕਾਇਆ ਨਾ ਗਿਆ।

ਰੱਬ ਦੀ ਕਿਰਪਾ ਦਾ ਰਿਣ ਕੌਣ ਚੁਕਾ ਸਕਦਾ ਹੈ ? ਔਖਾ ਕੰਮ ਹੈ। ਹੋਰ ਲੋਕਾਂ ਵਾਂਗ ਉਥੇ ਸਾਡੇ ਪਾਸ ਵੀ ਖੁਲ੍ਹਾ ਲਵੇਰਾ (ਦੁਧ ਘਿਓ), ਰਹਿਣ ਨੂੰ ਪੱਕੇ ਮਕਾਨ ਤੇ ਚੁਬਾਰੇ, ਸਵਾਰੀ ਲਈ ਘੋੜੇ ਤੇ ਟਾਂਗਾ, ਖਾਣ ਪੀਣ, ਰਹਿਣ ਸ਼ਹਿਣ, ਸਰਦੇ ਪੁੱਜਦੇ ਸਰਦਾਰਾਂ ਵਾਲਾ, ਸੈਰ ਲਈ ਬਾਗ, ਸਰਕਾਰੇ ਦਰਬਾਰੇ ਇੱਜ਼ਤ, ਦਾਦਾ ਜੀ ਦੇ ਜ਼ੈਲਦਾਰ, ਮੈਂਬਰ ਡਿਸਟਰਿਕਟ ਬੋਰਡ, ਅਤੇ ਅਨ੍ਰੇਰੀ ਮੈਜਿਸਟਰੇਟ ਹੋਣ ਕਰਕੇ ਸਾਰੇ ਜ਼ਿਲੇ ਵਿਚ ਮਾਨ ਸਤਿਕਾਰ ਤੇ ਸਾਰੇ ਸਿੱਖਾਂ ਦੇ ਪਿੰਡਾਂ ਨਾਲ ਡੂੰਘੀ ਸਾਂਝ। ਸੱਚ ਹੈ ਚੰਗੇ ਜੀਵਨ ਵਿਚੋਂ ਹੀ ਚੰਗੇ ਗੁਣ ਤੇ ਸਦਾਚਾਰ ਉਪਜਦੇ ਹਨ, ਚੰਗੀ ਸੰਸਕ੍ਰਿਤੀ ਪੈਦਾ ਹੁੰਦੀ ਹੈ। ਮੇਰੇ ਖਿਆਲ ਵਿਚ ਬਾਰ ਦੇ ਲੋਕਾਂ ਦਾ ਕਲਚਰ ਉੱਚੇ ਪੱਧਰ ਦਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੰਡ ਦਾ ਸਿੱਖੀ ਵਾਤਾਵਣ

ਸਮੁੱਚੇ ਤੌਰ ਤੇ ਇਹ ਕਲਚਰ ਜੋ ਸਿੱਖ ਵਸੋਂ ਵਿਚ ਪ੍ਰਫੁਲਿਤ ਹੋਇਆ, ਇਕ ਧਾਰਮਕ ਕਲਚਰ ਸੀ। ਲੋਕ ਬਹੁਤ ਮਿਹਨਤੀ ਸਨ ਪਰ ਸਿੱਖੀ ਸ਼ਰਧਾ ਉਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਸੀ। ਸਾਡੇ ਪਿੰਡ ਦੇ ਸਾਰੇ 12 ਸਰਦਾਰ ਫੌਜੀ ਪੈਨਸ਼ਨਰ ਸਨ। ਇਸ ਲਈ ਚੰਗੇ ਜ਼ਬਤ (discipline) ਵਾਲੇ ਨਾਗਰਿਕ ਤੇ ਸਾਫ-ਦਿਲ ਮਨੁੱਖ ਹੋਣ ਕਰਕੇ ਸਿੱਖੀ ਵਿਚ ਹੋਰ ਵੀ ਪਰਪੱਕ ਸਨ। ਕਈ ਸਵੇਰੇ ਸ਼ਾਮ ਗੁਰਦਵਾਰੇ ਵਿਚ ਹਾਜ਼ਰੀ ਭਰਦੇ। ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ (ਸੰਗ੍ਰਾਂਦ) ਨੂੰ ਤਾਂ ਸਾਰਾ ਗੁਰਦਵਾਰਾ ਭਰ ਜਾਂਦਾ। ਸਾਰੇ ਮੁੱਖ ਗੁਰਪੁਰਬ ਮਨਾਏ ਜਾਂਦੇ ਤੇ ਛੋਟੇ ਪੱਧਰ ਦਾ ਜਲੂਸ ਵੀ ਕਢਦੇ, ਬੜੀ ਸ਼ਰਧਾ ਤੇ ਉਤਸ਼ਾਹ ਨਾਲ, ਜਿਸ ਵਿਚ ਬਜ਼ੁਰਗ ਫੌਜੀ ਸਰਦਾਰ ਆਪਣੇ ਚਿੱਟੇ ਤੇ ਲੰਮੇ ਦਾੜੇ ਖੋਲ੍ਹ ਕੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਨੂੰ ਮੋਢਾ ਦੇਂਦੇ। ਇਹ ਸਭ ਕੁਝ ਮੈਂ ਬਚਪਨ ਵਿਚ ਦੇਖਿਆ।

ਜਦ ਅਗਸਤ 1922 ਈ. ਵਿਚ ਗੁਰੂ ਕਾ ਬਾਗ ਸ੍ਰੀ ਅੰਮ੍ਰਿਤਸਰ ਦਾ ਪ੍ਰਸਿੱਧ ਅਕਾਲੀ ਮੋਰਚਾ ਲੱਗਾ ਤਾਂ ਪਿੰਡ ਦੇ 5 ਜਵਾਨ ਸਰਦਾਰ ਸਿੱਖੀ ਜਜ਼ਬੇ ਅਧੀਨ ਜੋਸ਼ ਵਿਚ ਆ ਕੇ ਇਸ ਮੋਰਚੇ ਵਿਚ ਜਾ ਕੇ ਕੈਦ ਹੋ ਗਏ। ਇਨ੍ਹਾਂ ਪੰਜਾਂ ਵਿਚ ਸਾਡੇ ਪਿਤਾ ਜੀ ਵੀ ਸਨ ਜੋ ਨੌਂ ਮਹੀਨੇ ਅਟਕ ਜੇਲ ਵਿਚ ਕੈਦ ਰਹੇ। ਸਾਡੇ ਪਿਤਾ ਜੀ ਵਿਚ ਡੂੰਘੀ ਧਾਰਮਕ ਤੇ ਸਾਹਿੱਤਕ ਰੁਚੀ ਹੋਣ ਕਰਕੇ ਉਹ ਧਾਰਮਕ ਕਿਸਮ ਦੇ ਨਾਟਕ ਖੇਡੇ ਜਾਣ ਦੀ ਵੀ ਅਗਵਾਈ ਕਰਦੇ। ਮੈਨੂੰ ਥੋੜਾ ਥੋੜਾ ਯਾਦ ਹੈ ਕਿ ਉਨ੍ਹਾਂ ਨੇ ਰਾਜਾ ਹਰੀਸ਼ ਚੰਦਰ ਦਾ ਡਰਾਮਾ ਖੇਡਿਆ ਜਿਸ ਵਿਚ ਉਨ੍ਹਾਂ ਹਰੀਸ਼ ਚੰਦਰ ਦਾ ਪਾਰਟ ਕੀਤਾ। ਉਨ੍ਹਾਂ ਉਰਦੂ ਤੇ ਪੰਜਾਬੀ ਪੁਸਤਕਾਂ ਦੀ ਚੰਗੀ ਲਾਇਬਰੇਰੀ ਬਣਾ ਰੱਖੀ ਸੀ, ਜਿਸ ਵਿਚ ਭਾਈ ਵੀਰ ਸਿੰਘ ਦੀਆਂ ਸਾਰੀਆਂ ਰਚਨਾਵਾਂ ਤੇ ਨਿਰਗੁਣਿਆਰਾ ਟਰੈਕਟ ਦੀਆਂ ਕਾਪੀਆਂ ਤੋਂ ਇਲਾਵਾ ਉਰਦੂ ਸਾਹਿੱਤ ਦੀਆਂ ਪੁਸਤਕਾਂ ਤੇ ਉਰਦੂ ਵਿਚ ਹੀ ਸ਼ਬਦ ਸੁਰਤ ਯੋਗ ਬਾਰੇ ਕਈ ਪੁਸਤਕਾਂ ਸਨ ਜੋ ਮੈਨੂੰ ਆਪਣੀ ਹਾਈ ਸਕੂਲ ਦੀ ਪੜ੍ਹਾਈ (ਜੋ ਸਰਗੋਧੇ ਹੋਈ) ਸਮੇਂ ਛੁਟੀਆਂ ਵਿਚ ਪੜ੍ਹਨ ਦਾ ਅਵਸਰ ਮਿਲਦਾ ਰਿਹਾ। ਪਿੰਡ ਦੇ ਪ੍ਰਾਇਮਰੀ ਸਕੂਲ ਦਾ ਮਾਸਟਰ ਉੱਤਮ ਚੰਦ ਚੰਗਾ ਉਸਤਾਦ ਹੋਣ ਤੋਂ ਇਲਾਵਾ ਇਕ ਸਹਿਜਧਾਰੀ ਸਿੱਖ ਤੇ ਬੜਾ ਧਾਰਮਕ ਪੁਰਸ਼ ਸੀ। ਉਸ ਨੂੰ ਕੀਰਤਨ ਕਰਨ ਦਾ ਵੀ ਸ਼ੌਕ ਸੀ। ਪਿੰਡ ਦੇ ਗੁਰਦਵਾਰੇ ਵਿਚ ਉਹ ਆਮ ਕਰਕੇ ਹੇਠ ਲਿਖਿਆ ਸ਼ਬਦ ਗਾਇਆ ਕਰਦਾ ਸੀ :

ਤੂ ਠਾਕਰੋ ਬੈਰਾਗਰੋ ਮੈ ਜੇਹੀ ਘਣਚੇਰੀ ਰਾਮ ॥
ਤੂ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ (ਪੰਨਾ 779)

ਤੂੰ ਮੇਰਾ ਰਾਖਾ ਸਭਨੀ ਥਾਈ

ਇਕ ਹੋਰ ਜ਼ਰੂਰੀ ਆਤਮਕ ਤੱਤ ਜੋ ਮੈਂ ਬਚਪਨ ਵਿਚ ਗ੍ਰਹਿਣ ਕੀਤਾ ਪਰ ਜਿਸਦੀ ਸਮਝ ਮੈਨੂੰ ਵੱਡੇ ਹੋ ਕੇ ਆਈ, ਉਹ ਸੀ ਵਾਹਿਗੁਰੂ ਵਿਚ ਦ੍ਰਿੜ ਤੇ ਅਟੁਟ ਵਿਸ਼ਵਾਸ, ਉਸ ਦਾ ਆਸਰਾ ਤੇ ਓਟ, ਉਸ ਦੀ ਖਤਰਿਆਂ ਤੇ ਸੰਕਟਾਂ ਤੋਂ ਬਚਾਉਣ ਤੇ ਰਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨ ਦੀ ਸ਼ਕਤੀ ਦਾ ਅਨੁਭਵ । ਮੈਂ ਬਚਪਨ ਦੇ ਸਾਲਾਂ ਵਿਚ ਤਿੰਨ ਚਾਰ ਵਾਰੀ ਘੋੜੇ ਤੋਂ ਡਿੱਗਾ ਪਰ ਚੋਟ ਨਹੀਂ ਆਈ । ਇਕ ਵਾਰੀ ਤੇਜ਼ ਚਲਦੇ ਟਾਂਗੇ ਤੇ ਜਾਂਦਿਆਂ ਮਾਤਾ ਜੀ ਦੀ ਗੋਦ ਵਿਚ ਸੁੱਤਾ ਹੋਇਆ ਮੈਂ ਬੁੜ੍ਹਕ ਕੇ ਰਜਵਾਹ (ਛੋਟੀ ਨਹਿਰ) ਵਿਚ ਜਾ ਡਿੱਗਾ । ਏਨੇ ਵਿਚ ਟਾਂਗਾ ਦੂਰ ਅੱਗੇ ਨਿਕਲ ਗਿਆ ਪਰ ਰੱਖਣ ਵਾਲ਼ੇ ਦੇ ਰੰਗ, ਜਦ ਟਾਂਗਾ ਖਲ੍ਹਾਰ ਕੇ ਪਿਤਾ ਜੀ ਨੇ ਪਾਣੀ ਵਿਚੋਂ ਕਢਿਆ ਤਾਂ ਮੈਂ ਠੀਕ ਠਾਕ ਸੀ । ਕੇਵਲ ਭਿੱਜਿਆ ਹੀ ਸੀ । ਇਸ ਬਾਰੇ ਮੈਨੂੰ ਮਾਤਾ ਜੀ ਨੇ ਬਹੁਤ ਪਿਛੋਂ ਸਾਡੇ ਬਚਪਨ ਦੀਆਂ ਗੱਲਾਂ ਕਰਦੇ ਦੱਸਿਆ । ਬਾਰ ਦੇ ਇਲਾਕੇ ਵਿਚ ਬੜੇ ਵੱਡੇ ਤੇ ਜ਼ਹਿਰੀ ਸੱਪ ਸਨ, ਸਾਡੇ ਬਾਗ ਵਿਚ ਹੀ ਬੇਸ਼ੁਮਾਰ ਸਨ ਤੇ ਅਸੀਂ ਉਥੇ ਅਕਸਰ ਨੱਸਦੇ ਭੱਜਦੇ ਰਹਿੰਦੇ, ਖੇਡਦੇ ਰਹਿੰਦੇ, ਰੱਖਣ ਵਾਲਾ ਰੱਖਦਾ ਰਿਹਾ । ਉਥੇ ਸਾਡਾ ਮਾਲੀ ਸੁਰਜੂ ਜੋ ਯੂ. ਪੀ. ਦੇ ਜ਼ਿਲਾ ਸੁਲਤਾਨਪੁਰ ਤੋਂ ਸੀ, ਇਕ ਝੌਂਪੜੀ ਬਣਾ ਕੇ ਰਹਿੰਦਾ ਸੀ ਤੇ ਹਮੇਸ਼ਾਂ ਨੰਗੇ ਪੈਰ ਹੁੰਦਾ ਸੀ, ਉਸ ਨੂੰ ਰੱਬ ਹੀ ਬਚਾਂਦਾ ਸੀ । ਇਕ ਦਿਨ ਪ੍ਰਾਇਮਰੀ ਸਕੂਲ ਦੀ ਸ਼ਤੀਰਾਂ ਤੇ ਪਾਈ ਸਿਰਕੀਆਂ ਦੀ ਛੱਤ ਵਿਚੋਂ ਇਕ ਸੱਪ ਮੇਰੇ ਨਾਲ ਟਾਟ ਤੇ ਬੈਠੇ ਮੇਰੇ ਤਾਏ ਦੇ ਲੜਕੇ ਰਤਨ ਸਿੰਘ ਦੇ ਉੱਤੇ ਆ ਡਿੱਗਾ ਪਰ ਇਕ ਦਮ ਪਾਸੇ ਨਿਕਲ ਗਿਆ । ਆਪਣੀ ਜਵਾਨੀ ਤੇ ਅੱਧਖੜ ਉਮਰ ਵਿਚ ਵੀ ਜਦੋਂ ਕਦੀ ਖਤਰਾ ਹੋਇਆ ਤਾਂ ਪਰਮਾਤਮਾ ਨੇ ਰਖਿਆ ਕੀਤੀ । ਸੋ ਹੁਣ ਮੇਰਾ ਪੂਰਨ ਵਿਸ਼ਵਾਸ ਗੁਰਬਾਣੀ ਦੇ ਇਨ੍ਹਾਂ ਮਹਾਨ ਵਾਕਾਂ ਦੀ ਸ਼ਾਹਦੀ ਭਰਦਾ ਹੈ :

> ਪ੍ਰਤਿਪਾਲੈ ਨਿਤ ਸਾਰਿ ਸਮਾਲੇ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥
>
> (ਪੰਨਾ 612)
>
> ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥
> ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥
>
> (ਪੰਨਾ 674)
>
> ਅਉਖੀ ਘੜੀ ਨ ਦੇਖਣ ਦੇਈ ਆਪਨਾ ਬਿਰਦੁ ਸਮਾਲੇ ॥
> ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥
>
> (ਪੰਨਾ 682)

ਰੁਮਾਲਾਂ ਵਾਲੇ ਸੰਤ ਜੀ ਮਹਾਰਾਜ

ਬਚਪਨ ਦੀਆਂ ਹੁਣ ਮੈਂ ਕੁੱਝ ਹੋਰ ਘਟਨਾਵਾਂ ਲਿਖਦਾ ਹਾਂ । ਇਕ ਵਾਰੀ ਪਿੰਡ ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਪ੍ਰਸਿੱਧ ਸੰਤ ਬਾਬਾ ਹਰੀ ਸਿੰਘ ਕਹਾਰਪੁਰੀਏ (ਉਰਫ ਰੁਮਾਲਾਂ ਵਾਲੇ ਸੰਤ) ਆਪਣੇ ਕੁਝ ਚੇਲਿਆਂ ਤੇ ਪੂਰੇ ਠਾਠ ਬਾਠ ਸਮੇਤ ਸੁੰਦਰ ਘੋੜਿਆਂ ਤੇ ਸਵਾਰ ਸਾਡੇ ਪਿੰਡ ਆਏ ਤੇ ਸਾਡੇ ਇਕ ਮੁਰੱਬੇ ਵਿਚ ਹੀ ਡੇਰਾ ਕੀਤਾ । ਉਨ੍ਹਾਂ ਦੇ ਪਵਿੱਤਰ ਦਰਸ਼ਨ ਕਰ ਕੇ ਮੈਨੂੰ ਅਤਿਅੰਤ ਖੁਸ਼ੀ ਹੋਈ ਅਤੇ ਮੇਰੀ ਕਲਪਣਾ ਕਈ ਸਦੀਆਂ ਪਿਛੇ ਇਤਿਹਾਸ ਵਿਚ ਚਲੀ ਗਈ ਜਦ ਸਿੱਖਾਂ ਦੀ ਬੜੀ ਚੜ੍ਹਤ ਹੁੰਦੀ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਚਮੁਚ ਸੰਤ ਜੀ ਮਹਾਰਾਜ ਚੜ੍ਹਦੀ ਕਲਾ ਦੇ ਪ੍ਰਤੀਕ ਸਨ ਤੇ ਉਨ੍ਹਾਂ ਦਾ ਆਤਮਕ ਤੇਜ਼ ਝੱਲਿਆ ਨਹੀਂ ਸੀ ਜਾਂਦਾ। ਕਿਸੇ ਮਹਾਨ ਸੰਤ ਜੀ ਦੇ ਮੇਰੇ ਜੀਵਨ ਵਿਚ ਇਹ ਪਹਿਲੇ ਦਰਸ਼ਨ ਸਨ।

ਮੁਸਲਮਾਨ ਫਕੀਰ

ਮੁਸਲਮਾਨ ਫਕੀਰਾਂ ਦਾ ਤੇਜ ਵੀ ਤਿੱਖਾ ਹੁੰਦਾ ਸੀ। ਇਕ ਦਿਨ ਸਾਡੇ ਪਿੰਡ ਵਿਚ ਸਾਡੇ ਬਾਗ਼ ਦੇ ਨੇੜੇ ਟਾਲੀਆਂ ਦੇ ਦਰੱਖ਼ਤਾਂ ਹੇਠ ਜਿਥੇ ਪਿੰਡ ਦੇ ਆਮ ਲੋਕ ਦੁਪਹਿਰ ਕੱਟਦੇ ਸਨ, ਇਕ ਫਕੀਰ ਆ ਕੇ ਬੈਠ ਗਿਆ। ਸਤਿਕਾਰ ਵਜੋਂ ਪਿੰਡ ਦੇ ਮੁਸਲਮਾਨਾਂ ਨੇ ਉਸ ਨੂੰ ਇਕ ਵੱਖਰੇ ਮੰਜੇ ਤੇ ਕੱਪੜਾ ਵਿਛਾ ਕੇ ਬਿਠਾਇਆ। ਉਹ ਫਕੀਰ ਰੱਬ ਦੇ ਨਾਂ ਵਾਲਾ ਸੀ। ਜਦ ਪਿੰਡ ਦੇ ਲੋਕ ਦੁਪਹਿਰ ਢਲਣ ਤੇ ਕੰਮਾਂ ਕਾਜਾਂ ਨੂੰ ਉਠ ਗਏ ਤਾਂ ਉਹ ਫਕੀਰ ਇਕੱਲਾ ਬੈਠਾ ਉੱਚੀ ਆਵਾਜ਼ ਵਿਚ ਵਿਰਦ (ਜਾਪ) ਤੇ ਕੁਰਾਨ ਦੀ ਤਲਾਵਤ (ਉੱਚੀ ਸੁਰ ਵਿਚ ਪੜ੍ਹਨਾ) ਕਰਨ ਲੱਗ ਪਿਆ। ਇਤਫਾਕ ਨਾਲ ਮੈਂ ਸਰਗੋਧਾ ਸਕੂਲ ਤੋਂ ਛੁੱਟੀਆਂ ਵਿਚ ਆਇਆ ਹੋਇਆ ਘੋੜੀ ਨੂੰ ਪਾਣੀ ਪਿਲਾਣ ਛੱਪੜ ਤੇ ਲੈ ਗਿਆ। ਛੱਪੜ ਦੇ ਨਾਲ ਹੀ ਉਹ ਦਰੱਖਤ ਸਨ ਜਿਥੇ ਫ਼ਕੀਰ ਨਿਰੰਤਰ ਇਕ-ਟਕ ਜਾਪ ਕਰ ਰਿਹਾ ਸੀ। ਮੈਂ ਘੋੜੀ ਤੇ ਸਵਾਰ ਪਤਾ ਨਹੀਂ ਕਿਉਂ ਭੈਭੀਤ ਜਿਹਾ ਹੋ ਗਿਆ ਕਿ ਫ਼ਕੀਰ ਮੈਨੂੰ ਘੋੜੀ ਤੇ ਬੈਠਾ ਦੇਖ ਕੇ ਕੋਈ ਬਦ-ਦੁਆ (ਸਰਾਪ) ਨਾ ਦੇ ਦੇਵੇ। ਐਵੇਂ ਮੇਰੇ ਮਨ ਦਾ ਵਹਿਮ ਸੀ ਪਰ ਫ਼ਕੀਰ ਦੇ ਤੇਜ ਤੇ ਕੁਰਾਨ ਦੇ ਉੱਚੀ ਸੁਰ ਵਿਚ ਹੋ ਰਹੇ ਜਾਪ ਦੇ ਸਾਮ੍ਹਣੇਂ ਅਦਬ ਵਜੋਂ ਮੈਂ ਫੈਸਲਾ ਕੀਤਾ ਕਿ ਉਥੋਂ ਚਲਾ ਜਾਵਾਂ। ਬੜੀ ਮੁਸ਼ਕਲ ਨਾਲ ਘੋੜੀ ਨੂੰ ਛੱਪੜ ਵਿਚੋਂ ਕੱਢ ਕੇ ਮੈਂ ਦੂਜੇ ਛੱਪੜ ਤੇ ਲੈ ਗਿਆ।

ਦਾਦਾ ਜੀ ਦੇ ਚਲਾਣੇ ਬਾਰੇ ਭਵਿੱਖ ਬਾਣੀ

ਇਕ ਫ਼ਕੀਰ ਦਾ ਜ਼ਿਕਰ ਹੋਇਆ ਤਾਂ ਇਕ ਹੋਰ ਕਰਣੀ ਵਾਲੇ ਫ਼ਕੀਰ ਦੀ ਗੱਲ ਕਰਨੀ ਇਥੇ ਹੀ ਠੀਕ ਹੋਵੇਗੀ। ਸੰਨ 1940 ਜੁਲਾਈ ਮਹੀਨੇ ਦੀ ਗੱਲ ਹੈ ਕਿ ਮੈਂ ਬੀ. ਏ. ਦਾ ਇਮਤਿਹਾਨ ਦੇ ਕੇ ਘਰ ਆਇਆ ਹੋਇਆ ਸੀ। ਦਾਦਾ ਜੀ ਓਦੋਂ 82 ਸਾਲਾਂ ਦੇ ਸਨ ਪਰ ਸਿਹਤ ਚੰਗੀ ਸੀ, ਘੋੜੇ ਦੀ ਸਵਾਰੀ ਕਰ ਲੈਂਦੇ ਸਨ। ਇਕ ਦਿਨ ਇਕ ਫ਼ਕੀਰ ਭਿਖਾਰੀ ਦਾ ਰੂਪ ਧਾਰ ਕੇ ਬਹੁਤ ਉੱਚੀ ਆਵਾਜ਼ ਵਿਚ ਹੋਕਾ ਦੇਂਦਾ ਹੋਇਆ ਸਾਡੀ ਬਾਹਰਲੀ ਡਿਉੜੀ ਵਿਚੋਂ ਅੰਦਰ ਆਇਆ। ਉਹ ਬਾਰ ਬਾਰ ਕਹੀ ਜਾ ਰਿਹਾ ਸੀ, 'ਭਇਆ ਪੁਰਾਣਾ ਪਿੰਜਰਾ ਪੰਛੀ ਭਏ ਉਦਾਸ'। ਮੈਂ ਇਹ ਸੁਣ ਕੇ ਇਕ ਦਮ ਡਰ ਤੇ ਤੌਖਲੇ ਨਾਲ ਦਾਦਾ ਜੀ ਬਾਰੇ ਸੋਚ ਕੇ ਉਦਾਸ ਹੋ ਗਿਆ। ਦਾਦਾ ਜੀ ਵੀ ਬੈਠਕ ਦੇ ਨਾਲ ਦੇ ਆਪਣੇ ਕਮਰੇ ਵਿਚ ਬੈਠੇ ਸਨ। ਉਨ੍ਹਾਂ ਨੇ ਵੀ ਸੁਣਿਆ ਹੋਵੇਗਾ। ਇਹ ਹੋਕਾ ਦੁਹਰਾਂਦਾ ਹੋਇਆ, ਫ਼ਕੀਰ ਚਲਾ ਗਿਆ। ਇਸ ਘਟਨਾ ਤੋਂ ਕੁਝ ਦਿਨ ਪਿਛੋਂ ਦਾਦਾ ਜੀ ਦੋ ਦਿਨ ਤੇਜ਼ ਮਲੇਰੀਆ ਬੁਖ਼ਾਰ (ਸਰਸਾਮ) ਨਾਲ ਬੀਮਾਰ ਹੋ ਕੇ ਸੁਰਗਵਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਗਏ। ਇਹ ਠੀਕ ਹੈ ਕਿ ਦਾਦਾ ਜੀ ਓਦੋਂ ਕੁਝ ਸਮੇਂ ਤੋਂ ਸਾਡੇ ਪਿਤਾ ਜੀ ਦੇ ਦਸ ਸਾਲ ਪਹਿਲਾਂ ਹੋਏ ਦੇਹਾਂਤ ਦੇ ਸਿੱਟੇ ਵਜੋਂ ਇਕ ਵੱਡੇ ਪਰਿਵਾਰ ਦੀਆਂ ਸਮੱਸਿਆਵਾਂ ਦੇ ਬੋਝ ਹੇਠਾਂ ਦੱਬੇ ਹੋਏ ਉਦਾਸ-ਚਿੱਤ ਰਹਿੰਦੇ ਸਨ ਪਰ ਹੈਰਾਨੀ ਹੈ ਕਿ ਉਨ੍ਹਾਂ ਦੀ ਇਸ ਹਾਲਤ ਦਾ ਉਸ ਫ਼ਕੀਰ ਨੂੰ ਕਿਵੇਂ ਪਤਾ ਲੱਗਾ ਤੇ ਉਹ ਉਨ੍ਹਾਂ ਦੇ ਦੇਹਾਂਤ ਦੀ ਅਗਾਊਂ ਸੂਚਨਾ ਦੇਣ ਕਿਉਂ ਚਲਾ ਆਇਆ ?

ਪਿੰਡ ਦੇ ਵਹਿਮ ਭਰਮ

ਹੋਰ ਪਿੰਡਾਂ ਵਾਂਗ ਸਾਡੇ ਪਿੰਡ ਵਿਚ ਵੀ ਜਾਦੂ ਟੂਨੇ ਅਤੇ ਭੂਤਾਂ ਪ੍ਰੇਤਾਂ ਬਾਰੇ ਵਹਿਮ ਭਰਮ ਦੀ ਚਰਚਾ ਆਮ ਹੁੰਦੀ ਰਹਿੰਦੀ ਸੀ, ਨਾ ਕੇਵਲ ਬੱਚਿਆਂ ਵਿਚ, ਸਗੋਂ ਵਡੇਰਿਆਂ ਵਿਚ ਵੀ। ਕੋਈ ਕਹਿੰਦਾ ਮਸਾਣਾਂ ਤੇ ਕਬਰਾਂ ਵਿਚ ਰਾਤ ਨੂੰ ਭੂਤਾਂ ਨੇ ਅੱਗ ਬਾਲੀ ਹੋਈ ਸੀ। ਬਾਅਦ ਵਿਚ ਵੱਡੇ ਹੋ ਕੇ ਪਤਾ ਲੱਗਾ ਕਿ ਇਹ ਕਬਰਾਂ ਵਿਚੋਂ ਹੱਡੀਆਂ ਵਿਚਲੀ ਫਾਸਫੋਰਸ ਦਾ ਆਪਣੇ ਆਪ ਬਲ ਉਠਨਾ ਹੈ, ਭੂਤਾਂ ਦੀ ਖੇਡ ਨਹੀਂ। ਕੋਈ ਕਹਿੰਦਾ ਅੱਜ ਇਕ ਫਫੇਕੁੱਟ ਬੁੱਢੀ ਡਾਇਨ ਫਿਰਦੀ ਸੀ, ਉਹ ਬੱਚਿਆਂ ਦਾ ਕਲੇਜਾ ਕੱਢ ਕੇ ਖਾ ਜਾਂਦੀ ਹੈ, ਦੌੜ ਕੇ ਘਰਾਂ ਵਿਚ ਵੜ ਜਾਓ। ਕੋਈ ਕਹਿੰਦਾ ਅੱਜ ਇਕ ਸੰਘਣੇ ਦਰਖਤ ਹੇਠਾਂ ਇਕ ਡੰਗਰ ਚਾਰਨ ਵਾਲਾ ਮੁੰਡਾ ਸੌਂ ਗਿਆ ਤੇ ਉਹ ਬੇਹੋਸ਼ ਹੋ ਗਿਆ ਕਿਉਂਕਿ ਉਸ ਨੂੰ ਭੂਤ ਚੰਬੜ ਗਿਆ। ਬਾਅਦ ਦੇ ਜੀਵਨ ਵਿਚ ਪਤਾ ਲੱਗਾ ਕਿ ਦਰਖਤ ਵਿਚੋਂ ਕਾਰਬਨ ਡਾਇਆਕਸਾਈਡ ਨਿਕਲਣ ਨਾਲ ਆਦਮੀ ਬੇਹੋਸ਼ ਹੋ ਸਕਦਾ ਹੈ। ਚੋਰਾਂ ਦਾ ਭੈ ਵੀ ਬਹੁਤ ਸੀ, ਕਹਿੰਦੇ ਸਨ ਕਿ ਚੋਰ ਦੇ ਪੈਰ ਪਿਛਾਂਹ ਨੂੰ ਮੁੜੇ ਹੁੰਦੇ ਹਨ। ਮੁਰਦੇ ਦਾ ਭੈ ਵੀ ਬਹੁਤ ਹੁੰਦਾ ਸੀ ਕਿਉਂਕਿ ਉਸ ਨੂੰ ਸਮਝਦੇ ਸਨ ਕਿ ਭੂਤ ਬਣ ਗਿਆ ਹੈ, ਇਤਿ-ਆਦਿ। ਪਰ ਇਕ ਦਿਨ ਇਕ ਅਜੀਬ ਘਟਨਾ ਵਾਪਰ ਗਈ। ਪਿੰਡ ਵਿਚ ਚੌਂਕ ਦੇ ਨੇੜੇ ਇਕ ਕੋਠੇ ਵਿਚ ਇਕੱਲਾ ਇਕ ਨਿਰਮਲਾ ਸਾਧੂ ਰਹਿੰਦਾ ਸੀ। ਉਸ ਨੂੰ ਬਾਵਾ ਕਰ ਕੇ ਆਖਦੇ ਸਨ ਤੇ ਭਗਵੇ ਕਪੜੇ ਪਾਂਦਾ ਸੀ। ਘਰਾਂ ਵਿਚੋਂ ਰੋਟੀ ਮੰਗ ਕੇ ਖਾ ਛੱਡਦਾ ਤੇ ਕਿਸੇ ਨਾਲ ਘੱਟ ਹੀ ਗੱਲਬਾਤ ਕਰਦਾ। ਪਿੰਡ ਦੇ ਬਾਹਰ ਬਣੇ ਸਿਵਿਆਂ ਤੇ ਕਬਰਾਂ ਵਿਚ ਜਾ ਕੇ ਬੈਠਾ ਰਹਿੰਦਾ। ਲੋਕਾਂ ਦਾ ਕਹਿਣਾ ਸੀ ਕਿ ਉਸ ਨੇ ਭੂਤ ਵੱਸ ਕੀਤੇ ਹੋਏ ਹਨ ਤੇ ਰੋਟੀ ਖਾਣ ਵੇਲੇ ਥਾਲੀ ਦੇ ਅੱਧ ਵਿਚ ਲਕੀਰ ਪਾ ਲੈਂਦਾ ਹੈ, ਇਕ ਪਾਸੇ ਆਪ ਖਾਂਦਾ ਹੈ, ਦੂਜੇ ਪਾਸੇ ਭੂਤ ਖਾਂਦੇ ਹਨ। ਇਕ ਰਾਤ ਪਤਾ ਨਹੀਂ ਭੂਤਾਂ ਨਾਲ ਉਸ ਦਾ ਕੀ ਝਗੜਾ ਹੋਇਆ। ਸਵੇਰੇ ਉਸ ਦਾ ਬੂਹਾ ਨਾ ਖੁਲ੍ਹਿਆ। ਲੋਕਾਂ ਨੇ ਉਡੀਕ ਕੇ ਬੂਹਾ ਤੋੜਿਆ ਤਾਂ ਦੇਖਿਆ ਕਿ ਉਹ ਮੂਧੇ ਮੂੰਹ ਡਿੱਗ ਕੇ ਮੋਇਆ ਪਿਆ ਸੀ। ਬਹੁਤ ਸਾਲਾਂ ਪਿਛੋਂ ਜਦੋਂ ਮੈਂ ਭਾਈ ਗੁਰਦਾਸ ਜੀ ਦੀ ਇਹ ਤੁਕ ਪੜ੍ਹੀ :

> ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ ।। (ਵਾਰ 34, 7)

ਤਾਂ ਮੈਨੂੰ ਯਕੀਨ ਆਇਆ ਕਿ ਭੂਤਾਂ ਦੀ ਦੋਸਤੀ ਬਹੁਤ ਮਾੜੀ ਹੈ। ਭੂਤਾਂ ਦੀ ਹੋਂਦ ਬਾਰੇ ਤਾਂ ਗੁਰੂ ਅਰਜਨ ਸਾਹਿਬ ਦਾ ਮਹਾਂਵਾਕ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

. ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥ (ਸੁਖਮਨੀ, 10)

ਅੱਗੇ ਜਾ ਕੇ ਇਸ ਪੁਸਤਕ ਵਿਚ ਸੰਤ ਬਾਬਾ ਨਿਰੰਜਨ ਸਿੰਘ ਜੀ ਮਸਤੂਆਣਾ ਸਾਹਿਬ ਦੇ ਪ੍ਰਸੰਗ ਵਿਚ ਵੀ ਭੂਤਾਂ ਪ੍ਰੇਤਾਂ ਦਾ ਜ਼ਿਕਰ ਆਏਗਾ। ਪਿੱਛੇ ਜੇਹੇ ਸੂਬੇਦਾਰ ਬਘੇਲ ਸਿੰਘ ਜੀ (ਲੁਧਿਆਣਾ) ਨੇ ਆਪਣੀ ਸਵੈਜੀਵਨੀ (ਪੁਸਤਕ 'ਜੀਵਨ ਅਨੁਭਵ') ਛਾਪੀ ਹੈ ਜਿਸ ਵਿਚ ਬਚਪਨ ਵਿਚ ਉਨ੍ਹਾਂ ਦੇ ਭੂਤਾਂ ਨਾਲ ਹੋਏ ਟਾਕਰਿਆਂ ਦਾ ਬੜਾ ਰੌਚਕ ਜ਼ਿਕਰ ਮਿਲਦਾ ਹੈ। ਇਹ ਪੁਸਤਕ ਦੁਕਾਨ ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ (ਬਾਜ਼ਾਰ ਮਾਈ ਸੇਵਾਂ) ਪਾਸੋਂ ਮਿਲ ਸਕਦੀ ਹੈ।

ਅਸਲ ਵਿਚ, ਸਭ ਵਹਿਮ ਭਰਮ ਮਨੁੱਖੀ ਮਨ ਦੀ ਕਮਜ਼ੋਰੀ ਤੇ ਸਿਥਲਤਾ ਦਾ ਸਿੱਟਾ ਹੁੰਦੇ ਹਨ। ਜਿਸ ਦਾ ਮਨ ਤਕੜਾ ਤੇ ਸਾਹਸ ਭਰਿਆ (ਦਲੇਰ) ਹੋਵੇ, ਵਹਿਮ ਭਰਮ ਉਸ ਦੇ ਨੇੜੇ ਨਹੀਂ ਆਉਂਦੇ। ਪਰੰਤੂ ਮਨ ਬਲਵਾਨ ਐਵੇਂ ਗੱਲਾਂ ਨਾਲ ਨਹੀਂ ਹੋ ਸਕਦਾ। ਇਸ ਵਾਸਤੇ ਗੁਰਬਾਣੀ (ਜਾਂ ਕਿਸੇ ਵੀ ਰੱਬੀ ਕਲਾਮ) ਦਾ ਆਸਰਾ ਲੈਣਾ ਪੈਂਦਾ ਹੈ ਜਿਸ ਤਰ੍ਹਾਂ ਸੂਬੇਦਾਰ ਬਘੇਲ ਸਿੰਘ ਜੀ ਨੇ ਲਿਆ। ਗੁਰਬਾਣੀ ਜਾਂ ਮੂਲ ਮੰਤਰ ਤੇ ਗੁਰਮੰਤਰ ਜੇ ਦ੍ਰਿੜ ਵਿਸ਼ਵਾਸ ਨਾਲ ਬਾਰ ਬਾਰ ਪੜ੍ਹਿਆ ਜਾਏ ਤਾਂ ਇਸ ਨਾਲ ਮਾਨਸਿਕਤਾ (psyche) ਬਹੁਤ ਤਕੜੀ ਹੋ ਜਾਂਦੀ ਹੈ। ਗੁਰਬਾਣੀ ਪੜ੍ਹਨ ਵਾਲੇ ਤੇ ਨਾਮ ਜਪਣ ਵਾਲੇ ਵਿਅਕਤੀ ਨੂੰ ਪਤਾ ਵੀ ਨਹੀਂ ਹੁੰਦਾ ਕਿਵੇਂ ਸੂਖਮ ਖੇਤਰਾਂ ਵਿਚੋਂ ਗ਼ੈਬੀ ਤੌਰ ਤੇ ਸਹਾਇਤਾ ਅਤੇ ਰਖਿਆ ਦਾ ਪ੍ਰਬੰਧ ਹੋ ਜਾਂਦਾ ਹੈ। ਭੂਤ ਪ੍ਰੇਤ ਅਸਲ ਵਿਚ ਭਟਕਦੀਆਂ ਹੋਈਆਂ ਤੇ ਅਸ਼ਾਂਤ ਰੂਹਾਂ ਹੁੰਦੀਆਂ ਹਨ ਜਿਨ੍ਹਾਂ ਦਾ ਸਜੀਵ, ਸੁਚੇਤ ਤੇ ਬਲਵਾਨ ਆਤਮਾਵਾਂ ਸਾਹਮਣੇ ਕੋਈ ਜ਼ੋਰ ਨਹੀਂ ਚਲਦਾ।

ਪਿੰਡ ਦੇ ਉੱਘੇ ਪਰਿਵਾਰ

ਉਂਜ ਤਾਂ ਪਿੰਡ ਦੇ ਸਾਰੇ ਜ਼ਿਮੀਂਦਾਰ ਪਰਿਵਾਰ ਬਹੁਤ ਸਾਊ ਤੇ ਮਿਹਨਤੀ ਕਿਸਮ ਦੇ ਸਨ ਅਤੇ ਸਾਰੇ ਆਪਸ ਵਿਚ ਪ੍ਰੇਮ-ਭਾਵ ਦਾ ਸੰਬੰਧ ਰਖਦੇ ਸਨ ਪਰ ਕੁਝ ਵਿਸ਼ੇਸ਼ ਪਰਿਵਾਰਾਂ ਦਾ ਜਿਕਰ ਕਰਨਾ ਉਚਿਤ ਹੋਵੇਗਾ। ਜਲੰਧਰ ਦੇ ਹੁਸ਼ਿਆਰਪੁਰ ਸੜਕ ਤੇ ਸਥਿਤ ਪ੍ਰਸਿੱਧ ਪਿੰਡ ਜੰਡੂ ਸਿੰਘਾ ਦੇ ਸੂਬੇਦਾਰ ਵਧਾਵਾ ਸਿੰਘ ਦੇ ਸਪੁੱਤਰ ਸੂਬੇਦਾਰ ਮੇਜਰ ਰਲਾ ਸਿੰਘ ਜੋ ਸਾਡੇ ਦਾਦਾ ਜੀ ਤੋਂ ਬਾਅਦ ਉਨ੍ਹਾਂ ਦੀ ਥਾਂ ਆਨ੍ਰੇਰੀ ਮੈਜਿਸਟਰੇਟ ਬਣੇ, ਚੰਗੇ ਸੁਹਿਰਦ ਅਤੇ ਧਾਰਮਕ ਵਿਅਕਤੀ ਸਨ। ਉਨ੍ਹਾਂ ਦੇ ਦੋ ਸਪੁੱਤਰ ਕਰਨਲ ਸੁੱਚਾ ਸਿੰਘ ਅਤੇ ਕਰਨਲ ਨਿਰੰਜਨ ਸਿੰਘ ਰਿਟਾਇਰ ਹੋ ਕੇ ਜਲੰਧਰ ਦੇ ਨੇੜੇ ਨਕੋਦਰ ਰੋਡ ਤੇ ਖੁਰਲ੍ਹਾ ਕਿੰਗਰਾਂ ਪਿੰਡ ਵਿਚ ਆਪਣੀਆਂ ਕੋਠੀਆਂ ਵਿਚ ਨਿਵਾਸ ਕਰਦੇ ਹਨ। ਬਾਕੀ ਪਰਿਵਾਰ ਪਿੰਡ ਜੰਡੂ ਸਿੰਘਾ ਵਿਚ ਵੱਸ ਗਿਆ ਹੈ। ਸੂਬੇਦਾਰ ਰਲਾ ਸਿੰਘ ਦਾ ਵੱਡਾ ਪੋਤਾ ਪ੍ਰੀਤਮ ਸਿੰਘ (ਸਪੁੱਤਰ ਸ: ਜਗਜੀਤ ਸਿੰਘ) ਸਾਡੇ ਪਾਸ ਖ਼ਾਲਸਾ ਕਾਲਜ ਵਿਚ ਪੜ੍ਹਿਆ ਸੀ।

ਖੁਰਲਾ ਕਿੰਗਰਾ ਦੇ ਨੇੜੇ ਸੂਬੇਦਾਰ ਲਾਭ ਸਿੰਘ ਦਾ ਪਰਿਵਾਰ ਪਿੰਡ ਖਾਂਬੜਾ ਵਿਚ ਰਹਿੰਦਾ ਹੈ। ਉਨ੍ਹਾਂ ਦੇ ਸਪੁੱਤਰ ਮਾਸਟਰ ਮੇਲਾ ਸਿੰਘ ਸਾਡੇ ਪਿਤਾ ਜੀ ਦੇ ਗੂੜ੍ਹੇ ਮਿੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ। ਸੂਬੇਦਾਰ ਵਸਾਖਾ ਸਿੰਘ ਲੁਬਾਣਾ ਦੇ ਸਪੁੱਤਰ ਸ. ਜਾਗੀਰ ਸਿੰਘ (ਮੈਂਬਰ ਸ਼ਰੋਮਣੀ ਕਮੇਟੀ) ਅਤੇ ਸ. ਅਰੂੜ ਸਿੰਘ, ਟਾਂਡਾ (ਜ਼ਿਲਾ ਹੁਸ਼ਿਆਰਪੁਰ) ਦੇ ਨੇੜੇ ਪਿੰਡ ਅਹੀਆਪੁਰ ਵਿਚ ਰਹਿੰਦੇ ਹਨ। ਸੂਬੇਦਾਰ ਰਾਮ ਸਿੰਘ ਦੇ ਸਪੁੱਤਰ ਕਰਨਲ (ਡਾ.) ਮਾਨ ਸਿੰਘ ਪੁਨੈਚ ਅਤੇ ਵਕੀਲ ਕਰਤਾਰ ਸਿੰਘ ਪੁਨੈਚ (ਜੋ ਮੇਰਾ ਤੇ ਦਲੀਪ ਸਿੰਘ ਦਾ ਜਮਾਤੀ ਸੀ) ਲੁਧਿਆਣਾ ਸ਼ਹਿਰ ਵਿਚ ਸ਼ਹਿਰੀ ਜਾਇਦਾਦ ਬਣਾ ਕੇ ਵੱਸ ਗਏ ਹਨ।

ਇਕ ਰੋਚਕ ਮੁਲਾਕਾਤ

ਸਾਡੇ ਦਾਦਾ ਜੀ ਸੈਂਟਰਲ ਕੋਆਪਰੇਟਿਵ ਸੁਸਾਇਟੀਜ਼ ਪੰਜਾਬ ਦੇ ਡਾਇਰੈਕਟਰ ਸਨ। ਇਸ ਮਹਿਕਮੇ ਦੇ ਰਜਿਸਟਰਾਰ ਸਰਦਾਰ ਸਾਹਿਬ ਕਰਤਾਰ ਸਿੰਘ ਉਨ੍ਹਾਂ ਦੇ ਮਿੱਤਰ ਸਨ। ਉਹ ਸ਼ਾਇਦ 1934 ਜਾਂ 1935 ਵਿਚ ਲਾਹੌਰ ਤੋਂ ਸਰਗੋਧੇ ਦੌਰੇ ਤੇ ਆਏ ਤੇ ਸਾਡੇ ਪਿੰਡ ਤੋਂ ਦੋ ਮੀਲ ਤੇ ਸਥਿਤ ਟਿਨੋਕਾ ਬੰਗਲਾ ਵਿਚ ਠਹਿਰੇ। ਦਾਦਾ ਜੀ ਉਨ੍ਹਾਂ ਨੂੰ ਮਿਲੇ ਤਾਂ ਗੱਲ-ਬਾਤ ਦੌਰਾਨ ਮੇਰਾ ਤੇ ਦਲੀਪ ਸਿੰਘ ਦਾ ਜ਼ਿਕਰ ਆਇਆ ਕਿ ਅਸੀਂ ਦੋਵੇਂ ਸਰਗੋਧਾ ਖ਼ਾਲਸਾ ਹਾਈ ਸਕੂਲ ਵਿਚ ਅੱਠਵੀਂ ਜਮਾਤ ਵਿਚ ਪੜ੍ਹਦੇ ਹਾਂ। ਸ. ਕਰਤਾਰ ਸਿੰਘ ਨੇ ਇੱਛਾ ਪ੍ਰਗਟ ਕੀਤੀ ਕਿ ਅਸੀਂ ਉਨ੍ਹਾਂ ਨੂੰ ਮਿਲੀਏ ਤਾਂ ਜੋ ਸਾਨੂੰ ਕੋਈ ਚੰਗੀ ਸਿਖਿਆ ਜਾਂ ਪ੍ਰੇਰਨਾ ਦੇ ਸਕਣ। ਮੈਂ ਤੇ ਦਲੀਪ ਸਿੰਘ ਬੜੇ ਉਤਸ਼ਾਹ ਨਾਲ ਪਿੰਡ ਤੋਂ ਘੋੜੀਆਂ ਤੇ ਸਵਾਰ ਹੋ ਕੇ ਉਨ੍ਹਾਂ ਨੂੰ ਮਿਲਣ ਲਈ ਗਏ। ਬਗਲੇ ਪਹੁੰਚ ਕੇ ਤੇ ਘੋੜੀਆਂ ਦਰਖਤਾਂ ਨਾਲ ਬੰਨ੍ਹ ਕੇ ਅਸੀਂ ਜਦ ਬੰਗਲੇ ਅੰਦਰ ਗਏ ਤਾਂ ਇਕ ਮੁਸਲਮਾਨ ਅਰਦਲੀ ਨੇ ਦੱਸਿਆ ਕਿ ਸਰਦਾਰ ਸਾਹਿਬ 'ਹੁਕਨਾ' (ਅਰਥਾਤ 'ਅਨੀਮਾਂ') ਕਰ ਰਹੇ ਹਨ, ਠਹਿਰ ਕੇ ਮਿਲਣਗੇ। ਸਾਨੂੰ ਸਮਝ ਨਾ ਆਈ ਕਿ ਕੀ ਕਰ ਰਹੇ ਹਨ। ਅਸੀਂ ਪੁੱਛਿਆ 'ਹੁਕਨਾ' ਕੀ ਹੁੰਦਾ ਹੈ ? ਅਰਦਲੀ ਨੇ ਦੱਸਿਆ ਕਿ ਇਸ ਨਾਲ ਪਾਖਾਨੇ ਵਾਲੀ ਨਾਲੀ ਰਾਹੀਂ ਸਾਬਨ ਵਾਲਾ ਪਾਣੀ ਪੇਟ ਵਿਚ ਭੇਜ ਕੇ ਪਾਖਾਨਾ ਕਢਿਆ ਜਾਂਦਾ ਹੈ, ਕਿਉਂਕਿ ਸਰਦਾਰ ਸਾਹਿਬ ਨੂੰ ਕਬਜ਼ ਦੇ ਕਾਰਨ ਹਾਜਤ ਰਫਾ ਨਹੀਂ ਹੁੰਦੀ। ਅਸੀਂ ਇਹ ਸੁਣ ਕੇ ਬਹੁਤ ਹੈਰਾਨ ਹੋਏ। ਸਾਡੇ ਵਾਸਤੇ ਇਹ ਨਵੀਂ ਗੱਲ ਸੀ। ਅਸੀਂ ਇਕ ਦੂਜੇ ਵੱਲ ਵੇਖਣ ਲਗੇ। ਫਿਰ ਅਸੀਂ ਬੈਠ ਕੇ ਉਡੀਕਣ ਲੱਗੇ। ਅਸੀਂ ਸੁਭਾਵਕ ਹੀ ਇਹ ਵਿਚਾਰ ਸਾਂਝਾ ਕੀਤਾ ਕਿ ਜਿਸ ਦਾ ਪਾਖਾਨਾ ਕੁਦਰਤੀ ਨਹੀਂ ਉਹ ਸਾਨੂੰ ਕੀ ਨਸੀਹਤ ਕਰੇਗਾ। ਖੈਰ ਜਦ ਸਰਦਾਰ ਸਾਹਿਬ ਵਿਹਲੇ ਹੋ ਕੇ ਆਏ ਤਾਂ ਸਾਨੂੰ ਬਹੁਤ ਪਿਆਰ ਨਾਲ ਮਿਲੇ ਤੇ ਸਾਡਾ ਹਾਲ ਚਾਲ ਤੇ ਪੜ੍ਹਾਈ ਬਾਰੇ ਪੁੱਛਿਆ। ਫਿਰ ਕਹਿਣ ਲੱਗੇ, 'ਜਦ ਮੈਂ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਪੜ੍ਹਦਾ ਸਾਂ ਤਾਂ ਮੇਰਾ ਅਸੂਲ ਸੀ ਕਿ ਕਿ ਪੜ੍ਹਨ ਵੇਲੇ ਖੂਬ ਪੜ੍ਹਨਾ ਤੇ ਖੇਡਣ ਵੇਲੇ ਖੂਬ ਖੇਡਣਾ। ਤੁਸੀਂ ਵੀ ਇਹ ਅਸੂਲ ਯਾਦ ਰੱਖੋ। ਰੱਬ ਨੇ ਚਾਹਿਆ ਤਾਂ ਅਵੱਸ਼ ਤਰੱਕੀ ਕਰੋਗੇ।' ਅਸੀਂ ਉਨ੍ਹਾਂ ਦਾ ਧੰਨਵਾਦ ਕਰਕੇ ਖੁਸ਼ ਖੁਸ਼ ਮੁੜ ਆਏ ਪਰ ਇਸ ਕੀਮਤੀ ਸਿਖਿਆ ਦੇ ਨਾਲ ਸਾਨੂੰ ਸਦਾ ਲਈ ਕਬਜ਼ ਤੋਂ ਨਫਰਤ ਹੋ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਪਠਾਨ ਦਾ ਗੁੱਸਾ

ਪਠਾਨਾਂ ਦਾ ਭਾਵਕ ਜੋਸ਼ ਖ਼ਰੋਸ਼ ਅਤੇ ਸੁਆਦੀ ਬੋਲੀ ਮਸ਼ਹੂਰ ਹਨ। ਪਛਮੀ ਪੰਜਾਬ ਦੇ ਉਨ੍ਹਾਂ ਸਾਡੇ ਪਿੰਡਾਂ ਵਿਚ ਪਠਾਨ (ਜਿਨ੍ਹਾਂ ਨੂੰ ਰਾਸ਼ੇ ਵੀ ਕਹਿੰਦੇ ਸਨ) ਮਿੱਟੀ ਦੀਆਂ ਦੀਵਾਰਾਂ ਉਸਾਰਨ ਜਾਂ ਹਿੰਙ ਸ਼ਲਾਜੀਤ ਆਦਿ ਵੇਚਣ ਲਈ ਆਉਂਦੇ ਸਨ। ਸਾਨੂੰ ਬਚਪਨ ਵਿਚ ਇਕ ਪਠਾਨ ਦੇ ਗੁੱਸੇ ਦਾ ਨਿੱਜੀ ਤਜਰਬਾ ਹੋਇਆ। ਮੈਂ, ਦਲੀਪ ਸਿੰਘ ਤੇ ਹੋਰ ਕੁਝ ਛੋਟੇ ਛੋਟੇ ਬੱਚੇ ਸਾਡੇ ਘਰ ਦੀ ਵੱਡੀ ਡਿਉੜੀ ਦੇ ਸਾਮ੍ਹਣੇ ਖੁਲ੍ਹੀ ਤੇ ਚੌੜੀ ਗਲੀ ਵਿਚ ਖੇਡ ਰਹੇ ਸਾਂ ਕਿ ਇਕ ਪਾਠਨ ਹਿੰਙ ਆਦਿ ਵੇਚਦਾ ਉਥੇ ਆ ਗਿਆ। ਅਸੀਂ ਉਸ ਦੀ ਅਜੀਬ ਪੁਸ਼ਾਕ, ਓਪਰੀ ਬੋਲੀ ਤੇ ਅਣੋਖੇ ਹੁਲੀਏ ਕਾਰਨ ਉਸ ਵਲ ਰੁਚਿਤ ਹੋ ਗਏ। ਦੂਜਿਆਂ ਨਾਲੋਂ ਕੁਝ ਵੱਡੇ ਇਕ ਲੜਕੇ ਨੂੰ ਸ਼ਰਾਰਤ ਸੁੱਝੀ। ਉਹ ਕਹਿਣ ਲੱਗਾ ਇਸ ਨੂੰ ਆਖੋ 'ਸੂਰ ਕਾ ਬਚਾ।' ਸਾਨੂੰ ਕੀ ਪਤਾ ਸੀ ਇਸ ਸਾਧਾਰਨ ਗੱਲ ਦਾ ਨਤੀਜਾ ਕੀ ਹੋਵੇਗਾ। ਸਾਡੇ ਵਿਚੋਂ ਕਿਸੇ ਨੇ ਭੋਲੇਪਨ ਵਿਚ ਪਠਾਨ ਨੂੰ ਉੱਚੀ ਆਵਾਜ਼ ਵਿਚ ਕਹਿ ਦਿਤਾ, 'ਸੂਰ ਕਾ ਬੱਚਾ'। ਬੱਸ ਇਹ ਆਖਣ ਦੀ ਦੇਰ ਸੀ, ਪਠਾਨ ਲੋਹਾ ਲਾਖਾ ਹੋ ਗਿਆ ਤੇ ਗੁੱਸੇ ਨਾਲ ਅੱਖਾਂ ਲਾਲ ਕਰਕੇ ਕਹਿਣ ਲੱਗਾ, 'ਓ ਖ਼ਨਜ਼ੀਰ ਕੇ ਬੱਚੋ ਤੁਮ ਕੋ ਨਹੀਂ ਛੋੜੇਗਾ, ਤੁਮ ਕੋ ਜਾਨ ਸੇ ਮਾਰ ਦੇਗਾ।'

ਅਸੀਂ ਸਾਰੇ ਡਰ ਕੇ ਇਧਰ ਉਧਰ ਦੌੜ ਗਏ। ਮੈਂ ਤੇ ਦਲੀਪ ਸਿੰਘ ਤੇਜ਼ੀ ਨਾਲ ਆਪਣੀ ਡਿਉੜੀ ਲੰਘਕੇ, ਘਰ ਦੇ ਅੰਦਰੋਂ ਪਉੜੀ ਚੜ੍ਹ ਕੇ ਕੋਠੇ ਤੇ ਖਲੋ ਗਏ ਅਤੇ ਪਠਾਨ ਨੂੰ ਦੇਖਣ ਲੱਗੇ ਕਿ ਹੁਣ ਕੀ ਕਰਦਾ ਹੈ ? ਉਹ ਪਠਾਨ ਗੁੱਸੇ ਵਿਚ ਗਾਲ੍ਹਾਂ ਕਢਦਾ ਰਿਹਾ। ਅਸੀਂ ਛੁਪ ਕੇ ਦੇਖਦੇ ਰਹੇ। ਏਨੇ ਵਿਚ ਗਲੀ ਵਿਚੋਂ ਲੰਘ ਰਹੇ ਇਕ ਆਦਮੀ ਨੇ ਉਸ ਨੂੰ ਕਿਹਾ, 'ਖ਼ਾਨ ਤੁਮ ਕਿਸ ਗੱਲ ਉਤੇ ਗੁੱਸੇ ਹੋਤਾ ਹੈ।' ਖ਼ਾਨ ਨੇ ਬੱਚੇ ਦੇ ਗਾਲ੍ਹੀ ਕੱਢਣ ਬਾਰੇ ਦੱਸਿਆ ਤਾਂ ਉਹ ਆਦਮੀ ਕਹਿਣ ਲੱਗਾ, 'ਖ਼ਾਨ, ਬੱਚੇ ਨੂੰ ਕੀ ਪਤਾ ਹੋਤਾ ਹੈ। ਉਸ ਨੂੰ ਮਾਫ਼ ਕਰ ਦੇ।' ਖ਼ਾਨ੍ਹ ਇਹ ਸੁਣ ਕੇ ਕੁਝ ਸ਼ਾਂਤ ਹੋ ਗਿਆ ਤੇ ਬੁੜ ਬੁੜ ਕਰਦਾ ਅੱਗੇ ਚਲਾ ਗਿਆ। ਅਸੀਂ ਓਦੋਂ ਤਕ ਨਾ ਕਦੀ ਕੋਈ ਸੂਰ ਦੇਖਿਆ ਸੀ, ਨਾ ਸੂਰ ਦਾ ਬੱਚਾ। ਐਵੇਂ ਝਮੇਲੇ ਵਿਚ ਫਸ ਗਏ। ਬਾਅਦ ਵਿਚ ਪਤਾ ਲਗਾ ਕਿ ਕਿਸੇ ਪਠਾਨ ਨੂੰ ਇਹ ਗਾਲ੍ਹ ਕੱਢਣੀ ਬਹੁਤ ਵੱਡਾ ਉਪੱਦਰ ਹੁੰਦਾ ਹੈ।

ਜਾਂਗਲੀ ਚੋਰਾਂ ਦਾ ਡੇਰਾ

ਸਾਡੇ ਪਿੰਡ ਤੋਂ ਦੱਖਣ ਵਲ 4–5 ਮੀਲਾਂ ਤੇ ਝੰਗ ਦਾ ਜ਼ਿਲਾ ਸ਼ੁਰੂ ਹੋ ਜਾਂਦਾ ਸੀ, ਝਨਾਂ ਦੇ ਸੱਜੇ ਕੰਢੇ ਦੇ ਨਾਲ ਕੋਈ 10 ਕੁ ਮੀਲਾਂ ਦੀ ਚੌੜਾਈ ਵਿਚ ਪੱਛਮ ਵਲ ਨੂੰ ਫੈਲਿਆ ਹੋਇਆ ਸੀ। ਝੰਗ ਦਾ ਬਹੁਤਾ ਜ਼ਿਲਾ ਦਰਿਆ ਝਨਾਂ ਦੇ ਖੱਬੇ ਕੰਢੇ ਦੇ ਨਾਲ ਜ਼ਿਲਾ ਲਾਇਲਪੁਰ ਤੋਂ ਉਤਰ ਪਛਮ ਵਲ ਸੀ। ਸਾਡੇ ਪਿੰਡ ਤੋਂ ਚਨਿਓਟ–ਸਰਗੋਧਾ ਪੱਕੀ ਸੜਕ ਉਤੇ, ਦੱਖਣ ਵਲ ਹੀ 5 ਮੀਲ ਦੂਰ ਇਕ ਕਸਬਾ ਲਾਲੀਆਂ ਸੀ ਜੋ ਇਸ ਝੰਗ ਇਲਾਕੇ ਦਾ ਕੇਂਦਰੀ ਸਥਾਨ ਸੀ। ਇਸ ਦੇ ਆਲੇ ਦੁਆਲੇ ਜਾਂਗਲੀਆਂ ਦੇ ਛੋਟੇ ਛੋਟੇ ਪਿੰਡ ਵੱਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਟੇ ਸਨ । ਬਹੁਤੀ ਜ਼ਮੀਨ ਬੇ-ਆਬਦ ਤੇ ਬੰਜਰ ਸੀ ਜਾਂ ਦਰਿਆ ਦੀ ਕਾਛਾ ਸੀ । ਇਹ ਲੋਕ ਖੇਤੀ ਦੀ ਥਾਂ ਪਸ਼ੂ ਪਾਲਣ ਦਾ ਕਿੱਤਾ ਕਰਦੇ ਸਨ ਤੇ ਘਿਓ ਵੇਚਦੇ ਸਨ । ਇਹ ਕਿੱਤਾ ਉਨ੍ਹਾਂ ਦਾ ਪੁਰਾਤਨ ਸਮਿਆਂ ਤੋਂ ਸੀ, ਸ਼ਾਇਦ ਓਦੋਂ ਤੋਂ ਜਦੋਂ ਆਰੀਆ ਲੋਕ ਈਰਾਨ ਤੋਂ ਆਕੇ ਇਥੇ ਵੱਸ ਗਏ ਸਨ ! ਇਨ੍ਹਾਂ ਵਿਚੋਂ ਕਈ ਕਬੀਲੇ ਡੰਗਰਾਂ ਦੀ ਚੋਰੀ ਕਰਦੇ ਸਨ । ਇਹ ਵੀ ਇਨ੍ਹਾਂ ਦਾ ਪੁਰਾਣਾ ਕਸਬ ਸੀ । ਇਨ੍ਹਾਂ ਦਾ ਰਹਿਣ ਸਹਿਣ, ਖਾਣ ਪੀਣ ਪੁਰਾਣੇ ਢੰਗ ਦਾ ਸੀ । ਬੋਲੀ ਵੀ ਨਿਰੋਲ ਝਾਂਗੀ ਜਾਂ ਲਹਿੰਦੀ ਸੀ । ਨਵੀਂ ਸਭਿਅਤਾ ਤੇ ਵਿਦਿਆ ਪੜ੍ਹਨ ਤੋਂ ਬਿਲਕੁਲ ਕੋਰੇ ਸਨ । ਇਨ੍ਹਾਂ ਵਿਚ ਮੁੱਖੀ ਲੋਕਾਂ ਨੂੰ 'ਮਾਹਰ' ਕਹਿੰਦੇ ਸਨ ।

ਦਰਿਆ ਝਨਾਂ ਦੇ ਸੱਜੇ ਕੰਢੇ ਉਤੇ ਦਰਿਆ ਦੇ ਉਤਲੇ ਪਾਸੇ ਵਲ ਕੁਝ ਮੀਲਾਂ ਤੇ ਰਾਂਝੇ ਦਾ ਮਸ਼ਹੂਰ ਪਿੰਡ ਤਖ਼ਤ ਹਜ਼ਾਰਾ ਸੀ । ਪਰ 1947 ਤਕ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ, ਨਹੀਂ ਤਾਂ ਉਹ ਪਿੰਡ ਜਰੂਰ ਜਾਕੇ ਵੇਖਦਾ । ਅਸਲ ਵਿਚ ਮੈਨੂੰ ਹੀਰ ਰਾਂਝਾ ਜਾਂ ਹੋਰ ਕਿੱਸਿਆ ਬਾਰੇ ਬਹੁਤੀ ਜਾਣਕਾਰੀ ਦੇਸ਼ ਵੰਡ ਤੋਂ ਪਿੱਛੋਂ ਉਦੋਂ ਹੋਈ ਜਦੋਂ ਮੈਂ ਖਾਲਸਾ ਕਾਲਜ ਵਿਚ ਫਾਰਸੀ ਉਰਦੂ ਦੀ ਥਾਂ ਪੰਜਾਬੀ ਦਾ ਪ੍ਰੋਫੈਸਰ ਬਣਨ ਲਈ ਗਿਆਨੀ ਦੀ ਪ੍ਰੀਖਿਆ ਸੰਨ 1949 ਵਿਚ ਪਾਸ ਕੀਤੀ । ਮੈਂ ਜਿਸ ਜਾਂਗਲੀ ਚੋਰਾਂ ਦੇ ਡੇਰੇ ਦਾ ਜ਼ਿਕਰ ਕਰਨ ਲੱਗਾ ਹਾਂ, ਉਹ ਸ਼ਾਇਦ ਤਖਤ ਹਜ਼ਾਰੇ ਤੋਂ ਬਹੁਤ ਨੇੜੇ ਸੀ । ਰਾਂਝਾ ਵੀ ਤਾਂ ਹੀਰ ਨੂੰ ਚੋਰੀ ਕਰਕੇ ਹੀ ਲਿਆਇਆ ਸੀ ।

ਵਾਰਸ ਸ਼ਾਹ ਕਹਿੰਦਾ ਹੈ, ਕਿ ਰਾਂਝੇ ਨੇ ਜਦ ਉਹ ਸਿਆਲਾਂ, ਪਾਸ ਮੱਝਾਂ ਚਾਰਦਾ ਸੀ ਤੇ ਹੀਰ ਨਾਲ ਉਸਦੇ ਇਸ਼ਕ ਦੇ ਕੌਲ ਕਰਾਰ ਪੱਕੇ ਹੋ ਚੁਕੇ ਸਨ ਤੇ ਉਨ੍ਹਾਂ ਦੇ ਮੇਲ ਜੋਲ ਤੇ ਪਿਆਰ ਮੁਹੱਬਤ ਦੀ ਗੱਲ ਫੈਲ ਚੁਕੀ ਸੀ, ਹੀਰ ਨੂੰ ਸਮਝਾਇਆ :

ਹੀਰੇ ਇਸ਼ਕ ਨਾ ਮੂਲ ਸੁਆਦ ਦੇਂਦੇ ਨਾਲ ਚੋਰੀਆਂ ਅਤੇ ਉਧਾਲਿਆਂ ਦੇ ।

ਪਰ ਅਖ਼ੀਰ ਉਸ ਨੂੰ ਚੋਰੀ ਤੇ ਉਧਾਲਾ ਕਰਨਾ ਹੀ ਪਿਆ ।

ਜਾਂਗਲੀ ਸ਼ਬਦ ਇਸ ਗੱਲ ਦਾ ਸੂਚਕ ਹੈ ਕਿ ਨਹਿਰੀ ਆਬਾਦੀ ਹੋਣ ਤੋਂ ਪਹਿਲਾਂ ਇਹ ਸਾਰਾ ਇਲਾਕਾ ਲਗ ਪਗ ਜੰਗਲ ਹੀ ਸੀ । ਸਾਡੇ ਆਬਾਦਕਾਰਾਂ ਦਾ ਜਾਂਗਲੀਆਂ ਨਾਲ ਵਾਹ ਬਹੁਤ ਘਟ ਪੈਂਦਾ ਸੀ । ਉਨ੍ਹਾਂ ਕੁਝ ਪਿੰਡਾਂ ਦਾ ਜੋ ਜ਼ਿਲਾ ਝੰਗ ਦੀ ਹੱਦ ਦੇ ਨੇੜੇ ਸਨ, ਜਾਂਗਲੀਆਂ ਨਾਲ ਮੇਲ ਜੋਲ ਵਧੇਰੇ ਸੀ । ਅਜੇਹਾ ਇਕ ਪਿੰਡ ਚਕ 46 ਸੀ ਜੋ ਸਰਗੋਧੇ ਜਾਂਦੀ ਪੱਕੀ ਸੜਕ ਤੇ ਸਾਡੇ ਪਿੰਡ ਤੋਂ ਪੂਰਬ ਵਲ ਇਕ ਮੀਲ ਤੇ ਵਾਕਿਆ ਸੀ । ਇਸ ਵਿਚ ਸਾਡੇ ਦਾਦਾ ਜੀ ਦੇ ਛੋਟੇ ਭਾਈ ਬਾਪੂ ਵੀਰ ਸਿੰਘ ਨੂੰ ਘੋੜੀ ਪਾਲ ਵਜੋਂ ਜ਼ਮੀਨ ਮਿਲੀ ਹੋਈ ਸੀ । ਸਾਡਾ ਉਨ੍ਹਾਂ ਪਾਸ ਬਹੁਤ ਜਾਣ ਆਉਣ ਸੀ ਅਤੇ ਅਸੀਂ ਉਥੋਂ ਹੀ ਜਿਧਰ ਜਾਣਾ ਹੁੰਦਾ ਲਾਰੀ (ਬੱਸ) ਤੇ ਬੈਠਦੇ ਸਾਂ । ਉਥੇ ਸਾਡੇ ਚਾਚੇ ਅਰਥਾਤ ਬਾਪੂ ਵੀਰ ਸਿੰਘ ਦੇ ਪੰਜ ਬੜੇ ਤਕੜੇ ਸਰੀਰਾਂ ਵਾਲੇ ਸਪੁਤਰ ਰਹਿੰਦੇ ਸਨ । ਸਭ ਤੋਂ ਵੱਡੇ ਚਾਚਾ ਗਿਆਨ ਸਿੰਘ (ਜਨਮ ਸੰਨ 1900) ਸਨ । ਉਹ ਪਿੱਛੇ ਜਿਹੇ 1990 ਵਿਚ ਨੱਬੇ ਸਾਲ ਦੇ ਹੋਕੇ ਚਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

20, ਸ੍ਰੀ ਗੰਗਾ ਨਗਰ ਵਿਚ ਗੁਜ਼ਰੇ ਹਨ) ਦਾ ਚੌਗਿਰਦੇ ਦੇ ਪਿੰਡਾਂ ਅਤੇ ਜਾਂਗਲੀ ਲੋਕਾਂ ਵਿਚ ਚੰਗਾ ਭੜ ਭਾਅ ਸੀ। ਉਨ੍ਹਾਂ ਦੇ ਛੋਟੇ ਦੋ ਭਰਾਵਾਂ ਖਜ਼ਾਨ ਸਿੰਘ ਤੇ ਤਾਰਾ ਸਿੰਘ ਨੂੰ ਦਾਦਾ ਜੀ ਨੇ ਫੌਜ ਵਿਚ ਭਰਤੀ ਕਰਾ ਦਿਤਾ ਸੀ ਅਤੇ ਚਾਚਾ ਧਿਆਨ ਸਿੰਘ ਜੋ ਬਹੁਤ ਚੰਗੇ ਮਕੈਨਿਕ ਸਨ ਨੂੰ ਸਾਡੇ ਤਾਇਆ ਡਾ. ਕਿਸ਼ਨ ਸਿੰਘ ਆਪਣੇ ਨਾਲ ਕੀਨੀਆ (ਦਖਣੀ ਅਫਰੀਕਾ) ਵਿਚ ਲੈ ਗਏ ਸਨ। ਸਭ ਤੋਂ ਛੋਟਾ ਕਰਤਾਰ ਸਿੰਘ ਵੀ ਚੰਗਾ ਤਕੜਾ ਜਵਾਨ ਸੀ।

ਜਾਂਗਲੀ ਚੋਰਾਂ ਨਾਲ ਇਕ ਵਾਰੀ ਸਾਡਾ ਵਾਹ ਇਸ ਤਰ੍ਹਾਂ ਪਿਆ ਕਿ ਗਰਮੀਆਂ ਦੀ ਰੁੱਤੇ ਉਹ ਇਕ ਰਾਤ ਅਚਾਨਕ ਹੀ ਸਾਡੀ ਬਹਿਕ ਵਿਚੋਂ ਇਕ ਵਧੀਆ ਬਲਦ ਚੁਰਾ ਕੇ ਲੈ ਗਏ। ਮੈਂ ਕਾਲਜ ਤੋਂ ਗਰਮੀ ਦੀਆਂ ਛੁੱਟੀਆਂ ਵਿਚ ਪਿੰਡ ਗਿਆ ਹੋਇਆ ਸਾਂ। ਬਹਿਕ ਤੋਂ ਭਾਵ ਬਾਹਰ ਖੇਤਾਂ ਵਿਚ ਲੱਕੜੀ ਦੀਆਂ ਖੁਰਲੀਆਂ ਤੇ ਬੱਧੇ ਹੋਏ ਡੰਗਰਾਂ ਤੋਂ ਹੈ। ਇਹ ਰਿਵਾਜ ਉਥੇ ਆਮ ਸੀ, ਕਿਉਂਕਿ ਇਸ ਤਰ੍ਹਾਂ ਖੇਤਾਂ ਵਿਚ ਚੰਗੀ ਨਰੋਈ ਰੂੜੀ (ਖਾਦ) ਪੈ ਜਾਂਦੀ ਸੀ। ਖੁਰਲੀਆਂ ਦੇ ਹੇਠਾਂ ਪਹੀਏ ਲੱਗੇ ਹੁੰਦੇ ਸਨ ਅਤੇ ਬਹਿਕ ਦੀ ਜਗ੍ਹਾ ਬਦਲਦੀ ਰਹਿੰਦੀ ਸੀ। ਅਸੀਂ ਰਾਖੀ ਲਈ ਖ਼ੂਨਖਾਰ (ਭਿਆਨਕ ਕਿਸਮ ਦੇ) ਕੁੱਤੇ ਰੱਖੇ ਹੁੰਦੇ ਸਨ। ਰਾਤ ਨੂੰ ਉਨ੍ਹਾਂ ਨੂੰ ਖੁਲ੍ਹੇ ਛੱਡ ਦੇਂਦੇ ਸਾਂ। 3-4 ਕਾਮੇ ਵੀ ਉਥੇ ਸੌਂਦੇ ਸਨ।

ਸਵੇਰੇ ਜਦੋਂ ਸਾਨੂੰ ਬਲਦ ਦੇ ਚੋਰੀ ਹੋਣ ਬਾਰੇ ਪਤਾ ਲੱਗਾ ਤਾਂ ਭਾਈ ਇਕਬਾਲ ਸਿੰਘ ਇਕ ਦੋ ਆਦਮੀਆਂ ਨਾਲ ਚਕ 46 ਚਾਚਾ ਗਿਆਨ ਸਿੰਘ ਪਾਸ ਗਏ, ਤਾਂ ਜੋ ਖੋਜੀ ਲਿਆ ਕੇ ਖੁਰਾ ਲੱਭਿਆ ਜਾਏ। ਖੋਜੀ ਆਪਣੇ ਕੰਮ ਦੇ ਬੜੇ ਮਾਹਰ ਸਨ। ਚਾਚਾ ਜੀ ਖੋਜੀ ਲੈ ਆਏ। ਉਹ ਖੋਜੀ ਗੁਆਚੇ ਡੰਗਰ (ਬਲਦ) ਦੇ ਪੈਰਾਂ ਦੇ ਨਿਸ਼ਾਨ (ਅਰਥਾਤ ਖੁਰਾ) ਦੇਖਦਾ ਹੋਇਆ ਸਾਡੇ ਪਿੰਡ ਤੋਂ ਦਸ ਕੁ ਮੀਲ ਦੱਖਣ ਵਲ ਇਕ ਜਾਂਗਲੀ ਵੱਸੋਂ (ਜਿਸ ਨੂੰ ਢੋਕ ਜਾਂ ਝੋਕ ਕਹਿੰਦੇ ਸਨ) ਤਕ ਜਾ ਪਹੁੰਚਿਆ ਅਤੇ ਆ ਕੇ ਸਾਨੂੰ ਖ਼ਬਰ ਕੀਤੀ ਕਿ ਉਹ ਉਸ ਦਾਂਦ (ਬਲਦ ਨੂੰ ਉਹ ਦਾਂਦ ਕਹਿੰਦੇ ਹਨ) ਨੂੰ ਇਕ ਜਾਂਗਲੀ ਦੇ ਘਰ ਵਿਚ ਬੱਧਾ ਹੋਇਆ ਵੇਖ ਆਇਆ ਹੈ। ਇਹ ਸੁਣਕੇ ਸਾਡੇ ਪਿੰਡ ਵਿਚ ਗੁੱਸੇ ਦੀ ਲਹਿਰ ਦੌੜ ਗਈ। ਸਾਡਾ ਪਿੰਡ ਫੌਜੀ ਸਰਦਾਰਾਂ ਦਾ ਸੀ ਅਤੇ ਇਹ ਚੋਰੀ ਸਾਡੇ ਲਈ ਗ਼ੈਰਤ (ਅਣਖ) ਦਾ ਮੁਆਮਲਾ ਸੀ। ਇਕ ਦਮ ਸਰਗੋਧੇ ਜਾਕੇ ਇਕ ਲਾਰੀ ਦਾ ਪ੍ਰਬੰਧ ਕੀਤਾ ਗਿਆ। ਦੁਪਹਿਰੇ ਤੋਂ ਥੋੜਾ ਪਿਛੋਂ ਪਿੰਡ ਦੇ 20-25 ਆਦਮੀ, ਜਿਨ੍ਹਾਂ ਵਿਚੋਂ ਬਹੁਤੇ ਜਵਾਨ ਉਮਰ ਦੇ ਸਰਦਾਰ ਸਨ, ਕੁਝ ਬੰਦੂਕਾਂ ਨਾਲ ਲੈ ਕੇ ਇਕ ਵਾਹਰ (E. pedition) ਦੇ ਰੂਪ ਵਿਚ ਲਾਰੀ ਵਿਚ ਚੱਲ ਪਏ। ਮੈਂ ਵੀ ਨਾਲ ਗਿਆ।

ਚਾਚਾ ਗਿਆਨ ਸਿੰਘ ਦੀ ਅਗਵਾਈ ਵਿਚ ਅਸੀਂ ਉਸ ਖੋਜੀ ਨੂੰ ਨਾਲ ਲੈਕੇ ਪੱਕੀ ਸੜਕ ਤੇ ਲਾਲੀਆਂ ਕਸਬੇ ਤੋਂ ਅੱਗੇ ਦਰਿਆ ਵਲ ਇਕ ਥਾਂ ਤੋਂ ਪੂਰਬ ਵਲ ਸੜਕ ਤੇ ਕੱਚੇ ਰਸਤੇ ਤੇ ਪੈ ਗਏ ਅਤੇ ਥੋੜੀ ਦੂਰ ਇਕ ਛੋਟੀ ਜੇਹੀ ਵੱਸੋਂ ਦੇ ਨੇੜੇ ਜਾ ਪਹੁੰਚੇ। ਵੱਸੋਂ ਦੇ ਬਾਹਰ ਅਸੀਂ ਲਾਰੀ ਵਿਚੋਂ ਉਤਰ ਕੇ ਜਦ ਉਸ ਵੱਸੋਂ ਵਿਚ ਗਏ ਤਾਂ ਉਥੇ ਸਾਨੂੰ ਕੋਈ ਬੰਦਾ ਨਜ਼ਰ ਨਾ ਆਇਆ ਸਿਵਾਏ ਇਕ ਮੁੰਡੇ ਦੇ। ਚਾਚਾ ਜੀ ਕਹਿਣ ਲੱਗੇ, ਇਹ ਮੁੰਡਾ ਹਿੰਦੂ ਦੁਕਾਨਦਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ ਕਿਉਂਕਿ ਇਸ ਦੇ ਕੰਨਾਂ ਵਿਚ ਬੁੰਦੇ ਹਨ। ਇਹ ਹਿੰਦੂ ਹੋਣ ਦੀ ਨਿਸ਼ਾਨੀ ਹੈ। ਅਸੀਂ ਉਸ ਨੂੰ ਪੁੱਛਿਆ, ਪਿੰਡ ਦੇ ਜਾਂਗਲੀ ਕਿਧਰ ਗਏ ? ਉਸ ਨੇ ਦੱਸਿਆ ਕਿ ਉਹ ਨੇੜੇ ਹੀ ਇਕ ਦਰਖ਼ਤਾਂ ਦੀ ਝੰਗੀ ਵਿਚ ਸੁੱਤੇ ਹੋਏ ਹੋਣਗੇ । ਖੋਜੀ ਨੇ ਚਾਚਾ ਗਿਆਨ ਸਿੰਘ ਨੂੰ ਨਾਲ ਲਿਜਾ ਕੇ ਇਕ ਥਾਂ ਤੇ ਬੱਧਾ ਹੋਇਆ ਬਲਦ ਦਿਖਾ ਦਿੱਤਾ। ਇਸ ਨਾਲ ਸਾਡੀ ਸਭ ਦੀ ਤਸੱਲੀ ਹੋ ਗਈ। ਫਿਰ ਉਸ ਮੁੰਡੇ ਦੇ ਪਤਾ ਦੱਸਣ ਤੇ ਅਸੀਂ ਜਦ ਉਸ ਝੰਗੀ ਦੇ ਨੇੜੇ ਪੁੱਜੇ ਤਾਂ ਦੇਖਕੇ ਹੈਰਾਨ ਹੋਏ ਕਿ 10-15 ਆਦਮੀ ਮੰਜੀਆਂ ਤੇ ਚਾਦਰਾਂ ਲੈ ਕੇ ਸੁੱਤੇ ਹੋਏ ਸਨ। ਖੋਜੀ ਨੇ ਦੱਸਿਆ ਕਿ ਇਹ ਲੋਕ ਰਾਤ ਨੂੰ ਲੁਕਦੇ ਹਨ (ਭਾਵ ਚੋਰੀ ਕਰਦੇ ਹਨ) ਤੇ ਦਿਨੇ ਸੌਂਦੇ ਹਨ। ਸਾਡੀ ਬੋਲ ਚਾਲ ਦਾ ਸ਼ੋਰ ਸੁਣ ਕੇ ਉਹ ਉੱਠ ਬੈਠੇ ਅਤੇ ਇਕ ਦਮ ਸਾਡੀ ਸਿੱਖਾਂ ਦੀ ਵਾਹਰ ਦੇਖ ਕੇ ਹੈਰਾਨ ਤੇ ਭੈ-ਭੀਤ ਹੋ ਗਏ। ਪਰੰਤੂ ਗੱਲ ਬਾਤ ਵਿਚ ਜਾਂਗਲੀ ਬੜੇ ਚਤੁਰ ਤੇ ਮਿੱਠ-ਬੋਲੇ ਹੁੰਦੇ ਹਨ, ਝਟ ਸਾਡੇ ਆਦਰ ਵਿਚ ਕਹਿਣ ਲਗੇ, 'ਸੱਤੇ ਖ਼ੈਰਾਂ ! ਹੇ ਸਰਦਾਰਾਂ ਨੂੰ ਕੇ ਭਾਜੜ ਪੈ ਗਈ ? ਅਸਾਂਹ ਜੂ ਹੱਥ ਬੱਧੇ ਗੁਲਾਮ ਹਾਂ, ਅਸਾਂ ਕੂ ਹੁਕਮ ਚਾ ਕਰਦੇ ਅਸ ਹੁੰਦੇ ਆ ਵੈਂਦੇ । ਓ, ਸਰਦਾਰਾਂ ਕੂ, ਬਹਾਓ ਤੇ ਖਿਜਮਤ ਕਰੋ, ਹੇ ਸਾਡੇ ਸਿਰਾਂ ਦੇ ਸਾਈਂ ਹੈਨ।'

ਜਦ ਅਸੀਂ ਸਾਰੇ ਬੈਠ ਗਏ ਤੇ ਚੋਰੀ ਦੀ ਗੱਲ ਚੱਲੀ ਤਾਂ ਉਹ ਪੱਲਾ ਨਾ ਫੜਾਣ। ਉੱਕਾ ਹੀ ਮੁਕਰ ਗਏ। ਕਹਿਣ ਲੱਗੇ, 'ਅਸੀਂ ਸਰਦਾਰਾਂ ਕੀ ਚੋਰੀ ਕਰਕੇ ਕਿਥੇ ਵੈਸਾਂ ? ਕਾਈ ਭੁਲੇਖਾ ਚਾ ਲੱਗਾ ਹੇ।' ਜਦ ਚਾਚਾ ਜੀ ਨੇ ਦੱਸਿਆ ਕਿ ਉਹ ਦਾਂਦ ਬੱਧਾ ਹੋਇਆ ਦੇਖ ਆਏ ਹਨ ਤਾਂ ਉਹ ਚਾਚਾ ਗਿਆਨ ਸਿੰਘ ਨੂੰ ਵੱਖਰਾ ਲਿਜਾ ਕੇ ਮਿੰਨਤਾਂ ਕਰਨ ਲੱਗੇ ਕਿ ਸਾਨੂੰ ਮਾਫੀ ਲੈ ਦੇ। ਫਿਰ ਐਵੇਂ ਇਕ ਆਦਮੀ ਦਾ ਨਾਂ ਲੈ ਕੇ ਗਾਲ੍ਹਾਂ ਕੱਢਣ ਲੱਗ ਪਏ ਕਿ ਇਹ ਸਾਰੀ ਓਸੇ ਦੀ ਸ਼ਰਾਰਤ ਹੈ, ਉਹ ਸਾਡੇ ਹੁਕਮ ਵਿਚ ਨਹੀਂ। ਉਸ ਨੂੰ ਬੇਸ਼ਕ ਫੜ ਕੇ ਕੁੱਟ ਮਾਰ ਕਰੋ। ਇਸ ਤਰ੍ਹਾਂ ਸਾਡੇ ਲੋਕਾਂ ਦਾ ਗੁੱਸਾ ਠੰਡਾ ਕਰਕੇ ਤੇ ਸਾਡੇ ਨਾਲ ਜਾ ਕੇ ਉਨ੍ਹਾਂ ਬਲਦ ਸਾਡੇ ਹਵਾਲੇ ਕਰ ਦਿਤਾ। ਫਿਰ ਹੱਟੀ ਵਾਲੇ ਨੂੰ ਬੁਲਾ ਕੇ ਸਾਡੇ ਲਈ ਦੁੱਧ ਦੀ ਕੱਚੀ ਲੱਸੀ ਬਣਵਾਈ ਤੇ ਸਭ ਨੂੰ ਪਿਆਈ। ਇਸ ਤਰ੍ਹਾਂ ਅਸੀਂ ਜਿੱਤ ਦਾ ਇਹਸਾਸ ਲੈ ਕੇ ਵਾਪਸ ਮੁੜੇ ਪਰ ਉਹ ਜਾਂਗਲੀ ਚੋਰਾਂ ਦੇ ਡੇਰੇ ਦਾ ਰੁਮਾਂਟਿਕ ਦ੍ਰਿਸ਼ ਮੈਨੂੰ ਸਾਰੀ ਉਮਰ ਨਹੀਂ ਭੁੱਲਿਆ।

ਇਕ ਗੱਲ ਲਿਖਣੀ ਮੈਂ ਭੁੱਲ ਗਿਆ ਹਾਂ। ਉਹ ਇਹ ਕਿ ਭਿਆਨਕ ਬੁਲੀ ਕੁਤਿਆਂ ਦੇ ਹੁੰਦਿਆਂ ਉਹ ਕਿਵੇਂ ਬਲਦ ਕੱਢ ਕੇ ਲੈ ਗਏ। ਇਸ ਬਾਰੇ ਸਾਨੂੰ ਖੋਜੀ ਨੇ ਦੱਸਿਆ ਕਿ ਇਹ ਲੋਕ ਬੜੇ ਢੰਗੀ ਹਨ। ਰਾਤ ਨੂੰ ਚੋਰੀ ਕਰਨ ਵੇਲੇ ਕੱਚਾ ਮਾਸ ਨਾਲ ਲੈ ਆਉਂਦੇ ਹਨ। ਜਦ ਕੁੱਤੇ ਭੌਂਕ ਕੇ ਉਨ੍ਹਾਂ ਦੇ ਨੇੜੇ ਆਉਂਦੇ ਹਨ ਤਾਂ ਇਹ ਕੱਚਾ ਮਾਸ ਕੁੱਤਿਆਂ ਅੱਗੇ ਸੁੱਟ ਦੇਂਦੇ ਹਨ। ਜਿੰਨੇ ਚਿਰ ਵਿਚ ਉਹ ਮਾਸ ਖਾਂਦੇ ਹਨ, ਇਕ ਆਦਮੀ ਫੁਰਤੀ ਨਾਲ ਡੰਗਰ ਖੋਲ੍ਹ ਕੇ ਨਿਕਲ ਜਾਂਦਾ ਹੈ। ਬਾਕੀ ਉਸ ਨਾਲ ਜਾ ਮਿਲਦੇ ਹਨ। ਇਹ ਲੋਕ ਪੈਰਾਂ ਦੇ ਬੜੇ ਛੋਹਲੇ (nimble-footed) ਹੁੰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਮਖ਼ੋਰ ਦੀ ਗੁਫਾ

ਗੁਰੂ ਨਾਨਕ ਸਾਹਿਬ ਦੀਆਂ ਜਨਮ ਸਾਖੀਆਂ ਵਿਚੋਂ ਕੌਡੇ ਰਾਕਸ਼ ਦੀ ਸਾਖੀ ਹਰ ਕਿਸੇ ਨੇ ਪੜ੍ਹੀ ਸੁਣੀ ਹੋਵੇਗੀ। ਪਰੰਤੂ ਪਾਠਕਾਂ ਨੂੰ ਪੜ੍ਹ ਕੇ ਹੈਰਾਨੀ ਹੋਵੇਗੀ ਕਿ ਸਾਡੇ ਪਿੰਡ ਦੇ ਨੇੜੇ ਇਕ ਪਹਾੜੀ ਉਤੇ ਪੁਰਾਤਨ ਸਮਿਆਂ ਵਿਚ ਇਕ ਰਾਖਸ਼ ਰਹਿੰਦਾ ਸੀ ਜੋ ਕੌਡੇ ਵਾਂਗ ਹੀ ਆਦਮਖ਼ੋਰ (Cannibal) ਸੀ। ਉਸ ਬਾਰੇ ਸਾਡੇ ਇਲਾਕੇ ਵਿਚ ਰਵਾਇਤ (ਦੰਦ ਕਥਾ) ਪ੍ਰਚਲਿਤ ਸੀ ਕਿ ਉਹ ਊਠਣੀ (ਸਾਂਡਣੀ) ਤੇ ਸਵਾਰ ਹੋ ਕੇ ਇੱਧਰ ਉੱਧਰ ਨਿਕਲਦਾ ਸੀ ਤੇ ਕੋਈ ਇੱਕਾ ਦੁੱਕਾ ਰਾਹ ਮੁਸਾਫਰ ਜੰਗਲ ਵਿਚੋਂ ਲੱਭ ਕੇ ਲੈ ਆਉਂਦਾ ਸੀ ਤੇ ਆਪਣੀ ਗ਼ਾਰ (ਗੁਫਾ) ਵਿਚ ਲਿਆ ਕੇ ਤੇਲ ਦੇ ਕੜਾਹੇ ਵਿਚ ਜੋ ਤਪਦਾ ਰਹਿੰਦਾ ਸੀ, ਉਸ ਨੂੰ ਤਲ ਕੇ ਖਾ ਜਾਂਦਾ ਸੀ। ਸਾਨੂੰ ਬੱਚਿਆਂ ਨੂੰ ਵੀ ਬੜੀ ਉਤਸੁਕਤਾ ਇਸ ਗੁਫਾ ਦੇ ਦੇਖਣ ਦੀ ਹੋਈ। ਜਿਵੇਂ ਉਪਰ ਲਿਖਿਆ ਹੈ, ਪਿੰਡ ਤੋਂ ਪੂਰਬ ਵੱਲ ਇਕ ਪਹਾੜੀ ਪਿੰਡ ਤੋਂ ਅੱਧੇ ਕੁ ਮੀਲ ਤੇ ਸੀ। ਅਸੀਂ ਇਕ ਦਿਨ ਕੁਝ ਲੜਕੇ ਉਸ ਪਹਾੜੀ ਉਤੇ ਜਾ ਚੜ੍ਹੇ ਤੇ ਗੁਫਾ ਲੱਭਣ ਲੱਗ ਪਏ। ਹੌਲੀ ਹੌਲੀ ਫਿਰਦੇ ਫਰਾਂਦੇ ਅਸੀਂ ਇਕ ਵੱਡੀ ਸਾਰੀ ਭਿਆਨਕ ਗੁਫਾ ਲੱਭ ਲਈ ਜਿਸ ਵਿਚ ਕਈ ਥਾਵਾਂ ਤੇ ਤੇਲ ਦੀ ਥਿੰਦਾਈ ਅਤੇ ਧੂਏਂ ਦੀ ਕਾਲਖ ਅਜੇ ਵੀ ਸਦੀਆਂ ਬਾਅਦ ਦਿੱਸਦੀ ਸੀ। ਰਾਕਸ਼ ਦਾ ਨਾਂ ਹੀ ਭਿਆਨਕ ਹੁੰਦਾ ਹੈ, ਅਸੀਂ ਡਰਦੇ ਡਰਦੇ ਉਸ ਗੁਫਾ ਵਿਚ ਵੜ ਗਏ। ਕਈ ਥਾਈਂ ਤੇਲ ਦੀ ਥਿੰਦਾਈ ਦੇਖੀ ਪਰ ਕੜਾਹਾ ਕੋਈ ਨਾ ਦਿੱਸਿਆ। ਗੁਫਾ ਵਿਚ ਹਨੇਰਾ ਸੀ। ਸੋ ਅਸੀਂ ਆਪਣੀ ਕਲਪਨਾ ਦੇ ਸਹਾਰੇ ਉਹਦੇ ਵਿਚ ਰਾਕਸ਼ ਤੇ ਕੜਾਹੇ ਵਿਚ ਆਦਮੀ ਦਾ ਤਲੇ ਜਾਣਾ ਤੇ ਖਾਧੇ ਜਾਣਾ ਦੇਖ ਲਿਆ। ਬਚਪਨ ਵਿਚ ਕਲਪਨਾ ਬਹੁਤ ਪ੍ਰਚੰਡ ਹੁੰਦੀ ਹੈ। ਇਹ ਗੁਫਾ ਇਸ ਇਲਾਕੇ ਦੇ ਪੁਰਾਤਨ ਜੰਗਲੀ ਸਭਿਆਚਾਰ ਦੀ ਇਕ ਪ੍ਰਤੱਖ ਨਿਸ਼ਾਨੀ ਸੀ।

ਖੇਡਾਂ ਤੇ ਮਨ ਪਰਚਾਵੇ

ਬਚਪਨ ਵਿਚ ਸਾਡੀਆਂ ਖੇਡਾਂ ਤੇ ਸ਼ੁਗਲ ਬਹੁਤ ਸਾਰੇ ਸਨ ਜਿਵੇਂ ਆਮ ਪਿੰਡਾਂ ਵਿਚ ਹੁੰਦਾ ਹੈ। ਪਰੰਤੂ ਹਰ ਇਲਾਕੇ ਦੀ ਸਥਾਨਕ ਵਿਸ਼ੇਸ਼ਤਾ ਹੁੰਦੀ ਹੈ। ਅਸੀਂ ਆਮ ਤੌਰ ਤੇ ਖਿੱਦੋ ਖੂੰਡੀ, ਸ਼ਾਹ ਸ਼ਟਾਪੂ, ਗੁੱਲੀ ਡੰਡਾ, ਤਾਸ਼ ਖੇਡਣਾ, ਬਾਰਾਂ ਟਹਿਣੀ, ਲੁਕਣ ਮੀਟੀ, ਦਰਖ਼ਤਾਂ ਤੇ ਚੜ੍ਹਕੇ ਪੰਛੀਆਂ ਦੇ ਆਂਡੇ ਲੱਭਣਾ, ਕੌਡੀ ਖੇਡਣਾ, ਦੌੜਾਂ ਦੇ ਮੁਕਾਬਲੇ, ਘੋੜ ਸਵਾਰੀ ਦੇ ਮੁਕਾਬਲੇ (ਘੋੜੀ ਤੇਜ਼ ਦੌੜਾਣਾ), ਕੁਸ਼ਤੀਆਂ ਦੇ ਮੁਕਾਬਲੇ ਦੇਖਣਾ, ਗੀਟੇ ਤੇ ਅਖਰੋਟ ਖੇਡਣਾ (ਖੁੱਤੀ ਵਿਚ ਸੁੱਟ ਕੇ), ਕੋਟਲਾ ਛਪਾਕੀ ਆਦਿ ਸਨ। ਜਦੋਂ ਅਸੀਂ ਸਰਗੋਧਾ ਸਕੂਲ ਵਿਚ ਜਾ ਕੇ ਹਾਕੀ, ਫੁਟਬਾਲ ਤੇ ਵਾਲੀਬਾਲ ਖੇਡਣ ਲੱਗ ਪਏ ਤਾਂ ਅਸੀਂ ਬਹੁਤਾ ਇਨ੍ਹਾਂ ਸਕੂਲੀ ਖੇਡਾਂ ਵੱਲ ਰੁਚਿਤ ਹੁੰਦੇ ਗਏ। ਹੌਲੀ ਹੌਲੀ ਪਿੰਡ ਵਿਚ ਵਾਲੀਬਾਲ ਦਾ ਨੈੱਟ ਲਗਾ ਕੇ ਅਸੀਂ ਪਿੰਡ ਦੇ ਪੜ੍ਹਾਕੂ ਮੁੰਡੇ ਤੇ ਪਿੰਡ ਦੇ ਕੁਝ ਅਗਾਂਹਵਧੂ ਸਰਦਾਰ ਇਸ ਖੇਡ ਦੇ ਹੀ ਬਹੁਤੇ ਸ਼ੌਕੀਨ ਹੋ ਗਏ। ਛੁੱਟੀਆਂ ਵਿਚ ਇਹ ਖੇਡ ਅਸੀਂ ਹਰ ਰੋਜ਼ ਖੇਡਦੇ। ਅਸੀਂ ਕੁਝ ਭਰਾ ਗਭਰੂ ਹੋ ਗਏ ਸਾਂ। ਹੋਰ ਸਾਡੇ ਜਮਾਤੀ ਜਾਂ ਹਾਣੀ ਸਵਰਨ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਤਾਰ, ਨਿਰੰਜਨ, ਬਲਵੰਤ, ਬੂਟਾ, ਅਰੂੜ ਅਤੇ ਸ: ਉਜਾਗਰ ਸਿੰਘ, ਸ: ਜਗੀਰ ਸਿੰਘ ਆਦਿ ਇਸ ਵਿਚ ਸ਼ਾਮਲ ਹੁੰਦੇ ਸਨ।

ਮੈਨੂੰ ਨਿੱਜੀ ਤੌਰ ਤੇ ਕਬੱਡੀ ਅਤੇ ਭਲਵਾਨਾਂ (ਪਹਿਲਵਾਨਾਂ) ਦੀ ਕੁਸ਼ਤੀ ਦੇਖਣ ਦਾ ਬਹੁਤ ਸ਼ੌਕ ਸੀ। ਸਾਡੇ ਪਿੰਡ ਤੋਂ 5-6 ਮੀਲ ਤੇ ਵਾਕਿਆ ਚੱਕ 42 ਤੋਂ ਇਕ ਭਲਵਾਨ, ਭਾਨਾਂ ਈਸਾਈ (ਸਾਡੇ ਲੋਕ ਈਸਾਈ ਨੂੰ 'ਹਸਾਈ' ਬੋਲਦੇ ਸਨ) ਜਿਸ ਦੀ ਸਾਡੇ ਪਿੰਡ ਦੇ ਈਸਾਈਆਂ ਨਾਲ ਰਿਸ਼ਤੇਦਾਰੀ ਸੀ, ਕਬੱਡੀ ਦਾ ਸਿਰਕੱਢ ਖਿਡਾਰੀ ਸੀ ਤੇ ਸਾਡੇ ਪਿੰਡ ਆਉਂਦਾ ਰਹਿੰਦਾ ਸੀ। ਉਹ ਧੌਲ ਮਾਰਨ ਦਾ ਵੱਡਾ ਮਾਹਰ ਸੀ। ਧੌਲ ਮਾਰ ਕੇ ਉਹ ਮੁਕਾਬਲੇ ਦੇ ਖਿਡਾਰੀ ਨੂੰ ਝੱਟ ਧਰਤੀ ਤੇ ਪਟਕਾ ਮਾਰਦਾ। ਇਹ ਹੁਨਰ ਉਸ ਦਾ ਦੇਖਣ ਵਾਲਾ ਹੁੰਦਾ ਸੀ। ਉਸਦੇ ਸਾਹਮਣੇ ਕੋਈ ਨਹੀਂ ਸੀ ਠਹਿਰਦਾ। ਇਕ ਦਿਨ ਇਕ ਹੋਰ ਭਲਵਾਨ ਜਿਸ ਦਾ ਨਾਂ ਸੈਫਲ ਸੀ ਸਾਡੇ ਪਿੰਡ ਆਇਆ। ਮੈਂ ਤੇ ਹੋਰ ਬੱਚੇ ਉਸ ਨੂੰ ਉਚੇਚਾ ਦੇਖਣ ਗਏ ਤੇ ਕਿੰਨਾ ਚਿਰ ਦੇਖਦੇ ਰਹੇ। ਉਹ ਬੜਾ ਦਰਸ਼ਨੀ ਭਲਵਾਨ ਸੀ ਤੇ ਸੁਭਾ ਦਾ ਵੀ ਹੱਸਮੁੱਖ ਸੀ। ਮੈਂ ਉਸ ਦੀ ਧੌਣ ਦੇ ਪਿੱਛੇ ਜੋ ਮਾਸ ਵਧਿਆ ਹੋਇਆ ਸੀ, ਉਸ ਤੋਂ ਪ੍ਰਭਾਵਿਤ ਹੋਇਆ। ਮੈਂ ਇਸਨੂੰ ਤਾਕਤ ਦੀ ਨਿਸ਼ਾਨੀ ਸਮਝਿਆ।

ਇਸੇ ਤਰ੍ਹਾਂ ਮੈਨੂੰ ਯਾਦ ਹੈ ਸਰਗੋਧੇ ਸੰਨ 1935 ਵਿਚ ਉਥੋਂ ਦੇ ਮਸ਼ਹੂਰ ਸਿੱਖ ਐਸ.ਪੀ. ਸ. ਸੰਤ ਪ੍ਰਕਾਸ਼ ਸਿੰਘ (ਜੋ ਪਿੱਛੋਂ ਪੰਜਾਬ ਦੇ ਪਹਿਲੇ ਸਿੱਖ ਆਈ. ਜੀ. ਪੋਲੀਸ ਬਣੇ) ਨੇ ਇਕ ਵੱਡੇ ਦੰਗਲ ਦਾ ਪ੍ਰਬੰਧ ਕੀਤਾ। ਹੋਸਟਲ ਵਿਚੋਂ ਮੈਂ ਤੇ ਹੋਰ ਕੁਝ ਮੁੰਡੇ ਇਕ ਸਰਾਂ ਵਿਚ ਠਹਿਰੇ ਹੋਏ ਭਲਵਾਨਾਂ ਨੂੰ ਦੇਖਣ ਗਏ। ਗੂੰਗੇ ਭਲਵਾਨ ਦੀ ਚੜ੍ਹਤ ਤੇ ਸ਼ੁਹਰਤ ਉਸ ਸਮੇਂ ਸਭ ਤੋਂ ਵੱਧ ਸੀ। ਸਾਡੇ ਦਾਦਾ ਜੀ ਵੀ ਇਸ ਦੰਗਲ ਦੇ ਪ੍ਰਬੰਧਕਾਂ ਵਿਚੋਂ ਸਨ। ਅਸੀਂ ਵੀ ਸ਼ਹਿਰ ਦੇ ਅਣਗਿਣਤ ਲੋਕਾਂ ਵਾਂਗ ਇਹ ਦੰਗਲ ਦੇਖਣ ਗਏ। ਗੂੰਗੇ ਨੇ ਅੱਧੇ ਮਿੰਟ ਵਿਚ ਹੀ ਦੂਜੇ ਭਲਵਾਨ ਨੂੰ ਚਿੱਤ ਕਰ ਦਿਤਾ। ਬੜੀ ਵਾਹ ਵਾਹ ਉਸ ਨੇ ਖੱਟੀ। ਉਹ ਕੱਦ ਦਾ ਲੰਮਾ ਤੇ ਸਰੀਰ ਦਾ ਗੱਠਿਆ ਸੀ। ਵਾਧੂ ਮਾਸ ਉਸ ਦੇ ਪਿੰਡੇ ਤੇ ਨਹੀਂ ਸੀ ਜਿਵੇਂ ਅੱਜ ਕਲ੍ਹ ਦੇ ਪ੍ਰਸਿੱਧ ਭਲਵਾਨ ਦਾਰਾ ਸਿੰਘ ਦਾ ਅਤਿ ਸਡੌਲ ਸਰੀਰ ਹੈ। ਸ਼ਾਇਦ ਅਮਾਮ ਬਖਸ਼ ਤੇ ਗਾਮਾ ਵੀ ਇਸ ਦੰਗਲ ਵਿਚ ਸ਼ਾਮਲ ਹੋਏ ਸਨ।

ਸਾਡੇ ਉਸ ਮੁਸਲਮਾਨੀ ਇਲਾਕੇ ਦੇ ਮਨ ਪਰਚਾਵੇ ਵੀ ਅਜੀਬ ਸਨ। ਬੁਲੀ ਕੁੱਤੇ ਪਾਲ ਕੇ ਉਨ੍ਹਾਂ ਦੀ ਲੜਾਈ ਇਕ ਵੱਡਾ ਸ਼ੁਗਲ ਸੀ ਜਿਸ ਵਿਚ ਸਾਡਾ ਤਕੜਾ ਬੁਲੀ ਕੁੱਤਾ ਵੀ ਸ਼ਾਮਲ ਹੁੰਦਾ। ਕਈ ਵਾਰੀ ਕੁੱਤਿਆਂ ਨੂੰ ਲੜਾਈ ਤੋਂ ਪਹਿਲਾਂ ਸ਼ਰਾਬ ਵੀ ਪਿਲਾ ਲੈਂਦੇ ਜਾਂ ਕੁਝ ਸਮਾਂ ਭੁੱਖਾ ਰੱਖਦੇ। ਬਹੁਤ ਲੋਕ ਇਹ ਤਮਾਸ਼ਾ ਦੇਖਣ ਲਈ ਕਈ ਪਿੰਡਾਂ ਤੋਂ ਆ ਕੇ ਇਕੱਠੇ ਹੁੰਦੇ। ਕਈ ਵਾਰੀ ਹਾਰਨ ਜਿੱਤਣ ਦੀ ਸ਼ਰਤ ਵੀ ਲਗਾਂਦੇ, ਰੁਪਿਆਂ ਦੀ। ਕਈ ਵਾਰੀ ਕੁੱਤੇ ਏਨੀ ਭਿਆਨਕ ਤੇ ਰੋਹ ਭਰੀ ਲੜਾਈ ਲੜਦੇ ਕਿ ਇਕ ਦੂਜੇ ਨੂੰ ਜਾਨੋਂ ਹੀ ਮਾਰ ਦੇਂਦੇ। ਇਸੇ ਤਰ੍ਹਾਂ ਭੇਡੂਆਂ, ਊਠਾਂ, ਕੁਕੜਾਂ, ਬਟੇਰਿਆਂ ਤੇ ਤਿੱਤਰਾਂ ਦੀ ਲੜਾਈ ਦਾ ਰਿਵਾਜ ਵੀ ਆਮ ਸੀ। ਹੋਰ, ਜਾਂਗਲੀ ਮੇਲਿਆਂ ਤੇ ਸਿਖਾਏ ਹੋਏ ਘੋੜਿਆਂ ਦਾ ਨਾਚ ਤੇ ਨੇਜ਼ਾਬਾਜ਼ੀ ਬਹੁਤ ਰੌਚਕ ਹੁੰਦੀ ਸੀ। ਸਾਡੇ ਆਪਣੇ ਮੇਲਿਆਂ ਵਿਚ ਘੋਲ, ਕਬੱਡੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਭੰਗੜੇ ਦਾ ਰਿਵਾਜ ਵਧੇਰੇ ਸੀ। ਕੋਈ ਮਾੜਾ ਮੋਟਾ ਸਰਕਸ ਵੀ ਆ ਜਾਂਦਾ ਸੀ। ਪਿੰਡ ਵਿਚ ਬਾਜ਼ੀਗਰ ਤੇ ਰਾਸਧਾਰੀਏ ਆਪਣੇ ਕਰਤੱਬ ਦਿਖਾ ਕੇ ਲੋਕਾਂ ਦਾ ਮਨ ਮੋਹ ਲੈਂਦੇ ਸਨ। ਕਦੀ ਕਦੀ ਕੋਈ ਨਾਟਕ ਵੀ ਖੇਡਿਆ ਜਾਂਦਾ ਸੀ ਪਰ ਬਹੁਤ ਘੱਟ। ਕਦੀ ਕਦੀ ਵਿਆਹਵਾਂ ਸ਼ਾਦੀਆਂ ਤੇ ਰੰਡੀਆਂ ਦਾ ਨਾਚ ਮੁਜਰਾ ਵੀ ਹੋ ਜਾਂਦਾ ਸੀ। ਆਤਸ਼ਬਾਜ਼ੀ ਦਾ ਰਿਵਾਜ ਵੀ ਬਹੁਤ ਸੀ। ਸਾਡੇ ਪਿੰਡ ਤੋਂ ਪੂਰਬ ਵੱਲ 3 ਮੀਲਾਂ ਤੇ ਚਕ 45 ਜੋ ਸਿਆਲਕੋਟੀ ਸਿੱਖਾਂ ਦਾ ਪਿੰਡ ਸੀ ਵਿਚ ਵਸਾਖੀ ਦਾ ਮੇਲਾ ਬਹੁਤ ਭਰਦਾ ਸੀ। ਮੈਂ ਵੀ ਕਈ ਵਾਰੀ ਇਹ ਮੇਲਾ ਦੇਖਿਆ।

ਪੰਜਾਬੀ ਮੁਹਾਵਰੇ ਤੇ ਅਖਾਣ

ਜਿਸ ਬੱਚੇ ਵਿਚ ਮਾਂ ਬੋਲੀ ਦੀ ਵਰਤੋਂ, ਮੁਹਾਵਰੇ ਅਖਾਣ ਆਦਿ ਨੂੰ ਗਹੁ ਨਾਲ ਸੁਣਨ ਤੇ ਚੇਤੇ ਰੱਖਣ ਦੀ ਜਮਾਂਦਰੂ ਰੁਚੀ ਸਾਧਾਰਨ ਤੋਂ ਵਧੇਰੇ ਹੁੰਦੀ ਹੈ, ਮੇਰੇ ਖਿਆਲ ਵਿਚ ਉਹ ਵੱਡਾ ਹੋ ਕੇ ਸਾਹਿਤਕਾਰ ਬਣਦਾ ਹੈ। ਆਪਣੇ ਚੌਗਿਰਦੇ ਵਿਚ, ਖਾਸ ਕਰਕੇ ਉਹ ਆਪਣੀ ਮਾਂ ਜਾਂ ਦਾਦੀ ਪਾਸੋਂ ਸੁਣੇ ਮੁਹਾਵਰੇ ਤੇ ਅਖਾਣ, ਸਹਿਜੇ ਹੀ ਆਪਣੀ ਯਾਦ ਵਿਚ ਸੁਰਖਿਅਤ ਕਰ ਲੈਂਦਾ ਹੈ। ਇਹੋ ਮੁੱਢਲੀ ਸਮੱਗਰੀ ਅੰਤ ਉਸ ਦੇ ਸਾਹਿੱਤ ਦੀ ਪ੍ਰਗਟਾ ਤਥਾ ਪਰਸਾਰ ਸ਼ਕਤੀ ਦਾ ਆਧਾਰ ਬਣਦੀ ਹੈ।

ਮੈਨੂੰ ਵੀ ਬਚਪਨ ਵਿਚ ਆਪਣੇ ਚੌਗਿਰਦੇ ਵਿਚ ਬੋਲੇ ਹੋਏ ਮੁਹਾਵਰੇ ਤੇ ਅਖਾਣ ਬਹੁਤ ਟੁੰਬਦੇ ਸਨ। ਇਹੋ ਕਾਰਨ ਹੈ ਕਿ ਆਪਣੇ ਮਾਤਾ ਜੀ, ਦਾਦਾ ਜੀ ਜਾਂ ਹੋਰ ਵਿਅਕਤੀਆਂ ਪਾਸੋਂ ਸੁਣੇ ਵਿਸ਼ੇਸ਼ ਪ੍ਰਗਟਾ ਢੰਗ (ਮੁਹਾਵਰੇ, ਅਖਾਣ ਤੇ ਠੇਠ ਢੁਕਵੇਂ ਸ਼ਬਦ) ਮੈਨੂੰ ਅਜੇ ਵੀ ਯਾਦ ਹਨ, ਜਿਵੇਂ ਇਹ ਮੇਰੀ ਸਿਮਰਤੀ ਵਿਚ, ਕਿਸੇ ਡੂੰਘੇ ਥਾਂ, ਹਮੇਸ਼ਾਂ ਲਈ ਉਕਰ ਦਿੱਤੇ ਗਏ ਹੋਣ। ਨਮੂਨੇ ਵਜੋਂ ਕੁਝ ਵਿਸ਼ੇਸ਼ ਕਥਨ ਲਿਖਦਾ ਹਾਂ।

ਮਾਤਾ ਜੀ ਪਾਸੋਂ ਸੁਣੇ ਮੁਹਾਵਰੇ

ਨਮਦਾ ਬੁਧ—ਮੋਟੀ ਅਕਲ ਵਾਲਾ ਮਰਦ ਜਾਂ ਤੀਵੀਂ।

ਮਸੂਬੇ ਦੀ ਜੜ੍ਹ—ਸ਼ਰਾਰਤ ਦੀ ਜੜ੍ਹ। ਮਸੂਬਾ ਸ਼ਬਦ ਮਨਸੂਬੇ ਤੋਂ ਬਦਲਿਆ (ਤਦ ਭਵ) ਰੂਪ ਹੈ। ਅੱਜ ਕੱਲ੍ਹ ਪਾਕਿਸਤਾਨ ਵਿਚ ਮਨਸੂਬਾ ਸ਼ਬਦ ਯੋਜਨਾ (Plan) ਲਈ ਵਰਤਦੇ ਹਨ।

ਓੜਕ ਛੋਹੀ—ਕੰਢੇ ਤੇ ਕੋਈ ਚੀਜ਼ ਜੋ ਬਿਲਕੁਲ ਡਿੱਗਣ ਦੇ ਕਰੀਬ ਹੋਵੇ।

ਬੇ-ਹਦੈਤਾ—ਵਿਗੜੇ ਹੋਏ ਮਨੁੱਖ ਨੂੰ ਕਹਿੰਦੇ ਹਨ, ਜਿਸ ਉਤੇ ਕਿਸੇ ਸਿਖਿਆ ਦਾ ਅਸਰ ਨਾ ਹੋਵੇ।

ਕਮਜਾਤ—ਆਮ ਤੌਰ ਤੇ ਨੀਵੇਂ ਪੱਧਰ ਦੇ ਜਾਂ ਭੈੜੇ ਮਰਦ/ਤੀਵੀਂ ਲਈ ਗਾਲ੍ਹ ਵਜੋਂ ਵਰਤਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੱਤੇ-ਘਾਅ—ਜੋਸ਼ ਵਿਚ । ਇਸ ਦੀ ਵਰਤੋਂ ਠੀਕ ਮੌਕੇ ਤੇ ਕੰਮ ਕਰਨ ਲਈ ਵੀ ਕੀਤੀ ਜਾਂਦੀ ਹੈ ।

ਦਾਨੀ ਪਰਧਾਨੀ—ਜੋ ਇਸਤਰੀ ਹਉਮੈ-ਗ੍ਰਸਤ ਹੋਵੇ ਜਾਂ ਦੂਜਿਆਂ ਨਾਲੋਂ ਸਿਰ ਕੱਢ ਹੋਵੇ ।

ਮਨਖਾਕੜੀ—ਜੋ ਇਸਤਰੀ ਘੱਟ ਖਾਏ ।

ਟਹਿਕਿਆ ਹੋਇਆ—ਚਮਕਿਆ ਹੋਇਆ ।

ਸਲੂਣਾ, ਲਾਂਜ਼ਮਾ—ਰੋਟੀ ਨਾਲ ਖਾਣ ਲਈ ਸਬਜ਼ੀ, ਦਾਲ ਆਦਿ ।

ਪਹਿਨ ਪੱਚਰ ਕੇ—ਬਣ ਸੰਵਰ ਕੇ, ਤਿਆਰ ਹੋਕੇ ।

ਮਾਂਹ ਦੀ ਦਾਲ—ਕਾਲੀ ਚੀਜ਼ ਦੇ ਰੂਪਕ ਵਜੋਂ । ਇਕ ਸ਼ਾਦੀ ਸਮੇਂ ਸਾਡੇ ਖਾਲਸਾ ਕਾਲਜ ਵਾਲੇ ਘਰੋਂ ਕੁਝ ਰਿਸ਼ਤੇਦਾਰ ਸ਼ਾਮ ਨੂੰ ਸਿਨੇਮਾ ਦੇਖਣ ਗਏ ਉਹ ਇੱਤਫ਼ਾਕ ਨਾਲ ਸਾਰੇ ਮਰਦ ਤੇ ਤੀਵੀਆਂ ਕੁਝ ਪੱਕੇ ਰੰਗ ਦੇ ਸਨ । ਮਾਤਾ ਜੀ ਕਹਿਣ ਲੱਗੇ ਸਾਰੀ ਮਾਂਹ ਦੀ ਦਾਲ ਹੀ ਗਈ ਹੈ, ਛੋਲਿਆਂ ਦੀ ਪਿੱਛੇ ਰਹਿ ਗਈ ਹੈ ।

ਸਲੀਕਾ (ਚੰਗਾ ਢੰਗ), ਤਮੀਜ਼ (ਚੰਗਾ ਵਤੀਰਾ), ਵਰਜ਼ਸ (ਕਸਰਤ) ਸ਼ਨਾਸ਼ (ਪਛਾਣ), ਹੁਸਨ (ਸੁੰਦਰਤਾ) ਆਦਿ ਫਾਰਸੀ ਸ਼ਬਦ ਓਦੋਂ ਆਮ ਵਰਤੇ ਜਾਂਦੇ ਸਨ । ਏਸੇ ਤਰ੍ਹਾਂ ਮਸ਼ਕੂਲਾ/ਮਸ਼ਕਰੀ ਭਾਵ ਮਖੌਲ । ਘਊ ਘੱਪ (ਪੇਟੂ, ਬੇਈਮਾਨ), ਆਦਿ ।

ਅਖਾਣ

ਫਤਿਆ ਫਤ ਫਤ—ਅਣਗਹਿਲੀ ਨਾਲ ਵਿਗੜ ਗਿਆ ਕੰਮ । ਇਸ ਅਖਾਣ ਬਾਰੇ ਦੇਖੋ ਪੁਸਤਕ ਦੇ ਕਾਂਡ 'ਖ਼ਾਲਸਾ ਕਾਲਜ ਦੀਆਂ ਰੌਚਕ ਯਾਦਾਂ' ਵਿਚ ਇਸ ਦਾ ਉਲੇਖ ।

ਤੱਤੇ ਤਵੇ ਤੇ ਫੂਹੀ ਪੈਣੀ—ਕਿਸੇ ਸਾਧਾਰਨ ਪ੍ਰਾਪਤੀ ਜਾਂ ਲੱਭਤ ਨੂੰ ਦੁਰਲੱਭ ਸਮਝਣਾ, ਜਿਵੇਂ ਕਿਸੇ ਦੇ ਘਰ ਬੱਚਾ ਪੈਦਾ ਹੋਵੇ ਤਾਂ ਉਹ ਬਹੁਤ ਫ਼ੁਲਿਆ ਫਿਰੇ ।

ਬਾਹਰ ਮੀਆਂ ਪੰਜ ਹਜ਼ਾਰੀ, ਅੰਦਰ ਬੀਬੀ ਕਰਮਾਂ ਦੀ ਮਾਰੀ—ਘਰ ਦੀ ਮਾਲਕਨ ਦਾ ਤੰਗ ਦਿਲ ਜਾਂ ਕੰਜੂਸ ਹੋਣਾ ।

ਸੁੱਤੇ ਮੁੰਡੇ ਦਾ ਮੂੰਹ ਚੁੰਮਣਾ—ਅਹਿਸਾਨ ਕਰਕੇ ਗਵਾ ਦੇਣਾ । ਬੇਕਦਰੀ ਵਾਲਾ ਕੰਮ ਕਰਨਾ ।

ਧੰਨ ਪ੍ਰਭਾਣੀ ਜੋ ਚਾਟੀ ਸਰਹਾਣੇ ਰੱਖ ਕੇ ਸੌਂਦੀ ਏ—ਭੁੱਖੀ ਨੀਅਤ ਨਾਲ ਕੋਈ ਚੀਜ਼ ਖਾਣਾ । ਜਿਵੇਂ ਕੋਈ ਮਰਾਸਣ ਲਵੇਰਾ ਰੱਖ ਲਵੇ ਤੇ ਸਾਰਾ ਦੁੱਧ ਵਰਤ-ਪੀ ਛੱਡੇ ਤੇ ਜਾਗ ਨਾ ਲਾ ਸਕੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਜਾ (ਹੱਥ) ਖੱਬੇ ਨੂੰ ਨਾ ਧੋਏ ਤੇ ਖੱਬਾ ਸੱਜੇ ਨੂੰ, ਤਾਂ ਕਿਵੇਂ ਗੱਲ ਬਣੇ—ਭਾਵ ਇਕ ਦੂਜੇ ਦੀ ਮਦਦ ਕਰਨਾ ਜ਼ਰੂਰੀ ਹੈ।

ਹਸਾਏ ਦਾ ਨਾਂ ਨਹੀਂ ਰਵਾਏ ਦਾ ਹੈ—ਲੋਕਾਂ ਨੂੰ ਜਿੰਨਾ ਕੋਈ ਖੁਸ਼ ਕਰੇ, ਉਹ ਕੇਵਲ ਬਦਸਲੂਕੀ ਯਾਦ ਰੱਖਣਗੇ, ਨੇਕੀ ਨਹੀਂ।

ਈਦ ਪਿੱਛੋਂ ਤੰਬਾ ਫੂਕਣਾ—ਸਮਾਂ ਲੰਘ ਜਾਣ ਤੇ ਕੋਈ ਕੰਮ ਕਰਨਾ। ਕੁਵੇਲੇ ਦੀ ਨਮਾਜ਼।

ਨ੍ਹਾਤੀ ਧੋਤੀ ਰਹਿ ਗਈ ਤੇ ਮੂੰਹ ਤੇ ਮੱਖੀ ਬਹਿ ਗਈ—ਪੂਰੀ ਤਿਆਰੀ ਤੋਂ ਬਾਅਦ ਕਿਸੇ ਖੁਸ਼ੀ ਤੋਂ ਵਾਂਝੇ ਰਹਿ ਜਾਣਾ।

ਦਾਦਾ ਜੀ ਪਾਸੋਂ ਸੁਣੇ

ਵਾਰਸ ਸ਼ਾਹ ਛੁਪਾਈਏ ਜਗਤ ਕੋਲੋਂ—ਵਾਰਸ ਸ਼ਾਹ ਹਰ ਪੰਜਾਬੀ ਦਾ ਮਨ-ਭਾਉਂਦਾ ਕਵੀ ਹੈ। ਉਸਦੀ ਪ੍ਰਸਿੱਧ ਤੁਕ ਦਾਦਾ ਜੀ ਆਮ ਬੋਲਦੇ ਸਨ :

ਵਾਰਸ ਸ਼ਾਹ ਛੁਪਾਈਏ ਜਗਤ ਕੋਲੋਂ ਭਾਵੇਂ ਆਪਣਾ ਹੀ ਗੁੜ ਖਾਈਏ ਜੀ। ਅਰਥਾਤ ਲੋਕਾਂ ਪਾਸੋਂ ਛੁਪਾ ਕੇ ਹੀ ਖਾਣਾ ਪੀਣਾ ਚਾਹੀਦਾ ਹੈ, ਥੋੜ੍ਹਾ ਪਰਦੇ ਨਾਲ।

ਜਿਥੇ ਦੇਖਾਂ ਤਵਾ ਪਰਾਤ, ਓਥੇ ਗਾਵਾਂ ਸਾਰੀ ਰਾਤ—ਸਾਡੇ ਵਿਚੋਂ ਕਿਸੇ ਬੱਚੇ ਨੂੰ ਚੁਲ੍ਹੇ ਦੇ ਨੇੜੇ ਬਹੁਤਾ ਬੈਠੇ ਰਹਿਣ ਤੇ ਦਾਦਾ ਜੀ ਨੇ ਇਹ ਅਖਾਣ ਬੋਲਿਆ।

ਬਾਰ੍ਹਾਂ ਵਰ੍ਹਿਆਂ ਨੂੰ ਵੈਦ ਕੀ ਆਖ—ਬਾਰਾਂ ਸਾਲ ਦਾ ਲੜਕਾ ਆਪਣੀ ਸਿਹਤ ਦਾ ਖਿਆਲ ਰੱਖੇ।

ਜੇ ਮੇਰਾ ਆਬੂ ਜੀਉਂਦਾ ਮੈਂ ਬੜੀਆਂ ਖੁਸ਼ੀਆਂ ਕਰਦੀ—ਦਾਦਾ ਜੀ ਨੇ ਜਦ ਉਹ ਫੌਜੀ ਨੌਕਰੀ ਦੌਰਾਨ ਕਸ਼ਮੀਰ ਵਿਚ ਵਿਚਰੇ ਤਾਂ ਇਕ ਕਸ਼ਮੀਰੀ ਮਰਦ ਦਾ ਇਹ ਬੋਲ ਸੁਣਿਆ ਜੋ ਆਪਣੀ ਵਹੁਟੀ ਦੇ ਮਰਨ ਬਾਰੇ ਵਗੋਚਾ ਪ੍ਰਗਟ ਕਰਦਾ ਹੈ। ਕਸ਼ਮੀਰੀ ਵਿਚ ਲਿੰਗ ਪੁਲਿੰਗ ਦੀ ਵਰਤੋਂ ਉਲਟੀ ਹੁੰਦੀ ਹੈ।

ਜੋਗੀ, ਭੋਗੀ, ਰੋਗੀ—ਜੋ ਦਿਨ ਵਿਚ ਇਕ ਵਾਰੀ ਪਖ਼ਾਨੇ ਜਾਏ ਜੋਗੀ, ਦੋ ਵਾਰੀ ਭੋਗੀ, ਤਿੰਨ ਵਾਰੀ ਰੋਗੀ।

ਦੀਵਾਨਾ ਮਸਤਾਨਾ ਸ਼ੈਤਾਨਾ—ਇਕ ਦਿਨ ਬਚਪਨ ਵਿਚ ਮੈਂ ਕਿਸੇ ਬੱਚੇ ਨੂੰ ਮਾਰ ਕੁੱਟ ਕਰ ਦਿੱਤੀ ਤਾਂ ਮੇਰੇ ਨਾਂ ਦੇ ਹਵਾਲੇ ਨਾਲ ਇਹ ਸ਼ਬਦ ਦਾਦਾ ਜੀ ਨੇ ਮੇਰੇ ਲਈ ਵਰਤੇ।

ਚਾਹ ਬੱਚਿਆਂ ਲਈ ਡਾਇਨ—ਦਾਦਾ ਜੀ ਕਹਿਆ ਕਰਦੇ ਸਨ, ਚਾਹ ਬੱਚਿਆਂ ਲਈ ਡਾਇਨ, ਜਵਾਨਾਂ ਲਈ ਕਸਾਇਨ, ਬੁੱਢਿਆਂ ਲਈ ਸੈਣ।

ਤਾਲਬ ਇਲਮੀ ਫਕੀਰੀ ਹੈ—ਇਕ ਵਾਰੀ ਦਾਦਾ ਜੀ ਮੇਰੇ ਪਾਸ ਲਾਹੌਰ ਆਏ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਨਸੀਹਤ (ਉਪਦੇਸ਼) ਵਜੋਂ ਕਿਹਾ, 'ਹੋਰ ਸਭ ਕੁਝ ਛੱਡ ਕੇ ਖੂਬ ਮਿਹਨਤ ਕਰੋ। ਸਾਦਾ ਜ਼ਿੰਦਗੀ ਗੁਜ਼ਾਰੋ। ਤਾਲਬ ਇਲਮੀ ਫਕੀਰੀ ਹੈ।' ਉਨ੍ਹਾਂ ਦਾ ਇਸ਼ਾਰਾ ਸ਼ੌਕੀਨੀ, ਸਿਨੇਮਾ ਆਦਿ ਤੋਂ ਬਚਣ ਦਾ ਸੀ।

ਬਾਪੂ ਲਹਿਣਾ ਸਿੰਘ ਪਾਸੋਂ

(ਉਹ ਸਾਡੇ ਪਿਤਾ ਜੀ ਦੇ ਦੇਹਾਂਤ ਪਿਛੋਂ 3 ਸਾਲ ਸਰਬਰਾਹ ਜ਼ੈਲਦਾਰ ਵਜੋਂ ਸਾਡੇ ਘਰ ਰਹੇ।

ਸੂਰ ਦਾ ਹੱਡ—ਉਹ ਇਹ ਗਾਲ੍ਹ ਆਮ ਕੱਢਦੇ ਸਨ। ਪਰ ਸਾਨੂੰ ਓਦੋਂ ਬਚਪਨ ਵਿਚ ਇਸ ਦਾ ਮਤਲਬ ਸਮਝ ਨਹੀਂ ਸੀ ਆਉਂਦਾ।

ਚਾਚਾ ਬਹਾਦਰ ਸਿੰਘ (ਮੇਰੀ ਪਤਨੀ ਦੇ ਚਾਚਾ ਜੀ) **ਪਾਸੋਂ**

ਤੂੰ ਪਾਈ ਤੇ ਮੈਂ ਬੁਝੀ, ਕਾਣੀ ਅੱਖ ਨਾ ਰਹਿੰਦੀ ਗੁੱਝੀ—ਭਾਵ ਇਹ ਕਿ ਹਰ ਕਿਸੇ ਦੇ ਦਿਲ ਦੀ ਗੱਲ ਉਸ ਦੇ ਰੰਗ ਢੰਗ ਤੋਂ ਜਾਣੀ ਜਾ ਸਕਦੀ ਹੈ।

ਵਲਾਬੈੜ—ਅਵਾਰਾ ਆਦਮੀ, ਬੇਸਮਝ।

ਫੜ ਮਾਰਨਾ—ਸ਼ੇਖੀ ਦਿਖਾਉਣਾ, ਵੱਧ ਚੜ੍ਹ ਕੇ ਗੱਲ ਕਰਨੀ।

ਡੱਫ਼ ਲੈਣਾ—ਬੇਤਹਾਸ਼ਾ ਖਾਣਾ। ਇਹ ਮੁਹਾਵਰੇ ਵਿਸ਼ੇਸ਼ ਕਰਕੇ ਸਿਆਲਕੋਟ ਇਲਾਕੇ ਦੇ ਹਨ।

ਹੀਰ ਦੀ ਗਾਇਕੀ

ਵਾਰਸ ਦੀ ਹੀਰ ਪੜ੍ਹ ਸੁਣ ਕੇ ਹਰ ਪੰਜਾਬੀ ਦਾ ਦਿਲ ਫੜਕ ਉੱਠਦਾ ਹੈ। ਹਰ ਕੋਈ ਇਸ ਕਿੱਸੇ ਵਿਚ ਪ੍ਰਗਟ ਹੋਏ ਦਰਦ ਨੂੰ ਆਪਣਾ ਹੀ ਦਰਦ ਸਮਝਦਾ ਹੈ। ਪ੍ਰੋ. ਪੂਰਨ ਸਿੰਘ ਨੇ ਠੀਕ ਕਿਹਾ ਸੀ: 'ਆ ਵੀਰਾ ਰਾਂਝਿਆ! ਆ ਭੈਣ ਹੀਰੇ ਤੁਸਾਂ ਬਿਨਾਂ ਅਸੀਂ ਸੱਖਣੇ। ਸਾਨੂੰ ਛੋਡ ਨਾ ਜਾਵੋ।' ਅੰਮ੍ਰਿਤਾ ਪ੍ਰੀਤਮ ਨੂੰ ਵੀ ਜਦ ਦੇਸ਼-ਵੰਡ ਦੇ ਦੁਖਾਂਤ ਨੇ ਟੁੰਬਿਆ ਤਾਂ ਉਸ ਨੇ ਵਾਰਸ ਨੂੰ ਹੀ ਪੁਕਾਰਿਆ:

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ,
ਅਤੇ ਕਿਤਾਬਿ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੇ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ।

ਇਕ ਵਾਰੀ ਦਿੱਲੀ ਵਿਚ ਪੰਜਾਬੀ ਲੋਕਾਂ ਨੇ ਇਕੱਠੇ ਹੋ ਕੇ ਰਾਤ ਨੂੰ ਵਾਰਸ ਦੀ ਹੀਰ ਗਾਉਣ ਸੁਣਨ ਦੀ ਮਹਿਫਲ ਸਜਾਈ ਜਿਸ ਵਿਚ ਦਿੱਲੀ ਦਾ ਪ੍ਰਸਿੱਧ ਉਰਦੂ ਸ਼ਾਇਰ 'ਦਿਨਸ਼ਾ' ਵੀ ਸ਼ਾਮਲ ਹੋਇਆ। ਉਸ ਉੱਤੇ ਇਸ ਕਿੱਸੇ ਦੇ ਡੂੰਘੇ ਦਰਦ ਦਾ ਏਨਾ ਤਿੱਖਾ ਪ੍ਰਭਾਵ ਪਿਆ ਕਿ ਸਵੇਰੇ ਉੱਠਕੇ ਪੁਕਾਰ ਉੱਠਿਆ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਣਾਇਆ ਰਾਤ ਕੋ ਕਿੱਸਾ ਜੋ ਹੀਰ ਰਾਂਝਾ ਕਾ,
ਤੋ ਅਹਿਲਿ ਦਰਦ ਕੋ ਪੰਜਾਬੀਓਂ ਨੇ ਲੂਟ ਲੀਆ।

ਮੈਂ ਅਜੇ ਬਚਪਨ ਤੋਂ ਲੜਕਪਨ ਵਲ ਕਦਮ ਰਖਿਆ ਹੀ ਸੀ ਕਿ ਮੈਨੂੰ ਵੀ ਪਿੰਡ ਦੇ ਇਕ ਗਰੀਬ ਗੁੱਜਰ, ਗੁਲਾਮ ਮੁਹੰਮਦ (ਜੋ ਉਮਰ ਦਾ ਜਵਾਨ ਤੇ ਬਹੁਤ ਮਸਕੀਨ ਕਿਸਮ ਦਾ ਆਦਮੀ ਸੀ) ਤੋਂ ਪੰਜਾਬੀ ਕਿੱਸਿਆਂ ਦੀ ਜਾਣਕਾਰੀ ਹੋਈ। ਉਸ ਨੇ 'ਆਜਿਜ਼' ਤਖ਼ੱਲਸ ਰਖਿਆ ਹੋਇਆ ਸੀ। ਉਹ ਥੋੜਾ ਬਹੁਤ ਉਰਦੂ ਪੜ੍ਹਿਆ ਸੀ ਅਤੇ ਉਰਦੂ ਅੱਖਰਾਂ ਵਿਚ ਛਪੇ ਪੰਜਾਬੀ ਕਿੱਸੇ ਪੜ੍ਹਦਾ ਰਹਿੰਦਾ ਸੀ। ਉਸ ਨੇ ਆਪ ਵੀ ਉਰਦੂ ਅੱਖਰਾਂ ਵਿਚ ਇਕ ਛੋਟਾ ਜਿਹਾ ਪੰਜਾਬੀ ਕਿੱਸਾ ਲਿਖ ਲਿਆ ਸੀ ਜਿਸ ਦਾ ਵਿਸ਼ਾ ਸ਼ਾਇਦ ਹੀਰ ਰਾਂਝਾ ਜਾਂ ਸੋਹਣੀ ਮਹੀਵਾਲ ਸੀ। ਓਦੋਂ ਮੇਰਾ ਧਿਆਨ ਬਹੁਤਾ ਕੋਰਸ ਦੀਆਂ ਕਿਤਾਬਾਂ ਪੜ੍ਹਨ ਵਲ ਹੀ ਰਹਿੰਦਾ ਸੀ। ਹਰ ਸਾਲ ਵਾਂਗ ਮੈਂ ਲਾਹੌਰ ਤੋਂ ਗਰਮੀ ਦੀਆਂ ਛੁੱਟੀਆਂ ਵਿਚ ਪਿੰਡ ਆਇਆ ਹੋਇਆ ਸੀ। ਮੈਨੂੰ ਉਹ ਬੇਨਤੀ ਕਰਨ ਲੱਗਾ ਕਿ ਮੈਂ ਲਾਹੌਰ ਜਾ ਕੇ ਉਸ ਦਾ ਕਿੱਸਾ ਛਪਵਾ ਦਿਆਂ। ਮੈਨੂੰ ਇਹ ਗੱਲ ਅਜੀਬ ਤੇ ਓਪਰੀ ਜਾਪੀ। ਮੈਂ ਉਸਨੂੰ ਇਹ ਕਹਿਕੇ ਟਾਲ ਦਿਤਾ ਕਿ ਮੈਨੂੰ ਉਥੇ ਪੜ੍ਹਾਈ ਤੋਂ ਵਿਹਲ ਨਹੀਂ ਮਿਲਦੀ। ਅਸਲ ਵਿਚ ਬਜ਼ੁਰਗ ਦਾਦਾ ਜੀ ਦੇ ਪ੍ਰਭਾਵ ਹੇਠ ਮੈਨੂੰ ਇਸ਼ਕੀਆ ਵਿਸ਼ੇ ਦੇ ਕਿੱਸੇ ਪੜ੍ਹਨਾ ਸੁਣਨਾ ਇਕ ਘਟੀਆ ਤੇ ਵਰਜਿਤ ਕੰਮ ਜਾਪਦਾ ਸੀ। ਪਰ ਇਤਫ਼ਾਕ ਐਸਾ ਹੋਇਆ ਕਿ ਲਾਹੌਰ ਹੋਸਟਲ ਵਿਚ ਰਹਿੰਦੇ ਸਾਨੂੰ ਕੁਝ ਵਿਦਿਆਰਥੀਆਂ ਨੂੰ ਇਕ ਦੋ ਵਾਰੀ ਇਕ ਮੁਸਲਮਾਨ ਲੜਕੇ ਤੋਂ ਜਿਸ ਨੂੰ ਮੌਲਵੀ ਕਹਿੰਦੇ ਸਨ, ਬੜੀ ਸੁੰਦਰ ਤੇ ਪ੍ਰਮਾਣਿਕ ਤਰਜ਼ ਜਾਂ ਲੈਅ ਵਿਚ ਗਾਈ ਹੋਈ ਹੀਰ ਸੁਣਨ ਦਾ ਮੌਕਾ ਮਿਲਿਆ। ਉਸ ਪਾਸੋਂ ਲੜਕੇ ਬੰਦ ਕਮਰੇ ਵਿਚ ਬੈਠ ਕੇ ਹੀਰ ਸੁਣਦੇ ਤਾਂ ਜੋ ਵਾਰਡਨ ਨੂੰ ਪਤਾ ਨਾ ਲਗ ਜਾਏ। ਗੌਰਮਿੰਟ ਕਾਲਜ ਵਿਚ ਅੰਗਰੇਜ਼ੀ ਸਭਿਅਤਾ ਦੀ ਪੈਰਵੀ (ਨਕਲ) ਕਰਨਾ ਜ਼ਰੂਰੀ ਸੀ, ਇਸ ਲਈ ਪੰਜਾਬੀ ਦੇ ਇਸ਼ਕੀਆ ਕਿੱਸੇ ਸਾਡੀ ਪਹੁੰਚ ਤੋਂ ਬਾਹਰ ਹੀ ਸਨ। ਹਾਂ, ਕਈ ਸ਼ਹਿਰੀ ਜਲਸਿਆਂ ਵਿਚ ਪ੍ਰਸਿੱਧ ਗਾਇਕ ਆਸਾ ਸਿੰਘ ਮਸਤਾਨਾ ਜਾਂ ਕਿਸੇ ਹੋਰ ਕਲਾਕਾਰ ਦੀ ਗਾਈ ਹੀਰ ਦਾ ਹਰ ਕੋਈ ਰਸ ਮਾਣਦਾ ਸੀ।

ਸ਼ਾਇਦ 1938 ਜਾਂ 1939 ਦੀਆਂ ਗਰਮੀਆਂ ਦੀ ਗੱਲ ਹੈ। ਮੈਂ ਛੁੱਟੀਆਂ ਵਿਚ ਪਿੰਡ ਆਇਆ ਹੋਇਆ ਸੀ। ਮੈਨੂੰ ਵੀ ਉਸ ਮੌਲਵੀ ਮੁੰਡੇ ਦੀ ਤਰਜ਼ ਵਿਚ ਹੀਰ ਗਾਉਣ ਦਾ ਸ਼ੌਕ ਹੋਇਆ। ਉਸ ਉਪਰ-ਲਿਖੇ ਮੁਸਲਮਾਨ ਗੁੱਜਰ ਪਾਸੋਂ ਮੈਂ ਹੀਰ ਵਾਰਸ ਦਾ ਕਿੱਸਾ ਮੰਗਵਾਇਆ ਪਰ ਲੁਕ ਲਕਾ ਕੇ, ਤਾਂ ਜੋ ਦਾਦਾ ਜੀ ਨੂੰ ਨਾ ਪਤਾ ਲਗ ਜਾਏ। ਫਿਰ ਮੈਂ ਦੁਪਹਿਰ ਨੂੰ ਜਦ ਸਾਰੇ ਆਰਾਮ ਕਰ ਰਹੇ ਸਨ, ਚੁਬਾਰੇ ਵਿਚ ਹੀਰ ਗਾਉਣ ਦੀ ਮਸ਼ਕ ਕਰਨ ਲੱਗਾ। ਮਾੜੀ ਮੋਟੀ ਤਰਜ਼ ਮੈਂ ਕਢ ਹੀ ਲਈ। ਪਰ ਮੇਰੀ ਬਦਕਿਸਮਤੀ ਨਾਲ ਚੁਬਾਰੇ ਦੀਆਂ ਬਾਰੀਆਂ ਵਿਚੋਂ ਮੇਰੀ ਆਵਾਜ਼ ਨਿਕਲ ਕੇ ਦਾਦਾ ਜੀ ਪਾਸ ਹੇਠਾਂ ਸਥਿਤ ਉਨ੍ਹਾਂ ਦੇ ਕਮਰੇ ਵਿਚ ਜਾ ਪਹੁੰਚੀ। ਉਹ ਬਹੁਤ ਹੈਰਾਨ ਹੋਏ। ਜਦ ਲੌਢੇ ਵੇਲੇ ਮੈਂ ਹੇਠਾਂ ਉਤਰਿਆ ਤਾਂ ਉਹ ਪੁੱਛਣ ਲਗੇ, ਉਤੇ ਹੀਰ ਕੌਣ ਗਾ ਰਿਹਾ ਸੀ ? ਮੈਂ ਸਚਾਈ ਬਿਆਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਦਿਤੀ ਤੇ ਆਪਣਾ ਕਸੂਰ ਮੰਨ ਲਿਆ। ਉਹ ਕਹਿਣ ਲੱਗੇ, ਬਸ ਹੁਣ ਹੀਰ ਗਾਉਣ ਦਾ ਹੀ ਕੰਮ ਰਹਿ ਗਿਆ ਹੈ ? ਮੈਂ ਕਿਹਾ ਜੀ ਅੱਗੋਂ ਐਸਾ ਨਹੀਂ ਹੋਵੇਗਾ। ਮੈਨੂੰ ਓਦੋਂ ਕੀ ਪਤਾ ਸੀ ਕਿ ਵੱਡਾ ਹੋ ਕੇ ਮੈਂ ਇਨ੍ਹਾਂ ਪੰਜਾਬੀ ਕਿੱਸਿਆਂ ਦਾ ਆਲੋਚਕ ਤੇ ਵਿਸ਼ੇਸ਼ੱਗ ਬਣਾਂਗਾ। ਪਰ ਓਦੋਂ ਤਾਂ ਸਿਰ ਮੁੰਡਾਂਦੇ ਹੀ ਓਲੇ ਪੈਣ ਵਾਲੀ ਗੱਲ ਹੋਈ।

'ਬਾਗੀ ਬੂਟਾ'

ਇਹ ਮੁਹਾਵਰਾ ਕਈ ਪਾਠਕਾਂ ਨੂੰ ਸ਼ਾਇਦ ਓਪਰਾ ਜਾਪੇ। ਸਵਰਗੀ ਸਰਦਾਰ ਕੁਲਵੰਤ ਸਿੰਘ ਚੀਮਾ, ਬੜੇ ਫ਼ਖਰ ਨਾਲ ਆਪਣੇ ਆਪ ਨੂੰ 'ਬਾਗੀ ਬੂਟਾ' ਕਿਹਾ ਕਰਦੇ ਸਨ ਜਿਸਦਾ ਭਾਵ ਸੀ ਹਰੇ ਭਰੇ ਤੇ ਰੌਣਕਾਂ-ਲੱਦੇ ਜ਼ਿਲੇ ਸਿਆਲਕੋਟ ਵਿਚ ਜੰਮੇ ਤੇ ਲਾਡਾਂ ਚਾਵਾਂ ਨਾਲ ਪਲੇ ਹੋਏ ਸਰਦਾਰ ਸਾਹਿਬ। ਦੂਜਾ ਲੁਕਵਾਂ ਭਾਵ ਉਨ੍ਹਾਂ ਦਾ ਸਾਡੇ ਲੋਕਾਂ ਦਾ ਬਾਰ ਜਾਂ ਜੰਗਲ ਵਿਚ ਜੰਮੇ ਪਲੇ ਹੋਣਾ ਸੀ। ਅਸੀਂ ਉਨ੍ਹਾਂ ਦੀ ਇਸ ਸ਼ੇਖੀ ਨੂੰ ਮੁੱਖ ਰੱਖ ਕੇ ਉਨ੍ਹਾਂ ਦਾ ਨਾਂ ਜਾਂ ਲਕਬ 'ਸਰਦਾਰ ਜੀ' ਰੱਖ ਦਿਤਾ।

ਉਹ ਸਿਆਲਕੋਟ ਦੇ ਪ੍ਰਸਿੱਧ ਪਿੰਡ ਸਾਹੂਵਾਲਾ ਦੇ ਜ਼ੈਲਦਾਰ ਮਈਆ ਸਿੰਘ ਜੀ ਦੀ ਦੂਜੀ ਪਤਨੀ ਵਿਚੋਂ ਉਨ੍ਹਾਂ ਦੀ ਅਧਖੜ ਉਮਰ ਦੀ ਔਲਾਦ ਸਨ, ਇਸ ਲਈ ਸੁਭਾਵਕ ਹੀ ਬਹੁਤ ਲਾਡਾਂ ਚਾਵਾਂ ਵਿਚ ਪਲੇ ਸਨ। ਉਨ੍ਹਾਂ ਦੇ ਮਤਰੇਏ ਭਰਾ ਸ. ਸ਼ਰਦੇਵ ਸਿੰਘ ਉਨ੍ਹਾਂ ਤੋਂ 10-15 ਸਾਲ ਵੱਡੇ ਸਨ। ਜ਼ਮੀਨ ਭਾਂਡਾ ਕਾਫ਼ੀ ਸੀ, ਇਸ ਲਈ ਕੰਮ ਕਰਨ ਦੀ ਲੋੜ ਨਹੀਂ ਸੀ। ਸਰਦਾਰ ਜੀ ਕੇਵਲ 5-6 ਜਮਾਤਾਂ ਪੜ੍ਹੇ ਸਨ ਤੇ ਉਰਦੂ ਜਾਣਦੇ ਸਨ ਜੋ ਓਦੋਂ ਕਾਫ਼ੀ ਸਮਝਿਆ ਜਾਂਦਾ ਸੀ। ਉਨ੍ਹਾਂ ਦਾ ਸੁਭਾ ਬੇਫ਼ਿਕਰੀ ਤੇ ਆਰਾਮ-ਤਲਬੀ ਵਾਲਾ ਸੀ। ਆਪਣੇ ਸਮੇਂ ਦੇ ਚੰਗੇ ਸਰਦਾਰਾਂ ਜਾਂ ਨਵਾਬਾਂ ਵਾਂਗ ਉਹ ਵੀ ਸੁਖ-ਰਹਿਣਾ ਜੀਵਨ ਬਿਤਾਣ ਦੇ ਆਦੀ ਹੋ ਗਏ ਸਨ।

ਸਾਡੀ ਇਕਲੌਤੀ ਭੈਣ ਜੀ ਨਾਲ ਉਨ੍ਹਾਂ ਦਾ ਰਿਸ਼ਤਾ ਸਾਡੇ ਨਾਨਾ ਜੀ ਸ. ਲਾਭ ਸਿੰਘ ਬਾਜਵਾ ਨੇ ਕਰਵਾਇਆ। ਮਾਰਚ 1930 ਵਿਚ ਸ਼ਾਦੀ ਹੋਈ ਤਾਂ ਭੈਣ ਜੀ ਤੇ 'ਸਰਦਾਰ ਜੀ' 16 ਕੁ ਸਾਲਾਂ ਦੇ ਹੋਣਗੇ। ਓਦੋਂ ਛੋਟੀ ਉਮਰ ਵਿਚ ਸ਼ਾਦੀ ਕਰ ਦੇਣ ਦਾ ਰਿਵਾਜ ਸੀ। ਸਾਡੇ ਪਿਤਾ ਜੀ ਵੀ ਜ਼ੈਲਦਾਰ ਸਨ, ਉਨ੍ਹਾਂ ਨੇ ਬੜੇ ਚਾਵਾਂ ਮਲਾਰਾਂ ਨਾਲ ਵਿਆਹ ਰਚਾਇਆ ਜਿਸ ਦੀ ਸਾਨੂੰ ਥੋੜੀ ਜੇਹੀ ਸੰਭਾਲ ਹੈ। ਸਤ ਭਰਾਵਾਂ ਦਾ ਭਣੂਜ਼ਾ ਹੋਣ ਕਰਕੇ ਵੀ ਸਰਦਾਰ ਜੀ ਦੀ ਮਹੱਤਾ ਵਿਚ ਕਾਫ਼ੀ ਵਾਧਾ ਹੋਇਆ। ਅਸਲ ਵਿਚ ਇਸ ਸ਼ਾਦੀ ਦਾ ਪ੍ਰਬੰਧ ਸਾਡੇ ਉੱਚੀ ਸ਼ਾਨ ਤੇ ਪਦਵੀ ਦੇ ਮਾਲਕ ਦਾਦਾ ਜੀ ਦੀ ਦੇਖ ਰੇਖ ਵਿਚ ਹੀ ਹੋਇਆ।

ਇਸ ਮੁਢਲੀ ਭੂਮਿਕਾ ਤੋਂ ਬਾਅਦ ਹੁਣ ਮੈਂ ਸਰਦਾਰ ਜੀ ਦੀ ਰੋਚਕ ਸ਼ਖਸੀਅਤ ਜੋ ਅਸਲੋਂ ਨਿਵੇਕਲੀ ਤੇ ਅਲਬੇਲੀ ਸੀ, ਬਿਆਨ ਕਰਦਾ ਹਾਂ। ਸਮੇਂ ਦੀ ਸਹੂਲਤ ਹੋਣ ਕਰਕੇ ਸਰਦਾਰ ਜੀ ਹਰ ਕੰਮ ਬੜੇ ਠਰੰਮੇ ਤੇ ਸਹਿਜ ਨਾਲ ਕਰਦੇ। ਖਾਣ ਪੀਣ, ਨਹਾਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੋਣਾ, ਰਫ਼ਾ ਹਾਜਤ, ਤਿਆਰ ਹੋਣਾ, ਪਗੜੀ ਬੰਨ੍ਹਣਾ ਇਨ੍ਹਾਂ ਕੰਮਾਂ ਉਤੇ ਕਈ ਘੰਟੇ ਲਗ ਜਾਂਦੇ। ਉਹ ਲਗ ਪਗ ਸਾਡੇ ਹਾਣੀ ਸਨ, ਇਸ ਲਈ ਪਰਸਪਰ ਸਾਂਝ ਰਿਸ਼ਤਾਦਾਰੀ ਨਾਲੋਂ ਮਿੱਤਰਤਾ ਤੇ ਸਾਥੀਪਨ ਦੀ ਵਧੇਰੇ ਸੀ। ਭਾ. ਇਕਬਾਲ ਸਿੰਘ, ਭਾ. ਦਲੀਪ ਸਿੰਘ ਤੇ ਮੈਥੋਂ ਉਹ ਥੋੜੇ ਸਾਲ ਹੀ ਵੱਡੇ ਸਨ। ਬਾਕੀ ਛੋਟੇ ਭਰਾ ਵੀ ਹੌਲੀ ਹੌਲੀ ਉਨ੍ਹਾਂ ਦੇ ਹਾਣੀ ਬਣਦੇ ਗਏ।

ਭਾ. ਇਕਬਾਲ ਸਿੰਘ ਤੇ ਗੁਰਚਰਨ ਸਿੰਘ ਤਾਂ ਜ਼ਿਮੀਦਾਰੀ ਦੇ ਕੰਮਾਂ ਕਾਰਨ ਪਿੰਡ ਵਿਚ ਹੀ ਰਹਿੰਦੇ ਸਨ, ਅਸੀਂ ਪੜ੍ਹਾਕੂ ਮੁੰਡੇ ਵੀ ਜਦ ਹਰ ਸਾਲ ਗਰਮੀ ਦੀਆਂ ਛੁਟੀਆਂ ਵਿਚ 3 ਮਹੀਨਿਆਂ ਲਈ ਪਿੰਡ ਆਉਂਦੇ ਤਾਂ ਸਰਦਾਰ ਜੀ ਤੇ ਭੈਣ ਜੀ ਵੀ ਸਾਡੇ ਪਾਸ ਆ ਰਹਿੰਦੇ। ਸਰਦਾਰ ਜੀ ਹਾਸੇ ਮਜ਼ਾਕ ਦੇ ਸ਼ੌਕੀਨ ਸਨ। ਅਜੇਹੇ ਵਾਤਾਵਰਨ ਵਿਚ ਉਹ ਆਪਣੇ ਆਪ ਨੂੰ ਪੂਰਨ ਤੌਰ ਤੇ ਸੁਖੀ ਸਮਝਦੇ। ਹੋਰ ਕੋਈ ਵਾਤਾਵਰਨ ਉਨ੍ਹਾਂ ਨੂੰ ਪਸੰਦ ਜਾਂ ਰਾਸ ਨਾ ਅਉਂਦਾ। ਉਨ੍ਹਾਂ ਦਾ ਨਿੱਤ ਕਰਮ ਸਾਡੇ ਪੜ੍ਹਾਕੂਆਂ ਦੀ ਸੰਗਤ ਵਿਚ ਹੀ ਗੁਜ਼ਰਦਾ ਸੀ। ਅਸੀਂ ਦਿਨ ਦਾ ਬਹੁਤਾ ਸਮਾਂ ਬਾਹਰਲੇ ਚੁਬਾਰੇ ਵਿਚ ਬਿਤਾਉਂਦੇ ਅਤੇ ਸਰਦਾਰ ਜੀ ਲਈ ਰੌਣਕ ਬਣੀ ਰਹਿੰਦੀ। ਅਸੀਂ ਤਾਂ ਰਸਮੀ ਜੇਹਾ ਨਾਸ਼ਤਾ ਕਰਦੇ ਪਰ ਸਰਦਾਰ ਜੀ ਤਿੰਨ ਕੁ ਪਾ ਦਹੀਂ ਦੀ ਸੰਘਣੀ ਲੱਸੀ ਜਿਸ ਵਿਚ ਦੋ ਕੜਛੀਆਂ ਖੰਡ ਹੁੰਦੀ ਪੀ ਕੇ ਸੰਤੁਸ਼ਟ ਹੋ ਜਾਂਦੇ। ਅਸੀਂ ਚੁਬਾਰੇ ਵਿਚ ਆ ਕੇ ਜਪੁਜੀ ਸਾਹਿਬ ਦਾ ਪਾਠ ਕਰਦੇ। (ਜਿਸਦੀ ਸਾਨੂੰ ਖ਼ਾਲਸਾ ਸਕੂਲ ਵਿਚ ਪੜ੍ਹਦੇ ਹੋਣ ਕਰਕੇ ਤਾਕੀਦ ਸੀ), ਫਿਰ ਅਸੀਂ ਪੜ੍ਹਨ ਲਿਖਣ ਵਿਚ ਰੁਝ ਜਾਂਦੇ। ਸਰਦਾਰ ਜੀ ਬਹੁਤਾ ਸਮਾਂ ਆਰਾਮ ਕਰਦੇ ਜਾਂ ਸਾਡੀਆਂ ਪੁਸਤਕਾਂ ਵਿਚੋਂ ਤਸਵੀਰਾਂ ਆਦਿ ਵੇਖਦੇ ਰਹਿੰਦੇ। ਦੁਪਹਿਰ ਦੇ ਖਾਣੇ ਤੋਂ ਬਾਅਦ ਤਾਸ਼, ਸ਼ਤਰੰਜ, ਬਾਰਾਂ ਟਹਿਣੀ ਖੇਡਣ ਦਾ ਪ੍ਰੋਗਰਾਮ ਹੁੰਦਾ ਜਾਂ ਫਿਰ ਸਰਦਾਰ ਜੀ ਚਾਦਰ ਤਾਣ ਕੇ ਸੌਂ ਜਾਂਦੇ। ਤਾਸ਼ ਆਦਿ ਵਿਚ ਜੇ ਕੋਈ ਠੱਗੀ ਜਾਂ ਚਲਾਕੀ ਕਰਦਾ ਤਾਂ ਸਰਦਾਰ ਜੀ ਨੂੰ ਸ਼ੁਗਲ, ਬਹਿਸ, ਝਗੜਾ ਆਦਿ ਹੋ ਜਾਣ ਨਾਲ ਵਾਧੂ ਸੁਆਦ ਉਪਲਬਧ ਹੋ ਜਾਂਦਾ। ਉਹ ਆਪ ਵੀ ਠੱਗੀ ਕਰਨ ਵਿਚ ਕਿਸੇ ਨਾਲੋਂ ਪਿੱਛੇ ਨਾ ਰਹਿੰਦੇ। ਕੱਦ ਛੋਟਾ ਪਰ ਸਰੀਰ ਚੰਗਾ ਰਿਸ਼ਟ ਪੁਸ਼ਟ। ਬਹੁਤਾ ਸਾਬਣ ਲਾਂਦੇ ਰਹਿਣ ਨਾਲ ਸਿਰ ਦੇ ਵਾਲ ਥੋੜੇ ਰਹਿ ਗਏ ਸਨ। ਦਾੜ੍ਹੀ ਕੁਦਰਤੀ ਨਾਲੋਂ ਬਹੁਤੀ ਬਣਾਉਟੀ ਸੀ। ਕਈ ਹੁਨਰ ਵੀ ਜਾਣਦੇ ਸਨ, ਜਿਵੇਂ ਸਾਈਕਲ ਤੇ ਸਕੂਟਰ ਦੀ ਮੁਰੰਮਤ ਆਪੇ ਕਰ ਲੈਣਾ, ਸਿਲਾਈ ਮਸ਼ੀਨ ਦੇ ਸਾਰੇ ਪੁਰਜ਼ੇ ਖੋਲ੍ਹ ਕੇ ਉਸਦਾ ਨੁਕਸ ਲੱਭ ਲੈਣਾ ਆਦਿ।

ਰੀਸ ਮਨੁੱਖ ਲਈ ਕੁਦਰਤੀ ਹੈ। ਸਾਡੇ ਵੱਲ ਵੇਖ ਕੇ ਸਰਦਾਰ ਜੀ ਨੂੰ ਵੀ ਪਾਠ ਕਰਨ ਦਾ ਸ਼ੌਕ ਪੈਦਾ ਹੋ ਗਿਆ। ਉਚੇਚਾ ਸਰਗੋਧੇ ਤੋਂ ਉਰਦੂ ਅੱਖਰਾਂ ਵਿਚ ਜਪੁਜੀ ਦਾ ਗੁਟਕਾ ਮੰਗਵਾਇਆ। ਫਿਰ ਦੋ ਚਾਰ ਵਾਰੀ ਪੂਜਾ-ਪਾਠ ਦਾ ਬੜਾ ਨਾਟਕੀ ਪਰਪੰਚ ਕੀਤਾ। ਅਸੀਂ ਉਪਰੋਂ ਉਪਰੋਂ ਆਪਣੀ ਪੜ੍ਹਾਈ ਵਿਚ ਲੱਗੇ ਰਹਿੰਦੇ ਪਰ ਚੋਰ-ਨਜ਼ਰ ਨਾਲ ਉਨ੍ਹਾਂ ਦਾ ਪਾਠ ਕਰਨ ਦਾ ਢੰਗ ਦੇਖਦੇ ਰਹਿੰਦੇ। ਸਰਦਾਰ ਜੀ ਪਹਿਲਾਂ ਚੁਬਾਰੇ ਦੀ ਛਾਵੇਂ ਇਕ ਚਾਰਪਾਈ ਡਾਹੁੰਦੇ। ਫਿਰ ਹੇਠੋਂ ਅੰਦਰਲੇ ਘਰੋਂ ਜਾ ਕੇ ਪਾਣੀ ਦੀ ਗੜਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਆਉਂਦੇ। ਸਿਰ ਉਤੇ ਤੌਲੀਆ ਲਪੇਟ ਲੈਂਦੇ। ਫਿਰ ਉਹ ਪਾਣੀ ਥੋੜਾ ਥੋੜਾ ਚਾਰ-ਪਾਈ ਦੇ ਆਲੇ ਦੁਆਲੇ ਛਿੜਕਦੇ ਤਾਂ ਜੋ ਉਹ ਥਾਂ ਪਵਿੱਤਰ ਹੋ ਜਾਏ । ਇਹ ਕਾਰਜ ਬ੍ਰਾਹਮਣੀ ਰੀਤੀ ਵਾਲੇ ਸਨ। ਫਿਰ ਚਾਰਪਾਈ ਉਤੇ ਪਾਣੀ ਛਿੜਕਦੇ। ਉਸ ਤੋਂ ਬਾਅਦ ਰੁਮਾਲ ਵਿਚੋਂ ਗੁਟਕਾ ਕਢਕੇ ਰੁਮਾਲ ਉਤੇ ਸਜਾਂਦੇ ਅਤੇ ਉਸਦੇ ਸਾਮਣੇ ਚੌਕੜੀ ਮਾਰ ਕੇ ਬੈਠ ਜਾਂਦੇ। ਫਿਰ ਆਪਣੇ ਸਰੀਰ ਅਤੇ ਕਪੜਿਆ ਉਤੇ ਪਾਣੀ ਤਰੌਂਉਂਕਦੇ । ਇਸ ਤਰ੍ਹਾਂ ਪਵਿਤਰਤਾ ਕਾਇਮ ਕਰਕੇ ਫਿਰ ਸਰਦਾਰ ਜੀ ਸਰੀਰ ਨੂੰ ਅਕੜਾ ਕੇ ਬੈਠ ਜਾਂਦੇ ਤੇ ਪਾਠ ਸ਼ੁਰੂ ਕਰਦੇ। ਮਸ਼ਕ ਨਾ ਹੋਣ ਕਰਕੇ ਅਤੇ ਅਰਥਾਂ ਦਾ ਬੋਧ ਨਾ ਹੋਣ ਕਰਕੇ ਬਹੁਤੇ ਸ਼ਬਦ ਪਾਠ ਦੇ ਉਲਟ ਪੁਲਟ ਪੜ੍ਹ ਜਾਂਦੇ। ਜਦ ਉਹ ਮਗਨ ਹੋ ਜਾਂਦੇ ਤਾਂ ਅਸੀਂ ਉਠ ਕੇ ਉਨ੍ਹਾਂ ਦੇ ਨੇੜੇ ਖਲੋ ਕੇ ਇਹ ਧਾਰਮਕ ਤਮਾਸ਼ਾ ਦੇਖਦੇ। ਪਾਠ ਖਤਮ ਕਰ ਕੇ ਫਿਰ ਉਹ ਧਿਆਨ ਜਮਾਂਦੇ। ਅੱਖਾਂ ਮੀਟ ਕੇ ਜਾਂ ਅੱਧੀਆਂ ਖੋਲ੍ਹ ਕੇ ਨੱਕ ਦੀ ਨੋਕ ਉਤੇ ਟਿਕਾਣ ਦਾ ਜਤਨ ਕਰਦੇ। ਇਸ ਤਰ੍ਹਾਂ ਇਕ ਘੰਟੇ ਤੋਂ ਵਧ ਸਮਾਂ ਲਗ ਜਾਂਦਾ। ਜੇ ਕਿਸੇ ਕਿਸਮ ਦਾ ਨੇੜੇ ਸ਼ੋਰ ਪੈਦਾ ਹੋ ਜਾਂਦਾ ਤਾਂ ਪਾਠ ਜਾਂ ਧਿਆਨ ਵਿੱਚੇ ਛੱਡ ਕੇ ਉਸ ਸ਼ੋਰ ਉਤੇ ਖ਼ਫਗੀ ਪ੍ਰਗਟ ਕਰਦੇ ਅਤੇ ਸ਼ਾਂਤੀ ਹੋਣ ਉਪਰੰਤ ਫਿਰ ਮੁਢੋਂ ਸੁਢੋਂ ਸ਼ੁਰੂ ਕਰਦੇ। ਇਸ ਤਰ੍ਹਾਂ ਕਈ ਵਾਰੀ ਦੁਪਹਿਰ ਹੋ ਜਾਂਦੀ ਅਤੇ ਚਾਰਪਾਈ ਉਤੇ ਧੁੱਪ ਆ ਜਾਣ ਨਾਲ ਖੇਡ ਖਤਮ ਹੋ ਜਾਂਦੀ। ਅਜੇਹੀ ਬ੍ਰਾਹਮਣੀ ਕਿਸਮ ਦੀ ਪਾਠ-ਪੂਜਾ ਉਨ੍ਹਾਂ ਸ਼ਾਇਦ ਦੋ ਚਾਰ ਵਾਰੀ ਹੀ ਕੀਤੀ ਹੋਵੇਗੀ ਪਰ ਸਾਨੂੰ ਹੈਰਾਨੀ ਇਸ ਗੱਲ ਦੀ ਸੀ ਕਿ ਇਹ ਰਹੁਰੀਤ, ਤੋਰ ਤਰੀਕਾ ਉਨ੍ਹਾਂ ਨੇ ਕਦੋਂ ਤੇ ਕਿਥੇ ਸਿਖਿਆ ? ਮੇਰਾ ਖਿਆਲ ਹੈ ਕਿ ਸਿਆਲਕੋਟ ਆਦਿ ਪਿਛਲੇ ਜ਼ਿਲਿਆਂ ਦੇ ਪਿੰਡਾਂ ਵਿਚ ਬ੍ਰਾਹਮਣੀ ਕਿਸਮ ਦੇ ਰੀਤੀ ਰਿਵਾਜ ਸਿੰਘ ਸਭਾ ਲਹਿਰ ਦੇ ਬਾਵਜੂਦ ਕਾਫੀ ਸਨ। ਪ੍ਰੋ. ਸਾਹਿਬ ਸਿੰਘ (ਜੋ ਸਿਆਲਕੋਟੀ ਸਨ) ਨੇ ਵੀ ਆਪਣੀ ਸਵੈਜੀਵਨੀ 'ਮੇਰੀ ਜੀਵਨ ਕਹਾਣੀ' ਵਿਚ ਇਨ੍ਹਾਂ ਦਾ ਵਿਸਤਾਰ ਨਾਲ ਜ਼ਿਕਰ ਕੀਤਾ ਹੈ। ਸਗੋਂ ਇਨ੍ਹਾਂ ਰੀਤੀ ਰਿਵਾਜਾਂ ਤੋਂ ਤੰਗ ਆ ਕੇ ਹੀ ਉਹ ਹਿੰਦੂ ਤੋਂ ਸਿੱਖ ਬਣੇ ਸਨ।

1947 ਦੀ ਦੇਸ਼-ਵੰਡ ਸਮੇਂ ਸਰਦਾਰ ਜੀ ਸਾਡੇ ਪਾਸ ਹੀ ਆਏ ਹੋਏ ਸਨ। ਹਰ ਪਾਸੇ ਦੰਗਾ ਫਸਾਦ ਸ਼ੁਰੂ ਹੋ ਜਾਣ ਨਾਲ ਉਹ ਡਰਦੇ ਮਾਰੇ ਆਪਣੇ ਪਿੰਡ ਨਾ ਜਾ ਸਕੇ ਅਤੇ ਘਰ ਬਾਰ, ਸਮਾਨ, ਮਾਲ ਡੰਗਰ ਸਭ ਦਾ ਖਿਆਲ ਛੱਡ ਦਿਤਾ। ਫਿਰ ਉਨ੍ਹਾਂ ਨੂੰ ਦਸੂਹੇ ਦੇ ਨੇੜੇ ਪਠਾਨਕੋਟ ਜਾਂਦੀ ਸੜਕ ਤੇ ਸਥਿਤ ਪਿੰਡ ਉਸਮਾਨ ਸ਼ਹੀਦ ਵਿਚ ਜ਼ਮੀਨ ਅਲਾਟ ਹੋ ਗਈ। ਏਥੇ ਹੀ 8 ਜਨਵਰੀ 1978 ਨੂੰ ਭੈਣ ਜੀ ਦੇ ਅਚਾਨਕ ਦੇਹਾਂਤ ਤੋਂ ਤਿੰਨ ਮਹੀਨੇ ਬਾਅਦ ਉਹ ਵੀ ਬਿਨਾ ਕਾਰਨ ਬੀਮਾਰ ਹੋ ਕੇ ਜਾਂ ਇਕੱਲਤਾ (isolation) ਅਤੇ ਕੁਝ ਰਿਸ਼ਤੇਦਾਰਾਂ ਦੇ ਦੁਰਵਿਹਾਰ ਦੇ ਪ੍ਰਤੀਕਰਮ ਵਜੋਂ ਬੀਮਾਰ ਹੋਕੇ ਇਲਾਜ ਲਈ ਸ੍ਰੀ ਅੰਮ੍ਰਿਤਸਰ ਲਿਆਂਦੇ ਗਏ। ਇਥੇ ਹੀ 18 ਅਪ੍ਰੈਲ ਨੂੰ ਸਰਕਾਰੀ ਹਸਪਤਾਲ ਵਿਚ ਚਲਾਣਾ ਕਰ ਗਏ। ਉਨ੍ਹਾਂ ਨੂੰ ਰੱਬ ਨੇ ਲੜਕੇ ਦੀ ਦਾਤ ਦੇ ਕੇ ਛੇਤੀ ਹੀ ਵਾਪਸ ਲੈ ਲਈ ਸੀ ਜਿਸ ਦਾ ਪਰਿਵਾਰ ਨੂੰ ਬੜਾ ਵਗੋਚਾ ਸੀ। ਉਨ੍ਹਾਂ ਦੀਆਂ ਦੋ ਲੜਕੀਆਂ ਹਨ, ਵੱਡੀ ਕਿਰਪਾਲ ਕੌਰ, ਸ: ਹਰਭਜਨ ਸਿੰਘ ਵਿਰਕ ਸਰਕਾਰੀ ਵਕੀਲ (ਡੀ. ਡੀ. ਏ) ਨਾਲ ਅਤੇ ਛੋਟੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁਲਬੀਰ ਕੌਰ ਬ੍ਰਿਗ. ਹਰਦੀਪ ਸਿੰਘ ਘੁੰਮਣ ਨਾਲ ਵਿਆਹੀ ਹੋਈ ਹੈ। ਇਹ ਸ਼ਾਦੀਆਂ ਕ੍ਰਮਵਾਰ 1960 ਅਤੇ 1964 ਵਿਚ ਹੋਈਆਂ ਸਨ।

ਸਰਦਾਰ ਜੀ ਨਾਲ ਸੰਬੰਧਿਤ ਕੌਤਕ ਜਾਂ ਰੋਚਕ ਘਟਨਾਵਾਂ ਤਾਂ ਅਣਗਿਣਤ ਹਨ ਪਰ ਏਥੇ ਨਮੂਨੇ ਵਜੋਂ ਦੋ ਤਿੰਨ ਯਾਦਾਂ ਬਿਆਨ ਕਰਨ ਤੇ ਸੰਕੋਚ ਕਰਦਾ ਹਾਂ।

ਸਰਦਾਰ ਜੀ ਦਾ ਸੁਭਾ ਬਹੁਤ ਨਿੱਘਾ ਤੇ ਸੁਖਾਵਾਂ ਸੀ। ਮੈਨੂੰ ਦੋ ਵਾਰ ਪਰਿਵਾਰ ਵਲੋਂ ਡਿਊਟੀ ਲੱਗਣ ਤੇ ਉਨ੍ਹਾਂ ਨਾਲ ਸਫਰ ਕਰਨ ਦਾ ਅਵਸਰ ਮਿਲਿਆ, ਪਹਿਲਾ ਜੁਲਾਈ 1940 ਵਿਚ ਦਾਦਾ ਜੀ ਦੇ ਅਚਾਨਕ ਚਲਾਣੇ ਦੀ ਖਬਰ ਭਾ. ਦਲੀਪ ਸਿੰਘ ਪਾਸ ਕਿਲ੍ਹਾ ਫਲੌਰ ਵਿਚ (ਜਿੱਥੇ ਉਹ ਥਾਣੇਦਾਰੀ ਦੀ ਟਰੇਨਿੰਗ ਲੈ ਰਹੇ ਸਨ) ਨਿੱਜੀ ਪੱਧਰ ਤੇ ਪਹੁੰਚਾਣ ਲਈ ਤੇ ਦੂਜਾ, ਇਸ ਤੋਂ ਕੁਝ ਦਿਨ ਬਾਅਦ ਉਨ੍ਹਾਂ ਦੇ ਦਾਹ ਸੰਸਕਾਰ ਉਪਰੰਤ ਫੁੱਲ ਲਿਜਾ ਕੇ ਸ੍ਰੀ ਕਰਤਾਰਪੁਰ (ਜ਼ਿਲਾ ਸਿਆਲਕੋਟ) ਦੇ ਨੇੜੇ ਰਾਵੀ ਦਰਿਆ ਵਿਚ ਜਲ ਪ੍ਰਵਾਹ ਕਰ ਦੇਣ ਲਈ। ਇਨ੍ਹਾਂ ਸਫ਼ਰਾਂ ਦੌਰਾਨ ਮੈਨੂੰ ਉਨ੍ਹਾਂ ਦੇ ਸੰਗ-ਸਾਥ ਦੇ ਸੁਖਾਵੇਂਪਨ ਦਾ ਨਿੱਜੀ ਅਨੁਭਵ ਹੋਇਆ। ਉਨ੍ਹਾਂ ਨੂੰ ਗੁੱਸਾ ਬਹੁਤ ਘੱਟ ਆਉਂਦਾ ਸੀ ਤੇ ਜੇ ਕਿਸੇ ਉਤੇ ਗੁੱਸਾ ਆਉਂਦਾ ਤਾਂ ਇਕੋ ਅਖਾਣ ਹਮੇਸ਼ਾ ਬੋਲਦੇ, 'ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ।' ਪਤਾ ਨਹੀਂ ਇਹ ਉਨ੍ਹਾਂ ਨੇ ਕਿਥੋਂ ਸੁਣਿਆ ਸੀ? ਪਰ ਕੁਦਰਤ ਜਿਥੇ ਗੁਣ ਦੇਂਦੀ ਹੈ, ਉਥੇ ਇਕ ਅੱਧਾ ਦੋਸ਼ ਵੀ ਬਖਸ਼ ਦੇਂਦੀ ਹੈ। ਸਰਦਾਰ ਜੀ ਨੂੰ ਆਪਣੀਆਂ ਵਸਤੂਆਂ ਨਾਲ ਅੰਤਾਂ ਦਾ ਮੋਹ ਸੀ, ਕਪੜਿਆਂ ਨਾਲ, ਸਾਈਕਲ ਸਕੂਟਰ ਨਾਲ, ਮੱਝਾਂ ਗਾਵਾਂ ਨਾਲ, ਰੁਪਏ ਪੈਸੇ ਨਾਲ, ਜ਼ਮੀਨ ਦਾ ਤਾਂ ਕਹਿਣਾ ਹੀ ਕੀ?

ਇਕ ਵਾਰੀ ਮੈਂ, ਦਲੀਪ ਸਿੰਘ ਤੇ ਜੋਗਿੰਦਰ ਸਿੰਘ ਛੁੱਟੀ ਲੈ ਕੇ ਸਰਦਾਰ ਜੀ ਹੁਰਾਂ ਨੂੰ ਮਿਲਣ ਉਨ੍ਹਾਂ ਦੇ ਪਿੰਡ ਗਏ। ਹਾਸਾ ਮਖੌਲ ਸ਼ੁਰੂ ਹੋ ਗਿਆ। ਅਸੀਂ ਦੇਖਿਆ, ਉਨ੍ਹਾਂ ਦੇ ਵਿਹੜੇ ਵਿਚ ਇਕ ਮੁਰਗਾ ਚਲ ਫਿਰ ਰਿਹਾ ਸੀ। ਅਸੀਂ ਆਖਿਆ, ਸਰਦਾਰ ਜੀ, ਇਹ ਮੁਰਗਾ ਕੁਦਰਤ ਨੇ ਸਾਡੇ ਖਾਣ ਲਈ ਭੇਜ ਦਿੱਤਾ ਹੈ। ਉਹ ਕਹਿਣ ਲੱਗੇ ਇਹ ਤਾਂ ਮੈਂ ਬੜੇ ਸ਼ੌਕ ਨਾਲ ਪਾਲਿਆ ਹੈ। ਅਸੀਂ ਪੁੱਛਿਆ, ਇਹ ਕਦੋਂ ਤੋਂ ਪਾਲਿਆ ਹੈ, ਸਾਨੂੰ ਤਾਂ ਇਹ ਬਾਬੇ ਆਦਮ ਦੇ ਵੇਲੇ ਦਾ ਜਾਪਦਾ ਹੈ। ਇਸ ਦਾ ਆਖਰੀ ਵਕਤ ਆ ਗਿਆ ਹੈ। ਜੋਗਿੰਦਰ ਸਿੰਘ ਕਹਿਣ ਲੱਗਾ, ਛੱਡੋ ਇਹਨੂੰ ਜੇ ਮਾਰ ਵੀ ਦਿੱਤਾ ਤਾਂ ਇਹ ਗਲਣਾ ਨਹੀਂ। ਸਰਦਾਰ ਜੀ ਬੜੇ ਦੁੱਖ ਨਾਲ ਕਹਿਣ ਲੱਗੇ, 'ਓ ਜ਼ਾਲਮੋ! ਇਸ ਨੂੰ ਮਾਰਨ ਬਾਰੇ ਨਾ ਸੋਚੋ, ਇਹ ਤਾਂ ਮੈਨੂੰ ਜਾਨ ਤੋਂ ਪਿਆਰਾ ਹੈ। ਅਸੀਂ ਆਖਿਆ, ਪੁਰਾਣੇ ਸਮਿਆਂ ਵਿਚ ਸੁਣਿਆ ਹੈ ਕਿਸੇ ਦੀ ਜਾਨ ਤੋਤੇ ਵਿਚ ਹੁੰਦੀ ਸੀ, ਕਿਸੇ ਦੀ ਕਬੂਤਰ ਵਿਚ, ਤੁਹਾਡੀ ਮੁਰਗੇ ਵਿਚ ਕਿਸ ਤਰ੍ਹਾਂ ਫ਼ੱਸ ਗਈ? ਸਰਦਾਰ ਜੀ ਦੇ ਰੌਲਾ ਪਾਂਦਿਆਂ ਤੇ ਰੋਸ ਕਰਦਿਆਂ ਅਸੀਂ ਉਸ ਮੁਰਗੇ ਦਾ ਘਾਤ ਕਰਵਾ ਦਿੱਤਾ। ਸਰਦਾਰ ਜੀ ਕਹਿਣ ਲੱਗੇ, ਮੈਂ ਤਾਂ ਪ੍ਰਾਸਚਿਤ ਕਰਾਂਗਾ ਤੇ ਅੱਜ ਰੋਟੀ ਨਹੀਂ ਖਾਵਾਂਗਾ। ਅਸੀਂ ਕਿਹਾ, ਤੁਸੀਂ ਜੋ ਮਰਜ਼ੀ ਕਰੋ, ਸਾਡੀ ਖਾਤਰ ਤੁਆਜ਼ੋ ਦਾ ਪ੍ਰਬੰਧ ਤਾਂ ਹੋ ਗਿਆ ਹੈ। ਫਿਰ ਮੁਸ਼ਕਲ ਇਹ ਬਣੀ ਕਿ ਮਹਿਰੇ ਪਾਸੋਂ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਰਗਾ ਗਲਣ ਵਿਚ ਨਾ ਆਵੇ । ਅੰਤ ਕਿਸੇ ਨੇ ਦੱਸਿਆ ਕਿ ਟੁੱਟੀ ਹੋਈ ਚੀਨੀ ਦੀ ਪਲੇਟ ਦਾ ਇਕ ਟੁਕੜਾ ਇਸ ਵਿਚ ਪਾਓ ਤਾਂ ਗਲੇਗਾ । ਇਸ ਤਰ੍ਹਾਂ ਇਹ ਮਸਲਾ ਹੱਲ ਹੋਇਆ ਪਰ ਸਰਦਾਰ ਜੀ ਕਿੰਨਾ ਚਿਰ ਵਿੱਸ ਘੋਲਦੇ ਰਹੇ ।

ਇਕ ਵਿਆਹ ਸਮੇਂ ਸਭ ਨਜ਼ਦੀਕੀ ਰਿਸ਼ਤੇਦਾਰ ਇਕੱਠੇ ਹੋਏ । ਗਰਮੀਆਂ ਦੇ ਦਿਨ ਸਨ । ਬਰਾਤ ਚੱਲਣ ਵਿਚ ਥੋੜ੍ਹੀ ਦੇਰ ਸੀ । ਸਰਦਾਰ ਜੀ ਵੀ ਤਿਆਰੀ ਕੱਸ ਰਹੇ ਸਨ । ਉਨ੍ਹਾਂ ਨੇ ਮਾਇਆ ਵਾਲੀ ਪਗੜੀ ਗਿੱਲੀ ਕਰ ਕੇ ਬੜੀ ਮਿਹਨਤ ਨਾਲ ਬੱਧੀ । ਉਹ ਲੱਕੜ ਵਾਂਗ ਸਖਤ ਹੋ ਗਈ ਤਾਂ ਬੜੇ ਚਾਅ ਨਾਲ ਸਿਰ ਤੋਂ ਉਤਾਰ ਕੇ ਸਰਦਾਰ ਜੀ ਨੇ ਇਕ ਚਾਰਪਾਈ ਤੇ ਰੱਖ ਦਿੱਤੀ ਤੇ ਸਿਰ ਨੂੰ ਹਵਾ ਲਗਾਣ ਲੱਗੇ । ਪਰ ਮਾੜੀ ਕਿਸਮਤ ਨੂੰ ਭੀੜ ਭਾੜ ਦੌਰਾਨ ਇਕ ਲੜਕਾ ਖੇਡਦਾ ਹੋਇਆ ਆ ਕੇ ਉਸ ਪਹਾੜੀ ਦੇ ਇਕ ਸਿਰੇ ਤੇ ਬੈਠ ਗਿਆ ਜਿਸ ਨਾਲ ਉਹ ਠਿੱਬੀ ਹੋ ਗਈ ! ਸਰਦਾਰ ਜੀ ਕਦੀ ਪਗੜੀ ਵੱਲ ਦੇਖਣ ਕਦੀ ਉਸ ਮੁੰਡੇ ਵੱਲ । ਫਿਰ ਗੁੱਸੇ ਵਿਚ ਭੜਕ ਕੇ ਉਹਨੂੰ ਕਹਿਣ ਲੱਗੇ, ਖਲੋ ਜਾ ਤੈਨੂੰ ਠੀਕ ਕਰਦਾ ਹਾਂ । ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ । ਉਹ ਮੁੰਡਾ ਅੱਗੇ ਅੱਗੇ ਤੇ ਸਰਦਾਰ ਜੀ ਪਿੱਛੇ ਪਿੱਛੇ । ਮੁੰਡਾ ਤੇਜ਼ ਦੌੜ ਕੇ ਨਿਕਲ ਗਿਆ ਤਾਂ ਸਰਦਾਰ ਜੀ ਆ ਕੇ ਝੂਰਨ ਲੱਗੇ, ਹੁਣ ਕੀ ਬਣੇਗਾ ? ਅੱਧਾ ਪੌਣਾ ਘੰਟਾ ਲਾ ਕੇ ਪੱਗ ਬੱਧੀ ਸੀ । ਓਧਰੋਂ ਜੰਜ ਤੁਰਨ ਦਾ ਬਿਗਲ ਵੱਜ ਗਿਆ । ਸਰਦਾਰ ਜੀ ਕਹਿਣ ਲੱਗੇ, ਮੈਂ ਨਹੀਂ ਜੰਜ ਨਾਲ ਜਾ ਸਕਦਾ, ਤੁਸੀਂ ਲੋਕ ਜਾਓ । ਸਭ ਨੇ ਬੜਾ ਮਨਾਇਆ ਪਰ ਉਹ ਨਾ ਮੰਨੇ । ਅੰਤ ਇਹ ਫੈਸਲਾ ਹੋਇਆ ਕਿ ਬਰਾਤ ਨੂੰ ਅੱਧਾ ਘੰਟਾ ਅਟਕਾ ਲਵੋ ਤਾਂ ਜੋ ਸਰਦਾਰ ਜੀ ਦੋਬਾਰਾ ਪੱਗ ਬੰਨ੍ਹ ਲੈਣ । ਉਨ੍ਹਾਂ ਨੇ ਬੁੜ ਬੁੜ ਕਰਦੇ ਦੁਬਾਰਾ ਪੱਗ ਤਾਂ ਬੱਧੀ ਪਰ ਉਨ੍ਹਾਂ ਦਾ ਮੂਡ ਕਿੰਨਾ ਚਿਰ ਖਰਾਬ ਰਿਹਾ ।

ਇਕ ਹੋਰ ਘਟਨਾ ਯਾਦ ਆ ਗਈ । ਮਾਰਚ 1966 ਦੀ ਗੱਲ ਹੈ । ਮੇਰੀ ਡਿਊਟੀ ਹੁਸ਼ਿਆਰਪੁਰ ਜ਼ਿਲੇ ਦੇ ਕੁਝ ਸਕੂਲਾਂ ਵਿਚ ਪ੍ਰੀਖਿਆ-ਕੇਂਦਰਾਂ ਦੀ ਨਿਗਰਾਨੀ ਕਰਨ ਦੀ ਲੱਗ ਗਈ । ਮੈਂ ਦੋ ਸਾਥੀਆਂ ਨਾਲ ਖ਼ਾਲਸਾ ਕਾਲਜ ਤੋਂ ਟੈਕਸੀ ਵਿਚ ਇਸ ਕੰਮ ਲਈ ਦਸੂਹੇ ਜਾਣ ਲਈ ਚਲ ਪਿਆ । ਉਥੋਂ ਅਸੀਂ ਮੁਕੇਰੀਆਂ, ਹਾਜੀਪੁਰ, ਤਲਵਾੜਾ ਆਦਿ ਦੇ ਸਕੂਲ ਦੇਖਣੇ ਸਨ । ਮੈਂ ਸੋਚਿਆ, ਰਾਹ ਵਿਚ ਜਾਂਦੇ ਸਰਦਾਰ ਜੀ ਨੂੰ ਨਾਲ ਲੈ ਲਵਾਂ, ਉਹ ਸਾਡੀ ਰਸਤੇ ਲੱਭਣ ਵਿਚ ਸਹਾਇਤਾ ਕਰਨਗੇ । ਉਨ੍ਹਾਂ ਦੇ ਪਿੰਡ ਜਾ ਕੇ ਸਰਦਾਰ ਜੀ ਨੂੰ ਬੇਨਤੀ ਕੀਤੀ ਤਾਂ ਉਹ ਝਟ ਤਿਆਰ ਹੋ ਗਏ । ਸਗੋਂ ਬਹੁਤ ਖੁਸ਼ ਹੋਏ ਕਿ ਸੈਰ ਤੇ ਸ਼ੁਗਲ ਤਮਾਸ਼ੇ ਦਾ ਮੌਕਾ ਮਿਲੇਗਾ । ਅਸੀਂ ਉਨ੍ਹਾਂ ਨੂੰ ਡਰਾਈਵਰ ਦੇ ਨਾਲ ਅਗਲੀ ਸੀਟ ਤੇ ਬਿਠਾਇਆ ਜਿਵੇਂ ਕਿ ਉਹ ਸਾਡੇ ਲੀਡਰ ਜਾਂ ਆਗੂ ਹੋਣ । ਉਹ ਫੁੱਲੇ ਨਹੀਂ ਸਨ ਸਮਾਉਂਦੇ । ਪ੍ਰੋਫੈਸਰਾਂ ਦੀ ਸੰਗਤ ਤੇ ਰੁਅਬ ਦਾਅਬ ਵਾਲਾ ਕੰਮ । ਕਦੀ ਡਰਾਈਵਰ ਨੂੰ ਕਹਿਣ ਹੌਲੀ ਚਲਾ, ਕਦੀ ਕਹਿਣ ਤੇਜ਼ ਚਲਾ । ਅਸੀਂ ਨਿਸਚਿੰਤ ਬੈਠੇ ਦੇਖਦੇ ਰਹੇ । ਮੁਕੇਰੀਆਂ ਜਾ ਕੇ ਇਕ ਟਾਇਰ ਪੰਕਚਰ ਹੋ ਗਿਆ । ਅਸੀਂ ਆਖਿਆ, ਸਰਦਾਰ ਜੀ, ਤੁਸੀਂ ਸਾਡੀ ਮਦਦ ਕਰੋ, ਅਸੀਂ ਤਾਂ ਓਪਰੇ ਹਾਂ । ਉਨ੍ਹਾਂ ਬੜੀ ਚੁਸਤੀ ਨਾਲ ਇਕ ਦੁਕਾਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਪੰਕਚਰ ਲਗਵਾਇਆ ਤੇ ਫਿਰ ਹਾਜੀਪੁਰ ਜਾ ਪਹੁੰਚੇ । ਉਹ ਕਾਰ ਵਿਚ ਬੈਠੇ ਰਹੇ, ਅਸੀਂ ਸੈਂਟਰ ਚੈੱਕ ਕੀਤਾ । ਫਿਰ ਤਲਵਾੜੇ ਜਾ ਕੇ ਕੰਮ ਮੁਕਾਇਆ । ਇਕ ਦੋ ਥਾਂ ਚਾਹ ਵੀ ਪੀਤੀ । ਸਰਦਾਰ ਜੀ ਬੜੇ ਉਤਸ਼ਾਹ ਵਿਚ ਰਹੇ । ਜਦੋਂ ਤਲਵਾੜੇ ਤੋਂ ਵਾਪਸ ਮੁੜਨ ਲੱਗੇ ਤਾਂ ਸਰਦਾਰ ਜੀ ਨੇ ਕਿਹਾ, ਸਰਕਾਰੀ ਕਵਾਟਰਾਂ ਵਿਚ ਉਨ੍ਹਾਂ ਦਾ ਇਕ ਦੋਸਤ ਰਹਿੰਦਾ ਹੈ, ਉਸਨੂੰ ਮਿਲ ਚਲੀਏ । ਅਸੀਂ ਕਿਹਾ ਇਕ ਸ਼ਰਤ ਤੇ ਜੇ ਉਹ ਦਸਾਂ ਮਿੰਟਾਂ ਵਿਚ ਚਾਹ ਪਿਲਾ ਦੇ । ਉਹ ਕਹਿਣ ਲੱਗੇ, ਚਲੋ ਦੇਖਦੇ ਹਾਂ । ਜਦ ਉਸ ਸੱਜਣ ਨੂੰ ਮਿਲੇ ਤਾਂ ਉਹ ਸਾਡੀ ਆਸ ਨਾਲੋਂ ਬਹੁਤ ਚੰਗਾ ਨਿਕਲਿਆ । ਬੜੇ ਸ਼ੌਕ ਤੇ ਤੇਜ਼ੀ ਨਾਲ ਸਾਨੂੰ ਚਾਹ ਪਿਲਾਈ । ਫਿਰ ਸਰਦਾਰ ਜੀ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਦੇ ਪਿੰਡ ਛੱਡਣ ਗਏ ਤਾਂ ਅਸੀਂ ਭੈਣ ਜੀ ਪਾਸ ਉਨ੍ਹਾਂ ਦੀ ਬੜੀ ਤਾਰੀਫ਼ ਕੀਤੀ । ਉਹ ਕਹਿਣ ਲੱਗੇ ਜੇ ਸਰਦਾਰ ਹੁਰਾਂ ਨੂੰ ਜ਼ਿਮੇਦਾਰੀ ਸੌਂਪੀ ਜਾਏ ਤਾਂ ਬਹੁਤ ਚੰਗੀ ਨਿਭਾਉਂਦੇ ਹਨ ਪਰ ਅਫਸੋਸ ਅਜੇਹੇ ਮੌਕੇ ਹੀ ਇਨ੍ਹਾਂ ਨੂੰ ਘੱਟ ਮਿਲਦੇ ਹਨ ।

ਇਸ਼ਕ ਦਾ ਫੱਟਿਆ ਜਮਾਤੀ

ਜਮਾਤੀ ਹੋਣਾ ਵੀ ਮੁਸੀਬਤ ਹੈ । ਸਰਗੋਧਾ ਸਕੂਲ ਵਿਚ ਸਾਡਾ ਇਕ ਪੰਜਵੀ-ਛੇਵੀਂ ਦਾ ਜਮਾਤੀ ਪੜ੍ਹਾਈ ਵਿੱਚੇ ਛੱਡ ਕੇ ਪਿੰਡ ਚਲਾ ਗਿਆ ਸੀ । ਮੈਨੂੰ ਉਸਦਾ ਨਾਂ ਯਾਦ ਨਹੀਂ ਰਿਹਾ । ਉਸ ਦਾ ਪਿੰਡ ਚਕ 42 ਸਾਡੇ ਪਿੰਡ ਤੋਂ 5-6 ਮੀਲਾਂ ਤੇ ਸੀ । ਮੇਰੀ ਬਦਕਿਸਮਤੀ ਨੂੰ ਉਸ ਦਾ ਚੜ੍ਹਦੀ ਜਵਾਨੀ ਵਿਚ ਪਿੰਡ ਦੀ ਇਕ ਕੁੜੀ ਨਾਲ ਇਸ਼ਕ ਹੋ ਗਿਆ । ਦੂਜੇ ਸ਼ਬਦਾਂ ਵਿਚ ਉਸਦਾ ਦਿਮਾਗ਼ ਖਰਾਬ ਹੋ ਗਿਆ । ਗਾਲਿਬ ਨੇ ਠੀਕ ਕਿਹਾ ਹੈ :

ਕਹਿਤੇ ਹੈਂ ਜਿਸ ਕੋ ਇਸ਼ਕ ਖ਼ਲਲ ਹੈ ਦਿਮਾਗ਼ ਕਾ ।

ਇਕ ਦਿਨ ਅਚਾਨਕ, ਗਰਮੀ ਦੀਆਂ ਛੁਟੀਆਂ ਵਿਚ ਉਹ ਸ਼ਾਮ ਨੂੰ ਸਾਡੇ ਪਿੰਡ ਆ ਗਿਆ । ਮੈਂ ਪੁੱਛਿਆ. ਸੁਣਾ ਏਨੇ ਸਾਲਾਂ ਬਾਅਦ ਕਿਵੇਂ ਸਾਡੀ ਯਾਦ ਆਈ । ਕਹਿਣ ਲੱਗਾ, ਪੁੱਠੇ ਜੇਹੇ ਕੰਮ ਆਇਆ ਹਾਂ ਪਰ ਮੇਰੀ ਮਦਦ ਕਰ, ਨਹੀਂ ਤੇ ਮੈਂ ਮਰ ਜਾਵਾਂਗਾ। ਮੈਂ ਕਿਹਾ ਤੂੰ ਦੱਸ ਤੇ ਸਹੀ ਕੀ ਬਿਪਤਾ ਪੈ ਗਈ ? ਉਸ ਨੇ ਆਪਣੀ ਵਿਥਿਆ ਸੁਣਾਈ ਪਰ ਸਾਡੇ ਘਰੋਂ ਬਾਹਰੋਂ ਜਾ ਕੇ ਛੱਪੜ ਦੇ ਨੇੜੇ ਵੱਡੇ ਮੈਦਾਨ ਵਿਚ, ਤਾਂ ਜੋ ਕੋਈ ਸੁਣ ਨਾ ਲਵੇ । ਫਿਰ ਕਹਿਣ ਲੱਗਾ, ਉਹ ਕੁੜੀ ਮੇਰੀ ਪਰਵਾਹ ਨਹੀਂ ਕਰਦੀ। ਇਥੇ ਸੁਣਿਆ ਹੈ ਕਿ ਈਸਾਈ ਸਾਈਂ ਨਾਮੀ ਰਹਿੰਦਾ ਹੈ, ਉਹ ਜੇ ਕੋਈ ਮੰਤਰ ਦੇਵੇ ਤਾਂ ਕਾਬੂ ਆ ਸਕਦੀ ਹੈ । ਮੈਂ ਆਖਿਆ, ਜੇ ਕੋਈ ਇਸ਼ਕ ਦਾ ਮੰਤਰ ਹੁੰਦਾ ਤਾਂ ਏਨੇ ਆਸ਼ਕ ਮੌਤ ਦੇ ਘਾਟ ਕਿਉਂ ਉਤਰਦੇ ? ਤੂੰ ਛੱਡ ਇਹ ਖਿਆਲ ਤੇ ਵਾਪਸ ਮੁੜ ਜਾ । ਪਰ ਉਹ ਬਹੁਤ ਗੰਭੀਰ ਸੀ, ਨਾ ਮੰਨਿਆ । ਇਸੇ ਬਹਿਸ ਵਿਚ ਪੈ ਕੇ ਹਨੇਰਾ ਹੋ ਗਿਆ ਤੇ ਘਰ ਆ ਕੇ ਰੋਟੀ ਪਾਣੀ ਖਾਧਾ । ਮੈਂ ਕਿਹਾ ਚੰਗਾ ਸਵੇਰੇ ਉਸ ਸਾਈਂ ਈਸਾਈ ਨੂੰ ਮਿਲਾਂਗੇ । ਰਾਤ ਨੂੰ ਜਿਥੇ ਅਸੀਂ ਮੰਜੇ ਵਿਛਾਏ, ਨੇੜੇ ਹੀ ਦਾਦਾ ਜੀ ਦਾ ਮੰਜਾ ਵੀ ਸੀ । ਅਸੀਂ ਹੌਲੀ ਹੌਲੀ ਗੱਲਾਂ ਕਰਦੇ ਰਹੇ । ਅਸੀਂ ਸਮਝਿਆ ਦਾਦਾ ਜੀ ਸੌਂ ਗਏ ਹਨ ਪਰ ਉਹ ਜਾਗਦੇ ਸਨ ਤੇ ਸਾਡੀ ਗੱਲ ਸੁਣ ਰਹੇ ਸਨ । ਸਵੇਰੇ ਮੈਨੂੰ ਕਹਿਣ ਲੱਗੇ,ਇਸ ਮੁੰਡੇ ਨੂੰ ਇਥੋਂ ਭਜਾ ਦੇ । ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਹੇ ਦੋਸਤ ਨਹੀਂ ਬਣਾਈਦੇ । ਮੈਂ ਕਿਹਾ, ਇਹ ਸਾਡਾ ਜਮਾਤੀ ਰਿਹਾ ਹੈ ਤੇ ਕਈ ਸਾਲਾਂ ਬਾਅਦ ਮਿਲਿਆ ਹੈ। ਮੈਂ ਇਸ ਨੂੰ ਟਾਲ ਮਟੋਲ ਕਰਕੇ ਵਾਪਸ ਭੇਜ ਆਉਂਦਾ ਹਾਂ। ਅਸੀਂ ਉਸ ਈਸਾਈ ਪਾਸ ਗਏ ਤਾਂ ਚੰਗਾ ਹੋਇਆ, ਉਹ ਕਹਿਣ ਲੱਗਾ, ਮੇਰੇ ਪਾਸ ਕੋਈ ਅਜੇਹਾ ਮੰਤਰ ਨਹੀਂ। ਮੈਂ ਬੜਾ ਖੁਸ਼ ਹੋਇਆ ਤੇ ਉਸ ਮੁੰਡੇ ਨੂੰ ਘੋਰ ਨਿਰਾਸਤਾ ਦੀ ਹਾਲਤ ਵਿਚ ਵਿਦਾ ਕਰ ਦਿਤਾ ।

ਇਸ ਵਾਕਏ ਤੋਂ ਮੈਨੂੰ ਸ਼ਾਹ ਹੁਸੈਨ ਪ੍ਰਸਿੱਧ ਫ਼ਕੀਰ ਦੇ ਜੀਵਨ ਦੀ ਇਕ ਘਟਨਾ ਯਾਦ ਆ ਗਈ ਹੈ। ਇਕ ਆਦਮੀ ਉਸ ਪਾਸ ਆਇਆ ਤੇ ਕਹਿਣ ਲਗਾ, ਫਕੀਰ ਸਾਈਂ ਮੇਰਾ ਇਕ ਤੀਵੀਂ ਨਾਲ ਇਸ਼ਕ ਏ ਪਰ ਉਹ ਬੇਪਰਵਾਹ ਹੈ । ਕੋਈ ਉਸ ਨੂੰ ਵੱਸ ਕਰਨ ਦਾ ਉਪਾਅ ਦੱਸੋ। ਸ਼ਾਹ ਹੁਸੈਨ ਨੇ ਕਿਹਾ, ਜਾ ਇਕ ਹਫਤਾ ਉਸ ਔਰਤ ਦੇ ਨਾਂ ਦਾ ਜਾਪ ਕਰੀ ਜਾ। ਉਹ ਵੱਸ ਆ ਜਾਏਗੀ। ਉਹ ਜਾ ਕੇ ਲੱਗਾ ਰਾਤ ਦਿਨ ਜਾਪ ਕਰਨ । ਅਜੇ ਦੋ ਦਿਨ ਹੀ ਹੋਏ ਸਨ ਕਿ ਉਸਨੂੰ ਮਾਰਫ਼ਤ (ਆਤਮਕ ਸੋਝੀ) ਨੇ ਅੰਦਰੋਂ ਟੁੰਬਿਆ ਕਿ ਮੂਰਖਾ ਕੀ ਇਕ ਔਰਤ ਦੇ ਨਾਂ ਦੀ ਰੱਟ ਲਗਾ ਰਿਹਾ ਹੈਂ। ਇਹੋ ਰੱਬ ਦਾ ਨਾਂ ਜਪੇਂ ਤਾਂ ਤੇਰਾ ਬੇੜਾ ਪਾਰ ਹੋ ਜਾਏ। ਇਕ ਹਫਤੇ ਬਾਅਦ ਸ਼ਾਹ ਹੁਸੈਨ ਪਾਸ ਗਿਆ ਤਾਂ ਉਸ ਨੇ ਪੁੱਛਿਆ, ਸੁਣਾ ਕੰਮ ਬਣ ਗਿਆ ਈ ? ਕਹਿਣ ਲੱਗਾ, ਫਕੀਰ ਸਾਈਂ, ਤੇਰੀ ਦੁਆ ਤੇ ਕਿਰਪਾ ਨਾਲ ਔਰਤ ਕੀ. ਸਿੱਧਾ ਰੱਬ ਨੂੰ ਜਾ ਜੱਫਾ ਮਾਰਿਆ ਹੈ। ਫਕੀਰ ਨੇ ਖੁਸ਼ ਹੋ ਕੇ ਕਿਹਾ, ਜਾ ਤੂੰ ਤੇ ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ ਵਾਲੀ ਗੱਲ ਕੀਤੀ ਹੈ ।

ਇਕ ਉੱਘੇ ਨਾਇਕ ਦੀ ਯਾਦ

ਹਫ਼ੀਜ਼ ਜਲੰਧਰੀ ਕਹਿੰਦਾ ਹੈ :

ਯਿਹ ਨਿਸਫ ਸਦੀ ਕਾ ਕਿੱਸਾ ਹੈ ਦੋ ਚਾਰ ਬਰਸ ਕੀ ਬਾਤ ਨਹੀਂ ।

ਭਾਈ ਇਕਬਾਲ ਸਿੰਘ ਸਾਡੇ ਪਰਿਵਾਰ ਦੇ ਬਹੁਤ ਉੱਘੇ ਤੇ ਬਹੁ-ਅਧਿਕਾਰੀ ਪੁਰਸ਼ ਸਨ। ਸ਼ੋਕ ਹੁਣ ਉਹ ਸਾਡੇ ਵਿਚ ਨਹੀਂ ਰਹੇ । 16 ਮਾਰਚ, 1989 ਨੂੰ ਕੈਲੇਫੋਰਨੀਆ (ਅਮਰੀਕਾ) ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ । ਇਸ ਲਈ ਵੀ ਉਨ੍ਹਾਂ ਦੀਆਂ ਕੁਝ ਜ਼ਰੂਰੀ ਤੇ ਰੋਚਕ ਯਾਦਾਂ ਅੰਕਿਤ ਕਰਨਾ ਉੱਚਿਤ ਹੋਵੇਗਾ ।

1930 ਵਿਚ ਸਾਡੇ ਪਿਤਾ ਜੀ ਦੇ ਭਰ-ਜਵਾਨੀ ਵਿਚ ਗੁਜ਼ਰ ਜਾਣ ਕਾਰਨ ਭਾਈ ਸਾਹਿਬ ਉਤੇ ਇਕ ਦਮ ਕਈ ਜ਼ਿੰਮੇਦਾਰੀਆਂ ਦਾ ਬੋਝ ਪੈਣਾ ਸ਼ੁਰੂ ਹੋ ਗਿਆ। ਉਹ ਓਦੋਂ 14 ਸਾਲਾਂ ਦੇ ਸਨ (ਜਨਮ 16 ਮਾਰਚ, 1916) ਅਤੇ 1934 ਵਿਚ ਜਦ ਅਠਾਰਾਂ ਸਾਲਾਂ ਦੇ ਅਰਥਾਤ ਬਾਲਗ਼ ਹੋਏ ਤਾਂ ਦਾਦਾ ਜੀ ਵਲੋਂ ਸਰਬਰਾਹ-ਜ਼ੈਲਦਾਰ ਥਾਪੇ ਗਏ । ਜ਼ਿਮੀਦਾਰੀ ਦਾ ਕੰਮ ਵੀ ਉਨ੍ਹਾਂ ਦੇ ਸਪੁਰਦ ਹੋ ਗਿਆ । 1940 ਵਿਚ ਹੋਏ ਦਾਦਾ ਜੀ ਦੇ ਚਲਾਣੇ ਉਪਰੰਤ ਲਗਪਗ 50 ਸਾਲ ਉਹ ਸਾਡੇ ਪਰਿਵਾਰ ਦੇ ਮਹਾਰਥੀ ਤੇ ਮੁਖੀ ਰਹੇ ।

ਉਨ੍ਹਾਂ ਵਿਚ ਹਿੰਮਤ ਤੇ ਕਾਰਜ-ਕੁਸ਼ਲਤਾ ਬਹੁਤ ਜ਼ਿਆਦਾ ਸੀ। ਜ਼ੈਲਦਾਰੀ ਪੁਸਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਉਨ੍ਹਾਂ ਬਾਰੇ ਜ਼ਿਲੇ ਦੇ ਵੱਡੇ ਅਫਸਰਾਂ ਡੀ. ਸੀ., ਐਸ. ਪੀ., ਐਸ. ਡੀ. ਐਮ. ਆਦਿ ਵਲੋਂ ਅੰਗਰੇਜ਼ੀ ਵਿਚ ਲਿਖੇ ਹੋਏ ਵਿਸ਼ੇਸ਼-ਕਥਨ (Remarks) ਬਹੁਤ ਸ਼ਲਾਘਾ ਪੂਰਨ ਹਨ, ਜਿਵੇਂ ਗਤੀਸ਼ੀਲ, ਸਹਿਯੋਗੀ, ਉਪਯੋਗੀ, ਸਹਾਇਤਾ ਪੂਰਨ, ਹੋਣਹਾਰ ਆਦਿ (ਅੰਗਰੇਜ਼ੀ ਵਿਚ ਕ੍ਰਮਵਾਰ energetic, co-operative, useful, helpful, promising etc.)

ਭਾਈ ਸਾਹਿਬ ਦਾ ਸੁਭਾ ਬੜਾ ਨਿੱਘਾ, ਖੁਲ੍ਹਾ ਡੁਲ੍ਹਾ ਤੇ ਸਾਹਸ ਪੂਰਨ (ਦਲੇਰ) ਸੀ। ਫ਼ੈਸਲਾ ਬਹੁਤ ਛੇਤੀ ਲੈਂਦੇ ਸਨ। ਕੋਈ ਗੱਲ ਲੁਕਾਣ ਦੀ ਆਦਤ ਨਹੀਂ ਸੀ, ਸਾਫ ਮੂੰਹ ਤੇ ਕਹਿ ਦੇਂਦੇ ਸਨ। ਕਿਸੇ ਦੀ ਗੁਸਤਾਖੀ ਸਹਿਣ ਨਹੀਂ ਕਰਦੇ ਸਨ। ਬੁਢਾਪੇ ਵਿਚ ਕੁਝ ਨਰਮ ਹੋ ਗਏ ਸਨ। ਫਿਰ ਵੀ ਉੱਚੀ ਪਦਵੀ ਤੇ ਸਰਦਾਰੀ ਦਾ ਰੁਅਬ ਕਾਇਮ ਰਖਦੇ ਸਨ। ਪਰ ਉਨ੍ਹਾਂ ਦੇ ਸੁਭਾ ਵਿਚ ਸ਼ੁਗਲ ਤੇ ਹਾਸੇ-ਮਜ਼ਾਕ ਦੀ ਰੁਚੀ ਵੀ ਬਹੁਤ ਸੀ। ਸਾਫ਼-ਦਿਲ ਹੋਣ ਕਰਕੇ ਹਰ ਕੋਈ ਉਨ੍ਹਾਂ ਦੇ ਅਜੇਹੇ ਹਾਸ-ਸ਼ੁਗਲ (pranks) ਬਰਦਾਸ਼ਤ ਕਰ ਲੈਂਦਾ ਸੀ। ਉਦਾਹਰਨ ਵਜੋਂ ਕੁਝ ਵਾਕਏ ਲਿਖਦਾ ਹਾਂ।

ਸੁਭਾ ਵਿਚ ਤੇਜ਼ੀ ਤੇ ਫੁਰਤੀ ਬਹੁਤ ਹੋਣ ਕਾਰਨ ਉਹ ਟਾਂਗਾ ਬਹੁਤ ਤੇਜ਼ ਚਲਾਂਦੇ, ਘੋੜੇ ਵੀ ਤੇਜ਼ ਦੌੜਾਂਦੇ ਸਨ। ਹਰ ਗੱਲ ਵਿਚ ਆਪਣੇ ਹਾਣੀਆਂ-ਸਾਥੀਆਂ ਤੋਂ ਅੱਗੇ ਨਿਕਲਣ ਦਾ ਜਤਨ ਕਰਦੇ। ਸੌਦੇ, ਅਰਥਾਤ ਚੀਜ਼ਾਂ, ਜਾਨਵਰਾਂ ਆਦਿ ਦੀ ਖਰੀਦ-ਵੇਚ ਤੁਰੰਤ ਕਰ ਦੇਂਦੇ। ਨਵਾਂ ਟਾਂਗਾ, ਨਵੀਆਂ ਘੋੜੀਆਂ, ਮੱਝਾਂ, ਗਾਵਾਂ, ਕੁੱਤੇ ਖਰੀਦਦੇ ਤੇ ਵੇਚਦੇ ਰਹਿੰਦੇ। ਇਕ ਵਾਰੀ ਚਾਲੀ ਭੇਡਾਂ ਖਰੀਦ ਲਈਆਂ, ਉੱਨ ਵੇਚਣ ਲਈ, ਪਰ ਦੋ ਮਹੀਨੇ ਬਾਅਦ ਵਾਧੂ ਬਖੇੜਾ ਸਮਝ ਕੇ ਵੇਚ ਦਿਤੀਆਂ। ਸਭ ਤੋਂ ਪਹਿਲਾਂ ਜ਼ਿਲੇ ਦੇ ਪੇਂਡੂ ਖੇਤਰ ਵਿਚ ਮੋਟਰ ਸਾਈਕਲ ਉਨ੍ਹਾਂ ਖਰੀਦਿਆ, 1935–36 ਵਿਚ, ਫਿਰ 1941 ਵਿਚ ਕਾਰ ਖਰੀਦੀ ਜੋ ਉਸ ਵੇਲੇ ਦੁਰਲੱਭ ਵਸਤੂ ਸੀ। ਇਹ ਦੋਵੇਂ ਵਾਹਣ ਉਹ ਬਹੁਤ ਤੇਜ਼ ਚਲਾਂਦੇ ਸਨ। ਪਿੰਡ ਤੋਂ ਸਰਗੋਧਾ ਸ਼ਹਿਰ 17 ਮੀਲ ਸੀ। ਉਹ ਇਹ ਪੈਂਡਾ ਟਾਂਗੇ ਅੱਗੇ ਜੁੱਤੀ ਤੇਜ਼-ਰਫਤਾਰ ਸਫੈਦ ਰੰਗ ਦੀ ਘੋੜੀ ਤੇ ਇਕ ਘੰਟੇ ਵਿਚ ਤੈ ਕਰ ਲੈਂਦੇ ਸਨ।

ਅੱਠ ਜਮਾਤਾਂ ਪੜ੍ਹੇ ਹੋਣ ਕਾਰਨ ਉਹ ਉਰਦੂ, ਅੰਗਰੇਜ਼ੀ ਤੇ ਪੰਜਾਬੀ ਚੰਗੀ ਤਰ੍ਹਾਂ ਜਾਣਦੇ ਸਨ। ਖੇਡਾਂ ਦੇ ਵੀ ਸ਼ੌਕੀਨ ਸਨ, ਖਾਸ ਕਰਕੇ ਫੁਟਬਾਲ ਤੇ ਵਾਲੀਬਾਲ। ਪਰ ਕੰਮ ਦੇ ਰੁਝੇਵੇਂ ਕਾਰਨ ਆਰਾਮ ਬਹੁਤ ਘਟ ਕਰਦੇ, ਦਿਨੇ ਇਕ ਘੰਟਾ ਦੁਪਹਿਰ ਨੂੰ ਤੇ ਰਾਤ ਨੂੰ ਕੇਵਲ 4–5 ਘੰਟੇ। ਹਰ ਵੇਲੇ ਚੌਕੰਨੇ ਰਹਿੰਦੇ। ਇਕ ਦਿਨ ਪਤਾ ਲੱਗਾ ਕਿ ਕਿਸੇ ਨੇ ਰਾਤ ਨੂੰ ਸਾਡੇ ਪੱਠੇ ਚੋਰੀ ਵੱਢ ਲਏ ਸਨ। ਉਨ੍ਹਾਂ ਅਗਲੀ ਰਾਤ ਨਾਕਾ ਲਗਾਇਆ ਤੇ ਆਪ ਜਾ ਕੇ ਰਾਤ ਦੇ ਬਾਰਾਂ ਵਜੇ ਚੋਰ ਫੜ ਲਿਆ। ਜਦ ਅਸੀਂ ਛੋਟੇ ਭਰਾ ਉਨ੍ਹਾਂ ਪਾਸ ਛੁੱਟੀਆਂ ਵਿਚ ਪਿੰਡ ਗਏ ਹੁੰਦੇ ਤਾਂ ਬਹੁਤ ਖੁਸ਼ ਹੁੰਦੇ ਅਤੇ ਸਾਡੀ ਹਰ ਤਰ੍ਹਾਂ ਖਾਤਰ ਤੁਆਜ਼ੋ ਕਰਦੇ। ਜਦ ਵਿਹਲ ਮਿਲਦੀ ਤਾਂ ਦੁਪਹਿਰ ਸਾਡੇ ਪਾਸ ਚੁਬਾਰੇ ਵਿਚ ਬਿਤਾਂਦੇ, ਤਾਸ਼, ਸ਼ਤਰੰਜ ਆਦਿ ਖੇਡਦੇ, ਅਖਬਾਰਾਂ ਪੜ੍ਹਦੇ।

ਇਕ ਦਿਨ ਆਪਣੇ ਬਾਗ ਵਿਚੋਂ ਫਿਰਦੇ ਫਰਾਂਦੇ ਆਏ। ਜਾਮਨੂੰਆਂ ਦੀ ਬਹਾਰ ਸੀ। ਸਾਨੂੰ ਛੁਟੀਆਂ ਸਨ। ਮੈਂ ਚੁਬਾਰੇ ਵਿਚ ਕੁਰਸੀ ਤੇ ਬੈਠਾ ਪੜ੍ਹ ਰਿਹਾ ਸੀ। ਕਾਗਜ਼ ਵਿਚ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਪੇਟਿਆ ਹੋਇਆ ਲਿਆ ਕੇ ਮੈਨੂੰ ਕਹਿਣ ਲੱਗੇ. ਲੈ ਦੀਵਾਨ ਸਿੰਘ ਜਾਮਨੂੰ ਖਾ ਲੈ। ਮੈਂ ਉਹ ਕਾਗਜ਼ ਫੜ ਕੇ ਖੋਲ੍ਹਿਆ ਤਾਂ ਉਸ ਵਿਚ ਸੱਪ ਸੀ। ਮੈਂ ਇਕ ਦਮ ਘਬਰਾ ਕੇ ਕੁਰਸੀ ਤੋਂ ਉਛਲ ਪਿਆ। ਮੇਰੀ ਘਬਰਾਹਟ ਦੇਖ ਕੇ ਉਹ ਹੱਸਣ ਲੱਗ ਪਏ। ਕਹਿਣ ਲੱਗੇ, ਤੂੰ ਐਵੇਂ ਡਰ ਗਿਆ, ਇਹ ਤਾਂ ਮੋਇਆ ਸੱਪ ਹੈ। ਮੈਂ ਕਿਹਾ, ਸੱਪ ਦੀ ਦਹਿਸ਼ਤ ਹੀ ਐਸੀ ਹੁੰਦੀ ਹੈ। ਫਿਰ ਮੈਨੂੰ ਵੀ ਉਨ੍ਹਾਂ ਦੇ ਸ਼ੁਗਲ ਤੇ ਹਾਸਾ ਆ ਗਿਆ।

ਇਕ ਦਿਨ ਉਨ੍ਹਾਂ ਨੂੰ ਇਸ ਤੋਂ ਵਡੇਰਾ ਸ਼ੁਗਲ ਸੁੱਝਿਆ। ਉਨ੍ਹਾਂ ਨੇ ਪਾਣੀ ਭਰਨ ਵਾਲੇ ਪੈਂਚ (ਮਹਿਰੇ) ਨੂੰ ਆਖ ਕੇ ਕਿਤੋਂ ਹਰੀ ਹਰੀ ਭੰਗ ਮੰਗਵਾਈ। ਲੌਢੇ ਵੇਲੇ ਉਸ ਪਾਸੋਂ ਭੰਗ ਦੇ ਪਕੌੜੇ ਕਢਾਏ ਪਰ ਚੋਰੀ ਚੋਰੀ। ਫਿਰ ਚੁਬਾਰੇ ਵਿਚ ਆ ਕੇ ਸਾਨੂੰ ਪੜ੍ਹਾਕੂਆਂ ਨੂੰ ਕਿਹਾ, ਲੌ, ਪਕੌੜੇ ਖਾਓ, ਪਾਲਕ ਵਾਲੇ। ਅਸੀਂ ਬੜੇ ਸੁਆਦ ਨਾਲ ਉਹ ਪਕੌੜ ਖਾਧੇ। ਸ਼ੁਕਰ ਦੀ ਗੱਲ ਇਹ ਹੋਈ ਕਿ ਅਸੀਂ ਥੋੜੇ ਥੋੜੇ ਖਾਧੇ ਪਰ ਇਹ ਕੀ ਪਤਾ ਸੀ ਇਹ ਕੀ ਬਲਾ ਹੈ। ਥੋੜੀ ਦੇਰ ਬਾਅਦ ਸਾਡਾ ਸਿਰ ਚਕਰਾਉਣ ਲੱਗਾ। ਮੈਂ, ਦਲੀਪ ਸਿੰਘ, ਜੋਗਿੰਦਰ ਸਿੰਘ, ਅਮਰੀਕ ਸਿੰਘ ਸਾਰੇ ਇਸ ਚੱਕਰ ਵਿਚ ਫੱਸ ਗਏ। ਅਸੀਂ ਇਕ ਦੂਜੇ ਨੂੰ ਆਖੀਏ, ਕੋਈ ਮਸਤੀ ਚੜ੍ਹੀ ਜਾਂਦੀ ਹੈ, ਸਿਰ ਭੌਂ ਰਿਹਾ ਹੈ। ਫਿਰ ਪਤਾ ਨਹੀਂ ਕੀ ਹੋਇਆ, ਜੇ ਕੋਈ ਹੱਸਣ ਲੱਗਾ ਤਾਂ ਉਹ ਹੱਸੀ ਹੀ ਜਾਏ, ਜੇ ਕੋਈ ਰੋਏ ਤਾਂ ਰੋਈ ਜਾਏ। ਸਭ ਲੋਟ ਪੋਟ ਹੋਏ ਪਏ ਸਨ। ਭਾਈ ਸਾਹਿਬ ਦੇਖਣ ਆ ਗਏ ਤੇ ਹੱਸਦੇ ਹੱਸਦੇ ਕਹਿਣ ਲੱਗੇ, ਓ ਤੁਹਾਨੂੰ ਕੀ ਹੋ ਗਿਆ ਹੈ ? ਅਸੀਂ ਕੀ ਜੁਆਬ ਦੇਂਦੇ ਸਾਨੂੰ ਹੋਸ਼ ਹੀ ਨਹੀਂ ਸੀ। ਫਿਰ ਭਾਈ ਸਾਹਿਬ ਡਰਨ ਲੱਗੇ ਕਿ ਬਾਪੂ ਜੀ ਨੂੰ ਖਬਰ ਨਾ ਹੋ ਜਾਏ। ਉਹ ਦੇਰ ਗਈ ਸ਼ਾਮ ਤਕ ਸਾਡੇ ਤੇ ਪਹਿਰਾ ਲਾਈ ਬੈਠੇ ਰਹੇ। ਅੰਦਰ ਘਰ ਦੀਆਂ ਇਸਤਰੀਆਂ ਨੂੰ ਕਿਸੇ ਤਰ੍ਹਾਂ ਪਤਾ ਲੱਗ ਗਿਆ। ਬੇਬੇ ਜੀ ਉਪਰ ਸਾਨੂੰ ਦੇਖਣ ਆਏ, ਕਿਤੇ ਕੋਈ ਨੁਕਸਾਨ ਹੀ ਨਾ ਹੋ ਜਾਏ। ਫਿਰ ਉਹ ਭਾਈ ਸਾਹਿਬ ਨੂੰ ਗੁੱਸੇ ਹੋਣ ਲੱਗੇ ਤੇ ਕਹਿਣ ਲੱਗੇ, ਹੁਣ ਕੋਈ ਚੀਜ਼ ਲੱਭ ਜਿਦ੍ਹੇ ਨਾਲ ਨਸ਼ਾ ਉਤਰ ਜਾਏ। ਉਸ ਰਾਤ ਅਸੀਂ ਭੁੱਖੇ ਹੀ ਸੌਂ ਗਏ, ਕਿਉਂਕਿ ਕਿਸੇ ਨੂੰ ਭੁੱਖ ਹੀ ਨਾ ਲੱਗੀ। ਸਵੇਰੇ ਉੱਠੇ ਤਾਂ ਸਰੀਰ ਟੁੱਟ ਰਿਹਾ ਸੀ। ਫਿਰ ਸਾਨੂੰ ਪਤਾ ਲੱਗਾ ਕਿ ਇਹ ਭੰਗ ਦੀ ਕਰਾਮਾਤ ਸੀ। ਭਾਈ ਸਾਹਿਬ ਨੇ ਆਪ ਵੀ ਪਕੌੜਿਆਂ ਦਾ ਸੁਆਦ ਦੇਖਿਆ ਪਰ ਥੋੜੇ ਜੇਹੇ ਖਾ ਕੇ ਆਪਣੀ ਹੋਸ਼ ਕਾਇਮ ਰੱਖੀ।

ਇਕ ਵਾਰੀ ਭਾਈ ਸਾਹਿਬ (ਅਸੀਂ ਉਨ੍ਹਾਂ ਨੂੰ ਭਰਾ ਜੀ ਕਹਿ ਕੇ ਬੁਲਾਂਦੇ ਸਾਂ) ਨੇ ਇਕ ਵੱਡੇ ਪੱਧਰ ਦਾ ਸ਼ੁਗਲ ਰਚ ਦਿਤਾ। ਸਾਡੇ ਪਾਸ ਘਰ ਵਿਚ ਇਕ ਵਡੇਰੀ ਉਮਰ ਦੇ ਦੂਰ ਦੇ ਰਿਸ਼ਤੇਦਾਰ ਰਹਿੰਦੇ ਸਨ। ਥੋੜਾ ਬਹੁਤ ਕੰਮ ਕਰ ਛੱਡਦੇ ਸਨ ਜਾਂ ਫਿਰ ਡੰਗਰਾਂ ਦੀ ਰਾਖੀ ਕਰ ਛੱਡਦੇ। ਅੱਧਖੜ ਹੋਣ ਤੇ ਵੀ ਉਨ੍ਹਾਂ ਦਾ ਅਜੇ ਤੱਕ ਵਿਆਹ ਨਹੀਂ ਹੋਇਆ ਸੀ, ਕੁਝ ਸਿਧਰੇ ਸੁਭਾ ਦੇ ਸਨ, ਇਸ ਲਈ ਜਾਂ ਸ਼ਾਇਦ ਇਸ ਲਈ ਕਿ ਪਿੰਡਾਂ ਵਿਚ ਕਈ ਲੋਕ ਕਵਾਰੇ ਹੀ ਉਮਰ ਬਿਤਾ ਦੇਂਦੇ ਸਨ। ਸਤਾਰਵੀਂ ਅਠਾਰਵੀਂ ਸਦੀ ਦੀ ਪੇਂਡੂ ਸਿੱਖਾਂ ਦੀ ਮਰਦਮਸ਼ੁਮਾਰੀ ਦੱਸਦੀ ਹੈ ਕਿ ਮਰਦਾਂ ਨਾਲੋਂ ਤੀਵੀਆਂ ਦੀ ਗਿਣਤੀ ਘੱਟ ਹੁੰਦੀ ਸੀ। ਪਿੰਡਾਂ ਵਿਚ ਕੁੜੀ ਜੰਮਣ ਤੇ ਉਸ ਨੂੰ ਮਾਰ ਦੇਣ ਦਾ ਜਤਨ ਕੀਤਾ ਜਾਂਦਾ ਸੀ। ਸਿੱਖ ਇਤਿਹਾਸ ਦੱਸਦਾ ਹੈ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ (ਪ੍ਰਸਿੱਧ ਸਿੱਖ ਜਰਨੈਲ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਸਲਦਾਰ) ਨੂੰ ਅਜੇਹੇ ਕੁਕਰਮ ਦੇ ਦੰਡ ਵਜੋਂ 'ਤਨਖਾਹ' ਲੱਗੀ ਸੀ । ਖ਼ੈਰ ਭਾਈ ਇਕਬਾਲ ਸਿੰਘ ਨੂੰ ਸੁਗਲ ਸੁਝਿਆ, ਉਨ੍ਹਾਂ ਦਾ ਵਿਆਹ ਰਚਾਣ ਦਾ । ਉਸ ਨੂੰ ਕਹਿਣ ਲੱਗੇ, ਬਾਬਾ ਤੇਰੇ ਲਈ ਇਕ ਜ਼ਨਾਨੀ ਲੱਭ ਲਈ ਹੈ, ਜੇ ਤੂੰ ਆਖੇਂ ਤਾਂ ਤੇਰਾ ਵਿਆਹ ਕਰ ਦੇਈਏ, ਤੇਰਾ ਘਰ ਵਸਾ ਦੇਈਏ । ਪਿੰਡਾਂ ਵਿਚ ਤੀਵੀਆਂ ਮੁੱਲ ਲੈ ਕੇ ਵੀ ਰੱਖ ਲੈਂਦੇ ਸਨ । ਬਾਬਾ ਜੀ ਮੰਨ ਗਏ । ਭਾਈ ਸਾਹਿਬ ਨੇ ਇਕ ਮੁਸਲਮਾਨ ਜਵਾਨ ਉਮਰ ਦੇ ਨੌਕਰ ਜਿਸ ਦਾ ਨਾਂ ਤੀਫ਼ (ਮੁਹੰਮਦ ਲਤੀਫ਼) ਸੀ ਨੂੰ ਤਿਆਰ ਕਰ ਲਿਆ । ਉਹ ਤਕੜੇ ਸਰੀਰ ਦਾ ਸੀ ਤੇ ਸ਼ਕਲ ਸੂਰਤ ਵੀ ਚੰਗੀ ਸੀ। ਉਸ ਨੂੰ ਜਨਾਨੇ ਕਪੜੇ ਪਵਾ ਕੇ ਖੇਤਾਂ ਵਿਚ ਇਕ ਵਣ ਦੇ ਦਰਖ਼ਤ ਹੇਠਾਂ ਬਿਠਾ ਦਿਤਾ । ਉਸ ਨੂੰ ਸਮਝਾ ਦਿਤਾ ਕਿ 'ਤੂੰ ਘੁੰਡ ਕੱਢ ਕੇ ਬੈਠਾ ਰਹੀਂ ਤੇ ਥੋੜਾ ਨਖਰਾ ਵੀ ਕਰੀਂ । ਆਵਾਜ਼ ਬਰੀਕ ਰਖੀਂ । ਜਦ ਬਾਬਾ ਤੇਰੇ ਤੇ ਭਰਮ ਜਾਏ ਤੇ ਘੁੰਡ ਚੁਕਣ ਲੱਗੇ ਤਾਂ ਤੂੰ ਗੁੱਸੇ ਨਾਲ ਆਖੀਂ, ਤੂੰ ਕੌਣ ਹੈਂ ? ਫਿਰ ਝਗੜਾ ਕਰਕੇ ਉਸ ਨੂੰ ਢਾਹ ਲਈਂ ਪਰ ਇਕ ਅੱਧਾ ਮੁੱਕਾ ਮਾਰੀਂ ਬਹੁਤਾ ਨਾ ਮਾਰੀਂ । ਜਦ ਉਹ ਬਾਬਾ ਘਬਰਾ ਜਾਏ ਤਾਂ ਉਸ ਨੂੰ ਛੱਡ ਦੇਈਂ ।' ਇੰਨ ਬਿੰਨ ਇਸੇ ਤਰ੍ਹਾਂ ਹੀ ਹੋਇਆ । ਅਸੀਂ ਲੋਕ ਸਭ ਦੂਰ ਬੈਠੇ ਦੇਖਦੇ ਰਹੇ । ਬਾਬਾ ਜੀ ਵਣ ਹੇਠੋਂ ਦੌੜਦੇ ਹੋਏ ਮੁੜੇ ਤਾਂ ਗਾਲ੍ਹਾਂ ਕੱਢੀ ਜਾਣ । ਆਖਣ ਕਿਥੋਂ ਇਹ ਕੱਬੀ ਜ਼ਨਾਨੀ ਲੈ ਆਂਦੀ ਹੈ । ਮੈਂ ਇਸ ਚੜੇਲ ਤੋਂ ਬਗ਼ੈਰ ਹੀ ਚੰਗਾ ਹਾਂ । ਇਸ ਨੇ ਮੇਰੇ ਪਾਸੇ ਭੰਨ ਦਿਤੇ ਹਨ । ਅਸੀਂ ਸਭ ਹੱਸ ਹੱਸ ਕੇ ਦੋਹਰੇ ਹੋਈਏ ਤੇ ਬਾਬਾ ਜੀ ਕਹਿਣ ਲੱਗੇ ਤੁਸੀਂ ਨਹੀਂ ਉਸ ਨੂੰ ਜਾਣਦੇ, ਮੈਂ ਦੇਖ ਕੇ ਆਇਆ ਹਾਂ, ਮਸਾਂ ਜਾਨ ਛੁਡਾਈ । ਤੁਸੀਂ ਵੀ ਜਾ ਕੇ ਵੇਖੋ ਕੀ ਬਲਾ ਹੈ । ਕੋਈ ਚੜੇਲ ਜਾਪਦੀ ਹੈ ।

ਇਕ ਦਿਨ ਮੈਂ ਤੇ ਭਰਾ ਜੀ, ਨਾਲ ਦੇ ਮੁਸਲਮਾਨਾਂ ਦੇ ਪਿੰਡ (ਚਕ 114) ਵਿਚ ਮੁਰਗੀਆਂ ਖ਼ਰੀਦਣ ਗਏ । ਜਾਂਦੀ ਵਾਰੀ ਉਹ ਘੋੜੇ ਤੇ ਸਨ ਤੇ ਮੈਂ ਸਾਈਕਲ ਤੇ । ਮੁਰਗੀਆਂ ਖਰੀਦ ਕੇ ਇਕ ਟੋਕਰੇ ਵਿਚ ਕਾਬੂ ਕਰ ਕੇ ਸਾਈਕਲ ਦੇ ਕੈਰੀਅਰ ਉਤੇ ਬੰਨ੍ਹ ਕੇ ਰੱਖ ਲਈਆਂ । ਜਦ ਅਸੀਂ ਮੁੜਨ ਲੱਗੇ ਤਾਂ ਭਾਈ ਸਾਹਿਬ ਕਹਿਣ ਲੱਗੇ, ਇਹ ਮੁਰਗ਼ੀਆਂ ਤੇਰੇ ਕੋਲੋਂ ਨਹੀਂ ਕਾਬੂ ਰਹਿਣੀਆਂ, ਇਨ੍ਹਾਂ ਹਿੱਲਦੇ-ਫੜਫੜਾਂਦੇ ਰਹਿਣਾ ਹੈ, ਤੂੰ ਘੋੜੇ ਤੇ ਹੋ ਜਾ ਤੇ ਮੈਂ ਸਾਈਕਲ ਚਲਾਂਦਾ ਹਾਂ । ਮੈਂ ਕਿਹਾ ਇਹ ਅਲਕ ਤੇ ਅੱਥਰਾ ਵਛੇਰਾ ਮੇਰੇ ਪਾਸੋਂ ਨਹੀਂ ਸਾਂਭਿਆ ਜਾਣਾ । ਨਾਲੇ ਇਸ ਤੇ ਕਾਠੀ ਨਹੀਂ ਪਈ, ਸਿਰਫ ਤਾਰੂ ਹੈ । ਉਹ ਕਹਿਣ ਲੱਗੇ, ਕੋਈ ਗੱਲ ਨਹੀਂ, ਤੂੰ ਸਾਈਕਲ ਦੀ ਰਫਤਾਰ ਨਾਲ ਦੁੜਕੀ ਚਾਲ ਚਲਾਈ ਚੱਲ । ਮੈਂ ਕਿਹਾ, ਠੀਕ ਹੈ । ਪਲਾਕੀ ਮਾਰ ਕੇ ਮੈਂ ਘੋੜੇ ਤੇ ਚੜ੍ਹ ਗਿਆ ਤੇ ਉਸ ਨੂੰ ਸੁਚੇਤ ਹੋ ਕੇ ਹੌਲੀ ਹੌਲੀ ਚਲਾਣ ਲੱਗਾ । ਉਹ ਦੋ ਤਿੰਨ ਸਾਲ ਦਾ ਵਛੇਰਾ ਅਜੇ ਅਣਸਿਖਿਅਤ ਸੀ ਤੇ ਲਗਾਮ ਦਾ ਕੱਚਾ ਸੀ । ਇਸ ਲਈ ਮੈਂ ਲਗਾਮ ਢਿੱਲੀ ਰੱਖੀ । ਕੋਈ ਇਕ ਫਰਲਾਂਗ ਅਸੀਂ ਇਸ ਤਰ੍ਹਾਂ ਗਏ ਹੋਵਾਂਗੇ ਕਿ ਅਚਾਨਕ ਮੁਰਗ਼ੀਆਂ ਨੇ ਚੀਕ ਚਿਹਾੜਾ ਪਾ ਦਿਤਾ । ਵਛੇਰਾ ਇਕ ਦਮ ਬਿਦਕ (ਡਰ) ਕੇ ਪਿਛਲੇ ਪੈਰਾਂ ਤੇ ਖਲੋ ਗਿਆ (ਅਰਥਾਤ ਸੀਖ਼ਪਾ ਹੋ ਗਿਆ) ਤੇ ਉਛਲਣ ਟੱਪਣ ਲੱਗ ਪਿਆ । ਮੇਰੇ ਪਾਸੋਂ ਕਾਹਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਉਸਦੀ ਲਗਾਮ ਥੋੜੀ ਜੇਹੀ ਖਿੱਚੀ ਗਈ, ਜਿਸ ਨਾਲ ਉਹ ਪਿਛਾਂ ਦਾ ਪਿਛਾਂ ਹੀ ਆਪਣੀ ਪਿੱਠ ਭਾਰ ਡਿੱਗ ਪਿਆ। ਮੇਰੀ ਕਿਸਮਤ ਚੰਗੀ ਸੀ ਮੈਂ ਇਕ ਪਾਸੇ ਡਿੱਗਾ। ਜੇ ਉਸ ਦੇ ਹੇਠਾਂ ਆ ਜਾਂਦਾ ਤਾਂ ਪਤਾ ਨਹੀਂ ਕੀ ਹੁੰਦਾ। ਫਿਰ ਸਾਨੂੰ ਹੈਰਾਨੀ ਹੋਈ ਕਿ ਉਹ ਸਰਪਟ ਦੌੜ ਜਾਣ ਦੀ ਥਾਂ ਉੱਠ ਕੇ ਖਲੋ ਗਿਆ, ਕਿਉਂਕਿ ਮੁਰਗੀਆਂ ਏਨੇ ਚਿਰ ਵਿਚ ਸ਼ਾਂਤ ਹੋ ਗਈਆਂ ਸਨ। ਭਾਈ ਸਾਹਿਬ ਕਹਿਣ ਲੱਗੇ ਮੈਂ ਇਸ ਨੂੰ ਠੀਕ ਕਰਦਾ ਹਾਂ। ਉਹ ਸ਼ਾਹ ਸਵਾਰ ਸਨ। ਇਕ ਦਮ ਸਵਾਰ ਹੋ ਕੇ ਉਸ ਨੂੰ ਸਰਪਟ ਦੌੜਾ ਕੇ ਲੈ ਗਏ। ਮੈਂ ਸਾਈਕਲ ਤੇ ਉਨ੍ਹਾਂ ਦੇ ਪਿੱਛੇ ਚੱਲ ਪਿਆ।

ਸਾਡੇ ਇਹਾਤੇ ਵਿਚ ਇਕ ਦਿਨ ਇਕ ਰਿੱਛ ਵਾਲਾ ਆ ਗਿਆ। ਭਾਈ ਸਾਹਿਬ ਉਸ ਨੂੰ ਕਹਿਣ ਲੱਗੇ, ਸਾਡੇ ਵੱਡੇ ਬੁੱਲ੍ਹੀ ਕੁੱਤੇ ਨਾਲ ਲੜਾਣਾ ਈ ? ਜੇ ਤੇਰਾ ਰਿੱਛ ਜਿੱਤ ਗਿਆ ਤਾਂ ਦੋ ਰੁਪਏ ਇਨਾਮ ਦਿਆਂਗੇ। ਰਿੱਛ ਵਾਲਾ ਮੰਨ ਗਿਆ। ਸਾਡਾ ਕੁੱਤਾ ਬਹੁਤ ਵੱਡੇ ਕੱਦ ਦਾ ਤੇ ਆਖਰਾਂ ਦਾ ਬਲਵਾਨ ਸੀ। ਦਿਨੇ ਬੱਧਾ ਰਹਿੰਦਾ ਸੀ। ਰਿੱਛ ਨੂੰ ਦੇਖਕੇ ਉਹ ਝਈਆਂ ਲੈ ਰਿਹਾ ਸੀ। ਜਦ ਉਸ ਨੂੰ ਛੱਡਿਆ ਤਾਂ ਉਹ ਇਕ-ਦਮ ਰਿੱਛ ਦੇ ਗਲ ਪੈ ਗਿਆ ਤੇ ਉਸ ਨੂੰ ਧੌਣ ਦੇ ਉਪਰੋਂ ਚੱਕ ਮਾਰ ਲਿਆ। ਫੇਰ ਉਸ ਨੂੰ ਪਿਛਲੇ ਪੈਰਾਂ ਤੇ ਖਲੋ ਕੇ ਝੰਜੋੜਦਾ ਰਿਹਾ ਪਰ ਬੁਰਕ ਨਾ ਛੱਡਿਆ। ਰਿੱਛ ਨੇ ਪੂਰੀ ਵਾਹ ਲਾਈ ਪਰ ਧੌਣ ਨਾ ਛੁਡਾ ਸਕਿਆ। ਫਿਰ ਉਹ ਘਬਰਾ ਕੇ ਚੀਕਣ ਲੱਗ ਪਿਆ। ਰਿੱਛ ਵਾਲਾ ਕਹਿਣ ਲੱਗਾ, ਸਰਦਾਰ ਜੀ ! ਮੈਂ ਹਾਰ ਮੰਨੀ, ਮੇਰਾ ਰਿੱਛ ਛੁਡਾ ਦਿਓ। ਭਾਈ ਸਾਹਿਬ ਨੇ ਸੰਗਲੀ ਫੜ ਕੇ ਕੁੱਤੇ ਨੂੰ ਜ਼ੋਰ ਨਾਲ ਪਿੱਛੇ ਖਿਚਿਆ ਤਾਂ ਰਿੱਛ ਚੀਕਾਂ ਮਾਰਦਾ ਪਿਛੇ ਦੌੜ ਗਿਆ। ਭਾਈ ਸਾਹਿਬ ਨੇ ਉਸ ਗਰੀਬ ਤੇ ਤਰਸ ਖਾ ਕੇ ਰਿੱਛ ਵਾਲੇ ਨੂੰ ਦੋ ਰੁਪਏ ਦੇ ਦਿਤੇ। (ਓਦੋਂ ਕਣਕ ਦਾ ਭਾਅ ਸਵਾ ਰੁਪਏ ਮਨ ਸੀ)।

ਮੈਂ ਜਦੋਂ ਲਾਹੌਰ ਫਰਸਟ ਈਅਰ ਵਿਚ ਪੜ੍ਹਦਾ ਸੀ ਤਾਂ ਤਿੰਨ ਮਹੀਨੇ ਦੀਆਂ ਛੁੱਟੀਆਂ ਵਿਚ ਪਿੰਡ ਆਇਆ ਹੋਇਆ ਸੀ। ਇਕ ਦਿਨ ਮੇਰੇ ਪਾਸੋਂ ਅਣਜਾਣੇ ਵਿਚ ਇਕ ਅਜੇਹੀ ਗਲਤੀ ਹੋ ਗਈ ਜਿਸ ਦਾ ਪਿਛੋਂ ਬਹੁਤ ਪਛਤਾਵਾ ਰਿਹਾ। ਸਗੋਂ ਭਾਈ ਸਾਹਿਬ ਪਾਸੋਂ ਮਿੱਠੀ ਝਾੜ ਵੀ ਖਾਣੀ ਪਈ। ਗੱਲ ਇਉਂ ਹੋਈ ਕਿ ਮੈਂ ਕਾਲਜ ਦੇ ਪਹਿਲੇ ਸਾਲ ਵਿਚ ਇਕ ਅੱਲ੍ਹੜ ਨੌਜਵਾਨ, ਉਰਦੂ ਦੇ ਸ਼ਿਅਰਾਂ ਦਾ ਏਨਾ ਆਸ਼ਕ ਹੋਇਆ ਕਿ ਮਾਨੋ ਜ਼ਮੀਨ ਤੇ ਪੈਰ ਹੀ ਨਾ ਲੱਗਣ। ਮੌਲਾਨਾ ਹਾਲੀ ਦਾ ਦੀਵਾਨ (ਸ਼ਿਅਰਾਂ ਦਾ ਸੰਗ੍ਰਹਿ) ਕੋਰਸ ਵਿਚ ਲੱਗਾ ਸੀ, ਉਸ ਦੇ ਅਣਗਿਣਤ ਸ਼ਿਅਰ ਮੈਨੂੰ ਜ਼ਬਾਨੀ ਯਾਦ ਹੋ ਗਏ। ਜੀਵਨ ਦੇ ਠੋਸ ਤਜਰਬੇ ਨਾਲੋਂ ਜੀਵਨ ਦਾ ਉਤਸ਼ਾਹ ਤੇ ਆਦਰਸ਼ਵਾਦ ਜ਼ੋਰਾਂ ਤੇ ਸੀ। ਚੁਬਾਰੇ ਵਿਚ ਦੁਪਹਿਰ ਨੂੰ ਰੋਜ਼ ਖਾਣੇ ਤੋਂ ਬਾਅਦ ਤਾਸ਼ ਖੇਡਣ ਦਾ ਸ਼ੁਗਲ ਦੋ ਤਿੰਨ ਘੰਟੇ ਚਲਦਾ ਸੀ। ਖੇਡਣ ਵਾਲੇ ਅਸੀਂ ਭਰਾ ਤੇ ਭਣੂਜਾ ਹੀ ਹੁੰਦੇ ਸਾਂ। ਹੋਰ ਕਿਸੇ ਪਿੰਡ ਦੇ ਆਦਮੀ ਨੂੰ ਸ਼ਾਮਲ ਨਾ ਕਰਦੇ ਕਿਉਂਕਿ ਇਸ ਨਾਲ ਸਾਡਾ ਵੱਖਰਾਪਨ (privacy) ਭੰਗ ਹੁੰਦੀ ਸੀ। ਪਰ ਇਕ ਦਿਨ ਪਿੰਡ ਦਾ ਇਕ ਸਰਦਾਰ ਮਿਲਣ ਆਇਆ ਸੀ। ਉਹ ਵੀ ਸ਼ਾਮਲ ਹੋ ਗਿਆ। ਜਦ ਖੇਡ ਭੱਖ ਗਈ (ਅਸੀਂ ਬਹੁਤਾ 'ਸਵੀਪ' ਹੀ ਖੇਡਦੇ ਸਾਂ) ਤਾਂ ਖਿਡਾਰੀਆਂ ਨੂੰ ਉਤਸ਼ਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਣ ਲਈ ਮੈਂ ਹਾਲੀ ਦਾ ਇਹ ਸ਼ਿਅਰ ਬੋਲ ਦਿਤਾ :

ਖੇਤੋਂ ਕੋ ਦੇ ਲੋ ਪਾਣੀ ਅਬ ਬਹਿ ਰਹੀ ਹੈ ਗੰਗਾ,
ਕੁਝ ਕਰ ਲੋ ਨੌਜਵਾਨੋ ਉੱਠਤੀ ਜਵਾਨੀਆਂ ਹੈਂ ।

ਮੈਂ ਅਭੋਲ ਹੀ ਇਹ ਸ਼ਿਅਰ ਬੋਲਿਆ ਤਾਂ ਉਸ ਸਰਦਾਰ ਦਾ ਰੰਗ ਫ਼ੱਕ ਹੋ ਗਿਆ । ਅੱਖਾਂ ਵਿਚ ਕੁਝ ਲਾਲੀ ਜੇਹੀ ਆ ਗਈ । ਮੈਂ ਇਹ ਦੇਖਕੇ ਹੈਰਾਨ ਹੋਇਆ, ਪਰ ਸਮਝ ਨਾ ਆਈ ਕੀ ਗੱਲ ਹੈ ? ਥੋੜ੍ਹੀ ਦੇਰ ਬਾਅਦ ਉਹ ਸਰਦਾਰ ਉੱਠ ਕੇ ਚਲਾ ਗਿਆ । ਉਸ ਦੇ ਜਾਣ ਤੋਂ ਬਾਅਦ ਭਾਈ ਇਕਬਾਲ ਸਿੰਘ ਨੇ ਮੈਨੂੰ ਝਾੜ ਪਾਂਦੇ ਕਿਹਾ, 'ਇਹ ਪਾੜ੍ਹੇ ਮੁੰਡੇ ਵੀ ਅੱਧੇ ਮੂਰਖ ਹੁੰਦੇ ਨੇ । ਤੂੰ ਆਪਣੇ ਸ਼ਿਅਰ ਲਾਹੌਰ ਹੀ ਰੱਖਿਆ ਕਰ, ਮਿਹਰਬਾਨੀ ਕਰਕੇ ਪਿੰਡ ਵਿਚ ਆ ਕੇ ਨਾ ਬੋਲਿਆ ਕਰ, ਤੈਨੂੰ ਕੀ ਪਤਾ ਪਿੰਡ ਵਿਚ ਕੀ ਹਾਲਾਤ ਹਨ ਤੇ ਕਿਸ ਕਿਸਮ ਦਾ ਵਾਤਾਵਰਨ ਹੁੰਦਾ ਹੈ। ਇਨ੍ਹਾਂ ਗੱਲਾਂ ਤੋਂ ਕਈ ਵਾਰੀ ਝਗੜੇ ਵੀ ਹੋ ਜਾਂਦੇ ਹਨ । ਲੈ ਸੁਣ, ਉਸ ਸਰਦਾਰ ਦਾ ਮੂੰਹ ਦੇਖਿਆ ਸਾਈ ਕਿਵੇਂ ਲਾਲ ਹੋ ਗਿਆ ਸੀ ? ਉਸ ਦੀ ਲੜਕੀ ਜਵਾਨੀ ਵਿਚ ਪੈਰ ਰੱਖ ਰਹੀ ਹੈ । ਉਸ ਨੇ ਔਖੇ ਤਾਂ ਹੋਣਾ ਹੀ ਸੀ।' ਮੈਨੂੰ ਇਹ ਸੁਣ ਕੇ ਆਪਣੀ ਗਲਤੀ ਦਾ ਤਿੱਖਾ ਇਹਸਾਸ ਹੋਇਆ ਤੇ ਮੈਂ ਕਿਹਾ ਮੈਂ ਉਸ ਪਾਸੋਂ ਮੁਆਫੀ ਮੰਗ ਲੈਂਦਾ ਹਾਂ । ਉਹ ਕਹਿਣ ਲੱਗੇ, ਤੂੰ ਹੁਣ ਛੱਡ ਇਸ ਗੱਲ ਨੂੰ । ਉਹ ਜਾਣਦਾ ਹੈ ਕਿ ਤੂੰ ਜਾਣ ਬੁਝ ਕੇ ਨਹੀਂ, ਸਗੋਂ ਭੋਲੇਪਨ ਨਾਲ ਇਹ ਸ਼ਿਅਰ ਸੁਣਾ ਦਿਤਾ ਹੈ। ਜੇ ਮੈਂ ਜਾਂ ਸਾਡੇ 'ਚੋਂ ਕੋਈ ਪਿੰਡ ਦਾ ਰਹਿਣ ਵਾਲਾ ਇਹ ਗੱਲ ਕਹਿੰਦਾ ਤਾਂ ਫਸਾਦ ਹੋ ਜਾਣਾ ਸੀ । ਮੈਂ ਆਪਣੀ ਗ਼ਲਤੀ ਮੰਨਦੇ ਹੋਏ ਕਿਹਾ ਕਿ ਏਸੇ ਲਈ ਸਾਨੂੰ ਕਾਲਜ ਵਿਚ 'ਫਰਸਟ ਈਅਰ ਫ਼ੂਲ' ਕਹਿੰਦੇ ਹਨ । ਅਸੀਂ ਕਿਸੇ ਖਿਆਲੀ ਦੁਨੀਆ ਵਿਚ ਰਹਿੰਦੇ ਹਾਂ ।

ਮੈਨੂੰ ਸ਼ਿਅਰ ਦੀ ਗਲਤ ਵਰਤੋਂ ਜਾਂ ਅਰਥ/ਅਨਰਥ ਬਾਰੇ ਈਰਾਨ ਦੇ ਪ੍ਰਸਿੱਧ ਫ਼ਾਰਸੀ ਸ਼ਾਇਰ ਹਾਫ਼ਿਜ਼ ਦਾ ਇਕ ਸ਼ਿਅਰ ਯਾਦ ਆ ਗਿਆ ਹੈ । ਉਹ ਸ਼ੀਰਾਜ਼ ਸ਼ਹਿਰ ਦਾ ਰਹਿਣ ਵਾਲਾ ਸੀ ਤੇ ਐਵੇਂ ਸ਼ਾਇਰਾਂ ਵਾਲੀ ਫੋਕੀ ਫੜ੍ਹ ਮਾਰਦੇ ਹੋਏ ਉਸ ਨੇ ਇਹ ਸ਼ਿਅਰ ਲਿਖ ਦਿੱਤਾ :

ਅਗਰ ਆਂ ਤੁਰਕਿ ਸ਼ੀਰਾਜ਼ੀ ਬਦਸਤ ਆਰਦ ਦਿਲਿ ਮਾ ਰਾ,
ਬਖ਼ਾਲਿ ਹਿੰਦੂਅਸ਼ ਬਖਸ਼ਮ ਸਮਰਕੰਦ ਓ ਬੁਖ਼ਾਰਾ ਰਾ ।

ਅਰਥਾਤ ਜੇ ਉਹ ਸ਼ੀਰਾਜ਼ ਦਾ ਤੁਰਕ ਮਾਸ਼ੂਕ ਮੇਰੇ ਤੇ ਪ੍ਰਸੰਨ ਹੋ ਜਾਏ ਤਾਂ ਮੈਂ ਉਸ ਦੇ ਚਿਹਰੇ ਦੇ ਕਾਲੇ ਤਿਲ ਉਪਰ ਸਮਰਕੰਦ ਤੇ ਬੁਖਾਰਾ ਜੇਹੇ ਸ਼ਹਿਰ ਵਾਰ ਸੁੱਟਾਂ । ਕੁਝ ਸਾਲਾਂ ਬਾਅਦ ਜਦ ਅਮੀਰ ਤੈਮੂਰ ਨੇ ਸਮਰਕੰਦ, ਬੁਖਾਰਾ ਆਦਿ ਸ਼ਹਿਰ ਫਤਹ ਕਰ ਕੇ ਹਕੂਮਤ ਕਾਇਮ ਕੀਤੀ ਤਾਂ ਹਾਫਿਜ਼ ਦਾ ਇਹ ਸ਼ਿਅਰ ਸੁਣ ਕੇ ਉਸ ਨੂੰ ਬਹੁਤ ਗੁੱਸਾ ਆਇਆ ਤੇ ਆਪਣੀ ਹੇਠੀ ਸਮਝੀ । ਫਿਰ ਜਦ ਉਹ ਦੁਨੀਆ ਫਤਹ ਕਰਨ ਨਿਕਲਿਆ ਤੇ ਈਰਾਨ ਦੇ ਇਲਾਕੇ ਜਿੱਤਦਾ ਤੇ ਲੁੱਟਮਾਰ ਕਰਦਾ ਸ਼ੀਰਾਜ ਪਹੁੰਚਿਆ ਤਾਂ ਸ਼ਹਿਰ ਨੂੰ ਬੁਰੀ ਤਰ੍ਹਾਂ ਲੁੱਟਿਆ ਤੇ ਕਤਲਾਮ ਕੀਤੀ । ਸ਼ਹਿਰ ਦੇ ਮਸ਼ਹੂਰ ਆਦਮੀ ਵੀ ਫੜਕੇ ਉਸ ਦੇ ਸਾਹਮਣੇ ਪੇਸ਼ ਕੀਤੇ ਗਏ। ਭਾਰੀ ਗੁੱਸੇ ਵਿਚ ਉਸ ਨੇ ਬਹੁਤਿਆਂ ਨੂੰ ਮੌਤ ਦੀ ਸਜ਼ਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਤੀ। ਜਦ ਹਾਫਿਜ਼ ਦੀ ਵਾਰੀ ਆਈ ਤਾਂ ਗਜ਼ਬਨਾਕ ਹੋ ਕੇ ਕਹਿਣ ਲੱਗਾ, 'ਓ ਮੂਰਖ ਸ਼ਾਇਰ ! ਤੇਰੇ ਪਾਸ ਹੈ ਕੀ ਜੋ ਫੜਾਂ ਮਾਰਦਾ ਤੇ ਸਮਰਕੰਦ ਬੁਖਾਰਾ ਜੇਹੇ ਸ਼ਹਿਰ ਬਖਸ਼ਦਾ ਫਿਰਦਾ ਹੈਂ ? ਜਵਾਬ ਦੇਹ !' ਹਾਫਿਜ਼ ਨੂੰ ਮੌਤ ਯਕੀਨੀ ਦਿੱਸਦੀ ਸੀ ਪਰ ਪ੍ਰਤਿਭਾਸ਼ੀਲ ਕਵੀ ਸੀ, ਉਸ ਨੂੰ ਇਕ ਜਵਾਬ ਸੁੱਝ ਗਿਆ। ਕਹਿਣ ਲੱਗਾ, 'ਬਾਦਸ਼ਾਹ ਸਲਾਮਤ ! ਇਨ੍ਹਾਂ ਫਜ਼ੂਲ ਬਖਸ਼ਿਸ਼ਾਂ ਦਾ ਹੀ ਨਤੀਜਾ ਹੈ ਕਿ ਮੇਰੇ ਪਾਸ ਕੁੱਝ ਨਹੀਂ ਰਿਹਾ ਤੇ ਇਸ ਤਰ੍ਹਾਂ ਆਜਿਜ਼ ਹੋ ਕੇ ਆਪ ਦੇ ਸਾਹਮਣੇ ਪੇਸ਼ ਹੋਇਆ ਹਾਂ।' ਤੈਮੂਰ ਨੂੰ ਉਸ ਦੀ ਬੇਵਕੂਫੀ ਤੇ ਹਾਸਾ ਆ ਗਿਆ। ਕਹਿਣ ਲੱਗਾ, ਸ਼ਾਇਰ ਪਾਗਲ ਹੁੰਦੇ ਹਨ। ਇਸ ਨੂੰ ਛੱਡ ਦਿਤਾ ਜਾਏ।

ਇਕ ਬੇਮਿਸਾਲ ਹਕੀਮ

ਭਾਈ ਦਿਆਲ ਸਿੰਘ ਸਾਡੇ ਸਾਰੇ ਵੱਡੇ ਪਰਿਵਾਰ ਦਾ ਨਿੱਜੀ ਹਕੀਮ ਸੀ। ਉਹ ਨਾਲ ਦੇ ਪਿੰਡ ਚੱਕ 46 ਵਿਚ ਸਾਡੇ ਦਾਦਾ ਜੀ ਦੇ ਛੋਟੇ ਭਾਈ ਬਾਪੂ ਵੀਰ ਸਿੰਘ ਹੁਰਾਂ ਪਾਸ ਰਹਿੰਦਾ ਸੀ। ਅਸਲੋਂ ਹੀ ਇਕ ਅਜੀਬ ਤੇ ਅਸਾਧਾਰਨ ਸ਼ਖਸੀਅਤ ਦਾ ਮਾਲਕ ਸੀ। ਪਰ ਹਿਕਮਤ (ਹਕੀਮੀ) ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਉਹ ਹਕੀਮ ਵੀ ਸੀ ਤੇ ਵੈਦ ਵੀ। ਮੇਰੇ ਬਚਪਨ ਸਮੇਂ ਉਸ ਦੀ ਉਮਰ ਬੁਢਾਪੇ ਵਾਲੀ ਸੀ।

ਉਸ ਦੇ ਮੁਢਲੇ ਜੀਵਨ ਬਾਰੇ ਲੋਕਾਂ ਨੂੰ ਕੁਝ ਪਤਾ ਨਹੀਂ ਸੀ। ਜਦ ਉਹ 1952 ਵਿਚ ਸਾਡੇ ਪਾਸ ਮੇਰੀ ਪਤਨੀ ਦੇ ਇਲਾਜ ਲਈ ਦੋ ਤਿੰਨ ਮਹੀਨੇ ਠਹਿਰਿਆ ਤਾਂ ਓਦੋਂ ਉਸ ਨੇ ਆਪਣੇ ਜੀਵਨ ਬਾਰੇ ਕੁਝ ਵੇਰਵੇ ਦੱਸੇ। ਉਸ ਨੇ ਦੱਸਿਆ ਕਿ ਉਹ ਹੋਤੀ ਮਰਦਾਨ (ਸੂਬਾ ਸਰਹੱਦ, ਪੱਛਮੀ ਪੰਜਾਬ) ਦੇ ਨੇੜੇ ਕਿਸੇ ਪਿੰਡ ਦਾ ਜੰਮ ਪਲ ਸੀ। ਉਸ ਦੇ ਪਿਤਾ ਨੇ ਦੂਜੀ ਸ਼ਾਦੀ ਕਰ ਲਈ ਜਿਸ ਨਾਲ ਉਸ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਉਹ ਦੋ ਭੈਣਾਂ ਸਮੇਤ ਪਹਿਲੀ ਮਾਂ ਵਿਚੋਂ ਸੀ। ਮਤਰੇਈ ਮਾਂ ਉਨ੍ਹਾਂ ਨੂੰ ਕੁੱਟਦੀ ਮਾਰਦੀ ਤੇ ਗਾਲ੍ਹਾਂ ਕੱਢਦੀ ਰਹਿੰਦੀ। ਅੱਕ ਕੇ ਉਹ 11 ਸਾਲ ਦੀ ਉਮਰ ਵਿਚ ਘਰੋਂ ਦੌੜ ਕੇ ਹੋਤੀ ਮਰਦਾਨ ਦੇ ਪ੍ਰਸਿੱਧ ਸੰਤ ਬਾਬਾ ਕਰਮ ਸਿੰਘ ਜੀ ਦੇ ਡੇਰੇ ਵਿਚ ਆ ਗਿਆ ਤੇ ਉਥੇ ਕੁਝ ਸਾਲ ਲੰਗਰ ਦੇ ਭਾਂਡੇ ਮਾਂਜਦਾ ਰਿਹਾ। ਫਿਰ ਉਥੋਂ ਨਿਕਲ ਕੇ ਕਈ ਥਾਵਾਂ ਤੇ ਫਿਰਦਾ ਫਰਾਂਦਾ ਤੇ ਸਾਧਾ ਸੰਤਾਂ ਦੀ ਸੰਗਤ-ਸੇਵਾ ਕਰਦਾ ਹਰਦਵਾਰ ਦੇ ਨਿਰਮਲ ਅਖਾੜੇ ਵਿਚ ਆ ਟਿਕਿਆ। ਇਥੇ ਹੀ ਆਯੁਰਵੈਦਿਕ ਤੇ ਹਿਕਮਤ ਦੀਆਂ ਪੁਸਤਕਾਂ ਪੜ੍ਹੀਆਂ ਤੇ ਹਕੀਮੀ ਦੇ ਕਿੱਤੇ ਦਾ ਮਾਹਿਰ ਹੋ ਗਿਆ। ਫਿਰ ਉਹ ਕਾਫੀ ਸਾਲ ਲਾਇਲਪੁਰ ਦੀ ਬਾਰ ਵਿਚ ਕਈ ਥਾਵਾਂ ਤੇ ਰਿਹਾ। ਅੰਤ ਉਹ ਸਾਡੇ ਨੇੜੇ ਚਕ 46 ਵਿਚ ਆ ਗਿਆ। ਦੇਸ਼-ਵੰਡ (1947) ਪਿਛੋਂ ਉਹ ਸਾਡੇ ਚਕ 20 ਸ੍ਰੀ ਗੰਗਾ ਨਗਰ (ਰਾਜਸਥਾਨ) ਵਾਲੇ ਪਿੰਡ ਵਿਚ ਜਾ ਵੱਸਿਆ ਤੇ ਉਥੋਂ ਹੀ ਸਾਡੇ ਮਾਤਾ ਜੀ ਦੇ ਕਹਿਣ ਤੇ 1952 ਵਿਚ ਸਾਡੇ ਪਾਸ ਖ਼ਾਲਸਾ ਕਾਲਜ ਵਿਚ ਆਇਆ। ਨਵੰਬਰ 1954 ਦੇ ਅੰਤ ਵਿਚ ਉਹ ਫਿਰ ਸਾਡੇ ਪਾਸ ਆਇਆ ਤਾਂ ਕੁਝ ਬੀਮਾਰ ਜਿਹਾ ਸੀ। ਓਦੋਂ ਉਹ 95 ਕੁ ਸਾਲਾਂ ਦਾ ਸੀ। ਉਹ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚੋਂ ਕੁਝ ਦਵਾਈਆਂ ਲੈਣ ਆਇਆ ਸੀ। ਪਰ ਸਰਦੀ ਕਾਰਨ ਉਸਨੂੰ ਰਾਹ ਵਿਚ ਹੀ ਨਮੂਨੀਆ ਹੋ ਗਿਆ ਸੀ। ਸਾਡੇ ਪਾਸ ਆ ਕੇ ਉਸ ਨੂੰ ਅਚਾਨਕ ਅਧਰੰਗ ਹੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ। ਅਸੀਂ ਗੁਰੂ ਤੇਗ ਬਹਾਦਰ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾ ਦਿਤਾ ਜਿਥੇ 5 ਦਸੰਬਰ ਨੂੰ ਉਸ ਦਾ ਦੇਹਾਂਤ ਹੋ ਗਿਆ।

ਪੋਠੋਹਾਰੀ ਹੋਣ ਕਾਰਨ ਉਸਦਾ ਰੰਗ ਗੋਰਾ, ਕੱਦ ਲੰਮਾ ਤੇ ਸਰੀਰ ਭਾਰਾ ਸੀ। ਬੁਢਾਪੇ ਵਿਚ ਉਸ ਦੇ ਸਿਰ ਦੇ ਚਿੱਟੇ ਵਾਲ ਕਾਫੀ ਸੰਘਣੇ ਤੇ ਪੁਰਾਤਨ ਰਿਸ਼ੀਆਂ ਵਰਗੇ ਸਨ। ਸੁਭਾ ਦਾ ਹੱਸ-ਮੁੱਖ ਤੇ ਬੇ-ਫਿਕਰ ਸੀ । ਸਾਰੀ ਉਮਰ ਸ਼ਾਦੀ ਨਹੀਂ ਸੀ ਕੀਤੀ। ਇਕ ਤਰ੍ਹਾਂ ਨਾਲ ਉਹ ਇਕ ਚੰਗਾ ਵਿਦਵਾਨ ਨਿਰਮਲਾ ਸੰਤ ਸੀ। ਉਸ ਦੇ ਕੀਤੇ ਕੁਝ ਇਲਾਜ ਚਮਤਕਾਰੀ ਪੱਧਰ ਦੇ ਸਨ। ਸਾਡੇ ਛੋਟੇ ਭਾਈ ਜੋਗਿੰਦਰ ਸਿੰਘ ਨੂੰ 1940 ਵਿਚ ਸਖਤ ਰੀਹ ਦੀ ਦਰਦ ਹੋ ਗਈ। ਭਾਈ ਜੀ ਨੇ ਏਨਾ ਚੰਗਾ ਇਲਾਜ ਕੀਤਾ ਕਿ ਫਿਰ ਸਾਰੀ ਉਮਰ ਉਸ ਨੂੰ ਇਹ ਤਕਲੀਫ ਨਹੀਂ ਹੋਈ। ਏਸੇ ਤਰ੍ਹਾਂ ਸਾਡੀ ਵੱਡੀ ਲੜਕੀ ਹਰਜੀਤ ਨੂੰ 1947 ਵਿਚ ਦੋ ਸਾਲ ਦੀ ਉਮਰੇ ਸਰਗੋਧਾ ਵਾਲੇ ਪਿੰਡ ਵਿਚ ਟਾਈਫਾਈਡ ਹੋ ਗਿਆ। ਭਾਈ ਜੀ ਦੀ ਦਵਾਈ ਨਾਲ ਨਾ ਕੇਵਲ ਇਕ ਹਫਤੇ ਅੰਦਰ ਬੁਖਾਰ ਉਤਰ ਗਿਆ ਸਗੋਂ ਬਿਲਕੁਲ ਕਮਜ਼ੋਰੀ ਨਾ ਹੋਈ ਜਦ ਕਿ ਇਸ ਬੁਖਾਰ ਵਿਚ ਬੇਹੱਦ ਕਮਜ਼ੋਰੀ ਹੋ ਜਾਂਦੀ ਹੈ। ਪਰ ਅਫਸੋਸ ਉਹ ਆਪਣੀ ਸਾਰੀ ਯੋਗਤਾ ਤੇ ਹਿਕਮਤ ਦਾ ਗਿਆਨ ਪੁਰਾਣੇ ਸਭ ਹਕੀਮਾਂ ਵਾਂਗ ਆਪਣੇ ਨਾਲ ਲੈ ਗਿਆ। ਸਾਡੇ ਬੇਨਤੀ ਕਰਨ ਤੇ ਵੀ ਕੋਈ ਨੁਸਖਾ ਸਾਨੂੰ ਨਹੀਂ ਲਿਖਵਾਇਆ।

ਉਪਰ ਮੈਂ ਪਿੰਡਾਂ ਦੇ ਵਹਿਮਾਂ ਭਰਮਾਂ ਦਾ ਜ਼ਿਕਰ ਕੀਤਾ ਹੈ। ਇਸ ਵਿਸ਼ੇ ਬਾਰੇ ਭਾਈ ਦਿਆਲ ਸਿੰਘ ਨੇ ਇਕ ਦਿਨ ਆਪਣੇ ਜੀਵਨ ਦੀ ਇਕ ਬੜੀ ਅਜੀਬ ਘਟਨਾ ਸੁਣਾਈ। ਉਹ ਜਦੋਂ ਲਾਇਲਪੁਰ ਦੀ ਬਾਰ ਦੇ ਇਕ ਪਿੰਡ ਵਿਚ ਰਹਿੰਦਾ ਸੀ ਤਾਂ ਇਕ ਵਾਰੀ ਪਿੰਡ ਤੋਂ ਸ਼ਹਿਰ ਕਿਸੇ ਕੰਮ ਗਿਆ। ਪਿੰਡ ਤੋਂ ਰੇਲਵੇ ਸਟੇਸ਼ਨ ਕੁਝ ਮੀਲਾਂ ਤੇ ਸੀ। ਉਸ ਨੇ ਦੱਸਿਆ ਕਿ 'ਸ਼ਹਿਰ ਤੋਂ ਵਾਪਸੀ ਤੇ ਜਦ ਮੈਂ ਗੱਡੀ ਤੋਂ ਉਤਰਿਆ ਤਾਂ ਸ਼ਾਮ ਦਾ ਘੁਸਮੁਸਾ ਹੋ ਚੁਕਾ ਸੀ। ਮੈਂ ਪੈਦਲ ਹੀ ਪਿੰਡ ਵਲ ਚਲ ਪਿਆ । ਰਾਹ ਵਿਚ ਇਕ ਹੋਰ ਪਿੰਡ ਆਉਂਦਾ ਸੀ। ਜਦ ਉਸ ਪਿੰਡ ਦੇ ਨੇੜੇ ਪੁੱਜਾ ਤਾਂ ਉਥੇ ਪਿੰਡ ਦੇ ਬਾਹਰ ਵਾਰ ਸਿਵਿਆਂ (ਭਾਵ ਸ਼ਮਸ਼ਾਨ ਭੂਮੀ) ਵਾਲੀ ਥਾਂ ਇਕ ਸਿਵਾ ਜਲ ਰਿਹਾ ਸੀ। ਲੋਕ ਮੁਰਦੇ ਨੂੰ ਅੱਗ ਲਾ ਕੇ ਪਿੰਡ ਨੂੰ ਪਰਤ ਗਏ ਸਨ। ਇਕ ਆਦਮੀ ਜਿਸ ਨੂੰ ਸਿਵੇ ਦੀ ਦੇਖ ਭਾਲ ਲਈ ਨਿਯਤ ਕੀਤਾ ਸੀ, ਉਹ ਵੀ ਉਸ ਵੇਲੇ ਉਥੇ ਨਹੀਂ ਸੀ। ਸਰਦੀਆਂ ਦੇ ਦਿਨ ਸਨ। ਮੈਂ ਓਦੋਂ ਭਰ ਜਵਾਨੀ ਦੀ ਉਮਰ ਵਿਚ ਸੀ ਤੇ ਸੁਭਾ ਦਾ ਦਲੇਰ ਤੇ ਨਿਡਰ ਸੀ। ਮੈਂ ਸੋਚਿਆ ਥੋੜਾ ਆਰਾਮ ਕਰ ਲਵਾਂ ਤੇ ਨਾਲੇ ਅੱਗ ਸੇਕ ਲਵਾਂ। ਇਸ ਲਈ ਸਿਵੇ ਦੇ ਨੇੜੇ ਬੈਠ ਗਿਆ। ਫਿਰ ਮੈਂ ਪਗੜੀ ਲਾਹ ਕੇ ਆਪਣੇ ਲੰਮੇ ਤੇ ਭਾਰੇ ਕੇਸ ਵਾਹਣ ਲਗ ਪਿਆ। ਜਦ ਮੈਂ ਵਾਲਾਂ ਵਿਚ ਕੰਘਾ ਕਰ ਰਿਹਾ ਸੀ ਤਾਂ ਉਹ ਡਿਊਟੀ ਵਾਲਾ ਆਦਮੀ ਉਥੇ ਆ ਗਿਆ। ਮੈਂ ਆਪਣੇ ਧਿਆਨ ਸੀ। ਉਹ ਮੈਨੂੰ ਅਚਾਨਕ ਦੇਖ ਕੇ ਮੈਨੂੰ ਭੂਤ ਸਮਝ ਬੈਠਾ ਤੇ ਮੇਰੇ ਲੰਮੇ ਤੇ ਖਿਲਰੇ ਵਾਲ ਦੇਖ ਕੇ ਉਸ ਦਾ ਵਹਿਮ ਪੱਕਾ ਹੋ ਗਿਆ । ਉਹ ਉੱਚੀ ਆਵਾਜ਼ ਵਿਚ ਚੀਖਿਆ ਤੇ ਡਡੋਲਿਕਾ ਹੋ ਕੇ ਪਿੱਛੇ ਨੂੰ ਦੌੜਨ ਲੱਗਾ। ਮੈਂ ਦੇਖਿਆ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਡਰ ਗਿਆ ਹੈ, ਉਸ ਨੂੰ ਵਾਜ ਮਾਰੀ ਕਿ ਮੈਥੋਂ ਨਾ ਡਰ ਮੈਂ ਆਦਮੀ ਹਾਂ। ਪਰ ਉਹ ਮੇਰੇ ਬੋਲਣ ਨਾਲ ਹੋਰ ਵੀ ਜ਼ਿਆਦਾ ਡਰ ਗਿਆ ਤੇ ਡਿੱਗਦਾ ਢਹਿੰਦਾ ਦੌੜ ਗਿਆ। ਮੈਂ ਵੀ ਉੱਠ ਕੇ ਉਸ ਨੂੰ ਤਸੱਲੀ ਦੇਣ ਲਈ ਉਸ ਦੇ ਪਿੱਛੇ ਤੇਜ਼ੀ ਨਾਲ ਤੁਰ ਪਿਆ। ਜਦ ਉਹ ਪਿੰਡ ਵਿਚ ਪੁੱਜਾ ਤਾਂ ਸਾਰਾ ਪਿੰਡ ਉਸ ਦੇ ਦੁਆਲੇ ਇਕੱਠਾ ਹੋਇਆ ਸੀ। ਉਸ ਆਦਮੀ ਨੂੰ ਸਖਤ ਬੁਖਾਰ ਚੜ੍ਹ ਗਿਆ ਸੀ। ਮੈਂ ਜਾ ਕੇ ਲੋਕਾਂ ਨੂੰ ਦੱਸਿਆ ਕਿ ਇਹ ਮੈਥੋਂ ਡਰਿਆ ਹੈ। ਫਿਰ ਉਸ ਨੂੰ ਮੈਂ ਕਿਹਾ ਮੈਂ ਹੀ ਉਹ ਆਦਮੀ ਸੀ, ਕੋਈ ਭੂਤ ਨਹੀਂ ਸੀ। ਪਰ ਉਹ ਕਹੇ ਨਹੀਂ ਤੂੰ ਨਹੀਂ ਸੀ। ਉਸ ਦਾ ਸਿਰ ਅਸਮਾਨ ਨੂੰ ਲੱਗਾ ਸੀ ਤੇ ਵਾਲ ਜ਼ਮੀਨ ਤੇ ਡਿੱਗੇ ਹੋਏ ਸਨ। ਮੈਂ ਬੜੀ ਤਸੱਲੀ ਦਿਤੀ ਪਰ ਉਸ ਤੇ ਕੋਈ ਅਸਰ ਨਾ ਹੋਇਆ। ਮੇਰੇ ਦੇਖਦੇ ਦੇਖਦੇ ਉਹ ਡਰ ਤੇ ਕਾਂਬੇ ਨਾਲ ਸਹਿਕਦਾ ਹੋਇਆ ਮਰ ਗਿਆ।'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਗੋਧਾ ਸ਼ਹਿਰ

ਪਿੰਡ ਵਿਚ 4 ਜਮਾਤਾਂ ਪਾਸ ਕਰਨ ਤੋਂ ਬਾਅਦ ਮਾਰਚ 1930 ਤੋਂ ਮਾਰਚ 1936 ਤਕ ਮੈਂ ਤੇ ਦਲੀਪ ਸਿੰਘ 6 ਸਾਲ ਖ਼ਾਲਸਾ ਹਾਈ ਸਕੂਲ ਸਰਗੋਧਾ ਦੇ ਵਿਦਿਆਰਥੀ ਰਹੇ ਅਤੇ ਸਕੂਲ ਦੇ ਬੋਰਡਿੰਗ ਹਾਊਸ ਵਿਚ ਠਹਿਰੇ। ਇਹ ਖ਼ਾਲਸਾ ਸਕੂਲ ਠੀਕ ਅਰਥਾਂ ਵਿਚ ਖ਼ਾਲਸਾ ਸਕੂਲ ਸੀ ਅਤੇ ਸਿੱਖ ਧਰਮ ਦੇ ਪ੍ਰਚਾਰ ਦਾ ਇਕ ਤਕੜਾ ਕੇਂਦਰ ਸੀ, ਕਿਉਂਕਿ ਜੇ ਬੱਚਿਆਂ ਤੇ ਨੌਜਵਾਨਾਂ ਵਿਚ ਸਹੀ ਢੰਗ ਨਾਲ ਧਰਮ ਦਾ ਸੰਚਾਰ ਕੀਤਾ ਜਾਏ ਤਾਂ ਇਹ ਪ੍ਰਫੁਲਤ ਤੇ ਸਥਾਈ ਹੁੰਦਾ ਹੈ। ਸੱਚਮੁਚ ਮੈਂ ਇਥੇ ਰਹਿੰਦਿਆਂ ਤੇ ਪੜ੍ਹਾਈ ਕਰਦਿਆਂ ਜੋ ਸਿੱਖ ਧਰਮ ਦਾ ਡੂੰਘਾ ਪ੍ਰਭਾਵ ਗ੍ਰਹਿਣ ਕੀਤਾ, ਉਹ ਮੇਰੀ ਖ਼ੁਸ਼ਕਿਸਮਤੀ ਸੀ।

ਸਾਫ ਸੁਥਰਾ ਸ਼ਹਿਰ

ਸਰਗੋਧਾ ਸ਼ਹਿਰ ਨਵਾਂ ਵੱਸਿਆ ਹੋਣ ਕਾਰਨ ਸਾਫ ਸੁਥਰਾ ਤੇ ਖੁਲ੍ਹਾ ਖੁਲ੍ਹਾ ਸੀ। ਸ਼ਹਿਰ ਦੀ ਉਸਾਰੀ-ਵਿਉਂਤ (lay-out) ਬਹੁਤ ਸੁਚੱਜੀ ਸੀ। ਕੁੱਲ 20 ਬਲਾਕ ਸਨ ਤੇ ਸਾਰੀ ਵੱਸੋਂ ਓਦੋਂ ਲਗਪਗ 10-12 ਹਜ਼ਾਰ ਹੋਵੇਗੀ। ਸ਼ਹਿਰ ਦੇ ਚੌਗਿਰਦੇ ਤੇ ਸ਼ਹਿਰ ਦੇ ਅੰਦਰ ਸੜਕਾਂ ਬਹੁਤ ਚੌੜੀਆਂ ਤੇ ਪੱਕੀਆਂ ਸਨ। ਘਰਾਂ 'ਚੋਂ ਪਾਣੀ ਦੇ ਨਿਕਾਸ ਲਈ ਪੱਕੀਆਂ ਨਾਲੀਆਂ ਬਣੀਆਂ ਸਨ। ਸ਼ਹਿਰ ਦੇ ਉਤਰ ਵੱਲ ਕਈ ਬਾਗ ਸਨ ਤੇ ਉਤਰ ਪੱਛਮ ਵੱਲ ਨੇੜੇ ਹੀ ਵੱਡੀ ਨਹਿਰ ਲੰਘਦੀ ਸੀ ਤੇ ਇਕ ਵਾਟਰ ਵਰਕਸ ਨਹਿਰ ਦੇ ਕੰਢੇ ਤੇ ਬਣਿਆ ਸੀ। ਸ਼ਹਿਰ ਦੇ ਦੱਖਣ ਵੱਲ ਕੰਪਨੀ ਬਾਗ ਸੀ ਜਿਸ ਵਿਚ ਬਹੁਤ ਅੱਛੇ ਢੰਗ ਨਾਲ ਬ੍ਰਿਛ ਬੂਟੇ, ਹਰੇ ਘਾਹ ਦੇ ਫਰਸ਼ ਤੇ ਫੁੱਲਾਂ ਦੀਆਂ ਕਿਆਰੀਆਂ ਲਗਾਈਆਂ ਗਈਆਂ ਸਨ। ਕੰਪਨੀ ਬਾਗ਼ ਤੋਂ ਅੱਗੇ ਰੇਲਵੇ ਲਾਈਨ ਤੇ ਲਾਈਨ ਤੋਂ ਪਾਰ ਕਚਹਿਰੀਆਂ ਤੇ ਅਫਸਰਾਂ ਆਦਿ ਦੀਆਂ ਕੋਠੀਆਂ ਤੇ ਨੇੜੇ ਹੀ ਪੂਰਬ ਵੱਲ ਰੇਲਵੇ ਸਟੇਸ਼ਨ ਸੀ। ਸ਼ਹਿਰ ਦੀ ਵੱਸੋਂ ਬਹੁਤੀ ਖੱਤਰੀ ਹਿੰਦੂਆਂ ਸਿੱਖਾਂ ਦੀ ਸੀ, ਜਿਸ ਨੇ 16-17 ਬਲਾਕ ਮੱਲੇ ਹੋਏ ਸਨ ਤੇ ਬਾਕੀ 3-4 ਮੁਸਲਮਾਨਾਂ ਦੇ ਸਨ। ਕਈ ਬਲਾਕਾਂ ਵਿਚ ਰਲੀ ਮਿਲੀ ਵੱਸੋਂ ਵੀ ਸੀ। ਆਪਸ ਵਿਚ ਲੋਕਾਂ ਦਾ ਸਲੂਕ ਭਰਾਵਾਂ ਵਰਗਾ ਸੀ। ਅਜੇ ਫਿਰਕੇਦਾਰੀ ਦਾ ਜ਼ਹਿਰ ਸਾਡੇ ਸਮਾਜ ਤੇ ਰਾਜਨੀਤੀ ਵਿਰ ਫੈਲਿਆ ਨਹੀਂ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਖੱਤਰੀ ਹਿੰਦੂ ਸਿੱਖ ਸਰਗੋਧਾ ਤੋਂ ਉੱਤਰ ਤੇ ਪੱਛਮ ਵੱਲ ਵੱਸੇ ਪੁਰਾਣੇ ਕਸਬਿਆਂ, ਸ਼ਾਹਪੁਰ (ਜੋ ਸਰਗੋਧਾ ਸ਼ਹਿਰ ਤੋਂ ਪਹਿਲਾਂ ਜ਼ਿਲ੍ਹੇ ਦਾ ਸਦਰ ਮਕਾਮ ਜਾਂ ਹੈਡਕਵਾਟਰ ਸੀ), ਖੁਸ਼ਾਬ, ਭੇਰਾ, ਨੂਰਪੁਰ, ਸਾਹੀਵਾਲ, ਹਡਾਲੀ, ਮਿੱਠਾ ਟਿਵਾਣਾ, ਫਿਰੂਕਾ ਆਦਿ ਤੋਂ ਉੱਠ ਕੇ ਸ਼ਹਿਰ ਵਿਚ ਆ ਵੱਸੇ ਸਨ। ਬਹੁਤੇ ਇਨ੍ਹਾਂ ਵਿਚੋਂ ਦੁਕਾਨਦਾਰ ਸਨ ਤੇ ਕੁੱਝ ਨੌਕਰੀ ਪੇਸ਼ਾ ਸਨ। ਇਨ੍ਹਾਂ ਨੇ 17 ਨੰ. ਬਲਾਕ ਵਿਚ ਇਕ ਸਨਾਤਨ ਧਰਮ ਹਾਈ ਸਕੂਲ ਤੇ ਇਕ ਖ਼ਾਲਸਾ ਹਾਈ ਸਕੂਲ ਇਕ ਦੂਜੇ ਦੇ ਨੇੜੇ ਖੋਲ੍ਹ ਰੱਖੇ ਸਨ ਜੋ ਭਲੀ ਭਾਂਤ ਚਲ ਰਹੇ ਸਨ। ਬਲਾਕ ਨੰ. 17 ਸ਼ਹਿਰ ਦੇ ਪੂਰਬ ਵੱਲ ਬਾਹਰਲੇ ਪਾਸੇ ਸੀ ਤੇ ਨਾਲ ਹੀ ਖੇਡ ਦੇ ਮੈਦਾਨ ਤੋਂ ਅੱਗੇ ਖੇਤ ਸ਼ੁਰੂ ਹੋ ਜਾਂਦੇ ਸਨ। ਇਹ ਖੇਤ ਸਰਕਾਰੀ ਸੀਡ ਫਾਰਮ ਦੇ ਸਨ ਜਿਸ ਦੇ ਫੌਜ ਤੋਂ ਰਿਟਾਇਰ ਹੋਣ ਉਪਰੰਤ ਸਾਡੇ ਦਾਦਾ ਜੀ ਦੋ ਸਾਲ (1905–7) ਮੈਨੇਜਰ ਰਹੇ ਸਨ। ਖ਼ਾਲਸਾ ਸਕੂਲ ਦਾ ਬੋਰਡਿੰਗ ਹਾਊਸ ਜਿਸ ਵਿਚ ਅਸੀਂ 70–80 ਲੜਕੇ ਰਹਿੰਦੇ ਸਾਂ, ਸ਼ਹਿਰ ਦੇ ਉੱਤਰ ਵੱਲ ਬਾਹਰਲੇ ਪਾਸੇ ਬਲਾਕ ਨੰ. 14 ਵਿਚ ਸੀ। ਖ਼ਾਲਸਾ ਸਕੂਲ ਤੇ ਹੋਸਟਲ ਦੀਆਂ ਇਮਾਰਤਾਂ ਅੱਛੀਆਂ ਖੁਲ੍ਹੀਆਂ ਬਣੀਆਂ ਸਨ। ਬਲਾਕ 14 ਦੇ ਨਾਲ ਹੀ ਬਲਾਕ 15 ਵਿਚ ਦਾਦਾ ਜੀ ਨੇ ਆਪਣਾ ਇਕ ਮਕਾਨ ਬਣਾਇਆ ਹੋਇਆ ਸੀ ਜਿਸ ਵਿਚ ਉਹ ਮਜਸਟ੍ਰੇਟੀ ਆਦਿ ਦੇ ਕੰਮਾਂ ਸੰਬੰਧੀ ਮਹੀਨੇ ਵਿਚ 15 ਦਿਨ ਰਹਿੰਦੇ ਸਨ। ਕਦੀ ਕਦੀ ਮੈਨੂੰ ਤੇ ਦਲੀਪ ਸਿੰਘ ਨੂੰ ਹੋਸਟਲ ਤੋਂ ਬੁਲਵਾ ਲੈਂਦੇ ਸਨ। ਉਹ ਪਿੰਡ ਤੋਂ ਆਪਣੇ ਟਾਂਗੇ ਤੇ ਆਉਂਦੇ ਸਨ ਤੇ ਇਕ ਨੌਕਰ (ਕੋਚਵਾਨ) ਨਾਲ ਹੁੰਦਾ ਸੀ।

ਮਸ਼ਹੂਰ ਤੇ ਸਿਰਕੱਢ ਵਿਅਕਤੀ

ਸਰਗੋਧਾ ਜ਼ਿਲ੍ਹੇ ਤੇ ਸ਼ਹਿਰ ਦੇ ਮਸ਼ਹੂਰ ਤੇ ਸਿਰਕੱਢ ਵਿਅਕਤੀ ਸਰ ਉਮਰ ਹਯਾਤ ਖ਼ਾਨ ਟਿਵਾਣਾ, ਉਨ੍ਹਾਂ ਦੇ ਸਪੁੱਤਰ ਸਰ ਖਿਜ਼ਰ ਹਯਾਤ ਖਾਨ ਟਿਵਾਣਾ (ਜੋ 1947 ਦੀ ਦੇਸ਼ ਵੰਡ ਵੇਲੇ ਪੰਜਾਬ ਦੇ ਚੀਫ ਮਨਿਸਟਰ ਸਨ), ਸਰ ਫਿਰੋਜ਼ ਖ਼ਾਨ ਨੂੰਨ (ਭਾਰਤ ਵੱਲੋਂ ਬਰਤਾਨੀਆ ਦੇ ਹਾਈ ਕਮਿਸ਼ਨਰ), ਨਵਾਬ ਮੁਮਤਾਜ਼ ਖ਼ਾਨ ਦੌਲਤਾਨਾ, ਸਰ ਮੁਹੰਮਦ ਹਯਾਤ ਕੁਰੈਸ਼ੀ (ਮੈਂਬਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ), ਮੀਆਂ ਸਾਲਿਹ ਮੁਹੰਮਦ, ਸਰਦਾਰ ਬਹਾਦਰ ਉੱਜਲ ਸਿੰਘ ਹਡਾਲੀ (ਜੋ 1965 ਦੀ ਹਿੰਦ-ਪਾਕ ਜੰਗ ਵੇਲੇ ਪੰਜਾਬ ਦੇ ਗਵਰਨਰ ਸਨ), ਸਰਦਾਰ ਬਹਾਦਰ ਮਹਿਤਾਬ ਸਿੰਘ (ਪ੍ਰਸਿੱਧ ਅਕਾਲੀ ਲੀਡਰ), ਸਰਦਾਰ ਅਮਰ ਸਿੰਘ ਵਾਸੂ (ਉੱਘੇ ਅਕਾਲੀ ਲੀਡਰ), ਸਰਦਾਰ (ਪਿਛੋਂ ਸਰ) ਸੋਭਾ ਸਿੰਘ, ਡਾ. ਰਾਮ ਕਿਸ਼ਨ (ਜੋ ਪਿਛੋਂ ਪੰਜਾਬ ਦੇ ਮਨਿਸਟਰ ਬਣੇ), ਸਰਦਾਰ ਬਹਾਦਰ ਡਾ. ਹਰਬੰਸ ਸਿੰਘ, ਲਾਲਾ ਮੁਕੰਦ ਲਾਲ ਪੁਰੀ, ਲਾਲਾ ਬਿਹਾਰੀ ਲਾਲ ਪੁਰੀ ਆਦਿ ਸਨ। ਇਨ੍ਹਾਂ ਨਾਲ ਸਾਡੇ ਦਾਦਾ ਜੀ ਦੇ ਮਿੱਤਰਤਾ ਭਰੇ ਸੰਬੰਧ ਸਨ। ਇਨ੍ਹਾਂ ਸਭ ਦੇ ਮਿਲਵੇਂ ਜਤਨਾਂ ਨਾਲ ਸੰਨ 1940 ਤਕ ਸਰਗੋਧਾ ਜ਼ਿਲ੍ਹੇ ਵਿਚ ਕੋਈ ਹਿੰਦੂ-ਮੁਸਲਿਮ ਫਸਾਦ ਜਾਂ ਝਗੜਾ ਨਹੀਂ ਸੀ ਹੋਇਆ ਜਦ ਕਿ ਹੋਰ ਕਈ ਥਾਵਾਂ ਤੇ ਅਜੇਹੇ ਫਸਾਦ ਸ਼ੁਰੂ ਹੋ ਗਏ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਕੂਲ ਦੇ ਧਾਰਮਕ ਕਰਤੱਵ

ਖ਼ਾਲਸਾ ਸਕੂਲ ਵਿਚ, ਜਿਵੇਂ ਮੈਂ ਉੱਪਰ ਦਸਿਆ ਹੈ, ਵਾਤਾਵਰਨ ਅਸਲੋਂ ਧਾਰਮਕ ਸੀ। ਧਾਰਮਿਕ ਵਿਦਿਆ ਦਾ ਉਚੇਚਾ ਪ੍ਰਬੰਧ ਸੀ। ਗਿਆਨੀ ਹਰਨਾਮ ਸਿੰਘ ਸਾਡੇ ਧਾਰਮਕ ਟੀਚਰ ਬਹੁਤ ਮਿਹਨਤੀ, ਉਤਸ਼ਾਹੀ ਤੇ ਲਗਣ ਵਾਲੇ ਮਾਸਟਰ ਸਨ। ਉਨ੍ਹਾਂ ਦੀ ਹਿੰਮਤ ਨਾਲ ਹਰ ਵਿਦਿਆਰਥੀ ਪੰਜਵੀ-ਛੇਵੀਂ ਜਮਾਤ ਵਿਚ ਸਹਿਜੇ ਹੀ ਨਿੱਤ ਨੇਮ ਦੀਆਂ ਬਾਣੀਆਂ ਜਪੁਜੀ, ਰਹਿਰਾਸ, ਕੀਰਤਨ ਸੋਹਿਲਾ, ਸਵੈਯੇ, ਸ਼ਬਦ ਹਜ਼ਾਰੇ ਆਦਿ ਯਾਦ ਕਰ ਲੈਂਦੇ ਸੀ। ਜਾਪ ਸਾਹਿਬ ਯਾਦ ਕਰਨਾ ਰਤਾ ਮੁਸ਼ਕਲ ਸੀ ਪਰ ਕਈ ਵਿਦਿਆਰਥੀ ਇਸ ਬਾਣੀ ਨੂੰ ਵੀ ਕੰਠ ਕਰ ਲੈਂਦੇ ਸਨ। ਸਕੂਲ ਵੱਲੋਂ ਸਾਰੇ ਗੁਰਪੁਰਬ ਗਿਆਨੀ ਜੀ ਦੀ ਅਗਵਾਈ ਵਿਚ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਸਨ। ਵਿਦਿਆਰਥੀ ਇਨ੍ਹਾਂ ਦੇ ਪ੍ਰਬੰਧ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਵਿਦਿਆਰਥੀ ਆਪ ਰਲ ਕੇ ਤੇ ਗੁਟਕੇ ਪਕੜ ਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ। ਇਸ ਤਰ੍ਹਾਂ ਇਹ ਬਾਣੀ ਵੀ ਲਗਭਗ ਸਭ ਨੂੰ ਯਾਦ ਹੋ ਜਾਂਦੀ ਸੀ। ਵੱਡੇ ਗੁਰਪੁਰਬਾਂ ਤੇ ਸਕੂਲ ਵੱਲੋਂ ਸ਼ਹਿਰ ਦੀ ਹਿੰਦੂ-ਸਿੱਖ ਵਸੋਂ ਨਾਲ ਮਿਲ ਕੇ ਬਹੁਤੇ ਵੱਡੇ ਪੈਮਾਨੇ ਤੇ ਜਲੂਸ ਕੱਢੇ ਜਾਂਦੇ ਸੀ ਜਿਨ੍ਹਾਂ ਦੀ ਸ਼ਾਨ ਤੇ ਚੜ੍ਹਤਲ ਦੇਖਣ ਵਾਲੀ ਹੁੰਦੀ ਸੀ। ਜਦੋਂ ਗਿਆਨੀ ਹਰਨਾਮ ਸਿੰਘ ਜੀ ਜਲੂਸ ਵਿਚ ਕਿਸੇ ਉੱਚੇ ਵਾਹਣ ਤੇ ਬੈਠੇ ਦਸ਼ਮੇਸ਼ ਗੁਰੂ ਜੀ ਦੀ ਬੀਰ-ਰਸੀ ਬਾਣੀ ਪੂਰੇ ਜੋਸ਼ ਨਾਲ ਪੜ੍ਹਦੇ ਤਾਂ ਲੋਕ ਅਸ਼ ਅਸ਼ ਕਰ ਉੱਠਦੇ।

ਸ਼ਹਿਰ ਦੇ ਲਗਪਗ ਕੇਂਦਰ ਵਿਚ (ਬਲਾਕ ਨੰ. 3 ਵਿਚ) ਸ਼ਹਿਰ ਦਾ ਵੱਡਾ ਤੇ ਸ਼ਾਨਦਾਰ ਗੁਰਦਵਾਰਾ ਸੀ ਜਿਸ ਵਿਚ ਗੁਰਪੁਰਬਾਂ ਸਮੇਂ ਉੱਘੇ ਰਾਗੀ ਜੱਥਿਆਂ ਦਾ ਕੀਰਤਨ ਤੇ ਪ੍ਰਸਿੱਧ ਪ੍ਰਚਾਰਕਾਂ ਵੱਲੋਂ ਧਾਰਮਕ ਭਾਸ਼ਨ, ਕਥਾ ਆਦਿ ਕਰਵਾਏ ਜਾਂਦੇ।

ਉਂਜ ਤਾਂ ਹੈਡਮਾਸਟਰ ਗੁਰਦਿਆਲ ਸਿੰਘ[1] ਤੋਂ ਲੈ ਕੇ ਹੇਠਾਂ ਤਕ ਲਗਪਗ ਸਾਰੇ ਹੀ ਮਾਸਟਰ ਧਾਰਮਕ ਸੁਭਾ ਦੇ ਸਨ ਪਰੰਤੂ ਸੈਕੰਡ ਹੈਡਮਾਸਟਰ ਅਤਰ ਸਿੰਘ, ਮਾਸਟਰ ਨਿਹਾਲ ਸਿੰਘ, ਮਾਸਟਰ ਨਰਾਇਣ ਸਿੰਘ ਜਿਹਲਮੀ, ਮਾਸਟਰ ਪ੍ਰਦੁਮਨ ਸਿੰਘ, ਮਾਸਟਰ ਸੰਤੋਖ ਸਿੰਘ ਅਤੇ ਮਾਸਟਰ ਸੁੱਚਾ ਸਿੰਘ[2] ਵਿਸ਼ੇਸ਼ ਕਰ ਕੇ ਸਿੱਖੀ ਆਦਰਸ਼ ਅਤੇ ਰਹੁ ਰੀਤ ਦੇ ਧਾਰਨੀ ਸਨ। ਲਗਪਗ ਇਹਨਾਂ ਸਭ ਨੂੰ ਹੋਰ ਬਾਣੀਆਂ ਦੇ ਨਾਲ ਨਾਲ ਸੁਖਮਨੀ ਸਾਹਿਜ ਜ਼ਬਾਨੀ ਯਾਦ ਸੀ ਅਤੇ ਇਸ ਦੇ ਨਿਤ ਨੇਮੀ ਸਨ। ਜੇ ਕਿਸੇ ਕਾਰਨ ਇਨ੍ਹਾਂ ਵਿਚੋਂ ਕਿਸੇ ਦਾ ਪਾਠ ਬਕਾਇਆ ਰਹਿ ਜਾਂਦਾ ਤਾਂ ਉਹ ਸਕੂਲ ਵਿਚ ਗੁਟਕੇ ਤੋਂ ਆਪਣੇ ਖ਼ਾਲੀ ਪੀਰਡ ਵਿਚ ਕਰ ਲੈਂਦਾ। ਅਸੀਂ ਇਨ੍ਹਾਂ ਦੀ ਇਸ ਡੂੰਘੀ ਲਗਨ ਤੋਂ ਬਹੁਤ ਪ੍ਰਭਾਵਿਤ

---

1. ਸ. ਜਗਜੀਤ ਸਿੰਘ ਸਾਬਕ ਰਜਿਸਟਰਾਰ ਪੰਜਾਬ ਯੂਨੀਵਰਸਿਟੀ ਅਤੇ ਸਾਬਕ ਪ੍ਰੋ-ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਹੁਰਾ ਸਾਹਿਬ।

2. ਜੋ ਦੇਸ਼ ਵੰਡ ਪਿਛੋਂ ਖ਼ਾਲਸਾ ਕਾਲਜ, ਸ੍ਰੀ ਗੰਗਾ ਨਗਰ (ਰਾਜਸਥਾਨ) ਦੇ ਮੋਢੀ ਪ੍ਰਿੰਸੀਪਲ ਬਣੇ ਅਤੇ ਆਤਮਕ ਪੱਧਰ ਤੇ ਬਹੁਤ ਵਿਕਸਿਤ ਵਿਅਕਤੀ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੇ। ਮਾਸਟਰ ਨਿਹਾਲ ਸਿੰਘ ਵਾਹਿਗੁਰੂ ਸ਼ਬਦ ਦਾ ਹਰ ਵੇਲੇ ਅਭਿਆਸ ਕਰਦੇ ਪ੍ਰਤੀਤ ਹੁੰਦੇ ਅਤੇ ਕਲਾਸ ਵਿਚ ਵੀ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਦੋ ਮਿੰਟ ਦਾ ਵਾਹਿਗੁਰੂ ਸ਼ਬਦ ਦਾ ਸਭ ਵਿਦਿਆਰਥੀਆਂ ਨੂੰ ਅਭਿਆਸ ਕਰਵਾਂਦੇ। ਇਹ ਡੂੰਘੀ ਧਾਰਮਕ ਸ਼ਰਧਾ ਜੋ ਮਾਸਟਰਾਂ ਦੀ ਮਿਸਾਲ ਦੇਖ ਕੇ ਵਿਦਿਆਰਥੀਆਂ ਵਿਚ ਸੁਤੇ ਸਿਧ ਪੈਦਾ ਹੁੰਦੀ, ਗੁਰੂ ਘਰ ਨਾਲ ਡੂੰਘਾ ਪ੍ਰੇਮ-ਭਾਵ ਪੈਦਾ ਕਰਦੀ ਅਤੇ ਵਾਹਿਗੁਰੂ ਦੀ ਰਜ਼ਾ ਵਿਚ ਰਹਿਣ ਦਾ ਅਮਲੀ ਉਪਦੇਸ਼ ਗ੍ਰਹਿਣ ਕਰਨ ਵਿਚ ਸਹਾਇਤਾ ਕਰਦੀ।

ਹੋਸਟਲ ਦਾ ਜੀਵਨ

ਹੋਸਟਲ ਵਿਚ ਧਾਰਮਕ ਵਾਤਾਵਰਨ ਹੋਰ ਵੀ ਗੂੜ੍ਹਾ ਸੀ। ਇਕ ਨਿਸਚਿਤ ਕਮਰੇ ਵਿਚ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਅਤੇ ਸਭ ਵਿਦਿਆਰਥੀ ਸਵੇਰ ਦੇ ਦੀਵਾਨ ਦੀ ਹਾਜ਼ਰੀ ਭਰਦੇ। ਜਪੁਜੀ ਦਾ ਪਾਠ ਹੁੰਦਾ ਤੇ ਅਰਦਾਸ ਕੀਤੀ ਜਾਂਦੀ। ਇਹ ਸਭ ਕੰਮ ਵਿਦਿਆਰਥੀ ਕਰਦੇ। ਸ਼ਾਮ ਨੂੰ ਖੇਡਾਂ ਤੋਂ ਬਾਅਦ ਫਿਰ ਦੀਵਾਨ ਸੱਜਦਾ ਤੇ ਰਹਿਰਾਸ ਦਾ ਪਾਠ ਹੁੰਦਾ। ਹੋਸਟਲ ਸੁਪ੍ਰਡੰਟ ਮਾਸਟਰ ਨਰਾਇਣ ਸਿੰਘ ਜਿਹਲਮੀ ਪਰਵਾਰ ਸਮੇਤ ਹੋਸਟਲ ਦੇ ਇਕ ਪਾਸੇ ਬਣੇ ਕਵਾਟਰ ਵਿਚ ਰਹਿੰਦੇ ਸਨ। ਉਹ ਹਮੇਸ਼ਾ ਦੋਵੇਂ ਵਕਤ ਦੀਵਾਨ ਦੀ ਹਾਜ਼ਰੀ ਭਰਦੇ ਅਤੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਂਦੇ। ਢੋਲਕ ਤੇ ਛੈਣਿਆਂ ਨਾਲ ਵਿਦਿਆਰਥੀ ਹੱਲੇ ਦੇ ਸ਼ਬਦ ਵੀ ਗਾਉਂਦੇ ਜਿਸ ਨਾਲ ਅਦੁੱਤੀ ਰਸ ਪੈਦਾ ਹੁੰਦਾ। ਓਦੋਂ ਕੀਰਤਨ ਬਹੁਤਾ ਹੱਲੇ ਦੇ ਸ਼ਬਦਾਂ ਦਾ ਹੁੰਦਾ ਸੀ। ਢੋਲਕੀ ਛੈਣਿਆਂ ਦੀ ਕੜਕੁੱਟ ਦੇਖਣ ਸੁਣਨ ਵਾਲੀ ਹੁੰਦੀ ਸੀ। ਇਕ ਲੜਕਾ ਪ੍ਰਦੁਮਨ ਸਿੰਘ ਢੋਲਕ ਵਜਾਣ ਦਾ ਬੜਾ ਮਾਹਿਰ ਸੀ। ਅਜਿਹੇ ਕੀਰਤਨ ਦਾ ਪ੍ਰਭਾਵ ਹਰ ਕਿਸੇ ਤੇ ਬਹੁਤ ਤਿੱਖਾ ਪੈਂਦਾ ਸੀ। ਸ਼ਹਿਰ ਵਿਚ ਇਕ ਨਾਮਧਾਰੀਆਂ ਦਾ ਡੇਰਾ ਸੀ ਓਥੇ ਵੀ ਹੱਲੇ ਦੇ ਸ਼ਬਦ ਬੜੇ ਜੋਸ਼ ਨਾਲ ਗਾਏ ਜਾਂਦੇ ਸਨ। ਕਦੀ ਕਦੀ ਉਧਰੋਂ ਲੰਘਦੇ ਅਸੀਂ ਵੀ ਇਸ ਦਾ ਰਸ ਮਾਣਦੇ। ਮਹਾਰਾਜ ਪਰਤਾਪ ਸਿੰਘ ਕੀਰਤਨ ਦੇ ਬਹੁਤ ਵੱਡੇ ਮਾਹਿਰ ਤੇ ਰਸੀਏ ਸਨ।

ਨਾਨਕਾ ਪਿੰਡ

ਸਰਗੋਧਾ ਸ਼ਹਿਰ ਤੋਂ ਪੱਛਮ ਵੱਲ 6 ਮੀਲਾਂ ਤੇ ਸਾਡਾ ਨਾਨਕਾ ਪਿੰਡ ਸੀ। ਨਾਨਾ ਜੀ, ਸ. ਲਾਭ ਸਿੰਘ ਬਾਜਵਾ, ਜ਼ਿਲ੍ਹਾ ਸਿਆਲਕੋਟ ਦੇ ਪਿੰਡ ਦਾਦੂਵਾਲੀ (ਜੋ ਕਲਾਸਵਾਲਾ ਪਿੰਡ ਦੇ ਨੇੜੇ ਸੀ ਤੇ ਸਾਡੇ ਜੱਦੀ ਪਿੰਡ ਸੌਂਕਣ ਵਿੰਡ ਤੋਂ ਇਕ ਮੀਲ ਤੇ ਸੀ) ਤੇ ਸਰਗੋਧੇ ਘੋੜੀਪਾਲ ਜ਼ਮੀਨ ਤੇ ਚਕ 101 ਸ਼ਮਾਲੀ ਵਿਚ ਆ ਵੱਸੇ ਸਨ। ਉਹ ਜ਼ੈਲਦਾਰ ਫੂਲਾ ਸਿੰਘ ਦੇ ਨਾਲ ਸਫੈਦਪੋਸ਼ ਵਜੋਂ ਕੰਮ ਕਰਦੇ ਸਨ। ਮੈਂ ਤੇ ਦਲੀਪ ਸਿੰਘ ਸਰਗੋਧਾ ਸ਼ਹਿਰ ਤੋਂ ਸਾਲ ਵਿਚ ਇਕ ਦੋ ਵਾਰੀ ਪੈਦਲ ਹੀ ਉਨ੍ਹਾਂ ਦੇ ਪਿੰਡ ਚਲੇ ਜਾਂਦੇ ਸਾਂ। ਸਾਡੇ ਆਪਣੇ ਪਿੰਡ (ਚਕ 115 ਜਨੂਬੀ) ਤੋਂ ਇਹ ਪਿੰਡ 10 ਕੁ ਮੀਲਾਂ ਤੇ ਸੀ। ਉਥੋਂ ਵੀ ਵਿਆਹ ਸ਼ਾਦੀ ਸਮੇਂ ਜਾਂ ਛੁੱਟੀਆਂ ਵਿਚ ਉਥੇ ਜਾਣ ਦਾ ਮੌਕਾ ਮਿਲਦਾ। ਮੈਨੂੰ ਜਿਸ ਗੱਲ ਨੇ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਭਾਵਿਤ ਕੀਤਾ ਉਹ ਸੀ ਸਾਡੇ ਵੱਡੇ ਮਾਮਾ ਜੀ (ਸ. ਤਾਰਾ ਸਿੰਘ) ਤੋਂ ਛੋਟੇ ਮਾਮਾ ਗੁਰਬਚਨ ਸਿੰਘ ਦੀ ਧਾਰਮਕ ਲਗਨ ਅਤੇ ਉਤਸ਼ਾਹ। ਸਾਰਾ ਸੁਖਮਨੀ ਸਾਹਿਬ ਉਨ੍ਹਾਂ ਨੂੰ ਜ਼ਬਾਨੀ ਯਾਦ ਸੀ ਤੇ ਸਵੇਰੇ ਪਰਾਤਾਕਾਲ ਉੱਠ ਕੇ ਉਹ ਪਿੰਡ ਦੇ ਵਿਚਕਾਰ ਬਣੀ ਖੂਹੀ ਤੇ ਇਸ਼ਨਾਨ ਕਰ ਕੇ ਜਦੋਂ ਸੁਖਮਨੀ ਸਾਹਿਬ ਦਾ ਉੱਚੀ ਆਵਾਜ਼ ਵਿਚ ਤੇ ਬਹੁਤ ਸੁਰੀਲੇ ਢੰਗ ਨਾਲ ਪਾਠ ਕਰਦੇ ਤਾਂ ਸਾਰਾ ਪਿੰਡ ਇਹ ਪਾਠ ਸੁਣ ਕੇ ਗਦ-ਗਦ ਹੁੰਦਾ। ਉਹ ਸਰੀਰ ਦੇ ਬਹੁਤ ਤਕੜੇ ਤੇ ਸੁਭਾ ਦੇ ਬਹੁਤ ਹੱਸਮੁਖ ਸਨ। ਉਨ੍ਹਾਂ ਨੂੰ ਮਿਲ ਕੇ ਸਾਨੂੰ ਬਹੁਤ ਉਤਸ਼ਾਹ ਤੇ ਖੁਸ਼ੀ ਪ੍ਰਾਪਤ ਹੁੰਦੀ। ਭਾਵੇਂ ਉਹ ਜ਼ਿਆਦਾ ਪੜ੍ਹੇ ਹੋਏ ਨਹੀਂ ਸਨ ਪਰ ਉਨ੍ਹਾਂ ਵਿਚ ਕੁਦਰਤੀ ਯੋਗਤਾ ਅਤੇ ਸਵੈ-ਵਿਸ਼ਵਾਸ ਬਹੁਤ ਸੀ। ਸਾਡੇ ਨਾਨੀ ਜੀ (ਮਾਈ ਕਾਹਲੋਂ) ਜਦੋਂ ਮਿਲਦੇ ਹਮੇਸ਼ਾ ਸਾਡਾ ਸਿਰ ਮੱਥਾ ਚੁੰਮਦੇ ਤੇ ਬਹੁਤ ਪਿਆਰ ਕਰਦੇ। ਉਨ੍ਹਾਂ ਦੇ ਸੁਭਾ ਵਿਚ ਜੋ ਨਿਮਰਤਾ, ਧੀਰਜ ਅਤੇ ਹੌਂਸਲਾ ਮੈਂ ਦੇਖਿਆ ਉਹ ਅੱਜ ਤਕ ਕਿਸੇ ਹੋਰ ਇਸਤਰੀ ਵਿਚ ਨਹੀਂ ਦੇਖਿਆ।

ਸੰਤ ਭਗਵਾਨ ਸਿੰਘ ਜੀ ਬਾਰੇ ਜਾਣਕਾਰੀ

ਦਾਦਾ ਜੀ ਨੇ 1932 ਵਿਚ ਭਾਈ ਇਕਬਾਲ ਸਿੰਘ ਦੀ ਸ਼ਾਦੀ 16 ਸਾਲ ਦੀ ਉਮਰ ਵਿਚ ਚਕ 29 ਜਨੂਬੀ (ਜੋ ਸਾਡੇ ਪਿੰਡ ਤੋਂ 10 ਕੁ ਮੀਲਾਂ ਤੇ ਪੂਰਬ ਵੱਲ ਸੀ) ਸ. ਗੁਰਬਖਸ਼ ਸਿੰਘ ਭੁੱਲਰ ਦੀ ਲੜਕੀ ਬੀਬੀ ਪ੍ਰਕਾਸ਼ ਕੌਰ ਨਾਲ ਕਰ ਦਿੱਤੀ। ਮੈਨੂੰ ਯਾਦ ਹੈ ਪਿੰਡ ਤੋਂ ਬਰਾਤ ਘੋੜਿਆਂ, ਰੱਥਾਂ, ਟਾਂਗਿਆਂ ਆਦਿ ਤੇ ਗਈ ਸੀ। ਮੈਂ ਤੇ ਦਲੀਪ ਸਿੰਘ ਓਦੋਂ 12 ਸਾਲਾਂ ਦੇ ਸੀ। ਇਸ ਸ਼ਾਦੀ ਨਾਲ ਸਾਡਾ ਸੰਬੰਧ ਚਕ 29 ਦੇ ਨੰਬਰਦਾਰ ਚਤਰ ਸਿੰਘ (ਸਾਬਕ ਪੰਜਾਬ ਮੰਤਰੀ ਸ. ਸਤਨਾਮ ਸਿੰਘ ਬਾਜਵਾ ਦੇ ਪਿਤਾ) ਸ. ਗੁਰਬਖਸ਼ ਸਿੰਘ, ਤੇ ਹੈਡਮਾਸਟਰ ਜੋਧ ਸਿੰਘ ਤੋਂ ਇਲਾਵਾ ਚਕ 26 ਦੇ ਮਾਣਯੋਗ ਡਾ. ਇੰਦਰ ਸਿੰਘ ਹੁਰਾਂ ਨਾਲ ਵੀ ਪੱਕੇ ਤੌਰ ਤੇ ਜੁੜ ਗਿਆ। ਡਾ. ਸਾਹਿਬ ਸ. ਗੁਰਬਖਸ਼ ਸਿੰਘ ਭੁੱਲਰ ਹੁਰਾਂ ਦੇ ਸੰਬੰਧੀ ਸਨ ਤੇ ਸਾਡੇ ਪਰਿਵਾਰ ਨਾਲ ਵੀ ਉਨ੍ਹਾਂ ਦਾ ਬੜਾ ਹਿੱਤ ਸੀ, ਕਿਉਂਕਿ ਉਹ ਸਾਡੇ ਤਾਇਆ ਜੀ ਡਾ. ਕਿਸ਼ਨ ਸਿੰਘ ਨਾਲ ਮੈਡੀਕਲ ਸਕੂਲ, ਆਗਰਾ ਵਿਚ ਜਮਾਤੀ ਰਹੇ ਸਨ। ਡਾ. ਇੰਦਰ ਸਿੰਘ ਜੀ ਬੜੇ ਧੀਰ ਅਤੇ ਨਿੱਘੇ ਸੁਭਾ ਦੇ ਸੰਤ-ਸੇਵੀ ਪੁਰਸ਼ ਸਨ। ਉਹ ਮਲ੍ਹ ਵਾਲੇ ਪ੍ਰਸਿੱਧ ਸੰਤ ਭਗਵਾਨ ਸਿੰਘ ਜੀ ਦੇ ਪ੍ਰਮੁੱਖ ਸ਼ਰਧਾਲੂਆਂ ਵਿਚੋਂ ਸਨ ਅਤੇ ਸੰਤ ਭਗਵਾਨ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ 1936 ਵਿਚ ਅੰਮ੍ਰਿਤ ਪ੍ਰਚਾਰ ਸੰਗਤ ਦੇ ਜੱਥੇਦਾਰ ਥਾਪੇ ਗਏ। ਇਹ ਸੰਗਤ ਮਸ਼ਹੂਰ ਦੇਸ਼ ਭਗਤ ਸੰਤ ਬਾਬਾ ਵਸਾਖਾ ਸਿੰਘ ਹੁਰਾਂ ਦੇ ਜਤਨਾਂ ਨਾਲ ਕਾਇਮ ਕੀਤੀ ਗਈ ਸੀ। ਇਸ ਸ਼ਾਦੀ ਨਾਲ ਸਾਡਾ ਇਕ ਤਰ੍ਹਾਂ 'ਅੰਮ੍ਰਿਤ ਪ੍ਰਚਾਰ ਸੰਗਤ' ਨਾਲ ਪਰਿਚਯ ਹੋ ਗਿਆ। ਭਾਈ ਇਕਬਾਲ ਸਿੰਘ ਤੇ ਭਾਬੀ ਪ੍ਰਕਾਸ਼ ਕੌਰ ਇਨ੍ਹਾਂ ਮਹਾਨ ਸੰਤਾਂ ਮਹਾਤਮਾਵਾਂ ਦਾ ਅਕਸਰ ਜ਼ਿਕਰ ਕਰਦੇ ਰਹਿੰਦੇ ਸਨ।

ਸਰਗੋਧਾ ਵਿਚ ਰਹਿੰਦੇ ਸਮੇਂ ਦੀਆਂ ਕੁਝ ਹੋਰ ਯਾਦਾਂ ਵੀ ਮੇਰੇ ਸਿਮਰਤੀ-ਭੰਡਾਰ ਵਿਚੋਂ ਉਭਰ ਰਹੀਆਂ ਹਨ ਜੋ ਇਸ ਪ੍ਰਕਾਰ ਹਨ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਦਾਰ ਭਗਤ ਸਿੰਘ ਦੀ ਸ਼ਹੀਦੀ

23 ਮਾਰਚ 1931 ਨੂੰ ਮਹਾਨ ਦੇਸ਼ ਭਗਤ ਸਰਦਾਰ ਭਗਤ ਸਿੰਘ ਦੀ ਸ਼ਹੀਦੀ ਦੀ ਦੁਖਦਾਈ ਖ਼ਬਰ ਸਾਡੇ ਸਕੂਲ, ਸਗੋਂ ਸਾਰੇ ਸ਼ਹਿਰ ਵਿਚ ਅੱਗ ਵਾਂਗ ਫੈਲ ਗਈ। ਬੱਚਾ ਬੱਚਾ ਅੰਗਰੇਜ਼ਾਂ ਦੇ ਇਸ ਘੋਰ ਜ਼ੁਲਮ ਤੇ ਅਤਿਆਚਾਰ ਬਾਰੇ ਸੁਣ ਕੇ ਤੜਪ ਉਠਿਆ। ਇਉਂ ਜਾਪਦਾ ਸੀ ਕਿ ਸਾਰਾ ਦੇਸ਼ ਹੀ ਆਜ਼ਾਦੀ ਪ੍ਰਾਪਤ ਕਰਨ ਲਈ ਜੂਝਣ ਲਈ ਤਿਆਰ ਸੀ। ਅਸੀਂ ਉਦੋਂ ਪੰਜਵੀਂ ਜਮਾਤ ਵਿਚ ਸਾਂ ਪਰ ਕੁਦਰਤ ਨੇ ਸਾਨੂੰ ਇਸ ਭਾਰੀ ਦੁਖਾਂਤ ਨੂੰ ਅਨੁਭਵ ਕਰਨ ਦੀ ਸੋਝੀ ਬਖਸ਼ ਦਿੱਤੀ ਸੀ।

ਧਾਰਮਕ ਪ੍ਰਸ਼ਨ-ਉਤਰ

ਸਾਡਾ ਹੋਸਟਲ ਜੀਵਨ ਬਹੁਤ ਸੁਖਾਵਾਂ ਤੇ ਰੋਚਕ ਸੀ। ਖਾਸ ਕਰ ਕੇ ਧਾਰਮਕ ਪਾਬੰਦੀ ਤੇ ਅਗਵਾਈ ਸਾਨੂੰ ਬੜੀ ਉਸਾਰੂ ਤੇ ਵਿਕਾਸਮਈ ਜਾਪਦੀ ਸੀ। ਇਕ ਸ਼ਾਮ ਨੂੰ ਰਹਿਰਾਸ ਤੇ ਕੀਰਤਨ ਸੋਹਿਲਾ ਦੇ ਪਾਠ ਮਗਰੋਂ ਇਕ ਦੋ ਹੱਲੇ ਦੇ ਸ਼ਬਦ ਪੜ੍ਹੇ ਗਏ ਜੋ ਸੱਚਮੁਚ ਬੜਾ ਧਾਰਮਕ ਵੇਗ ਤੇ ਜਜ਼ਬਾ ਪੈਦਾ ਕਰਦੇ ਸਨ। ਹੋਸਟਲ ਦੇ ਵਿਦਿਆਰਥੀਆਂ ਵਿਚ ਸਾਡੇ ਹੋਸਟਲ ਸੁਪ੍ਰਡੰਟ ਮਾਸਟਰ ਨਰਾਇਣ ਸਿੰਘ ਜਿਹਲਮੀ ਵੀ ਬੈਠੇ ਸਨ। ਉਹ ਅਚਾਨਕ ਹੀ ਕਹਿਣ ਲੱਗੇ ਕਿ ਬਿਲਕੁਲ ਚੁਪਚਾਪ ਵਾਹਿਗੁਰੂ ਦਾ ਸਿਮਰਨ ਕਰੋ ਅਤੇ ਸਿੱਖ ਧਰਮ ਦੇ ਇਤਿਹਾਸ 'ਚੋਂ ਕੋਈ ਵਿਸ਼ੇਸ਼ ਘਟਨਾ ਆਪਣੇ ਮਨ ਵਿਚ ਵਿਚਾਰੋ। 5 ਮਿੰਟ ਦੀ ਖਾਮੋਸ਼ੀ ਬਾਅਦ ਉਹ ਹਰੇਕ ਵਿਦਿਆਰਥੀ ਨੂੰ ਵਾਰੀ ਵਾਰੀ ਪੁੱਛਣ ਲੱਗੇ ਕਿ ਉਸ ਨੇ ਮਨ ਵਿਚ ਕੀ ਵਿਚਾਰਿਆ ਹੈ? ਜਦ ਮੇਰੀ ਵਾਰੀ ਆਈ (ਓਦੋਂ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸੀ) ਤਾਂ ਮੈਂ ਦੱਸਿਆ ਕਿ ਮੈਂ ਤਾਂ ਦੋ ਛੋਟੇ ਸਾਹਿਬਜ਼ਾਦਿਆਂ ਦੀ ਸਰਹੰਦ ਵਿਚ ਹੋਈ ਸ਼ਹੀਦੀ ਬਾਰੇ ਸੋਚਦਾ ਰਿਹਾ ਹਾਂ ਤੇ ਇਸ ਘਟਨਾ ਦਾ ਭਾਰੀ ਦੁੱਖ ਮਹਿਸੂਸ ਕਰਦਾ ਹਾਂ। ਮਾਸਟਰ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ ਕਿ ਸੱਚਮੁਚ ਇਹ ਘਟਨਾ ਸਿੱਖ ਧਰਮ ਦੀ ਸ.ਭ ਤੋਂ ਪ੍ਰਭਾਵਸ਼ਾਲੀ ਘਟਨਾ ਹੈ।

ਦੋ ਅਣੋਖੇ ਫਕੀਰ

ਹੋਸਟਲ ਵਿਚ ਰਹਿੰਦੇ ਸਮੇਂ ਅਜਿਹਾ ਹੋਇਆ ਕਿ ਸਾਨੂੰ ਬੱਚਿਆਂ ਨੂੰ ਰਾਤ ਦੇ ਸਮੇਂ ਅਚਾਨਕ ਜਾਗ ਖੁਲ੍ਹਣ ਤੇ ਇਕ ਬੜੀ ਉੱਚੀ ਤੇ ਭੈਭੀਤ ਕਰਨ ਵਾਲੀ ਆਵਾਜ਼ ਹੋਸਟਲ ਦੇ ਨਾਲ ਲੱਗਦੇ ਬਾਗ (ਜਿਸ ਨੂੰ ਕੇਵਲ ਇਕ ਵੱਡੀ ਸੜਕ ਤੇ ਬਾਗ ਦੀ ਦੀਵਾਰ ਹੋਸਟਲ ਤੋਂ ਨਿਖੇੜਦੀ ਸੀ) ਵਿਚੋਂ ਸੁਣਨ ਵਿਚ ਆਉਂਦੀ ਸੀ। ਕੁਝ ਸਮਾਂ ਅਸੀਂ ਇਹ ਸੁਣ ਕੇ ਡਰਦੇ ਤੇ ਹੈਰਾਨ ਹੁੰਦੇ ਰਹੇ। ਆਵਾਜ਼ ਕਿਸੇ ਫਕੀਰ ਦੀ ਜਾਪਦੀ ਸੀ ਜੋ ਬਹੁਤ ਉੱਚੀ ਸੁਰ ਵਿਚ ਪਹਿਲਾਂ ਜੀਭ ਤੋਂ 'ਅੱਲਾ ਹੂ' ਪੁਕਾਰਦਾ ਅਤੇ ਫਿਰ ਨਾਲ ਹੀ ਗਲੇ ਵਿਚੋਂ ਇਕ ਬੜੀ ਚੀਖਵੀਂ ਆਵਾਜ ਵਿਚ 'ਅੱਲਾ ਹੂ' ਪੁਕਾਰਦਾ ਅਤੇ ਇਸ ਤਰ੍ਹਾਂ ਉਹ ਦੋਹਰੀ ਆਵਾਜ਼ ਕੱਢਦਾ ਅਤੇ ਫਿਰ ਇਹ ਦੁਹਰਾਈ ਜਾਂਦਾ। ਸਾਨੂੰ ਬੜੀ ਉਤਸੁਕਤਾ ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਦੇਖੀਏ ਇਹ ਫ਼ਕੀਰ ਕਿਸ ਕਿਸਮ ਦਾ ਹੋਵੇਗਾ। ਪਰ ਉਸ ਨੂੰ ਬਾਗ਼ ਵਿਚ ਜਾ ਕੇ ਦੇਖਣ ਦਾ ਜਤਨ ਕਰਨਾ ਸਾਨੂੰ ਹੋਰ ਵੀ ਭਿਆਨਕ ਜਾਪਦਾ। ਅੰਤ ਇਕ ਦਿਨ ਆਪੇ ਹੀ ਇਹ ਮਸਲਾ ਹੱਲ ਹੋ ਗਿਆ। ਸਾਨੂੰ ਲੌਢੇ ਵੇਲੇ ਸਾਡੇ ਨਾਲ ਹੀ ਸੜਕ ਤੇ ਇਹ ਆਵਾਜ਼ ਨੇੜੇ ਆਉਂਦੀ ਜਾਪੀ। ਅਸੀਂ ਖ਼ੁਸ਼ ਹੋਏ ਕਿ ਉਸ ਫ਼ਕੀਰ ਨੂੰ ਦੇਖ ਸਕਾਂਗੇ। ਅਸੀਂ ਬਾਰੀਆਂ ਵਿਚੋਂ ਲੁਕ ਕੇ ਵੇਖਿਆ ਕਿ ਇਕ ਹੱਟਾ ਕੱਟਾ ਲੰਮੇ ਕੱਦ ਦਾ ਆਦਮੀ ਸਰੀਰ ਅਤੇ ਸਿਰ ਮੂੰਹ ਤੇ ਕੇਲੇ ਦੇ ਵੱਡੇ ਵੱਡੇ ਪੱਤੇ ਤੇ ਹੋਰ ਕਈ ਕੁੱਝ ਬੰਨ੍ਹ ਕੇ ਬਿਨਾ ਕੋਈ ਕੱਪੜੇ ਪਾਏ, ਕੇਵਲ ਲੰਗੋਟੀ ਵਿਚ ਪਰ ਲਗਪਗ ਪੂਰੀ ਤਰ੍ਹਾਂ ਢੱਕਿਆ ਹੋਇਆ ਉਹੀ 'ਅੱਲਾ ਹੂ' ਦੀਆਂ ਦੋ ਆਵਾਜ਼ਾਂ ਕੱਢੀ ਤੁਰਿਆ ਜਾਂਦਾ ਸੀ। ਉਸ ਨੂੰ ਦੇਖ ਕੇ ਸਾਡਾ ਭੈ ਤਾਂ ਦੂਰ ਨਾ ਹੋਇਆ ਕਿਉਂਕਿ ਉਹ ਨਿਰੋਲ ਇਕਾਂਤਵਾਸੀ ਅਤੇ ਉੱਕਾ ਹੀ ਸਮਾਜ ਤੋਂ ਕੱਟਿਆ ਹੋਇਆ ਸੀ (ਇਕ ਗੁੱਝਾ ਤੇ ਭੇਤ ਭਰਿਆ ਮਨੁੱਖ) ਪਰ ਸਾਡੀ ਉਤਸੁਕਤਾ ਜ਼ਰੂਰ ਦੂਰ ਹੋ ਗਈ।

ਕੁਦਰਤ ਦੇ ਰੰਗ ਨਿਆਰੇ ਹਨ। ਇਸ ਭਿਆਨਕ ਫ਼ਕੀਰ ਦੇ ਬਿਲਕੁਲ ਉਲਟ ਕਿਸਮ ਦਾ ਇਕ ਮਸਤ ਫ਼ਕੀਰ ਅਸੀਂ ਨਿੱਤ ਕੰਪਨੀ ਬਾਗ ਵਿਚ ਬੈਠਾ ਦੇਖਦੇ। ਸਾਰਾ ਸ਼ਹਿਰ ਹੀ ਕੰਪਨੀ ਬਾਗ ਵਿਚ ਸੈਰ ਕਰਦੇ ਜਾਂ ਉਥੋਂ ਲੰਘਦੇ ਇਸ ਮੁਸਲਮਾਨ ਫ਼ਕੀਰ ਪਾਸ ਥੋੜ੍ਹਾ ਖਲ੍ਹੋ ਕੇ ਜਾਂਦਾ। ਅਸੀਂ ਬੱਚੇ ਵੀ ਉਸ ਨੂੰ ਖਲ੍ਹੋ ਕੇ ਦੇਖਦੇ ਰਹਿੰਦੇ। ਉਸ ਨੇ ਇਕ ਡੰਡੇ ਨਾਲ ਘੁੰਘਰੀਆਂ ਬੱਧੀਆਂ ਹੋਈਆਂ ਸਨ ਜਿਸ ਨੂੰ ਉਹ ਹਿਲਾਂਦਾ ਰਹਿੰਦਾ। ਉਸ ਦਾ ਮਸਤਕ ਸਦਾ ਖਿੜਿਆ ਤੇ ਹੱਸਦਾ ਰਹਿੰਦਾ। ਉਹ ਕੇਵਲ ਬਾਰ ਬਾਰ ਇਕੋ ਹੀ ਪੰਜਾਬੀ ਤੁਕ ਡੰਡਾ ਹਿਲਾ ਕੇ ਗਾਉਂਦਾ ਰਹਿੰਦਾ : 'ਅਸਾਂ ਹੱਸਦਿਆਂ ਵੱਸਦਿਆਂ ਜਾਣਾ ਫ਼ਕੀਰ ਸਾਈਂ ਅੱਲਾ ਦਿਆਂ।' ਹਰ ਕੋਈ ਉਸ ਪਾਸੋਂ ਖ਼ੁਸ਼ੀ, ਖੇੜਾ ਅਤੇ ਜੀਵਨ-ਉਤਸ਼ਾਹ ਗ੍ਰਹਿਣ ਕਰ ਕੇ ਆਪਣੇ ਰਾਹ ਪੈਂਦਾ।

ਜ਼ਿੰਦਗੀ ਤੇ ਮੌਤ ਵਿਚਕਾਰ

ਸ਼ਹਿਰ ਦੇ ਪੱਛਮ ਵੱਲ ਵੱਗਦੀ ਵੱਡੀ ਨਹਿਰ (ਜੋ ਜਿਹਲਮ ਦਰਿਆ ਵਿਚੋਂ ਕੱਢੀ ਗਈ ਸੀ) ਦੇ ਪਾਰ ਨਵੇਂ ਬਣੇ ਹਵਾਈ ਅੱਡੇ ਵੱਲ ਜਾਣ ਲਈ ਬਣੇ ਪੁੱਲ ਦੇ ਹੇਠਾਂ ਇਕ ਝਾਲ ਬਣੀ ਹੋਈ ਸੀ। ਉਤੋਂ ਉੱਚਾ ਤੇ ਭਰਿਆ ਉਛਲਦਾ ਆਉਂਦਾ ਪਾਣੀ ਇਥੇ ਆ ਕੇ 3-4 ਮੀਟਰ ਹੇਠਾਂ ਡਿੱਗਦਾ ਸੀ। ਝਾਲ ਦੇ ਹੇਠਲੇ ਪਾਸੇ ਨਹਿਰ ਵਧਰੇ ਚੌੜੀ ਅਤੇ ਘੱਟ ਡੂੰਘੀ ਸੀ। ਅਸੀਂ ਹੋਸਟਲ ਦੇ ਕੁਝ ਮੁੰਡੇ ਇਸ ਪੁਲ ਦੇ ਹੇਠਲੇ ਪਾਸੇ ਤਰਨਾ ਸਿੱਖਣ ਜਾਂਦੇ ਸੀ। ਕੁਝ ਦਿਨ ਤਰਨਾ ਸਿਖਦੇ ਰਹੇ ਪਰ ਅਜੇ ਥੋੜ੍ਹੀ ਜਾਚ ਹੀ ਆਈ ਸੀ ਕਿ ਦਲੇਰ ਹੋ ਗਏ ਅਤੇ ਪੁਲ ਦੇ ਉਤਲੇ ਪਾਸੇ 100 ਕੁ ਮੀਟਰ ਤੇ ਜਾ ਕੇ ਅਸੀਂ ਨਹਿਰ ਤਰ ਕੇ ਪਾਰ ਕਰਨ ਦਾ ਫੈਸਲਾ ਕੀਤਾ। ਪਾਣੀ 8-10 ਫੁਟ ਡੂੰਘਾ ਸੀ। 2-3 ਮੁੰਡੇ ਤਾਂ ਤਰ ਕੇ ਪਾਰ ਲੰਘ ਗਏ ਪਰ ਮੈਂ ਤੇ ਦੋ ਹੋਰ ਮੁੰਡੇ ਅੱਧ ਦੇ ਨੇੜੇ ਜਾ ਕੇ ਥੱਕ ਗਏ ਤੇ ਘਬਰਾ ਗਏ। ਜੇ ਅਸੀਂ ਅਗਲੇ ਪਾਸੇ ਜਾਂਦੇ ਤਾਂ ਸ਼ਾਇਦ ਦੁਖਾਂਤ ਵਾਪਰ ਜਾਂਦਾ ਅਤੇ ਅਸੀਂ ਤੇਜ਼ ਵਹਾ ਵਿਚ ਰੁੜ੍ਹ ਕੇ ਝਾਲ ਵਿਚ ਜਾ ਫੱਸਦੇ। ਪਰ ਕੁਦਰਤ ਨੇ ਬਚਾਉਣਾ ਸੀ। ਅਸੀਂ ਫੈਸਲਾ ਕੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿੱਛੇ ਮੁੜ ਜਾਈਏ। ਸੋ ਅਸੀਂ ਹੱਥ ਪੈਰ ਮਾਰਦੇ ਪਿੱਛੇ ਵੱਲ ਤਰ ਕੇ ਮੁਸ਼ਕਲ ਨਾਲ ਕੰਢੇ ਤੇ ਆ ਲੱਗੇ ਅਤੇ ਬੱਚ ਗਏ। ਮੈਂ ਸੋਚਦਾ ਹਾਂ ਕਿ ਹੋਸਟਲਾਂ ਵਿਚ ਘਰ ਤੋਂ ਦੂਰ ਮੁੰਡੇ ਕਈ ਵਾਰੀ ਕਿੰਨਾ ਖ਼ਤਰਾ ਮੁਲ ਲੈ ਲੈਂਦੇ ਹਨ ਜਿਸ ਬਾਰੇ ਮਾਪਿਆਂ ਨੂੰ ਕਦੀ ਖ਼ਿਆਲ ਤਕ ਨਹੀਂ ਆ ਸਕਦਾ। ਦੂਜੀ ਗੱਲ ਇਹ ਕਿ ਸਾਡੀ ਜੀਵਨ-ਤੰਦ ਜ਼ਿੰਦਗੀ ਤੇ ਮੌਤ ਵਿਚਕਾਰ ਇਕ ਕੱਚੇ ਧਾਗੇ ਨਾਲ ਬੰਨ੍ਹੀ ਹੋਈ ਤਣੀ ਰਹਿੰਦੀ ਹੈ ਜੋ ਕਿਸੇ ਵੇਲੇ ਵੀ ਇਕ ਪਲ ਵਿਚ ਟੁੱਟ ਸਕਦੀ ਹੈ।

ਡਾਕਟਰ ਭਾਈ ਸੰਤੋਖ ਸਿੰਘ

ਸਰਗੋਧੇ ਸਾਡੇ ਦੋ ਫੈਮਲੀ ਡਾਕਟਰ ਸਨ ਭਾਈ ਸੰਤੋਖ ਸਿੰਘ ਜੀ ਅਤੇ ਡਾਕਟਰ ਗੋਪਾਲ ਦਾਸ। ਦੋਵੇਂ ਸਿਆਣੇ ਡਾਕਟਰ ਸਨ। ਭਾਈ ਸਾਹਿਬ ਮਰੀਜ਼ਾਂ ਨੂੰ ਦੇਖਦੇ ਸਮੇਂ ਵੀ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀ ਦਵਾਈ ਹਰ ਕਿਸੇ ਤੇ ਖਾਸ ਅਸਰ ਕਰਦੀ ਸੀ। ਉਨ੍ਹਾਂ ਦੇ ਸਪੁੱਤਰ ਤੇ ਸਾਡੇ ਜਮਾਤੀ ਡਾ. ਹਰਚਰਨ ਸਿੰਘ ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਡਾਕਟਰਾਂ ਵਿਚੋਂ ਹਨ। 5 ਜੁਲਾਈ 1935 ਨੂੰ ਪਿੰਡ ਤੋਂ ਸ਼ਹਿਰ ਆਉਦੇ ਸਮੇਂ ਸਰਗੋਧਾ ਰੇਲਵੇ ਸਟੇਸ਼ਨ ਦੇ ਨੇੜੇ ਗੱਡੀ ਹੌਲੀ ਹੋਣ ਤੇ ਹੋਰ ਲੋਕਾਂ ਵਾਂਗ ਸਾਡੇ ਦਾਦਾ ਜੀ ਨੇ ਵੀ ਉਤਰਨ ਦਾ ਜਤਨ ਕੀਤਾ ਪਰ ਗੱਡੀ ਫਿਰ ਤੇਜ਼ ਹੋ ਗਈ ਤੇ ਉਹ ਡਿੱਗ ਪਏ। ਕਾਫੀ ਸੱਟਾਂ ਲੱਗੀਆਂ। ਉਦੋਂ ਉਹ 77 ਸਾਲਾਂ ਦੇ ਸਨ। ਡਾ. ਗੋਪਾਲ ਦਾਸ ਨੇ ਆਪਣੇ ਘਰ ਦੇ ਨਾਲ ਛੋਟਾ ਜਿਹਾ ਹਸਪਤਾਲ ਬਣਾਇਆ ਸੀ, ਉਸ ਵਿਚ ਉਨ੍ਹਾਂ ਨੂੰ ਦੋ ਮਹੀਨੇ ਰਹਿਣਾ ਪਿਆ। ਮੈਂ ਤੇ ਦਲੀਪ ਸਿੰਘ ਹੋਸਟਲ 'ਚੋਂ ਉਨ੍ਹਾਂ ਪਾਸ ਰੋਜ਼ ਜਾ ਕੇ ਸੇਵਾ ਕਰਦੇ ਰਹੇ। ਵਾਹਿਗੁਰੂ ਦੀ ਕਿਰਪਾ ਨਾਲ ਉਹ ਬਿਲਕੁਲ ਤੰਦਰੁਸਤ ਹੋ ਗਏ।

ਅਗਲੀ ਪੀੜ੍ਹੀ ਦਾ ਆਰੰਭ

29 ਮਾਰਚ 1935 ਨੂੰ ਭਾਈ ਇਕਬਾਲ ਸਿੰਘ ਦੇ ਘਰ ਪਹਿਲਾ ਲੜਕਾ ਸੁਖਦੇਵ ਸਿੰਘ ਪੈਦਾ ਹੋਇਆ। ਦਾਦਾ ਜੀ ਲਈ ਇਹ ਚੌਥੀ ਪੀੜ੍ਹੀ ਦਾ ਆਰੰਭ ਸੀ। ਸਾਰੇ ਪਰਵਾਰ ਵਿਚ ਭਾਰੀ ਖ਼ੁਸ਼ੀ ਮਨਾਈ ਗਈ। 27 ਦਸੰਬਰ 1935 ਨੂੰ ਉਸ ਦੇ ਧਮਾਣ ਤੇ ਸਭ ਰਿਸ਼ਤੇਦਾਰ ਇਕੱਠੇ ਹੋਏ ਅਤੇ ਗਰੁਪ ਫੋਟੋ ਖਿੱਚੀ ਗਈ। ਇਹ ਸਾਡੇ ਪਰਵਾਰ ਦੀ ਪਹਿਲੀ ਗਰੁਪ ਫੋਟੋ ਸੀ।

ਸੱਪ ਦੇ ਡੱਸਣ ਦੀ ਘਟਨਾ

ਪਿੰਡ ਵਿਚ ਸਾਡੇ ਘਰ ਦੇ ਦੋ ਹਿੱਸੇ ਸਨ, ਬਾਹਰਲਾ ਹਿੱਸਾ (ਮਰਦਾਨਾ) ਤੇ ਅੰਦਰਲਾ ਹਿੱਸਾ (ਜ਼ਨਾਨਾ)। ਸਤੰਬਰ 1935 ਦੀ ਗੱਲ ਹੈ, ਮੈਂ ਤੇ ਦਲੀਪ ਸਿੰਘ ਛੁੱਟੀਆਂ ਕੱਟ ਕੇ ਸਕੂਲ ਹੋਸਟਲ ਵਿਚ ਚਲੇ ਗਏ ਸੀ। ਪਿਛੇ ਇਕ ਦਿਨ ਰਾਤ ਨੂੰ ਖਾਣੇ ਦੇ ਵਕਤ ਅੰਦਰਲੇ ਘਰ ਦੇ ਵਿਹੜੇ ਵਿਚ ਘੜਵੰਜੀ ਤੇ ਰੱਖੇ ਘੜਿਆਂ ਦੇ ਹੇਠਾਂ ਠੰਡੀ ਜਗ੍ਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖ ਕੇ ਹਨੇਰੇ ਵਿਚ ਇਕ ਸੱਪ ਬੈਠਾ ਸੀ । ਓਦੋਂ ਪਿੰਡਾਂ ਵਿਚ ਬਿਜਲੀ ਨਹੀਂ ਹੁੰਦੀ ਸੀ, ਲਾਲਟੈਨ ਦੀ ਥੋੜ੍ਹੀ ਬਹੁਤੀ ਰੌਸ਼ਨੀ ਹੁੰਦੀ ਸੀ। ਛੋਟਾ ਭਾਈ ਗੁਰਚਰਨ ਸਿੰਘ ਘੜੇ ਵਿਚੋਂ ਪਾਣੀ ਲੈਣ ਲੱਗਾ ਤਾਂ ਉਸ ਦੇ ਪੈਰ ਤੇ ਸੱਪ ਨੇ ਡੰਗ ਮਾਰਿਆ । ਦਾਦਾ ਜੀ ਘਰ ਹੀ ਸਨ। ਉਨ੍ਹਾਂ ਨੇ ਤੁਰੰਤ ਦਾਤਰੀ ਅੱਗ ਵਿਚ ਤਾਅ ਕੇ ਡੰਗ ਵਾਲੀ ਜਗ੍ਹਾ ਸਾੜ ਦਿੱਤੀ ਤੇ ਦੁਧ ਘਿਓ ਪਿਲਾਇਆ । ਫਿਰ ਮਾਂਦਰੀ ਬੁਲਾਇਆ, ਉਸ ਨੇ ਵੀ ਮੰਤਰ ਆਦਿ ਪੜ੍ਹੇ ਤੇ ਸੱਪ ਨੂੰ ਕੀਲਿਆ। ਅਗਲੇ ਦਿਨ ਸਰਗੋਧੇ ਤੋਂ ਡਾਕਟਰ ਬੁਲਾਇਆ । ਸਾਨੂੰ ਵੀ ਹੋਸਟਲ ਵਿਚੋਂ ਨਾਲ ਲੈ ਗਏ। ਵਾਹਿਗੁਰੂ ਦੀ ਕਿਰਪਾ ਨਾਲ ਜਾਨ ਬਚ ਗਈ। 2-3 ਦਿਨ ਗੁਰਚਰਨ ਸਿੰਘ ਬੇਹੋਸ਼ ਰਿਹਾ । ਫਿਰ ਹੌਲੀ ਹੌਲੀ ਜ਼ਹਿਰ ਦਾ ਅਸਰ ਘੱਟ ਗਿਆ ਤੇ ਉਹ ਠੀਕ ਹੋ ਗਿਆ ।

'ਜਾ ਕੋ ਰਾਖੇ ਸਾਈਂਆਂ ਮਾਰ ਸਕੇ ਨ ਕੋਇ ।'

ਸਕੂਲ ਦੀਆਂ ਕੁਝ ਹੋਰ ਯਾਦਾਂ

ਸਕੂਲ ਦਾ ਸਮੁੱਚਾ ਵਾਤਾਵਰਨ ਬੜਾ ਸੁਖਾਵਾਂ ਤੇ ਸ਼ਾਂਤੀਪੂਰਨ ਸੀ। ਹੋਸਟਲ ਦਾ ਜੀਵਨ ਵੀ ਸਾਵਾਂ ਪੱਧਰਾ ਤੇ ਵਿਕਾਸਮਈ ਸੀ । ਫਿਰ ਵੀ ਕਈ ਗੱਲਾਂ ਅਜੀਬ ਜਾਂ ਅਸਾਧਾਰਨ ਕਿਸਮ ਦੀਆਂ ਵਾਪਰ ਜਾਂਦੀਆਂ ਸਨ ਜਿਵੇਂ ਕੋਈ ਆਪਸੀ ਲੜਾਈ ਝਗੜਾ, ਕੋਈ ਸੱਟ ਫੇਟ, ਕੋਈ ਅਚਾਨਕ ਬੀਮਾਰੀ ਆਦਿ ।

ਮੇਰੇ ਤੇ ਦਲੀਪ ਸਿੰਘ ਦੇ ਜਮਾਤੀਆਂ ਅਤੇ ਨਿਕਟ ਜਮਾਤੀਆਂ (ਜਿਨ੍ਹਾਂ ਵਿਚੋਂ ਕਈ ਵੱਡੇ ਹੋ ਕੇ ਉੱਚ ਪਦਵੀਆਂ ਤੇ ਪਹੁੰਚੇ) ਵਿਚ ਚਚੇਰਾ ਭਾਈ, ਰਤਨ ਸਿੰਘ (ਵਿੰਗ ਕਮਾਂਡਰ ਰਿਟਾਇਰਡ) ਸਾਡੇ ਪਿੰਡ ਤੋਂ ਕਰਤਾਰ ਸਿੰਘ (ਵਕੀਲ ਲੁਧਿਆਣਾ) ਤੇ ਹਰਵੰਤ ਸਿੰਘ ਸੰਘਾ (ਹੁਣ ਵਾਸੀ ਕੈਨੇਡਾ) ਚਕ 96 ਤੋਂ ਜਗਜੀਤ ਬਾਜਵਾ (ਹੈਡਮਾਸਟਰ ਰਿਟਾਇਰਡ, ਹੁਣ ਵਾਸੀ ਕੈਨੇਡਾ), ਰਘਬੀਰ ਸਿੰਘ, ਸੰਪੂਰਨ ਸਿੰਘ (ਚਕ 96), ਹਰਚਰਨ ਸਿੰਘ (ਪ੍ਰਸਿੱਧ ਡਾਕਟਰ, ਸ੍ਰੀ ਅੰਮ੍ਰਿਤਸਰ), ਸਤਨਾਮ ਸਿੰਘ ਹਿਤਕਾਰੀ (ਇੰਕਮ ਟੈਕਸ ਕਮਿਸ਼ਨਰ ਰਿਟਾਇਰਡ), ਹਰਭਜਨ ਸਿੰਘ ਰਤਨ (ਪ੍ਰਸਿੱਧ ਗਾਇਕ ਤੇ ਰੇਡੀਓ ਅਧਿਕਾਰੀ ਰਿਟਾਇਰਡ), ਗੁਰਚਰਨ ਸਿੰਘ ਚੰਨ, ਹਰਚਰਨ ਸਿੰਘ ਨਿਰਮਾਣ, ਸੁਖਪਾਲ ਸਿੰਘ (ਡੀ. ਆਈ. ਜੀ. ਪੁਲਿਸ ਰਿਟਾਇਰਡ) ਆਦਿ ਸਨ। ਸਾਡਾ ਛੋਟਾ ਭਾਈ ਜੋਗਿੰਦਰ ਸਿੰਘ (ਕਰਨਲ ਰਿਟਾਇਰਡ) ਵੀ ਸਾਡੇ ਸਮੇਂ ਵਿਚ ਹੀ ਸਕੂਲ ਵਿਚ ਦਾਖਲ ਹੋ ਗਿਆ ਸੀ।

ਇਨ੍ਹਾਂ ਸਾਥੀਆਂ ਵਿਚੋਂ ਰਤਨ ਸਿੰਘ, ਸਤਨਾਮ ਸਿੰਘ ਹਿੱਤਕਾਰੀ ਤੇ ਕਰਤਾਰ ਸਿੰਘ ਬਾਅਦ ਵਿਚ ਲਾਹੌਰ ਵਿਚ ਵੀ ਮੇਰੇ ਨਾਲ ਪੜ੍ਹੇ। ਜਗਜੀਤ ਬਾਜਵਾ ਨਾਲ ਮੇਰੀ ਸਕੂਲ ਹੋਸਟਲ ਵਿਚ ਤਿੰਨ ਵਾਰ ਜ਼ੋਰ ਅਜ਼ਮਾਈ (ਕੁਸ਼ਤੀ) ਹੋਈ ਜਿਸ ਦਾ ਤਮਾਸ਼ਾ ਸਾਰੇ ਹੋਸਟਲ ਨੇ ਵੇਖਿਆ। ਇਨ੍ਹਾਂ ਮੁਕਾਬਲਿਆਂ ਨੂੰ ਪਾਣੀਪਤ ਦੀਆਂ ਤਿੰਨ ਲੜਾਈਆਂ ਦਾ ਨਾਂ ਦਿੱਤਾ ਗਿਆ। ਸਾਰੇ ਦੇਸ਼ਾਂ ਵਿਚ ਦਵੱਲੀ ਲੜਾਈ ਜਾਂ ਮੁਕਾਬਲੇ (duel) ਦਾ ਰਿਵਾਜ਼ ਰਿਹਾ ਹੈ, ਜਿਸ ਲਈ ਇਕ ਦੂਜੇ ਨੂੰ ਵੰਗਾਰਿਆ ਜਾਂਦਾ ਸੀ । ਉਪਰ ਲਿਖੇ ਹਰਵੰਤ ਸਿੰਘ (ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਥੋਂ ਕੁਝ ਜਮਾਤਾਂ ਅੱਗੇ ਸੀ) ਅਤੇ ਉਸ ਦੇ ਇਕ ਸਾਥੀ ਦਾ ਸ਼ਹਿਰ ਦੇ ਕੁਝ ਲੋਕਾਂ ਨਾਲ ਇਕ ਦਿਨ ਥੋੜੀ ਗੱਲ ਤੋਂ ਝਗੜਾ ਹੋ ਗਿਆ, ਜਿਸ ਦੀ ਨੌਬਤ ਲੜਾਈ ਤਕ ਪਹੁੰਚੀ। ਹਰਵੰਤ ਸਿੰਘ ਨੂੰ ਵੀ ਕੁਝ ਸੱਟਾਂ ਲੱਗੀਆਂ। ਹੋਸਟਲ ਵਿਚ ਪਤਾ ਲੱਗਾ ਤਾਂ ਅਸੀਂ ਸਾਰੇ ਲੜਾਈ ਵਾਲੀ ਥਾਂ ਪੁੱਜੇ ਅਤੇ ਆਪਣੇ ਸਾਥੀਆਂ ਦੀ ਮਦਦ ਵਿਚ ਜਾ ਖੜੇ ਹੋਏ। ਮੈਨੂੰ ਯਾਦ ਹੈ ਕਿ ਹੋਸਟਲ ਦੇ ਸਭ ਮੁੰਡੇ ਖੇਡਾਂ ਖੇਡਣ ਦੇ ਬਹੁਤ ਸ਼ੌਕੀਨ ਸਨ। ਛੁੱਟੀ ਵਾਲੇ ਦਿਨ ਲਗਭਗ ਸਾਰਾ ਦਿਨ ਗਰਾਊਂਡਾਂ ਵਿਚ ਹੀ ਬਿਤਾਂਦੇ। ਕਈ ਵਾਰੀ, ਛੋਟਾ ਜਿਹਾ ਸ਼ਹਿਰ ਸੀ, ਸਾਰਾ ਸ਼ਹਿਰ ਗਾਹ ਮਾਰਦੇ, ਕੰਪਨੀ ਬਾਗ ਦੀ ਸੈਰ ਜਾ ਕਰਦੇ। ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਗੁਰਪੁਰਬ ਤੇ ਛਬੀਲਾਂ ਦਾ ਚੱਕਰ ਲਾ ਕੇ 25–30 ਗਲਾਸ ਲੱਸੀ, ਸ਼ਰਬਤ ਪੀ ਜਾਂਦੇ।

ਇਕ ਦਿਨ ਹੋਸਟਲ ਵਿਚ ਮੈਨੂੰ ਤੇ ਦਲੀਪ ਸਿੰਘ ਨੂੰ ਮਿਲਣ ਸ਼ਹਿਰ ਤੋਂ 5 ਮੀਲ ਤੇ ਵਾਕਿਆ ਸਾਡੇ ਨਾਨਕਾ ਪਿੰਡ (ਚਕ 101) ਤੋਂ ਵੱਡੇ ਮਾਮੀ ਜੀ (ਮਾਮਾ ਤਾਰਾ ਸਿੰਘ ਦੀ ਪਹਿਲੀ ਸੁਪਤਨੀ) ਤੇ ਮਾਸੀ ਜੀ ਕਰਤਾਰ ਕੌਰ ਘੋੜੀਆਂ ਤੇ ਸਵਾਰ ਆ ਧਮਕੀਆਂ। ਸਾਨੂੰ ਉਨ੍ਹਾਂ ਦੀ ਹਿੰਮਤ ਤੇ ਦਲੇਰੀ ਤੇ ਖੁਸ਼ੀ ਹੋਈ। ਓਦੋਂ ਘੋੜ ਸਵਾਰੀ ਦਾ ਰਿਵਾਜ਼ ਬਹੁਤ ਸੀ। ਸਾਡੇ ਮਾਤਾ ਜੀ ਸਾਡੇ ਪਿੰਡ ਤੋਂ ਨਾਨਕਾ ਪਿੰਡ (10 ਮੀਲ ਦੂਰ) ਘੋੜੀ ਤੇ ਹੀ ਜਾਇਆ ਕਰਦੇ ਸਨ, ਜਾਂ ਫਿਰ ਆਪਣੇ ਟਾਂਗੇ ਵਿਚ।

ਬੈਂਤਾਂ ਦੀ ਸਜ਼ਾ

ਓਦੋਂ ਵਿਦਿਆਰਥੀਆਂ ਨੂੰ ਸਰੀਰਕ ਸਜ਼ਾ ਦੇਣਾ ਜ਼ਰੂਰੀ ਸਮਝਿਆ ਜਾਂਦਾ ਸੀ। ਕੰਨ ਫੜਾਏ ਜਾਂਦੇ ਸਨ ਜਾਂ ਬੈਂਤ ਮਾਰੇ ਜਾਂਦੇ ਸਨ। ਬੈਂਚ ਤੇ ਵੀ ਖੜਾ ਕਰ ਦੇਂਦੇ ਸਨ ਜਾਂ ਕਲਾਸ ਤੋਂ ਬਾਹਰ ਕਢ ਦੇਂਦੇ ਸਨ।

ਇਕ ਵਾਰ ਧਾਰਮਕ ਪੀਰਡ ਵਿਚ ਗਿ. ਹਰਨਾਮ ਸਿੰਘ ਨੇ ਜਾਪ ਸਾਹਿਬ ਦਾ ਪਾਠ ਸੁਣਨਾ ਸੀ। ਮੈਂ ਤੇ ਕੁਝ ਹੋਰ ਮੁੰਡੇ ਪਾਠ ਯਾਦ ਨਾ ਹੋਣ ਕਾਰਨ ਕਲਾਸ ਵਿਚ ਨਾ ਗਏ ਤੇ ਬਾਹਰ ਸਕੂਲ ਦੀ ਟੱਕ ਸ਼ਾਪ ਤੇ ਜਾ ਖਲੋਤੇ। ਸਾਡੀ ਸ਼ਾਮਤ ਆਉਣੀ ਸੀ, ਅਚਾਨਕ ਹੈਡਮਾਸਟਰ ਗੁਰਦਿਆਲ ਸਿੰਘ (ਜੋ ਸ਼ਰੀਰ ਦੇ ਬਹੁਤ ਵੱਡੇ ਤੇ ਉੱਚੇ ਲੰਮੇ ਸਨ) ਕਲਾਸਾਂ ਦੇ ਦੌਰੇ ਤੇ ਨਿਕਲ ਪਏ। ਜਦ ਸਾਡੀ ਛੇਵੀਂ ਜਮਾਤ ਦੀ ਕਲਾਸ ਵਿਚ ਗਏ ਤਾਂ ਜਾਂਦਿਆਂ ਹੀ ਕਹਿਣ ਲੱਗੇ, ਕਲਾਸ ਦੀ ਗਿਣਤੀ ਬਹੁਤ ਘੱਟ ਹੈ (class is very thin), ਗਿਆਨੀ ਜੀ ਪਤਾ ਕਰੋ, ਬਾਕੀ ਮੁੰਡੇ ਕਿਥੇ ਹਨ ? ਗਿਆਨੀ ਜੀ ਲੱਭਦੇ ਹੋਏ ਟੱਕ ਸ਼ਾਪ ਤੇ ਆ ਪਹੁੰਚੇ ਤੇ ਸਾਨੂੰ ਦੇਖ ਕੇ ਕਹਿਣ ਲੱਗੇ, ਚਲੋ ਬੇਈਮਾਨੋ, ਹੈੱਡਮਾਸਟਰ ਸਾਹਿਬ ਬੁਲਾਂਦੇ ਹਨ। ਅਸੀਂ ਗਏ ਤਾਂ ਸਾਨੂੰ ਸਾਰਿਆਂ ਨੂੰ ਦੋ ਦੋ ਬੈਂਤਾਂ ਦੀ ਸਜ਼ਾ ਮਿਲੀ, (ਸੱਜੇ ਹੱਥ ਦੀ ਤਲੀ ਤੇ ਬੈਂਤ ਮਾਰੇ ਜਾਂਦੇ ਸਨ)। ਮੈਨੂੰ ਖੁਸ਼ੀ ਹੋਈ ਕਿ ਜੇ ਸਜ਼ਾ ਮਿਲੀ ਤਾਂ ਧਰਮ ਪਿੱਛੇ ਮਿਲੀ, ਦੁਨੀਆਂ ਪਿੱਛੇ ਨਹੀਂ ਸੀ ਮਿਲੀ। ਇਕਬਾਲ ਦਾ ਬੜਾ ਸੁੰਦਰ ਸ਼ਿਅਰ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਜਹਾਂ ਮੇਂ ਕਹੀਂ ਅਮਾਂ ਮਿਲੀ, ਜੋ ਅਮਾਂ ਮਿਲੀ ਤੋ ਕਹਾਂ ਮਿਲੀ,
ਮੇਰੇ ਜੁਰਮਿ ਖ਼ਾਨਾ ਖਰਾਬ ਕੋ, ਤੇਰੇ ਉਫ਼ਵਿ ਬੰਦਾ ਨਿਵਾਜ਼ ਮੇਂ ।

ਸਾਥੋਂ ਕੁਝ ਜਮਾਤਾਂ ਅੱਗੇ ਇਕ ਵਿਦਿਆਰਥੀ ਜਸਵੰਤ ਸਿੰਘ ਸਾਡੇ ਪਿੰਡ ਦੇ ਨੇੜੇ ਵਾਕਿਆ ਚਕ 45 ਦਾ ਸੀ। ਉਸ ਦੀਆਂ ਹਰਕਤਾਂ ਤੋਂ ਜਾਪਦਾ ਸੀ ਕਿ ਦਿਮਾਗ਼ ਦਾ ਨਾਰਮਲ ਨਹੀਂ ਸੀ । ਕਈ ਵਾਰੀ ਅਚਾਨਕ ਹੀ ਸਾਈਕਲ ਫੜ ਕੇ ਰਾਤ ਦੇ ਸਮੇਂ ਪਿੰਡ ਨੂੰ ਤੁਰ ਪੈਂਦਾ । ਸਾਰੇ ਹੈਰਾਨ ਹੁੰਦੇ ਰਹਿੰਦੇ । ਸਾਨੂੰ ਉਸ ਦਾ ਨਾਰਮਲ ਨਾ ਹੋਣਾ ਭੈ-ਭੀਤ ਵੀ ਕਰਦਾ ਸੀ। 1949 ਵਿਚ ਜਦ ਮੈਂ ਗੜ੍ਹਦੀਵਾਲਾ (ਜ਼ਿਲਾ ਹੁਸ਼ਿਆਰਪੁਰ) ਦੇ ਨੇੜੇ ਪਿੰਡ ਦਾਰਾਪੁਰ (ਜਿਥੇ ਮੇਰੇ ਸਹੁਰਾ-ਪਰਿਵਾਰ ਨੂੰ ਜ਼ਮੀਨ ਅਲਾਟ ਹੋਈ ਸੀ) ਗਿਆ ਤਾਂ ਸ਼ਾਮ ਨੂੰ ਸੈਰ ਕਰਦੇ ਸਿਵਿਆਂ ਵਿਚ ਇਕ ਆਦਮੀ ਨੂੰ ਦੇਖਿਆ ਤਾਂ ਮੈਂ ਉਸ ਨੂੰ ਪਛਾਣ ਲਿਆ ਤੇ ਹੈਰਾਨ ਹੋਇਆ । ਫਿਰ ਪਤਾ ਲਗਾ ਕਿ ਉਸ ਦਾ ਪਰਿਵਾਰ ਉਥੇ ਰਹਿੰਦਾ ਸੀ ।

ਜ਼ਾਲਮ ਡਰਿੱਲ ਮਾਸਟਰ

ਪਤਾ ਨਹੀਂ ਉਹ ਕੀ ਚੀਜ਼ ਸੀ, ਆਦਮੀ ਕਿ ਦਰਿੰਦਾ ਅਰਥਾਤ ਖ਼ੂਨਖ਼ਾਰ ਜਾਨਵਰ ? ਜ਼ਾਲਮ ਸ਼ਬਦ ਵੀ ਮੈਨੂੰ ਉਸ ਲਈ ਕਮਜ਼ੋਰ ਤੇ ਮੱਧਮ ਜਾਪਦਾ ਹੈ । ਉਸ ਦੀਆਂ ਅੱਖਾਂ 'ਚੋਂ ਸ਼ੁਅਲੇ (ਅੰਗਾਰੇ) ਨਿਕਲਦੇ ਸਨ । ਜ਼ਬਾਨ 'ਚੋਂ ਛੁਰੀਆਂ ਦੀ ਬਾਰਿਸ਼ ਹੁੰਦੀ ਸੀ ਤੇ ਨੱਕ 'ਚੋਂ ਠੂਹੇਂ ਡਿੱਗਦੇ ਸਨ । ਚੰਗਾ ਹੋਇਆ ਮੈਨੂੰ ਉਸ ਦਾ ਨਾਂ ਯਾਦ ਨਹੀਂ ਰਿਹਾ । ਅਜਿਹੇ ਆਦਮੀ ਦਾ ਨਾਂ ਰਾਖਸ਼ ਜਾਂ ਦੈਂਤ ਹੀ ਹੋ ਸਕਦਾ ਹੈ । ਮੈਨੂੰ ਅਜੇ ਤੱਕ ਹੈਰਾਨੀ ਹੈ ਕਿ ਉਹ ਸਿੱਖ ਕਿਸ ਤਰ੍ਹਾਂ ਬਣ ਗਿਆ ? ਉਹ ਸ਼ੁਧ ਉਰਦੂ ਜਾਂ ਹਿੰਦੋਸਤਾਨੀ ਬੋਲਦਾ ਸੀ ਜਿਸ ਤੋਂ ਜਾਪਦਾ ਸੀ ਕਿ ਉਹ ਪੰਜਾਬੀ ਨਹੀਂ, ਯੂ.ਪੀ. ਦਾ ਜੰਮਪਲ ਸੀ ਤੇ ਕਿਸੇ ਤਰ੍ਹਾਂ ਸਿੱਖ ਬਣ ਗਿਆ ਸੀ (ਮੈਂ ਜਾਣ ਕੇ 'ਸੱਜ ਗਿਆ' ਨਹੀਂ ਲਿਖਿਆ)। ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਇਕ ਫ਼ਾਰਸੀ ਮੁਹਾਵਰਾ ਬੋਲਿਆ ਕਰਦੇ ਸਨ—'ਖ਼ਸ ਕਮ ਜਹਾਂ ਪਾਕ' ਅਰਥਾਤ ਜਿੰਨਾਂ ਕੂੜਾ ਕਰਕਟ ਘੱਟ ਓਨੀ ਹੀ ਦੁਨੀਆਂ ਸਾਫ਼। ਇਹ ਗੱਲ ਉਸ ਪੀ. ਟੀ. ਤੇ ਢੁਕਦੀ ਹੈ ਕਿ ਜਦ ਦੁਨੀਆਂ ਤੋਂ ਗਿਆ ਹੋਵੇਗਾ ਤਾਂ ਦੁਨੀਆਂ ਬੜੀ ਸਵੱਛ ਹੋ ਗਈ ਹੋਵੇਗੀ । ਦੋ ਤਿੰਨ ਸਾਲ ਸ਼ਾਇਦ ਸਾਡੇ ਸਕੂਲ ਵਿਚ ਰਿਹਾ ਹੋਵੇਗਾ । ਪਰ ਹਰ ਕਿਸੇ ਲਈ ਵੱਡੀ ਮੁਸੀਬਤ ਬਣਿਆ ਰਿਹਾ । ਮੇਰੇ ਨਾਲ ਤਾਂ ਉਸ ਨੂੰ ਰੱਬ ਵਾਸਤੇ ਦਾ ਵੈਰ ਸੀ । ਮੈਨੂੰ ਦੇਖਦੇ ਹੀ ਉਸ ਨੂੰ ਕ੍ਰੋਧ ਚੜ੍ਹ ਜਾਂਦਾ ਤੇ ਜ਼ਬਾਨ ਤੋਂ 'ਫੁੱਲ ਝੜਨੇ' ਸ਼ੁਰੂ ਹੋ ਜਾਂਦੇ । ਏਨੀ ਬਦ-ਜ਼ਬਾਨੀ ਤੇ ਤਲਖ਼-ਕਲਾਮੀ, ਨਾ ਕਦੀ ਦੇਖੀ, ਨਾ ਸੁਣੀ । ਗ਼ਾਲਿਬ ਦਾ ਸ਼ਿਅਰ ਉਸ ਤੇ ਢੁਕਦਾ ਹੈ :

ਤਲਖ਼ੀ ਸਹੀ ਕਲਾਮ ਮੇਂ ਲੇਕਨ ਨਾ ਇਸ ਕਦਰ,
ਕੀ ਜਿਸ ਸੇ ਬਾਤ ਉਸ ਨੇ ਸ਼ਕਾਇਤ ਜਰੂਰ ਕੀ ।

ਉਸਦਾ ਡਰਿੱਲ ਦਾ ਪੀਰਡ ਅਸੀਂ ਜਾਂ ਤੇ ਘੁਸਾ ਜਾਂਦੇ, ਜਾਂ ਫਿਰ ਲਹੂ ਦਾ ਘੁਟ ਭਰਕੇ ਸਹਿ ਜਾਂਦੇ । ਬਹੁਤਾ ਵਿਸਤਾਰ ਕੀ ਕਰਾਂ (ਦੁੱਖਾਂ ਦੀ ਪਟਾਰੀ ਖੋਲ੍ਹਣ ਵਾਲੀ ਗੱਲ ਹੈ), ਇਕ ਦਿਨ ਦੀ ਵਾਰਤਾ ਲਿਖ ਕੇ ਸੰਕੋਚ ਕਰਦਾ ਹਾਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦਿਨ ਮੈਂ ਹੋਰ ਮੁੰਡਿਆਂ ਨਾਲ ਖੇਡ ਦੇ ਮੈਦਾਨ ਤੋਂ ਹੋਸਟਲ ਵਾਪਸ ਆਇਆ। ਨਾਵੀਂ-ਜਮਾਤ ਤਕ ਮੈਂ ਕਾਫੀ ਲੰਮੇ ਕੱਦ ਦਾ ਹੋ ਗਿਆ ਸੀ ਪਰ ਸਰੀਰ ਦਾ ਬਹੁਤ ਪਤਲਾ ਤੇ ਲੰਮੂਤਰਾ ਸੀ। ਸਕੂਲ ਸਮੇਂ ਤੋਂ ਬਾਅਦ ਅਸੀਂ ਲੋਕ ਕਮੀਜ਼ ਕੱਛੇ ਵਿਚ ਹੀ ਹੁੰਦੇ ਸੀ, ਪਜਾਮਾ ਪਾਣ ਦਾ ਰਿਵਾਜ ਨਹੀਂ ਸੀ। ਸਿਰ ਨੰਗਾ ਤੇ ਪੈਰੀਂ ਜੁੱਤੀ। ਸਾਨੂੰ ਕੀ ਪਤਾ ਸੀ ਉਹ ਪੀ. ਟੀ. ਹੋਸਟਲ ਵਿਚ ਪਧਾਰ ਰਿਹਾ ਸੀ, ਨਹੀਂ ਤਾਂ ਅਸੀਂ ਦੂਰੋਂ ਹੀ ਖਿਸਕ ਜਾਂਦੇ। ਉਹ ਇਕ ਡਾਰਮਿਟਰੀ (ਵੱਡੇ ਕਮਰੇ) ਵਿਚ ਖੜਾ ਆਪਣੀ ਤੂਫਾਨੀ ਬੋਲੀ ਬੋਲ ਰਿਹਾ ਸੀ। ਮੈਨੂੰ ਦੇਖਦੇ ਸਾਰ ਬੜਾ ਤੜਿੰਗ ਕੇ ਤੇ ਕਿਲ੍ਹ ਕੇ ਬੋਲਿਆ : "ਈਂ...ਦੇਖੋ ! ਯਿਹ ਆ ਗਏ, ਲੰਮ ਧੜੰਗ ! ਹੁਲੀਆ ਦੇਖੋ, ਇਨ ਕੀ ਟਾਂਗੇ ਦੇਖੋ, ਜੈਸੇ ਦੋ ਬਾਂਸ ਚਲ ਰਹੇ ਹੋਂ ! ਪਤਾ ਨਹੀਂ ਕਿਧਰ ਸੇ ਅਵਾਰਾ ਗਰਦੀ ਕਰਕੇ ਆ ਗਏ ! ਔਰ ਇਨ ਕੇ ਸਾਥੀ ਦੇਖੋ ਸਭ ਨਾ ਮਾਕੂਲ !..."

ਮੈਂ ਉਸ ਦੇ ਅਜੇਹੇ ਸਲੂਕ ਤੋਂ ਅੱਕਿਆ ਹੋਇਆ ਢੀਠ ਜੇਹਾ ਤੇ ਬੇਪਰਵਾਹ (ਜਾਂ ਗੁਸਤਾਖ਼ ਸਮਝ ਲੋ) ਹੋ ਗਿਆ ਸੀ। ਇਸ ਲਈ ਕਮਰੇ ਵਿਚ ਜਾ ਕੇ ਇਕ ਚਾਰਪਾਈ ਤੇ ਬੈਠ ਗਿਆ। ਹੋਰ ਮੁੰਡੇ ਵੀ ਇਧਰ ਉਧਰ ਬੈਠ ਗਏ। ਮੇਰੀ ਕਿਸਮਤ ਹੋਰ ਮਾੜੀ ਹੋਈ। ਜਿਥੇ ਮੈਂ ਬੈਠਾ, ਉਥੇ ਨੇੜੇ ਹੀ ਉਸ ਜ਼ਾਲਮ ਬਘਿਆੜ ਦਾ ਕੋਟ ਪਿਆ ਸੀ। ਬੱਸ ਉਸ ਨੂੰ ਬਹਾਨਾ ਮਿਲ ਗਿਆ ਹੋਰ ਤਾੜ ਫਾੜ ਕਰਨ ਦਾ : "ਈਂ...ਦੇਖੋ ! ਇਨ ਕੀ ਬਦਤਮੀਜ਼ੀ ਦੇਖੋ, ਮੇਰੇ ਕੋਟ ਪਰ ਹੀ ਆ ਬੈਠੇ, ਯਿਹ ਨਹੀਂ ਦੇਖਾ ਕਿ ਉਸਤਾਦ ਕਾ ਕੋਟ ਪੜਾ ਹੈ। ਉੱਠੋ ਯਹਾਂ ਸੇ, ਕਹੀਂ ਔਰ ਬੈਠੋ। ਫਿਰ ਯਿਹ ਨਹੀਂ ਦੇਖਾ ਕਿ ਉਸਤਾਦ ਖੜਾ ਹੈ ਔਰ ਯਿਹ ਕੈਸੇ ਧੜੱਮ ਸ਼ੇ ਆ ਟਪਕੇ ਔਰ ਬੇਸ਼ਰਮੀ ਸੇ ਕੋਟ ਪਰ ਬੈਠ ਗਏ ਜੈਸੇ ਕੋਈ ਗਦੇਲਾ ਹੋ...।" ਅਜੇਹਾ ਕੜਾਕੇਦਾਰ ਭਾਸ਼ਨ ਸੁਣਦੇ ਸਾਰ ਮੈਂ ਤੇ ਮੇਰੇ ਸਾਥੀ ਭਰੇ ਪੀਤੇ ਉਥੋਂ ਉੱਠ ਕੇ ਚਲੇ ਗਏ। ਓਦੋਂ ਜ਼ਬਤ ਤੇ ਸਖਤੀ ਬਹੁਤ ਹੁੰਦੀ ਸੀ। ਜੇ ਅਸੀਂ ਅਜ ਕਲ ਦੇ ਵਿਦਿ-ਆਰਥੀ ਹੁੰਦੇ ਤਾਂ ਅਵੱਸ਼ ਉਸ ਦੀ ਮੁਰੰਮਤ ਕਰ ਦੇਂਦੇ।

ਕੁਦਰਤ ਦਾ ਮਜ਼ਾਕ

ਕੁਦਰਤ ਕਈ ਵਾਰੀ ਮਨੁੱਖ ਨਾਲ ਅਜੀਬ ਮਜ਼ਾਕ ਕਰਦੀ ਹੈ। ਜਿੰਨੀ ਮੈਨੂੰ ਸੋਨੇ ਚਾਂਦੀ ਦੀ ਨੁਮਾਇਸ਼ ਤੋਂ ਨਫਰਤ ਸੀ, ਉਨੀ ਹੀ ਸਾਰੀ ਉਮਰ ਆਪਣੇ ਸਰੀਰ ਤੇ ਇਸ ਦੀ ਕੋਝੀ ਨੁਮਾਇਸ਼ ਕਰਨ ਤੇ ਮਜਬੂਰ ਹੋਇਆ। ਮੈਂ ਸਾਰੀ ਉਮਰ ਅੰਗੂਠੀ ਤਕ ਨਹੀਂ ਪਹਿਨੀ। ਮੇਰਾ ਇਸ ਨਫਰਤ ਦਾ ਕਾਰਨ ਕੁਝ ਹੱਦ ਤਕ ਸੁਭਾ ਦੀ ਸਾਦਗੀ ਸੀ ਤੇ ਕੁਝ ਹੱਦ ਤਕ ਗੁਰਮਤਿ ਦਾ ਬਚਪਨ ਤੋਂ ਪਿਆ ਪ੍ਰਭਾਵ (ਸਿੰਘ ਸਭਾ ਤੇ ਅਕਾਲੀ ਲਹਿਰ ਦੇ ਉਪਦੇਸ਼ਾਂ ਸਦਕਾ) ਜਾਂ ਸਿੱਧਾ ਗੁਰਬਾਣੀ ਦਾ ਅਸਰ ਕਿ ਸੋਨਾ ਤੇ ਮਿਟੀ ਬਰਾਬਰ ਸਮਝੋ। ਗੁਰੂ ਤੇਗ ਬਹਾਦਰ ਜੀ ਦਾ ਪਵਿੱਤਰ ਸ਼ਬਦ :

ਸੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਖ ਸਨੇਹੁ ਅਰੁ ਭੈ ਨਹੀ ਜਾਕੈ
ਕੰਚਨ ਮਾਟੀ ਮਾਨੈ ॥੧॥ ਰਹਾਉ ॥ (ਸੋਰਠਿ)

1935 ਦੀ ਗੱਲ ਹੈ ਕਿ ਮੈਂ ਸਕੂਲ ਦੀ ਫੁੱਟਬਾਲ ਟੀਮ ਦਾ ਮੈਂਬਰ ਸੀ, ਫੁੱਲ ਬੈਕ। ਸਥਾਨਕ ਸਰਕਾਰੀ ਸਕੂਲ ਨਾਲ ਮੈਚ ਸੀ। ਖੇਡ ਦੌਰਾਨ ਇਕ ਮੁਸਲਮਾਨ ਖਿਡਾਰੀ ਦੀ ਅਰਕ ਅਚਨਚੇਤ ਮੇਰੇ ਸਾਮ੍ਹਣੇ ਦੇ ਦੋ ਦੰਦਾਂ ਤੇ ਏਨੇ ਜ਼ੋਰ ਨਾਲ ਲੱਗੀ ਕਿ ਦੋਵੇਂ ਦੰਦ ਆਪਣੀ ਥਾਂ ਤੋਂ ਹਿੱਲ ਗਏ। ਮੈਨੂੰ ਚੱਕਰ ਆਇਆ ਤੇ ਮੈਂ ਡਿੱਗ ਪਿਆ। ਸਭ ਖਿਡਾਰੀ ਇਕੱਠੇ ਹੋ ਗਏ ਤੇ ਹੈਰਾਨ ਹੋ ਕੇ ਮੈਨੂੰ ਦੇਖਣ ਲੱਗੇ ਕਿ ਕਿਥੇ ਸੱਟ ਲੱਗੀ ਹੈ ? ਏਨੇ ਵਿਚ ਮੈਨੂੰ ਹੋਸ਼ ਆ ਗਈ। ਇਕ ਮੁੰਡਾ ਮੈਨੂੰ ਸਾਈਕਲ ਤੇ ਬਿਠਾ ਕੇ ਸ਼ਹਿਰ ਦੇ ਇੱਕੋ ਇਕ ਦੰਦਾਂ ਦੇ ਡਾਕਟਰ, ਡਾ. ਬਾਲੀ ਪਾਸ ਲੈ ਗਿਆ। ਉਸ ਨੇ ਦੋਵੇਂ ਦੰਦ ਕੱਢ ਦਿਤੇ ਤੇ ਕਿਹਾ ਕਿ ਇਕ ਹਫਤਾ ਤਰਲ ਖੁਰਾਕ, ਦੁੱਧ, ਛੋਲਿਆਂ ਦੀ ਤਰੀ ਆਦਿ ਖਾਣੀ ਹੈ। ਫਿਰ ਹਫਤੇ ਪਿਛੋਂ ਉਸ ਨੇ ਦੋ ਨਕਲੀ ਦੰਦ ਲਗਾਕੇ ਉਨ੍ਹਾਂ ਦੀਆਂ ਤਾਰਾਂ ਨਾਲ ਦੇ ਦੋਹਾਂ ਪਾਸਿਆਂ ਦੇ ਦੰਦਾਂ ਉਤੇ ਸੋਨੇ ਦੇ ਪੱਤਰੇ ਦਾ ਖੋਲ ਚੜ੍ਹਾ ਕੇ ਵਿਚ ਪੱਕੀ ਤਰ੍ਹਾਂ ਫਸਾ ਕੇ ਫਿਟ ਕਰ ਦਿਤੀਆਂ। ਉਹ ਸੋਨੇ ਦਾ ਪੱਤਰਾ ਜੋ ਦੰਦਾਂ ਤੇ ਚੜ੍ਹਾਇਆ, ਮੇਰੇ ਬੋਲਣ ਜਾਂ ਹੱਸਣ ਨਾਲ ਆਮ ਦਿੱਸਦਾ ਸੀ। ਸਾਰੀ ਉਮਰ ਲੋਕ ਇਹ ਸਮਝਦੇ ਰਹੇ ਕਿ ਮੈਂ ਇਹ ਸੋਨਾ ਸ਼ੋਕ ਨਾਲ ਜਾਂ ਨੁਮਾਇਸ਼ ਤੇ ਫੈਸ਼ਨ ਵਜੋਂ ਲਗਾਇਆ ਹੈ। ਉਸ ਸਮੇਂ ਅਤੇ ਬਹੁਤ ਪਿਛੋਂ ਤਕ ਦੰਦਾਂ ਤੇ ਸੋਨਾ ਲਗਾਣ ਦਾ ਬਹੁਤ ਰਿਵਾਜ ਰਿਹਾ ਹੈ। ਕਈ ਇਸਤਰੀਆਂ ਸੋਨੇ ਦੇ ਕੋਕੇ ਜੜਾ ਲੈਂਦੀਆਂ ਸਨ ਤੇ ਮਨੁੱਖ ਸੋਨੇ ਦੇ ਪੱਤਰੇ। ਕਈ ਹੋਰ ਵੀ ਅਜੀਬ ਰਿਵਾਜ ਸਨ : ਹੱਥ, ਬਾਂਹਾਂ, ਪੱਟਾਂ, ਮੂੰਹ ਆਦਿ ਤੇ ਕੋਈ ਅੱਖਰ ਜਾਂ ਤੋਤੇ ਮੋਰ ਆਦਿ ਦੀਆਂ ਸ਼ਕਲਾਂ ਖੁਦਾ ਲੈਂਦੇ ਸਨ (ਜਿਸ ਨੂੰ ਅੰਗਰੇਜ਼ੀ ਵਿਚ tattoo ਕਹਿੰਦੇ ਹਨ)। ਪਰ ਮੈਂ ਕਿਸ ਕਿਸ ਨੂੰ ਸਮਝਾਂਦਾ ਕਿ ਦੰਦਾਂ ਉਤੇ ਸੋਨੇ ਦਾ ਖੋਲ ਮੇਰੀ ਮਜਬੂਰੀ ਹੈ। ਹੁਣ ਬੁਢਾਪੇ ਵਿਚ ਅਗਲੇ ਹੋਰ ਕੁਝ ਦੰਦ ਨਿਕਲ ਜਾਣ ਨਾਲ ਇਸ ਸੋਨੇ ਦੀ ਨੁਮਾਇਸ਼ ਤੋਂ ਖਲਾਸੀ ਹੋ ਗਈ ਹੈ ਅਤੇ ਬਨਾਵਟੀ ਦੰਦਾਂ ਦਾ ਆਰਜ਼ੀ (removable) ਪੀੜ੍ਹ ਲੱਗ ਗਿਆ ਹੈ। ਖ਼ਾਲਸਾ ਕਾਲਜ ਵਿਚ ਇਕ ਦਿਨ ਮੈਨੂੰ ਕਿਸੇ ਨੇ ਦੱਸਿਆ ਕਿ ਪ੍ਰੋ. ਵਰਿਆਮ ਸਿੰਘ ਇਕ ਸਾਥੀ ਨੂੰ ਕਹਿ ਰਹੇ ਸਨ ਕਿ ਪ੍ਰੋ. ਦੀਵਾਨ ਸਿੰਘ ਹੈ ਤਾਂ ਜੱਟ ਪਰ ਸੋਨੇ ਦੇ ਦੰਦਾਂ ਨੂੰ ਵੇਖੀਏ ਤਾਂ ਸੁਨਿਆਰਾ ਲੱਗਦਾ ਹੈ। ਵਾਹ ਕੁਦਰਤ ਦਾ ਮਜ਼ਾਕ !

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਵੱਡਾ ਦੁਖਾਂਤ

7743

ਸਰਗੋਧਾ ਸ਼ਹਿਰ ਵਿਚ ਜਾ ਕੇ ਅਜੇ ਮੈਨੂੰ ਤੇ ਦਲੀਪ ਸਿੰਘ ਨੂੰ ਕੁਝ ਮਹੀਨੇ ਹੀ ਬੀਤੇ ਸਨ ਕਿ ਪਿਤਾ ਜੀ ਦੇ ਬੇਵਕਤ ਚਲਾਣੇ ਨਾਲ ਸਾਡੇ ਜੀਵਨ ਦੀ ਸਭ ਤੋਂ ਦੁਖਾਂਤਕ ਤੇ ਹਿਰਦਾਵੇਧਕ ਘਟਨਾ ਵਾਪਰ ਗਈ, ਜਿਸ ਦਾ ਜ਼ਿਕਰ ਵਿਸਤਾਰ ਦੀ ਮੰਗ ਕਰਦਾ ਹੈ। ਓਦੋਂ ਸਾਡੀ ਉਮਰ 10 ਕੁ ਸਾਲਾਂ ਦੀ ਸੀ ਅਤੇ ਅਜੇ ਪੂਰੀ ਤਰ੍ਹਾਂ ਹੋਸ਼ ਵੀ ਨਹੀਂ ਸੰਭਲੀ ਸੀ ਕਿ ਪਰਮਾਤਮਾ ਦਾ ਇਹ ਕਰੜਾ ਭਾਣਾ ਵਰਤ ਗਿਆ। ਉਦੋਂ ਤਾਂ ਸਾਨੂੰ ਪੂਰੀ ਸਮਝ ਵੀ ਨਾ ਆਈ ਕਿ ਕੀ ਵਾਪਰ ਗਿਆ ਹੈ ਪਰ ਹੁਣ ਬਾਕੀ ਉਮਰ ਅਸੀਂ ਇਹੋ ਸੋਚਦੇ ਗੁਜ਼ਾਰੀ ਹੈ ਕਿ ਹੋਣੀ ਨੇ ਸਾਡੇ ਉਤੇ ਓਦੋਂ ਭਰਪੂਰ ਵਾਰ ਕੀਤਾ ਜਦੋਂ ਅਸੀਂ ਦੋਵੇਂ ਤੇ ਸਾਡੇ ਬਾਕੀ ਭੈਣ ਭਰਾ ਇਸ ਵਾਸਤੇ ਤਿਆਰ ਨਹੀਂ ਸਾਂ। ਮਹਾਨ ਕਵੀ ਗਾਲਿਬ ਦੇ ਸ਼ਬਦਾਂ ਵਿਚ ਅਜੇ ਅਸੀਂ ਉੱਡੇ ਵੀ ਨਹੀਂ ਸੀ ਕਿ ਫਾਹ ਲਏ ਗਏ :

ਪਿਨਹਾਂ ਥਾਂ ਦਾਮਿ ਸਖਤ ਕਰੀਬ ਆਸ਼ੀਆਨ ਕੇ
ਉੜਨੇ ਨਾ ਪਾਏ ਥੇ ਕਿ ਗਰਿਫਤਾਰ ਹਮ ਹੁਏ।

ਅਰਥਾਤ ਮੇਰੇ ਆਲ੍ਹਣੇ ਦੇ ਨੇੜੇ ਹੀ ਇਕ ਸਖਤ ਜਾਲ ਛੁਪਿਆ ਸੀ, ਅਜੇ ਅਸੀਂ ਉੱਡ ਵੀ ਨਹੀਂ ਸਕੇ ਸੀ ਕਿ ਗਰਿਫਤਾਰ ਹੋ ਗਏ ਭਾਵ ਪਕੜ ਲਏ ਗਏ।

ਇਹ ਮੰਦਭਾਗੀ ਤੇ ਦੂਰ ਦੂਰ ਤਕ ਸਨੇਹੀਆਂ, ਰਿਸ਼ਤੇਦਾਰੀਆਂ ਤੇ ਜਾਣਕਾਰ ਲੋਕਾਂ ਦੇ ਦਿਲ ਹਿਲਾ ਦੇਣ ਵਾਲੀ ਦੁਖਾਂਤ ਘਟਨਾ 27 ਸਤੰਬਰ ਸੰਨ 1930 ਨੂੰ ਵਾਪਰੀ ਜਦੋਂ ਪਿਤਾ ਜੀ 33 ਸਾਲਾਂ ਦੇ ਸਨ। ਸਾਡੀ ਵੱਡੀ ਭੈਣ ਓਦੋਂ 16 ਸਾਲਾਂ ਦੀ ਅਤੇ ਵੱਡਾ ਭਾਈ 14 ਸਾਲਾਂ ਦਾ ਸੀ। ਮੇਰੇ ਤੇ ਦਲੀਪ ਸਿੰਘ ਤੋਂ ਤਿੰਨ ਛੋਟੇ ਭਾਈ ਗੁਰਚਰਨ ਸਿੰਘ, ਜੋਗਿੰਦਰ ਸਿੰਘ ਤੇ ਅਮਰੀਕ ਸਿੰਘ ਕ੍ਰਮਵਾਰ ਕੇਵਲ 8, 6, ਅਤੇ 3 ਸਾਲਾਂ ਦੇ ਬੱਚੇ ਸਨ। ਸਭ ਤੋਂ ਛੋਟਾ ਭਾਈ ਗੁਲਬਾਗ ਸਿੰਘ ਪਿਤਾ ਜੀ ਦੇ ਚਲਾਣੇ ਤੋਂ ਦੋ ਮਹੀਨੇ ਪਿਛੋਂ ਪੈਦਾ ਹੋਇਆ। ਸਾਡੇ ਦਾਦੀ ਜੀ (ਮਾਈ ਚੀਮੀ) ਇਸ ਦੁਰਘਟਨਾ ਤੋਂ ਇਕ ਸਾਲ ਪਹਿਲਾਂ ਗੁਜ਼ਰ ਚੁੱਕੇ ਸਨ ਅਤੇ ਅਜਿਹ ਦੁੱਖ ਦਾ ਸ਼ਿਕਾਰ ਹੋਏ ਸਾਡੇ ਦਾਦਾ ਜੀ ਓਦੋਂ 72 ਸਾਲਾਂ ਦੇ ਬਿਰਧ ਸਨ। ਇਕੋ ਝਟਕੇ ਨਾਲ ਹੋਣੀ ਨੇ ਸੁਖੀ-ਵੱਸਦੇ ਪਰਿਵਾਰ ਨੂੰ ਵਲੂੰਧਰ ਕੇ ਰੱਖ ਦਿੱਤਾ। ਸਾਡੇ ਬਦਕਿਸਮਤ ਮਾਤਾ ਜੀ ਲਈ ਤਾਂ ਓੜਕ ਦਾ ਕਹਿਰ ਵਰਤ ਗਿਆ ਜਿਸ ਦਾ ਠੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਾਜ਼ਾ ਉਹੀ ਕਰ ਸਕਦਾ ਹੈ ਜਿਸ ਉਤੇ ਰੱਬ ਨਾ ਕਰੇ ਅਜੇਹੀ ਹੋਣੀ ਵਰਤੀ ਹੋਵੇ ।

ਬੀਮਾਰੀ ਤੋਂ ਪਹਿਲਾਂ ਦੇ ਹਾਲਾਤ

ਉਸ ਸਮੇਂ ਦੇ ਕੁਝ ਹਾਲਾਤ ਨੂੰ ਇਸ ਘਟਨਾ ਦੇ ਪਿਛੋਕੜ ਵਜੋਂ ਪੇਸ਼ ਕਰਨਾ ਜ਼ਰੂਰੀ ਹੈ । ਪਿਤਾ ਜੀ ਦੇ ਵੱਡੇ ਸੱਕੇ ਭਾਈ ਸ. ਬਹਾਦਰ ਸਿੰਘ ਤਾਂ ਬਹੁਤ ਪਹਿਲਾਂ (ਸੰਨ 1903 ਵਿਚ) ਗੁਜ਼ਰ ਚੁਕੇ ਸੀ ਪਰ ਉਨ੍ਹਾਂ ਦੇ ਕਈ ਚਚੇਰੇ ਭਾਈ ਜ਼ਿੰਦਾ ਸਨ । ਉਨ੍ਹਾਂ ਵਿਚੋਂ ਇਕ ਉਨ੍ਹਾਂ ਤੋਂ ਵੱਡੀ ਉਮਰ ਦੇ ਡਾ. ਕਿਸ਼ਨ ਸਿੰਘ ਪੂਰਬੀ ਅਫਰੀਕਾ (ਕੀਨੀਆ) ਵਿਚ ਸਰਕਾਰੀ ਡਾਕਟਰ ਸਨ । ਪਿਤਾ ਜੀ ਨੇ ਬਹੁਤ ਮਿਹਨਤ ਕਰ ਕੇ ਉਨ੍ਹਾਂ ਦੀਆ ਦੋ ਲੜਕੀਆਂ ਬੀਬੀ ਕਰਤਾਰ ਕੌਰ ਤੇ ਬੀਬੀ ਪਿਆਰ ਕੌਰ ਦੀ ਸ਼ਾਦੀ ਦਾ ਸਾਰਾ ਪ੍ਰਬੰਧ ਕੀਤਾ । ਇਹ ਸ਼ਾਦੀਆਂ ਕ੍ਰਮਵਾਰ ਦਸੰਬਰ 1929 ਤੇ ਜਨਵਰੀ 1930 ਵਿਚ ਹੋਈਆਂ । ਫਿਰ ਉਨ੍ਹਾਂ ਨੇ ਨਾਲ ਦੇ ਪਿੰਡ ਚਕ 113 ਜਨੂਬੀ, ਜਿੱਥੇ ਡਾ. ਕਿਸ਼ਨ ਸਿੰਘ ਦੀ ਜ਼ਮੀਨ ਸੀ ਅਤੇ ਉਨ੍ਹਾਂ ਦਾ ਪਰਿਵਾਰ ਰਹਿੰਦਾ ਸੀ, ਵਿਚ ਉਨ੍ਹਾਂ ਦੇ ਨਵੇਂ ਰਹਾਇਸ਼ੀ ਮਕਾਨ ਸੰਨ 1930 ਦੀਆਂ ਗਰਮੀਆਂ ਵਿਚ ਤਿਆਰ ਕਰਵਾਏ । ਇਹ ਕੰਮ ਉਨ੍ਹਾਂ ਨੇ ਆਪਣੇ ਜ਼ੈਲਦਾਰੀ ਆਦਿ ਦੇ ਭਾਰੀ ਰੁਝੇਵਿਆਂ ਦੇ ਹੁੰਦਿਆਂ ਕੀਤੇ । 1925 ਵਿਚ ਸਾਡੇ ਦਾਦਾ ਜੀ ਨੇ ਬੀਕਾਨੇਰ ਰਿਆਸਤ ਵਿਚ ਨਵੀਂ ਵੱਸੀ ਸ੍ਰੀ ਗੰਗਾਨਗਰ* ਦੀ ਕਾਲੋਨੀ ਵਿਚ ਕਈ ਮੁਰੱਬੇ ਜ਼ਮੀਨ ਖ਼ਰੀਦੀ ਸੀ । ਨਾਲ ਹੀ ਉਨ੍ਹਾਂ ਨੇ ਹੋਰ ਕਈ ਰਿਸ਼ਤੇਦਾਰਾਂ ਨੂੰ ਜ਼ਮੀਨ ਖਰੀਦਣ ਦੀ ਪ੍ਰੇਰਨਾ ਕੀਤੀ । ਇਸ ਤਰ੍ਹਾਂ ਦੋ ਪਿੰਡ (ਚੱਕ) 19 ਜੀ.ਜੀ. ਤੇ 20 ਜੀ.ਜੀ. ਵਸਾਉਣੇ ਸਨ । ਇਨ੍ਹਾਂ ਦੇ ਆਬਾਦ ਕਰਨ ਦਾ ਸਾਰਾ ਕੰਮ ਪਿਤਾ ਜੀ ਦੇ ਸਿਰ ਤੇ ਪਿਆ । ਨਾਲ ਕੁਝ ਸਹਾਇਕ ਰਿਸ਼ਤੇਦਾਰ ਸਨ । ਰੇਤਲੇ ਥਲ ਵਿਚ ਜਿਥੇ ਪਾਣੀ ਦੀ ਬਹੁਤ ਘਾਟ ਸੀ, ਉਨ੍ਹਾਂ ਨੂੰ ਹਰ ਸਾਲ ਕਈ ਮਹੀਨੇ ਜਾ ਕੇ ਉਥੇ ਰਹਿਣਾ ਪਿਆ । ਪਾਣੀ ਕੱਚੇ ਛੱਪੜਾਂ ਵਿਚੋਂ ਪੀਣਾ ਪੈਂਦਾ । ਹਨੇਰੀਆਂ ਨਿੱਤ ਆਉਂਦੀਆਂ ਰਹਿੰਦੀਆਂ ਤੇ ਹਰ ਵੇਲੇ ਰੇਤ ਉਡਦੀ ਰਹਿੰਦੀ । ਰਹਿਣ ਲਈ ਤੰਬੂ ਲਗਾਏ ਸਨ ਜਾਂ ਇਕ ਦੋ ਕੱਚੇ ਕੋਠੇ ਸਨ । ਇਨ੍ਹਾਂ ਮੁਸ਼ਕਲ ਕੰਮਾਂ ਕਾਰਨ ਉਨ੍ਹਾਂ ਦੀ ਸਿਹਤ ਤੇ ਬਹੁਤ ਬੁਰਾ ਅਸਰ ਪਿਆ ।

ਚਲਾਣੇ ਬਾਰੇ ਭਵਿੱਖ ਬਾਣੀ

ਪਿਤਾ ਜੀ ਨੇ ਅਕਾਲ ਚਲਾਣੇ ਤੋਂ ਕੁਝ ਮਹੀਨੇ ਪਹਿਲਾਂ ਇਕ ਹੋਰ ਵੱਡਾ ਕੰਮ ਕੀਤਾ । ਉਹ ਸੀ ਸਾਡੀ ਵੱਡੀ ਭੈਣ ਦੀ ਸ਼ਾਦੀ ਜੋ ਸ. ਕੁਲਵੰਤ ਸਿੰਘ ਚੀਮਾ ਨਾਲ 31 ਮਾਰਚ ਸੰਨ 1930 ਨੂੰ ਕੀਤੀ ਗਈ । ਇਸ ਦਾ ਸਾਰਾ ਪ੍ਰਬੰਧ ਸੁਭਾਵਕ ਹੀ ਉਨ੍ਹਾਂ ਦੇ ਜ਼ਿੰਮੇਂ ਸੀ ।

---

*ਪੰਜਾਬ ਦੇ ਮਹਾਨ ਗਵਰਨਰ ਲਾਰਡ ਹੇਲੀ ਅਤੇ ਬੀਕਾਨੇਰ ਦੇ ਪ੍ਰਸਿੱਧ ਮਹਾਰਾਜਾ ਗੰਗਾ ਸਿੰਘ ਦੇ ਉੱਦਮ ਨਾਲ ਸਤਲੁਜ ਦਰਿਆ ਵਿਚੋਂ ਕਸਬਾ ਹਰੀਕੇ ਤੋਂ ਨਹਿਰ ਕੱਢ ਕੇ ਆਬਾਦ ਕੀਤੀ ਇਸ ਕਾਲੋਨੀ ਦੇ ਮੁੱਖ ਨਗਰ ਦਾ ਨਾਂ ਸ੍ਰੀ ਗੰਗਾ ਨਗਰ ਰਖਿਆ ਗਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਜ਼ਾਹਰ ਹੈ ਕਿ ਏਨੀ ਥੋੜ੍ਹੀ ਉਮਰ ਵਿਚ ਉਨ੍ਹਾਂ ਦੇ ਸਿਰ ਤੇ ਕਿੰਨੇ ਭਾਰੀ ਕੰਮਾਂ ਦਾ ਬੋਝ ਪਿਆ ।

ਗੰਗਾ ਨਗਰ ਸ਼ਹਿਰ ਨੇੜੇ ਵਸਾਏ ਦੋਹਾਂ ਪਿੰਡਾਂ ਵਿਚ ਸੰਨ 1930 ਤਕ ਚੱਕਬੰਦੀ ਅਤੇ ਵਸ਼ੋਂ ਦਾ ਕੰਮ ਕਾਫੀ ਹੱਦ ਤਕ ਨੇਪਰੇ ਚੜ੍ਹ ਚੁੱਕਾ ਸੀ । ਉਥੇ ਵੱਸਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਦੇਹਾਂਤ ਤੋਂ ਇਕ ਮਹੀਨਾ ਪਹਿਲਾਂ ਜਦੋਂ ਉਹ ਉਥੋਂ ਵਾਪਸ ਸਰਗੋਧੇ ਆਉਣ ਲਗੇ ਤਾਂ ਬਹੁਤ ਗੰਭੀਰ ਤੇ ਉਦਾਸ ਸਨ । ਉਨ੍ਹਾਂ ਨੇ ਸਭ ਲੋਕਾਂ ਦਾ ਹਿਸਾਬ ਕਿਤਾਬ ਉਚੇਚੇ ਤੌਰ ਤੇ ਸੰਪੂਰਨ ਕਰ ਦਿੱਤਾ । ਅਤੇ ਸਭ ਨੂੰ ਇਹੀ ਕਿਹਾ ਕਿ ਪਤਾ ਨਹੀਂ ਹੁਣ ਫਿਰ ਕਦੀ ਦਰਸ਼ਨ ਮੇਲੇ ਹੋਣ ਕਿ ਨਾ । ਉਨ੍ਹਾਂ ਨੂੰ ਅਵੱਸ਼ ਆਤਮਕ ਅਨੁਭਵ ਦੇ ਆਧਾਰ ਤੇ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਦਾ ਅੰਤ ਸਮਾਂ ਨੇੜੇ ਹੈ । ਮਾਤਾ ਜੀ ਪਾਸੋਂ ਵੀ ਇਸ ਗੱਲ ਦੀ ਕਈ ਵਾਰੀ ਜਾਣਕਾਰੀ ਹੋਈ ਕਿ ਉਹ ਨਾਮ-ਅਭਿਆਸ ਕਾਫੀ ਕਰਦੇ ਸਨ ਅਤੇ ਹਰ ਰੋਜ਼ ਨੇਮ ਨਾਲ ਗੁਰਬਾਣੀ ਦਾ ਪਾਠ ਅਤੇ ਹੋਰ ਧਾਰਮਕ ਗ੍ਰੰਥਾਂ ਦਾ ਅਧਿਐਨ ਕਰਦੇ ਰਹਿੰਦੇ ਸਨ ।

ਮੈਨੂੰ ਨਿੱਜੀ ਪੱਧਰ ਤੇ ਵੀ ਉਨ੍ਹਾਂ ਦੇ ਡੂੰਘੇ ਧਾਰਮਕ ਸੁਭਾ ਬਾਰੇ ਇਕ ਗੱਲ ਯਾਦ ਹੈ । ਸਰਗੋਧੇ ਦਾਖਲ ਹੋਣ ਤੋਂ ਥੋੜ੍ਹਾ ਸਮਾਂ ਬਾਅਦ ਜਦ ਸੰਨ 1930 ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਅਸੀਂ ਪਿੰਡ ਗਏ ਤਾਂ ਰਾਤ ਨੂੰ ਉਨ੍ਹਾਂ ਦੇ ਪਾਸ ਛੱਤ ਉਤੇ ਸੌਣ ਸਮੇਂ ਮੈਨੂੰ ਤੇ ਦਲੀਪ ਸਿੰਘ ਨੂੰ ਉਹ ਬਾਰ ਬਾਰ ਇਹ ਪੁੱਛਦੇ ਕਿ ਸਕੂਲ ਵਿਚ ਜਪੁਜੀ ਦੀਆਂ ਕਿੰਨੀਆਂ ਪਉੜੀਆਂ ਯਾਦ ਕੀਤੀਆਂ ਹਨ ? ਅਸੀਂ ਦੱਸਿਆ ਕਿ 'ਮੰਨੈ' ਦੀਆਂ ਪਉੜੀਆਂ ਤਕ ਪਹੁੰਚੇ ਹਾਂ ਤਾਂ ਉਨ੍ਹਾਂ ਤਸੱਲੀ ਕਰਨ ਲਈ ਸਾਨੂੰ ਕਿਹਾ ਕਿ ਮੂੰਹ ਜ਼ਬਾਨੀ ਸੁਣਾਓ । ਸਾਡੇ ਠੀਕ ਠੀਕ ਸੁਣਾਉਣ ਤੇ ਉਹ ਬਹੁਤ ਖੁਸ਼ ਹੋਏ ।

ਸਰਗੋਧਾ ਸ਼ਹਿਰ ਵਿਚ ਇਲਾਜ ਤੇ ਚਲਾਣਾ

ਇਸ ਅਸਾਰ ਸੰਸਾਰ ਤੋਂ ਅੰਤ ਹਰ ਕਿਸੇ ਨੇ ਸਮਾਂ ਆਉਣ ਤੇ ਜਾਣਾ ਹੁੰਦਾ ਹੈ । ਪਿਤਾ ਜੀ ਸਤੰਬਰ ਦੇ ਪਹਿਲੇ ਹਫਤੇ ਵਿਚ ਮਿਆਦੀ ਬੁਖਾਰ (ਟਾਈਫਾਈਡ) ਨਾਲ ਬੀਮਾਰ ਹੋ ਗਏ । ਇਲਾਜ ਲਈ ਉਨ੍ਹਾਂ ਨੂੰ ਸਰਗੋਧਾ ਸ਼ਹਿਰ ਦੇ ਦੋ ਉੱਘੇ ਡਾਕਟਰਾਂ ਡਾ. ਹਰਬੰਸ ਸਿੰਘ ਅਤੇ ਡਾ. ਲਹਿਣਾ ਸਿੰਘ ਪਾਸ ਉਨ੍ਹਾਂ ਦੇ ਚੁਬਾਰੇ ਵਿਚ ਰਖਿਆ ਗਿਆ । ਬਜ਼ੁਰਗ ਦਾਦਾ ਜੀ, ਮਾਤਾ ਜੀ, ਨਾਨਾ ਜੀ, ਭੂਆ ਜੀ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਦੇਖ ਭਾਲ ਅਤੇ ਸੇਵਾ ਸੰਭਾਲ ਲਈ ਸ਼ਹਿਰ ਵਿਚ ਹੀ ਉਨ੍ਹਾਂ ਪਾਸ ਠਹਿਰੇ । ਉਦੋਂ ਇਸ ਬੀਮਾਰੀ ਦਾ ਕੋਈ ਇਲਾਜ ਨਹੀਂ ਹੁੰਦਾ ਸੀ, ਕੇਵਲ ਡਾਕਟਰ ਇਹ ਜਤਨ ਕਰਦੇ ਸਨ ਕਿ ਬੁਖਾਰ ਜਾਂ ਮਰੀਜ਼ ਦੀ ਆਮ ਹਾਲਤ ਵਿਗੜ ਨਾ ਜਾਏ ਜਾਂ ਕੋਈ ਖਾਣ ਪੀਣ ਵਿਚ ਵਾਧ ਘਾਟ ਨਾ ਹੋ ਜਾਏ । ਆਖਰ ਪਰਮਾਤਮਾ ਨੂੰ ਜੋ ਮਨਜ਼ੂਰ ਸੀ ਉਹੀ ਹੋਣਾ ਸੀ । 27 ਸਤੰਬਰ ਸੰਨ 1930 ਦੀ ਅਭਾਗੀ ਸਵੇਰ ਦੇ ਸੱਤ ਵਜੇ ਪੂਜਯ ਪਿਤਾ ਜੀ ਪਰਲੋਕ ਸਿਧਾਰ ਗਏ । ਇਲਾਜ ਦਾ ਕੁਝ ਫਾਇਦਾ ਨਾ ਹੋਇਆ, ਸਗੋਂ ਬੁਖਾਰ ਵਿਗੜ ਗਿਆ ਅਤੇ ਦੇਹਾਂਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਇਕ ਦਿਨ ਪਹਿਲਾਂ ਅਚਾਨਕ ਹਾਲਤ ਖਤਰਨਾਕ ਹੋ ਗਈ। ਮਾਤਾ ਜੀ ਦੱਸਦੇ ਸਨ ਕਿ ਸਰੀਰ ਛੱਡਣ ਤੋਂ ਪਹਿਲਾਂ ਕਈ ਵਾਰ ਪਿਤਾ ਜੀ ਨੇ ਪੁੱਛਿਆ ਕਿ ਸੱਤ ਵੱਜੇ ਹਨ ਕਿ ਨਹੀਂ ? ਅੰਤ ਪੂਰੇ ਸੱਤ ਵੱਜੇ ਸਵੇਰੇ ਅਨੰਤ ਪ੍ਰਭੂ ਵਿਚ ਸਮਾ ਗਏ। ਆਖਰੀ ਸਮੇਂ ਦੀ ਇਸ ਘਟਨਾ ਤੋਂ ਕਿ ਉਹ ਆਪਣੇ ਦੇਹਾਂਤ ਦਾ ਸਮਾਂ ਵੀ ਜਾਣਦੇ ਸਨ ਇਹੀ ਪਤਾ ਲੱਗਦਾ ਹੈ ਕਿ ਆਤਮਕ ਤੌਰ ਤੇ ਉਹ ਕਿੰਨੇ ਵਿਕਸਿਤ ਸਨ।

ਸ਼ਹਿਰ ਤੋਂ ਪਿੰਡ ਲਿਆਉਣਾ

ਮੈਨੂੰ ਤੇ ਦਲੀਪ ਸਿੰਘ ਨੂੰ ਸਕੂਲ ਹੋਸਟਲ ਤੋਂ ਕਦੀ ਕਦੀ ਪਿਤਾ ਜੀ ਨੂੰ ਦੇਖਣ ਲਈ ਲੈ ਜਾਂਦੇ ਸਨ ਪਰ ਸਾਨੂੰ 10 ਸਾਲ ਦੀ ਉਮਰ ਵਿਚ ਕੋਈ ਅੰਦਾਜ਼ਾ ਨਹੀਂ ਸੀ ਕਿ ਇਸ ਬੀਮਾਰੀ ਦਾ ਏਨਾ ਭਿਆਨਕ ਸਿੱਟਾ ਵੀ ਹੋ ਸਕਦਾ ਹੈ। 27 ਸਤੰਬਰ ਦੀ ਸਵੇਰ ਨੂੰ ਜਦ ਸਾਨੂੰ ਇਕ ਰਿਸ਼ਤੇਦਾਰ ਆ ਕੇ ਹੋਸਟਲ ਤੋਂ ਲੈ ਗਿਆ ਤਾਂ ਜਾ ਕੇ ਦੇਖਿਆ ਕਿ ਹਰ ਕੋਈ ਉਥੇ ਆਪੇ ਤੋਂ ਬੇਵੱਸ ਹੋ ਕੇ ਰੋ-ਕੁਰਲਾ ਰਿਹਾ ਸੀ। ਮੈਨੂੰ ਉਸ ਸਮੇਂ ਦਾ ਭਿਆਨਕ ਦ੍ਰਿਸ਼ ਸਾਰਾ ਤਾਂ ਯਾਦ ਨਹੀਂ ਪਰ ਕੁਝ ਗੱਲਾਂ ਚੇਤੇ ਹਨ। ਏਨਾ ਰੋਣਾ ਵਿਰਲਾਪ ਜੀਵਨ ਵਿਚ ਪਹਿਲੀ ਵਾਰੀ ਦੇਖ ਕੇ ਜਿਵੇਂ ਮੇਰੀ ਸੁਧ-ਬੁਧ ਕਾਇਮ ਨਾ ਰਹੀ ਹੋਵੇ, ਦਿਲ ਦਿਮਾਗ ਜਿਵੇਂ ਸੁੰਨ ਹੋ ਗਿਆ ਹੋਵੇ, ਕੁਝ ਅਜੇਹੀ ਹਾਲਤ ਹੋਈ। ਇਹ ਯਾਦ ਹੈ ਕਿ ਦਾਦਾ ਜੀ ਨੇ ਪਿਤਾ ਜੀ ਦਾ ਮ੍ਰਿਤਕ ਸਰੀਰ ਪਿੰਡ ਲਿਜਾਣ ਲਈ ਇਕ ਬੱਸ (ਓਦੋਂ ਲਾਰੀ ਕਹਿੰਦੇ ਸਨ) ਮੰਗਵਾਈ, ਜਿਸ ਵਿਚ ਬਾਕੀ ਰਿਸ਼ਤੇਦਾਰਾਂ ਨਾਲ ਮੈਂ ਤੇ ਦਲੀਪ ਸਿੰਘ ਵੀ ਪਿੰਡ ਉਸ ਲਾਰੀ ਵਿਚ ਗਏ। ਜਦੋਂ ਪਿੰਡ ਦੇ ਨੇੜੇ ਪਹੁੰਚ ਰਹੇ ਸੀ ਤਾਂ ਮੈਂ ਸੋਚਦਾ ਸੀ ਪਿੰਡ ਦੇ ਲੋਕਾਂ ਨੂੰ ਕੁਝ ਪਤਾ ਨਹੀਂ ਕੀ ਵਾਪਰਿਆ ਹੈ, ਪਤਾ ਨਹੀਂ ਉਹ ਕੀ ਸੋਚ ਰਹੇ ਹੋਣਗੇ। ਜਦ ਘਰ ਦੇ ਨੇੜੇ ਪੁੱਜੇ ਤਾਂ ਅਜੀਬ ਗੱਲ ਵਾਪਰੀ। ਜੋ ਰਿਸ਼ਤੇਦਾਰ ਪਿੱਛੇ ਪਿੰਡ ਵਿਚ ਠਹਿਰੇ ਸਨ, ਉਨ੍ਹਾਂ ਸਮਝਿਆ ਕਿ ਪਿਤਾ ਜੀ ਦੇ ਰਾਜ਼ੀ ਹੋਣ ਤੇ ਸਾਰੇ ਇਕੱਠੇ ਘਰ ਵਾਪਸ ਆਏ ਹਨ। ਉਨ੍ਹਾਂ ਨੇ ਜਲਦੀ-ਜਲਦੀ ਅੰਦਰਲੀ ਡਿਉੜੀ ਦੇ ਦਰਵਾਜ਼ੇ ਦੇ ਕੌਲਿਆਂ ਨਾਲ, ਜਿਵੇਂ ਕਿ ਰਸਮ ਹੈ, ਤੇਲ ਚੋਇਆ। ਇਸ ਤੋਂ ਵੱਡਾ ਕੁਦਰਤ ਦਾ ਵਿਅੰਗ ਕੀ ਹੋ ਸਕਦਾ ਹੈ ? ਪਰ ਇਕ-ਦਮ ਸਾਰੇ ਪਾਸੇ ਕੁਰਲਾਟ ਮੱਚ ਗਿਆ। ਕਿੰਨਾ ਚਿਰ ਹਾਹਾਕਾਰ ਮੱਚੀ ਰਹੀ। ਮੈਂ ਇਕ ਪਾਸੇ ਸੁੰਨ-ਮਸੁੰਨ ਖਲੋਤਾ ਇਸ ਤਰ੍ਹਾਂ ਦੇਖ ਰਿਹਾ ਸੀ, ਜਿਵੇਂ ਲਹੂ-ਮਾਸ ਦਾ ਨਾ ਹੋਵਾਂ, ਸਗੋਂ ਕੇਵਲ ਇਕ ਦ੍ਰਿਸ਼ਟਾ ਜਾਂ ਸਾਖੀ ਹੋਵਾਂ। ਮੇਰਾ ਦੁੱਖ ਉਸ ਵੇਲੇ, ਮੈਨੂੰ ਯਾਦ ਹੈ, ਕੁਝ ਅਜੇਹਾ ਅੰਦਰ ਡੂੰਘੇ ਥਾਈਂ ਲਹਿ ਗਿਆ, ਮਾਨੋ ਸਦਾ ਲਈ ਇਕ ਭਾਵਕ ਨਾਸੂਰ ਬਣ ਗਿਆ। ਹੈਰਾਨੀ ਹੈ ਕਿ ਉਸ ਵੇਲੇ ਮੈਂ ਨਾ ਹੀ ਰੋਇਆ ਤੇ ਨਾ ਹੀ ਕੋਈ ਅੱਥਰੂ ਵਗਾਇਆ। ਚੰਗਾ ਹੁੰਦਾ ਕਿ ਮੈਂ ਰੱਜ ਕੇ ਰੋ ਲੈਂਦਾ, ਕਿਉਂਕਿ ਉਸ ਤੋਂ ਬਾਅਦ ਮੇਰਾ ਦਿਲ ਅਜੇਹਾ ਪੱਥਰ ਹੋਇਆ ਕਿ ਫਿਰ ਕਿਸੇ ਵੀ ਮੌਤ ਸਮੇਂ ਮੈਨੂੰ ਰੋਣਾ ਨਹੀਂ ਆਇਆ। ਮਾਨੋ ਹਮੇਸ਼ਾਂ ਲਈ ਇਕ ਕਿਆਮਤ ਮੇਰੇ ਸਿਰ ਤੋਂ ਗੁਜ਼ਰ ਗਈ। ਬਹੁਤ ਪਿਛੋਂ ਜਦੋਂ ਮੈਂ ਪ੍ਰਸਿੱਧ ਅੰਗਰੇਜ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਵਿਤਾ 'ਜੋਧੇ ਦੀ ਲਾਸ਼ ਜਦੋਂ ਘਰ ਲਿਆਏ' (Home They Brought Her Warrior Dead) ਪੜ੍ਹੀ ਤਾਂ ਇਸ ਵਿਚਲੀ ਦੀਰਘ ਸੰਵੇਦਨਾ ਤੋਂ ਉਪਰ ਲਿਖੀ ਆਪਣੀ ਹਾਲਤ ਸਾਖਿਆਤ ਮੇਰੀ ਕਲਪਨਾ ਵਿਚ ਸੁਰਜੀਤ ਹੋ ਗਈ।

ਦਾਦਾ ਜੀ ਦਾ ਹੌਸਲਾ

ਪਰਮਾਤਮਾ ਦੁੱਖ ਦਿੰਦਾ ਹੈ ਤਾਂ ਹੌਸਲਾ ਤੇ ਸਬਰ ਵੀ ਉਹੀ ਦਿੰਦਾ ਹੈ। ਉਸੇ ਵੇਲੇ ਸਾਰਾ ਪਿੰਡ ਇਕੱਠਾ ਹੋ ਗਿਆ। ਹਰ ਪਾਸੇ ਮਾਤਮ ਤੇ ਉੱਚੇ ਰੁਦਣ ਦਾ ਵਾਤਾਵਰਨ ਸੀ। ਪਿੰਡਾਂ ਵਿਚ ਅਜੇ ਵੀ ਇਸੇ ਤਰ੍ਹਾਂ ਉੱਚਾ (loud) ਰੋਣਾ ਕੁਰਲਾਣਾ ਹੁੰਦਾ ਹੈ। ਸ਼ਹਿਰਾਂ ਵਿਚ ਹੌਲੀ-ਹੌਲੀ ਲੋਕਾਂ ਨੇ ਖੁਲ੍ਹੇ ਤੇ ਉੱਚੇ ਰੁਦਣ ਦੀ ਥਾਂ ਗੁਰਬਾਣੀ ਦਾ ਪਾਠ ਕੀਰਤਨ ਸ਼ੁਰੂ ਕਰ ਦੇਣ ਜਾਂ ਧੀਮੀ ਸੁਰ ਵਿਚ ਰੋਣ-ਧੋਣ ਦਾ ਰਿਵਾਜ ਚਲਾ ਦਿੱਤਾ ਹੈ, ਜੋ ਇਕ ਠੀਕ ਕਿਸਮ ਦੀ ਸਿਆਣੀ ਕਾਰਵਾਈ ਹੈ। ਮੈਨੂੰ ਯਾਦ ਹੈ ਕਿ ਦੂਰੋ-ਦੂਰੋਂ ਹੋਰ ਪਿੰਡਾਂ ਦੇ ਲੋਕ ਤੇ ਰਿਸ਼ਤੇਦਾਰ ਸੰਬੰਧੀ ਇਹ ਦੇਖਣ ਆਉਂਦੇ ਸਨ ਕਿ ਏਨੇ ਸਿਆਣੇ ਤੇ ਤਜਰਬਾਕਾਰ ਬਜ਼ੁਰਗ ਤੇ ਮੰਨੇ-ਪਰਮੰਨੇ ਵਿਅਕਤੀ, ਸਾਡੇ ਦਾਦਾ ਜੀ, ਆਪਣੇ ਇਕਲੌਤੇ ਤੇ ਲਾਇਕ ਸਪੁੱਤਰ ਦੀ ਜਵਾਨੀ ਦੀ ਮੌਤ ਨੂੰ ਕਿਸ ਤਰ੍ਹਾਂ ਬਰਦਾਸ਼ਤ ਕਰ ਰਹੇ ਹੋਣਗੇ? ਜਦ ਮਰਦ ਰਿਸ਼ਤੇਦਾਰ ਦੂਰੋਂ ਹੀ ਢਾਹਾਂ ਮਾਰਦੇ ਆਉਂਦੇ ਤੇ ਰਿਸ਼ਤੇਦਾਰ ਇਸਤਰੀਆਂ ਪਿੱਟਦੀਆਂ ਆਉਂਦੀਆਂ ਤਾਂ ਦਾਦਾ ਜੀ ਆਪਣੀ ਬੈਠਕ ਤੇ ਬਰਾਂਡੇ ਅੱਗੇ ਪੱਕੇ ਫ਼ਰਸ਼ ਉਤੇ ਦਰੀ ਵਿਛਾ ਕੇ ਨਾਨਾ ਜੀ ਤੇ ਹੋਰ ਰਿਸ਼ਤੇਦਾਰਾਂ ਤੇ ਪਿੰਡਾਂ ਦੇ ਮੁਖੀਆਂ ਨਾਲ ਚੁਪਚਾਪ ਤੇ ਸ਼ਾਂਤ-ਚਿੱਤ ਬੈਠੇ ਰਹਿੰਦੇ, ਅੱਥਰੂ ਤਕ ਨਾ ਵਗਾਂਦੇ, ਸਗੋਂ ਢਾਹਾਂ ਮਾਰਦੇ ਅਜ਼ੀਜ਼ਾਂ ਨੂੰ ਹੌਸਲਾ ਦਿੰਦੇ ਕਿ ਸਬਰ ਕਰੋ, ਭਾਣਾ ਮੰਨੋ, ਹੁਣ ਕੀ ਹੋ ਸਕਦਾ ਹੈ? ਪਰ ਹੈਰਾਨੀ ਦੀ ਗੱਲ ਦੇਖੀ ਕਿ ਜਦੋਂ ਉਨ੍ਹਾਂ ਦਿਨਾਂ ਵਿਚ ਰਿਸ਼ਤੇਦਾਰਾਂ ਦੇ ਇਧਰ ਉਧਰ ਜਾਣ ਤੋਂ ਬਾਅਦ ਇਕੱਲ ਹੁੰਦੀ ਤਾਂ ਦਾਦਾ ਜੀ ਤੇ ਨਾਨਾ ਜੀ ਅੰਦਰ ਕਮਰੇ ਵਿਚ ਬੈਠੇ ਚੁਪਚਾਪ ਰੋ ਰਹੇ ਹੁੰਦੇ। ਛੋਟੇ ਬੱਚੇ ਹੋਣ ਕਰਕੇ ਅਸੀਂ ਉਨ੍ਹਾਂ ਦੀ ਅੰਦਰ ਵੜ ਕੇ ਰੋਣ ਦੀ ਹਾਲਤ ਵੇਖ ਕੇ ਹੋਰ ਵੀ ਭੈ-ਭੀਤ ਹੁੰਦੇ।

ਘਟਨਾ ਦੇ ਵਿਸਤਾਰ ਦੇ ਕਾਰਨ

ਇਸ ਦੁੱਖਭਰੀ ਘਟਨਾ ਨੂੰ ਵਿਸਤਾਰ ਨਾਲ ਬਿਆਨ ਕਰਨ ਦਾ ਕਾਰਨ ਇਕ ਤਾਂ ਇਹ ਹੈ ਕਿ ਸਾਡੇ ਸਾਰੇ ਪਰਿਵਾਰ (ਜਿਸ ਦੇ ਦਾਦਾ ਜੀ ਮੁਖੀ ਸਨ) ਦੇ ਪਿਛਲੇ ਲੱਗਪਗ ਸੌ ਸਾਲਾ ਇਤਿਹਾਸ (ਜਿਸ ਬਾਰੇ ਸਾਨੂੰ ਦਾਦਾ ਜੀ ਦੀ 1885 ਈ: ਤੋਂ ਸ਼ੁਰੂ ਕੀਤੀ ਹੱਥ ਲਿਖਤ ਡਾਇਰੀ ਦੇ ਆਧਾਰ ਤੇ ਸ਼ੁੱਧ ਜਾਣਕਾਰੀ ਪ੍ਰਾਪਤ ਹੈ) ਵਿਚ ਕੋਈ ਏਨੀ ਭਿਆਨਕ ਤੇ ਦਰਦਨਾਕ (ਦੂਰ) ਘਟਨਾ ਨਹੀਂ ਸੀ ਵਾਪਰੀ। ਦੂਜਾ ਕਾਰਨ ਇਹ ਕਿ ਜਿਥੇ ਮੈਂ ਜੀਵਨ ਦੇ ਪਿੰਡ ਵਿਚ ਬਿਤਾਏ ਪਹਿਲੇ ਦਸ ਸਾਲਾਂ ਵਿਚ ਸੁਖ-ਸ਼ਾਂਤੀ ਤੇ ਬੇਫ਼ਿਕਰੀ ਦਾ ਦੁਰਲੱਭ ਅਨੁਭਵ ਪ੍ਰਾਪਤ ਕੀਤਾ ਸੀ, ਉਥੇ ਹੁਣ ਤਸਵੀਰ ਦਾ ਦੂਜਾ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਲੀ ਪਾਸਾ ਵੀ ਦੇਖਣ ਵਿਚ ਆਇਆ ਅਰਥਾਤ ਜੀਵਨ ਦੀ ਉਹ ਮੁੱਢਲੀ ਸਚਾਈ (ਜਿਸ ਦਾ ਦੂਜਾ ਨਾਂ ਦੁੱਖ ਪਰੇਸ਼ਾਨੀ, ਸਮੱਸਿਆ ਤੇ ਸੰਕਟ ਹੈ) ਅਨੁਭਵ ਕਰਨ ਦਾ ਅਵਸਰ ਮਿਲਿਆ। ਅੰਗਰੇਜ਼ ਲੇਖਕ ਆਸਕਰ ਵਾਈਲਡ ਕਹਿੰਦਾ ਹੈ ਕਿ 'ਦੁੱਖ ਦਾ ਇਕ ਪਲ ਵੀ ਬਹੁਤ ਲੰਮਾ ਤੇ ਦੂਰ ਤੱਕ ਫੈਲਿਆ ਹੁੰਦਾ ਹੈ।' ਮਹਾਨ ਫ਼ਾਰਸੀ ਲੇਖਕ ਸ਼ੇਖ ਸਾਅਦੀ ਕਹਿੰਦਾ ਹੈ ਕਿ 'ਮੈਨੂੰ ਪੁੱਛੋ ਕਿ ਯਤੀਮੀ (ਅਨਾਥਪਨ) ਦਾ ਦੁੱਖ ਕੀ ਹੁੰਦਾ ਹੈ, ਕਿਉਂਕਿ ਮੈਂ ਦਸ ਸਾਲਾਂ ਦਾ ਸੀ ਜਦੋਂ ਮੇਰਾ ਬਾਪ ਮਰ ਗਿਆ।' ਇਨ ਬਿੰਨ ਸਾਅਦੀ ਵਾਲੀ ਗੱਲ ਮੇਰੇ ਤੇ ਦਲੀਪ ਸਿੰਘ ਉਤੇ ਵਾਪਰੀ ਜੋ ਬਾਪ ਦਾ ਸਾਇਆ ਸਿਰ ਤੋਂ ਉੱਠ ਜਾਣ ਸਮੇਂ ਦਸ ਸਾਲਾਂ ਦੇ ਸਾਂ। ਨਾਲ ਹੀ ਸਾਡੇ ਹੋਰ ਭੈਣ .ਭਰਾਵਾਂ ਤੇ ਵੀ ਬੇਆਸਰਾਪਨ ਦਾ ਘੋਰ ਸੰਕਟ ਵਾਪਰ ਗਿਆ। ਤੀਜਾ ਅਤੇ ਸਭ ਤੋਂ ਜ਼ਰੂਰੀ ਕਾਰਨ ਇਸ ਘਟਨਾ ਨੂੰ ਵਿਸਥਾਰ ਨਾਲ ਬਿਆਨ ਕਰਨ ਦਾ ਇਹ ਹੈ ਕਿ ਜਿਥੇ ਪਿੰਡ ਵਿਚ ਬਿਤਾਏ ਸਾਲਾਂ ਦਾ ਹਾਲ ਲਿਖਦਿਆਂ ਮੈਂ ਕਿਹਾ ਸੀ ਕਿ ਮੈਨੂੰ ਪਰਮਾਤਮਾ ਦਾ ਸ਼ੁਕਰ ਕਰਨ ਦਾ ਧਾਰਮਕ ਉਪਦੇਸ਼ ਓਦੋਂ ਮਿਲਿਆ ਸੀ, ਹੁਣ ਉਸ ਤੋਂ ਵੀ ਜ਼ਰੂਰੀ ਆਤਮਕ ਰਹੱਸ ਇਹ ਪਤਾ ਲਗਾ ਕਿ ਬੀਮਾਰੀ, ਅਚਾਨਕ ਮੌਤ, ਜਵਾਨੀ ਦੀ ਮੌਤ, ਬੱਚਿਆਂ ਦਾ ਯਤੀਮ ਤੇ ਅਨਾਥ ਹੋ ਜਾਣਾ, ਰੋਜ਼ੀ ਤੇ ਜੀਵਨ-ਨਿਰਬਾਹ ਦਾ ਤੌਖਲਾ ਆਦਿ ਜੋ ਮਨੁੱਖ ਲਈ ਭਾਰੀ ਦੁੱਖ ਦਾ ਕਾਰਨ ਬਣਦੇ ਹਨ, ਦੇ ਸਾਮਣੇ ਢੇਰੀ ਢਾਹ ਕੇ ਬਹਿ ਜਾਣ ਨਾਲੋਂ ਰੱਬ ਦਾ ਹੁਕਮ ਤੇ ਭਾਣਾ ਮੰਨਣ ਵਿਚ ਹੀ ਭਲਾਈ ਹੈ, ਕਿਉਂਕਿ ਰੱਬ ਆਪ ਹੀ ਸਭ ਦਾ ਮਾਲਕ, ਪਾਲਕ, ਕਰਤਾ-ਹਰਤਾ ਤੇ ਰਖਿਅਕ ਹੈ। ਮਨੁੱਖ ਆਪ ਤਾਂ ਕੁਝ ਵੀ ਨਹੀਂ, ਉਹ ਤਾਂ ਇਕ ਕੱਠ-ਪੁਤਲੀ ਹੈ, ਬੱਸ! ਹੌਲੀ ਹੌਲੀ ਇਹ ਵੀ ਪਤਾ ਲੱਗਾ ਕਿ ਦੁੱਖਾਂ ਦੀ ਕੁਠਾਲੀ ਵਿਚ ਪੈ ਕੇ ਮਨੁੱਖ ਉੱਚਾ ਆਚਰਨ ਪ੍ਰਾਪਤ ਕਰਦਾ ਹੈ, ਸੁੱਖਾਂ ਵਿਚ ਗਲਤਾਨ ਹੋ ਕੇ ਤਾਂ ਉਹ ਹੇਠਾਂ ਹੀ ਹੇਠਾਂ ਡਿੱਗਦਾ ਹੈ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ :

> ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚ ਪਾਇਆ ਤੇਲੁ ॥
> ਉਨਿ ਚਾਨਣ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ (ਪੰਨਾ 358)

ਸੱਚ ਹੈ ਕਿ ਜੀਵਨ ਦਾ ਦੀਵਾ ਦੁੱਖ ਦੇ ਤੇਲ ਨਾਲ ਹੀ ਬਲਦਾ ਹੈ। ਫਿਰ ਜੋ ਰੌਸ਼ਨੀ ਪੈਦਾ ਹੁੰਦੀ ਹੈ, ਉਹੀ ਦੁੱਖ ਦੂਰ ਕਰਦੀ ਹੈ। ਗੁਰੂ ਸਾਹਿਬ ਦਾ ਦੁੱਖ ਬਾਰੇ ਇਕ ਹੋਰ ਮਹਾਨ ਕਥਨ ਹੈ :

> ਸਾਚੇ ਨਾਮ ਕੀ ਲਾਗੈ ਭੂਖ ॥
> ਤਿਤੁ ਭੂਖੈ ਖਾਇ ਚਲੀਅਹਿ ਦੂਖ ॥ (ਪੰਨਾ 349)

ਦਾਦਾ ਜੀ ਵਲੋਂ ਨਵੇਂ ਪ੍ਰਬੰਧ

ਰੱਬ ਦੇ ਰੰਗ ਨਿਆਰੇ ਹਨ। ਪਿਤਾ ਜੀ ਦੇ ਬੇਵਕਤ ਚਲਾਣੇ ਪਿਛੋਂ ਦਾਦਾ ਜੀ ਨੇ ਅਰਦਾਸ ਕੀਤੀ ਕਿ 'ਹੇ ਵਾਹਿਗੁਰੂ! ਮੈਨੂੰ 10 ਸਾਲ ਹੋਰ ਉਮਰ ਦੇਹ ਤਾਂ ਜੋ ਇਹ ਛੋਟੇ ਛੋਟੇ ਯਤੀਮ ਬੱਚੇ ਪਲ ਜਾਣ।' ਉਨ੍ਹਾਂ ਦੀ ਇਹ ਅਰਦਾਸ ਪਰਵਾਨ ਹੋਈ ਅਤੇ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰੇ ਦਸ ਸਾਲ ਹੋਰ ਜੀਏ ।

ਦਾਦਾ ਜੀ ਨੇ ਆਪਣੇ ਜੱਦੀ ਪਿੰਡ ਸੌਂਕਣਵਿੰਡ, ਜ਼ਿਲਾ ਸਿਆਲਕੋਟ (ਜਿਥੋਂ ਉੱਠ ਕੇ ਉਹ 1905 ਈ. ਵਿਚ ਰਿਟਾਇਰਮੈਂਟ ਉਪਰੰਤ ਫੌਜੀ ਗਰਾਂਟ ਵਜੋਂ ਮਿਲੀ ਜ਼ਮੀਨ ਆਬਾਦ ਕਰਨ ਲਈ ਸਰਗੋਧੇ ਗਏ ਸਨ ਤੇ ਓਥੋਂ ਦੇ ਉੱਘੇ ਵਾਸੀ ਬਣ ਗਏ ਸਨ) ਤੋਂ ਆਪਣੇ ਚਚੇਰੇ ਭਾਈ ਹੌਲਦਾਰ ਪੈਨਸ਼ਨਰ ਲਹਿਣਾ ਸਿੰਘ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਉਨ੍ਹਾਂ ਨੂੰ ਸਾਡੇ ਸੁਰਗਵਾਸੀ ਪਿਤਾ ਜੀ ਦੀ ਥਾਂ ਸਰਬਰਾਹ ਜ਼ੈਲਦਾਰ ਬਣਵਾ ਲਿਆ। 3-4 ਸਾਲ ਉਹ ਉਨ੍ਹਾਂ ਪਾਸ ਰਹਿ ਕੇ ਉਨ੍ਹਾਂ ਦੀ ਸਹਾਇਤਾ ਕਰਦੇ ਰਹੇ।[1] ਜਦ 1934 ਵਿਚ ਸਾਡੇ ਵੱਡੇ ਭਾਈ ਇਕਬਾਲ ਸਿੰਘ 18 ਸਾਲਾਂ ਦੇ (ਅਰਥਾਤ ਬਾਲਗ) ਹੋ ਗਏ ਤਾਂ ਦਾਦਾ ਜੀ ਨੇ ਉਨ੍ਹਾਂ ਨੂੰ ਸਰਬਰਾਹ ਜ਼ੈਲਦਾਰ ਬਣਾ ਲਿਆ। ਨਾਲ ਹੀ ਉਨ੍ਹਾਂ ਨੇ ਜਨਵਰੀ 1931 ਵਿਚ ਆਨਰੇਰੀ ਮੈਜਿਸਟਰੇਟੀ ਛੱਡ ਦਿੱਤੀ ਜਿਸ ਨੂੰ ਉਹ 15 ਸਾਲ ਬੜੀ ਯੋਗਤਾ ਨਾਲ ਨਿਬਾਹੁੰਦੇ ਰਹੇ ਸਨ। ਇਸ ਤਰ੍ਹਾਂ ਉਨ੍ਹਾਂ ਨੂੰ ਪਰਵਾਰ ਦੀ ਦੇਖ ਭਾਲ ਲਈ ਲੋੜੀਂਦੀ ਵਿਹਲ ਮਿਲ ਗਈ। ਹੋਰ ਉਨ੍ਹਾਂ ਨੇ ਸਾਡੇ ਵੱਡੇ ਮਾਮਾ ਜੀ ਸ. ਤਾਰਾ ਸਿੰਘ ਬਾਜਵਾ ਨੂੰ ਜਿਨ੍ਹਾਂ ਨੇ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ[2] ਤੋਂ ਬੀ.ਏ. ਪਾਸ ਕੀਤੀ ਸੀ, ਥਾਣੇਦਾਰ ਭਰਤੀ ਕਰਵਾ ਲਿਆ (ਜੋ ਉਸ ਸਮੇਂ ਬੜਾ ਮੁਸ਼ਕਲ ਕੰਮ ਸੀ)। ਤਰੱਕੀ ਕਰ ਕੇ ਅੰਤ ਉਹ ਡੀ.ਐਸ.ਪੀ. ਵਜੋਂ ਰਿਟਾਇਰ ਹੋਏ। ਇਕ ਹੋਰ ਚੰਗੀ ਗੱਲ ਇਹ ਹੋਈ ਕਿ ਦਾਦਾ ਜੀ ਦੇ ਲਾਇਕ ਭਤੀਜੇ ਡਾ. ਕਿਸ਼ਨ ਸਿੰਘ (ਜਿਨ੍ਹਾਂ ਦਾ ਜ਼ਿਕਰ ਉਪਰ ਹੋਇਆ) ਅਫਰੀਕਾ ਤੋਂ ਭਾਰਤ ਵਾਪਸ ਆ ਗਏ ਅਤੇ ਡਿਹਰਾਦੂਨ ਵਿਚ ਸਰਕਾਰੀ ਡਾਕਟਰ ਮੁਕੱਰਰ ਹੋ ਗਏ। ਉਨ੍ਹਾਂ ਦੀ ਯੋਗਤਾ ਅਤੇ ਨੌਕਰੀ ਦੇ ਚੰਗੇ ਕੰਮ ਨੂੰ ਮੁੱਖ ਰੱਖ ਕੇ ਬਰਤਾਨੀਆ ਹਕੂਮਤ ਨੇ ਉਨ੍ਹਾਂ ਨੂੰ ਐਮ. ਬੀ. ਈ. (ਮੈਂਬਰ ਆਫ ਬ੍ਰਿਟਿਸ਼ ਐਮਪਾਇਰ) ਦਾ ਖਿਤਾਬ ਦਿੱਤਾ ਜੋ ਇਕ ਬਹੁਤ ਵੱਡਾ ਸਨਮਾਨ ਸੀ। ਇਸ ਤਰ੍ਹਾਂ ਦਾਦਾ ਜੀ ਨੂੰ ਕੁਝ ਭਰੋਸੇਯੋਗ ਤੇ ਨਿਕਟੀ ਮਦਦਗਾਰ ਪ੍ਰਾਪਤ ਹੋ ਗਏ।

---

1. ਬਾਬਾ ਲਹਿਣਾ ਸਿੰਘ ਹੌਲਦਾਰ ਬੜੇ ਧਾਰਮਕ ਨਿਸ਼ਠਾ ਵਾਲੇ ਪੁਰਸ਼ ਸਨ ਪਰ ਉਨ੍ਹਾਂ ਦਾ ਅੰਤ ਬੜਾ ਦੁਖਦਾਈ ਹੋਇਆ। ਉਹ ਜ਼ਰਾ ਕਰੜੇ ਸੁਭਾ ਦੇ ਸਨ। ਉਨ੍ਹਾਂ ਦੀ ਪਤਨੀ (ਮਾਈ ਵਿਰਕ) ਉਨ੍ਹਾਂ ਨੂੰ ਕਦੀ ਕਦੀ ਖਿੱਝ ਕੇ ਕਹਿੰਦੀ : 'ਜੀ ਤੁਸੀਂ ਓ ਨਾਂ ਜਿਹੜੇ ਤੁਸੀਂ ਵੱਢਣ ਜੋਗੇ ਓ।' ਉਸ ਨੂੰ ਕੀ ਪਤਾ ਸੀ ਉਸ ਦੀ ਬੋਲੀ ਅੰਤ ਸੱਚੀ ਹੋ ਜਾਏਗੀ। ਰੱਬ ਦੀ ਕਰਨੀ ਦੇਖੋ, 1947 ਵਿਚ ਉਨ੍ਹਾਂ ਦੇ ਪਿੰਡ ਵਿਚ ਈ ਉਨ੍ਹਾਂ ਨੂੰ ਭੂਤਰੇ ਹੋਏ ਮੁਸਲਮਾਨਾਂ ਨੇ ਵੱਢ ਦਿੱਤਾ।

2. ਜਦ ਪਿਤਾ ਜੀ ਪਿੰਡ ਵਿਚੋਂ 1922 ਵਿਚ ਆਪਣੇ 4 ਹੋਰ ਜੋਸ਼ੀਲੇ ਸਾਥੀਆਂ ਸਮੇਤ ਗੁਰੂ ਕਾ ਬਾਗ ਮੋਰਚਾ ਵਿਚ ਕੈਦ ਹੋਣ ਲਈ ਸ੍ਰੀ ਅੰਮ੍ਰਿਤਸਰ ਆਏ ਤਾਂ ਉਹ ਪਹਿਲਾਂ ਮਾਮਾ ਤਾਰਾ ਸਿੰਘ ਪਾਸ ਖ਼ਾਲਸਾ ਕਾਲਜ ਦੇ ਹੋਸਟਲ ਵਿਚ ਆ ਕੇ ਉਨ੍ਹਾਂ ਨੂੰ ਮਿਲੇ ਅਤੇ ਫਿਰ ਉਥੋਂ ਅਕਾਲ ਤਖਤ ਸਾਹਿਬ ਜਿਥੋਂ ਮੋਰਚਾ ਸ਼ੁਰੂ ਹੁੰਦਾ ਸੀ, ਪਹੁੰਚੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਹੌਰ ਵਿਚ ਸੱਤ ਸਾਲ

ਸਰਗੋਧੇ ਤੋਂ ਪਹਿਲੇ ਦਰਜੇ ਵਿਚ ਮੈਟਰਿਕ ਪਾਸ ਕਰ ਕੇ ਮੈਂ ਮਈ 1936 ਵਿਚ ਉਤਰੀ ਭਾਰਤ ਦੇ ਸਭ ਤੋਂ ਮਸ਼ਹੂਰ ਤੇ ਵੱਡੇ ਕਾਲਜ, ਗੌਰਮਿੰਟ ਕਾਲਜ, ਲਾਹੌਰ ਜਾ ਦਾਖਲ ਹੋਇਆ। ਜਦੋਂ ਪਰਮਾਤਮਾ ਨੇ ਕੋਈ ਕੰਮ ਕਰਨਾ ਹੁੰਦਾ ਹੈ ਤਾਂ ਉਸ ਵਿਚ ਕੋਈ ਰੁਕਾਵਟ ਨਹੀਂ ਪੈ ਸਕਦੀ। ਮੇਰੇ ਉਸ ਕਾਲਜ ਵਿਚ ਦਾਖਲੇ ਦਾ ਕੰਮ ਸਹਿਜੇ ਹੀ ਹੋ ਗਿਆ ਜਦ ਕਿ ਉਥੇ ਦਾਖਲਾ ਬਹੁਤ ਮੁਸ਼ਕਲ ਮਿਲਦਾ ਸੀ। ਪਹਿਲੇ ਦਰਜੇ ਤੋਂ ਘੱਟ ਮੈਟਰਿਕ ਪਾਸ ਤਾਂ ਦਾਖਲੇ ਦੀ ਦਰਖਾਸਤ ਵੀ ਨਹੀਂ ਸੀ ਦੇ ਸਕਦੇ।

ਕਾਲਜ ਵਿਚ ਦਾਖਲੇ ਦੀ ਰੋਚਕ ਵਾਰਤਾ

ਪਰਮਾਤਮਾ ਦੀ ਮਿਹਰ ਇਸ ਤਰ੍ਹਾਂ ਹੋਈ ਕਿ ਮੇਰੇ ਦਾਦਾ ਜੀ ਸੰਨ 1881-82 ਵਿਚ ਇਸੇ ਕਾਲਜ ਦੇ ਪੁਰਾਣੇ ਵਿਦਿਆਰਥੀ (old boy) ਰਹੇ ਸਨ। ਗੌਰਮਿੰਟ ਸਕੂਲ ਸ੍ਰੀ ਅੰਮ੍ਰਿਤਸਰ ਤੋਂ ਮੈਟਰਿਕ ਪਾਸ ਕਰ ਕੇ ਉਹ ਉਥੇ ਦਾਖਲ ਹੋਏ ਸਨ। ਇਸ ਲਈ ਜਦ ਉਹ ਮੈਨੂੰ ਉਥੇ ਦਾਖਲ ਕਰਾਣ ਗਏ ਤਾਂ ਇੰਟਰਵਿਊ ਬੋਰਡ ਜਿਸ ਵਿਚ ਅੰਗਰੇਜ਼ ਪ੍ਰਿੰਸੀਪਲ ਡਾ. ਡਨੀਕਲਿਫ ਅਤੇ ਸੱਤ ਅੱਠ ਸੀਨੀਅਰ ਪ੍ਰੋਫੈਸਰ (ਜੋ ਸਾਰੇ ਹੀ ਆਈ. ਈ. ਐਸ. ਭਾਵ ਇੰਡੀਅਨ ਐਜੂਕੇਸ਼ਨਲ ਸਰਵਿਸ ਦੇ ਮੈਂਬਰ ਸਨ) ਸ਼ਾਮਲ ਸਨ, ਦੇ ਸਾਹਮਣੇ ਜਦ ਦਾਦਾ ਜੀ ਨੇ ਅੰਗਰੇਜ਼ੀ ਵਿਚ ਦੱਸਿਆ ਕਿ 'ਮੈਂ ਇਸੇ ਕਾਲਜ ਦਾ ਸੰਨ 1881-82 ਵਿਚ 'ਓਲਡ ਬੁਆਏ' ਰਿਹਾ ਹਾਂ ਅਤੇ ਆਪਣੇ ਪੋਤੇ ਨੂੰ ਦਾਖਲ ਕਰਾਉਣ ਆਇਆ ਹਾਂ' ਤਾਂ ਉਹ ਸਾਰੇ ਇਕ ਦਮ ਸਤਿਕਾਰ ਵਜੋਂ ਕੁਰਸੀਆਂ ਤੋਂ ਉੱਠ ਕੇ ਖਲੋ ਗਏ ਅਤੇ ਅਦਬ ਵਜੋਂ ਥੋੜਾ ਸਿਰ ਝੁਕਾਇਆ। ਪ੍ਰਿੰਸੀਪਲ ਸਾਹਿਬ ਅੰਗਰੇਜ਼ੀ ਵਿਚ ਕਹਿਣ ਲੱਗੇ, 'ਜਨਾਬ (ਸਰ) ਤੁਸੀਂ ਸਾਡੇ ਕਾਲਜ ਦੇ ਓਦੋਂ ਦੇ ਓਲਡ ਬੁਆਏ ਹੋ ਜਦੋਂ ਸਾਡੇ ਵਿਚੋਂ ਕੋਈ ਵੀ ਪੈਦਾ ਨਹੀਂ ਹੋਇਆ ਸੀ। ਤੁਹਾਡੇ ਪੋਤੇ ਨੂੰ ਦਾਖਲ ਕੀਤਾ ਜਾਂਦਾ ਹੈ।' ਫਿਰ ਉਹ ਦਾਦਾ ਜੀ ਨੂੰ ਉਸ ਸਮੇਂ ਦੇ ਕਾਲਜ ਦੇ ਹਾਲਾਤ ਬਾਰੇ ਕੁਝ ਗੱਲਾਂ ਪੁੱਛਦੇ ਰਹੇ। ਮੈਨੂੰ ਕੋਈ ਪ੍ਰਸ਼ਨ ਨਾ ਪੁੱਛਿਆ ਗਿਆ, ਜਿਸ ਬਾਰੇ ਮੈਂ ਬਹੁਤ ਡਰ ਰਿਹਾ ਸੀ ਕਿ ਕੀ ਤੇ ਕਿਵੇਂ ਜਵਾਬ ਦਿਆਂਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਹੌਰ ਸ਼ਹਿਰ ਦੀ ਸ਼ਾਨ ਸ਼ੌਕਤ

ਪਛੜੇ ਹੋਏ ਇਲਾਕੇ ਦੇ ਇਕ ਛੋਟੇ ਸ਼ਹਿਰ ਦਾ ਪੜ੍ਹਿਆ ਮੈਂ ਇਕ ਪੇਂਡੂ ਜਿਹਾ ਤੇ ਸੰਗਾਊ ਸੁਭਾ ਦਾ ਲੜਕਾ, ਜਿਸ ਨੂੰ ਅਜੇ ਕੋਟ ਪੈਂਟ ਪਾਣ ਦਾ ਪਤਾ ਨਹੀਂ ਸੀ ਕਮੀਜ ਪਜਾਮੇ ਵਿਚ ਇਕ ਦਮ ਲਾਹੌਰ ਆ ਪੁੱਜਾ, ਉਹ ਲਾਹੌਰ ਜਿਸ ਬਾਰੇ ਕਹਿੰਦੇ ਸਨ ਜਿਸ ਨੇ ਲਾਹੌਰ ਨਹੀਂ ਦੇਖਿਆ, ਜੰਮਿਆ ਹੀ ਨਹੀਂ। ਪਹਿਲੀ ਵਾਰ ਏਨੀ ਅਮੀਰੀ ਤੇ ਫ਼ੈਸ਼ਨ, ਮਾਲ ਰੋਡ ਦੀਆਂ ਉੱਚੀਆਂ ਸ਼ਾਨਦਾਰ ਇਮਾਰਤਾਂ ਤੇ ਦੁਕਾਨਾਂ, ਸੁੰਦਰ ਮੇਮਾਂ ਤੇ ਸਾਹਬ, ਬੇਸ਼ੁਮਾਰ ਕਾਰਾਂ ਤੇ ਟਾਂਗੇ, ਚੌੜੀਆਂ ਤੇ ਵਧੀਆ ਸੜਕਾਂ ਤੇ 'ਫੁੱਟਪਾਥ', ਅਨਾਰਕਲੀ ਬਾਜ਼ਾਰ ਦੀ ਰੌਣਕ, ਗੌਰਮਿੰਟ ਕਾਲਜ ਤੇ ਪੰਜਾਬ ਯੂਨੀਵਰਸਿਟੀ ਦਾ ਪ੍ਰਭਾਵਸ਼ਾਲੀ ਵਾਤਾਵਰਨ, ਮਾਲ ਰੋਡ ਦੇ ਇਕ ਸਿਰੇ ਤੇ ਭੰਗੀਆਂ ਦੀ ਵੱਡੀ ਤੋਪ, ਦੂਜੇ ਸਿਰੇ ਤੇ ਲਾਰੰਸ ਬਾਗ ਤੇ ਚਿੜੀਆ ਘਰ, ਵੱਡੇ ਵੱਡੇ ਅੰਗਰੇਜ਼ੀ ਪੱਧਰ ਦੇ ਹੋਟਲ ਤੇ ਰੈਸਟੋਰਾਨ, ਇਹ ਸਾਰਾ ਕੁਝ ਵੇਖ ਕੇ ਮੈਂ ਦੰਗ ਰਹਿ ਗਿਆ। ਪਰ ਮੇਰੇ ਵਰਗੇ ਹੋਰ ਕਈ ਅਜੇਹੇ ਨਵੇਂ ਨਕੋਰ ਅਜਨਬੀ ਕਿਸਮ ਦੇ ਵਿਦਿਆਰਥੀ ਸਨ। ਬਹੁਤ ਛੇਤੀ ਕੋਟ ਪੈਂਟ ਸਿਲਵਾ ਕੇ, ਹੁਲੀਆ ਸ਼ਹਿਰੀ ਕਿਸਮ ਦਾ ਬਣਾ ਕੇ ਅਸੀਂ ਅੰਗਰੇਜ਼ੀ ਬੋਲਣ ਦੀ ਮਸ਼ਕ (ਅਭਿਆਸ) ਸ਼ੁਰੂ ਕਰ ਦਿੱਤੀ।

ਦਾਦਾ ਜੀ ਦੀ ਵਿਦਵਤਾ ਤੇ ਪੱਤਰ ਵਿਹਾਰ

ਦਾਦਾ ਜੀ ਨੇ ਕਾਲਜ ਦੀ ਪੜ੍ਹਾਈ ਲਈ ਮੈਨੂੰ ਬਹੁਤ ਉਤਸਾਹਿਤ ਕੀਤਾ। ਉਹ ਦੱਸਦੇ ਸਨ ਕਿ ਜਦ ਉਹ ਇਸ ਕਾਲਜ ਵਿਚ ਪੜ੍ਹਦੇ ਸਨ ਤਾਂ ਉਸ ਵੇਲੇ ਦਿੱਲੀ ਦਾ ਮਸ਼ਹੂਰ ਉਰਦੂ ਵਿਦਵਾਨ ਤੇ ਕਵੀ ਸ਼ਮਸੁਲ ਉਲਮਾ* ਮੌਲਵੀ ਮੁਹੰਮਦ ਹੁਸੈਨ ਆਜ਼ਾਦ (ਦਿੱਲੀ ਦੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਦੇ ਉਸਤਾਦ ਤੇ ਵੱਡੇ ਦਰਬਾਰੀ ਸ਼ਾਇਰ ਜ਼ੌਕ ਦਾ ਇਹ ਵੱਡਾ ਸ਼ਾਗਿਰਦ ਸੀ) ਵੀ ਉਦੋਂ ਉਥੇ ਫ਼ਾਰਸੀ ਦਾ ਪ੍ਰੋਫੈਸਰ ਸੀ। ਦਾਦਾ ਜੀ ਪਹਿਲੇ ਸਾਲ ਵਿਚ ਹੀ ਸਨ ਕਿ ਉਹ ਅੰਗਰੇਜ਼ ਫ਼ੌਜੀ ਅਫਸਰਾਂ ਨੂੰ ਉਰਦੂ ਪੜ੍ਹਾਣ ਲਈ ਫੌਜ ਵਿਚ ਭਰਤੀ ਹੋ ਗਏ। ਇਹ ਗੱਲ 1882 ਦੀ ਹੈ। ਉਹ ਸਿਆਲਕੋਟ ਜ਼ਿਲ੍ਹੇ ਦੇ ਪਿੰਡ ਸੌਕਣਵਿੰਡ (ਤਹਿਸੀਲ ਪਸਰੂਰ) ਦੇ ਸਰਦੇ ਪੁੱਜਦੇ ਤੇ ਸਾਊ ਢੀਂਡਸਾ ਗੋਤ ਦੇ ਜੱਟ ਪਰਵਾਰ ਦੇ ਹੋਣਹਾਰ ਨੌਜਵਾਨ ਸਨ। ਆਪਣੇ ਪਿਤਾ ਦੇ ਸਭ ਤੋਂ ਵੱਡੇ ਪੁੱਤਰ ਹੋਣ ਕਾਰਨ ਉਨ੍ਹਾਂ ਨੇ ਨੌਕਰੀ ਕਰ ਕੇ ਘਰ ਦੀ ਹਰ ਪੱਖ ਤੋਂ ਉਨਤੀ ਕਰਨ ਤੇ ਸਾਰੇ ਟੱਬਰ ਨੂੰ ਉੱਚਾ ਚੁੱਕਣ ਦਾ ਫੈਸਲਾ ਕੀਤਾ। ਪਰਮਾਤਮਾ ਨੇ ਉਨ੍ਹਾਂ ਨੂੰ ਹਰ ਕੰਮ ਵਿਚ ਬਰਕਤ ਬਖਸ਼ੀ ਅਤੇ ਇਸ ਨੇਕ ਇਰਾਦੇ ਨੂੰ ਉਨ੍ਹਾਂ ਸਾਰੀ ਉਮਰ ਭਲੀ ਭਾਂਤ ਅਮਲੀ ਰੂਪ ਦਿੱਤਾ।

ਦਾਦਾ ਜੀ ਅੰਗਰੇਜ਼ੀ, ਫ਼ਾਰਸੀ ਤੇ ਉਰਦੂ ਦੇ ਚੰਗੇ ਵਿਦਵਾਨ ਸਨ। ਓਦੋਂ ਮੈਟਰਿਕ

---

*ਸ਼ਬਦੀ ਅਰਥ ਵਿਦਵਾਨਾਂ ਦਾ ਸੂਰਜ। ਇਹ ਖਿਤਾਬ (ਉਪਾਧੀ) ਅੰਗਰੇਜ਼ ਹਕੂਮਤ ਵੱਲੋਂ 19ਵੀਂ ਸਦੀ ਵਿਚ ਸਭ ਤੋਂ ਸਰੇਸ਼ਟ ਉਰਦੂ ਵਿਦਵਾਨਾਂ ਨੂੰ ਦਿੱਤਾ ਜਾਂਦਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਪੜ੍ਹਾਈ ਹੁਣ ਦੇ ਐਮ. ਏ. ਨਾਲੋਂ ਵਧੇਰੇ ਸਾਰਥਕ ਹੁੰਦੀ ਸੀ। 1936 ਤੋਂ 1940 ਤਕ (ਜਿਸ ਸਾਲ ਕਿ ਉਹ ਪਰਲੋਕ ਸਿਧਾਰੇ) ਉਨ੍ਹਾਂ ਮੈਨੂੰ ਉਰਦੂ ਵਿਚ 25 ਖਤ ਲਿਖੇ ਸਨ ਜੋ ਮੈਂ ਸਾਂਭ ਕੇ ਰੱਖੇ ਹਨ। ਕੁਝ ਪੋਸਟਕਾਰਡ ਹਨ ਤੇ ਬਾਕੀ ਲਫਾਫੇ ਵਿਚ ਭੇਜੇ ਹੋਏ ਪੱਤਰ। ਇਨ੍ਹਾਂ ਵਿਚ ਵਿਸਥਾਰ ਨਾਲ ਲਿਖੇ ਘਰ ਦੇ ਸਮਾਚਾਰ, ਮੇਰੀ ਅਗਵਾਈ ਲਈ ਕਈ ਕਿਸਮ ਦਾ ਉਪਦੇਸ਼ ਤੇ ਤਾਕੀਦ ਅਤੇ ਹੋਰ ਬਹੁਤ ਕੁਝ ਸਮੇਂ ਅਨੁਕੂਲ ਜਾਨਕਾਰੀ ਦਿੱਤੀ ਹੋਈ ਮਿਲਦੀ ਹੈ ਜੋ ਅਸਲੋਂ ਦੁਰਲੱਭ, ਕੀਮਤੀ ਤੇ ਅਤਿ ਰੋਚਕ ਹੈ। ਨਮੂਨੇ ਵਜੋਂ ਪੱਤਰਾਂ ਵਿਚੋਂ ਕੁਝ ਟੋਟੇ ਗੁਰਮੁਖੀ ਲਿਪੀ ਵਿਚ ਹੇਠਾਂ ਦਿੱਤੇ ਜਾਂਦੇ ਹਨ ਤਾਂ ਜੋ ਦਾਦਾ ਜੀ ਦੀ ਯੋਗਤਾ, ਵਿਦਵਤਾ ਅਤੇ ਲਿਖਣ ਸ਼ਕਤੀ ਦਾ ਅਨੁਮਾਨ ਲਾਇਆ ਜਾ ਸਕੇ। ਬਰੈਕਟਾਂ ਵਿਚ ਦਿੱਤੇ ਸ਼ਬਦਾਂ ਦੇ ਅਰਥ ਮੇਰੇ ਵਲੋਂ ਹਨ।

1. ਪੱਤਰ ਮਿੱਤੀ 8-2-40 (ਮੈਨੂੰ ਸੰਖੇਪ ਪੱਤਰ ਲਿਖਣ ਅਤੇ ਦਿਮਾਗ ਨੂੰ ਸਪਸ਼ਟ ਰੱਖਣ ਦੀ ਤਾਕੀਦ ਕੀਤੀ ਹੈ) :
   'ਆਪ ਕੁਦਰਤਨ ਹਰ ਕਿਸਮ ਦੀ ਤਹਿਰੀਰ (ਲਿਖਤ) ਮੇਂ ਤਵਾਲਤ (ਵਿਸਤਾਰ) ਦੇਨੇ ਕੇ ਆਦੀ ਹੈਂ ਔਰ ਮਾਮੂਲੀ ਬਾਤ ਪਰ ਭੀ ਬਹਿਸਿ ਤਵੀਲ (ਲੰਮੀ ਬਹਿਸ) ਮੇਂ ਪੜ੍ਹ ਜਾਤੇ ਹੈਂ। ਇਸ ਮੇਂ ਬਾਅਜ਼ ਔਕਾਤ (ਕਈ ਵਾਰੀ) ਦਿਮਾਗ ਮੇਂ ਉਲਝਨੇਂ ਪੜ ਜਾਨੇ ਕਾ ਇਹਤਮਾਲ (ਸੰਭਵਤਾ) ਰਹਿਤਾ ਹੈ। ਚੁਨਾਂਚਿ ਐਸਾ ਹੂਆ ਕਿ ਆਪ ਨੇ ਦੋ ਖਤ ਲਿਖੇ ਹੋਂਗੇ ਔਰ ਉਲਝਨ ਮੇਂ ਪੜ੍ਹ ਕਰ ਦਲੀਪ ਸਿੰਘ ਕਾ ਖਤ ਮੇਰੇ ਲਫਾਫਾ ਮੇਂ ਡਾਲ ਕਰ ਭੇਜ ਦੀਆ ਔਰ ਅਗਲਬਨ (ਸ਼ਾਇਦ) ਮੇਰਾ ਖਤ ਉਸ ਕੇ ਪਾਸ ਭੇਜਾ ਗਿਆ ਹੋਗਾ। ਦਿਮਾਗ ਹਮੇਸ਼ਾਂ ਤਾਜ਼ਾ ਰੱਖਣਾ ਚਾਹੀਏ।'
2. ਪੱਤਰ ਮਿੱਤੀ 7-5-39 (ਪਰਵਾਰ ਦੀ ਜ਼ਿੰਮੇਵਾਰੀ ਤੇ ਭਾਰੀ ਮੁਸ਼ਕਲਾਂ ਬਾਰੇ ਲਿਖਦੇ ਹਨ) :
   'ਤਕਾਲੀਫ (ਤਕਲੀਫਾਂ) ਔਰ ਦੁਨੀਆਵੀ ਕਾਰੋਬਾਰ ਨੇ ਐਸਾ ਘੇਰਾ ਹੂਆ ਹੈ ਕਿ ਨਾ ਅਬ ਮੌਤ ਕਾ ਡਰ ਹੈ ਔਰ ਨਾ ਪੈਦਾਇਸ਼ ਸੇ ਖੁਸ਼ੀ।'
3. ਪੱਤਰ ਮਿੱਤੀ 30-11-38 (ਘਰੋਗੀ ਮੁਸ਼ਕਲਾਂ ਬਾਰੇ ਲਿਖਦੇ ਹਨ) :
   'ਮੇਰੀ ਜ਼ਿਮਾਦਾਰੀਆਂ ਸਬ ਕੇ ਵਾਸਤੇ ਬਹੁਤ ਭਾਰੀ ਔਰ ਪੇਚੀਦਾ (ਗੁੰਝਲਦਾਰ) ਹੈਂ। ਆਪਨੀ ਹਾਲਤ ਪਰ ਬਾਅਜ਼ ਦਫਾ (ਕਈ ਵਾਰੀ) ਅਫਸੋਸ ਕਰਤਾ ਹੂੰ ਮਗਰ ਤਾਜ਼ੀਸਤ (ਜਦ ਤਕ ਜੀਵਨ ਹੈ) ਨਿਬਾਹਨਾ ਚਾਹਤਾ ਹੂੰ। ਵਾਹਿਗੁਰੂ ਭਲੀ ਕਰੇਗਾ।'
4. ਪੱਤਰ ਮਿੱਤੀ 27-1-39 (ਘਰੋਗੀ ਸਮੱਸਿਆਵਾਂ ਤੋਂ ਘਬਰਾ ਕੇ ਲਿਖਦੇ ਹਨ) :
   'ਮੁਝੇ ਹਰ ਤਰਫ ਸੇ ਤਕਾਲੀਫ ਨੇ ਘੇਰਾ ਹੂਆ ਹੈ ਮਗਰ ਮੈਂ ਤਨਦਹੀ (ਹਿੰਮਤ) ਔਰ ਹੌਸਲਾ ਸੇ ਕਾਮ ਕੋ ਕੰਧਾ (ਮੋਢਾ) ਲਗਾ ਰਹਾ ਹੂੰ ਔਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿੰਦਗੀ ਮੇਂ ਕੀਏ ਜਾਨੇ ਕਾ ਇਰਾਦਾ ਰੱਖਤਾ ਹੂੰ । ਆਇੰਦਾ (ਅੱਗੇ) ਜੋ ਰਜ਼ਾਇ ਰੱਬੀ (ਰੱਬ ਦਾ ਭਾਣਾ) ਹੈ ਹੋਗੀ ।'

5. ਪੱਤਰ ਮਿੱਤੀ 11-12-38 (ਆਪਣੇ ਲਾਇਕ ਭਤੀਜੇ ਦੇ ਦੇਹਾਂਤ ਬਾਰੇ ਡਿਹਰਾਦੂਨ ਤੋਂ ਲਿਖਦੇ ਹਨ) :
'ਅਜ਼ੀਜ ਦੀਵਾਨ ਸਿੰਘ ਜੀ, ਸ੍ਰੀ ਵਾਹਿਗੁਰੂ ਜੀ ਕੀ ਫਤਹ। ਆਪ ਕੋ ਜ਼ਰੂਰ ਮਾਲੂਮ ਹੋ ਚੁਕਾ ਹੋਗਾ ਕਿ ਮੇਰਾ ਪਿਆਰਾ ਬੱਚਾ ਡਾ. ਕਿਸ਼ਨ ਸਿੰਘ 5 ਦਸੰਬਰ ਕੋ ਯਹਾਂ ਸਵਰਗ ਬਾਸ਼ ਹੋ ਗਿਆ। ਆਰਜ਼ਾ (ਬੀਮਾਰੀ) ਦਿਲ ਕਾ ਥਾ। ਰਜ਼ਾਇ ਰੱਬੀ ਹੈ।'

6. ਪੱਤਰ ਮਿੱਤੀ 29-2-40 (ਦੇਹਾਂਤ ਤੋਂ ਪੰਜ ਮਹੀਨੇ ਪਹਿਲਾਂ ਇਹ ਖਤ ਦਲੀਪ ਸਿੰਘ ਦੇ ਛੋਟਾ ਥਾਨੇਦਾਰ ਭਰਤੀ ਹੋਣ ਬਾਰੇ ਖੁਸ਼ੀ ਪ੍ਰਗਟ ਕਰਦੇ ਹੋਏ ਲਿਖਦੇ ਹਨ) :
'ਤਕਰੀਬਨ 7 ਬਜੇ ਸ਼ਾਮ ਆਜ ਖ਼ਬਰ ਬਜ਼ਰੀਆ ਤਾਰ ਪਹੁੰਚ ਗਈ ਹੈ ਜਿਸ ਸੇ ਦਿਲ ਖੁਸ਼ੀ ਸੇ ਭਰ ਗਿਆ ਹੈ । ਲਿਖਾ ਹੈ ਕਿ ਦਲੀਪ ਸਿੰਘ ਇੰਤਖ਼ਾਬ (ਚੋਣ) ਮੇਂ ਆ ਗਿਆ ਹੈ। ਆਪ ਕੋ ਮੁਬਾਰਕਬਾਦ (ਵਧਾਈ) ਪਹੁੰਚੇ। ਵਾਹਿਗੁਰੂ ਕਾ ਸ਼ੁਕਰ ਹੈ। ਬੱਚੇ ਕੀ ਮਿਹਨਤ ਕੋ ਜਲਦੀ ਫਲ ਲਗ ਗਿਆ ਹੈ।'

ਇਨ੍ਹਾਂ ਪੱਤਰਾਂ ਤੋਂ ਦਾਦਾ ਜੀ ਦੇ ਡੂੰਘੇ ਧਾਰਮਕ ਨਿਸਚੇ ਅਤੇ ਦ੍ਰਿੜ੍ਹ ਰੱਬੀ ਵਿਸ਼ਵਾਸ ਬਾਰੇ ਪਤਾ ਲੱਗਦਾ ਹੈ। ਉਨ੍ਹਾਂ ਵਿਚ ਦੁਨੀਆਵੀ ਸਿਆਣਪ ਅਤੇ ਧਾਰਮਕ ਵਿਸ਼ਵਾਸ ਦਾ ਇਕ ਅਤਿ ਸੁੰਦਰ ਸੁਮੇਲ ਦੇਖਣ ਵਿਚ ਆਉਂਦਾ ਸੀ।

ਦਾਦਾ ਜੀ ਸਾਲ ਵਿਚ ਦੋ ਤਿੰਨ ਵਾਰ ਗੰਗਾਨਗਰ ਜਾਂਦੇ ਆਉਂਦੇ ਜਾਂ ਪੰਜਾਬ ਸੈਂਟਰਲ ਕੋਆਪਰੇਟਿਵ ਸੁਸਾਇਟੀਜ਼ ਦੇ ਡਾਇਰੈਕਟਰ ਹੋਣ ਦੇ ਨਾਤੇ ਇਸ ਦੀ ਸਲਾਨਾ ਮੀਟਿੰਗ ਜੋ ਮਾਰਚ ਮਹੀਨੇ ਵਿਚ ਹੁੰਦੀ ਸੀ, ਵਿਚ ਭਾਗ ਲੈਣ ਲਈ ਜਾਂ ਹੋਰ ਕਿਸੇ ਕੰਮ ਲਾਹੌਰ ਤੋਂ ਲੰਘਦੇ ਮੈਨੂੰ ਮਿਲ ਜਾਂਦੇ ਸਨ। ਏਨੀ ਵੱਡੀ ਉਮਰ ਵਿਚ ਵੀ ਉਹ ਇਕੱਲੇ ਸਫ਼ਰ ਕਰਦੇ ਸਨ ਅਤੇ ਉਨ੍ਹਾਂ ਦੀ ਸਿਹਤ ਬਹੁਤ ਚੰਗੀ ਸੀ।

ਦਾਦਾ ਜੀ ਦਾ ਦੇਹਾਂਤ

ਲਾਹੌਰ ਵਿਚ ਮੈਂ ਮਈ 1936 ਤੋਂ ਮਈ 1943 ਤਕ ਪੂਰੇ ਸੱਤ ਸਾਲ ਰਿਹਾ। ਪਹਿਲੇ 4 ਸਾਲਾਂ ਵਿਚ ਐਫ.ਏ., ਬੀ.ਏ, ਅਤੇ ਆਨਰਜ਼-ਇਨ-ਇੰਗਲਿਸ਼ ਪਾਸ ਕੀਤੀ, ਪਹਿਲੇ ਦਰਜੇ ਵਿਚ ਅਤੇ ਬਾਕੀ ਤਿੰਨ ਸਾਲਾਂ ਵਿਚ ਐਮ.ਏ. ਅੰਗਰੇਜ਼ੀ ਅਤੇ ਐਮ.ਏ. ਫ਼ਾਰਸੀ ਪਾਸ ਕੀਤੀ, ਦੂਜੇ ਦਰਜੇ ਵਿਚ। 1940 ਵਿਚ ਬੀ.ਏ. ਦਾ ਇਮਤਿਹਾਨ ਦੇ ਕੇ ਮੈਂ ਪਿੰਡ ਗਿਆ ਹੋਇਆ ਸੀ। 15 ਜੂਨ ਨੂੰ ਨਤੀਜਾ ਨਿਕਲਣਾ ਸੀ । ਦਾਦਾ ਜੀ ਨਾਲ ਨਤੀਜਾ ਪਤਾ ਕਾਰਨ ਮੈਂ ਸਰਗੋਧੇ ਗਿਆ। ਮੈਂ ਸ. ਬਲਵੰਤ ਸਿੰਘ ਬਜ਼ਾਜ਼ ਦੀ ਦੁਕਾਨ (ਜੋ ਸਾਡੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਸ਼ਤੇਦਾਰਾਂ ਦੀ ਸਾਂਝੀ ਮੇਲ ਜੋਲ ਤੇ ਬੈਠਣ ਦੀ ਜਗ੍ਹਾ ਸੀ) ਤੇ ਬੈਠਾ ਸੀ। ਦਾਦਾ ਜੀ ਕਚਹਿਰੀ ਤੋਂ ਵਾਪਸ ਆਉਂਦੇ ਬਾਜ਼ਾਰ ਵਿਚੋਂ ਟ੍ਰਿਬਿਊਨ ਅਖ਼ਬਾਰ ਲੈ ਕੇ ਮੇਰਾ ਨਤੀਜਾ ਵੇਖ ਆਏ (ਮੇਰਾ ਰੋਲ ਨੰਬਰ ਉਨ੍ਹਾਂ ਨੇ ਨੋਟ ਕੀਤਾ ਹੋਇਆ ਸੀ) ਅਤੇ ਆ ਕੇ ਮੈਨੂੰ ਵਧਾਈ ਦਿੱਤੀ। ਮੇਰੀ ਇਸ ਭਾਰੀ ਸਫਲਤਾ ਲਈ ਉਨ੍ਹਾਂ ਨੂੰ ਦਿਲੀ ਖੁਸ਼ੀ ਹੋਈ ਅਤੇ ਉਨ੍ਹਾਂ ਨੂੰ ਆਸ ਬੱਝ ਗਈ ਕਿ ਮੇਰੀ ਅਗਲੇਰੀ ਤੇ ਉਚੇਰੀ ਪੜ੍ਹਾਈ ਲਈ ਰਾਹ ਖੁੱਲ੍ਹ ਗਿਆ ਹੈ। ਦੂਜੇ ਪਾਸੇ 1940 ਦੇ ਫਰਵਰੀ ਮਹੀਨੇ ਵਿਚ ਦਲੀਪ ਸਿੰਘ ਛੋਟੇ ਥਾਨੇਦਾਰ ਵਜੋਂ ਚੋਣ ਵਿਚ ਆ ਗਿਆ ਸੀ ਅਤੇ ਫਿਲੋਰ ਵਿਚ ਟ੍ਰੇਨਿੰਗ ਲੈ ਰਿਹਾ ਸੀ। ਉਸ ਦੇ ਜੀਵਨ ਨਿਰਬਾਹ (career) ਬਾਰੇ ਵੀ ਉਨ੍ਹਾਂ ਨੂੰ ਤਸੱਲੀ ਹੋ ਗਈ। ਵੱਡਾ ਭਾਈ ਸ. ਇਕਬਾਲ ਸਿੰਘ ਪਹਿਲਾਂ ਹੀ ਸਰਬਰਾਹ ਜ਼ੈਲਦਾਰ ਦਾ ਕੰਮ ਚੰਗੀ ਯੋਗਤਾ ਸਹਿਤ ਨਿਬਾਹ ਰਹੇ ਸਨ। ਸੋ ਦਾਦਾ ਜੀ ਨੂੰ ਪਰਿਵਾਰ ਦੇ ਭਵਿੱਖ ਬਾਰੇ ਕਾਫੀ ਤਸੱਲੀ ਹੋ ਗਈ। ਫਿਰ ਛੇਤੀ ਪਿਛੋਂ 27 ਜੁਲਾਈ 1940 ਨੂੰ ਸਵੇਰੇ 6 ਵਜੇ ਉਹ ਦੋ ਦਿਨ ਬੀਮਾਰ ਰਹਿ ਕੇ ਸੁਰਗਵਾਸ ਹੋ ਗਏ। ਉਨ੍ਹਾਂ ਦੀ ਮਹਾਨ ਤੇ ਬੋਹੜ ਵਰਗੀ ਸ਼ਖਸੀਅਤ ਦਾ ਪ੍ਰਭਾਵ ਅਤੇ ਸੁਖਾਵੀਂ ਛਾਂ ਉਨ੍ਹਾਂ ਦੇ ਜੀਉਂਦਿਆਂ ਅਤੇ ਬਹੁਤ ਸਾਲ ਪਿਛੋਂ, ਸਗੋਂ ਹੁਣ ਤਕ (50 ਸਾਲ ਤੋਂ ਉਪਰ ਹੋ ਗਏ ਹਨ) ਸਾਡੇ ਪਰਿਵਾਰ ਲਈ ਇਕ ਆਦਰਸ਼ਕ ਮਿਸਾਲ ਵਜੋਂ ਅਗਵਾਈ ਕਰਦੀ ਆ ਰਹੀ ਹੈ।

ਗੁਰੂ ਸਾਹਿਬਾਨ ਦੀ ਜੋਤ ਇਕ ਹੈ

ਮੈਨੂੰ ਅਤੇ ਮੇਰੇ ਜਮਾਤੀ ਭਾ. ਰਤਨ ਸਿੰਘ (ਤਾਇਆ ਜੀ ਡਾ. ਕਿਸ਼ਨ ਸਿੰਘ ਦੇ ਵੱਡੇ ਸਪੁਤਰ) ਨੂੰ ਫਰਸਟ ਈਅਰ ਵਿਚ ਕਾਲਜ ਦੇ ਕੁਆਡਰੈਂਗਲ ਹੋਸਟਲ ਵਿਚ ਜਗ੍ਹਾ ਮਿਲੀ। ਲਾਹੌਰ ਵਿਚ ਰਤਨ ਸਿੰਘ ਦੇ ਦੋਵੇਂ ਬਹਿਨੋਈ ਰਹਿੰਦੇ ਸਨ। ਵੱਡਾ ਸ. ਬਲਵੰਤ ਨਾਗਰਾ (ਪਿਛਲਾ ਪਿੰਡ ਸਿਆਲਕੋਟ ਵਿਚ 'ਸੁਰੰਗੀਆਂ' ਸੀ) ਜੋ ਵੱਡੀ ਭੈਣ ਕਰਤਾਰ ਕੌਰ ਦੇ ਪਤੀ ਸਨ, ਗੌਰਮਿੰਟ ਕਾਲਜ ਤੋਂ ਬੀ.ਏ. ਕਰ ਕੇ ਉਤਰੀ ਰੇਲਵੇ ਦੇ ਦਫਤਰ ਵਿਚ ਨੌਕਰੀ ਤੇ ਲੱਗੇ ਸਨ। ਇਹ ਦੰਪਤੀ (ਜੋੜੀ) 7 ਸਾਲ ਲਾਹੌਰ ਵਿਚ ਮੇਰੇ ਸਰਪ੍ਰਸਤ ਜਾਂ ਨਿਗਰਾਨ ਰਹੇ। ਦੂਜੇ ਬਹਿਨੋਈ ਸ. ਬੁੱਢਾ ਸਿੰਘ ਬਾਜਵਾ (ਭੈਣ ਪਿਆਰ ਕੌਰ ਦੇ ਪਤੀ) ਦਿਆਲ ਸਿੰਘ ਕਾਲਜ ਵਿਚ ਚੌਦਵੀਂ ਜਮਾਤ ਵਿਚ ਪੜ੍ਹਦੇ ਸਨ। (ਪਿਛਲਾ ਪਿੰਡ ਸਿਆਲ ਕੋਟ ਵਿਚ 'ਚਾੜ੍ਹਭੱਟੀ ਸੀ)। ਇਕ ਹੋਰ ਚਚੇਰਾ ਭਾਈ ਪਿਆਰਾ ਸਿੰਘ ਸਨਾਤਨ ਧਰਮ ਕਾਲਜ ਵਿਚ ਬੀ. ਏ. ਦਾ ਵਿਦਿਆਰਥੀ ਸੀ। ਉਹ ਬਹੁਤ ਨਿੱਘੇ ਤੇ ਧਾਰਮਕ ਸੁਭਾਅ ਦਾ ਸੀ, ਉਸ ਦਾ ਹੋਰ ਜ਼ਿਕਰ ਅੱਗੇ ਆਏਗਾ। ਉਹ ਮੇਰੇ ਨਾਲੋਂ 4–5 ਸਾਲ ਵੱਡਾ ਸੀ।

ਭਾ. ਰਤਨ ਸਿੰਘ ਦੋ ਸਾਲ ਬਾਅਦ ਡਾਕਟਰੀ ਦੀ ਪੜ੍ਹਾਈ ਲਈ ਐਡਨਬਰਾ (ਸਕਾਟਲੈਂਡ) ਚਲਾ ਗਿਆ ਪਰ ਕਿਸਮਤ ਨੇ ਸਾਥ ਨਾ ਦਿੱਤਾ। 1938 ਦਸੰਬਰ ਵਿਚ ਉਸ ਦੇ ਪਿਤਾ ਜੀ (ਡਾ. ਕਿਸ਼ਨ ਸਿੰਘ) ਦਾ ਦਿਲ ਫੇਲ ਹੋਣ ਨਾਲ ਦੇਹਾਂਤ ਹੋ ਗਿਆ ਅਤੇ ਉਸ ਨੂੰ ਪੜ੍ਹਾਈ ਛੱਡ ਕੇ ਵਲਾਇਤੋਂ ਵਾਪਸ ਆਉਣਾ ਪਿਆ। ਓਦੋਂ ਦੂਜੀ ਮਹਾਨ ਜੰਗ ਲੱਗੀ ਹੋਈ ਸੀ। ਬੜੀ ਹੀ ਮੁਸ਼ਕਲ ਨਾਲ ਉਹ ਵਾਪਸ ਪਹੁੰਚਿਆ। ਫਿਰ ਬੀ.ਏ. ਕਰ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਨੇ ਏਅਰ ਫੋਰਸ ਵਿਚ ਕਮਿਸ਼ਨ ਲੈ ਲਈ ਅਤੇ ਵਿੰਗ ਕਮਾਂਡਰ ਦੇ ਅਹੁਦੇ ਤੇ ਰਿਟਾਇਰ ਹੋ ਕੇ ਕੁਝ ਸਾਲਾਂ ਬਾਅਦ ਸਤੰਬਰ 1983 ਵਿਚ ਪਰਲੋਕ ਸਿਧਾਰ ਗਿਆ।

ਸ. ਬਲਵੰਤ ਸਿੰਘ ਨਾਗਰਾ ਲਾਹੌਰ ਤੋਂ 1947 ਵਿਚ ਆ ਕੇ ਦਿੱਲੀ ਵਿਚ ਵੱਸ ਗਏ ਸਨ ਅਤੇ ਅਜੇ ਵੀ 88 ਸਾਲ ਦੀ ਉਮਰ ਵਿਚ ਚੰਗੀ ਸਿਹਤ ਦੇ ਮਾਲਕ ਹਨ। ਉਨ੍ਹਾਂ ਦੇ ਪਿਤਾ ਬਾਬੂ ਨਿਹਾਲ ਸਿੰਘ ਰਿਟਾਇਰਡ ਰੇਲਵੇ ਗਾਰਡ ਬੜੇ ਸਿਆਣੇ ਬਜ਼ੁਰਗ ਸਨ। 100 ਸਾਲ ਦੇ ਹੋ ਕੇ ਗੁਜ਼ਰੇ। ਉਹ ਮੈਨੂੰ ਬੜੇ ਪਿਆਰ ਨਾਲ ਮਿਲਦੇ ਰਹੇ ਅਤੇ ਜਦੋਂ ਸ੍ਰੀ ਅੰਮ੍ਰਿਤਸਰ ਆਉਂਦੇ, ਖ਼ਾਲਸਾ ਕਾਲਜ ਵਿਚ ਆ ਕੇ ਮੈਨੂੰ ਜ਼ਰੂਰ ਮਿਲਦੇ ਤੇ ਆਪਣੀ ਡਾਇਰੀ ਵਿਚ ਲਿਖੇ ਫਾਰਸੀ ਦੇ ਸ਼ਿਅਰਾਂ ਬਾਰੇ ਅਤੇ ਹੋਰ ਕਈ ਧਾਰਮਕ ਸ਼ੰਕੇ ਨਿਵਰਤ ਕਰਨ ਲਈ ਮੇਰੇ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ। ਇਕ ਵਾਰੀ ਕਹਿਣ ਲਗੇ ਕਿ ਪਹਿਲੇ ਪੰਜ ਗੁਰੂ ਸਾਹਿਬਾਨ ਫਕੀਰ ਸਨ ਤੇ ਰੱਬ ਦੇ ਉੱਚੇ ਭਗਤ ਸਨ ਪਰ ਪਿਛਲੇ ਪੰਜ ਗੁਰੂ ਸਾਹਿਬਾਨ ਤਾਂ ਇਕ ਤਰ੍ਹਾਂ ਰਾਜੇ ਹੀ ਸਨ, ਉਨ੍ਹਾਂ ਵਿਚ ਫਕੀਰੀ ਵਾਲੀ ਗੱਲ ਨਹੀਂ ਸੀ ਰਹੀ। ਮੈਂ ਕਿਹਾ, 'ਬਾਬੂ ਜੀ, ਤੁਸੀਂ ਗੁਰੂ ਸਾਹਿਬਾਨ ਵਿਚ ਅੰਤਰ ਨਾ ਕਰੋ। ਇਹ ਗੱਲ ਸਾਡੀ ਤੁਹਾਡੀ ਸਮਝ ਤੋਂ ਪਰੇ ਦੀ ਹੈ। ਇਕੋ ਜੋਤ ਉਨ੍ਹਾਂ ਵਿਚ ਇਕੋ ਤਰ੍ਹਾਂ ਜਗਮਗ ਕਰਦੀ ਦਿੱਸਦੀ ਹੈ। ਐਵੇਂ ਕਾਹਨੂੰ ਅਸੀਂ ਵਿਤਕਰੇ ਪਾਈਏ!' ਉਹ ਸੋਚਣ ਲੱਗ ਪਏ, ਫਿਰ ਮੈਂ ਕਿਹਾ, 'ਸਵੇਰੇ ਰੋਜ਼ ਤੁਸੀਂ ਉੱਚੀ ਉੱਚੀ ਜਪੁਜੀ ਸਾਹਿਬ ਦਾ ਪਾਠ ਬੜੇ ਪ੍ਰੇਮ ਨਾਲ ਤੇ ਸਿਰ ਹਿਲਾ ਹਿਲਾ ਕੇ ਮਸਾਂ ਇਕ ਘੰਟੇ ਵਿਚ ਮੁਕਾਂਦੇ ਹੋ। ਏਨੀ ਡੂੰਘੀ ਸ਼ਰਧਾ ਦੇ ਹੁੰਦਿਆਂ ਫਿਰ ਕਿੰਤੂ ਕਿਉਂ ਕਰਦੇ ਹੋ?' ਫਿਰ ਜਦੋਂ ਮੈਂ ਇਹ ਕਿਹਾ, 'ਤੁਹਾਨੂੰ ਸ਼ਾਇਦ ਅੱਗੇ ਜਾ ਕੇ ਇਸ ਦਾ ਹਿਸਾਬ ਦੇਣਾ ਪਏਗਾ ਕਿਉਂਕਿ ਗੁਰੂ ਅੰਗਦ ਸਾਹਿਬ ਨੇ 'ਆਸਾ ਦੀ ਵਾਰ' ਵਿਚ ਸਲਾਮ ਜਵਾਬ ਕਰਨ ਵਾਲੇ ਨੂੰ ਬਹੁਤ ਮੰਦਾ ਕਿਹਾ ਹੈ :

ਸਲਾਮ ਜਬਾਬ ਦੋਵੈ ਕਰੈ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥ (ਮ: 2, 474)

ਤਾਂ ਇਹ ਸੁਣ ਕੇ ਉਨ੍ਹਾਂ ਦੀ ਤਸੱਲੀ ਹੋ ਗਈ ਤੇ ਕਹਿਣ ਲੱਗੇ, 'ਠੀਕ ਹੈ ਧਰਮ ਦੇ ਕੰਮਾਂ ਵਿਚ ਸ਼ੰਕੇ ਦੀ ਕੋਈ ਥਾਂ ਨਹੀਂ।'

ਗੁਰਦਵਾਰਾ ਡਿਹਰਾ ਸਾਹਿਬ ਦੇ ਦਰਸ਼ਨ

ਲਾਹੌਰ ਦੇ ਪ੍ਰਸਿਧ ਇਤਿਹਾਸਕ ਗੁਰਦਵਾਰੇ ਡਿਹਰਾ ਸਾਹਿਬ ਜੋ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਦੀ ਯਾਦਗਾਰ ਵਜੋਂ ਲਾਹੌਰ ਕਿਲ੍ਹੇ ਦੇ ਨਾਲ ਹੀ ਪੱਛਮ ਦੀ ਬਾਹੀ ਸਥਿਤ ਹੈ, ਦੇ ਦਰਸ਼ਨ ਦੀਦਾਰ ਕਰ ਕੇ ਦਿਲ ਨੂੰ ਬੜੀ ਰੂਹਾਨੀ ਸ਼ਾਂਤੀ ਮਿਲੀ। ਇਸ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਅਤੇ ਵੱਡੀ ਬਾਦਸ਼ਾਹੀ ਮਸਜਿਦ ਇਤਿਹਾਸਕ ਇਮਾਰਤਾਂ ਹਨ। ਅਸੀਂ ਸਿੱਖ ਵਿਦਿਆਰਥੀ ਹਰ ਐਤਵਾਰ ਸਵੇਰੇ ਕਾਲਜ ਹੋਸਟਲ ਤੋਂ ਗੁਰਦਵਾਰਾ ਸਾਹਿਬ ਅਤੇ ਸੰਗਤ ਦੇ ਦਰਸ਼ਨ ਕਰਨ ਜਾਂਦੇ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਨੂੰ ਆਪਣੀ ਭਾਰੀ ਖੁਸ਼ਕਿਸਮਤੀ ਸਮਝਦੇ । ਇਹ ਪਹਿਲਾ ਮਹਾਨ ਇਤਿਹਾਸਕ ਗੁਰਦਵਾਰਾ ਸੀ ਜਿਸ ਦੇ ਦਰਸ਼ਨ ਕਰਨ ਦਾ ਮੈਂ ਸੁਭਾਗ ਪ੍ਰਾਪਤ ਕਰਦਾ ਰਿਹਾ ।

ਭਗਤ ਪੂਰਨ ਸਿੰਘ ਬਾਰੇ

ਸ੍ਰੀ ਅੰਮ੍ਰਿਤਸਰ ਦੇ ਪ੍ਰਸਿੱਧ ਪਿੰਗਲਵਾੜਾ ਸੰਸਥਾ ਦੇ ਸੰਚਾਲਕ ਭਗਤ ਪੂਰਨ ਸਿੰਘ ਓਦੋਂ ਭਰ ਜਵਾਨੀ ਵਿਚ ਆਪਣੀ ਅਣੋਖੀ ਤੇ ਕਠਨ ਸੇਵਾ ਕਰਦੇ ਗੁਰਦਵਾਰਾ ਡਿਹਰਾ ਸਾਹਿਬ ਦੇ ਆਸ ਪਾਸ ਨਜ਼ਰ ਆਉਂਦੇ ਸਨ । ਉਹੀ ਸਾਦਾ ਪੁਸ਼ਾਕ ਤੇ ਭੋਲਾ ਭਾਲਾ ਬੱਚਿਆਂ ਵਾਲਾ ਚਿਹਰਾ ਤੇ ਸੁਭਾ । ਇਕ ਟੱਪਰੀ ਜਿਹੀ ਬਣਾ ਕੇ ਇਕ ਦੋ ਲੂਲ੍ਹੇ ਲਾਵਾਰਸ ਬੱਚੇ ਸਾਂਭ ਰਹੇ ਹੁੰਦੇ ਸੀ ਜਾਂ ਫਿਰ ਜੋੜਿਆਂ ਦੀ ਤੇ ਪਾਣੀ ਪਿਲਾਣ ਦੀ ਸੇਵਾ ਕਰ ਰਹੇ ਹੁੰਦੇ । ਉਹ ਹੁਣ 88 ਸਾਲਾਂ ਦੇ ਹਨ (ਜਨਮ ਮਿਤੀ 1904) ਅਤੇ ਓਸੇ ਤਰ੍ਹਾਂ ਤਕੜੇ ਅਤੇ ਅਰੋਗ ਹਨ । ਹਰ ਵੇਲੇ ਸੇਵਾ ਕਰਨ ਤੇ ਪੈਂਫਲਿਟ ਲਿਖਣ ਤੇ ਵੰਡਣ ਵਿਚ ਰੁਝੇ ਰਹਿੰਦੇ ਹਨ । ਉਨ੍ਹਾਂ ਨੂੰ ਉਥੇ ਲਾਹੌਰ ਆਸਾਧਾਰਣ ਕਿਸਮ ਦੀ ਸੇਵਾ ਕਰਦਿਆਂ ਦੇਖ ਕੇ ਹਰ ਕੋਈ ਪ੍ਰਭਾਵਿਤ ਹੁੰਦਾ ਸੀ । ਸ੍ਰੀ ਅੰਮ੍ਰਿਤਸਰ ਵਿਚ ਕਾਫੀ ਸਾਲਾਂ ਤੋਂ ਮੇਰਾ ਉਨ੍ਹਾਂ ਨਾਲ ਬਹੁਤ ਨੇੜੇ ਦਾ ਸੰਪਰਕ ਰਿਹਾ ਹੈ ।

ਧਾਰਮਕ ਰਵਾਦਾਰੀ

ਗੌਰਮਿੰਟ ਕਾਲਜ ਵਿਚ ਪੜ੍ਹਦਿਆਂ ਅਤੇ ਹੋਸਟਲ ਵਿਚ ਰਹਿੰਦਿਆਂ ਧਾਰਮਕ ਰਵਾਦਾਰੀ ਦਾ ਜੋ ਸਬਕ ਮੈਨੂੰ ਮਿਲਿਆ ਉਸ ਨਾਲ ਮੇਰਾ ਜੀਵਨ ਬਾਰੇ ਦ੍ਰਿਸ਼ਟੀਕੋਣ ਕਾਫੀ ਵਿਸ਼ਾਲ ਹੋ ਗਿਆ । ਦੂਜੇ ਧਰਮਾਂ ਬਾਰੇ ਮੇਰੇ ਮਨ ਵਿਚ ਕਦੀ ਨਫਰਤ ਪੈਦਾ ਨਹੀਂ ਹੋਈ, ਭਾਵੇਂ ਇਹ ਠੀਕ ਹੈ ਕਿ ਸਿੱਖ ਧਰਮ ਵਿਚ ਮੇਰਾ ਅਨਿੰਨ ਵਿਸ਼ਵਾਸ ਸਦਾ ਅਡੋਲ ਤੇ ਅਟੱਲ ਰਿਹਾ । ਹੋਸਟਲ ਵਿਚ ਸਾਡੇ ਕਾਮਨ-ਰੂਮ ਡਿਨਰ ਹੁੰਦੇ ਰਹਿੰਦੇ ਸਨ ਜਿਨ੍ਹਾਂ ਵਿਚ ਸਾਰੇ ਹਿੰਦੂ, ਸਿੱਖ, ਮੁਸਲਮਾਨ ਵਿਦਿਆਥੀ ਅਤੇ ਵਾਰਡਨ ਸਾਹਿਬ ਤੇ ਉਨ੍ਹਾਂ ਦੀ ਪਤਨੀ ਇਕੱਠੇ ਖਾਣਾ ਖਾਂਦੇ ਸਨ । ਖ਼ਾਣਾ ਵੱਖ ਵੱਖ ਕਿਚਨਾਂ ਵਿਚੋਂ ਬਣਾ ਕੇ ਹਰ ਇਕ ਧਰਮ ਦੇ ਆਸ਼ੇ ਅਨੁਸਾਰ ਆਉਂਦਾ ਸੀ । ਮੇਰੇ ਨਾਲ ਬੈਠਾ ਮੁਸਲਮਾਨ ਹਲਾਲ ਗੋਸ਼ਤ ਖਾ ਰਿਹਾ ਹੁੰਦਾ, ਮੈਂ ਝਟਕਾ ਮਾਸ ਖਾਂਦਾ ਅਤੇ ਨਾਲ ਹੀ ਕੋਈ ਹਿੰਦੂ (ਵੈਸ਼ਨੂੰ) ਲੜਕਾ ਦਾਲ ਭਾਜੀ ਖਾ ਰਿਹਾ ਹੁੰਦਾ । ਇਹ ਸੀ ਇਕ ਸਾਂਝਾ ਧਾਰਮਕ ਕਲਚਰ ਜੋ ਗੌਰਮਿੰਟ ਕਾਲਜ ਵਿਚ ਪ੍ਰਚਲਿਤ ਸੀ । ਪਰ ਸ਼ੋਕ ਪਿਛੋਂ ਦੇਸ਼ ਵਿਚ ਫਿਰਕੂਪਨ ਦਾ ਐਸਾ ਜ਼ਹਿਰ ਫੈਲਿਆ ਕਿ ਅੰਤ ਦੇਸ਼ ਦੀ ਧਰਮਾਂ ਦੇ ਆਧਾਰ ਤੇ ਵੰਡ ਅਤੇ ਆਬਾਦੀ ਦੀ ਉੱਥਲ ਪੁੱਥਲ ਹੋ ਕੇ ਹੀ ਰਹੀ ।

ਕਿਲ੍ਹੇ ਵਾਲੇ ਸੰਤਾਂ ਦੇ ਦਰਸ਼ਨ

ਐਸ. ਡੀ. ਕਾਲਜ ਲਾਹੌਰ ਵਿਚ ਪੜ੍ਹਦਾ ਮੇਰਾ ਚਚੇਰਾ ਭਾਈ ਪਿਆਰਾ ਸਿੰਘ ਜਿਸ ਦਾ ਜ਼ਿਕਰ ਉਪਰ ਹੋਇਆ, ਕਿਸੇ ਕੰਮ ਆਪਣੇ ਜੱਦੀ ਪਿੰਡ ਜ਼ਿਲਾ ਸਿਆਲਕੋਟ ਜਾ ਰਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਮੈਨੂੰ ਕਹਿਣ ਲੱਗਾ 'ਚਲ ਤੈਨੂੰ ਵੀ ਪਿਛਲਾ ਜ਼ਿਲਾ ਤੇ ਪਿੰਡ ਦਿਖਾ ਲਿਆਵਾਂ।' ਇਹ ਗੱਲ 1936 ਦੇ ਅੰਤ ਦੀ ਹੈ। ਮੈਂ ਤਿਆਰ ਹੋ ਗਿਆ। ਮੈਨੂੰ ਯਾਦ ਹੈ ਅਸੀਂ ਲਾਹੌਰ ਤੋਂ ਨਾਰੋਵਾਲ ਜਾਂਦੀ ਗੱਡੀ ਤੇ ਸਵਾਰ ਹੋ ਕੇ ਜ਼ਿਲਾ ਸਿਆਲਕੋਟ ਵਿਚ ਰਾਵੀ ਦੇ ਸੱਜੇ ਕੰਢੇ ਦੇ ਨੇੜੇ ਬੱਦੋਮੱਲੀ ਸਟੇਸ਼ਨ ਤੇ ਜਾ ਉਤਰੇ। ਉਥੋਂ ਅੱਗੇ ਘੋੜੇ ਤੇ ਜਾਂ ਪੈਦਲ ਜਾਣਾ ਸੀ। ਆਪਣੇ ਪਿੰਡ ਸੌਂਕਣਵਿੰਡ ਜਾਂਦਿਆਂ ਰਾਹ ਵਿਚ ਪਿੰਡ ਕਿਲ੍ਹਾ ਸੂਬਾ ਸਿੰਘ ਆਉਂਦਾ ਸੀ ਜਿਥੇ ਪ੍ਰਸਿੱਧ ਤੇ ਰੱਬ ਨੂੰ ਪਹੁੰਚੇ ਹੋਏ ਸੰਤ ਬਾਬਾ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆਂ ਦਾ ਡੇਰਾ ਸੀ। ਉਥੇ ਮੈਨੂੰ ਪਹਿਲੀ ਵਾਰ ਉਨ੍ਹਾਂ ਦੇ ਪਵਿੱਤਰ ਦਰਸ਼ਨ ਨਸੀਬ ਹੋਏ। ਰੱਬ ਦਾ ਲੱਖ ਲੱਖ ਸ਼ੁਕਰ ਕੀਤਾ। ਭਾਵੇਂ ਉਦੋਂ ਅਜੇ ਕੋਈ ਆਤਮਕ ਸੂਝ ਬੂਝ ਮੇਰੇ ਵਿਚ ਨਹੀਂ ਸੀ, ਫਿਰ ਵੀ ਉਨ੍ਹਾਂ ਦਾ ਦੈਵੀ ਤੇ ਤੇਜਮਈ ਪ੍ਰਭਾਵ ਮੇਰੇ ਦਿਲ ਤੇ ਡੂੰਘਾ ਅਸਰ ਕਰ ਗਿਆ। ਫਿਰ ਸਾਰੀ ਉਮਰ ਲਈ ਮੈਂ ਉਨ੍ਹਾਂ ਦਾ ਸ਼ਰਧਾਲੂ ਤੇ ਆਤਮਕ ਰਿਣੀ ਬਣ ਕੇ ਰਹਿ ਗਿਆ। ਉਦੋਂ ਵੀ ਉਨ੍ਹਾਂ ਦੀ ਸ਼ੁਹਰਤ ਦੂਰ ਦੂਰ ਤਕ ਫੈਲੀ ਹੋਈ ਸੀ। ਜਦੋਂ ਅਸੀਂ ਉਥੇ ਪਹੁੰਚੇ ਤਾਂ ਮੈਨੂੰ ਯਾਦ ਹੈ ਉਹ ਗਰੀਬਾਂ ਨੂੰ ਕੰਬਲ ਵੰਡ ਰਹੇ ਸਨ। ਫਿਰ ਮੈਂ ਪਹਿਲੀ ਵਾਰ ਆਪਣਾ ਪਿੰਡ ਤੇ ਉਸ ਨਾਲ ਵੱਗਦੀ ਨਦੀ 'ਡੇਕ' ਵੇਖੀ ਤੇ ਨਾਲ ਹੀ ਨਾਨਕਾ ਪਿੰਡ ਦਾਦੂਵਾਲੀ ਜੋ ਉਥੋਂ ਇਕ ਮੀਲ ਤੇ ਹੈ, ਦੇਖਿਆ। ਇਸ ਤਰ੍ਹਾਂ ਇਹ ਸਫ਼ਰ ਮੇਰੇ ਲਈ ਇਕ ਅਸਲੋਂ ਹੀ ਨਵਾਂ ਧਾਰਮਕ ਤੇ ਕਲਚਰਲ ਤਜਰਬਾ ਸੀ। ਕਿਲ੍ਹੇ ਵਾਲੇ ਸੰਤਾਂ ਦਾ ਮੇਰੇ ਵਲੋਂ ਵਿਸਤਾਰ ਸਹਿਤ ਲਿਖਿਆ ਹਾਲ ਪੁਸਤਕ 'ਹਮ ਸੰਤਨ ਕੀ ਰੇਨੁ' ਵਿਚ ਪੜ੍ਹੋ।

ਭਾ. ਪਿਆਰਾ ਸਿੰਘ ਬੀ. ਏ. ਕਰ ਕੇ ਫੌਜ ਵਿਚ ਕਮਿਸ਼ਨ ਪ੍ਰਾਪਤ ਕਰਨ ਵਿਚ ਸਫਲ ਹੋ ਗਏ। ਆਤਮਕ ਵਿਕਾਸ ਦੇ ਕਈ ਪੜਾਅ ਉਨ੍ਹਾਂ ਨੇ ਸਹਿਜੇ ਹੀ ਤੈ ਕਰ ਲਏ ਸਨ, ਜਿਨ੍ਹਾਂ ਬਾਰੇ ਮੈਨੂੰ ਨਿੱਜੀ ਜਾਣਕਾਰੀ ਹੈ। ਜਦ ਉਹ ਮੇਜਰ ਦੀ ਪਦਵੀ ਤੇ ਸਨ ਤਾਂ ਅਚਾਨਕ ਹਾਰਟ ਫੇਲ੍ਹ ਹੋਣ ਨਾਲ ਉਹ 1960 ਵਿਚ ਅਕਾਲ ਚਲਾਣਾ ਕਰ ਗਏ। ਉਸ ਤੋਂ ਬਾਅਦ ਮੈਨੂੰ ਦੋ ਵਾਰੀ ਸੁਪਨੇ ਵਿਚ ਅੰਮ੍ਰਿਤ ਵੇਲੇ ਦੇ ਸਮੇਂ ਉਨ੍ਹਾਂ ਦੇ ਦਰਸ਼ਨ ਹੋਏ। ਮੈਂ ਇਕ ਦਮ ਸੋਚਿਆ ਉਨ੍ਹਾਂ ਦੇ ਬੱਚਿਆਂ ਦੀ ਕੋਈ ਸਮੱਸਿਆ ਹੈ। ਅਜੇਹਾ ਹੀ ਹੋਇਆ। ਦੋਵੇਂ ਵਾਰੀ ਸੁਪਨੇ ਵਾਲੇ ਦਿਨ ਹੀ ਉਨ੍ਹਾਂ ਦਾ ਵਡਾ ਲੜਕਾ ਹਜ਼ੂਰ ਸਿੰਘ ਮੈਨੂੰ ਆ ਕੇ ਮਿਲਿਆ ਤੇ ਮੇਰੀ ਮਦਦ ਲੈਣੀ ਚਾਹੀ। ਇਕ ਵਾਰੀ ਤਾਂ ਉਸ ਦੀ ਭੈਣ ਅੰਮ੍ਰਿਤ ਕੌਰ ਦੇ ਰਿਸ਼ਤੇ ਬਾਰੇ ਤੇ ਦੂਜੀ ਵਾਰੀ ਉਸੇ ਭੈਣ ਦਾ ਹੀ ਮਾਤਾ ਗੰਗਾ ਗਰਲਜ ਕਾਲਜ, ਸ੍ਰੀ ਤਾਰਨ ਵਿਚ ਲੈਕਚਰਾਰ ਬਣਨ ਦਾ ਕੰਮ ਸੀ। ਦੋਵੇਂ ਵਾਰੀ ਇਹ ਕੰਮ ਸਿਰੇ ਚੜ੍ਹ ਗਏ। ਬੀਬੀ ਅੰਮ੍ਰਿਤ ਕੌਰ ਦੇ ਪਤੀ ਪ੍ਰੋ. ਰਣਜੀਤ ਸਿੰਘ ਚੀਮਾ ਸਰਕਾਰੀ ਕਾਲਜ, ਸ੍ਰੀ ਤਰਨ ਤਾਰਨ ਵਿਚ ਅੰਗਰੇਜ਼ੀ ਦੇ ਲੈਕਚਰਾਰ ਹਨ।

ਰਾਵੀ ਦਰਿਆ ਵਿਚ ਖਤਰਾ

ਸੰਨ 1936 ਜੂਨ ਦੇ ਮਹੀਨੇ ਵਿਚ ਜਦ ਮੈਂ ਅਜੇ ਪਹਿਲੇ ਸਾਲ ਵਿਚ ਦਾਖਲ ਹੋਇਆ ਹੀ ਸੀ, ਕਾਲਜ ਦੀ ਜਾਗਰਾਫੀਕਲ ਸੁਸਾਇਟੀ ਦੇ ਪਹਿਲੇ ਤੇ ਦੂਜੇ ਸਾਲ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਿਆਰਥੀਆਂ ਨੇ ਰਾਵੀ ਦੇ ਕੰਢੇ ਤੇ ਪਿਕਨਿਕ ਮਨਾਣ ਦਾ ਫੈਸਲਾ ਕੀਤਾ। ਜਾਂਦੀ ਵਾਰੀ ਰਾਵੀ ਦੇ ਪੁਲ ਰਾਹੀਂ ਟਾਂਗਿਆਂ ਤੇ ਗਏ । ਕੋਈ 250 ਵਿਦਿਆਰਥੀ ਹੋਣਗੇ । ਨਾਲ ਅੰਬ ਅਤੇ ਦੁੱਧ ਸੋਡਾ ਤੇ ਕੱਚੀ ਲੱਸੀ ਦਾ ਸਾਮਾਨ ਲੈ ਗਏ। ਜੁਗਰਾਫੀਆ (ਭੂਗੋਲ) ਵਿਭਾਗ ਦੇ ਅਧਿਆਪਕ ਵੀ ਨਾਲ ਸਨ । ਪ੍ਰਬੰਧ ਬਹੁਤ ਅੱਛਾ ਸੀ । ਦਰਿਆ ਦੇ ਪਾਰ ਇਕ ਬਾਰਾਂਦਰੀ ਦੇ ਨਾਲ ਲਗਦੇ ਬਾਗ ਦੇ ਸੁਹਾਣੇ ਚੌਗਿਰਦੇ ਵਿਚ ਬੈਠ ਕੇ ਸੁਆਦ ਮਾਣਨ ਦਾ ਇਰਾਦਾ ਸੀ । ਪਰ ਕਿਸਮਤ ਨੇ ਪਾਸਾ ਪਲਟ ਦਿਤਾ । ਅਜੇ ਪ੍ਰੋਗਰਾਮ ਸ਼ੁਰੂ ਹੀ ਹੋਇਆ ਸੀ ਕਿ ਸਖਤ ਹਨੇਰੀ ਆ ਗਈ । ਸਭ ਚੌਪਟ ਹੋ ਗਿਆ । ਵਾਪਸੀ ਤੇ ਜਾਣ ਲਈ ਬੇੜੀਆਂ ਦਾ ਪ੍ਰਬੰਧ ਸੀ । 15–20 ਬੇੜੀਆਂ ਤਿਆਰ ਖੜੀਆਂ ਸਨ । ਪਰ ਘਬਰਾਹਟ ਤੇ ਅਫਰਾਤਫਰੀ ਵਿਚ ਹਰ ਕੋਈ ਉਠ ਦੌੜਿਆ ਤੇ ਜਿਸ ਨੂੰ ਜਿਥੇ ਥਾਂ ਮਿਲੀ ਬੇੜੀ ਵਿਚ ਸਵਾਰ ਹੋ ਗਿਆ । ਸਾਮਾਨ ਵੀ ਕਿਸੇ ਨਾ ਸਾਂਭਿਆ । ਕਈ ਬੇੜੀਆਂ ਵਿਚ ਅੰਦਾਜ਼ੇ ਤੋਂ ਵਧ ਲੜਕੇ ਚੜ੍ਹ ਗਏ, ਅਤੇ ਕਈਆਂ ਵਿਚ ਘਟ । ਜਿਸ ਬੇੜੀ ਵਿਚ ਮੈਂ ਚੜ੍ਹਿਆ ਉਸਦਾ ਭਾਰ ਠੀਕ ਸੀ । ਪਰ ਹਨੇਰੀ ਕਾਰਨ ਮਲਾਹ ਬੇੜੀਆਂ ਨੂੰ ਠੀਕ ਸੇਧ ਨਾਲ ਨਹੀਂ ਚਲਾ ਸਕਦੇ ਸਨ । ਤੇਜ਼ ਹਵਾ ਦਰਿਆ ਦੇ ਵਹਾ ਵਲ (down stream) ਲਿਜਾ ਰਹੀ ਸੀ । ਸਾਡੇ ਨੇੜੇ ਇਕ ਬੇੜੀ ਦੇ ਲੜਕਿਆਂ ਨੇ ਸ਼ੋਰ ਮਚਾਇਆ ਕਿ ਸਾਡਾ ਭਾਰ ਜ਼ਿਆਦਾ ਹੈ, ਬੇੜੀ ਡੋਲ ਰਹੀ ਹੈ, ਸਾਨੂੰ ਬਚਾਓ । ਅਸੀਂ ਉਨ੍ਹਾਂ ਵਿਚੋਂ ਦੋ ਤਿੰਨ ਲੜਕੇ ਲੈ ਲਏ । ਏਸੇ ਤਰ੍ਹਾਂ ਇਕ ਹੋਰ ਬੇੜੀ ਵਾਲਿਆਂ ਨੇ ਵੀ ਕੁਝ ਲੜਕੇ ਲੈ ਲਏ । ਹੁਣ ਤਕ ਕੁਝ ਹਨੇਰਾ ਵੀ ਹੋ ਚੁਕਾ ਸੀ । ਕਿਸੇ ਨੂੰ ਪਤਾ ਨਹੀਂ ਸੀ ਲਗਦਾ ਕਿਹੜੀ ਬੇੜੀ ਕਿਸ ਪਾਸੇ ਗਈ । ਮੈਂ ਆਪਣੀ ਬੇੜੀ ਦਾ ਮੰਦਾ ਹਾਲ ਦੱਸਦਾ ਹਾਂ । ਇਹ ਬੇੜੀ ਮਲਾਹਾਂ ਦੇ ਜਤਨਾਂ ਦੇ ਬਾਵਜੂਦ ਹੇਠਾਂ ਪਾਣੀ ਦੇ ਵਹਾ ਵਲ ਹੀ ਜਾ ਰਹੀ ਸੀ । ਅਸੀਂ ਬਹੁਤ ਘਬਰਾਏ । ਚੀਖ਼ ਪੁਕਾਰ ਵੀ ਕੀਤੀ । ਪਰ ਕੋਈ ਸੁਣਦਾ ਨਹੀਂ ਸੀ । ਅੰਤ ਦੋ ਤਿੰਨ ਘੰਟੇ ਚਲਦੇ ਹੋਏ ਬੇੜੀ ਪਾਰਲੇ ਕੰਢੇ (ਲਾਹੌਰ ਵਾਲੇ ਪਾਸੇ) ਲਾਹੌਰ ਤੋਂ ਹੇਠਾਂ 4–5 ਮੀਲਾਂ ਤੇ ਜਾ ਲੱਗੀ। ਲੱਖ ਲੱਖ ਰੱਬ ਦਾ ਸ਼ੁਕਰ ਹੈ ਕਿ ਜਾਨ ਬੱਚ ਗਈ । ਜੇ ਪਰਮਾਤਮਾ ਰਖਿਆ ਕਰੇ ਤਾਂ ਕੋਈ ਡਰ ਨਹੀਂ ਹੁੰਦਾ । ਕੰਢੇ ਤੇ ਸਰਕੰਡੇ ਸਨ ਤੇ ਉੱਚੀ ਉੱਚੀ ਘਾਹ । ਰਾਤ ਦਾ ਹਨੇਰਾ, ਸੱਪਾਂ ਦਾ ਡਰ, ਹੋਰ ਜੰਗਲੀ ਜਾਨਵਰਾਂ ਦਾ ਡਰ, ਰਸਤੇ ਦਾ ਕੋਈ ਪਤਾ ਨਹੀਂ ਸੀ, ਬੜੀ ਮੁਸ਼ਕਲ ਨਾਲ ਅਸੀਂ ਅੱਧੀ ਰਾਤ ਤੋਂ ਪਿਛੋਂ ਕਿਤੇ ਲਾਹੌਰ ਦੇ ਪੱਛਮੀ ਹਿੱਸੇ ਵਿਚ ਕਿਸੇ ਆਬਾਦੀ ਵਿਚ ਪਹੁੰਚੇ । ਉਥੋਂ ਪੁਛਦੇ ਪੁਛਾਂਦੇ ਸਵੇਰ ਸਾਰ ਹੋਸਟਲ ਵਿਚ ਮੰਦੇ ਹਾਲ ਪਹੁੰਚੇ ।

ਏਸੇ ਤਰ੍ਹਾਂ ਪਾਣੀ ਵਿਚ ਵਾਪਰੇ ਭਾਰੀ ਖਤਰੇ ਦੀਆਂ ਤਿੰਨ ਘਟਨਾਵਾਂ ਬਾਅਦ ਵਿਚ ਹੋਰ ਵੀ ਹੋਈਆਂ ਪਰ ਪਰਮਾਤਮਾ ਨੇ ਸਦਾ ਹੀ ਹੱਥ ਦੇ ਕੇ ਰਖਿਆ । ਪਹਿਲੀ 1944 ਵਿਚ ਕਮਾਲੀਆ (ਜ਼ਿਲਾ ਝੰਗ) ਦੇ ਨੇੜੇ ਚਕ ਸ਼ੇਰ ਸਿੰਘ ਵਾਲਾ ਤੋਂ ਆਪਣੇ ਪਿੰਡ ਦੇ ਜਵਾਨ ਸਾਥੀ ਕੈਪਟਨ ਨਿਰੰਜਨ ਸਿੰਘ ਸੰਘਾ (ਹੁਣ ਕਰਨਲ ਰਿਟਾਇਰਡ, ਵਾਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਰਲਾ ਕਿੰਗਰਾਂ, ਜਲੰਧਰ) ਦੀ ਸ਼ਾਦੀ ਵਿਚ ਸ਼ਾਮਲ ਹੋਣ ਉਪਰੰਤ ਚੀਚਾਵਤਨੀ ਜ਼ਿਲਾ ਮਿੰਟਗੁਮਰੀ ਵਿਚ ਜਾਣ ਲਈ ਨਾਨਾ ਜੀ ਅਤੇ ਮਾਸੜ ਅਵਤਾਰ ਸਿੰਘ ਗੁਰਾਇਆ ਨਾਲ ਰਾਵੀ ਦਰਿਆ ਨੂੰ ਬੇੜੀ ਵਿਚ ਪਾਰ ਕਰਨ ਸਮੇਂ। ਦੂਜੀ, 1948 ਵਿਚ ਬਿਆਸ ਕਸਬੇ ਦੇ ਨੇੜੇ ਦਰਿਆ ਬਿਆਸ ਵਿਚ ਮੇਰਾ ਪਰਿਵਾਰ ਤੇ ਮੇਰੇ ਦੋਸਤ ਡਾ. ਕਰਤਾਰ ਸਿੰਘ ਬਿੰਦ (ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬਾਟਨੀ ਵਿਭਾਗ ਦੇ ਪ੍ਰੋਫੈਸਰ ਵਜੋਂ ਰਿਟਾਇਰ ਹੋਏ) ਦਾ ਪਰਿਵਾਰ ਕਿਸ਼ਤੀ ਵਿਚ ਸੈਰ (boating) ਕਰਦੇ ਸਮੇਂ। ਤੀਜੀ, 1957 ਵਿਚ ਖਾਲਸਾ ਕਾਲਜ ਦੇ ਵਿਦਿਆਰਥੀਆਂ ਨਾਲ ਕਸ਼ਮੀਰ ਦੇ ਟੂਰ (tour) ਸਮੇਂ ਸ੍ਰੀ ਨਗਰ ਡੱਲ ਝੀਲ ਵਿਚ ਇਕ ਬੇੜੀ ਵਿਚ ਬਹੁਤੇ ਵਿਅਕਤੀ ਸਵਾਰ ਹੋ ਜਾਣ ਨਾਲ ਪੈਦਾ ਹੋਏ ਖਤਰੇ ਸਮੇਂ।

ਇਨ੍ਹਾਂ ਸਭ ਘਟਨਾਵਾਂ ਵਿਚ ਮੇਰੀ ਅਤੇ ਮੇਰੇ ਸਾਥੀਆਂ ਦੀ ਜੋ ਦੈਵੀ ਰਖਿਆ ਹੋਈ, ਉਸ ਨਾਲ ਪਰਮਾਤਮਾ ਵਿਚ ਮੇਰਾ ਵਿਸ਼ਵਾਸ ਹੋਰ ਦ੍ਰਿੜ੍ਹ ਤੇ ਪੱਕਾ ਹੋ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪਾਠ

1939 ਵਿਚ ਜਦ ਮੈਂ ਤੇਰ੍ਹਵੀਂ ਜਮਾਤ ਵਿਚ ਸੀ, ਮੈਂ ਕਾਲਜ ਹੋਸਟਲ ਦੀ ਥਾਂ ਇਕ ਪ੍ਰਾਈਵੇਟ ਹੋਸਟਲ 'ਖਾਲਸਾ ਬੋਰਡਿੰਗ ਹਾਊਸ' ਵਿਚ ਰਿਹਾ। ਇਥੇ ਮੇਰੇ ਨਾਲ ਇਕ ਕਮਰੇ ਵਿਚ ਕਰਤਾਰ ਸਿੰਘ ਬਿੰਦ (ਜਿਸ ਦਾ ਜ਼ਿਕਰ ਉਪਰ ਕਿਸ਼ਤੀ ਦੇ ਖਤਰੇ ਦੇ ਪ੍ਰਸੰਗ ਵਿਚ ਹੋਇਆ ਹੈ) ਰਹਿੰਦਾ ਸੀ। ਉਹ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਬੀ. ਐਸ. ਸੀ ਆਨਰਜ਼ ਪਾਸ ਕਰ ਕੇ ਉਥੇ ਐਮ. ਐਸ. ਸੀ. (ਬਾਟਨੀ) ਕਰ ਰਿਹਾ ਸੀ। ਇਸ ਹੋਸਟਲ ਦਾ ਪ੍ਰਬੰਧ ਕਿਸੇ ਸਿੱਖ ਸੰਸਥਾ ਦੇ ਅਧੀਨ ਸੀ। ਇਕ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਮੈਂ ਜੀਵਨ ਵਿਚ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਸਾਰਾ ਪਾਠ ਕਰਨ ਦਾ ਫੈਸਲਾ ਕੀਤਾ। ਹਰ ਰੋਜ਼ ਇਕ ਘੰਟਾ ਪਾਠ ਕਰਕੇ ਦੋ ਕੁ ਮਹੀਨੇ ਵਿਚ ਸਹਿਜ ਪਾਠ ਸਮਾਪਤ ਕਰ ਲਿਆ। ਇਹ ਮੇਰੇ ਜੀਵਨ ਦਾ ਪਹਿਲਾ ਵੱਡਾ ਤੇ ਪਵਿਤਰ ਧਾਰਮਕ ਕਾਰਜ ਸੀ।

ਸ੍ਰੀ ਦਰਬਾਰ ਸਾਹਿਬ ਦਰਸ਼ਨ

ਮੈਟਰਿਕ ਤੋਂ ਬਾਅਦ ਮੇਰਾ ਤੇ ਭਾ. ਦਲੀਪ ਸਿੰਘ ਦਾ ਜਨਮ ਤੋਂ ਚਲ ਰਿਹਾ ਸਾਥ ਵਿਛੜ ਗਿਆ। ਮੈਂ ਲਾਹੌਰ ਚਲਾ ਆਇਆ ਅਤੇ ਉਹ ਖਾਲਸਾ ਕਾਲਜ ਲਾਇਲਪੁਰ ਵਿਚ ਦਾਖਲ ਹੋ ਗਿਆ। ਲਾਹੌਰ ਤੋਂ ਸਰਗੋਧੇ ਜਾਂਦੇ ਆਉਂਦੇ ਮੈਂ ਲਾਇਲਪੁਰ ਉਸ ਪਾਸ ਜ਼ਰੂਰ ਪੜਾਅ ਕਰਦਾ ਅਤੇ ਇਕ ਦੋ ਦਿਨ ਠਹਿਰਦਾ। ਸਾਡਾ ਚਿੱਠੀ ਪੱਤਰ ਵੀ ਚਲਦਾ ਰਹਿੰਦਾ। ਅਸੀਂ ਫੈਸਲਾ ਕੀਤਾ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰੀਏ। ਇਸ ਆਸ਼ੇ ਨਾਲ ਉਹ 1939 ਨਵੰਬਰ ਵਿਚ ਇਕ ਦੋ ਮਿੱਤਰਾਂ ਨਾਲ ਲਾਇਲਪੁਰ ਤੋਂ ਮੇਰੇ ਪਾਸ ਲਾਹੌਰ ਆਇਆ। ਇਥੋਂ ਅਸੀਂ ਸ੍ਰੀ ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀਵਾਲੀ ਦਾ ਮੇਲਾ ਦੇਖਣ ਲਈ ਚਲ ਪਏ । ਬੱਸ ਤੇ ਆ ਕੇ ਖਾਲਸਾ ਕਾਲਜ ਦੇ ਲਹਿੰਦੇ ਪਾਸੇ ਵਾਲੇ ਗੇਟ ਤੇ ਉੱਤਰ ਗਏ । ਉਥੋਂ ਅਸੀਂ ਪਟਿਆਲਾ ਹੋਸਟਲ (ਜਿਥੇ ਅੱਜ ਕਲ ਖਾਲਸਾ ਕਾਲਜ ਆਫ ਐਜੂਕੇਸ਼ਨ ਸਥਿਤ ਹੈ) ਜਾ ਪਹੁੰਚੇ । ਉਥੇ ਦਲੀਪ ਸਿੰਘ ਹੁਰਾਂ ਦਾ ਲਾਇਲਪੁਰ ਤੋਂ ਪੜ੍ਹ ਕੇ ਆਇਆ ਜਮਾਤੀ ਮਹਿੰਦਰ ਸਿੰਘ ਰਹਿੰਦਾ ਸੀ । ਉਸ ਦੇ ਕਮਰੇ ਵਿਚ ਪੁਛ ਪੁਛਾ ਕੇ ਗਏ ਤਾਂ ਉਹ ਕਮੀਜ਼ ਕੱਛਾ ਪਾਈ ਮੰਜੀ ਤੇ ਵਿਛੇ ਬਿਸਤਰੇ ਤੇ ਰਜਾਈ ਲਈ ਬੈਠਾ ਸੀ । ਸਾਨੂੰ ਇਕ ਪਲ ਮਿਲ ਕੇ ਉਹ ਬਾਹਰ ਦੌੜ ਗਿਆ । ਮੇਰੇ ਲਈ ਇਹ ਸਭ ਕੁਝ ਅਜੀਬ ਸੀ ਕਿਉਂਕਿ ਮੈਂ ਗੌਰਮਿੰਟ ਕਾਲਜ ਵਿਚ ਪੜ੍ਹਦਾ ਹੋਣ ਕਰ ਕੇ ਖਾਲਸਾ ਕਾਲਜ ਦੇ ਤੌਰ ਤਰੀਕੇ, ਪੁਜ਼ਾਕ ਆਦਿ ਤੋਂ ਵਾਕਫ ਨਹੀਂ ਸੀ । ਮੈਂ ਦਲੀਪ ਸਿੰਘ ਹੁਰਾਂ ਨੂੰ ਪੁਛਿਆ ਇਸ ਮੁੰਡੇ ਨੂੰ ਕੀ ਹੋਇਆ, ਇਹ ਕਿਥੇ ਦੌੜ ਗਿਆ ਹੈ ? ਉਹ ਕਹਿਣ ਲੱਗੇ, 'ਇਹ ਕਵੀ ਹੈ ਤੇ ਅਲਬੇਲੇ ਸੁਭਾ ਦਾ ਹੈ । ਹੁਣ ਵੀ ਇਹ ਬੈਠਾ ਕਵਿਤਾ ਲਿਖ ਰਿਹਾ ਸੀ ਅਤੇ ਉਹ ਦੌੜ ਕੇ ਟੱਕ ਸ਼ਾਪ ਗਿਆ ਹੈ, ਮਿਠਾਈ ਤੇ ਦੁੱਧ ਆਦਿ ਲਿਆਣ ਲਈ । ਖਾਲਸਾ ਕਾਲਜਾਂ ਦੀ ਪ੍ਰਹੁਣਾਚਾਰੀ ਮਸ਼ਹੂਰ ਹੈ, ਨਾਲੇ ਦੀਵਾਲੀ ਦਾ ਦਿਨ ਹੈ, ਮਿਠਾਈਆਂ ਖਾਣ ਦਾ ਦਿਨ ।' ਮੈਂ ਇਹ ਜਾਣ ਕੇ ਬਹੁਤ ਖੁਸ਼ ਹੋਇਆ । ਮੈਂ ਖਾਲਸਾ ਕਾਲਜ ਵਿਚ ਉਸ ਦਿਨ ਪਹਿਲੀ ਵਾਰ ਪ੍ਰਵੇਸ਼ ਕੀਤਾ ਸੀ । ਓਦੋਂ ਕੀ ਪਤਾ ਸੀ ਮੈਂ ਉਥੇ ਜੀਵਨ ਦੇ ਸਭ ਤੋਂ ਕੀਮਤੀ ਲਗ ਪਗ 30 ਸਾਲ ਬਿਤਾਣੇ ਹਨ । ਸ਼ਾਮ ਨੂੰ ਅਸੀਂ ਸ਼ਹਿਰ ਗਏ । ਬੜੀ ਰੌਣਕ ਤੇ ਬੇਸ਼ੁਮਾਰ ਭੀੜ ਭਾੜ ਸੀ । ਸ੍ਰੀ ਦਰਬਾਰ ਸਾਹਿਬ ਵੀ ਹਿੰਮਤ ਕਰ ਕੇ ਅਸੀਂ ਅੰਦਰ ਜਾ ਪਹੁੰਚੇ । ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਦਰਸ਼ਨ ਸਨ, ਅਸੀਂ ਸਾਰੇ ਬਹੁਤ ਗੱਦ ਗੱਦ ਹੋਏ । ਮੇਰੇ ਉਤੇ ਤਾਂ ਇਕ ਤਰ੍ਹਾਂ ਸਾਰਾ ਸਮਾਂ ਵਿਸਮਾਦ ਦੀ ਹਾਲਤ ਛਾਈ ਰਹੀ । ਆਪਣੇ ਚੰਗੇ ਭਾਗਾਂ ਲਈ ਸਤਿਗੁਰੂ ਰਾਮਦਾਸ ਜੀ ਦਾ ਰੋਮ ਰੋਮ ਤੋਂ ਧੰਨਵਾਦ ਕੀਤਾ । ਰਾਤ ਪਟਿਆਲਾ ਹੋਸਟਲ ਵਿਚ ਰਹਿ ਕੇ ਅਗਲੇ ਦਿਨ ਅਸੀਂ ਵਾਪਸ ਪਰਤ ਗਏ ।

ਸ੍ਰੀ ਨਨਕਾਣਾ ਸਾਹਿਬ ਦਰਸ਼ਨ

ਫਿਰ ਅਸੀਂ ਸਲਾਹ ਕਰ ਲਈ ਕਿ ਮੈਂ ਦਲੀਪ ਸਿੰਘ ਹੁਰਾਂ ਪਾਸ ਕੁਝ ਦਿਨ ਬਾਅਦ ਲਾਇਲਪੁਰ ਪਹੁੰਚ ਜਾਵਾਂ । ਗੁਰੂ ਨਾਨਕ ਸਾਹਿਬ ਦੇ ਆਗਮਨ ਗੁਰਪੁਰਬ ਤੋਂ ਇਕ ਦਿਨ ਪਹਿਲਾਂ ਮੈਂ ਦਲੀਪ ਸਿੰਘ ਪਾਸ ਜਾ ਪੁੱਜਾ । ਉਥੋਂ ਅਸੀਂ 4–5 ਸਿੱਖ ਵਿਦਿਆਰਥੀ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਚਲ ਪਏ । ਉਥੇ ਵੀ ਭੀੜ ਬੇਓੜਕ ਸੀ । ਸ੍ਰੀ ਅੰਮ੍ਰਿਤਸਰ ਦੀਵਾਲੀ ਅਤੇ ਨਨਕਾਣਾ ਸਾਹਿਬ ਦਾ ਮੇਲਾ ਪੰਜਾਬ ਦੇ ਸਭ ਤੋਂ ਵੱਡੇ ਮੇਲਿਆਂ 'ਚੋਂ ਸਨ । ਹਜੂਮ ਬੇਪਨਾਹ ਸੀ । ਅਸੀਂ ਰਾਤ ਉਥੇ ਠਹਿਰੇ ਤੇ ਸਾਰੇ ਗੁਰਦਵਾਰਿਆਂ ਦੇ ਦਰਸ਼ਨ ਕਰ ਕੇ ਦੋ ਦਿਨ ਬਾਅਦ ਵਾਪਸ ਆ ਗਏ । ਮੈਂ ਸਮਝਦਾ ਹਾਂ ਇਹ ਦੋਵੇਂ ਤੀਰਥ ਯਾਤਰਾ ਦੇ ਦੁਰਲੱਭ ਅਵਸਰ ਮੇਰੇ ਜੀਵਨ ਦੇ ਦੋ ਵੱਡੇ ਧਾਰਮਕ ਕਾਰਜ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਦੀ ਦਾ ਸਮਾਗਮ

ਮੇਰੀ ਅਤੇ ਭਾ ਦਲੀਪ ਸਿੰਘ ਦੀ ਮੰਗਣੀ ਇਕੋ ਘਰ ਵਿਚ ਅੱਠਵੀਂ ਜਮਾਤ ਵਿਚ ਪੜ੍ਹਦੇ ਸਮੇਂ 1934 ਵਿਚ ਦਫ਼ੇਦਾਰ ਬਲਵੰਤ ਸਿੰਘ ਘੁੰਮਣ ਦੀਆਂ ਲੜਕੀਆਂ ਨਾਲ ਹੋ ਗਈ ਸੀ, ਵੱਡੀ ਚਰਨਜੀਤ ਕੌਰ ਨਾਲ ਮੇਰੀ ਅਤੇ ਛੋਟੀ ਸਰਬਜੀਤ ਕੌਰ ਨਾਲ ਦਲੀਪ ਸਿੰਘ ਦੀ। ਓਦੋਂ ਇਹੋ ਰਿਵਾਜ ਸੀ, ਬੱਚਿਆਂ ਨੂੰ ਛੋਟੀ ਉਮਰੇ ਹੀ ਮੰਗ ਤੇ ਵਿਆਹ ਛੱਡਦੇ ਸਨ। ਸਾਡਾ ਸਹੁਰਾ ਪਿੰਡ ਲਾਹੌਰ ਤੋਂ ਮਿੰਟਗੁਮਰੀ ਜਾਣ ਵਾਲੀ ਰੇਲਵੇ ਲਾਈਨ ਤੇ ਲਾਹੌਰੋਂ 35 ਕੁ ਮੀਲ ਦੂਰ ਉਕਾੜਾ ਤਹਿਸੀਲ ਵਿਚ ਇਕ ਛੋਟੇ ਜੇਹੇ ਸਟੇਸ਼ਨ ਰਿਨਾਲਾ ਖੁਰਦ ਦੇ ਨੇੜੇ ਸੀ, ਚਕ ਨੰ. 5। ਦਫ਼ੇਦਾਰ ਘੁੰਮਣ ਸਾਹਿਬ ਮਿਸਟਰ ਮਿੱਚਲ (ਜਿਸ ਦਾ ਰਿਨਾਲੇ ਤੋਂ ਉਕਾੜੇ ਤਕ 10 ਮੀਲ ਫੈਲਿਆ ਹੋਇਆ ਮਸ਼ਹੂਰ ਸੰਤਰੇ-ਮਾਲਟੇ ਦਾ ਬਾਗ ਸੀ) ਦੇ ਬਾਗ ਵਿਚ ਮੈਨੇਜਰ ਸਨ। ਫਿਰ ਉਹ ਮਿੱਚਲ ਸਾਹਿਬ ਦੀ ਸਿੰਧ ਵਿਚ ਸਥਾਪਿਤ ਇਕ ਵੱਡੀ ਜ਼ਰਾਇਤੀ ਫਾਰਮ ਦੇ ਮੈਨੇਜਰ ਬਣ ਕੇ ਚਲੇ ਗਏ। ਉਥੇ ਇਕੱਲੇ ਹੀ ਰਹਿੰਦੇ ਸਨ। ਬਾਕੀ ਸਾਰਾ ਪਰਵਾਰ ਉਨ੍ਹਾਂ ਦੇ ਛੋਟੇ ਭਰਾ ਦਫ਼ੇਦਾਰ ਬਹਾਦਰ ਸਿੰਘ ਦੀ ਨਿਗਰਾਨੀ ਹੇਠ ਰਿਨਾਲਾ ਖੁਰਦ ਵਿਚ ਹੀ ਰਹਿੰਦਾ ਸੀ। ਉਨ੍ਹਾਂ ਦਾ ਪਿਛਲਾ ਪਿੰਡ ਸਿਆਲਕੋਟ ਸ਼ਹਿਰ ਦੇ ਨੇੜੇ ਸਤਾਬਗੜ੍ਹ ਸੀ। ਰੱਬ ਦਾ ਭਾਣਾ ਐਸਾ ਹੋਇਆ ਕਿ ਪਹਿਲੀ ਮਾਰਚ 1939 ਨੂੰ ਸ. ਬਲਵੰਤ ਸਿੰਘ ਅਚਾਨਕ ਸਿੰਧ ਵਿਚ ਹਾਰਟ ਫੇਲ੍ਹ ਹੋਣ ਨਾਲ 49 ਸਾਲ ਦੀ ਉਮਰ ਵਿਚ ਸੁਰਗਵਾਸ ਹੋ ਗਏ। ਉਨ੍ਹਾਂ ਦੇ ਤੇ ਸਾਡੇ ਪਰਿਵਾਰ ਲਈ ਇਕ ਨਵੀਂ ਬਿਪਤਾ ਆ ਪਈ। ਮੈਂ ਤੇ ਦਲੀਪ ਸਿੰਘ ਤਾਂ ਪਹਿਲਾਂ ਹੀ ਯਤੀਮ ਸਾਂ, ਹੁਣ ਸਾਡੀਆਂ ਹੋਣ ਵਾਲੀਆਂ ਪਤਨੀਆਂ ਵੀ ਯਤੀਮ ਹੋ ਗਈਆਂ, ਦੋਹਰੀ ਯਤੀਮੀ। ਫਿਰ 1940 ਜੁਲਾਈ ਵਿਚ ਸਾਡੇ ਦਾਦਾ ਜੀ ਦੇ ਸੁਰਗਵਾਸ ਹੋ ਜਾਣ ਨਾਲ ਅਸੀਂ ਉੱਕਾ ਹੀ ਬੇਸਹਾਰਾ ਹੋ ਗਏ। ਪਰ ਅਸਲੀਅਤ ,ਇਹ ਹੈ ਜਿਸ ਦਾ ਕੋਈ ਨਹੀਂ ਹੁੰਦਾ ਉਸ ਦਾ ਰੱਬ ਹੁੰਦਾ ਹੈ। ਦਾਦਾ ਜੀ ਦੇ ਗੁਜ਼ਰਨ ਤੋਂ ਸਵਾ ਮਹੀਨਾ ਪਿਛੋਂ 6 ਸਤੰਬਰ, 1940 ਨੂੰ ਸਾਡੀ ਦੁਹਾਂ ਦੀ ਸ਼ਾਦੀ ਇਕੱਠੀ ਹੀ ਕਰਨ ਦਾ ਫ਼ੈਸਲਾ ਹੋਇਆ। ਵੱਡੇ ਭਾਈ ਇਕਬਾਲ ਸਿੰਘ, ਨਾਨਾ ਜੀ ਤੇ ਮਾਮੇ ਸਾਹਿਬਾਨ ਅਤੇ ਅਸੀਂ ਦੋਹਾਂ, ਸਭ ਨੇ ਰਲ ਕੇ ਸ਼ਾਦੀ ਦਾ ਪ੍ਰਬੰਧ ਕੀਤਾ। ਬਰਾਤ ਵਿਚ ਦੋ ਬੱਸਾਂ ਗਈਆਂ। ਮੈਨੂੰ ਯਾਦ ਹੈ ਮੈਂ ਆਪ ਹੀ ਆਪਣਾ ਸਿਹਰਾ ਉਰਦੂ ਵਿਚ ਲਿਖਿਆ (ਜੋ ਮੇਰੇ ਪਾਸ ਸੁਰੱਖਿਅਤ ਹੈ) ਅਤੇ ਆਪ ਹੀ ਲਾਹੌਰ ਵਿਚ (ਜਿਥੇ ਬਰਾਤ ਦੁਪਹਿਰ ਦਾ ਖਾਣਾ ਖਾਣ ਅਤੇ ਆਰਾਮ ਕਰਨ ਲਈ 3 ਘੰਟੇ ਠਹਿਰੀ) ਉਸ ਸਿਹਰੇ ਨੂੰ ਇਕ ਪ੍ਰੈੱਸ ਵਿਚ ਛਪਵਾਇਆ। ਸ਼ਾਦੀ ਤੇ ਪ੍ਰਸਿੱਧ ਸੰਤ ਨਰਿੰਜਨ ਸਿੰਘ ਮੋਹੀ ਵਾਲੇ (ਜਾਂ ਉਦੋਂ ਅਜੀਤਸਰ ਵਾਲੇ ਕਰ ਕੇ ਮਸ਼ਹੂਰ ਸਨ) ਸ਼ਾਦੀ ਦੀ ਸਰਪ੍ਰਸਤੀ ਕਰ ਰਹੇ ਸਨ। ਸਾਨੂੰ ਸਭ ਨੂੰ ਉਨ੍ਹਾਂ ਦੇ ਪਵਿੱਤਰ ਦਰਸ਼ਨ ਕਰ ਕੇ ਬੇਹੱਦ ਖੁਸ਼ੀ ਹੋਈ ਅਤੇ ਅਸੀਂ ਉਨ੍ਹਾਂ ਨਾਲ ਪੱਕੇ ਤੌਰ ਤੇ ਸ਼ਰਧਾ ਸਤਿਕਾਰ ਦੇ ਰਿਸ਼ਤੇ ਵਿਚ ਜੁੜ ਗਏ। ਅਜੀਤਸਰ ਗੁਰਦਵਾਰਾ ਤੇ ਡੇਰਾ ਰਿਨਾਲਾ ਖੁਰਦ ਸਟੇਸ਼ਨ ਤੋਂ ਦੱਖਣ ਵੱਲ 4 ਮੀਲਾਂ ਤੇ ਸੀ। ਸੰਤ ਬਾਬਾ ਜੀ ਬਾਰੇ ਮੈਂ ਵਿਸਤਾਰ ਸਹਿਤ ਪੁਸਤਕ 'ਹਮ ਸੰਤਨ ਕੀ ਰੇਨੁ' ਵਿਚ ਲਿਖਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੌਕਰੀ ਦੀ ਚਿੰਤਾ

ਕਈ ਵਾਰੀ ਜੀਵਨ ਵਿਚ ਅਜੇਹਾ ਸੰਕਟਮਈ ਸਮਾਂ ਵੀ ਆਉਂਦਾ ਹੈ ਜਦੋਂ ਘੋਰ ਹਨੇਰੇ ਵਿਚ ਚਾਨਣ ਦੀ ਇਕ ਰਿਸ਼ਮ ਵੀ ਨਜ਼ਰ ਨਹੀਂ ਆਉਂਦੀ ਜਾਪਦੀ ਅਤੇ ਮਨੁੱਖ ਪੂਰਨ ਤੌਰ ਤੇ ਹੋਣੀ ਦੇ ਵੱਸ ਵਿਚ ਬੇਵੱਸ ਜਿਹਾ ਮਹਿਸੂਸ ਕਰਦਾ ਹੈ। ਇਕ ਅਜੇਹੇ ਸਮੇਂ ਦਾ ਜ਼ਿਕਰ ਇਸ ਤਰ੍ਹਾਂ ਹੈ। ਦਲੀਪ ਸਿੰਘ ਅਤੇ ਮੇਰੇ ਤੋਂ ਛੋਟੇ ਭਰਾਵਾਂ ਵਿਚੋਂ ਸਾਡੇ ਤੋਂ ਦੋ ਸਾਲ ਛੋਟਾ ਗੁਰਚਰਨ ਸਿੰਘ ਪੜ੍ਹਾਈ ਵੱਲ ਬਹੁਤਾ ਰੁਚਿਤ ਨਹੀਂ ਸੀ ਹੁੰਦਾ। ਦਾਦਾ ਜੀ ਉਸ ਬਾਰੇ ਪਰੇਸ਼ਾਨ ਰਹਿੰਦੇ ਸਨ। ਅੰਤ ਉਨ੍ਹਾਂ ਉਸ ਨੂੰ ਜ਼ਿਮੀਂਦਾਰੀ ਦੇ ਕੰਮ ਵਿਚ ਲਗਾਣ ਦਾ ਫੈਸਲਾ ਕੀਤਾ ਅਤੇ 1938 ਅਕਤੂਬਰ ਵਿਚ ਉਸ ਦਾ ਵਿਆਹ ਸਾਹੂਵਾਲਾ ਪਿੰਡ, ਜ਼ਿਲਾ ਸਿਆਲਕੋਟ (ਜਿਥੇ ਸਾਡੀ ਭੈਣ ਵਿਆਹੀ ਹੋਈ ਸੀ) ਦੇ ਇਕ ਚੀਮਾ ਪਰਿਵਾਰ ਵਿਚ ਸ: ਬਲਵੰਤ ਸਿੰਘ ਦੀ ਲੜਕੀ ਮੁਹਿੰਦਰ ਕੌਰ ਨਾਲ ਕਰ ਦਿੱਤਾ। ਉਸ ਤੋਂ ਛੋਟੇ ਜੋਗਿੰਦਰ ਸਿੰਘ ਨੇ ਖਾਲਸਾ ਕਾਲਜ ਲਾਇਲਪੁਰ ਤੋਂ 1942 ਵਿਚ ਐਫ. ਏ. ਪਾਸ ਕੀਤੀ ਅਤੇ ਨੌਕਰੀ ਬਾਰੇ ਸੋਚਣ ਲੱਗਾ। ਉਸ ਲਈ ਦੋ ਰਾਹ ਖੁੱਲ੍ਹੇ ਸਨ, ਥਾਨੇਦਾਰੀ ਅਤੇ ਫੌਜ ਵਿਚ ਕਮਿਸ਼ਨ ਜੋ ਉਸ ਵੇਲੇ ਦੂਜੀ ਜੰਗ ਲੱਗੀ ਹੋਣ ਕਾਰਨ ਨੌਜਵਾਨਾਂ ਲਈ ਖਾਸ ਖਿੱਚ ਦਾ ਕਾਰਨ ਸੀ। ਉਹ ਸਿਹਤ ਦਾ ਤਕੜਾ ਅਤੇ ਚੰਗਾ ਕਦਾਵਰ ਜਵਾਨ ਸੀ। 1942 ਵਿਚ ਮੈਂ ਵੀ ਐਮ. ਏ. ਇੰਗਲਿਸ਼ ਦਾ ਇਮਤਿਹਾਨ ਦੇ ਕੇ ਪਿੰਡ ਗਿਆ ਹੋਇਆ ਸੀ। ਜੋਗਿੰਦਰ ਸਿੰਘ ਨਾਲੋਂ ਮੇਰੇ ਲਈ ਨੌਕਰੀ ਲੱਭਣ ਬਾਰੇ ਸਾਰਾ ਪਰਵਾਰ ਬਹੁਤਾ ਚਿੰਤਤ ਅਤੇ ਉਤਸੁਕ ਸੀ। ਸਾਡੇ ਪਰਿਵਾਰ ਦੇ ਮੁੱਖੀ ਹੁਣ ਨਾਨਾ ਜੀ ਸਨ, ਉਹ ਵੀ ਜੁਲਾਈ ਮਹੀਨੇ ਵਿਚ ਸਾਡੇ ਪਾਸ ਆਏ ਹੋਏ ਸਨ। ਮਾਤਾ ਜੀ ਤੇ ਭਾਈ ਇਕਬਾਲ ਸਿੰਘ ਉਨ੍ਹਾਂ ਤੋਂ ਉੱਤਰ ਕੇ ਮੁੱਖੀ ਸਨ। ਇਹ ਸਾਰੇ ਮੈਨੂੰ ਕਹਿਣ ਲਗੇ ਤੂੰ ਬਹੁਤ ਪੜ੍ਹਾਈ ਕਰ ਲਈ ਹੈ ਹੁਣ ਕੋਈ ਨੌਕਰੀ ਲੱਭ। ਮੈਂ ਚੁੱਪ ਰਿਹਾ ਕਿਉਂਕਿ ਮੈਨੂੰ ਨੌਕਰੀ ਦੀ ਕੋਈ ਆਸ ਨਹੀਂ ਸੀ। ਓਦੋਂ ਨੌਕਰੀ ਦਾ ਬਹੁਤ ਮੰਦਾ (slump) ਸੀ ਅਤੇ ਜ਼ਿਮੀਂਦਾਰੀ ਵੀ ਘਾਟੇ ਵਾਲਾ ਪੇਸ਼ਾ ਸੀ। ਜਿਨਸਾਂ ਦੇ ਭਾਅ ਏਨੇ ਘੱਟ ਸਨ ਕਿ ਜੱਟਾਂ ਪਾਸੋਂ ਮੁਆਮਲਾ ਵੀ ਨਹੀਂ ਸੀ ਦਿਤਾ ਜਾਂਦਾ। ਐਮ. ਏ. ਕਰਕੇ ਲੋਕ ਕਲਰਕੀ ਜਾਂ 40/- ਮਹੀਨਾ ਤੇ ਟਿਊਸ਼ਨ ਦਾ ਕੰਮ ਲੱਭਦੇ ਸਨ। ਮੈਨੂੰ ਨਾਨਾ ਜੀ ਕਹਿਣ ਲੱਗੇ (ਕੁਝ ਗੁੱਸੇ ਜੇਹੇ ਨਾਲ), 'ਤੂੰ ਗੁਰਦਵਾਰੇ ਵਿਚ ਭਾਈ ਹੀ ਲਗ ਜਾ।' ਮੇਰੀ ਆਦਤ ਬਹੁਤਾ ਚੁੱਪ ਰਹਿਣ ਦੀ ਸੀ। ਮੈਂ ਚੁੱਪ ਕਰ ਰਿਹਾ। ਪਰ ਦਿਲ ਵਿਚ ਫੈਸਲਾ ਕਰ ਲਿਆ ਕਿ ਏਨਾ ਪੜ੍ਹ ਕੇ ਮੈਂ ਫੌਜ ਵਿਚ ਜਾਣੋਂ ਤਾਂ ਰਿਹਾ, ਨਾ ਹੀ ਮੇਰੀ ਉਧਰ ਰੁਚੀ ਸੀ। ਮੈਂ ਸੋਚਿਆ ਇਕ ਐਮ. ਏ. ਹੋਰ ਕਰ ਲਵਾਂ, ਫ਼ਾਰਸੀ ਦੀ, ਜਿਸ ਵਿਚ ਮੇਰੀ ਯੋਗਤਾ ਮੰਨੀ ਹੋਈ ਸੀ। ਕਾਲਜ ਦੇ ਮੁਸਲਮਾਨ ਮੁੰਡੇ ਵੀ ਮੇਰੇ ਪਾਸੋਂ ਖ਼ਮ ਖਾਂਦੇ ਸਨ (ਅਰਥਾਤ ਮੇਰਾ ਸਿੱਕਾ ਮੰਨਦੇ ਸਨ)। ਬੀ. ਏ. ਦੇ ਇਮਤਿਹਾਨ ਵਿਚ ਫ਼ਾਰਸੀ ਮਜ਼ਮੂਨ ਵਿਚ ਮੈਂ ਸਾਰੇ ਵੱਡੇ ਪੰਜਾਬ ਵਿਚੋਂ ਫਸਟ ਆਇਆ ਸੀ ਅਤੇ ਗੋਲਡ-ਮੈਡਲ ਪ੍ਰਾਪਤ ਕੀਤਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਔਖਾ ਵਕਤ

ਅੰਤ ਅਕਤੂਬਰ 1942 ਦੇ ਸ਼ੁਰੂ ਵਿਚ ਮੈਂ ਅਤੇ ਜੋਗਿੰਦਰ ਸਿੰਘ ਆਪਣੇ ਇਰਾਦਿਆਂ ਦੀ ਪੂਰਤੀ ਲਈ ਤਿਆਰ ਹੋ ਗਏ। ਮੈਂ ਐਮ. ਏ. ਫ਼ਾਰਸੀ ਪੜ੍ਹਨ ਲਈ ਅਤੇ ਉਹ ਕਮਿਸ਼ਨ ਦੀ ਤਿਆਰੀ ਲਈ। ਮੈਂ ਲਾਹੌਰ ਓਰੀਐਂਟਲ ਕਾਲਜ ਵਿਚ ਦਾਖਲ ਹੋਣਾ ਸੀ, ਉਸ ਨੇ ਸ੍ਰੀ ਅੰਮ੍ਰਿਤਸਰ ਖ਼ਾਲਸਾ ਕਾਲਜ ਵਿਚ ਕਮਿਸ਼ਨ ਦੀ ਤਿਆਰੀ ਲਈ ਖੋਲ੍ਹੀ ਹੋਈ ਕਲਾਸ ਵਿਚ। ਸਾਡੀ ਦੋਹਾਂ ਦੀ ਹਾਲਤ ਉਸ ਵੇਲੇ ਭਾਈ ਵੀਰ ਸਿੰਘ ਦੀ ਪ੍ਰਸਿੱਧ ਕਵਿਤਾ 'ਤਿਆਰੀਆਂ' ਵਾਲੀ ਸੀ :

ਰਾਂਝਾ ਬੈਠਾ ਤਖਤ ਹਜ਼ਾਰੇ, ਨਾਲ ਭਾਬੀਆਂ ਅੜਦਾ,
ਕਾਸਾ ਅਜੇ ਚੱਕ ਹੈ ਚੜ੍ਹਿਆ ਹਥ ਘੁਮਿਆਰ ਉਸ ਘੜਦਾ।
ਹੀਰ ਸੁਰਾਹੀ ਧੌਣ ਨਿਵਾਈ ਖੜੀ ਝਨਾਂ ਦੀ ਕੰਧੀ,
ਸ਼ਹੁ ਦਰਿਆਉ ਵੱਗੇ ਨਹੀਂ ਅਟਕੇ, ਤੁਪਕਾ ਤੁਪਕਾ ਖੜਦਾ।

('ਲਹਿਰ ਹੁਲਾਰੇ')

ਅਰਥਾਤ ਜੀਵਨ ਛਾਲਾਂ ਮਾਰ ਕੇ ਨਹੀਂ ਚਲਦਾ, ਸਗੋਂ ਹੌਲੀ ਹੌਲੀ ਕਿਸੇ ਨਿਯਮ ਵਿਚ ਚਲਦਾ ਹੈ ਜਿਸ ਤਰ੍ਹਾਂ ਦਰਿਆ ਦਾ ਪਾਣੀ ਤੁਪਕਾ ਤੁਪਕਾ ਕਰ ਕੇ ਵਹਿੰਦਾ ਹੈ। ਜੀਵਨ ਵਿਚ ਹਰ ਗੱਲ ਲਈ, ਹਰ ਘਟਨਾ ਲਈ ਸਮਾਂ ਜਾਂ ਪਲ ਨਿਸਚਿਤ ਹੈ। ਪ੍ਰਸਿੱਧ ਪੱਛਮੀ ਫਿਲਾਸਫਰ ਬਰਗਸੋਨ ਦੀ ਸਮੇਂ ਬਾਰੇ ਫਿਲਾਸਫੀ ਦਾ ਆਧਾਰ ਇਹੀ ਜੀਵਨ ਸਚਾਈ ਹੈ।

ਲਾਹੌਰ ਲਈ ਗੱਡੀ ਰਾਤ ਦੇ ਬਾਰਾਂ ਵਜੇ ਸਾਡੇ ਸਟੇਸ਼ਨ 'ਟਿਨੋਕਾ' ਤੋਂ ਚਲਦੀ ਸੀ। ਇਕ ਮੀਲ ਦਾ ਫਾਸਲਾ ਸੀ। ਅਸੀਂ ਘੋੜੀਆਂ ਤੇ ਜਾਂਦੇ ਸੀ। ਜਿਸ ਦਿਨ ਜਾਣਾ ਸੀ, ਰਾਤ ਨੂੰ ਰੋਟੀ ਖਾ ਕੇ ਅਸੀਂ ਅੰਦਰੋਂ ਜ਼ਨਾਨਖਾਨੇ ਵਿਚੋਂ ਵਿਦਾ ਹੋ ਕੇ ਬਾਹਰ ਬੈਠਕ ਦੇ ਸਾਹਮਣੇ ਬਣੇ ਬਰਾਂਡੇ ਵਿਚ ਸਾਮਾਨ ਨੇੜੇ ਰੱਖ ਕੇ ਮੰਜਿਆਂ ਤੇ ਬੈਠ ਗਏ। ਘੋੜੀਆਂ ਤੇ ਕਾਠੀਆਂ ਪਾ ਕੇ ਦੋ ਨੌਕਰ ਸਾਨੂੰ ਲਿਜਾਣ ਲਈ ਸਮੇਂ ਦੀ ਉਡੀਕ ਵਿਚ ਤਬੇਲੇ ਵਿਚ ਬੈਠੇ ਸਨ। ਮੈਨੂੰ ਉਹ ਦ੍ਰਿਸ਼ ਸਾਰੀ ਉਮਰ ਬਹੁਤ ਟੁੰਬਦਾ ਰਿਹਾ ਹੈ। ਮੈਂ ਤੇ ਜੋਗਿੰਦਰ ਸਿੰਘ ਦੋਵੇਂ ਬਹੁਤ ਉਦਾਸ ਸਾਂ। ਭਵਿਖ ਦਾ ਹਨੇਰਾ ਖਾਣ ਨੂੰ ਪੈਂਦਾ ਸੀ। ਸਿਰ ਤੇ ਕੋਈ ਆਸਰਾ ਨਹੀਂ ਸੀ ਸਿਵਾਏ ਸੱਚੇ ਰੱਬ ਦੇ। ਠੀਕ ਕਹਿੰਦੇ ਹਨ ਰੱਬ ਉਦੋਂ ਹੀ ਬਹੁੜਦਾ ਹੈ, ਓਦੋਂ ਹੀ ਪੁਕਾਰ ਸੁਣਦਾ ਹੈ ਜਦੋਂ ਮਨੁੱਖ ਉੱਕਾ ਹੀ ਬੇਸਹਾਰਾ, ਉਦਾਸ ਤੇ ਮਸਕੀਨ ਹੋਵੇ। ਇਹ ਗੱਲ ਹਜ਼ਰਤ ਈਸਾ ਨੇ ਵੀ ਸਪਸ਼ਟ ਕਰ ਕੇ ਆਖੀ ਹੈ। ਰਾਤ ਦੇ 11 ਵਜੇ ਅਸੀਂ ਚਲਣਾ ਸੀ, 2 ਘੰਟੇ ਅਸੀਂ ਆਸ-ਨਿਰਾਸ ਦੇ ਵਿਚਾਲੇ ਅਟਕੇ ਰਹੇ। ਨਾ ਜਾਗ ਸਕੀਏ, ਨਾ ਸੌਂ ਸਕੀਏ। ਕੁਝ ਸਮਾਂ ਗੱਲਾਂ ਕਰਦੇ ਰਹੇ ਰਸਮੀ ਜਿਹੀਆਂ, ਫਿਰ ਚੁੱਪ ਕਰ ਕੇ ਸੋਚਾਂ ਵਿਚ ਡੁੱਬ ਗਏ। ਮੈਂ ਸਮਝਦਾ ਹਾਂ ਜੀਵਨ ਦਾ ਅਜੇਹਾ ਸਮਾਂ ਬਹੁਤ ਹੀ ਕੀਮਤੀ ਹੁੰਦਾ ਹੈ। ਫਿਰ ਕਾਰਜ ਦੀ ਘੜੀ ਆਈ ਤਾਂ ਸਫ਼ਰ ਮੁਕਾ ਕੇ ਅਸੀਂ ਆਪਣੇ ਆਪਣੇ ਟਿਕਾਣੇ ਤੇ ਪੁੱਜ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਲਸਾ ਕਾਲਜ ਦੀ ਯਾਤਰਾ

1942 ਦਸੰਬਰ ਵਿਚ ਮੈਂ ਲਾਹੌਰ ਤੋਂ ਜੋਗਿੰਦਰ ਸਿੰਘ ਨੂੰ ਮਿਲਣ ਖ਼ਾਲਸਾ ਕਾਲਜ ਜਾ ਪਹੁੰਚਾ। ਉਹ ਜੇ. ਏ. ਵੀ. ਹੋਸਟਲ ਵਿਚ ਰਹਿੰਦਾ ਸੀ। ਰਾਤ ਉਸ ਪਾਸ ਠਹਿਰਿਆ। ਸਵੇਰੇ ਮੈਂ ਉਸ ਦੇ ਕਮਰੇ ਦੇ ਬਾਹਰ ਬਰਾਂਡੇ ਵਿਚ ਖੜਾ ਹੋਸਟਲਾਂ ਵਿਚੋਂ ਕਾਲਜ ਨੂੰ ਜਾਂਦੇ ਸਿੱਖ ਵਿਦਿਆਰਥੀਆਂ ਨੂੰ ਦੇਖਦਾ ਰਿਹਾ। ਮੈਨੂੰ ਇਉਂ ਜਾਪਿਆ ਜਿਵੇਂ ਕੋਈ ਦੈਵੀ ਦ੍ਰਿਸ਼ ਹੋਵੇ। ਉਹ ਵਿਦਿਆਰਥੀ ਮੈਨੂੰ ਬਹੁਤ ਚੰਗੇ ਲੱਗੇ, ਲਾਹੌਰ ਦੇ ਵਿਦਿਆਰਥੀਆਂ ਨਾਲੋਂ ਬਹੁਤ ਚੰਗੇ, ਸਾਦਾ, ਭੋਲੇ ਭਾਲੇ, ਸਿਹਤਮੰਦ। ਗੁਰੂ ਰਾਮਦਾਸ ਜੀ ਨੇ ਮੇਰੇ ਅੰਤਹ-ਕਰਨ ਦੀ ਆਵਾਜ਼ ਸੁਣ ਲਈ। ਕੁਝ ਮਹੀਨੇ ਪਿਛੋਂ ਮੈਂ ਇਸੇ ਕਾਲਜ ਵਿਚ ਪ੍ਰੋਫੈਸਰ ਲਗ ਗਿਆ। ਜੋਗਿੰਦਰ ਸਿੰਘ ਨੂੰ 1943 ਵਿਚ ਕਮਿਸ਼ਨ ਮਿਲ ਗਈ। ਇਸ ਤਰ੍ਹਾਂ ਸਾਡੇ ਭਵਿਖ ਦਾ ਹਨੇਰਾ ਦੂਰ ਹੋ ਗਿਆ। ਧੰਨ ਉਹ ਸੱਚਾ ਪਾਤਸ਼ਾਹ ਹੈ ਜੋ ਕਰਨ ਕਾਰਨ ਹੈ, ਸਰਬ ਸਮਰੱਥ ਹੈ।

ਜੋਗਿੰਦਰ ਸਿੰਘ ਕਾਫੀ ਸਾਲਾਂ ਤੋਂ ਕਰਨਲ ਵਜੋਂ ਰਿਟਾਇਰ ਹੋ ਕੇ ਚੰਡੀਗੜ੍ਹ ਵਿਚ ਵੱਸ ਗਿਆ ਹੈ ਅਤੇ ਰਿਟਾਇਰ ਹੋਣ ਉਪਰੰਤ ਧਾਰਮਕ ਖੋਜ ਦੇ ਆਸ਼ੇ ਤੋਂ ਗੁਰਬਾਣੀ ਦੇ ਅਰਥ (ਸ਼ਬਦਾਰਥ ਦੀਆਂ 4 ਜਿਲਦਾਂ ਵਿਚੋਂ) ਅਤੇ ਧਾਰਮਕ ਪੁਸਤਕਾਂ ਪੜ੍ਹਦਾ ਰਹਿੰਦਾ ਹੈ।

ਪ੍ਰੀਤ ਨਗਰ ਦੀ ਯਾਤਰਾ

ਅਪ੍ਰੈਲ 1943 ਵਿਚ ਮੈਂ ਲਾਹੌਰ ਤੋਂ ਆਪਣੇ ਛੋਟੇ ਮਾਮਾ ਸ. ਰਤਨ ਸਿੰਘ ਬਾਜਵਾ (ਜੋ ਗੰਗਾਨਗਰ ਰਹਿੰਦੇ ਸੀ) ਨਾਲ ਪ੍ਰੀਤ ਨਗਰ ਗਿਆ। ਉਥੇ ਉਨ੍ਹਾਂ ਦੇ ਜਿਗਰੀ ਦੋਸਤ ਸ. ਪਿਆਰਾ ਸਿੰਘ ਸਹਿਰਾਈ (ਪ੍ਰਸਿੱਧ ਪੰਜਾਬੀ ਕਵੀ) ਰਹਿੰਦੇ ਸੀ। ਅਸੀਂ ਉਨ੍ਹਾਂ ਪਾਸ ਇਕ ਰਾਤ ਠਹਿਰੇ ਅਤੇ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ, ਸ. ਨਾਨਕ ਸਿੰਘ ਨਾਵਲਿਸਟ, ਸ. ਨਵਤੇਜ ਸਿੰਘ, ਸ. ਪਿਆਰਾ ਸਿੰਘ ਦਾਤਾ, ਭਾਪਾ ਪ੍ਰੀਤਮ ਸਿੰਘ ਆਦਿ ਨੂੰ ਮਿਲੇ। ਇਸ ਤੋਂ ਪਹਿਲਾਂ ਵੀ ਅਸੀਂ ਦੋਵੇਂ ਲਾਹੌਰ ਤੋਂ 1939 ਵਿਚ ਪ੍ਰੀਤ ਨਗਰ ਸਹਿਰਾਈ ਜੀ ਪਾਸ ਗਏ ਸੀ। ਓਦੋਂ ਪ੍ਰੀਤ ਨਗਰ ਅਜੇ ਨਵਾਂ ਨਵਾਂ ਵੱਸਿਆ ਸੀ। ਉਥੋਂ ਦਾ ਨਵਾਂ ਪੱਛਮੀ ਕਲਚਰ, ਨਵੀਂ ਆਜ਼ਾਦੀ ਤੇ ਖੁਲ੍ਹ ਅਤੇ ਨਵੇਂ ਵਿਚਾਰਾਂ ਦਾ ਪ੍ਰਚਾਰ ਦੇਖ ਕੇ ਮੈਨੂੰ ਇਕ ਨਵਾਂ ਤਜਰਬਾ ਹਾਸਲ ਹੋਇਆ। ਕੁਝ ਗੱਲਾਂ ਅਜੀਬ ਵੀ ਲੱਗੀਆਂ। ਖ਼ਾਲਸਾ ਕਾਲਜ ਵਿਚ ਨੌਕਰੀ ਸਮੇਂ ਵੀ ਮੈਨੂੰ 3-4 ਵਾਰੀ ਫਿਰ ਉਥੇ ਜਾਣ ਦਾ ਅਵਸਰ ਮਿਲਿਆ। ਸ. ਗੁਰਬਖਸ਼ ਸਿੰਘ ਦਾ 1960 ਵਿਚ ਅਸੀਂ ਖ਼ਾਲਸਾ ਕਾਲਜ ਵਿਚ ਲੈਕਚਰ ਵੀ ਕਰਵਾਇਆ। ਉਨ੍ਹਾਂ ਦੀ ਸ਼ਖਸੀਅਤ ਨਿਰੋਲ ਆਧੁਨਿਕ ਆਸ਼ਿਆਂ ਦੀ ਧਾਰਨੀ ਸੀ ਪਰੰਤੂ ਉਨ੍ਹਾਂ ਦਾ ਸਪੁਤਰ ਨਵਤੇਜ ਬਿਲਕੁਲ ਸਾਦਾ ਤੇ ਸ਼ਪਸ਼ਟ ਕਿਸਮ ਦਾ ਵਿਅਕਤੀ ਸੀ। ਬੜਾ ਨਿੱਘਾ ਤੇ ਨਿਸ਼ੱਕ ਸੁਭਾ। ਮੇਰੇ ਨਾਲ ਉਸ ਦਾ ਕਾਫੀ ਸੰਪਰਕ ਤੇ ਸਨੇਹ ਰਿਹਾ। ਦੋਹਾਂ ਪਿਓ ਪੁਤਰਾਂ ਦੇ ਸੁਭਾ ਵਿਚ ਇਕ ਮੁਢਲਾ ਅੰਤਰ ਦੇਖ ਕੇ ਮੈਨੂੰ ਸਦਾ ਹੈਰਾਨੀ ਹੁੰਦੀ ਸੀ। ਨਵਤੇਜ ਦਾ ਸਪੁਤਰ ਸੁਦੀਪ ਸਿੰਘ ਸਾਡਾ ਵਿਦਿਆਰਥੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਰਿਹਾ। ਉਸ ਦੇ ਨਾਂ ਤੇ ਮੈਂ ਆਪਣੇ ਇਕ ਦੋਹਤਰੇ ਦਾ ਨਾਂ ਰਖਿਆ। ਬਾਅਦ ਵਿਚ ਆਪਣੇ ਪੁਰਾਣੇ ਮਿੱਤਰ ਡਾ. ਸੁਰਿੰਦਰ ਸਿੰਘ ਕੋਹਲੀ ਰਾਹੀਂ ਸ. ਜਗਜੀਤ ਸਿੰਘ ਆਨੰਦ (ਸ. ਗੁਰਬਖਸ਼ ਸਿੰਘ ਦੇ ਦਾਮਾਦ) ਅਤੇ ਜਸਟਿਸ ਸ. ਪ੍ਰੀਤਮ ਸਿੰਘ ਸਫੀਰ (ਪ੍ਰਸਿੱਧ ਕਵੀ) ਨਾਲ ਵੀ ਵਾਕਫੀ ਹੋ ਗਈ। ਇਹ ਦੋਵੇਂ ਸੱਜਨ ਸ੍ਰੀ ਤਰਨ ਤਾਰਨ ਖ਼ਾਲਸਾ ਸਕੂਲ ਦੇ ਉੱਘੇ ਹੈਡਮਾਸਟਰ ਸ. ਮਹਿਤਾਬ ਸਿੰਘ ਜੀ (ਸੁਰਗਵਾਸੀ) ਦੇ ਸਪੁਤਰ ਹਨ।

ਕੁਦਰਤ ਦਾ ਫੈਸਲਾ

ਮਨੁੱਖ ਦੇ ਅੰਤਰ-ਮਨ ਦੀ ਆਵਾਜ਼ ਨੂੰ inner voice ਕਹਿੰਦੇ ਹਨ। ਮਹਾਤਮਾ ਗਾਂਧੀ ਹਰ ਵੱਡਾ ਫੈਸਲਾ ਅੰਦਰਲੀ ਆਵਾਜ਼ ਸੁਣ ਕੇ ਹੀ ਕਰਦੇ ਸਨ। ਮੇਰੇ ਵਰਗੇ ਨਾਚੀਜ਼ ਨਿਗੂਣੇ ਮਨੁੱਖ ਨੂੰ ਵੀ ਕਦੀ ਕਦੀ ਰੱਬ ਦੀ ਮਿਹਰ ਨਾਲ ਇਹ ਆਵਾਜ਼ ਸੁਣ ਜਾਂਦੀ ਹੈ। ਲਾਹੌਰ ਵਿਚ ਐਮ. ਏ. ਅੰਗਰੇਜ਼ੀ ਕਰਦਿਆਂ 1942 ਜਨਵਰੀ ਮਹੀਨੇ ਵਿਚ ਇਕ ਦਿਨ ਮੈਂ ਇੱਕਲਾ ਸੜਕ ਤੇ ਹੋਸਟਲ ਵਲ ਆ ਰਿਹਾ ਸੀ ਕਿ ਅਚਾਨਕ ਖਿਆਲ ਆਇਆ, 'ਮਨਾ ਕਦੋਂ ਤਕ ਤੂੰ ਪੜ੍ਹਾਈ ਵਿਚ ਸਿਰ ਖਪਾਈ ਕਰਦਾ ਰਹੇਂਗਾ, ਤੇਰਾ ਜੀਅ ਨਹੀਂ ਅੱਕਦਾ? 16 ਸਾਲ ਤੈਨੂੰ ਪੜ੍ਹਦਿਆਂ ਹੋ ਗਏ ਹਨ, ਹੁਣ ਕੋਈ ਅਗਲਾ ਕਦਮ ਚੁੱਕ।' ਇਕ ਦਮ ਉਰਦੂ ਦੇ ਪ੍ਰਸਿਧ ਸ਼ਾਇਰ ਅਨੀਸ ਲਖਨਵੀ ਦੀ ਇਹ ਤੁਕ (ਮਿਸਰਾ) ਮੇਰੀ ਜ਼ਬਾਨ ਤੇ ਆ ਗਈ :

ਉਮਰ ਗੁਜ਼ਰੀ ਹੈ ਇਸੀ ਦਸ਼ਤ ਕੀ ਸੱਯਾਹੀ ਮੇਂ।

ਅਰਥਾਤ ਇਸੇ ਜੰਗਲ ਬੀਆਬਾਨ ਦੀ ਰੇਤ ਛਾਣਦਿਆਂ (ਸਫਰ ਕਰਦਿਆਂ) ਉਮਰ ਲੰਘ ਗਈ ਹੈ। ਮੈਂ ਓਦੋਂ ਭਰ ਜਵਾਨ ਲਗਦਾ ਸੀ, ਭਰਵੀਂ ਦਾੜ੍ਹੀ ਤੇ ਕੋਟ, ਪੈਂਟ, ਨਕਟਾਈ, ਐਨਕ ਲਗਾਈ ਹੋਈ। ਵਿਦਿਆਰਥੀ ਤਾਂ ਲਗਦਾ ਹੀ ਨਹੀਂ ਸੀ। ਅਜੇ ਦੋ ਦਿਨ ਹੀ ਇਸ ਗੱਲ ਨੂੰ ਗੁਜ਼ਰੇ ਸਨ ਕਿ ਕੁਦਰਤ ਨੇ ਭਵਿਖ ਬਾਣੀ ਕਰ ਦਿਤੀ। ਉਹ ਇਸ ਤਰ੍ਹਾਂ ਕਿ ਗੌਰਮਿੰਟ ਕਾਲਜ ਵਿਚ ਹਰ ਸ਼ਨੀਚਰਵਾਰ ਸਭ ਵਿਦਿਆਰਥੀ ਆਪਣੇ ਆਪਣੇ ਟਿਊਟੋਰੀਅਲ ਗਰੁਪ ਵਿਚ ਸ਼ਾਮਲ ਹੁੰਦੇ ਸੀ। ਟਿਊਟਰ ਹਾਜ਼ਰੀ ਲਗਾਂਦਾ ਸੀ। ਸਾਡੇ ਗਰੁਪ ਦਾ ਨਵੇਂ ਟਿਊਟਰ ਡਾ. ਮੁਹੰਮਦ ਲਤੀਫ਼ ਲੈਕਚਰਰ ਅੰਗਰੇਜ਼ੀ ਥੋੜਾ ਸਮਾਂ ਪਹਿਲਾਂ ਪਿਸ਼ਾਵਰ ਕਾਲਜ ਤੋਂ ਤਬਦੀਲ ਹੋ ਕੇ ਆਏ ਸਨ, ਉਹ ਮੈਨੂੰ ਅਜੇ ਜਾਣਦੇ ਨਹੀਂ ਸਨ। ਮੈਂ ਗਰੁਪ ਮੀਟਿੰਗ ਤੇ ਥੋੜਾ ਲੇਟ ਪਹੁੰਚਿਆ। ਬਾਹਰ ਥੋੜੀ ਬਾਰਸ਼ ਹੋ ਰਹੀ ਸੀ ਅਤੇ ਮੈਂ ਹੱਥ ਵਿਚ ਛਤਰੀ ਪਕੜੀ ਹੋਈ ਸੀ। ਮੈਂ ਜਦ ਹੌਲੀ ਜੇਹੀ ਦਰਵਾਜ਼ਾ ਖੋਲ੍ਹਿਆ ਤਾਂ ਟਿਊਟਰ ਸਾਹਿਬ ਹਾਜ਼ਰੀ ਲਗਾ ਰਹੇ ਸਨ। ਮੈਂ ਅੰਗਰੇਜ਼ੀ ਵਿਚ ਕਿਹਾ, 'ਮੇ ਆਈ ਕਮ ਇਨ ਸਰ' ਤਾਂ ਸ਼ਾਇਦ ਇਹ ਗੱਲ ਉਨ੍ਹਾਂ ਨੇ ਪੂਰੀ ਤਰ੍ਹਾਂ ਨਾ ਸੁਣੀ। ਉਹ ਆਪਣੀ ਥਾਂ ਤੋਂ ਦਰਵਾਜ਼ੇ ਵਲ ਮੇਰੇ ਨੇੜੇ ਆਏ ਤੇ ਕਹਿਣ ਲੱਗੇ, 'ਯੂ ਆਰ ਵੈਲਕਮ'। ਮੈਂ ਸ਼ਰਮਿੰਦਾ ਜਿਹਾ ਹੋ ਕੇ ਕਿਹਾ, 'ਸਰ ਆਈ ਐਮ ਯੋਅਰ ਵਾਰਡ।' ਉਹ ਹੈਰਾਨ ਹੋ ਗਏ ਤੇ ਕਹਿਣ ਲੱਗੇ 'ਓ! ਆਈ ਥਾਟ ਯੂ ਆਰ ਏ ਪ੍ਰੋਫੈਸਰ।' ਸਾਰੇ ਮੁੰਡੇ ਮੇਰੀ ਹਾਲਤ ਤੇ ਹੱਸ ਪਏ। ਪਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਡਾ. ਲ਼ਤੀਫ਼ ਦੀ ਸ਼ੁਭ ਜ਼ਬਾਨ ਤੋਂ ਨਿਕਲੇ ਸ਼ਬਦ ਕਿਸੇ ਅਗੰਮੀ ਸਚਾਈ ਦੇ ਪ੍ਰਤੀਕ ਪ੍ਰਤੀਤ ਹੋਏ। ਰੱਬ ਕਦੀ ਕਦੀ ਮਨੁੱਖਾਂ ਦੀ ਜ਼ਬਾਨ ਤੋਂ ਆਪਣੀ ਰਜ਼ਾ ਪ੍ਰਗਟ ਕਰ ਦੇਂਦਾ ਹੈ।

ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ

ਪ੍ਰਸਿੱਧ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਖਾਸ ਕਰ ਕੇ ਪਹਿਲੀ ਵਾਰ ਸਿੱਖ ਲਈ ਬਹੁਤ ਵੱਡੀ ਧਾਰਮਕ ਘਟਨਾ ਹੁੰਦੀ ਹੈ। ਲਾਹੌਰ ਵਿਚ ਰਹਿੰਦਿਆਂ ਮੈਨੂੰ ਸ੍ਰੀ ਦਰਬਾਰ ਸਾਹਿਬ ਤੇ ਨਨਕਾਣਾ ਸਾਹਿਬ ਗੁਰਦਵਾਰਿਆਂ ਤੋਂ ਇਲਾਵਾ ਹੇਠ ਲਿਖੇ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

(ੳ) ਜੁਲਾਈ 1940 ਵਿਚ ਦਾਦਾ ਜੀ ਦੇ ਦੇਹਾਂਤ ਉਪਰੰਤ ਉਨ੍ਹਾਂ ਦੇ ਫੁੱਲ ਜਲ ਪ੍ਰਵਾਹ ਕਰਨ ਲਈ ਮੈਨੂੰ ਅਤੇ ਸਾਡੇ ਵੱਡੇ ਬਹਿਨੋਈ ਸ. ਕੁਲਵੰਤ ਸਿੰਘ ਚੀਮਾ ਨੂੰ ਸ੍ਰੀ ਕਰਤਾਰਪੁਰ ਸਾਹਿਬ ਭੇਜਿਆ ਗਿਆ। ਇਹ ਗੁਰਦਵਾਰਾ ਦਰਿਆ ਰਾਵੀ ਦੇ ਸੱਜੇ ਕੰਢੇ ਤੇ ਪੱਛਮੀ ਪੰਜਾਬ ਦਾ ਪ੍ਰਸਿੱਧ ਗੁਰਦਵਾਰਾ ਸੀ, ਜਿਥੇ ਗੁਰੂ ਨਾਨਕ ਸਾਹਿਬ ਨੇ ਆਪਣੀ ਉਮਰ ਦੇ ਆਖਰੀ 18 ਸਾਲ ਬਿਤਾਏ ਸਨ ਅਤੇ ਇਥੇ ਹੀ ਜੋਤੀ ਜੋਤ ਸਮਾਏ ਸਨ। ਹੁਣ ਇਹ ਗੁਰਦਵਾਰਾ ਪਾਕਿਸਤਾਨ ਵਿਚ ਹੈ। ਅਸੀਂ ਇਸ ਦੇ ਦੁਰਲੱਭ ਦਰਸ਼ਨ ਕਰਕੇ ਬਹੁਤ ਕ੍ਰਿਤਾਰਥ ਹੋਏ। ਉਥੋਂ ਅਸੀਂ ਸ. ਕੁਲਵੰਤ ਸਿੰਘ ਦੇ ਪਿੰਡ ਸਾਹਲੂਵਾਲਾ ਤੋਂ ਹੁੰਦੇ ਹੋਏ, ਸਿਆਲਕੋਟ ਸ਼ਹਿਰ ਵਿਚ ਗੁਰਦਵਾਰਾ 'ਬਾਬੇ ਦੀ ਬੇਰ' ਦੇ ਦਰਸ਼ਨ ਕਰਨ ਗਏ। ਇਹ ਇਤਿਹਾਸਕ ਗੁਰਦਵਾਰਾ ਸ੍ਰੀ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਯਾਦਗਾਰ ਵਿਚ ਬਣਿਆ ਹੋਇਆ ਹੈ ਅਤੇ ਬਹੁਤ ਪ੍ਰਸਿੱਧ ਹੈ।

(ਅ) 1943 ਅਪ੍ਰੈਲ ਵਿਚ ਐਮ. ਏ. ਫ਼ਾਰਸੀ ਦਾ ਇਮਤਿਹਾਨ ਦੇ ਕੇ ਮੈਂ ਤੇ ਮੇਰੀ ਪਤਨੀ ਉਸ ਦੇ ਪਿੰਡ ਚਕ 5, ਰਿਨਾਲਾ ਖੁਰਦ ਤੋਂ ਲਾਹੌਰ ਆਏ ਅਤੇ ਇਥੋਂ ਦਲੀਪ ਸਿੰਘ ਪਾਸ ਚੌਂਤਰੇ (ਜ਼ਿਲ੍ਹਾ ਰਾਵਲਪਿੰਡੀ) ਸੈਰ ਸਪਾਟੇ ਲਈ ਜਾਣ ਲਈ ਰੇਲ ਗੱਡੀ ਵਿਚ ਸਵਾਰ ਹੋ ਗਏ। ਰਾਵਲਪਿੰਡੀ ਤੋਂ ਅੱਗੇ 20 ਕੁ ਮੀਲ ਬੱਸ ਤੇ ਸੁਹਾਂ ਨਦੀ ਪਾਰ ਕਰ ਕੇ ਚੌਂਤਰੇ ਪਹੁੰਚੇ ਜਿਥੇ ਦਲੀਪ ਸਿੰਘ ਵੱਡਾ ਥਾਨੇਦਾਰ ਲੱਗਾ ਹੋਇਆ ਸੀ। ਇਥੋਂ ਅਸੀਂ ਉਨ੍ਹਾਂ ਦੇ ਨਾਲ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕਰਨ ਲਈ ਗਏ। ਇਹ ਬੜਾ ਰਮਣੀਕ ਗੁਰਦਵਾਰਾ ਹੈ, ਪਹਾੜੀ ਦੇ ਹੇਠਲੇ ਪਾਸੇ ਬਣਿਆ ਹੋਇਆ, ਜਿਥੇ ਗੁਰੂ ਨਾਨਕ ਸਾਹਿਬ ਦੇ ਪੰਜੇ ਦੇ ਨਿਸ਼ਾਨ ਅਜੇ ਤਕ ਓਸੇ ਤਰ੍ਹਾਂ ਹਨ ਜਿਸ ਤਰ੍ਹਾਂ ਵਲੀ ਕੰਧਾਰੀ ਵਲੋਂ ਪਹਾੜੀ ਉਤੋਂ ਇਕ ਵੱਡਾ ਪੱਥਰ ਸੁੱਟਣ ਤੇ ਉਸ ਨੂੰ ਰੋਕਣ ਲਈ ਗੁਰੂ ਸਾਹਿਬ ਵਲੋਂ ਲੱਗੇ ਸਨ।

ਜੱਦੀ ਜ਼ਿਲੇ ਸਿਆਲਕੋਟ ਦਾ ਸਫ਼ਰ

ਲਾਹੌਰ ਵਿਚ ਰਹਿੰਦਿਆਂ ਮੈਨੂੰ ਆਪਣੇ ਜੱਦੀ ਜ਼ਿਲ੍ਹੇ ਸਿਆਲਕੋਟ ਦੇ ਪਿੰਡਾਂ ਗੋਜਰਾ ਅਤੇ ਫਤਹਗੜ੍ਹ ਦੇਖਣ ਦਾ ਵੀ ਅਵਸਰ ਮਿਲਿਆ। ਗੋਜਰਾ (ਜੋ ਡਸਕਾ ਕਸਬੇ ਦੇ ਨੇੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ) ਵਿਚ ਸਾਡੇ ਇਕਲੌਤੇ ਭੂਆ ਜੀ ਕਿਸ਼ਨ ਕੌਰ ਜੋ ਪਿਤਾ ਜੀ ਤੋਂ ਵੱਡੇ ਸਨ, ਸ. ਲਾਲ ਸਿੰਘ ਚੀਮਾ ਨਾਲ ਵਿਆਹੇ ਹੋਏ ਸਨ। ਉਥੇ ਉਨ੍ਹਾਂ ਦੇ ਘਰ ਦੋ ਸ਼ਾਦੀਆਂ ਦੇ ਅਵਸਰ ਤੇ ਮੈਂ ਬਾਕੀ ਪਰਿਵਾਰ ਨਾਲ ਗਿਆ। ਉਥੇ ਬੜਾ ਸੁਹਾਣਾ ਚੌਗਿਰਦਾ ਸੀ। ਉਥੋਂ ਮੈਨੂੰ ਪਿਤਾ ਜੀ ਦੇ ਨਾਨਕੇ ਪਿੰਡ ਫਤਹਗੜ੍ਹ ਚੀਮਿਆਂ ਜਾਣ ਦਾ ਵੀ ਇਤਫਾਕ ਹੋਇਆ। ਇਹ ਪਿੰਡ ਖਤਰੀਆਂ ਦੇ ਪ੍ਰਸਿੱਧ ਕਸਬਿਆਂ ਬੇਗੋਵਾਲ ਤੇ ਘੜਤਲ ਦੇ ਨੇੜੇ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਮੁਨਸ਼ੀ ਗਣੇਸ਼ ਦਾਸ ਵਡਹਿਰਾ ਦੀ ਮਸ਼ਹੂਰ ਫ਼ਾਰਸੀ ਪੁਸਤਕ 'ਚਾਰ ਬਾਗ ਪੰਜਾਬ' (ਜਿਸਦਾ ਪੰਜਾਬੀ ਅਨੁਵਾਦ 'ਮੁੱਢਲੀ ਉਨ੍ਹੀਵੀਂ ਸਦੀ ਦਾ ਪੰਜਾਬ' ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਛਾਪਿਆ ਹੈ) ਵਿਚ ਇਨ੍ਹਾਂ ਪਿੰਡਾਂ ਦਾ ਬੜੇ ਵਿਸਤਾਰ ਨਾਲ ਜ਼ਿਕਰ ਕੀਤਾ ਗਿਆ ਹੈ।

ਇਕ ਦੇਵੀ ਛਿਨ

ਉਂਜ ਤਾਂ ਸਾਰਾ ਸੰਸਾਰ ਹੀ ਰੱਬੀ ਮਿਹਰ ਦੇ ਸਹਾਰੇ ਕਾਇਮ ਹੈ, ਪਰ ਆਤਮਕ ਖੇਤਰ ਦਾ ਨਿਰਭਰ ਤਾਂ ਨਿਰੋਲ ਪਰਮਾਤਮਾ ਦੀ ਕਿਰਪਾ ਉੱਤੇ ਹੈ। ਗੁਰਬਾਣੀ ਦਾ ਫ਼ਰਮਾਨ ਹੈ :

·ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ (947)

ਮੇਰੇ ਜੀਵਨ ਵਿਚ ਵੀ ਇਕ ਅਜੇਹਾ ਰੱਬੀ ਕਿਰਪਾ ਦਾ ਛਿਨ ਆਇਆ ਜਿਸ ਬਾਰੇ ਨਾ ਉਸ ਛਿਨ ਤੋਂ ਪਹਿਲਾਂ ਤੇ ਨਾ ਹੀ ਪਿਛੋਂ ਮੈਨੂੰ ਕੋਈ ਸੋਝੀ ਹੋਈ। ਇਹ ਗੱਲ 1939 ਦੇ ਸਿਆਲ ਦੀ ਹੈ ਜਦੋਂ ਮੈਂ ਗੌਰਮਿੰਟ ਕਾਲਜ ਦਾ ਬੀ. ਏ. ਫਾਈਨਲ (ਚੌਥੇ ਸਾਲ) ਦਾ ਵਿਦਿਆਰਥੀ ਸੀ ਅਤੇ ਕੁਆਡਰੈਂਗਲ ਹੋਸਟਲ ਵਿਚ ਇਕ ਕਿਊਬੀਕਲ (ਵੱਖਰਾ, ਛੋਟਾ ਕਮਰਾ) ਵਿਚ ਰਹਿੰਦਾ ਸੀ। ਅਜੇ ਤਕ ਮੈਂ ਹੈਰਾਨ ਹਾਂ ਕਿ ਅਚਣਚੇਤ ਇਹ ਆਤਮਕ ਅਨੁਭਵ ਕਿਸ ਤਰ੍ਹਾਂ ਵਾਪਰ ਗਿਆ ? ਇਸ ਬਾਰੇ ਲਿਖਣਾ ਵੀ ਮੈਨੂੰ ਅਸੰਭਵ ਜਾਪਦਾ ਹੈ ਪਰ ਲਿਖਣ ਦਾ ਜਤਨ ਕਰਦਾ ਹਾਂ। ਹੋਇਆ ਇਹ ਕਿ ਮੇਰੀ ਆਦਤ ਖਾਣਾ ਖਾ ਕੇ ਥੋੜ੍ਹਾ ਆਰਾਮ ਕਰਨ ਦੀ ਸੀ। ਇਕ ਦਿਨ ਕਿਚਨ ਵਿਚ ਦੁਪਹਿਰ ਦਾ ਖਾਣਾ ਖਾ ਕੇ ਮੈਂ ਆਪਣੇ ਕਿਊਬੀਕਲ ਵਿਚ ਗਿਆ ਅਤੇ ਦਰਵਾਜ਼ੇ ਨੂੰ ਚਿਟਕਣੀ ਲਗਾ ਕੇ ਆਪਣੀ ਵਿਛੀ ਹੋਈ ਚਾਰਪਾਈ ਤੇ ਲੇਟ ਗਿਆ। ਬੱਸ ਲੇਟਦੇ ਹੀ ਇਕ ਅਦਭੁਤ ਜੇਹੀ ਅਨੰਦ ਤੇ ਸ਼ਾਂਤੀ ਦੀ ਲਹਿਰ ਮੇਰੇ ਤਨ ਮਨ ਅਤੇ ਆਤਮਾ ਵਿਚ ਪਸਰਦੀ ਜਾਪੀ। ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਮੇਰੇ ਆਲੇ ਦੁਆਲੇ ਅਤੇ ਹਰ ਪਾਸੇ ਅਥਾਹ ਸੁਰੱਖਿਆ (security), ਅਕਹਿ ਖੁਸ਼ੀ ਤੇ ਪੂਰਨ ਬੇਫ਼ਿਕਰੀ ਦਾ ਵਾਤਾਵਰਨ ਹੈ। ਇਉਂ ਜਾਪਿਆ ਜਿਵੇਂ ਸਾਰਾ ਬ੍ਰਹਿਮੰਡ ਹੀ ਸਿਮਟ ਕੇ ਮੇਰੇ ਅੰਦਰ ਸਮਾ ਗਿਆ ਹੋਵੇ, ਜਾਂ ਮੇਰੀ ਆਤਮਾ ਹੀ ਫੈਲ ਕੇ ਇਕ ਦਿਸ਼ਾ-ਰਹਿਤ ਅਤੇ ਅਨੰਤ ਰੂਪ ਧਾਰ ਗਈ ਹੋਵੇ। ਮੈਨੂੰ ਆਪਣਾ ਸਰੀਰ, ਮਨ ਤੇ ਆਤਮਾ ਸਭ ਕੁਝ ਹਲਕਾ-ਫੁਲਕਾ ਅਤੇ ਸੂਖਮ ਜੇਹਾ ਪ੍ਰਤੀਤ ਹੋਇਆ। ਇਕ ਮਹਾਂ ਅਨੰਦ, ਮਹਾਂ ਸ਼ਾਂਤੀ, ਮਹਾਂ ਸੁੱਖ ਦੀ ਅਵਸਥਾ ਸੀ। ਅਜੇਹੀ ਪੂਰਨ ਖੁਸ਼ੀ ਤੇ ਰਸ-ਮਗਨਤਾ ਦੀ ਹਾਲਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਹੁਤ ਘੱਟ ਨਸੀਬ ਹੁੰਦੀ ਹੈ । ਇਸ ਲਈ ਮੈਂ ਇਸ ਨੂੰ ਰੱਬੀ ਮਿਹਰ ਦਾ ਇਕ ਖਾਸ ਛਿਨ ਮੰਨਦਾ ਹਾਂ ।

ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥ (334)

ਲਾਹੌਰ ਵਿਚ ਉੱਘੇ ਅਧਿਆਪਕ

ਗੌਰਮਿੰਟ ਕਾਲਜ ਵਿਚ ਮੇਰੇ ਅਧਿਆਪਕ ਜੋ ਆਪਣੇ ਸਮੇਂ ਦੇ ਪ੍ਰਸਿੱਧ ਪ੍ਰੋਫੈਸਰ ਸਨ, ਹੇਠ ਲਿਖੇ ਸਨ : (ਅੰਗਰੇਜ਼ੀ ਵਿਭਾਗ) ਪ੍ਰੋ. ਡਿਕਨਸਨ (ਮੁੱਖੀ), ਪ੍ਰੋ. ਸਿਰਾਜੁਦ-ਦੀਨ, ਪ੍ਰੋ. ਇੰਦਰ ਮੋਹਨ ਵਰਮਾ, ਪ੍ਰੋ. ਬਾਲਦੂਨ ਢੀਂਗਰਾ, ਪ੍ਰੋ. ਈਸ਼ਵਰ ਚੰਦਰ ਨੰਦਾ (ਪ੍ਰਸਿੱਧ ਪੰਜਾਬੀ ਨਾਟਕਕਾਰ), ਪ੍ਰੋ. ਹਰੀਸ਼ ਚੰਦਰ ਕਠਪਾਲੀਆ, ਪ੍ਰੋ. ਮੁਹੰਮਦ ਲਤੀਫ਼; (ਹਿਸਟਰੀ ਵਿਭਾਗ) ਡਾ. ਜੀ. ਐਲ. ਚੋਪੜਾ, ਡਾ. ਕਾਹਨ ਚੰਦ ਖੰਨਾ, ਪ੍ਰੋ. ਅਮੋਲਕ ਰਾਮ ਖੰਨਾ; (ਫ਼ਾਰਸੀ ਵਿਭਾਗ) ਕਾਜ਼ੀ ਫਜ਼ਲ ਹੱਕ, ਸੂਫ਼ੀ ਗ਼ੁਲਾਮ ਮੁਸਤਫ਼ਾ ਤਬੱਸਮ (ਜੋ ਮੇਰੇ ਉਰਦੂ ਗ਼ਜ਼ਲ ਦੇ ਉਸਤਾਦ ਵੀ ਸਨ) ਅਤੇ (ਜਾਗਰਾਫ਼ੀ ਵਿਭਾਗ) ਪ੍ਰੋ. ਮੁਹੰਮਦ ਨਾਜ਼ਰ ਤੇ ਪ੍ਰੋ. ਏ. ਐਨ. ਕਪੂਰ । ਇਨ੍ਹਾਂ ਤੋਂ ਇਲਾਵਾ ਕਾਲਜ ਦੇ ਪ੍ਰਿੰਸੀਪਲ ਡਾ. ਡਨੀਕਲਿਫ, ਅਤੇ ਪ੍ਰਿੰ. ਜੀ. ਡੀ. ਸੋਂਧੀ, ਇਕਨਾਮਿਕਸ ਦੇ ਡਾ. ਹਰਨਾਮ ਸਿੰਘ, ਫ਼ਿਲਾਸਫ਼ੀ ਦੇ ਪ੍ਰੋ. ਜੀ. ਸੀ. ਚੈਟਰਜੀ ਅਤੇ ਪ੍ਰੋ. ਇਕਰਾਮ ਹੁਸੈਨ, ਸੰਸਕ੍ਰਿਤ ਦੇ ਪ੍ਰੋ. ਗੁਲਬਹਾਰ ਸਿੰਘ ਅਤੇ ਪ੍ਰੋ: ਗੌਰੀ ਸ਼ੰਕਰ, ਫ਼ਿਜ਼ਿਕਸ ਦੇ ਪ੍ਰੋ. ਜੇ. ਬੀ. ਸੇਠ, ਕੈਮਿਸਟਰੀ ਦੇ ਪ੍ਰੋ. ਮਥਾਈ, ਪ੍ਰੋ. ਵੀ. ਐਸ. ਪੁਰੀ, ਪ੍ਰੋ. ਮਹਾਂ ਸਿੰਘ ਅਤੇ ਪ੍ਰੋ. ਸ਼ਿਵਚਰਨ ਸਿੰਘ ਵੀ ਬਹੁਤ ਮਸ਼ਹੂਰ ਵਿਅਕਤੀ ਸਨ । ਓਰੀਐਂਟਲ ਕਾਲਜ ਵਿਚ ਮੇਰੇ ਪ੍ਰੋਫ਼ੈਸਰ ਡਾ. ਮੁਹੰਮਦ ਇਕਬਾਲ, ਡਾ. ਆਬਿਦ ਅਲੀ, ਡਾ. ਅਬਦੁੱਲਾ ਅਤੇ ਡਾ. ਬਾਕਰ ਹੁਸੈਨ ਵੀ ਬੜੇ ਨਾਮੀ ਵਿਦਵਾਨ ਸਨ ।

ਪੰਜਾਬੀ ਲੇਖਕ

ਲਾਹੌਰ ਵਿਚ ਪੜ੍ਹਦਿਆਂ ਮੈਨੂੰ ਕੁਝ ਲੇਖਕਾਂ ਬਾਰੇ ਨਿੱਜੀ ਜਾਣਕਾਰੀ ਹੋਈ । ਮੈਂ ਓਰੀਐਂਟਲ ਕਾਲਜ ਵਿਚ (1942-43 ਵਿਚ) ਫ਼ਾਰਸੀ ਐਮ. ਏ. ਦਾ ਵਿਦਿਆਰਥੀ ਸੀ ਤੇ ਉਥੇ ਵੂਲਨਰ ਹੋਸਟਲ ਵਿਚ ਰਹਿੰਦਾ ਸੀ । ਉਸੇ ਕਾਲਜ ਵਿਚ ਡਾ. ਮੋਹਨ ਸਿੰਘ ਦੀਵਾਨਾ, ਗਿਆਨੀ ਖਜ਼ਾਨ ਸਿੰਘ ਤੇ ਪ੍ਰੋ. ਬਲਦੇਵ ਸਿੰਘ ਪੰਜਾਬੀ ਦੀਆਂ ਗਿਆਨੀ ਆਦਿ ਕਲਾਸਾਂ ਨੂੰ ਪੜ੍ਹਾਂਦੇ ਸਨ । ਓਦੋਂ ਤਕ ਡਾ. ਦੀਵਾਨਾ ਪੀ. ਐਚ. ਡੀ. ਤੇ ਡੀ. ਲਿੱਟ ਪਾਸ ਕਰਕੇ ਇਕ ਪ੍ਰਸਿੱਧ ਵਿਦਵਾਨ ਬਣ ਚੁੱਕੇ ਸਨ ਪਰ ਉਨ੍ਹਾਂ ਦਾ ਸੁਭਾ ਕੁਝ ਸਨਕੀ ਤੇ ਹੰਕਾਰੀ ਕਿਸਮ ਦਾ ਸੀ । ਇਸ ਲਈ ਅਸੀਂ ਉਨ੍ਹਾਂ ਤੋਂ ਦੂਰ ਹੀ ਰਹਿੰਦੇ । ਪਿਛੋਂ ਖ਼ਾਲਸਾ ਕਾਲਜ ਵਿਚ ਜਦ ਉਨ੍ਹਾਂ ਦਾ ਦੇਸ਼-ਵੰਡ ਉਪਰੰਤ ਪੰਜਾਬੀ ਵਿਭਾਗ ਸਥਿਤ ਹੋਇਆ ਤਾਂ ਅਸੀਂ ਇਕ ਦੂਜੇ ਦੇ ਬਹੁਤ ਨਿਕਟਵਰਤੀ ਹੋ ਗਏ । ਗਿਆਨੀ ਖਜ਼ਾਨ ਸਿੰਘ ਬੜੇ ਧਾਰਮਕ ਤੇ ਨਿੱਘੇ ਸੁਭਾ ਦੇ ਸਨ ਤੇ ਲਾਹੌਰ ਦੇ ਉੱਘੇ ਸਿੱਖਾਂ ਵਿਚ ਗਿਣੇ ਜਾਂਦੇ ਸਨ । ਉਨ੍ਹਾਂ ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ । ਉਨ੍ਹਾਂ ਦੀ ਪੁਸਤਕ Philosophy of the Sikh Religion ਬਹੁਤ ਪ੍ਰਸਿਧ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੋ. ਬਲਦੇਵ ਸਿੰਘ ਦਾ ਸਾਡੇ ਤੇ ਓਦੋਂ ਕੋਈ ਪ੍ਰਭਾਵ ਨਾ ਪਿਆ। ਹਾਂ ਓਦੋਂ ਯੂਨੀਵਰਸਿਟੀ ਲਾਇਬਰੇਰੀ ਵਿਚ ਦਵਿੰਦਰ ਸਤਿਆਰਥੀ ਇਕ ਸਾਧੂ ਦੀ ਸ਼ਕਲ ਬਣਾਈ ਬੈਠਾ ਅਕਸਰ ਨਜ਼ਰ ਆਉਂਦਾ। ਜਦੋਂ ਸਾਨੂੰ ਉਸ ਬਾਰੇ ਪਤਾ ਲਗਾ ਕਿ ਪੰਜਾਬੀ ਲੋਕ ਗੀਤ ਇਕੱਠੇ ਕਰਦਾ ਹੈ ਤਾਂ ਅਸੀਂ ਉਸ ਨੂੰ ਮਿਲੇ। ਇਕ ਦਮ ਸਾਨੂੰ ਉਸ ਦੇ ਦੋ ਰੂਪ ਨਜ਼ਰ ਆ ਗਏ। ਬਾਹਰੋਂ ਸਾਧੂ ਤੇ ਅੰਦਰੋਂ ਪੂਰਾ ਰਸਿਕ ਤੇ ਮੌਜੀ ਠਾਕਰ। ਇਕ ਦਿਨ ਫਿਰਦਾ ਫਿਰਦਾ ਸਾਡੇ ਵੂਲਨਰ ਹੋਸਟਲ ਵਿਚ ਆ ਗਿਆ। ਅਸੀਂ ਕੁਝ ਵਿਦਿਆਰਥੀ ਉਸ ਪਾਸ ਜੁੜ ਬੈਠੇ। ਸਾਨੂੰ ਕਹਿਣ ਲੱਗਾ, 'ਆਪਣੇ ਜਵਾਨੀ ਵਾਲੇ ਤਜਰਬੇ ਸੁਣਾਓ, ਮੈਂ ਉਨ੍ਹਾਂ ਦੀਆਂ ਕਹਾਣੀਆਂ ਬਣਾ ਕੇ ਲਿਖਾਂਗਾ।' ਅਸੀਂ ਕਿਹਾ, 'ਕਿਹੋ ਜੇਹੇ ਤਜਰਬੇ ਸੁਣਾਈਏ।' ਕਹਿਣ ਲੱਗਾ, 'ਕਦੀ ਕੋਈ ਔਰਤ ਨੰਗੀ ਨਹਾਂਦੀ ਵੇਖ ਲਈ ਹੋਵੇ ਜਾਂ ਕਿਸੇ ਨਾਲ ਇਸ਼ਕ ਪੇਚਾ ਲੜ ਗਿਆ ਹੋਵੇ।' ਅਸੀਂ ਕਿਹਾ ਪਹਿਲਾਂ ਇਹ ਸਾਧੂ ਰੂਪ ਉਤਾਰ ਦਿਓ ਫਿਰ ਅਸੀਂ ਦੱਸਾਂਗੇ। ਉਹ ਹੱਸ ਕੇ ਕਹਿਣ ਲੱਗਾ, 'ਇਹ ਮੇਰਾ ਓਹਲਾ ਬਣਿਆ ਰਹਿਣ ਦਿਓ।'

ਪ੍ਰੋਫ਼ੈਸਰਾਂ ਨਾਲ ਸੰਪਰਕ

ਗੌਰਮਿੰਟ ਕਾਲਜ ਦੇ ਮੇਰੇ ਅਧਿਆਪਕਾਂ (ਪ੍ਰੋਫੈਸਰਾਂ) ਦਾ ਸੁਭਾਵਕ ਹੀ ਮੇਰੇ ਉੱਤੇ ਡੂੰਘਾ ਪ੍ਰਭਾਵ ਪਿਆ, ਵਿਸ਼ੇਸ਼ ਕਰਕੇ ਫ਼ਾਰਸੀ ਦੇ ਪ੍ਰੋ. (ਸੂਫੀ) ਗੁਲਾਮ ਮੁਸਤਫ਼ਾ ਤਬੱਸਮ, ਪ੍ਰੋ. ਸਿਰਾਜ-ਦੀਨ (ਅੰਗਰੇਜ਼ੀ), ਪ੍ਰੋ. ਇੰਦਰ ਮੋਹਨ ਵਰਮਾ (ਅੰਗਰੇਜ਼ੀ), ਪ੍ਰੋ. ਇਕਰਾਮ ਹੁਸੈਨ (ਫਿਲਾਸਫੀ), ਡਾ. ਮੁਹੰਮਦ ਲਤੀਫ਼, ਪ੍ਰੋ. ਆਈ. ਸੀ. ਨੰਦਾ ਅਤੇ ਪ੍ਰੋ. ਹਰੀਸ਼ ਚੰਦਰ ਕਠਪਾਲੀਆ (ਅੰਗਰੇਜ਼ੀ) ਆਦਿ ਦਾ। ਇਨ੍ਹਾਂ ਨਾਲ ਸੰਬੰਧਿਤ ਕੁਝ ਯਾਦਾਂ ਅੰਕਿਤ ਕਰਨਾ ਰੋਚਕ ਹੋਵੇਗਾ। ਡਾ. ਲਤੀਫ਼ ਬਾਰੇ ਮੈਂ ਪਹਿਲਾਂ ਇਸੇ ਕਾਂਡ ਵਿਚ 'ਕੁਦਰਤ ਦਾ ਫੈਸਲਾ' ਸਿਰਲੇਖ ਹੇਠ ਲਿਖ ਚੁਕਾ ਹਾਂ।

ਸੂਫ਼ੀ ਤਬੱਸਮ

ਸੂਫ਼ੀ ਤਬੱਸਮ ਬੜੇ ਮਿਲਨਸਾਰ, ਨਿੱਘੇ ਸੁਭਾ ਦੇ ਅਤੇ ਲਾਇਕ ਪ੍ਰੋਫੈਸਰ ਸਨ। ਉਰਦੂ ਅਤੇ ਪੰਜਾਬੀ ਦੇ ਬਹੁਤ ਪ੍ਰਸਿੱਧ ਅਤੇ ਲੋਕ-ਪ੍ਰੀਯ ਕਵੀ ਸਨ। 1947 ਤੋਂ ਬਾਅਦ ਉਹ ਪਾਕਿਸਤਾਨ ਦੇ ਸਭ ਤੋਂ ਨਾਮਵਰ ਸ਼ਾਇਰਾਂ ਵਿਚ ਗਿਣੇ ਜਾਂਦੇ ਰਹੇ। ਕੁਝ ਸਾਲ ਹੋਏ ਉਨ੍ਹਾਂ ਦਾ ਦੇਹਾਂਤ ਹੋ ਗਿਆ। 1936 ਵਿਚ ਜਦ ਮੈਂ ਉਨ੍ਹਾਂ ਦਾ ਵਿਦਿਆਰਥੀ ਬਣਿਆ ਤਾਂ ਉਹ ਭਰ ਜਵਾਨੀ ਵਿਚ ਸਨ। ਮੈਂ ਉਰਦੂ ਗ਼ਜ਼ਲ ਲਈ ਉਨ੍ਹਾਂ ਨੂੰ ਆਪਣਾ ਉਸਤਾਦ ਧਾਰਿਆ ਤਾਂ ਉਨ੍ਹਾਂ ਮੈਨੂੰ ਆਪਣੇ ਘਰ ਬੁਲਾਇਆ ਜੋ ਭਾਟੀ ਗੇਟ ਦੇ ਅੰਦਰ ਦਾਤਾ ਗੰਜ ਬਖਸ਼ ਦੇ ਪਵਿੱਤਰ ਮਜ਼ਾਰ ਦੇ ਪਿਛਲੇ ਪਾਸੇ ਸੀ। ਮੈਂ ਘਰ ਲੱਭ ਕੇ ਗਿਆ ਤਾਂ ਉਨ੍ਹਾਂ ਮੇਰੀ ਯੋਗਤਾ ਤੇ ਸ਼ਾਇਰੀ ਦਾ ਰੁਝਾਨ ਪਰਖਣ ਲਈ ਮੈਨੂੰ ਹੇਠ ਲਿਖੇ ਮਿਸਰੇ (ਤੁੱਕ) ਉੱਤੇ ਕੁਝ ਸ਼ਿਅਰ ਉਸੇ ਵੇਲੇ (ਅਰਥਾਤ ਫ਼ਿਲਬਦੀਅ (extempore) ਲਿਖ਼ਣ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਹਾ। ਇਹ ਬੜਾ ਔਖਾ ਟੈਸਟ ਸੀ ਜਿਸ ਤੋਂ ਮੈਂ ਪਹਿਲਾਂ ਥੋੜਾ ਘਬਰਾਇਆ. ਫਿਰ ਜਤਨਸ਼ੀਲ ਹੋ ਗਿਆ। ਉਹ ਮਿਸਰਾ ਸੀ : 'ਸਿਤਾਰੇ ਹੈਂ ਹਵੈਦਾ ਅਸਮਾ ਪਰ' (ਅਰਥਾਤ ਆਕਾਸ਼ ਤੇ ਤਾਰੇ ਪ੍ਰਗਟ ਹਨ)। ਮੈਨੂੰ ਵਜ਼ਨ ਜਾਂ ਤੋਲ (metre) ਪਤਾ ਸੀ—ਬਹਿਰਿ ਹਜ਼ਜ ਮੁਸੱਦਸ ਮਕਸੂਰ (ਮਫ਼ਾਈਲਨ ਮਫਾਈਲਨ ਫਊਲਨ)। ਮੈਂ 5-7 ਮਿੰਟਾਂ ਵਿਚ ਦੋ ਤਿੰਨ ਸ਼ਿਅਰ ਲਿਖ ਦਿਤੇ। ਸੂਫੀ ਸਾਹਿਬ ਖੁਸ਼ ਹੋ ਗਏ। ਫਿਰ ਮੈਂ ਕੁਝ ਉਰਦੂ ਗਜ਼ਲਾਂ ਲਿਖ ਕੇ ਇਸਲਾਹ (ਸੁਧਾਈ) ਲਈ ਉਨ੍ਹਾਂ ਨੂੰ ਦਿਖਾਈਆਂ ਜੋ ਕਾਲਜ ਮੈਗਜ਼ੀਨ 'ਰਾਵੀ' ਵਿਚ ਛਪੀਆਂ। ਇਸ ਤਰ੍ਹਾਂ ਕਵੀ ਵਜੋਂ ਮੇਰੀ ਹੌਸਲਾ ਅਫਜ਼ਾਈ ਹੋ ਗਈ। ਇਕ ਦੋ ਕਾਲਜ ਦੇ ਮੁਸ਼ਾਇਰਿਆਂ ਵਿਚ ਵੀ ਭਾਗ ਲਿਆ।

ਸੂਫ਼ੀ ਸਾਹਿਬ ਦਾ ਪੜ੍ਹਾਣ ਦਾ ਢੰਗ ਬੜਾ ਸੁਰੱਜਾ ਸੀ। ਉਸਤਾਦ ਸ਼ਾਇਰਾਂ ਦੇ ਸ਼ਿਅਰ (ਗ਼ਾਲਿਬ, ਮੀਰ, ਜ਼ੌਕ ਆਦਿ ਦੇ) ਉਨ੍ਹਾਂ ਨੂੰ ਬਹੁਤ ਸਾਰੇ ਯਾਦ ਸਨ। ਢੁਕਵੇਂ ਮੌਕੇ ਤੇ ਉਹ ਅਜੇਹੇ ਸ਼ਿਅਰ, ਮਿਸਾਲ ਜਾਂ ਪ੍ਰਮਾਣ ਵਜੋਂ ਬੋਲਦੇ ਸਨ। ਇਕ ਦਿਨ ਸਾਡੀ ਫ਼ਾਰਸੀ ਦੀ ਦੂਜੇ ਸਾਲ ਦੀ ਕਲਾਸ ਵਿਚ ਪੜ੍ਹਾਂਦੇ ਸਮੇਂ ਉਨ੍ਹਾਂ ਇਕ ਲੜਕੇ ਅਬਦੁਲ ਗ਼ਨੀ ਜੋ ਬਹੁਤ ਲਾਇਕ ਸੀ ਨੂੰ ਇਕ ਫ਼ਾਰਸੀ ਸ਼ਬਦ ਦੇ ਅਰਥ ਪੁੱਛੇ। ਇਤਫ਼ਾਕ ਨਾਲ ਉਹ ਪਿਛਲੇ ਬੈਂਚਾਂ ਵਿਚੋਂ ਇਕ ਬੈਂਚ ਤੇ ਬੈਠਾ ਸੀ। ਕਲਾਸ ਬਹੁਤ ਵੱਡੀ ਸੀ। ਉਸ ਨੂੰ ਪ੍ਰੋਫੈਸਰ ਸਾਹਿਬ ਦੇ ਪ੍ਰਸ਼ਨ ਦਾ ਪਤਾ ਨਾ ਲੱਗਾ। ਉਸ ਨੇ ਅਦਬ ਨਾਲ ਉੱਠ ਕੇ ਕਿਹਾ, 'Pardon Sir' (ਖਿਮਾਂ ਕਰਨਾ ਜਨਾਬ ! ਮੈਂ ਸੁਣਿਆ ਨਹੀਂ)। ਪ੍ਰੋ: ਸਾਹਿਬ ਨੇ ਦੋਬਾਰਾ ਬੋਲਿਆ ਤਾਂ ਵੀ ਉਸ ਨੂੰ ਪੂਰੀ ਤਰ੍ਹਾਂ ਨਾ ਸੁਣਿਆ। ਉਸ ਨੇ ਫਿਰ 'ਪਾਰਡਨ ਸਰ' ਦੁਹਰਾਇਆ ਤਾਂ ਸੂਫ਼ੀ ਸਾਹਿਬ ਨੇ ਗ਼ਾਲਿਬ ਦਾ ਮਸ਼ਹੂਰ ਸ਼ਿਅਰ ਬੋਲ ਦਿਤਾ :

ਬੇਨਿਆਜ਼ੀ ਹੱਦ ਸੇ ਗੁਜ਼ਰੀ ਬੰਦਾ ਪਰਵਰ ਕਬ ਤਲਕ
ਹਮ ਕਹੇਂਗੇ ਹਾਲਿ ਦਿਲ ਔਰ ਆਪ ਫ਼ਰਮਾਏਂਗੇ ਕਿਆ ?

ਸਾਰੀ ਕਲਾਸ ਇਹ ਮਖੌਲ ਸੁਣ ਕੇ ਹੱਸ ਪਈ ਤੇ ਉਹ ਲੜਕਾ ਸ਼ਰਮਸਾਰ ਜੇਹਾ ਹੋ ਗਿਆ।

ਪ੍ਰੋਫ਼ੈਸਰ ਸਿਰਾਜੁਦ-ਦੀਨ

ਪ੍ਰੋ. ਸਿਰਾਜ ਰੰਗੀਲੀ ਤਬੀਅਤ ਦੇ ਮਾਲਕ ਸਨ। ਬੜੀ ਚਟਕ ਮਟਕ (glamour) ਤੇ ਨਾਟਕੀ ਰੰਗ ਢੰਗ ਸੀ ਉਨ੍ਹਾਂ ਦਾ, ਗੱਲ ਬਾਤ ਵਿਚ, ਪੜ੍ਹਾਣ ਵਿਚ, ਪੁਸ਼ਾਕ ਵਿਚ, ਵਾਲਾਂ ਦੀ ਬਨਾਵਟ ਵਿਚ। ਉਸ ਸਮੇਂ ਇਹ ਆਮ ਚਰਚਾ ਸੀ ਵਲਾਇਤ ਦੀ ਕੇਂਬਰਿਜ ਯੂਨੀਵਰਸਿਟੀ ਵਿਚ ਪੜ੍ਹਾਈ ਸਮੇਂ ਉਹ ਅਤੇ ਪ੍ਰੋ. ਇੰਦਰ ਮੋਹਨ ਵਰਮਾ ਆਪਸ ਵਿਚ ਰਕੀਬ (rival) ਸਨ। ਬੇਗਮ ਰਜ਼ੀਆ ਦੁਹਾਂ ਦੀ ਚਾਹੇਤੀ ਸੀ। ਉਸ ਨੇ ਫੈਸਲਾ ਪ੍ਰੋ. ਸਿਰਾਜ ਦੇ ਹੱਕ ਵਿਚ ਕੀਤਾ ਤਾਂ ਪ੍ਰੋ. ਵਰਮਾ ਏਨੇ ਨਿਰਾਸ਼ਾ-ਗ੍ਰਸਤ ਹੋਏ ਕਿ ਉਨ੍ਹਾਂ ਸ਼ਾਇਦ ਸਾਰੀ ਉਮਰ ਸ਼ਾਦੀ ਨ ਕਰਨ ਦਾ ਫ਼ੈਸਲਾ ਕਰ ਲਿਆ। ਪ੍ਰੋ. ਵਰਮਾ ਦੀ ਸ਼ਖਸ਼ੀਅਤ ਪ੍ਰੋ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰਾਜ ਦੇ ਬਿਲਕੁਲ ਉਲਟ ਸ਼ੀ, ਸਾਦਾ, ਸਪਾਟ, ਮਿਸਕੀਨ, ਸੰਗਾਊ। ਇਹ ਦੋਵੇਂ ਸਾਨੂੰ ਪੜ੍ਹਾਂਦੇ ਸਨ ਪਰ ਸਿਰਾਜ ਸਾਹਿਬ ਦਾ ਹਰ ਪਾਸੇ ਬੋਲ ਬਾਲਾ ਸੀ। ਕਾਲਜ ਦੇ ਸਾਰੇ ਪ੍ਰੋਫੈਸਰ ਕਾਲੇ ਰੰਗ ਦੇ ਗਾਊਨ ਪਾਂਦੇ ਸਨ। ਪ੍ਰੋ. ਵਰਮਾ ਪੜਾਂਦੇ ਸਮੇਂ ਗਾਊਨ ਦੀਆਂ ਤਣੀਆਂ ਨੂੰ ਉਂਗਲਾਂ ਦੁਆਲੇ ਲਪੇਟਦੇ ਰਹਿੰਦੇ ਸਨ। ਬੜੇ ਨੇਕ ਪੁਰਸ਼ ਸਨ। ਇਕ ਦਿਨ ਕਲਾਸ ਵਿਚ ਕਹਿਣ ਲੱਗੇ, 'ਗੁਰੂ ਨਾਨਕ ਸਾਹਿਬ ਦੀ ਤਸਵੀਰ ਦੇਖ ਕੇ ਉਨ੍ਹਾਂ ਦੀ ਬਜ਼ੁਰਗੀ ਸਾਹਵੇਂ ਸਦਾ ਹੀ ਮੇਰਾ ਸਿਰ ਝੁਕ ਜਾਂਦਾ ਹੈ।' ਇਸ ਤੋਂ ਉਨ੍ਹਾਂ ਦੇ ਧਾਰਮਕ ਨਿਸਚੇ ਦਾ ਪਤਾ ਲਗਦਾ ਹੈ।

ਪ੍ਰੋ. ਸਿਰਾਜ ਅੰਗਰੇਜ਼ੀ ਸਭਿਅਤਾ ਦੇ ਪ੍ਰਤੀਕ ਸਨ। ਪੜ੍ਹਾਣ ਦਾ ਢੰਗ ਤੇ ਬੋਲਣ ਦਾ ਅੰਦਾਜ਼ ਜਾਂ ਸ਼ੈਲੀ, ਅਸਲੋਂ ਅਸਾਧਾਰਨ ਤੇ ਵਖਰੀ ਕਿਸਮ ਦੀ ਸੀ। ਵਿਦਿਆਰਥੀਆਂ ਉਤੇ ਉਨ੍ਹਾਂ ਦਾ ਪ੍ਰਭਾਵ ਜਾਦੂ-ਮਈ ਤੇ ਚਕ੍ਰਿਤ ਕਰਨ ਵਾਲਾ ਹੁੰਦਾ ਸੀ।

ਇਕ ਦਿਨ ਸਾਡੀ ਬੀ. ਏ. ਦੇ ਪਹਿਲੇ ਸਾਲ ਦੀ ਕਲਾਸ ਦੇ ਅੰਗਰੇਜ਼ੀ ਪੀਰਡ ਵਿਚ ਅਚਾਨਕ ਇਕ ਬੇਸਵਾਦੀ ਘਟਨਾ ਵਾਪਰ ਗਈ। ਪ੍ਰੋ. ਸਿਰਾਜ ਨੇ ਆਪਣਾ ਬਰੀਫ਼ਕੇਸ (ਬੈਗ) ਖੜੋ ਕੇ ਪੜ੍ਹਾਣ ਵਾਲੇ ਆਦਮ-ਕੱਦ ਮੇਜ਼ (ਲੈਕਚਰ ਸਟੈਂਡ) ਉਤੇ ਰੱਖ ਕੇ ਹਾਜ਼ਰੀ ਲਗਾਈ ਹੀ ਸੀ ਕਿ ਇਕ ਮੁਸਲਮਾਨ ਲੜਕਾ, ਪਤਾ ਨਹੀਂ ਅਨਭੋਲ ਜਾਂ ਸ਼ਰਾਰਤ ਨਾਲ, ਖੜਾ ਹੋ ਕੇ ਪ੍ਰੋਫੈਸਰ ਸਾਹਿਬ ਨੂੰ ਕਹਿਣ ਲੱਗਾ ਕਿ ਕੱਲ੍ਹ ਸ਼ਾਮ ਨੂੰ ਫਲਾਣੇ ਹੋਟਲ ਵਿਚ ਬੇਗਮ ਰਜ਼ੀਆ (ਸਿਰਾਜ ਸਾਹਿਬ ਦੀ ਬੀਵੀ) ਦੀ ਮੇਕ-ਅੱਪ ਤੇ ਫਬਨ ਸਭ ਇਸਤਰੀਆਂ ਨਾਲੋਂ ਵੱਧ ਸੀ। ਆਪਣੇ ਵਲੋਂ ਸ਼ਾਇਦ ਉਸ ਨੇ ਤਾਰੀਫ਼ ਕਰਨੀ ਚਾਹੀ ਪਰ ਪ੍ਰੋਫੈਸਰ ਸਾਹਿਬ ਇਕ-ਦਮ ਗੁੱਸੇ ਵਿਚ ਭਰ ਗਏ ਅਤੇ ਇਸ ਬੇਹੂਦਾ ਹਰਕਤ ਦੇ ਇਤਰਾਜ਼ (protest) ਵਜੋਂ ਆਪਣਾ ਬੈਗ ਚੁੱਕ ਕੇ ਕਲਾਸ ਤੋਂ ਬਾਹਰ ਚਲੇ ਗਏ। ਅਸੀਂ ਸਭ ਬਹੁਤ ਹੈਰਾਨ ਤੇ ਪਰੇਸ਼ਾਨ ਹੋਏ ਅਤੇ ਉਸ ਲੜਕੇ ਨੂੰ ਬੁਰਾ-ਭਲਾ ਕਹਿਣ ਲੱਗ ਪਏ। ਜਦ ਤਿੰਨ-ਚਾਰ ਦਿਨ ਪ੍ਰੋਫੈਸਰ ਸਾਹਿਬ ਪੜ੍ਹਾਣ ਨਾ ਆਏ ਤਾਂ ਆਖਰ ਸਾਰੀ ਕਲਾਸ ਨੇ ਉਸ ਲੜਕੇ ਨੂੰ ਮਜਬੂਰ ਕੀਤਾ ਕਿ ਮੁਆਫੀ ਮੰਗ ਲਏ, ਜਿਸ ਲਈ ਚਾਰ-ਪੰਜ ਲੜਕਿਆਂ ਦੀ ਉਸ ਦੇ ਨਾਲ ਮੁਆਫੀ ਲਈ ਜਾਣ ਦੀ ਡਿਊਟੀ ਲੱਗੀ। ਮੁਆਫੀ ਉਪਰੰਤ ਪ੍ਰੋਫੈਸਰ ਸਾਹਿਬ ਕਲਾਸ ਵਿਚ ਆਏ ਤਾਂ ਸਭ ਨੇ ਖੁਸ਼ੀ ਮਨਾਈ ਅਤੇ ਮਾਹੌਲ ਫਿਰ ਸੁਖਾਵਾਂ ਹੋ ਗਿਆ।

1942 ਸਤੰਬਰ ਵਿਚ ਐਮ. ਏ. ਅੰਗਰੇਜ਼ੀ ਪਾਸ ਕਰਨ ਉਪਰੰਤ ਮੈਂ ਪ੍ਰੋਫੈਸਰ ਸਾਹਿਬ ਤੋਂ ਸਰਟੀਫੀਕੇਟ ਲੈਣ ਉਨ੍ਹਾਂ ਦੇ ਘਰ ਗਿਆ (ਕਿਉਂਕਿ ਕਾਲਜ ਵਿਚ ਅਜੇ ਛੁੱਟੀਆਂ ਸਨ) ਤਾਂ ਪ੍ਰੋਫੈਸਰ ਸਾਹਿਬ ਉਸੇ ਦਿਨ ਕਸ਼ਮੀਰ ਯਾਤਰਾ ਤੋਂ ਵਾਪਸ ਆਏ ਸਨ। ਸਾਮਾਨ ਖਿੱਲਰਿਆ ਪਿਆ ਸੀ ਤੇ ਸਫਾਈ ਹੋ ਰਹੀ ਸੀ। ਪ੍ਰੋਫੈਸਰ ਸਾਹਿਬ ਕਮੀਜ਼ ਪਜਾਮੇ ਵਿਚ ਹੀ ਮਿਲੇ ਤੇ ਕਹਿਣ ਲੱਗੇ, 'ਮੈਂ ਬੜਾ ਮਸਰੂਫ਼ (ਰੁੱਝਾ ਹੋਇਆ) ਹਾਂ। ਤੁਸੀਂ ਆਪ ਹੀ ਸਰਟੀਫਿਕੇਟ ਲਿਖ ਕੇ ਤੇ ਟਾਈਪ ਕਰਵਾ ਕੇ ਲੈ ਆਓ।' ਮੈਂ ਉਨ੍ਹਾਂ ਦਾ ਹੁਕਮ ਮੰਨ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜਿਹਾ ਹੀ ਕੀਤਾ ਤੇ ਕੇਵਲ ਅਕਾਦਮਕ ਤੱਥ ਹੀ ਰਸਮੀ ਤੌਰ ਤੇ ਲਿਖ ਲਿਆਂਦੇ। ਮੈਨੂੰ ਇਹ ਅਰਮਾਨ ਹੀ ਰਿਹਾ ਕਿ ਜੇ ਉਹ ਆਪ ਲਿਖਦੇ ਤਾਂ ਵਧੀਆ ਤੇ ਯਾਦਗਾਰੀ ਪੱਧਰ ਦੀ ਅੰਗਰੇਜ਼ੀ ਲਿਖਦੇ ਤੇ ਮੇਰੀ ਤਾਰੀਫ਼ ਵਿਚ ਵੀ ਕਈ ਫਿਕਰੇ ਲਿਖ ਦਿੰਦੇ।

ਪ੍ਰੋ. ਸਿਰਾਜ ਅਤੇ ਪ੍ਰੋ. ਵਰਮਾ ਦੋਵੇਂ ਦੇਸ਼-ਵੰਡ ਪਿਛੋਂ ਤਰੱਕੀ ਕਰ ਕੇ ਕ੍ਰਮਵਾਰ ਪੱਛਮੀ ਅਤੇ ਪੂਰਬੀ ਪੰਜਾਬ ਦੇ ਡੀ. ਪੀ. ਆਈ. ਬਣੇ। ਪ੍ਰੋ. ਸਿਰਾਜ ਨੇ ਤਾਂ ਮੇਰੇ ਕਾਲਜ ਛੱਡ ਕੇ ਆਉਣ ਤੋਂ ਸ਼ਾਇਦ ਇਕ ਜਾਂ ਦੋ ਸਾਲ ਬਾਅਦ ਇਕ ਵੱਡਾ ਕਾਰਨਾਮਾ ਕਰ ਦਿੱਤਾ। ਉਨ੍ਹਾਂ ਨੇ ਪ੍ਰਿੰਸੀਪਲ ਜੀ. ਡੀ. ਸੋਂਧੀ ਦੀ ਆਪਣੇ ਤੋਂ 20 ਕੁ ਸਾਲ ਛੋਟੀ ਲੜਕੀ ਨਾਲ ਵਿਆਹ ਰਚਾ ਲਿਆ।

ਹਿਸਟਰੀ ਦੇ ਪ੍ਰੋਫ਼ੈਸਰ, ਡਾ. ਜੀ. ਐਲ. ਚੋਪੜਾ, ਦੀ ਵਿਦਵਤਾ ਤੇ ਇਤਿਹਾਸਕ ਖੋਜ ਬਹੁਤ ਪ੍ਰਮਾਣਿਤ ਸੀ। ਉਨ੍ਹਾਂ ਦੀ ਅੰਗਰੇਜ਼ੀ ਪੁਸਤਕ 'Panjab as a Sovereign State' ਬਹੁਤ ਪ੍ਰਸਿੱਧ ਹੈ। ਪ੍ਰੋ. ਈਸ਼ਵਰ ਚੰਦਰ ਨੰਦਾ ਅੰਗਰੇਜ਼ੀ ਦੇ ਪ੍ਰੋਫ਼ੈਸਰ ਸਨ ਪਰ ਉਨ੍ਹਾਂ ਦੀ ਸ਼ੁਹਰਤ ਬਹੁਤ ਕਰਕੇ ਪੰਜਾਬੀ ਨਾਟਕਕਾਰ ਵਜੋਂ ਸੀ। ਪੰਜਾਬੀ ਬੜੀ ਠੇਠ ਬੋਲਦੇ ਸਨ ਅਤੇ ਅੰਗਰੇਜ਼ੀ ਪੰਜਾਬੀਨੁਮਾ ਲਹਿਜੇ ਵਿਚ। ਪ੍ਰੋ. ਹਰੀਸ਼ ਚੰਦਰ ਕਠਪਾਲੀਆ, ਜੋ ਦੇਸ਼-ਵੰਡ ਪਿਛੋਂ ਦੇਸ਼ ਬੰਧੂ ਕਾਲਜ, ਦਿੱਲੀ ਦੇ ਪ੍ਰਿੰਸੀਪਲ ਰਹੇ, ਬੜੇ ਮਜ਼ੇਦਾਰ ਤੇ ਖੁਲ੍ਹੇ ਸੁਭਾ ਦੇ ਮਾਲਕ ਸਨ। ਉਨ੍ਹਾਂ ਬਾਰੇ ਵੱਖਰਾ ਲਿਖਦਾ ਹਾਂ।

ਪ੍ਰੋ. ਹਰੀਸ਼ ਚੰਦਰ ਕਠਪਾਲੀਆ

ਪ੍ਰੋਫ਼ੈਸਰ ਸਾਹਿਬ ਇਕ ਦਿਨ ਸਾਡੀ ਬੀ. ਏ. ਕਲਾਸ ਨੂੰ ਅੰਗਰੇਜ਼ੀ ਦੇ ਪ੍ਰਸਿੱਧ ਨਾਵਲਕਾਰ ਹਾਰਡੀ ਦੇ ਨਾਵਲ 'ਟੈੱਸ' ਦੀ ਆਲੋਚਨਾ ਪੜ੍ਹਾ ਰਹੇ ਸਨ। ਇਸ ਨਾਵਲ ਦੇ ਨਾਇਕ ਤੇ ਨਾਇਕਾ ਦਾ ਪਾਤਰ ਚਿਤਰਨ ਕਰਦੇ ਕਰਦੇ ਇਕ-ਦਮ ਕਹਿਣ ਲੱਗੇ, 'ਜੇ ਸੱਚ ਪੁੱਛੋ ਤਾਂ ਮੈਂ ਟੈੱਸ (ਨਾਵਲ ਦੀ ਨਾਇਕਾ) ਬਾਰੇ ਇਕੋ ਫ਼ਿਕਰਾ ਕਹਿਣਾ ਚਾਹਾਂਗਾ ਕਿ ਕਾਸ਼ ਉਹ ਮੇਰੀ ਭੈਣ ਜਾਂ ਪਤਨੀ ਹੁੰਦੀ!' ਅਸੀਂ ਇਹ ਜਜ਼ਬਾਤੀ ਕਥਨ ਸੁਣ ਕੇ ਹੈਰਾਨ ਵੀ ਹੋਏ ਤੇ ਖੁਸ਼ ਵੀ। ਇਹੋ ਕਾਰਨ ਹੈ ਕਿ ਉਨ੍ਹਾਂ ਦਾ ਇਹ ਕਥਨ ਅਜੇ ਤਕ ਯਾਦ ਹੈ।

ਪ੍ਰੋ. ਕਠਪਾਲੀਆ ਓਦੋਂ ਨਿਊ ਹੋਸਟਲ ਦੇ ਵਾਰਡਨ ਸਨ। ਮੈਂ ਵੀ ਇਕ ਕਮਰੇ ਵਿਚ ਚਚੇਰੇ ਭਾਈ ਰਤਨ ਸਿੰਘ, ਸਰਗੋਧਾ ਸਕੂਲ ਦੇ ਜਮਾਤੀ ਸਤਨਾਮ ਸਿੰਘ ਹਿੱਤਕਾਰੀ ਅਤੇ ਇਕ ਹੋਰ ਲੜਕੇ ਗੁਰਬਚਨ ਸਿੰਘ ਇੰਤਜ਼ਾਰ ਸਮੇਤ ਰਹਿੰਦਾ ਸੀ। ਦਸੰਬਰ 1941 ਵਿਚ ਇਕ ਦਿਨ ਰਾਤ ਦੇ ਅੱਠ ਕੁ ਵਜੇ ਵਾਰਡਨ ਸਾਹਿਬ ਹੋਸਟਲ ਦਾ ਦੌਰਾ ਕਰਦੇ ਹੋਏ ਸਾਡੇ ਕਮਰੇ ਵਿਚ ਆ ਗਏ। ਇਤਫ਼ਾਕ ਨਾਲ ਉਸ ਵੇਲੇ ਅਸੀਂ ਖਾਣਾ ਖਾ ਕੇ ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ਇਕੋ ਚਾਰਪਾਈ ਤੇ ਬੈਠੇ ਗੱਪਾਂ ਮਾਰ ਰਹੇ ਸਾਂ। ਪ੍ਰੋਫ਼ੈਸਰ ਸਾਹਿਬ ਨੇ ਦੇਖ ਕੇ ਨੱਕ ਚਾੜ੍ਹਿਆ ਤੇ ਕਹਿਣ ਲੱਗੇ, 'ਇਸ ਕਾਲਜ ਦੇ ਸੀਨੀਅਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਦਿਆਰਥੀ ਹੋ ਕੇ ਤੁਸੀਂ ਅੰਗਰੇਜ਼ੀ ਕਲਚਰ ਤੋਂ ਨਾਵਾਕਫ ਹੋ। ਹੈਰਾਨੀ ਦੀ ਗੱਲ ਹੈ ਕਿ ਇਕੋ ਚਾਰਪਾਈ ਤੇ ਸਾਰੇ ਬੈਠੇ ਹੋ। ਕੁਰਸੀਆਂ ਕਿਸ ਲਈ ਹਨ ? ਨਾਲੇ ਇਕ-ਦੂਜੇ ਦੇ ਬਿਸਤਰੇ ਤੇ ਬੈਠਣਾ ਗੰਵਾਰੂਪਨ ਹੈ। ਤੁਸੀਂ ਇਹ ਆਦਤਾਂ ਛੱਡ ਦਿਓ। ਜੇ ਮੈਂ ਫਿਰ ਅਜਿਹੀ ਹਰਕਤ ਦੇਖੀ ਤਾਂ ਜੁਰਮਾਨਾ ਕਰਾਂਗਾ।' ਅਸੀਂ ਉਨ੍ਹਾਂ ਨਾਲ ਕਿਸੇ ਹੱਦ ਤਕ ਸਹਿਮਤ ਤਾਂ ਹੋ ਗਏ ਪਰ ਸਾਨੂੰ ਉਨ੍ਹਾਂ ਦੇ ਵਾਧੂ ਤੇ ਨੁਮਾਇਸ਼ੀ ਅੰਗਰੇਜ਼ੀਪੁਣੇ ਉਤੇ ਖਿਝ ਵੀ ਆਈ।

ਅਸਲ ਵਿਚ ਗੌਰਮਿੰਟ ਕਾਲਜ, ਲਾਹੌਰ ਦਾ ਵਿਦਿਆਰਥੀ ਹੋਣਾ ਸਾਧਾਰਨ ਗੱਲ ਨਹੀਂ ਸੀ। ਉਥੇ ਇਕ ਖਾਸ ਕਿਸਮ ਦਾ ਜ਼ਬਤ ਅਤੇ ਵਾਤਾਵਰਨ ਸੀ, ਜੋ ਪੱਛਮ ਦੀ ਨਕਲ ਤੇ ਨਿਰਭਰ ਸੀ। ਸਾਨੂੰ ਹਰ ਵੇਲੇ ਅੰਗਰੇਜ਼ੀ ਬੋਲਣ, ਕੋਟ, ਪੈਂਟ, ਟਾਈ ਪਹਿਨੀ ਰੱਖਣ, ਅੰਗਰੇਜ਼ੀ ਪੁਸਤਕਾਂ ਵੱਧ ਤੋਂ ਵੱਧ ਗਿਣਤੀ ਵਿਚ ਪੜ੍ਹਨ ਅਤੇ ਖਾਣੇ ਦੇ ਮੇਜ਼ ਤੇ ਵੀ ਪੂਰੀ ਤਰ੍ਹਾਂ ਤਿਆਰ ਹੋ ਕੇ (ਕੋਟ ਪੈਂਟ ਆਦਿ ਪਹਿਨ ਕੇ) ਬੈਠਣ ਦਾ ਹੁਕਮ ਸੀ। ਇਕ-ਦੂਜੇ ਨਾਲ ਬੜੀ ਸਭਿਅ ਕਿਸਮ ਦਾ ਵਤੀਰਾ ਅਤੇ ਬੋਲ ਚਾਲ ਕਰਨ ਦੀ ਤਾਕੀਦ ਕੀਤੀ ਜਾਂਦੀ ਸੀ। ਜੇ ਕੋਈ ਗਲਤੀ ਹੋ ਜਾਏ ਤਾਂ ਇਕ-ਦਮ sorry ਆਖਣ ਦਾ ਆਦੇਸ਼ ਸੀ।

ਪ੍ਰੋ. ਇਕਰਾਮ ਹੁਸੈਨ

ਪ੍ਰੋ. ਇਕਰਾਮ ਹੁਸੈਨ (ਫ਼ਿਲਾਸਫ਼ੀ) ਕਾਲਜ ਵਿਚ ਮੇਰੇ ਪਹਿਲੇ ਟਿਊਟਰ ਸਨ। ਹਰ ਸਨਿਚਰਵਾਰ ਟਿਊਟੋਰੀਅਲ ਗਰੁੱਪ ਦੀ ਮੀਟਿੰਗ ਹੁੰਦੀ ਸੀ। ਭਾਵੇਂ ਮੈਂ ਉਨ੍ਹਾਂ ਪਾਸੋਂ ਫ਼ਿਲਾਸਫ਼ੀ ਨਹੀਂ ਪੜ੍ਹਦਾ ਸੀ, ਕਿਉਂਕਿ ਐਫ. ਏ. ਵਿਚ ਮੇਰੇ ਮਜ਼ਮੂਨ (ਇੰਗਲਿਸ਼ ਲਾਜ਼ਮੀ ਤੋਂ ਸਿਵਾ) ਫ਼ਾਰਸੀ, ਇਤਿਹਾਸ ਅਤੇ ਜੁਗਰਾਫੀਆ ਸਨ, ਫਿਰ ਵੀ ਟਿਊਟਰ ਹੋਣ ਦੇ ਨਾਤੇ ਮੈਂ ਉਨ੍ਹਾਂ ਪਾਸ ਛੁੱਟੀ ਮਨਜ਼ੂਰ ਕਰਵਾਉਣ ਜਾਂਦਾ ਸੀ। ਉਹ ਬੜੇ ਪਤਲੇ ਤੇ ਇਕਹਿਰੇ ਸਰੀਰ ਦੇ ਸਨ, ਬਿਲਕੁਲ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਵਰਗੇ। ਪਰ ਦਿਮਾਗ਼ ਦੇ ਬਹੁਤ ਜ਼ਹੀਨ (ਤਿੱਖੇ) ਸਨ ਅਤੇ ਯਾਦ-ਸ਼ਕਤੀ ਏਨੀ ਤੀਖਣ ਕਿ ਸ਼ਾਇਦ ਹੀ ਕਿਸੇ ਹੋਰ ਵਿਦਵਾਨ ਵਿਚ ਹੋਵੇ। ਪਹਿਲੀ ਮੀਟਿੰਗ ਵਿਚ ਉਨ੍ਹਾਂ ਸਾਡੇ ਰੋਲ ਨੰਬਰ ਤੇ ਨਾਮ ਆਪਣੇ ਰਜਿਸਟਰ ਵਿਚ ਲਿਖ ਲਏ। ਦੂਜੀ ਮੀਟਿੰਗ ਵਿਚ ਜ਼ਬਾਨੀ ਤਰਤੀਬਵਾਰ ਸਭ ਦੇ ਨਾਮ ਬੋਲ ਦਿੱਤੇ। ਸਾਡੀ ਹੈਰਾਨੀ ਦੀ ਹੱਦ ਨਾ ਰਹੀ। ਫਿਰ ਜਦ ਵੀ ਮੈਂ ਉਨ੍ਹਾਂ ਨੂੰ ਮਿਲਦਾ, ਮੈਨੂੰ ਇਕ-ਦਮ ਕਹਿੰਦੇ, 'ਆਓ ਦੀਵਾਨ ਸਿੰਘ ਕੀ ਹਾਲ ਹੈ ?'

ਹੋਸਟਲ ਜੀਵਨ ਦੀਆਂ ਪਾਬੰਦੀਆਂ

ਗੌਰਮਿੰਟ ਕਾਲਜ ਵਿਚ ਉਪਰਲੀ ਮੱਧ-ਸ਼੍ਰੇਣੀ ਦੇ ਘਰਾਂ ਤੋਂ ਵਿਦਿਆਰਥੀ ਦਾਖਲ ਹੁੰਦੇ ਸਨ। ਇਸ ਲਈ ਹਰ ਵਿਦਿਆਰਥੀ ਬੜੇ ਉੱਚੇ ਆਦਰਸ਼ ਲੈ ਕੇ ਆਉਂਦਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਕੋਈ ਆਈ. ਸੀ. ਐਸ., ਪੀ. ਸੀ. ਐਸ., ਹਾਈ ਕੋਰਟ ਦਾ ਜੱਜ, ਡਾਕਟਰ, ਇੰਜੀਨੀਅਰ, ਆਰਮੀ ਜਾਂ ਪੁਲੀਸ ਅਫਸਰ, ਵਕੀਲ ਜਾਂ ਪ੍ਰੋਫੈਸਰ ਬਣਨ ਦਾ ਚਾਹਵਾਨ ਹੁੰਦਾ ਸੀ। ਇਸ ਲਈ ਪੜ੍ਹਾਈ, ਖੇਡਾਂ ਅਤੇ ਸਭਿਆਚਾਰਕ ਕਾਰਜਾਂ ਵਲ ਹਰ ਕੋਈ ਬੜੀ ਤਨਦੇਹੀ ਨਾਲ ਰੁਚਿਤ ਹੁੰਦਾ ਸੀ। ਕਾਲਜ ਅਤੇ ਹੋਸਟਲ ਦੇ ਪ੍ਰਬੰਧ ਵਿਚ ਬੜੀ ਸਖਤੀ ਅਤੇ ਪਾਬੰਦੀਆਂ ਸਨ। ਛੁੱਟੀ ਲਏ ਬਿਨਾਂ ਕੋਈ ਗੈਰ-ਹਾਜ਼ਰ ਨਹੀਂ ਹੋ ਸਕਦਾ ਸੀ। ਹੋਸਟਲਾਂ ਦੇ ਗੇਟ ਰਾਤ ਦੇ ਸਾਢੇ ਨੌਂ ਵਜੇ ਬੰਦ ਹੋ ਜਾਂਦੇ ਸਨ। ਜਿਹੜਾ ਇਸ ਤੋਂ ਪਿਛੋਂ ਆਏ, ਉਸ ਨੂੰ ਰਜਿਸਟਰ ਵਿਚ ਦਸਖਤ ਕਰਨੇ ਅਤੇ ਆਉਣ ਦਾ ਸਮਾਂ ਲਿਖਣਾਂ ਪੈਂਦਾ ਸੀ। ਅਗਲੇ ਦਿਨ ਸੁਪਰਡੰਟ, ਜੋ ਐਮ. ਏ. ਪਾਸ ਤੇ ਰੁਅਬਦਾਰ ਵਿਅਕਤੀ ਹੁੰਦਾ ਸੀ ਤੇ ਹੋਸਟਲ ਵਿਚ ਹੀ ਰਹਿੰਦਾ ਸੀ, ਪਾਸ ਪੇਸ਼ੀ ਹੁੰਦੀ ਅਤੇ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਂਦਾ।

ਹੋਸਟਲ ਵਿਚ ਪ੍ਰਾਹੁਣਾ ਰੱਖਣ ਦੀ ਸਖਤ ਮਨਾਹੀ ਸੀ। ਦੂਰ ਦੇ ਰਿਸ਼ਤੇਦਾਰ ਤਾਂ ਕੀ, ਬਾਪ ਜਾਂ ਭਰਾ ਵੀ ਨਹੀਂ ਰਹਿ ਸਕਦਾ ਸੀ। ਇਕ ਵਾਰੀ ਸਾਡੇ ਇਕ ਜਮਾਤੀ ਪ੍ਰਸ਼ੋਤਮ ਸਿੰਘ ਨੂੰ ਟਾਈਫ਼ਾਈਡ ਹੋ ਗਿਆ। ਖਤਰਨਾਕ ਬੀਮਾਰੀ ਸੀ। ਉਸ ਦੇ ਪਿਤਾ ਜੋ ਸ਼ਾਇਦ ਰੋਹਤਕ ਦੇ ਡੀ. ਸੀ. ਸਨ, ਆਪਣੇ ਦਾਮਾਦ ਜੋ ਡਾਕਟਰ ਸਨ, ਨੂੰ ਨਾਲ ਲੈ ਕੇ ਆਏ। ਲੜਕੇ ਦੀ ਹਾਲਤ ਨਾਜ਼ਕ ਸੀ, ਫਿਰ ਵੀ ਉਨ੍ਹਾਂ ਨੂੰ ਰਾਤ ਰਹਿਣ ਦੀ ਆਗਿਆ ਨਾ ਮਿਲੀ। ਅੰਤ ਵਾਰਡਨ ਨੇ ਖਾਸ ਮਿਹਰਬਾਨੀ ਕਰ ਕੇ ਲੜਕੇ ਦੇ ਭਣੂੰਜੇ ਨੂੰ ਡਾਕਟਰ ਦੀ ਹੈਸੀਅਤ ਵਿਚ ਬੀਮਾਰ ਪਾਸ ਰਹਿਣ ਦੀ ਆਗਿਆ ਦਿੱਤੀ, ਪਿਤਾ ਜੀ ਨੂੰ ਬਾਹਰ ਕਿਸੇ ਥਾਂ ਰਹਿਣਾ ਪਿਆ।

ਹੋਸਟਲ ਦੇ ਕਮਰੇ ਵਿਚ ਖਾਣਾ ਖਾਣ ਦੀ ਆਗਿਆ ਨਹੀਂ ਸੀ। ਕੇਵਲ ਕਿਚਨ ਵਿਚ ਬੈਠ ਕੇ ਖਾ ਸਕਦੇ ਸਨ। ਸਿਨੇਮੇ ਦਾ ਪਹਿਲਾ ਸ਼ੋ (ਸ਼ਾਮ ਦੇ ਸਾਢੇ ਛੇ ਤੋਂ ਸਾਢੇ ਨੌਂ ਵਾਲਾ) ਵੇਖ ਕੇ ਵਿਦਿਆਰਥੀ ਟਾਂਗੇ ਦੌੜਾ ਕੇ ਸਾਢੇ ਨੌਂ ਤੋਂ ਦੋ-ਚਾਰ ਮਿੰਟ ਪਹਿਲਾਂ ਭੱਜਦੇ-ਨੱਸਦੇ ਆਉਂਦੇ ਤੇ ਲਾਂਗਰੀਆਂ ਨੂੰ ਇਨਾਮ ਦੇ ਕੇ ਤੇਜ਼ੀ ਨਾਲ ਖਾਣਾ ਕਮਰਿਆਂ ਵਿਚ ਮੰਗਵਾ ਲੈਂਦੇ ਤਾਂ ਜੋ ਭੁੱਖੇ ਨਾ ਸੌਣਾ ਪਏ। ਇਹ ਰੋਟੀ ਅੰਦਰ ਮੰਗਵਾਣ ਦੀ ਛੋਟ ਵੀ ਬੜੀ ਮੁਸ਼ਕਲ ਨਾਲ ਮਿਲੀ ਸੀ, ਕਿਉਂਕਿ ਸਿਨੇਮਾ ਓਦੋਂ ਨਵਾਂ-ਨਵਾਂ ਚਾਲੂ ਹੋਇਆ ਸੀ ਅਤੇ ਇਸ ਦਾ ਸ਼ੌਕ (craze) ਬੇਹੱਦ ਸੀ। ਸਿਨੇਮਾ ਹਾਲ ਥੋੜ੍ਹੇ ਸਨ ਤੇ ਫਿਲਮਾਂ ਵੀ ਬਹੁਤ ਘੱਟ ਬਣਦੀਆਂ ਸਨ। ਹਰ ਵਿਦਿਆਰਥੀ ਨਵੀਂ ਆਈ ਫਿਲਮ ਜ਼ਰੂਰ ਵੇਖਣ ਦਾ ਜਤਨ ਕਰਦਾ। ਮੈਂ ਤੇ ਮੇਰੇ ਸਾਥੀ ਵੀ ਸਮੇਂ ਦੇ ਅਨੁਕੂਲ ਸਿਨੇਮਾ ਵੇਖਣ ਦੇ ਆਦੀ ਸਾਂ।

ਖੇਡਾਂ ਦਾ ਸ਼ੌਕ

ਬਹੁਤੇ ਵਿਦਿਆਰਥੀ ਹਾਕੀ, ਫੁੱਟਬਾਲ, ਟੈਨਿਸ ਜਾਂ ਜਿਮਨਾਸਟਿਕ ਆਦਿ ਖੇਡਦੇ ਸਨ। ਕਾਲਜ ਦੀ ਪਹਿਲੀ ਟੀਮ ਵਿਚ ਆਉਣਾ ਅਤਿ ਕਠਿਨ ਸੀ। ਮੈਂ ਫੁੱਟਬਾਲ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਿਡਾਰੀ ਸੀ ਪਰ ਮੈਂ ਵੇਖਿਆ, ਇਸ ਵਿਚ ਮੈਂ ਟੀਮ ਦਾ ਮੈਂਬਰ ਨਹੀਂ ਬਣ ਸਕਾਂਗਾ। ਇਸ ਲਈ ਮੈਂ ਇਕ ਛੋਟੀ ਪਰ ਔਖੀ ਖੇਡ 'ਗਤਕਾ' ਚੁਣ ਲਈ। ਇਸ ਵਿਚ ਮੈਂ ਪਹਿਲੇ, ਤੀਜੇ ਅਤੇ ਪੰਜਵੇਂ ਸਾਲ ਵਿਚ ਤਿੰਨ ਵਾਰੀ ਯੂਨੀਵਰਸਿਟੀ ਚੈਂਪੀਅਨ ਬਣਿਆ ਅਤੇ 'ਕਾਲਜ ਕਲਰ' ਪ੍ਰਾਪਤ ਕੀਤਾ। ਫੁੱਟਬਾਲ ਵਿਚ ਸਾਡਾ ਜਮਾਤੀ ਗੁਰਦੀਪ ਸਿੰਘ ਬਹੁਤ ਚੰਗਾ ਖਿਡਾਰੀ ਸੀ ਅਤੇ ਟੀਮ ਦਾ ਮੈਂਬਰ ਸੀ। ਉਹ ਪਿਛੋਂ ਪੁਲੀਸ ਅਫਸਰ ਬਣਿਆ ਅਤੇ ਐਸ. ਪੀ. ਵਜੋਂ ਰਿਟਾਇਰ ਹੋਇਆ। ਹਾਕੀ ਵਿਚ ਸਾਡੇ ਕਾਲਜ ਦੀ ਟੀਮ ਬਹੁਤ ਚੰਗੀ ਹੁੰਦੀ ਸੀ। ਇਸ ਦਾ ਮੁਕਾਬਲਾ ਨਿੱਤ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਨਾਲ ਹੁੰਦਾ ਸੀ।

ਜਦ ਸਾਡੇ ਕਾਲਜ ਦਾ ਖ਼ਾਲਸਾ ਕਾਲਜ ਦੀ ਟੀਮ ਨਾਲ ਮੁਕਾਬਲਾ ਹੁੰਦਾ ਤਾਂ ਬੜਾ ਜੋਸ਼-ਖ਼ਰੋਸ਼ ਹੁੰਦਾ। ਖ਼ਾਲਸਾ ਕਾਲਜ ਤੋਂ ਸੈਂਕੜੇ ਵਿਦਿਆਰਥੀ ਹੁਮ-ਹੁਮਾ ਕੇ ਲਾਹੌਰ ਮੈਚ ਦੇਖਣ ਤੇ ਆਪਣੀ ਟੀਮ ਦਾ ਹੌਸਲਾ ਵਧਾਣ ਆਉਂਦੇ। ਉਹ ਗੱਡੀ ਵਿਚ ਮੁਫ਼ਤ ਸਫਰ ਕਰਦੇ ਤੇ ਕਿਸੇ ਟੀ. ਟੀ. ਆਦਿ ਦੀ ਪਰਵਾਹ ਨਾ ਕਰਦੇ! ਅਜਿਹੇ ਮੈਚਾਂ ਵਿਚ ਮੇਰੀ ਹਮਦਰਦੀ ਦੂਹਰੀ ਹੁੰਦੀ, ਆਪਣੇ ਕਾਲਜ ਨਾਲ ਵੀ ਤੇ ਸਿੱਖਾਂ ਦੇ ਕਾਲਜ ਨਾਲ ਵੀ। ਅਸੀਂ ਵੀ ਆਪਣੇ ਲਾਲ ਕੋਟ (ਬਲੇਜ਼ਰ) ਪਾ ਕੇ ਭਾਰੀ ਗਿਣਤੀ ਵਿਚ ਚੌਬੁਰਜੀ ਗਰਾਊਂਡ ਵਿਚ ਮੈਚ ਦੇਖਣ ਜਾਂਦੇ। ਅਸੀਂ ਲੋਕ ਬੜੇ ਸਾਊ ਢੰਗ ਨਾਲ ਆਪਣੇ ਖਿਡਾਰੀਆਂ ਨੂੰ 'ਬਕ-ਅੱਪ' ਕਰਦੇ ਪਰ ਖ਼ਾਲਸਾ ਕਾਲਜ ਵਾਲੇ ਬੜੇ ਸ਼ੋਰ-ਸ਼ਰਾਬੇ ਤੇ ਜੋਸ਼ ਨਾਲ ਇਹ ਕੰਮ ਕਰਦੇ। ਉਨ੍ਹਾਂ ਇਕ ਗੰਵਾਰੂ (vulgar) ਕਿਸਮ ਦਾ ਨਾਹਰਾ ਘੜ ਲਿਆ ਸੀ, 'ਗੌਰਮਿੰਟ ਕਾਲਜ ਦੀ ਲਾਲ ਪਠੋਰੀ, ਖ਼ਾਲਸੇ ਦਾ ਬੋ ਬੱਕਰਾ।' ਜਦ ਉਹ ਇਹ ਨਾਹਰਾ ਲਗਾਂਦੇ ਤਾਂ ਬੜਾ ਹਾਸਾ ਮੱਚਦਾ। ਸਾਡੇ ਲਈ ਵੀ ਇਸ ਨੂੰ ਬਰਦਾਸ਼ਤ ਕਰਨ ਤੋਂ ਸਿਵਾ ਚਾਰਾ ਨਹੀਂ ਸੀ। ਮੈਨੂੰ ਯਾਦ ਹੈ, ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਜੋਧ ਸਿੰਘ, ਪ੍ਰੋ. ਹਰਬੇਲ ਸਿੰਘ ਪੀ. ਟੀ. ਅਤੇ ਹੋਰ ਪ੍ਰੋਫੈਸਰ ਵੀ ਉਥੇ ਹਾਜ਼ਰ ਹੁੰਦੇ ਸਨ। 1943 ਤੋਂ 1946 ਤਕ, ਤਿੰਨ ਸਾਲ ਮੈਂ ਵੀ ਖ਼ਾਲਸਾ ਕਾਲਜ ਦੇ ਪ੍ਰੋਫੈਸਰ ਵਜੋਂ ਅਜਿਹੇ ਮੈਚ ਵੇਖਣ ਲਾਹੌਰ ਆਉਂਦਾ ਰਿਹਾ ਅਤੇ ਇਸ ਤੋਂ ਇਲਾਵਾ ਆਪਣੀ ਗਤਕਾ ਟੀਮ ਵੀ ਲੈ ਕੇ ਆਉਂਦਾ ਰਿਹਾ।

ਮੇਰੇ ਕਾਲਜ ਵਿਚ ਆਉਣ ਤੋਂ ਪਹਿਲਾਂ ਕਾਲਜ ਦੇ ਇਕ ਖਿਡਾਰੀ ਜਾਅਫਰ ਦੀ ਬੜੀ ਸ਼ੁਹਰਤ ਸੀ। ਉਸ ਦਾ ਦਰਿਆ ਰਾਵੀ ਵਿਚ ਬੋਟਿੰਗ (ਕਿਸ਼ਤੀ ਚਲਾਣ) ਦੇ ਹਾਦਸੇ ਵਿਚ ਦੇਹਾਂਤ ਹੋ ਗਿਆ ਸੀ। ਇਸ ਲਈ ਕਾਲਜ ਵਿਚ ਉਸ ਦੀ ਯਾਦਗਾਰ ਕਾਇਮ ਕੀਤੀ ਹੋਈ ਸੀ।

ਸਾਥੀ, ਮਿੱਤਰ, ਜਮਾਤੀ

ਰਤਨ ਸਿੰਘ ਤੋਂ ਇਲਾਵਾ ਕੁਆਡਰੈਂਗਲ ਹੋਸਟਲ ਵਿਚ ਮੇਰੇ ਨਾਲ ਇਕੋ ਡਾਰਮਿਟਰੀ ਵਿਚ ਰਹਿੰਦੇ ਸਾਥੀ ਗੁਰਰਾਜ ਸਿੰਘ (ਜੋ ਪਿਛੋਂ ਐਮ. ਪੀ. ਬਣਿਆ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੇ ਸਾਬਕ ਚੀਫ ਮਨਿਸਟਰ ਸ. ਪ੍ਰਕਾਸ਼ ਸਿੰਘ ਬਾਦਲ ਦਾ ਚਾਚਾ ਹੈ), ਜੋਗਿੰਦਰ ਸਿੰਘ ਪੂਨੀਆਂ (ਜੋ ਪਿਛੋਂ ਬ੍ਰਿਗੇਡੀਅਰ ਵਜੋਂ ਰਿਟਾਇਰ ਹੋਇਆ) ਅਤੇ ਬਲਜੀਤ ਸਿੰਘ ਸਨ। ਇਕ ਹੋਰ ਜਮਾਤੀ ਗੁਰਬਖਸ਼ ਸਿੰਘ ਚੌਧਰੀ (ਜੋ ਪ੍ਰਸਿੱਧ ਕਾਂਗਰਸੀ ਆਗੂ ਤੇ ਸਾਬਕ ਕੇਂਦਰੀ ਮੰਤਰੀ ਸ. ਸਵਰਨ ਸਿੰਘ ਦੇ ਪਿੰਡ ਸ਼ੰਕਰ ਤੋਂ ਸੀ) ਵੀ ਪਿਛੋਂ ਬ੍ਰਿਗੇਡੀਅਰ ਵਜੋਂ ਰਿਟਾਇਰ ਹੋਇਆ। ਸ਼ੋਕ ! ਇਹ ਮੇਰੇ ਸਾਥੀ, ਸਿਵਾਏ ਗੁਰਰਾਜ ਸਿੰਘ ਦੇ, ਸਭ ਚਲਾਣਾ ਕਰ ਗਏ ਹਨ।

ਫ਼ਿਲਮੀ ਆਕਾਸ਼ ਦਾ ਪ੍ਰਸਿੱਧ ਸਿਤਾਰਾ ਮਨਮੋਹਨ ਕ੍ਰਿਸ਼ਨ ਸਾਡਾ ਜਮਾਤੀ ਸੀ। ਉਹ ਰਤਨ ਸਿੰਘ ਨਾਲ ਐਫ. ਐਸ. ਸੀ (ਮੈਡੀਕਲ) ਦਾ ਵਿਦਿਆਰਥੀ ਸੀ। ਉਸ ਨੂੰ ਡਾਕਟਰ ਕਹਿਕੇ ਬੁਲਾਂਦੇ ਸਨ, ਸ਼ਾਇਦ ਇਸ ਲਈ ਕਿ ਉਸ ਦੇ ਪਿਤਾ ਜੀ ਡਾਕਟਰ ਸਨ ਜਾਂ ਇਸ ਲਈ ਕਿ ਉਹ ਡਾਕਟਰ ਬਣਨ ਦਾ ਬਹੁਤ ਚਾਹਵਾਨ ਸੀ। ਆਪਣੇ ਮਿੱਠੇ ਤੇ ਨਿੱਘੇ ਸੁਭਾ ਕਾਰਨ ਉਹ ਬਹੁਤ ਹਰਮਨ ਪਿਆਰਾ ਸੀ। ਉਹ ਗਾਉਂਦਾ ਬਹੁਤਾ ਅੱਛਾ ਸੀ ਅਤੇ ਸਭਿਆਚਾਰਕ ਪ੍ਰੋਗਰਾਮਾਂ, ਨਾਟਕ, ਵਾਦ ਵਿਵਾਦ (debate), ਅਭਿਨੇ (ਐਕਟਿੰਗ) ਆਦਿ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਸੀ। ਉਸ ਦਾ ਕੱਦ ਛੋਟਾ ਸੀ ਪਰ ਦਿਲ ਬਹੁਤ ਵੱਡਾ ਸੀ। ਹਰ ਕੋਈ ਉਸ ਦਾ ਮਿੱਤਰ ਤੇ ਪ੍ਰਸ਼ੰਸਕ ਸੀ।

ਇਕ ਦਿਨ ਮੈਂ ਤੇ ਰਤਨ ਸਿੰਘ ਅਨਾਰਕਲੀ ਬਾਜ਼ਾਰ ਤੋਂ ਚੀਜ਼ਾਂ ਖਰੀਦ ਕੇ ਹੋਸਟਲ ਵਲ ਆ ਰਹੇ ਸੀ। ਸੜਕ ਤੇ ਮਨਮੋਹਨ ਤੇ ਹੋਰ ਕੁਝ ਲੜਕੇ ਮਿਲ ਪਏ। ਮੈਂ ਇਕ ਬਿਜਲੀ ਦਾ ਬਲਬ ਖ਼ਰੀਦ ਕੇ ਕੋਟ ਦੀ ਅੰਦਰਲੀ ਜੇਬ ਵਿਚ ਪਾਇਆ ਸੀ ਤਾਂ ਜੋ ਸੁਰਖਿਅਤ ਰਹੇ ਪਰ ਜਦ ਅਸੀਂ ਸਭ ਜਮਾਤੀ-ਮਿੱਤਰ ਇਕ ਦੂਜੇ ਨੂੰ ਘੁੱਟ ਘੁੱਟ ਕੇ ਜੱਫੀ ਪਾ ਕੇ ਮਿਲਣ ਲੱਗੇ ਤਾਂ ਮੈਨੂੰ ਬਲਬ ਦਾ ਚੇਤਾ ਭੁੱਲ ਗਿਆ। ਜਦ ਮੈਂ ਤੇ ਮਨਮੋਹਨ ਘੁੱਟ ਕੇ ਮਿਲੇ ਤਾਂ ਉਹ ਬਲਬ ਫੱਟ ਗਿਆ ਤੇ ਬੜੀ ਆਵਾਜ਼ ਆਈ। ਸਭ ਕਹਿਣ ਲੱਗੇ ਇਹ ਅਸਲੀ ਤੇ ਨਿੱਘੀ ਮੁਲਾਕਾਤ ਹੋਈ ਹੈ। ਜਦ ਪਤਾ ਲੱਗਾ ਕਿ ਬਲਬ ਫੱਟਣ ਦਾ ਧਮਾਕਾ ਹੋਇਆ ਹੈ ਤਾਂ ਬੜਾ ਹਾਸਾ ਮੱਚਿਆ।

ਇਕ ਅਸਫ਼ਲ ਤਜਰਬਾ

ਕੁਆਡਰੈਂਗਲ ਹੋਸਟਲ ਵਿਚ ਸਾਡੇ ਨਾਲ ਮਨੋਹਰ ਲਾਲ ਓਬਿਰਾਏ (ਜੋ ਜ਼ਿਲਾ ਜਿਹਲਮ ਦੇ ਕਸਬੇ ਚਕਵਾਲ ਦੀ ਭਗਤ ਫੈਮਿਲੀ ਵਿਚੋਂ ਸੀ) ਅਤੇ ਵਜ਼ੀਰਾਬਾਦ ਦਾ ਬ੍ਰਿਜ ਲਾਲ ਚਾਵਲਾ ਵੀ ਰਹਿੰਦੇ ਸਨ ਜੋ ਸਾਡੇ ਜਮਾਤੀ ਤੇ ਮਿੱਤਰ ਸਨ। ਬਾਅਦ ਵਿਚ ਬੀ.ਏ. ਪਾਸ ਕਰਕੇ ਮੈਂ ਅਤੇ ਰਤਨ ਸਿੰਘ ਨੇ ਇਨ੍ਹਾਂ ਦੋਹਾਂ ਲੜਕਿਆਂ ਨਾਲ ਰਲ ਕੇ 1940 ਦੇ ਅੰਤ ਵਿਚ ਮਾਲ ਰੋਡ ਤੇ ਸਥਿਤ 'ਚੀਪ ਜਾਹਨ' ਬਿਲਡਿੰਗ ਵਿਚ ਇਕ ਤਿੰਨ ਕਮਰਿਆਂ ਦਾ ਫਲੈਟ ਕਰਾਏ ਤੇ ਲੈ ਲਿਆ ਅਤੇ ਲਗ ਪਗ ਛੇ ਮਹੀਨੇ ਉਸ ਵਿਚ ਰਹੇ। ਪਰ ਸਾਡਾ ਇਹ ਤਜਰਬਾ ਸ਼ਫਲ ਨਾ ਹੋਇਆ ਕਿਉਂਕਿ ਉਥੇ ਸਾਡੇ ਪਾਸ ਪ੍ਰਾਹੁਣੇ ਬਹੁਤ ਆਉਂਦੇ ਸਨ ਤੇ ਬਹੁਤਾ ਸਮਾਂ ਉਨ੍ਹਾਂ ਦੀ ਸੇਵਾ ਤੇ ਖਾਣ ਪੀਣ ਦਾ ਪ੍ਰਬੰਧ ਕਰਨ ਵਿਚ ਲਗ ਜਾਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਪੜ੍ਹਾਈ ਲਈ ਉਥੇ ਠੀਕ ਵਾਤਾਵਰਨ ਨਾ ਬਣ ਸਕਿਆ। ਇਸ ਲਈ 1941 ਜੁਲਾਈ ਵਿਚ ਅਸੀਂ ਉਹ ਫਲੈਟ ਛੱਡ ਦਿਤਾ ਅਤੇ ਛੁਟੀਆਂ ਉਪਰੰਤ ਅਕਤੂਬਰ ਵਿਚ ਨਿਊ ਹੋਸਟਲ ਵਿਚ ਦਾਖਲ ਹੋ ਗਏ।

ਫ਼ਰਸਟ ਈਅਰ ਫ਼ੂਲ

ਕਾਲਜ ਵਿਚ ਪਹਿਲੇ ਸਾਲ ਦੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਅਨਾੜੀ ਅਤੇ ਬੁੱਧੂ ਸਮਝ ਕੇ ਉਨ੍ਹਾਂ ਨੂੰ 'ਫਰਸਟ ਈਅਰ ਫ਼ੂਲ' ਦਾ ਖਿਤਾਬ ਦਿਤਾ ਜਾਂਦਾ ਸੀ ਅਤੇ ਦੂਜੇ ਸਾਲ ਦੇ ਤੇ ਹੋਰ ਸੀਨੀਅਰ ਵਿਦਿਆਰਥੀ ਉਨ੍ਹਾਂ ਨੂੰ ਬਹੁਤ ਛੇੜਦੇ ਤੇ ਤੰਗ ਕਰਦੇ ਸਨ। ਇਸ ਛੇੜ-ਛਾੜ (ragging) ਨੂੰ ਨਾਰਮਲ ਕਾਰਵਾਈ ਸਮਝਿਆ ਜਾਂਦਾ ਸੀ। ਕੁਆਡਰੈਂਗਲ ਹੋਸਟਲ ਵਿਚ ਦਾਖਲ ਹੋਣ ਉਪਰੰਤ ਮੇਰਾ ਤੇ ਰਤਨ ਸਿੰਘ ਅਤੇ ਹੋਰ ਸਾਥੀਆਂ ਦਾ ਵੀ ਇਹੋ ਹਾਲ ਹੋਇਆ। ਭੂਤਰੇ ਹੋਏ ਸੀਨੀਅਰ ਵਿਦਿਆਰਥੀ ਬੇਫਿਕਰ ਹੋ ਕੇ ਸਾਡੇ ਪਾਸੋਂ ਚੰਦਾ ਵਸੂਲ ਕਰਕੇ ਫੀਸਟਾਂ ਖਾਂਦੇ ਰਹੇ। ਜਿਹੜਾ ਚੰਦਾ ਖੁਸ਼ੀ ਨਾਲ ਨਾ ਦੇਂਦਾ ਜਾਂ ਔਖਾ ਹੁੰਦਾ, ਉਸ ਦੀ ਵਧੇਰੇ ਸ਼ਾਮਤ ਆਉਂਦੀ। ਤੰਗ ਕਰਨ ਦੇ ਉਨ੍ਹਾਂ ਪਾਸ ਕਈ ਤਰੀਕੇ ਸਨ ਪਰ ਅਸੀਂ ਵੀ ਜਤਨ ਕਰਦੇ ਕਿ ਤਿੰਨ ਚਾਰ ਦਾ ਗਰੁਪ ਬਣਾ ਕੇ ਇਧਰ ਉਧਰ ਜਾਈਏ ਤਾਂ ਜੋ ਕੁਝ ਬਚਾਅ ਹੋ ਜਾਏ।

ਹੋਸਟਲ ਦੇ ਨਾਲ ਹੀ ਇਕ ਵਧੀਆ 'ਸਵਿਮਿੰਗ ਪੂਲ' (ਤਰਨ ਲਈ ਤਲਾਅ) ਸੀ ਜੋ 10 ਫੁਟ ਡੂੰਘਾ ਸੀ, ਚਾਰ ਦੀਵਾਰੀ ਬਣਾ ਕੇ ਉਪਰੋਂ ਛੱਤਿਆ ਹੋਇਆ ਸੀ। ਕੁਝ ਘੰਟਿਆਂ ਲਈ ਸਵੇਰੇ ਸ਼ਾਮ ਉਸ ਦਾ ਦਰਵਾਜ਼ਾ ਖੁਲ੍ਹਦਾ ਸੀ। ਪਾਣੀ ਸਾਫ਼ ਰਖਣ ਦਾ ਖ਼ਾਸ ਪ੍ਰਬੰਧ ਸੀ। ਸਾਨੂੰ ਨਵੇਂ ਵਿਦਿਆਰਥੀਆਂ ਨੂੰ ਵੀ ਇਕ ਦਿਨ ਨਹਾਉਣ ਅਤੇ ਤਰਨ ਦੀ ਜਾਚ ਸਿਖਣ ਦਾ ਸ਼ੌਂਕ ਹੋਇਆ ਪਰ ਬਦਕਿਸਮਤੀ ਨਾਲ ਅਜੇ ਅਸੀਂ ਵਿਹਲਾ ਤਲਾਅ ਦੇਖ ਕੇ ਉਥੇ ਗਏ ਹੀ ਸੀ ਕਿ ਦੂਜੇ ਸਾਲ ਦੀ ਤੰਗ ਕਰਨ ਵਾਲੀ ਪਾਰਟੀ ਪਹੁੰਚ ਗਈ। ਉਨ੍ਹਾਂ ਆਉਂਦੇ ਹੀ ਸਾਨੂੰ 4–5 ਵਿਦਿਆਰਥੀਆਂ ਨੂੰ ਕਪੜਿਆਂ ਅਤੇ ਜੁਤੀਆਂ ਸਮੇਤ ਤਲਾਅ ਵਿਚ ਸੁੱਟ ਦਿਤਾ। ਸਾਨੂੰ ਅਜੇ ਤਰਨਾ ਨਹੀਂ ਆਉਂਦਾ ਸੀ ਫਿਰ ਵੀ, 'ਮਰਤਾ ਕਿਆ ਨਾ ਕਰਤਾ', ਅਸੀਂ ਹੱਥ ਪੈਰ ਮਾਰ ਕੇ ਕੰਢੇ ਨੇੜੇ ਪਹੁੰਚਣ ਦਾ ਜਤਨ ਕਰਦੇ ਤਾਂ ਉਹ ਸਾਨੂੰ ਫਿਰ ਪਿੱਛੇ ਧਿੱਕ ਦੇਂਦੇ। ਇਤਫ਼ਾਕ ਨਾਲ ਉਸੇ ਵੇਲੇ ਸੀਨੀਅਰ ਕਲਾਸਾਂ ਦੇ ਤਿੰਨ ਉੱਘੇ ਤੇ ਤੈਰਾਕੀ ਦੇ ਸ਼ੌਕੀਨ ਤੇ ਮਾਹਿਰ ਵਿਦਿਆਰਥੀ ਅਰਜਨ ਸਿੰਘ (ਸਾਬਕ ਏਅਰ ਚੀਫ਼ ਮਾਰਸ਼ਲ ਤੇ ਸਾਬਕ ਲੈਫ. ਗਵਰਨਰ, ਦਿਲੀ), ਕਰਮ ਸਿੰਘ ਗਿੱਲ (ਸਾਬਕ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, ਅਤੇ ਪ੍ਰਸਿੱਧ ਅਰਥ ਵਿਗਿਆਨੀ) ਅਤੇ ਜੀ. ਬੀ. ਸਿੰਘ (ਏਅਰ ਵਾਈਸ ਮਾਰਸ਼ਲ ਰਿਟਾ.) ਤਰਨ ਲਈ ਆ ਗਏ। ਉਹ ਮੇਰੇ ਅਤੇ ਰਤਨ ਸਿੰਘ ਦੇ ਬਹਿਨੋਈ ਸ. ਬੁੱਢਾ ਸਿੰਘ ਬਾਜਵਾ (ਜੋ ਉਨ੍ਹਾਂ ਦੇ ਮਿੱਤਰ ਸਨ ਤੇ ਦਿਆਲ ਸਿੰਘ ਕਾਲਜ ਵਿਚ ਪੜ੍ਹਦੇ ਸਨ, ਰਾਹੀਂ ਸਾਡੇ ਵਾਕਫ਼ ਸਨ। ਉਨ੍ਹਾਂ ਆਉਂਦੇ ਹੀ ਸਾਡੀ ਮਦਦ ਕੀਤੀ। ਸਾਨੂੰ ਬਾਹਰ ਕੱਢ ਕੇ ਤੇ ਹੌਸਲਾ ਦੇ ਕੇ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਤੰਗ-ਕਰੂ ਪਾਰਟੀ ਨੂੰ ਕਿਹਾ ਕਿ ਇਹ ਆਪਣੇ ਆਦਮੀ ਹਨ, ਇਨ੍ਹਾਂ ਨੂੰ ਅੱਗੋਂ ਤੰਗ ਨਹੀਂ ਕਰਨਾ। ਇਸ ਤਰ੍ਹਾਂ ਸਾਡਾ ਕੁਝ ਬਚਾਅ ਹੋ ਗਿਆ। ਤਿੰਨ ਚਾਰ ਮਹੀਨੇ ਬਾਅਦ ਉਂਜ ਹੀ ਇਹ ਤੰਗ-ਕਰੂ ਸਿਲਸਲਾ ਬੰਦ ਹੋ ਜਾਂਦਾ ਸੀ। ਦੂਜੇ ਸਾਲ ਫਿਰ ਸਾਡੀ ਵਾਰੀ ਆ ਗਈ ਨਵੇਂ ਵਿਦਿਆਰਥੀਆਂ ਨੂੰ ਚੁਸਤ ਬਣਾਉਣ ਦੀ।

ਨਵੀਂ ਕੋ-ਐਜੂਕੇਸ਼ਨ

ਲਾਹੌਰ ਭਾਵੇਂ ਹੋਰ ਸ਼ਹਿਰਾਂ ਨਾਲੋਂ ਵਧੇਰੇ ਆਧੁਨਿਕ ਸੀ, ਫਿਰ ਵੀ ਅਜੇ ਕੋ-ਐਜੂਕੇਸ਼ਨ ਸਾਡੇ ਕਾਲਜ ਵਿਚ ਸ਼ੁਰੂ ਹੀ ਹੋਈ ਸੀ ਤੇ ਉਹ ਵੀ ਸਿਰਫ ਐਮ. ਏ. ਅੰਗਰੇਜ਼ੀ ਵਿਚ। ਸਾਡੀ ਐਮ. ਏ. ਇੰਗਲਿਸ਼ ਕਲਾਸ ਵਿਚ ਚਾਰ ਪੰਜ ਲੜਕੀਆਂ ਸਨ ਪਰ ਵੱਖਰੇ ਡੈੱਸਕਾਂ ਤੇ ਬੈਠਦੀਆਂ ਸਨ। ਲੜਕਿਆਂ ਨਾਲ ਉਨ੍ਹਾਂ ਦਾ ਕੋਈ ਸੰਪਰਕ ਨਹੀਂ ਸੀ। ਉਹ ਸੁਰਖਿਅਤ ਵਿਅਕਤੀਆਂ (Protected Persons) ਵਜੋਂ ਵਿਚਰਦੀਆਂ ਸਨ। ਸਾਡੇ ਐਸੇ (Essay) ਵਾਲੇ ਪੇਪਰ ਲਈ ਅੱਠ ਅੱਠ ਵਿਦਿਆਰਥੀਆਂ ਦੇ ਗਰੁਪ ਬਣਾਏ ਹੋਏ ਸਨ। ਮੈਂ ਪ੍ਰੋ. ਸਿਰਾਜ ਵਾਲੇ ਗਰੁਪ ਵਿਚ ਸੀ। ਇਸ ਵਿਚ ਦੋ ਲੜਕੀਆਂ ਵੀ ਸਨ। ਅਸੀਂ ਹਫਤੇ ਵਿਚ ਇਕ ਵਾਰੀ ਪ੍ਰੋ. ਸਾਹਿਬ ਦੇ ਕਮਰੇ ਵਿਚ ਬੈਠ ਕੇ ਉਨ੍ਹਾਂ ਪਾਸੋਂ ਲੇਖ ਲਿਖਣ ਬਾਰੇ ਅਗਵਾਈ ਲੈਂਦੇ ਸੀ। ਛੋਟੇ ਜਿਹੇ ਕਮਰੇ ਵਿਚ ਅਸੀਂ ਸੋਫਿਆਂ ਤੇ ਬੈਠੇ ਇਕ ਦੂਜੇ ਦੇ ਕਾਫੀ ਨੇੜੇ ਹੁੰਦੇ ਸੀ। ਪਰ ਦੋਹਾਂ ਜਿਨਸਾਂ (sexes) ਵਿਚਕਾਰ ਕਾਫੀ ਸੰਗਾਊਪੁਣਾ ਤੇ ਤਨਾਓ ਜੇਹਾ ਹੁੰਦਾ ਸੀ। ਅਚਾਨਕ ਕਿਸੇ ਲੜਕੇ ਜਾਂ ਲੜਕੀ ਦਾ ਪੈੱਨ ਹੇਠਾਂ ਡਿੱਗ ਪੈਂਦਾ ਜਾਂ ਕਾਪੀ, ਜਾਂ ਬੋਲਣ ਸਮੇਂ ਕਿਸੇ ਦਾ ਗਲਾ ਖੁਸ਼ਕ ਹੋ ਜਾਂਦਾ। ਇਨ੍ਹਾਂ ਹਰਕਤਾਂ ਵਿਚੋਂ ਕੋਈ ਵੀ ਹੁੰਦੀ ਸਾਨੂੰ sorry ਆਖਣਾ ਪੈਂਦਾ। ਇਕ ਦਿਨ ਪ੍ਰੋ. ਸਿਰਾਜ ਹੱਸ ਕੇ ਅੰਗਰੇਜ਼ੀ ਵਿਚ ਕਹਿਣ ਲੱਗੇ, ਇਥੇ ਤਾਂ ਸਿਰਫ sorry ਆਖਣ ਦੀ ਹੀ ਮਸ਼ਕ ਹੋ ਰਹੀ ਹੈ, ਕੁਝ ਇਸ ਤੋਂ ਅੱਗੇ ਚਲਣ ਦਾ ਵੀ ਜਤਨ ਕਰੋ। ਫਿਰ ਉਹ ਕਹਿਣ ਲੱਗੇ, ਅੱਗੇ ਤੋਂ ਜਿਸ ਨੇ ਇਕ ਪੀਰਡ ਵਿਚ ਦੋ ਵਾਰੀ 'ਸਾਰੀ' ਕਿਹਾ, ਉਸ ਦਾ ਨਾਂ 'ਮਿਸਟਰ ਸਾਰੀ' ਰੱਖ ਦੇਣਾ ਹੈ। ਇਹ ਗੱਲ 1941-42 ਦੀ ਹੈ, ਹੁਣ 1992 ਵਿਚ ਤਾਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਬੁਆਏ-ਫਰੈਂਡ ਅਤੇ ਗਰਲ-ਫਰੈਂਡ ਬਣਾਉਣ ਦਾ ਰਿਵਾਜ ਆਮ ਹੋ ਗਿਆ ਹੈ ਅਤੇ ਆਪਸ ਵਿਚ ਖੁਲ੍ਹੀ ਗੱਲ-ਬਾਤ ਕਰਨਾ ਆਮ ਹੋ ਗਿਆ ਹੈ ਪਰ ਇਸ ਪਰਿਵਰਤਨ ਵਿਚ 40-50 ਸਾਲ ਲੱਗੇ ਹਨ।

ਕੁਝ ਹੋਰ ਉੱਘੇ ਸਮਕਾਲੀ

ਉਪਰ ਮੇਰੇ ਤੇ ਰਤਨ ਸਿੰਘ ਦੇ ਉੱਘੇ ਸਾਥੀਆਂ ਸ. ਅਰਜਨ ਸਿੰਘ (ਏਅਰ ਚੀਫ ਮਾਰਸ਼ਲ ਰਿਟਾ.) ਡਾ. ਕਰਮ ਸਿੰਘ ਗਿੱਲ ਅਤੇ ਸਰਦਾਰ ਜੀ. ਬੀ ਸਿੰਘ ਦਾ ਜ਼ਿਕਰ ਆਇਆ ਹੈ। ਸੂਰਤ ਸਿੰਘ ਤੇ ਮੂਰਤ ਸਿੰਘ ਦੋ ਹੋਰ ਵਿਦਿਆਰਥੀ ਬੜੇ ਚੁਸਤ ਤੇ ਹੁਸ਼ਿਆਰ ਸਨ। ਉਹ ਵੀ ਸ਼ਾਇਦ ਪਿਛੋਂ ਏਅਰ ਫ਼ੋਰਸ ਦੇ ਵੱਡੇ ਅਫਸਰ ਬਣੇ। ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰ ਲੜਕਾ ਕਪਿਲ ਦੇਵ ਵੀ ਬਹੁਤ ਹੋਣਹਾਰ ਵਿਅਕਤੀ ਸੀ। ਉਹ ਵੀ ਬਾਅਦ ਵਿਚ ਅਵੱਸ਼ ਕਿਸੇ ਵੱਡੇ ਅਹੁਦੇ ਤੇ ਪਹੁੰਚਿਆ ਹੋਵੇਗਾ । ਇਨ੍ਹਾਂ ਤੋਂ ਇਲਾਵਾ (ਡਾ.) ਅਮਰੀਕ ਸਿੰਘ (ਸਾਬਕ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਵੀ ਮੇਰੇ ਐਮ. ਏ. ਇੰਗਲਿਸ਼ ਦੇ ਜਮਾਤੀ ਸਨ ਅਤੇ ਫਿਰ ਖ਼ਾਲਸਾ ਕਾਲਜ ਵਿਚ ਮੇਰੇ ਸਹਿ-ਪੇਸ਼ਾ (colleague) ਰਹੇ। ਇਸੇ ਤਰ੍ਹਾਂ ਮੇਰੇ ਨਿਕਟ-ਸਮਕਾਲੀ, ਲਾਅ ਕਾਲਜ, ਲਾਹੌਰ ਦੇ ਤਿੰਨ ਵਿਦਿਆਰਥੀਆਂ ਸ. ਹਰਚਰਨ ਸਿੰਘ ਅਜਨਾਲਾ (ਸਾਬਕ ਪੰਜਾਬ ਮੰਤਰੀ) ਸ. ਹਰਚਰਨ ਸਿੰਘ ਗਿੱਲ (ਸਾਬਕ ਐਕਸਾਈਜ਼ ਐਂਡ ਟੈਕਸੇਸਨ ਕਮਿਸ਼ਨਰ) ਅਤੇ ਪਦਮ ਸ੍ਰੀ ਸ. ਕੁਲਦੀਪ ਸਿੰਘ ਵਿਰਕ ਆਈ. ਏ. ਐਸ ਰਿਟਾ. (ਸਾਬਕ ਚੇਅਰਮੈਨ, ਪਬਲਿਕ ਸਰਵਿਸ ਕਮਿਸ਼ਨ, ਪੰਜਾਬ) ਨਾਲ ਵੀ ਮੇਰੇ ਨਿੱਜੀ ਸੰਬੰਧ ਸਨ।

ਸ. ਕੁਲਦੀਪ ਸਿੰਘ ਨਾਲ ਸਾਡੀ ਪੁਰਾਣੀ ਰਿਸ਼ਤੇਦਾਰੀ ਸੀ । ਉਨ੍ਹਾਂ ਦਾ ਪਿਛਲਾ ਪਿੰਡ ਝੱਬਰ (ਜ਼ਿਲਾ ਸ਼ੇਖੂਪੁਰਾ) ਸੀ ਅਤੇ ਉਨ੍ਹਾਂ ਦੇ ਪਿਤਾ ਜੀ ਸ. ਨੌਪਾਲ ਸਿੰਘ ਜ਼ੈਲਦਾਰ ਆਪਣੇ ਇਲਾਕੇ ਦੇ ਸਿਰਕੱਢ ਵਿਅਕਤੀ ਸਨ। ਸਾਡੇ ਦਾਦਾ ਜੀ ਨਾਲ ਉਨ੍ਹਾਂ ਦੇ ਮੈਤਰੀ ਸੰਬੰਧ ਸਨ। ਜਦ ਦਾਦਾ ਜੀ ਲਾਹੌਰ ਮੇਰੇ ਪਾਸ ਆਉਂਦੇ ਤਾਂ ਸ. ਕੁਲਦੀਪ ਸਿੰਘ ਵਿਰਕ ਉਨ੍ਹਾਂ ਨੂੰ ਜ਼ਰੂਰ ਮਿਲਦੇ। ਇਕ ਵਾਰੀ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਉਨ੍ਹਾਂ ਨੇ ਦਾਦਾ ਜੀ ਪਾਸੋਂ ਸਹਾਇਤਾ ਵੀ ਲਈ ਸੀ। ਫਿਰ ਦੇਸ਼-ਵੰਡ ਪਿਛੋਂ ਜਦ ਉਹ ਸ੍ਰੀ ਅੰਮ੍ਰਿਤਸਰ ਵਿਚ ਸਿਟੀ ਮਜਿਸਟ੍ਰੇਟ ਲੱਗੇ ਰਹੇ ਤਾਂ ਫਿਰ ਸਾਡਾ ਮੇਲ ਜੋਲ ਵਧ ਗਿਆ। ਅਗਸਤ 1989 ਵਿਚ ਸ. ਕੁਲਦੀਪ ਸਿੰਘ ਮੈਨੂੰ ਮਿਲੇ ਤਾਂ ਅਸੀਂ ਪੁਰਾਣੀਆਂ ਯਾਦਾ ਸਾਂਝੀਆ ਕਰਦੇ ਰਹੇ। ਵਿਰਕ ਸਾਹਿਬ ਕਹਿਣ ਲੱਗੇ, ਸਰਦਾਰ ਸਾਹਿਬ (ਸਾਡੇ ਦਾਦਾ ਜੀ) ਮਹਾਨ ਵਿਅਕਤੀ ਸਨ। ਵਿਰਕ ਸਾਹਿਬ ਬੜੇ ਸਿਆਣੇ, ਮਿਲਣਸਾਰ, ਅਤੇ ਦੂਰ ਅੰਦੇਸ਼ ਸੱਜਣ ਹਨ। ਸਾਡੇ ਰਿਸ਼ਤੇਦਾਰਾਂ ਵਿਚ ਉਹ ਵਿਸ਼ੇਸ਼ ਮਾਣ-ਸਤਿਕਾਰ ਦੇ ਪਾਤਰ ਸਮਝੇ ਜਾਂਦੇ ਹਨ।

ਸਾਇੰਸ ਦੀਆਂ ਨਵੀਆਂ ਕਾਢਾਂ

ਨਵੀਂ ਚੀਜ਼ ਦਾ ਨਵਾਂ ਤਜਰਬਾ ਤੇ ਨਵਾਂ ਸੁਆਦ ਹੁੰਦਾ ਹੈ। ਪੱਛਮੀ ਸਭਿਅਤਾ ਨੇ ਸਾਇੰਸ ਦੇ ਨਵੇਂ ਚਮਤਕਾਰਾਂ ਨਾਲ ਦੁਨੀਆਂ ਨੂੰ ਹੈਰਾਨ ਕਰ ਦਿਤਾ ਹੈ। ਜਿਥੇ ਅੰਗਰੇਜ਼ੀ ਰਾਜ ਗ਼ੁਲਾਮੀ ਦਾ ਪ੍ਰਤੀਕ ਸੀ, ਉਥੇ ਇਸ ਨੇ ਬਹੁਤ ਕੁਝ ਨਵੀਨਤਾ ਵੀ ਭਾਰਤ ਨੂੰ ਦਿਤੀ। ਕਹਿੰਦੇ ਹਨ ਜਦ 1853 ਵਿਚ ਪਹਿਲੀ ਵਾਰ ਭਾਰਤ ਵਿਚ ਰੇਲ ਗੱਡੀ ਚਾਲੂ ਹੋਈ ਤਾਂ ਕਈ ਲੋਕਾਂ ਨੇ ਇਸ ਨੂੰ ਅੰਗਰੇਜ਼ਾਂ ਵਲੋਂ ਇਕ ਜਾਦੂ ਦੀ ਖੇਡ ਜਾਂ ਗੁਲਾਮੀ ਕਾਇਮ ਰਖਣ ਲਈ ਕੋਈ ਨਵੀਂ ਰਾਜਸੀ ਚਾਲ ਸਮਝਿਆ। ਫਿਰ ਜਦ ਇਸ ਦੇ ਲਾਭ ਦੇਖੇ ਤਾਂ ਲੋਕ ਇਸ ਦੇ ਗੁਣ ਗਾਉਣ ਲੱਗ ਪਏ। ਏਸੇ ਤਰ੍ਹਾਂ ਨਵੇਂ ਡਾਕਖਾਨੇ ਤੇ ਨਵੇਂ ਸਕੂਲ ਖੁਲ੍ਹਣ ਤੇ ਵੀ ਲੋਕਾਂ ਨੂੰ ਸ਼ੱਕ ਹੋਇਆ। ਬਿਜਲੀ ਦੀ ਕਾਢ ਨੂੰ ਵੀ ਲੋਕਾਂ ਨੇ ਇਕ ਸ਼ੈਤਾਨੀ ਖੇਡ ਸਮਝਿਆ। ਜਦ ਸ੍ਰੀ ਦਰਬਾਰ ਸਾਹਿਬ ਵਿਚ ਬਿਜਲੀ ਲੱਗੀ ਤਾਂ ਸੰਗਤਾਂ ਨੂੰ ਇਹ ਇਕ ਅਜੀਬ ਤੇ ਓਪਰੀ ਗੱਲ ਜਾਪੀ। ਪਰ ਹੁਣ ਇਹ ਸਭ ਕੁਝ ਸਾਧਾਰਨ ਜਾਪਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਯਾਦ ਹੈ ਕਿ 1931 ਵਿਚ ਜਦ ਮੈਂ ਪਹਿਲੀ ਵਾਰ ਮੋਟਰ ਕਾਰ ਵਿਚ ਸੈਰ ਕੀਤੀ ਤਾਂ ਬਹੁਤ ਚੰਗਾ ਲੱਗਾ। ਸਰਗੋਧੇ ਵਿਚ ਸ਼ਾਇਦ ਪਹਿਲੀ ਕਾਰ ਨਵਾਬ ਮੀਆਂ ਸਾਲਿਹ ਮੁਹੰਮਦ ਨੇ ਖਰੀਦੀ। ਦਾਦਾ ਜੀ ਨੇ ਮੈਨੂੰ ਤੇ ਦਲੀਪ ਸਿੰਘ ਨੂੰ ਉਚੇਚੇ ਤੌਰ ਤੇ ਇਸ ਵਿਚ ਸੈਰ ਕਰਾਈ। 1931 ਵਿਚ ਹੀ ਸਰਗੋਧੇ ਜਦ ਨਵਾਂ ਹਵਾਈ ਅੱਡਾ ਬਣਿਆ ਤੇ ਹਵਾਈ ਜਹਾਜ਼ ਉਥੇ ਆਉਣੇ ਸ਼ੁਰੂ ਹੋਏ ਤਾਂ ਹੋਰ ਸ਼ਹਿਰੀਆਂ ਵਾਂਗ ਅਸੀਂ ਛੋਟੇ ਬੱਚੇ ਵੀ ਸਕੂਲ ਵਿਚੋਂ ਹਵਾਈ ਜਹਾਜ਼ ਨੇੜਿਉਂ ਦੇਖਣ ਲਈ ਹਵਾਈ ਅੱਡੇ ਤੇ ਗਏ। 1944 ਵਿਚ ਜਦ ਖਾਲਸਾ ਕਾਲਜ ਵਿਚ ਏਅਰ ਫੋਰਸ ਟਰੇਨਿੰਗ ਕਲਾਸ ਖੁਲ੍ਹੀ ਤਾਂ ਅਸੀਂ ਕੁਝ ਪ੍ਰੋਫੈਸਰਾਂ ਨੇ ਪਹਿਲੀ ਵਾਰ ਹਵਾਈ ਜਹਾਜ਼ ਦੀ ਸੈਰ ਦਾ ਤਜਰਬਾ ਹਾਸਲ ਕੀਤਾ।

ਲਾਹੌਰ ਵਿਚ ਰਹਿੰਦਿਆਂ 1941 ਵਿਚ ਮੈਨੂੰ ਇਕ ਹੋਰ ਨਵਾਂ ਤਜਰਬਾ ਹੋਇਆ, ਪਹਿਲੀ ਵਾਰ ਟੈਲੀਫੋਨ ਕਰਨ ਦਾ। ਇਸ ਦਾ ਬਿਆਨ ਰੋਚਕ ਹੋਵੇਗਾ। ਸਾਡੇ ਕੁਆਡਰੈਂਗਲ ਹੋਸਟਲ ਵਿਚ ਟੈਲੀਫੋਨ ਲੱਗ ਗਿਆ ਤਾਂ ਹਰ ਵਿਦਿਆਰਥੀ ਨੂੰ ਇਸ ਦੀ ਵਰਤੋਂ ਬਾਰੇ ਉਤਸੁਕਤਾ ਹੋਈ। ਮੈਨੂੰ ਇਸ ਦੀ ਵਰਤੋਂ ਦਾ ਇਤਫ਼ਾਕ ਨਾਲ ਛੇਤੀ ਇਕ ਅਵਸਰ ਮਿਲ ਗਿਆ। ਪਿੰਡ ਤੋਂ ਭਾਈ ਇਕਬਾਲ ਸਿੰਘ ਨੇ ਮੈਨੂੰ ਆਪਣੇ ਜ਼ੈਲਦਾਰੀ ਕੇਸ ਬਾਰੇ (ਜੋ ਦਾਦਾ ਜੀ ਦੇ ਦੇਹਾਂਤ ਨਾਲ ਉੱਠ ਖੜਾ ਹੋਇਆ ਸੀ) ਸਰ ਖਿਜ਼ਰ ਹੱਯਾਤ ਖ਼ਾਨ ਟਿਵਾਣਾ (ਚੀਫ਼ ਮਨਿਸਟਰ ਪੰਜਾਬ) ਨੂੰ ਮਿਲਣ ਲਈ ਪੱਤਰ ਲਿਖਿਆ। ਟਿਵਾਣਾ ਸਾਹਿਬ ਦਾਦਾ ਜੀ ਨੂੰ ਸਤਿਕਾਰ ਵਜੋਂ ਚਾਚਾ ਜੀ ਕਹਿੰਦੇ ਸਨ, ਕਿਉਂਕਿ ਉਨ੍ਹਾਂ ਦੇ ਪਿਤਾ ਜੀ ਸਰ ਮੁਹੰਮਦ ਹਯਾਤ ਖ਼ਾਨ ਟਿਵਾਣਾ ਦਾਦਾ ਜੀ ਦੇ ਮਿੱਤਰ ਰਹੇ ਸਨ। ਮੈਂ ਸੋਚਿਆ ਪਹਿਲਾਂ ਫ਼ੋਨ ਕਰਕੇ ਮੁਲਾਕਾਤ ਲਈ ਸਮਾਂ ਲੈ ਲਵਾਂ। ਇਸ ਲਈ ਦਲੇਰੀ ਕਰ ਕੇ ਮੈਂ ਉਨ੍ਹਾਂ ਦਾ ਨੰਬਰ ਪਤਾ ਕੀਤਾ ਤੇ ਫ਼ੋਨ ਕਰ ਦਿਤਾ। ਮੇਰਾ ਖਿਆਲ ਸੀ ਉਨ੍ਹਾਂ ਦਾ ਪੀ.ਏ. ਬੋਲੇਗਾ। ਪਰ ਮੇਰੀ ਹੈਰਾਨੀ ਦੇਖੋ, ਟਿਵਾਣਾ ਸਾਹਿਬ ਆਪ ਬੋਲੇ ਤੇ ਪੁੱਛਿਆ, ਕੌਣ ਬੁਲੇਂਦਾ ਹੈ ? (ਉਹ ਲਹਿੰਦੀ ਬੋਲੀ ਹੀ ਬੋਲਦੇ ਸਨ)। ਮੈਂ ਦੱਸਿਆ, ਮੈਂ ਸਰਦਾਰ ਸਾਹਿਬ ਸੂਬੇਦਾਰ ਸ਼ੇਰ ਸਿੰਘ ਦਾ ਪੋਤਰਾ ਬੋਲ ਰਿਹਾ ਹਾਂ। ਕਹਿਣ ਲੱਗੇ, ਕੇ ਗੱਲ ਏ ? ਮੈਂ ਕਿਹਾ ਜੀ ਮੈਂ ਮਿਲ ਕੇ ਇਕ ਦਰਖਾਸਤ ਕਰਨੀ ਹੈ। ਕਹਿਣ ਲੱਗੇ, ਤੁਸਾਨੂੰ ਕੰਮ ਹਾਂ ਤਾਂ ਹਿਥੇ ਆ ਵੰਞੋ। ਮੈਂ ਸਮਾਂ ਮੰਗਿਆ ਤਾਂ ਕਹਿਣ ਲੱਗੇ, ਕੱਲ ਸਵੇਰੇ ਨੌਂ ਵਜੇ ਮੇਰੀ ਕੋਠੀ (ਉਸ ਦਾ ਪਤਾ ਦੱਸਿਆ) ਪਹੁੰਚ ਵੰਞੋ। ਇਸ ਤਰ੍ਹਾਂ ਫ਼ੋਨ ਕਰਨ ਦਾ ਨਵਾਂ ਤਜਰਬਾ ਹਾਸਲ ਹੋਇਆ।

ਸਾਡਾ ਰਾਜਸੀ ਨਾਇਕ

ਹੋਸਟਲ ਦੇ ਕਾਮਨ ਰੂਮ ਵਿਚ ਟ੍ਰਿਬਿਊਨ ਅਤੇ ਸਿਵਲ ਐਂਡ ਮਿਲਟਰੀ ਗਜ਼ਟ ਦੋ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਆਉਂਦੇ ਸਨ। ਓਦੋਂ ਰਾਜਸੀ ਉਥਲ ਪੁਥਲ ਬਹੁਤ ਸੀ ਅਤੇ ਆਜ਼ਾਦੀ ਲਈ ਅੰਦੋਲਨ ਜ਼ੋਰਾਂ ਤੇ ਸੀ। ਅਸੀਂ ਕਾਮਨ ਰੂਮ ਵਿਚੋਂ ਜਾਂ ਕਾਲਜ ਲਾਇਬਰੇਰੀ ਵਿਚ ਜਾ ਕੇ ਅਖ਼ਬਾਰ ਜ਼ਰੂਰ ਪੜ੍ਹਦੇ। ਸਾਡਾ ਨੌਜਵਾਨਾਂ ਦਾ ਰਾਜਸੀ ਨਾਇਕ ਸਰਦਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤ ਸਿੰਘ ਸ਼ਹੀਦ ਸੀ, ਜਾਂ ਫਿਰ ਉਸ ਸਮੇਂ ਦਾ ਪ੍ਰਸਿੱਧ ਜੋਸ਼ੀਲਾ ਆਗੂ ਸੁਭਾਸ਼ ਚੰਦਰ ਬੋਸ ਸਾਨੂੰ ਬਹੁਤ ਪ੍ਰਭਾਵਿਤ ਕਰਦਾ ਸੀ। ਮਹਾਤਮਾ ਗਾਂਧੀ ਦਾ ਅਹਿੰਸਾਵਾਦ, ਸਤਿਆਗ੍ਰਹਿ ਅਤੇ ਮਰਨ ਵਰਤ ਆਦਿ ਸਾਨੂੰ ਬਹੁਤ ਅਜੀਬ ਲਗਦੇ। ਅਸੀਂ ਸੋਚਦੇ ਇਨ੍ਹਾਂ ਢੰਗਾਂ ਨਾਲ ਆਜ਼ਾਦੀ ਕਿਵੇਂ ਮਿਲ ਸਕਦੀ ਹੈ? ਜਨਰਲ ਮੋਹਨ ਸਿੰਘ ਅਤੇ ਬਾਅਦ ਵਿਚ ਸੁਭਾਸ਼ ਚੰਦਰ ਬੋਸ ਵਲੋਂ ਚਲਾਈ ਬਗ਼ਾਵਤ ਲਹਿਰ ਤੇ ਆਈ. ਐਨ. ਏ. ਦਾ ਸੰਗਠਨ ਸਾਨੂੰ ਵਧੇਰੇ ਕਾਰਗਰ ਜਾਪਦਾ ਸੀ। ਹੁਣ ਇਹ ਰਾਜਸੀ ਵਿਵਾਦ ਦਾ ਸਦੀਵੀ ਵਿਸ਼ਾ ਬਣ ਗਿਆ ਹੈ ਕਿ ਭਾਰਤ ਨੂੰ ਆਜ਼ਾਦੀ ਗਰਮ ਧੜੇ ਦੇ ਜੋਸ਼ੀਲੇ ਯਤਨਾਂ ਨਾਲ ਪ੍ਰਾਪਤ ਹੋਈ ਜਾਂ ਮਹਾਤਮਾ ਗਾਂਧੀ ਵਲੋਂ ਚਲਾਈ ਸ਼ਾਂਤਮਈ ਨਾ-ਮਿਲਵਰਤਨ (Non-Co-operation) ਲਹਿਰ ਨਾਲ? ਮੈਨੂੰ ਨਿੱਜੀ ਤੌਰ ਤੇ ਮਹਾਤਮਾ ਗਾਂਧੀ ਦੀ ਆਤਮਕ ਖੋਜ ਤੇ ਲਗਣ ਭਾਰਤ ਦੀ ਹੋਣੀ ਲਈ ਇਕ ਚੰਗਾ ਸ਼ਗਣ ਤੇ ਵਰਦਾਨ ਜਾਪਦਾ ਸੀ ਅਤੇ ਮੈਂ ਉਨ੍ਹਾਂ ਦੀ ਸਵੈ-ਜੀਵਨੀ (My Experiments with Truth) ਬੜੇ ਧਿਆਨ ਨਾਲ ਪੜ੍ਹੀ। ਪਰੰਤੂ ਸਰਦਾਰ ਭਗਤ ਸਿੰਘ ਸ਼ਹੀਦ ਦਾ ਨਾਂ ਸੁਣਦੇ ਹੀ ਹਰ ਨੌਜਵਾਨ ਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਸੀ।

ਲੱਸੀ ਵਾਲਾ ਸਰਦਾਰ

ਸ. ਭਗਵਾਨ ਸਿੰਘ ਲੱਸੀ ਵਾਲਾ ਵੀ ਲਾਹੌਰ ਦੇ ਅਜੂਬਿਆਂ ਵਿਚੋਂ ਸੀ। ਲਾਹੌਰ ਦੇ ਸਭ ਤੋਂ ਮਸ਼ਹੂਰ ਤੇ ਰੌਣਕ ਵਾਲੇ ਅਨਾਰਕਲੀ ਬਾਜ਼ਾਰ ਦੇ ਇਕ ਸਿਰੇ ਤੇ ਮੰਦਭਾਗੀ ਇਸਤ੍ਰੀ ਅਨਾਰਕਲੀ ਦੀ ਕਬਰ (ਨੀਲਾ ਗੁੰਬਦ) ਸੀ ਤੇ ਦੂਜੇ ਸਿਰੇ ਤੇ ਲਾਹੌਰੀ ਦਰਵਾਜ਼ੇ ਦੀ ਗੁੱਠ ਵਿਚ ਲੱਸੀ ਦੇ ਜਾਦੂਗਰ ਭਗਵਾਨ ਸਿੰਘ ਦੀ ਦੁਕਾਨ, ਜਿਥੇ ਹਰ ਵੇਲੇ ਗਰਮੀਆਂ ਦੇ ਮੌਸਮ ਵਿਚ ਲੋਕਾਂ ਦੀ ਭਾਰੀ ਭੀੜ ਜੰਮੀ ਰਹਿੰਦੀ ਸੀ। ਅੱਜ ਕੱਲ੍ਹ ਦੇ ਭਾਰਤੀ ਪੰਜਾਬ ਦੇ ਨਵੇਂ ਪੋਚ ਨੂੰ ਇਹ ਯਾਦ ਕਰਾਉਣ ਦੀ ਲੋੜ ਹੈ ਕਿ ਅਨਾਰਕਲੀ ਸ਼ਹਿਨਸਾਹ ਅਕਬਰ ਦੇ ਮਹੱਲਾਂ ਦੀ ਇਕ ਅਤਿ ਸੁੰਦਰ ਕਨੀਜ਼ (ਅਰਥਾਤ ਬਾਂਦੀ) ਸੀ। ਉਹ ਸ਼ਹਿਜ਼ਾਦਾ ਸਲੀਮ (ਪਿਛੋਂ ਬਾਦਸ਼ਾਹ ਜਹਾਂਗੀਰ) ਨਾਲ ਇਸ਼ਕ ਕਰਨ ਦੀ ਗੁਸਤਾਖ਼ੀ ਕਰ ਬੈਠੀ। ਅਕਬਰ ਨੂੰ ਪਤਾ ਲੱਗਾ ਤਾਂ ਉਸ ਨੇ ਗੁੱਸੇ ਵਿਚ ਆ ਕੇ ਉਸ ਨੂੰ ਦੀਵਾਰ ਵਿਚ ਜ਼ਿੰਦਾ ਚਿਣਵਾ ਦੇਣ ਦਾ ਹੁਕਮ ਦਿਤਾ, ਜਿਥੇ ਹੁਣ ਉਸ ਦੀ ਕਬਰ ਹੈ। ਉਸ ਇਸ਼ਕ ਦੀ ਸ਼ਹੀਦ ਲੜਕੀ ਦੇ ਨਾਂ ਤੇ ਲਾਹੌਰ ਦਾ ਇਹ ਪ੍ਰਸਿੱਧ ਬਾਜ਼ਾਰ ਬਣਿਆ। ਫ਼ਾਰਸੀ ਦੇ ਮਹਾਨ ਕਵੀ ਹਾਫ਼ਿਜ਼ ਨੇ ਠੀਕ ਕਿਹਾ ਹੈ:

ਹਰਗਿਜ਼ ਨਮੀਰਦ ਆਂ ਕਿ ਦਿਲਸ਼ ਜ਼ਿੰਦਾ ਸ਼ੁਦ ਬਇਸ਼ਕ।

ਅਰਥਾਤ ਜਿਸ ਦਾ ਦਿਲ ਇਸ਼ਕ ਨਾਲ ਜ਼ਿੰਦਾ ਹੋ ਗਿਆ, ਉਹ ਕਦੀ ਨਹੀਂ ਮਰਦਾ। ਏਸੇ ਬਾਜ਼ਾਰ ਵਿਚ ਹੀ ਇਕ ਧਨਾਢ ਸਿੱਖ ਦੁਕਾਨਦਾਰ ਜਗਤ ਸਿੰਘ ਕਵਾਤਰਾ ਦੀ ਮਸ਼ਹੂਰ ਦੁਕਾਨ ਸੀ, ਆਮ ਵਰਤੋਂ ਦੀਆਂ ਚੀਜ਼ਾਂ ਦੀ। ਅਸੀਂ ਵਿਦਿਆਰਥੀ ਲੋਕ ਵੀ ਇਸ ਦੁਕਾਨ ਦੇ ਪੱਕੇ ਗਾਹਕ ਸਾਂ। ਸਾਡੇ ਲਈ ਇਹ ਦੁਕਾਨ ਇਸ ਲਈ ਵੀ ਖਿੱਚ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਨ ਸੀ ਕਿ ਸ. ਜਗਤ ਸਿੰਘ ਦੇ ਸਪੁੱਤਰ ਸ. ਪ੍ਰੀਤਮ ਸਿੰਘ ਦੀ ਪਤਨੀ ਪੰਜਾਬੀ ਦੀ ਉਸ ਵੇਲੇ ਤੇਜ਼ੀ ਨਾਲ ਉਭਰ ਰਹੀ ਕਵਿਤਰੀ ਅੰਮ੍ਰਿਤਾ ਪ੍ਰੀਤਮ (ਓਦੋਂ ਨਾਂ ਅੰਮ੍ਰਿਤ ਕੌਰ ਸੀ) ਇਸ ਦੁਕਾਨ ਨਾਲ ਸੰਬੰਧਿਤ ਸੀ। ਪਿਛੋਂ ਅੰਮ੍ਰਿਤਾ ਅਨਾਰਕਲੀ ਵਾਂਗ ਸ਼ਹੀਦ ਤਾਂ ਨਹੀਂ ਹੋਈ ਪਰ ਕਈ ਲੋਕ ਉਸ ਨੂੰ ਵੀ ਇਸ਼ਕ ਦੇ ਕਾਵਿਕ ਖਿਆਲਾਂ ਦੀ 'ਜ਼ਿੰਦਾ ਸ਼ਹੀਦ' ਜ਼ਰੂਰ ਮੰਨਦੇ ਹਨ। ਉਸ ਦੀ ਵਡਿੱਤਣ ਤੇ ਅਦੁੱਤੀ ਸ਼ੁਹਰਤ ਦਾ ਕਾਰਨ ਵੀ ਸ਼ਾਇਦ ਅਜੇਹੇ ਅਰੂੜੀਗਤ ਖਿਆਲ ਹੀ ਹਨ।

ਖੈਰ, ਗੱਲ ਭਗਵਾਨ ਸਿੰਘ ਦੀ ਚਲ ਰਹੀ ਸੀ। ਨੌਜਵਾਨਾਂ ਵਿਚ ਸੁਭਾਵਕ ਹੀ ਉੱਦਮ ਤੇ ਜੀਵਨ ਦਾ ਉਤਸ਼ਾਹ (adventure) ਜ਼ਿਆਦਾ ਹੁੰਦਾ ਹੈ। ਇਸ ਲਈ ਅਸੀਂ ਵਿਦਿਆਰਥੀ ਲੋਕ ਉਸ ਮਿੱਠੀ ਜ਼ਬਾਨ ਵਾਲੇ ਸਰਦਾਰ ਦੇ ਚਹੇਤੇ ਗਾਹਕ ਹੁੰਦੇ ਸੀ। ਉਸ ਦੀ ਅਤਿ ਸੁਆਦੀ ਤੇ ਨਿਰਾਲੀ ਲੱਸੀ ਦੀ ਭਰਪੂਰ ਯਾਦ ਅਜੇ ਵੀ ਮੇਰੀ ਕਲਪਨਾ ਦੇ ਰਸਾਤਮਕ ਭਾਗ ਵਿਚ ਵੱਸ਼ੀ ਹੋਈ ਹੈ। ਫਿਰ ਅਜੇਹੀ ਲੱਸੀ ਕਦੀ ਨਹੀਂ ਲੱਭੀ ਤੇ ਨਾ ਹੀ ਲੱਭ ਸਕਦੀ ਹੈ। ਦੇਸ਼ ਵੰਡ ਤੋਂ ਪਿਛੋਂ ਭਗਵਾਨ ਸਿੰਘ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਆ ਗਿਆ ਪਰ ਇਥੇ ਉਸ ਦੀ ਲਾਹੌਰ ਵਾਲੀ ਪੈਂਠ ਨਾ ਜੰਮ ਸਕੀ। ਫਿਰ ਵੀ ਬੁਢਾਪੇ ਦੇ ਕੁਝ ਸਾਲ ਉਹ ਇਸ ਸ਼ਹਿਰ ਵਿਚ ਵੀ ਜਨ ਸਾਧਾਰਨ ਦੇ ਜੀਭ-ਰਸ ਦੀ ਤ੍ਰਿਪਤੀ ਦਾ ਸਾਧਨ ਬਣਿਆ ਰਿਹਾ।

ਇਕ ਬੰਗਾਲੀ ਕ੍ਰਾਂਤੀਕਾਰ

ਪਹਿਲਾਂ ਹੀ ਇਸੇ ਕਾਂਡ ਵਿਚ ਮੈਂ 'ਇਕ ਅਸਫਲ ਤਜਰਬਾ' ਸਿਰਲੇਖ ਹੇਠ ਲਿਖ ਚੁਕਾ ਹਾਂ ਕਿ ਅਸੀਂ 4 ਵਿਦਿਆਰਥੀ ਕੁਝ ਮਹੀਨਿਆਂ ਲਈ ਮਾਲ ਰੋਡ ਤੇ ਸਥਿਤ ਮਸ਼ਹੂਰ ਦੁਕਾਨ 'ਚੀਪ ਜਾਹਨ' ਦੇ ਉਪਰ ਇਕ ਫ਼ਲੈਟ ਵਿਚ ਰਹੇ ਸੀ। ਇਸ ਸਮੇਂ ਦੌਰਾਨ ਸਾਨੂੰ ਅਚਾਨਕ ਰੇਲਵੇ ਸਟੇਸ਼ਨ ਦੇ ਇਕ ਪਲੇਟ ਫ਼ਾਰਮ ਤੇ ਫਿਰਦਿਆਂ ਇਕ ਬੰਗਾਲੀ ਨੌਜਵਾਨ ਮਿਲ ਪਿਆ।

ਨੌਜਵਾਨਾਂ ਨੂੰ ਸੈਰ ਤਮਾਸ਼ੇ ਦਾ ਅਥਾਹ ਸ਼ੌਕ ਹੁੰਦਾ ਹੈ। ਅਸੀਂ ਵੀ ਪੈਦਲ ਕਦੀ ਮਾਲ ਰੋਡ, ਕਦੀ ਲਾਰੰਸ ਬਾਗ਼, ਕਦੀ ਸ਼ਾਹੀ ਕਿਲ੍ਹਾ, ਕਦੀ ਰਾਵੀ ਦਰਿਆ ਦੀ ਸੈਰ ਕਰਨ ਨਿਕਲ ਜਾਂਦੇ। ਥਕਾਵਟ ਜਾਂ ਅਕੇਵੇਂ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਏਸੇ ਤਰ੍ਹਾਂ ਹੀ ਸ਼ਾਇਦ ਅਸੀਂ ਉਸ ਦਿਨ ਰੇਲਵੇ ਸਟੇਸ਼ਨ ਦੀ ਰੌਣਕ ਦੇਖਣ ਗਏ ਹੋਵਾਂਗੇ। ਪਰ ਸਾਨੂੰ ਹੈਰਾਨੀ ਹੋਈ ਕਿ ਉਹ ਓਪਰਾ ਲੜਕਾ ਇਕ ਦਮ ਸਾਡੇ ਵੱਲ ਰੁਚਿਤ ਹੋ ਕੇ ਸਾਡੇ ਪਾਸੇ ਆ ਗਿਆ ਤੇ ਕਹਿਣ ਲੱਗਾ 'ਆਪ ਵਿਦਿਆਰਥੀ ਹੈਂ ?' ਅਸੀਂ ਕਿਹਾ 'ਹਾਂ।' ਉਹ ਇਹ ਸੁਣ ਕੇ ਖੁਸ਼ ਹੋ ਗਿਆ ਤੇ ਪੁੱਛਣ ਲੱਗਾ ਅਸੀਂ ਕਿਥੇ ਰਹਿੰਦੇ ਹਾਂ। ਅਸੀਂ ਦੱਸਿਆ, ਹੋਸਟਲ ਤੋਂ ਬਾਹਰ ਇਕ ਫਲੈਟ ਵਿਚ ਰਹਿੰਦੇ ਹਾਂ। ਇਹ ਸੁਣ ਕੇ ਉਹ ਖਿੜ ਗਿਆ ਤੇ ਕਹਿਣ ਲੱਗਾ, 'ਮੈਂ ਯਹਾਂ ਅਜਨਬੀ ਹੂੰ ਔਰ ਆਪ ਕੀ ਤਰ੍ਹੇ ਸਟੂਡੈਂਟ ਹੂੰ। ਕਿਆ ਆਪ ਕੇ ਪਾਸ ਏਕ ਦੋ ਦਿਨ ਠਹਿਰ ਸਕਤਾ ਹੂੰ ?' ਅਸੀਂ ਨਾਂਹ ਨਾ ਕਰ ਸਕੇ ਤੇ ਉਹ ਸਾਡੇ ਨਾਲ ਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ। ਅਸੀਂ ਉਸਨੂੰ ਇਕ ਵੱਖਰਾ ਕਮਰਾ ਦੇ ਦਿਤਾ। ਉਹ ਸਾਨੂੰ ਬੜੀ ਘੋਖਵੀਂ ਨਜ਼ਰ ਨਾਲ ਦੇਖਦਾ ਰਿਹਾ। ਅਸੀਂ ਹੈਰਾਨ ਕਿ ਇਹ ਕੀ ਬਲਾ ਹੈ ? ਉਸ ਦਾ ਹੁਲੀਆ ਅਜੀਬ ਸੀ। ਲੰਮਾ ਕੱਦ, ਤਕੜਾ ਸਰੀਰ, ਯੋਗੀਆਂ ਵਰਗਾ ਘੋਨ ਮੋਨ ਸਿਰ, ਟੁੱਟੀ ਫੁਟੀ ਉਰਦੂ ਬੋਲੀ ਵਿਚ ਗੱਲ ਕਰੇ ਤੇ ਆਪਣੇ ਬਾਰੇ ਕੁਝ ਨਾ ਦੱਸੇ। ਸਾਡੇ ਬਾਰ ਬਾਰ ਪੁੱਛਣ ਤੇ ਕਹਿਣ ਲੱਗਾ ਕਿ ਉਹ ਬੰਗਾਲੀ ਹੈ ਤੇ ਲਾਹੌਰ ਕਿਸੇ ਨੂੰ ਮਿਲਣ ਆਇਆ ਹੈ ਜਿਸ ਬਾਰੇ ਉਸ ਨੇ ਪਤਾ ਕਰਨਾ ਹੈ।

ਸਵੇਰੇ ਨਾਸ਼ਤਾ ਕਰ ਕੇ ਚਲਾ ਗਿਆ ਤੇ ਸ਼ਾਮ ਨੂੰ ਪਰਤਿਆ। ਅਸੀਂ ਬਹੁਤ ਸੋਚਿਆ ਇਸ ਨੂੰ ਕਿਸ ਤਰ੍ਹਾਂ ਗਲੋਂ ਲਾਹੀਏ, ਪਰ ਕੁਝ ਢੰਗ ਨਾ ਲੱਭਾ। ਦੂਜੇ ਦਿਨ ਸਾਡਾ ਸ਼ੱਕ ਪੱਕਾ ਹੋ ਗਿਆ ਕਿ ਇਹ ਕੋਈ ਖੱਬੇ-ਪੱਖੀ ਵਰਕਰ ਹੈ ਜਾਂ ਕਿਸੇ ਕ੍ਰਾਂਤੀਕਾਰੀ ਗਰੁੱਪ ਦਾ ਮੈਂਬਰ। ਇਹ ਗੱਲ 1941 ਦੀ ਹੈ। ਓਦੋਂ ਦੇਸ਼ ਦੀ ਅਜ਼ਾਦੀ ਦਾ ਅੰਦੋਲਨ ਜ਼ੋਰਾਂ ਤੇ ਸੀ। ਉਹ ਸ਼ਾਇਦ ਚਾਹੁੰਦਾ ਸੀ ਕਿ ਸਾਨੂੰ ਕਿਸੇ ਤਰ੍ਹਾਂ ਟੋਹ-ਪਰਖ ਕੇ ਆਪਣਾ ਹਮ ਖਿਆਲ ਤੇ ਸਾਥੀ ਬਣਾ ਸਕੇ। ਪਰ ਪਹਿਲਾਂ ਉਹ ਸਾਡੀ ਰੁਚੀ ਤੇ ਸਮਰਥਾ ਆਦਿ ਦਾ ਅਨੁਮਾਨ ਲਗਾ ਰਿਹਾ ਸੀ। ਅਸੀਂ ਗੌਰਮਿੰਟ ਕਾਲਜ ਦੇ ਵਿਦਿਆਰਥੀ ਪੜ੍ਹਾਈ ਕਰ ਕੇ ਕੋਈ ਉੱਚੀ ਪਦਵੀ ਜਾਂ ਅਧਿਕਾਰ ਵਾਲੀ ਨੌਕਰੀ ਲੱਭਣ ਦੇ ਸੁਪਨੇ ਲੈ ਰਹੇ ਸੀ ਤੇ ਪਾਲਿਟਿਕਸ ਵਲ ਸਾਡਾ ਉੱਕਾ ਹੀ ਧਿਆਨ ਨਹੀਂ ਸੀ। ਦੂਜੇ ਦਿਨ ਉਹ ਫਿਰ ਸਾਨੂੰ ਤੋਲਦਾ ਜਾਚਦਾ ਰਿਹਾ।

ਰਾਤ ਨੂੰ ਉਸ ਨੇ ਕੁਝ ਸੰਕੇਤਾਂ ਰਾਹੀਂ ਗੱਲ ਕੀਤੀ ਕਿ ਪੰਜਾਬ ਵਿਚ ਵਿਦਿਆਰਥੀ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਕਰਨ ਜਾਂ ਮਰ ਮਿੱਟਣ ਵਾਲੇ ਨਹੀਂ ਜਾਪਦੇ। ਅਸੀਂ ਕਿਹਾ, ਕਰਤਾਰ ਸਿੰਘ ਸਰਾਭਾ ਤੇ ਭਗਤ ਸਿੰਘ ਵਰਗੇ ਮਹਾਨ ਸ਼ਹੀਦ ਇਥੇ ਹੀ ਤਾਂ ਰਹਿੰਦੇ ਸਨ। ਉਹ ਕਹਿਣ ਲੱਗਾ, ਉਨ੍ਹਾਂ ਜੈਸੇ ਹੋਰ ਵੀ ਹੋਣੇ ਚਾਹੀਦੇ ਹਨ। ਇਨ੍ਹਾਂ ਗੱਲਾਂ ਤੋਂ ਅਸੀਂ ਅੰਦਾਜ਼ਾ ਲਗਾਇਆ ਕਿ ਉਹ ਕੋਈ ਕ੍ਰਾਂਤੀਕਾਰੀ ਤੇ ਲੁਕਵੇਂ ਕਿਸਮ ਦਾ ਨੌਜਵਾਨ ਹੈ। ਅਗਲੇ ਦਿਨ ਉਹ ਸਾਡੇ ਪਾਸੋਂ ਜਾਣ ਲਈ ਤਿਆਰ ਹੋ ਗਿਆ ਤੇ ਚੁੱਪ ਕਰਕੇ ਵਿਦਾ ਹੋ ਗਿਆ। ਅਸੀਂ ਅਚਾਨਕ ਦੇਖਿਆ ਕਿ ਸਾਡੇ ਵਿਚੋਂ ਇਕ ਦੀ ਕਾਪੀ ਦੇ ਇਕ ਪੰਨੇ ਤੇ ਅੰਗਰੇਜ਼ੀ ਵਿਚ ਸ਼ਬਦ 'ਅੱਨਫਿੱਟ' ਲਿਖਿਆ ਸੀ। ਜਦ ਬਾਕੀਆਂ ਨੇ ਆਪਣੀਆਂ ਕਾਪੀਆਂ ਦੇਖੀਆਂ ਤਾਂ ਸਭ ਨੂੰ ਇਹ ਖਿਤਾਬ ਉਸ ਵਲੋਂ ਦਿਤਾ ਗਿਆ ਸੀ। ਹੁਣ ਮੈਨੂੰ ਖਿਆਲ ਆਉਂਦਾ ਹੈ ਕਿ ਸ਼ਾਇਦ ਉਹ ਪ੍ਰਸਿੱਧ ਕ੍ਰਾਂਤੀਕਾਰ ਰਾਸ਼ ਬਿਹਾਰੀ ਬੋਸ ਜਿਸ ਨੇ ਪਿਛੋਂ ਜਨਰਲ ਮੋਹਨ ਸਿੰਘ ਨਾਲ ਮਿਲ ਕੇ ਸਿੰਘਾਪੁਰ ਵਿਚ 'ਇੰਡੀਅਨ ਨੈਸ਼ਨਲ ਆਰਮੀ' ਬਣਾਈ ਸੀ, ਦਾ ਚੇਲਾ ਸੀ। ਮੈਂ ਉਪਰ ਲਿਖਿਆ ਹੈ ਕਿ ਸਾਡਾ ਨੌਜਵਾਨਾਂ ਦਾ ਪਿਆਰਾ ਰਾਜਸੀ ਨਾਇਕ ਮਹਾਤਮਾ ਗਾਂਧੀ ਦੀ ਥਾਂ ਭਗਤ ਸਿੰਘ ਸੀ ਪਰ ਇਹ ਪ੍ਰਸੰਸਾ ਕੇਵਲ ਕਾਰ-ਲਾਈਲ ਵਲੋਂ ਪ੍ਰਚਾਰੀ ਹੋਈ ਨਾਇਕ-ਪੂਜਾ (Hero-worship) ਤਕ ਹੀ ਸੀਮਤ ਸੀ।

ਇਕ ਦੁਰਲੱਭ ਪੁਸਤਕ

ਵਲਾਇਤ ਵਿਚ ਛਪੀ ਹੋਈ ਇਸ ਅੰਗਰੇਜ਼ੀ ਕਿਤਾਬ ਦਾ ਸਿਰਲੇਖ ਸੀ 'ਵੂ ਮੈਨ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(Woman) । ਵਧੀਆ ਕਾਗਜ਼, ਛਪਾਈ, ਜਿਲਦ ਤੇ ਤਸਵੀਰਾਂ, ਸਾਈਜ਼ ਵੱਡਾ ਭਾਈ ਕਾਹਨ ਸਿੰਘ ਨਾਭਾ ਦੇ 'ਮਹਾਨ ਕੋਸ਼' ਵਰਗਾ । ਇਹ ਪੁਸਤਕ ਅਤਿ ਦੁਰਲੱਭ ਤੇ ਕੀਮਤੀ ਸੀ । ਕਿਸੇ ਪਛਮੀ ਵਿਦਵਾਨ ਵਲੋਂ ਮਾਨਵ ਵਿਗਿਆਨ (Anthropology) ਤੇ ਲਿੰਗ ਵਿਗਿਆਨ (Sexology) ਦੀ ਬੜੀ ਮਿਹਨਤ ਨਾਲ ਕੀਤੀ ਖੋਜ ਦਾ ਸਿੱਟਾ ਸੀ । ਸ਼ਾਇਦ ਹੀ ਇਸ ਦੀ ਕੋਈ ਹੋਰ ਕਾਪੀ ਭਾਰਤ ਦੀ ਕਿਸੇ ਹੋਰ ਲਾਇਬਰੇਰੀ ਵਿਚ ਉਪਲਬਧ ਹੋਵੇ । ਸਾਨੂੰ ਇਕ ਵਿਦਿਆਰਥੀ ਦੀ ਹਿੰਸਤ ਨਾਲ ਅਚਾਨਕ ਹੀ ਇਸ ਦੀ ਸੂਹ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਲਾਇਬ੍ਰੇਰੀ ਵਿਚ ਮਿਲੀ । ਓਦੋਂ ਮੈਂ ਕੁਆਡਰੈਂਗੇਲ ਹੋਸਟਲ ਵਿਚ ਰਹਿੰਦਾ ਸੀ । ਇਹ ਗੱਲ 1939 ਦੇ ਅਕਤੂਤਬਰ ਜਾਂ ਨਵੰਬਰ ਮਹੀਨੇ ਦੀ ਹੈ । ਇਸ ਕਿਤਾਬ ਦੇ ਲੱਭਣ ਤੇ ਦੇਖਣ ਦੀ ਦਿਲਚਸਪ ਕਹਾਣੀ ਵਿਸਤਾਰ ਸਹਿਤ ਇਸ ਤਰ੍ਹਾਂ ਹੈ :

ਹੋਸਟਲ ਵਿਚ ਰਹਿੰਦੇ ਵਿਦਿਆਰਥੀ ਲਗਪਗ ਸਾਰੇ ਹੀ ਬਹੁਤ ਪੜ੍ਹਾਕੂ ਤੇ ਬਹੁ-ਪੱਖੀ ਉੱਨਤੀ ਦੇ ਚਾਹਵਾਨ ਸਨ । ਭਾਵੇਂ ਉਹ ਸਿਨੇਮਾ ਦੇਖਣ ਤੇ ਸੈਰ ਦੇ ਵੀ ਬਹੁਤ ਸ਼ੌਕੀਨ ਸਨ ਪਰ ਅਸਲ ਨਿਸ਼ਾਨਾ ਸਦਾ ਪੜ੍ਹਾਈ ਨੂੰ ਹੀ ਰੱਖਦੇ । ਇਕ ਦੂਜੇ ਨਾਲ ਸਹਿਯੋਗ ਵੀ ਬਹੁਤ ਕਰਦੇ । ਜੇ ਕਿਸੇ ਨੂੰ ਯੂਨੀਵਰਸਿਟੀ ਲਾਇਬ੍ਰੇਰੀ ਵਿਚ ਕੋਈ ਮਸ਼ਹੂਰ ਜਾਂ ਵਿਸ਼ੇਸ਼ ਮਹੱਤਵ ਵਾਲੀ ਪੁਸਤਕ ਲੱਭ ਜਾਂਦੀ ਤਾਂ ਉਹ ਝੱਟ ਦੂਜਿਆਂ ਨੂੰ ਦੱਸ ਦੇਂਦਾ ਜਾਂ ਲਿਆ ਕੇ ਦੇ ਦੇਂਦਾ । ਇਸ ਤਰ੍ਹਾਂ ਮੈਨੂੰ ਯਾਦ ਹੈ ਕਿ ਮੈਂ ਵੀ ਕਈ ਜ਼ਰੂਰੀ ਪੁਸਤਕਾਂ ਪੜ੍ਹ ਗਿਆ, ਜਿਵੇਂ ਰੂਸੋ ਦੀ ਸਵੈ-ਜੀਵਨੀ 'ਕੰਨਫੈੱਸ਼ਨਜ਼', ਡੀ. ਐਚ. ਲਾਰੰਸ ਦਾ ਬਹੁ-ਚਰਚਿਤ ਤੇ ਬਦਨਾਮ ਨਾਵਲ 'ਲੇਡੀ ਚੈਟਰਲੀਜ਼ ਲਵਰ', ਫਲਾਬੇਅਰ ਦਾ ਪ੍ਰਸਿੱਧ ਨਾਵਲ 'ਮਾਦਾਮ ਬਵਾਰੀ' ਆਦਿ । ਇਸੇ ਤਰ੍ਹਾਂ ਆਸਕਰ ਵਾਈਲਡ ਦੀ 'ਡੀ ਪਰੋਫੰਡਿਸ ਤੇ ਡਿਕਨਜ਼, ਹਾਰਡੀ, ਸਟੀਵਨਸਨ, ਟਾਲਸਟਾਏ, ਕਿਪਲਿੰਗ, ਐਚ. ਜੀ. ਵੈੱਲਜ ਆਦਿ ਦੇ ਕਈ ਨਾਵਲ ਮੈਂ ਪੜ੍ਹ ਗਿਆ । ਜਦੋਂ ਕੋਈ ਅਜੇਹੀ ਪੁਸਤਕ ਮਿਲਦੀ ਤਾਂ ਅਸੀਂ ਪੜ੍ਹੇ ਬਿਨਾਂ ਨਾ ਛੱਡਦੇ, ਭਾਵੇਂ ਸਾਰੀ ਰਾਤ ਜਾਗਣਾ ਪਏ ।

ਇਕ ਦਿਨ ਇਕ ਹੋਸਟਲ ਸਾਥੀ ਇਕ ਸਹਾਇਕ ਲਾਇਬ੍ਰੇਰੀਅਨ ਦੀ ਮਦਦ ਨਾਲ ਪੁਸਤਕ ਵੂਮੈੱਨ ਦੀ ਸੂਹ ਕਢ ਲਿਆਇਆ ਤੇ ਸਾਨੂੰ 5-6 ਵਿਦਿਆਰਥੀਆਂ ਨੂੰ ਲੁਕਵੇਂ ਢੰਗ ਨਾਲ ਕਹਿਣ ਲੱਗਾ ਕਿ 'ਪਤਾ ਲੱਗਾ ਹੈ ਇਸ ਕਿਤਾਬ ਬਾਰੇ ਕੋਈ ਨਹੀਂ ਜਾਣਦਾ, ਰੀਜ਼ਰਵ ਸੈਕਸਨ ਵਿਚ ਹੈ ਤੇ ਇਸ ਵਿਚ ਔਰਤਾਂ ਦੀਆਂ ਤਸਵੀਰਾਂ ਹਨ । ਪਰ ਇਕ ਸਹਾਇਕ ਲਾਇਬ੍ਰੇਰੀਅਨ ਮੇਰਾ ਮਿੱਤਰ ਹੈ । ਉਹ ਸਾਨੂੰ ਚੋਰੀ ਚੋਰੀ ਦਿਖਾ ਦੇਵੇਗਾ । ਕਲ ਕਾਲਜ ਦੇ ਸਮੇਂ ਵਿਚ ਹੀ ਜਾ ਕੇ ਦੇਖ ਆਈਏ ।' ਸੋ ਅਸੀਂ ਉਤਸੁਕਤਾ ਦੇ ਮਾਰੇ ਅਗਲੇ ਦਿਨ ਇਕੱਠੇ ਹੋ ਕੇ ਲਾਇਬ੍ਰੇਰੀ ਜਾ ਦਾਖਲ ਹੋਏ । ਉਹ ਲੜਕਾ ਸਾਨੂੰ ਇਕ ਵਖਰੇ ਮੇਜ਼ ਤੇ ਬਿਠਾ ਕੇ ਮੁੱਖ ਲਾਇਬ੍ਰੇਰੀਅਨ ਤੋਂ ਚੋਰੀ ਉਹ ਵੱਡੀ ਸਾਰੀ ਪੁਸਤਕ ਲੈ ਆਇਆ । ਅਜੀਂ ਕੋਈ ਅੱਧਾ ਘੰਟਾ ਉਹ ਪੁਸਤਕ ਦੇਖੀ ਹੋਵੇਗੀ ਉਹ ਵੀ ਡਰਦੇ ਡਰਦੇ ਤਾਂ ਜੋ ਕੋਈ ਸਾਨੂੰ ਦੇਖ ਨਾ ਲਵੇ । ਮੈਨੂੰ ਹੁਣ ਉਸ ਦੇ ਲੇਖਕ ਦਾ ਨਾਂ ਯਾਦ ਨਹੀਂ ਰਿਹਾ । ਪਰ ਅਸਲ ਚੀਜ਼ ਤਾਂ ਉਹ ਪੁਸਤਕ ਹੀ ਸੀ । ਇਸਤਰੀ ਨੰਗੇਜ਼ ਉਤੇ ਮੌਲਿਕ ਖੋਜ ਦਾ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜੀਬ ਨਮੂਨਾ। ਜਦ ਪੁਸਤਕ ਦੇ ਕੁਝ ਪੰਨੇ ਦੇਖੇ ਤਾਂ ਸਾਨੂੰ ਹੈਰਾਨੀ ਹੋਈ।

ਪੁਸਤਕ ਦੇ ਪਹਿਲੇ ਪੰਨਿਆਂ ਵਿਚ ਲੇਖਕ ਵਲੋਂ ਭੂਮਿਕਾ ਲਿਖੀ ਸੀ ਪਰ ਸਾਡੇ ਪਾਸ ਉਸ ਨੂੰ ਪੜ੍ਹਨ ਦਾ ਵਕਤ ਨਹੀਂ ਸੀ। ਅਸੀਂ ਤਸਵੀਰਾਂ ਇੰਜ ਦੇਖਦੇ ਗਏ ਜਿਵੇਂ ਕੋਈ ਜਾਦੂ ਦਾ ਖੇਲ ਹੋਵੇ। ਵੱਖ ਵੱਖ ਦੇਸ਼ਾਂ ਦੀਆਂ ਔਰਤਾਂ ਦੇ ਚਿੱਤਰ ਵੰਨਗੀ ਜਾਂ ਭਿੰਨਤਾ ਦੇ ਆਸ਼ੇ ਤੋਂ ਇਕਤਰ ਕੀਤੇ ਗਏ ਸਨ। ਪਰ ਕਈ ਚਿੱਤਰ ਅਜੇਹੇ ਵੀ ਦੇਖੇ ਜੋ ਸਾਡੀ ਕਲਪਨਾ ਦੀ ਹੱਦ ਤੋਂ ਬਾਹਰ ਸਨ। ਉਦਾਹਰਣ ਵਜੋਂ ਅਫਰੀਕਾ ਦੇ ਪੁਰਾਤਨ ਤੇ ਜੰਗਲੀ ਹਬਸ਼ੀ। ਜਦ ਉਹ ਕਿਸੇ ਹੋਰ ਕਬੀਲੇ ਨਾਲ ਲੜਾਈ ਲਈ ਜਾਂਦੇ ਤਾਂ ਆਪਣੀਆਂ ਤੀਵੀਆਂ ਦਾ ਇਸਤਰੀ ਸਤ ਭੰਗ ਹੋਣ ਤੋਂ ਬਚਾਉਣ ਲਈ ਉਨ੍ਹਾਂ ਦੇ ਗੁਪਤ-ਅੰਗਾਂ ਨੂੰ ਇਕ ਲੋਹੇ ਦੀ ਬਣੀ ਪੇਟੀ ਵਿਚ ਜਕੜ ਕੇ ਤਾਲਾ ਲਗਾ ਜਾਂਦੇ ਤੇ ਚਾਬੀ ਨਾਲ ਲੈ ਜਾਂਦੇ। ਅਸੀਂ ਅਜਿਹੀਆਂ ਤਸਵੀਰਾਂ ਦੇਖ ਕੇ ਸਖਤ ਹੈਰਾਣ ਹੋਏ। ਮਨੁੱਖ ਨੂੰ ਪੁਰਾਣੇ ਸਮਿਆਂ ਤੋਂ ਹੀ ਆਪਣੀ ਤੀਵੀਂ ਦਾ ਇਸਤਰੀ-ਸੱਤ ਕਾਇਮ ਰੱਖਣ ਦਾ ਵਿਚਾਰ ਬਣਿਆ ਹੋਵੇਗਾ। ਤਾਂ ਹੀ ਇਹ ਕੋਝੇ (crude) ਕਿਸਮ ਦੇ ਢੰਗ ਲੱਭੇ ਗਏ ਹਨ।

ਜਦ ਅਸੀਂ ਇਹ ਪੁਸਤਕ ਦੇਖ ਰਹੇ ਸੀ ਤਾਂ ਇਕ ਹੋਰ ਬਿਪਤਾ ਆ ਪਈ। ਉਹ ਇਹ ਕਿ ਸਾਡੇ ਮੇਜ਼ ਦੇ ਨੇੜੇ ਹੀ ਇਕ ਛੋਟੇ ਜੇਹੇ ਮੇਜ਼ ਉੱਤੇ ਪੁਸਤਕਾਂ ਦਾ ਢੇਰ ਲਗਾ ਕੇ ਇਕ ਸਾਧੂ ਕਿਸਮ ਦਾ ਪੁਰਸ਼ ਬੈਠਾ ਸੀ। ਸਿਰ ਤੇ ਕਾਲੇ ਖੁਲ੍ਹੇ ਵਾਲ (ਟੈਗੋਰ ਵਾਂਗ), ਲੰਮੀ ਕਾਲੀ ਦਾੜ੍ਹੀ ਤੇ ਖੱਦਰ ਦਾ ਕਮੀਜ਼ ਪਜਾਮਾ ਪਾਇਆ ਹੋਇਆ। ਉਹ ਪੁਰਸ਼ ਸਾਡੀਆਂ ਅਜੀਬ ਹਰਕਤਾਂ ਵੇਖ ਕੇ ਚੌਕੰਨਾ ਹੋ ਗਿਆ ਤੇ ਸਾਡੇ ਵਲ ਘੂਰ ਕੇ ਵੇਖਣ ਲੱਗਾ। ਅਸੀਂ ਸਮਝਿਆ ਉਸ ਸਾਧੂ ਪੁਰਸ਼ ਨੂੰ ਸ਼ਕ ਪੈ ਗਿਆ ਹੈ ਕਿ ਅਸੀਂ ਕੋਈ ਗੜਬੜ ਚੀਜ਼ ਦੇਖ ਰਹੇ ਹਾਂ, ਅਜੇਹਾ ਨਾ ਹੋਵੇ ਕਿ ਸਾਡੀ ਸ਼ਿਕਾਇਤ ਹੀ ਕਰ ਦੇਵੇ ਪਰ ਅਸਲ ਵਿਚ ਉਹ ਇਕ ਸਾਹਿਤ ਖੋਜੀ ਸੀ ਤੇ ਸਾਧਾਰਨ ਕਿਸਮ ਦਾ ਰਸਿਕ ਤੇ ਵਿਲਾਸੀ ਸੁਭਾ ਦਾ ਮਾਲਕ ਸੀ। ਉਹ ਚਾਹੁੰਦਾ ਸੀ ਕਿ ਉਹ ਵੀ ਉੱਠ ਕੇ ਪਤਾ ਕਰੇ ਕਿ ਅਸੀਂ ਕੀ ਖਾਸ ਲੱਭਤ ਦੇਖ ਰਹੇ ਸਾਂ। ਪਰ ਸਾਨੂੰ ਓਦੋਂ ਡਰ ਲੱਗਾ ਤੇ ਅਸੀਂ ਇਕ ਦੂਜੇ ਨੂੰ ਇਸ਼ਾਰੇ ਕਰ ਕੇ ਛੇਤੀ ਤੋਂ ਛੇਤੀ ਪੁਸਤਕ ਦੇਖ ਕੇ ਖਿਸਕਣ ਦਾ ਮਨ ਬਣਾਇਆ। ਸੋ ਕੁਦਰਤ ਵਲੋਂ ਚੋਰੀ ਦਾ ਕੰਮ ਸਦਾ ਹੀ ਭੈ ਨਾਲ ਜੁੜਿਆ ਹੋਣ ਕਰ ਕੇ ਅਸੀਂ ਕਾਹਲੀ ਨਾਲ ਪੁਸਤਕ ਵਾਪਸ ਕਰ ਕੇ ਚਲੇ ਆਏ। ਦੋ ਸਾਲ ਬਾਅਦ ਜਦੋਂ ਮੈਂ ਐਮ. ਏ. ਕਰ ਰਿਹਾ ਸੀ ਤਾਂ ਮੈਨੂੰ ਪਤਾ ਲੱਗਾ ਕਿ ਉਹ 'ਸਾਧੂ' ਲੋਕ ਗੀਤਾਂ ਦਾ ਖੋਜਕਾਰ ਦਵਿੰਦਰ ਸਤਿਆਰਥੀ ਸੀ ਜਿਸ ਦੇ ਓਪਰੇ ਹੁਲੀਏ ਨੇ ਸਾਡੇ ਰੰਗ ਵਿਚ ਭੰਗ ਪਾਇਆ। ਫਿਰ ਮੈਂ ਜਦੋਂ ਵੀ ਸਤਿਆਰਥੀ ਜੀ ਨੂੰ ਦੇਖਿਆ ਜਾਂ ਮਿਲਿਆ ਮੈਨੂੰ ਸਦਾ ਹੀ ਇਹ ਘਟਨਾ ਯਾਦ ਆ ਗਈ ਪਰ ਮੈਂ ਉਨ੍ਹਾਂ ਨਾਲ ਇਸ ਬਾਰੇ ਕਦੀ ਗੱਲ ਨਹੀਂ ਛੇੜੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਲਸਾ ਕਾਲਜ (1943-47)

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ॥ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥

(ਪੰਨਾ 1406)

ਭੱਟ ਕੀਰਤ ਦੀ ਇਹ ਅਰਦਾਸ ਅੱਜ ਹਰ ਇਕ ਸਿੱਖ ਦੀ ਅਰਦਾਸ ਬਣ ਗਈ ਹੈ, ਭਾਵੇਂ ਉਹ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਰਹਿੰਦਾ ਹੈ ਜਾਂ ਸੰਸਾਰ ਵਿਚ ਕਿਤੇ ਵੀ ਰਹਿੰਦਾ ਹੈ।

ਨੌਕਰੀ ਦਾ ਆਰੰਭ

ਸ੍ਰੀ ਗੁਰੂ ਰਾਮਦਾਸ ਜੀ ਦੀ ਅਪਾਰ ਕ੍ਰਿਪਾ ਨਾਲ ਮੈਨੂੰ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਰਹਿਣ ਅਤੇ ਨੌਕਰੀ ਕਰਨ ਦਾ ਅਵਸਰ ਪ੍ਰਾਪਤ ਹੋ ਗਿਆ।

ਇਹ ਸਤਿਗੁਰੂ ਦੀ ਕ੍ਰਿਪਾ ਸਾਡੇ ਪਰਿਵਾਰ ਦੇ ਇਕ ਪਰਮ-ਸਨੇਹੀ ਸ. ਜੋਧ ਸਿੰਘ ਜੀ ਰਾਹੀਂ ਹੋਈ ਜੋ ਓਦੋਂ ਚੱਕ 29 ਜਨੂਬੀ (ਜ਼ਿਲਾ ਸਰਗੋਧਾ) ਦੇ ਖ਼ਾਲਸਾ ਹਾਈ ਸਕੂਲ ਦੇ ਹੈੱਡ-ਮਾਸਟਰ ਸਨ। ਚੱਕ 29 ਜਨੂਬੀ ਵਿਚ ਭਾਈ ਇਕਬਾਲ ਸਿੰਘ ਦੇ ਸਹੁਰੇ ਸਨ, ਇਸ ਲਈ ਸਾਡਾ ਸ. ਜੋਧ ਸਿੰਘ ਨਾਲ ਬਹੁਤ ਨੇੜੇ ਦਾ ਸੰਬੰਧ ਸੀ। ਪਹਿਲੀ ਅਕਤੂਬਰ 1943 ਨੂੰ ਮੈਂ ਭਾਈ ਇਕਬਾਲ ਸਿੰਘ ਨਾਲ ਪਿੰਡ ਤੋਂ ਆਪਣੇ ਟਾਂਗੇ ਵਿਚ ਸਰਗੋਧਾ ਸ਼ਹਿਰ ਗਿਆ। ਉਥੇ ਅਚਾਨਕ ਸ. ਜੋਧ ਸਿੰਘ ਨਾਲ ਮੇਲ ਹੋ ਗਿਆ। ਮੇਰੀ ਨੌਕਰੀ ਬਾਰੇ ਗੱਲ ਚੱਲੀ। ਮੈਂ ਕਿਹਾ, ਖ਼ਾਲਸਾ ਕਾਲਜ ਵਿਚ ਅੰਗਰੇਜ਼ੀ ਅਤੇ ਫ਼ਾਰਸੀ ਦੇ ਲੈਕਚਰਰ ਲਈ ਅਰਜ਼ੀ ਭੇਜੀ ਹੈ। ਸ. ਜੋਧ ਸਿੰਘ ਨੇ ਓਸੇ ਰਾਤ ਗੁਜਰਾਂਵਾਲੇ ਆਪਣੇ ਸਕੂਲ ਲਈ ਇਕ ਮਾਸਟਰ ਦਾ ਪਤਾ ਕਰਨ ਲਈ ਜਾਣਾ ਸੀ। ਉਨ੍ਹਾਂ ਨੇ ਮੈਨੂੰ ਨਾਲ ਚੱਲਣ ਲਈ ਕਿਹਾ ਤੇ ਗੁਜਰਾਂਵਾਲੇ ਤੋਂ ਅਗੇ ਖ਼ਾਲਸਾ ਕਾਲਜ ਜਾ ਕੇ ਪਤਾ ਕਰਨ ਦੀ ਸਲਾਹ ਦਿਤੀ। ਮੈਂ ਉਥੋਂ ਹੀ ਉਨ੍ਹਾਂ ਦੇ ਨਾਲ ਰਾਤ ਦੀ ਗੱਡੀ ਰਾਹੀਂ ਚੱਲ ਪਿਆ।

ਅਸੀਂ ਗੁਜਰਾਂਵਾਲੇ ਪਹੁੰਚ ਕੇ ਸ਼ਹਿਰ ਦੇ ਨੇੜੇ ਸਥਿਤ ਸ. ਬ. ਮੰਗਲ ਸਿੰਘ ਮਾਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਵੱਡੀ ਜਗੀਰ ਤੇ ਜ਼ਰਾਇਤੀ ਫਾਰਮ (ਚੱਕ ਸ਼ੇਹਾ) ਜਾ ਕੇ ਉਨ੍ਹਾਂ ਦੀ 'ਆਲੀਸ਼ਾਨ' ਕੋਠੀ ਵਿਚ ਉਨ੍ਹਾਂ ਨੂੰ ਮਿਲੇ। ਉਹ ਸ਼ਾਇਦ ਆਪਣੇ ਸਮੇਂ ਦੇ ਸਭ ਤੋਂ ਵੱਡੇ ਤੇ ਨਾਮੀ ਸਿੱਖ ਭੂਮੀ-ਪਤੀ (land-lord) ਸਨ ਅਤੇ ਸਰ ਸੁੰਦਰ ਸਿੰਘ ਮਜੀਠੀਆ ਦੇ ਦਾਮਾਦ ਸਨ। ਉਹ ਅਤਿ ਨਿੱਘੇ ਸੁਭਾ ਦੇ ਅਤੇ ਖ਼ਾਨਦਾਨੀ ਸ਼ਰਾਫਤ ਦੇ ਪੁਤਲੇ ਸਨ। ਉਨ੍ਹਾਂ ਸਾਨੂੰ ਸ੍ਰੀ ਅੰਮ੍ਰਿਤਸਰ ਜਾ ਕੇ ਖ਼ਾਲਸਾ ਕਾਲਜ ਦੇ ਪ੍ਰਧਾਨ ਸ. ਕ੍ਰਿਪਾਲ ਸਿੰਘ ਮਜੀਠੀਆ ਨੂੰ ਮਿਲਣ ਦੀ ਸਲਾਹ ਦਿਤੀ।

ਗੁਜਰਾਂਵਾਲੇ ਰਾਤ ਰਹਿ ਕੇ ਅਸੀਂ 3 ਅਕਤੂਬਰ ਨੂੰ ਸ੍ਰੀ ਅੰਮ੍ਰਿਤਸਰ ਜਾ ਪਹੁੰਚੇ। ਉਥੇ ਸ. ਜੋਧ ਸਿੰਘ ਤੇ ਮੈਂ ਉਪਰ ਲਿਖੀ ਸਲਾਹ ਅਨੁਸਾਰ ਕਾਲਜ ਦੇ ਪ੍ਰਧਾਨ ਸ. ਕ੍ਰਿਪਾਲ ਸਿੰਘ ਮਜੀਠੀਆ ਨੂੰ ਮਿਲੇ। ਸਰਦਾਰ ਸਾਹਿਬ ਚੱਕ 29 ਵਾਲੇ ਖ਼ਾਲਸਾ ਹਾਈ ਸਕੂਲ ਦੇ ਸਰਪ੍ਰਸਤ ਸਨ। ਅਸੀਂ ਮਜੀਠਾ ਹਾਊਸ ਜਾ ਕੇ ਜਦ ਉਨ੍ਹਾਂ ਨੂੰ ਮਿਲੇ ਤਾਂ ਮੇਰੀ ਕਿਸਮਤ ਦਾ ਸਿਤਾਰਾ ਤਰੱਕੀ ਵਲ ਸੀ। ਸਰਦਾਰ ਸਾਹਿਬ ਉੱਤੇ ਮੇਰੀ ਫ਼ਾਰਸੀ ਦੀ ਅਤੇ ਸਮੁੱਚੀ ਅਕਾਦਮਕ ਯੋਗਤਾ ਦਾ ਚੰਗਾ ਪ੍ਰਭਾਵ ਪਿਆ। ਨਾਲੇ ਗੌਰਮਿੰਟ ਕਾਲਜ, ਲਾਹੌਰ ਤੋਂ ਪੜ੍ਹੇ ਹੋਣਾ ਵੀ ਉਨ੍ਹਾਂ ਨੂੰ ਪਸੰਦ ਆਇਆ। ਉਨ੍ਹਾਂ ਨੇ ਮੇਰੀ ਉਸੇ ਵੇਲੇ ਐਡ-ਹਾਕ ਨਿਯੁਕਤੀ ਕਰ ਦਿਤੀ ਅਤੇ ਅਗਲੇ ਦਿਨ (4 ਅਕਤੂਬਰ ਨੂੰ) ਕਾਲਜ ਵਿਚ ਜਾ ਕੇ ਫ਼ਾਰਸੀ ਲੈਕਚਰਾਰ ਵਜੋਂ ਪੜ੍ਹਾਣ ਦਾ ਕੰਮ ਸੰਭਾਲਣ ਦੀ ਆਗਿਆ ਕੀਤੀ। ਨਾਲ ਹੀ ਇਹ ਵੀ ਕਿਹਾ ਕਿ ਜਦ ਤਕ ਮੇਰੀ ਰਿਹਾਇਸ਼ ਦਾ ਪ੍ਰਬੰਧ ਨਹੀਂ ਹੁੰਦਾ, ਮੈਂ ਮਜੀਠਾ ਹਾਊਸ ਵਿਚ ਹੀ ਠਹਿਰਾਂ। ਸੋ ਮੈਂ ਉਥੇ ਇਕ ਹਫਤਾ ਠਹਿਰਿਆ। ਕੁਝ ਦਿਨ ਬਾਅਦ ਇੰਟਰਵਿਊ ਹੋਣਾ ਸੀ। ਉਸ ਵਿਚ ਸਹਿਜੇ ਹੀ ਮੇਰੀ ਬਾਕਾਇਦਾ ਨਿਯੁਕਤੀ ਹੋ ਗਈ।

ਮੈਂ ਸ. ਜੋਧ ਸਿੰਘ ਦੇ ਇਸ ਉੱਦਮ (initiative) ਲਈ ਉਨ੍ਹਾਂ ਦਾ ਬਹੁਤ ਰਿਣੀ ਹਾਂ। 1947 ਤੋਂ ਬਾਅਦ ਉਹ ਆਕਾਸ਼ਵਾਣੀ ਜਲੰਧਰ ਵਿਚ ਪ੍ਰੋਡਿਊਸਰ ਲੱਗੇ ਰਹੇ ਅਤੇ ਰਿਟਾਇਰ ਹੋ ਕੇ ਜਲੰਧਰ ਵਿਚ ਹੀ ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਨੇੜੇ ਆਪਣੀ ਕੋਠੀ ਵਿਚ ਰਹਿੰਦੇ ਹਨ। ਇਸ ਘਟਨਾ ਦੇ ਵਾਪਰਨ ਨਾਲ ਮੇਰਾ ਪਰਮਾਤਮਾ ਦੀ ਮਿਹਰ ਵਿਚ ਅਟੁੱਟ ਵਿਸ਼ਵਾਸ ਪੈਦਾ ਹੋ ਗਿਆ। ਜਦ ਉਹ ਸੱਚਾ ਰੱਬ ਕੋਈ ਕੰਮ ਕਰਦਾ ਹੈ ਤਾਂ ਬਿਨਾਂ ਕਿਸੇ ਦੇਰੀ ਜਾਂ ਰੁਕਾਵਟ ਦੇ ਕਰਦਾ ਹੈ।

4 ਅਕਤੂਬਰ 1943 ਨੂੰ ਮੈਂ ਖ਼ਾਲਸਾ ਕਾਲਜ ਵਿਚ ਫ਼ਾਰਸੀ ਉਰਦੂ ਮਹਿਕਮੇ ਦੇ ਮੁਖੀ ਦਾ ਅਹੁਦਾ ਸੰਭਾਲ ਲਿਆ। ਇਹ ਮੇਰੇ ਜੀਵਨ ਦੀ ਇਕ ਬਹੁਤ ਵੱਡੀ ਸਫਲਤਾ ਸੀ, ਜਿਸ ਲਈ ਮੇਰਾ ਰੋਮ-ਰੋਮ ਰੱਬ ਦਾ ਸ਼ੁਕਰ-ਗੁਜ਼ਾਰ ਸੀ। ਨਾਲ ਹੀ ਸਾਡੇ ਸਾਰੇ ਪਰਵਾਰ ਦੇ ਦਿਲਾਂ ਵਿਚ ਵੀ ਖ਼ੁਸ਼ੀ ਦੀ ਇਕ ਲਹਿਰ ਦੌੜ ਗਈ। ਸਿੱਖਾਂ ਦੇ ਸਭ ਤੋਂ ਪਵਿੱਤਰ ਅਤੇ ਕੇਂਦਰੀ ਇਤਿਹਾਸਕ ਸ਼ਹਿਰ ਵਿਚ ਪਰਿਵਾਰ ਅਤੇ ਰਿਸ਼ਤੇਦਾਰਾਂ ਲਈ ਇਕ ਚੰਗਾ ਟਿਕਾਣਾ ਕਾਇਮ ਹੋ ਗਿਆ, ਜਿਥੇ ਉਹ ਮੇਰੀ ਨਿਗਰਾਨੀ ਅਤੇ ਸਹਾਇਤਾ ਨਾਲ ਆਪਣੇ ਬੱਚੇ ਪੜ੍ਹਾ ਸਕਦੇ ਸਨ, ਆਸਾਨੀ ਨਾਲ ਤੀਰਥ ਯਾਤਰਾ ਕਰ ਸਕਦੇ ਸਨ, ਵਿਆਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਦੀਆਂ ਤੇ ਹਰ ਕਿਸਮ ਦਾ ਕੱਪੜਾ-ਲੱਤਾ ਅਤੇ ਹੋਰ ਵਸਤੂਆਂ ਖ਼ਰੀਦ ਸਕਦੇ ਸਨ। 1947 ਦੀ ਵੰਡ ਤੋਂ ਬਾਅਦ ਤਾਂ ਸੱਚਮੁਚ ਹੀ ਮੇਰਾ ਘਰ ਸਾਰੇ ਪਰਿਵਾਰ ਦਾ ਪੱਕਾ ਹੈੱਡਕੁਆਟਰ ਬਣ ਗਿਆ।

ਪਹਿਲਾਂ ਦੋ ਕੁ ਮਹੀਨੇ ਮੈਂ ਪਟਿਆਲਾ ਹੋਸਟਲ ਵਿਚ ਇਕ ਕਮਰਾ ਲੈ ਕੇ ਰਿਹਾ, ਫਿਰ ਕਾਲਜ ਦੇ ਪੂਰਬ ਵਾਲੇ ਪਾਸੇ ਦੇ ਛੋਟੇ ਕਵਾਟਰਾਂ ਦੇ ਪਿਛੇ ਬਣੀ ਆਬਾਦੀ ਵਿਚ ਇਕ ਮਕਾਨ ਵਿਚ ਦੋ ਕਮਰੇ ਕਰਾਏ ਤੇ ਲੈ ਲਏ। ਜਨਵਰੀ 1944 ਵਿਚ ਪਿੰਡ ਜਾ ਕੇ ਮੈਂ ਚਰਨਜੀਤ ਕੌਰ (ਆਪਣੀ ਪਤਨੀ) ਨੂੰ ਅਤੇ ਘਰ ਦਾ ਜ਼ਰੂਰੀ ਸਾਮਾਨ ਲੈ ਆਂਦਾ। ਅਕਤੂਬਰ 1944 ਵਿਚ ਮੈਨੂੰ ਕਾਲਜ ਦੇ ਇਹਾਤੇ (campus) ਵਿਚ ਇਨ੍ਹਾਂ ਪੂਰਬੀ ਪਾਸੇ ਦੇ ਕਵਾਟਰਾਂ ਵਿਚ ਪ੍ਰੋ. ਸਾਹਿਬ ਸਿੰਘ ਦੇ ਨਾਲ ਦਾ 25 ਨੰਬਰ ਕਵਾਟਰ ਮਿਲ ਗਿਆ। ਪ੍ਰੋ. ਸਾਹਿਬ ਸਿੰਘ ਦੇ ਦੋਵੇਂ ਛੋਟੇ ਲੜਕੇ ਕੁਲਵੰਤ ਅਤੇ ਦਲਜੀਤ* ਮੇਰੇ ਘਰ ਆ ਕੇ ਕਹਿਣ ਲੱਗੇ, 'ਚਾਚਾ ਜੀ, ਕਦੋਂ ਸਾਡੇ ਗਵਾਂਢ ਆਓਗੇ ?' ਮੈਨੂੰ ਉਨ੍ਹਾਂ ਬੱਚਿਆਂ ਦਾ ਪਿਆਰ ਅਤੇ ਸਦ-ਭਾਵਨਾ ਬੜਾ ਸ਼ੁਭ ਸ਼ਗਣ ਜਾਪਿਆ।

ਪੂਜਯ ਮਾਤਾ ਜੀ ਨੇ ਆਪਣੇ ਸਭ ਤੋਂ ਛੋਟੇ ਦੋ ਲੜਕਿਆਂ ਅਮਰੀਕ ਸਿੰਘ ਅਤੇ ਗੁਲਬਾਗ ਸਿੰਘ ਨੂੰ (ਕ੍ਰਮਵਾਰ ਕਾਲਜ ਅਤੇ ਸਕੂਲ ਵਿਚ) ਪੜ੍ਹਨ ਲਈ ਮੇਰੇ ਪਾਸ ਭੇਜ ਦਿਤਾ। ਥੋੜ੍ਹੇ ਸਮੇਂ ਬਾਅਦ ਚਰਨਜੀਤ ਕੌਰ ਦੇ ਚਾਚੇ ਦਫੇਦਾਰ ਬਹਾਦਰ ਸਿੰਘ ਦਾ ਲੜਕਾ ਅਮਰਜੀਤ ਸਿੰਘ ਵੀ ਸਾਡੇ ਪਾਸ ਖ਼ਾਲਸਾ ਕਾਲਜ ਸਕੂਲ ਆ ਦਾਖਲ ਹੋਇਆ। ਮਾਤਾ ਜੀ ਆਪ ਵੀ ਕਦੀ-ਕਦੀ ਸਾਡੇ ਪਾਸ ਆ ਕੇ ਰਹਿਣ ਲੱਗ ਪਏ। ਇਸ ਤਰ੍ਹਾਂ ਸਾਡੇ ਪਾਸ ਬੜੀ ਰੌਣਕ ਹੋ ਗਈ। ਪਿੰਡ ਤੋਂ ਇਕ ਮੱਝ ਤੇ ਇਕ ਨੌਕਰ ਵੀ ਆ ਗਿਆ। ਘਰ ਦਾ ਬਹੁਤ ਕੁਝ ਛੋਟਾ-ਮੋਟਾ ਸਾਮਾਨ ਪੁਤਲੀ ਘਰ ਬਾਜ਼ਾਰ ਤੋਂ ਜਾਂ ਸ਼ਹਿਰ ਤੋਂ ਖਰੀਦ ਲਿਆ! ਤਨਖਾਹ 100 ਰੁਪਿਆ ਮਹੀਨਾ ਮਿਲੀ ਜੋ ਨਵੇਂ ਲੈਕਚਰਾਰ ਨੂੰ ਮਿਲਦੀ ਸੀ ਪਰ ਓਦੋਂ ਦੀ ਇਹ ਤਨਖਾਹ ਕੀਮਤਾਂ ਦੇ ਭਾਰੀ ਫ਼ਰਕ ਕਾਰਨ ਹੁਣ ਦੇ ਤਿੰਨ-ਚਾਰ ਹਜ਼ਾਰ ਦੇ ਬਰਾਬਰ ਹੈ।

ਧਾਰਮਕ ਵਾਤਾਵਰਨ

ਖ਼ਾਲਸਾ ਕਾਲਜ ਵਿਚ ਆ ਕੇ ਮੈਂ ਸਹਿਜੇ ਹੀ ਇਕ ਭਾਰੀ ਪਰਿਵਰਤਨ ਦਾ ਭਾਗੀ ਬਣ ਗਿਆ। ਕਿਥੇ ਲਾਹੌਰ ਸ਼ਹਿਰ ਦਾ ਫੋਕਾ ਫੈਸ਼ਨ, ਵਾਧੂ ਬਨਾਵਟ ਤੇ ਦਿਖਾਵਾ,

---

*ਦਲਜੀਤ ਸਿੰਘ ਡਾਕਟਰੀ ਕਿੱਤੇ ਵਿਚ ਭਾਰੀ ਤਰੱਕੀ ਕਰ ਕੇ ਬਹੁਤ ਪ੍ਰਸਿੱਧ ਤੇ ਅੰਤਰ-ਰਾਸ਼ਟਰੀ ਪੱਧਰ ਦਾ ਮਾਨਤਾ-ਪ੍ਰਾਪਤ ਅੱਖਾਂ ਦਾ ਮਾਹਿਰ ਡਾਕਟਰ ਬਣ ਗਿਆ ਹੈ। ਪ੍ਰੋ. ਸਾਹਿਬ ਸਿੰਘ ਦੀ ਓਦੋਂ ਬੜੀ ਰੀਝ ਉਸ ਨੂੰ ਡਾਕਟਰ ਬਣਾਣ ਦੀ ਸੀ, ਉਹ ਇੰਨ-ਬਿੰਨ ਪੂਰੀ ਹੋ ਗਈ ਹੈ। ਉਸ ਦਾ ਅੱਖਾਂ ਦਾ ਹਸਪਤਾਲ ਅਤੇ ਰਿਹਾਇਸ਼ ਸ੍ਰੀ ਅੰਮ੍ਰਿਤਸਰ ਵਿਚ ਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਛਮੀ ਸੰਸਕ੍ਰਿਤੀ ਦੀ ਹਰ ਗੱਲ ਵਿਚ ਨਕਲ, ਐਸ਼ੋ-ਇਸ਼ਰਤ ਤੇ ਜਿਨਸੀ ਖੁਲ੍ਹ ਦਾ ਪ੍ਰਚਾਰ, ਸ਼ਿਨੇਮਾ ਤੇ ਹੋਟਲਾਂ ਦੀ ਜ਼ਰਕ-ਬਰਕ ਤੇ ਚਟਪਟੀ ਚਹਿਲ-ਪਹਿਲ, ਕਿਥੇ ਇਕ ਸਿੱਖ ਇਤਿਹਾਸ ਨਾਲ ਓਤ-ਪੋਤ ਸਾਤਵਿਕ ਚੌਗਿਰਦਾ, ਪੂਰਬੀ ਸੰਸਕ੍ਰਿਤੀ ਅਤੇ ਧਾਰਮਕ ਸਭਿਆਚਾਰ ਦਾ ਵਧੀਆ ਪਸਾਰਾ, ਸ੍ਰੀ ਦਰਬਾਰ ਸਾਹਿਬ ਦਾ ਡੂੰਘਾ ਅਧਿਆਤਮਕ ਪ੍ਰਭਾਵ, ਅੰਤਰ-ਰਾਸ਼ਟਰੀ ਪੱਧਰ ਦਾ ਕੀਮਤੀ ਵਪਾਰ ਤੇ ਲੈਣ-ਦੇਣ, ਗੁਰੂ ਰਾਮ ਦਾਸ ਜੀ ਦੇ ਨਾਂ ਤੇ ਵੱਸਦਾ ਇਕ ਸੁਖ-ਸ਼ਾਂਤੀ ਦਾ ਪ੍ਰਤੀਕ 'ਸਿਫਤੀ ਦਾ ਘਰ' ਸ਼ਹਿਰ, ਸ੍ਰੀ ਅੰਮ੍ਰਿਤਸਰ ।

ਸਿੱਖ ਸਾਹਿੱਤ ਦਾ ਅਧਿਐਨ

ਪੁਸਤਕਾਂ ਪੜ੍ਹਨ ਦਾ ਸ਼ੌਕ ਤਾਂ ਮੈਨੂੰ ਬਚਪਨ ਤੋਂ ਹੀ ਸੀ ਪਰੰਤੂ ਇਥੇ ਆ ਕੇ ਇਹ ਭੁੱਖ ਬਹੁਤ ਵਧ ਗਈ । ਕਾਲਜ ਵਿਚ ਪੜ੍ਹਾਈ ਦੇ ਕੰਮ ਤੋਂ ਜਦੋਂ ਵਿਹਲ ਮਿਲਦੀ ਤਾਂ ਮੈਂ ਲਾਇਬ੍ਰੇਰੀ 'ਚੋਂ ਲਿਆਂਦੀਆਂ ਪੁਸਤਕਾਂ ਪੜ੍ਹਦਾ । ਸਭ ਤੋਂ ਪਹਿਲਾਂ ਮੈਕਾਲਿਫ ਦੀ ਜਗਤ-ਪ੍ਰਸਿੱਧ ਅੰਗਰੇਜ਼ੀ ਪੁਸਤਕ 'ਸਿੱਖ ਰਿਲੀਜਨ' ਦੀਆਂ ਪੰਜ ਜਿਲਦਾਂ ਪੜ੍ਹੀਆਂ । ਇਸ ਨਾਲ ਮੈਨੂੰ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਬਾਰੇ ਠੀਕ ਠੀਕ ਅਤੇ ਲੋੜੀਂਦੀ ਜਾਣਕਾਰੀ ਪ੍ਰਾਪਤ ਹੋ ਗਈ । ਹਰ ਸਿੱਖ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ । ਫਿਰ ਮੈਂ ਹੋਰ ਬਹੁਤ ਸਾਰੀਆਂ ਪੁਸਤਕਾਂ ਸਿਖ ਧਰਮ ਬਾਰੇ ਪੜ੍ਹੀਆਂ, ਗੋਕਲ ਚੰਦ ਨਾਰੰਗ, ਇੰਦੂ ਭੂਸ਼ਨ ਬੈਨਰਜੀ, ਮੁਹੰਮਦ ਲਤੀਫ, ਕਨਿੰਘਮ, ਡਾ. ਗੰਡਾ ਸਿੰਘ, ਕਰਮ ਸਿੰਘ ਹਿਸਟੋਰੀਅਨ, ਸੀਤਾ ਰਾਮ ਕੋਹਲੀ, ਭਾਈ ਜੋਧ ਸਿੰਘ, ਡਾ. ਸ਼ੇਰ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰਿੰ. ਤੇਜਾ ਸਿੰਘ ਆਦਿ ਦੀਆਂ ਮਸ਼ਹੂਰ ਪੁਸਤਕਾਂ । ਇਸ ਤਰ੍ਹਾਂ ਮੇਰੇ ਦਿਮਾਗ ਵਿਚ ਬੌਧਿਕ ਜਾਣਕਾਰੀ ਤੇ ਉਚੇਰੇ ਗਿਆਨ ਦੀ ਨਵੀਂ ਰੌਸ਼ਨੀ ਪੈਦਾ ਹੋਈ ।

ਸੰਤਾਨ ਪ੍ਰਾਪਤੀ

ਸ਼ਾਦੀ ਤੋਂ ਬਾਅਦ ਜਦੋਂ ਵੀ ਅਸੀਂ ਦੰਪਤੀ ਰਿਨਾਲਾ ਖੁਰਦ (ਜ਼ਿਲ੍ਹਾ ਮਿੰਟਗੁਮਰੀ) ਜਾਂਦੇ ਤਾਂ ਅਸੀਂ ਸੰਤ ਨਿਰੰਜਨ ਸਿੰਘ ਜੀ ਦੇ ਦਰਸ਼ਨ ਕਰਨ 'ਅਜੀਤਸਰ' ਜ਼ਰੂਰ ਜਾਂਦੇ । ਉਨ੍ਹਾਂ ਪਾਸੋਂ ਸਦਾ ਹੀ ਨੇਕ ਅਸ਼ੀਰਵਾਦ ਮਿਲਦਾ । ਇਕ ਵਾਰੀ ਜਦ ਅਸੀਂ ਖਾਲਸਾ ਕਾਲਜ ਵਿਚ ਨੌਕਰੀ ਮਿਲਣ ਬਾਰੇ ਦੱਸਿਆ ਤਾਂ ਬਾਬਾ ਜੀ ਨੇ ਫ਼ਰਮਾਇਆ ਕਿ 'ਗੁਰੂ ਕੀ ਨਗਰੀ ਵਿਚ ਤੁਹਾਨੂੰ ਬਹੁਤ ਬਰਕਤ ਅਤੇ ਹਰ ਪ੍ਰਕਾਰ ਦੀ ਸੁਖ ਸ਼ਾਂਤੀ ਪ੍ਰਾਪਤ ਹੋਵੇਗੀ । ਸ੍ਰੀ ਗੁਰੂ ਰਾਮਦਾਸ ਜੀ ਤੁਹਾਡੇ ਸਦਾ ਸਹਾਈ ਹੋਣਗੇ ।' ਅਸੀਂ ਇਹ ਸੁਣ ਕੇ ਬਹੁਤ ਖੁਸ਼ ਹੋਏ । ਫਿਰ ਮੈਂ ਤੇ ਮੇਰੀ ਪਤਨੀ ਨੇ ਫੈਸਲਾ ਕੀਤਾ ਕਿ ਪਹਿਲੀ ਤਨਖਾਹ ਬਾਬਾ ਜੀ ਦੇ ਚਰਨਾਂ ਵਿਚ ਭੇਟ ਕਰਾਂਗੇ । ਸੋ ਅਸੀਂ ਅਜੇਹਾ ਹੀ ਕੀਤਾ । ਇਸ ਬਾਰੇ ਵਿਸਤਾਰ ਨਾਲ ਮੈਂ ਆਪਣੀ ਵੱਖਰੀ ਪੁਸਤਕ 'ਹਮ ਸੰਤਨ ਕੀ ਰੇਨੁ' ਵਿਚ ਲਿਖਿਆ ਹੈ ।

ਜਦੋਂ ਅਸੀਂ ਕਾਲਜ ਵਿਚ ਰਹਿਣਾ ਸ਼ੁਰੂ ਕੀਤਾ ਤਾਂ ਸਾਡੀ ਅਜੇ ਕੋਈ ਸੰਤਾਨ ਨਹੀਂ ਸੀ । ਪਿੰਡ ਵਿਚ ਦਾਈਆਂ ਦੀ ਅਣਗਹਿਲੀ ਕਾਰਨ 1942 ਅਤੇ 1943 ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ੍ਰਮਵਾਰ ਇਕ ਲੜਕੀ ਅਤੇ ਇਕ ਲੜਕਾ ਜਨਮ ਤੋਂ ਛੇਤੀ ਹੀ ਪਿਛੋਂ ਕਾਲਵੱਸ ਹੋ ਗਏ ਸਨ। ਸ਼ਹਿਰ ਵਿਚ ਆ ਕੇ ਮੈਂ ਆਪਣੀ ਪਤਨੀ ਨੂੰ ਸ਼ਹਿਰ ਦੀ ਪ੍ਰਸਿੱਧ ਅੰਗਰੇਜ਼ ਲੇਡੀ ਡਾਕਟਰ ਡਾ. ਸਨੋਅ ਨੂੰ ਦਿਖਾਇਆ। ਕੋਤਵਾਲੀ ਦੇ ਨੇੜੇ ਇਕ ਮਿਸ਼ਨ ਹਸਪਤਾਲ ਹੁੰਦਾ ਸੀ। ਉਸ ਦੀ ਇਰ ਇੰਚਾਰਜ ਸੀ। ਉਸ ਨੇ ਬੜੀ ਮਿਹਨਤ ਨਾਲ ਇਲਾਜ ਕੀਤਾ। ਫਿਰ ਅਸੀਂ ਧਾਰਮਕ ਆਸ਼ੀਰਵਾਦ ਖਾਤਰ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਸਿੱਧ ਗੁਰਦਵਾਰਿਆਂ 'ਗੁਰੂ ਕੀ ਵਡਾਲੀ' ਅਤੇ 'ਛਿਹਰਟਾ ਸਾਹਿਬ' ਦੇ ਲਗਪਗ ਹਰ ਮਹੀਨੇ ਦਰਸ਼ਨਾਂ ਲਈ ਜਾਣ ਲੱਗ ਪਏ। ਇਥੋਂ ਬੱਚਿਆਂ ਦੀ ਦਾਤ ਮਿਲਣ ਬਾਰੇ ਸਿਖ ਸੰਗਤਾਂ ਵਿਚ ਪੁਰਾਣੇ ਤੇ ਪੱਕੇ ਵਿਸ਼ਵਾਸ ਦੀ ਪਰੰਪਰਾ ਚਲੀ ਆ ਰਹੀ ਹੈ ਅਤੇ ਅਜੇ ਵੀ ਓਸੇ ਤਰ੍ਹਾਂ ਹੈ।

ਸਾਡੀ ਪਹਿਲੀ ਲੜਕੀ ਹਰਜੀਤ ਕੌਰ 24 ਅਗਸਤ 1945 ਨੂੰ ਪੈਦਾ ਹੋਈ। ਉਸ ਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਨਿਕਲੇ ਵਾਕ ਦੇ ਪਹਿਲੇ ਅੱਖਰ ਤੋਂ ਰੱਖਿਆ ਗਿਆ। ਇਸ ਤਰ੍ਹਾਂ ਸਾਡੇ ਘਰ ਵਿਚ ਦਿਨ ਬਦਿਨ ਰੌਣਕ ਵਿਚ ਵਾਧਾ ਹੋਣ ਲੱਗ ਪਿਆ। ਬੱਚੇ ਦਾ ਪਾਲਣ ਪੋਸਣ ਮਾਪਿਆਂ ਲਈ ਇਕ ਬਹੁਤ ਸੁਖਾਵਾਂ ਤੇ ਰੌਚਕ ਰੁਝੇਵਾਂ ਹੁੰਦਾ ਹੈ। 1945 ਵਿਚ ਹੀ ਛੋਟੇ ਭਾਈ ਗੁਰਚਰਨ ਸਿੰਘ ਦਾ ਪਹਿਲਾ ਲੜਕਾ ਮਨੋਹਰ ਪਾਲ ਸਿੰਘ 3 ਅਗਸਤ ਨੂੰ ਪੈਦਾ ਹੋਇਆ ਜਿਸ ਦੀ ਭਾਰੀ ਖੁਸ਼ੀ ਮਨਾਈ ਗਈ।

ਇਕ ਮਹਾਂ ਪੁਰਸ਼ ਦੀ ਸੇਵਾ

ਸਾਨੂੰ ਕਾਲਜ ਦੇ ਅੰਦਰ ਰਹਿੰਦਿਆਂ ਥੋੜ੍ਹਾ ਸਮਾਂ ਹੀ ਹੋਇਆ ਸੀ ਕਿ ਇਕ ਬੜੇ ਨੇਕ ਅਤੇ ਬਜ਼ੁਰਗ ਮਹਾਂ ਪੁਰਸ਼ ਦੀ ਸੇਵਾ ਕਰਨ ਦਾ ਅਵਸਰ ਮਿਲਿਆ। ਉਹ ਕਾਲਜ ਦੇ ਨੇੜੇ ਸਥਿਤ ਇਤਿਹਾਸਕ ਪਿੰਡ ਕੋਟ ਖਾਲਸਾ ਦੇ ਪੁਰਾਣੇ ਵਾਸੀ ਸਨ। ਉਹ 90 ਕੁ ਸਾਲ ਦੇ ਇਕ ਬਹੁਤ ਕਮਜ਼ੋਰ ਸਰੀਰ ਦੇ ਬਿਰਧ ਸਨ। ਪਿੰਡ ਤੋਂ ਸੋਟੀ ਦੇ ਸਹਾਰੇ ਹੌਲੀ ਹੌਲੀ ਚਲਦੇ ਇਕ ਦਿਨ ਅਚਾਨਕ ਉਹ ਸਾਡੇ ਕਵਾਟਰ ਵਿਚ ਆ ਗਏ। ਸ਼ਾਇਦ ਪਹਿਲਾਂ ਵੀ ਹੋਰਨਾਂ ਘਰਾਂ ਵਿਚ ਆਉਂਦੇ ਹੋਣਗੇ। ਉਹ ਨਾਮ-ਰਸ ਵਿਚ ਏਨੇ ਮਗਨ ਰਹਿੰਦੇ ਸਨ ਕਿ ਆਪਣੇ ਬਾਰੇ ਜਾਂ ਹੋਰ ਕਿਸੇ ਗੱਲ ਬਾਰੇ ਉਹ ਕਦੀ ਨਹੀਂ ਸਨ ਬੋਲਦੇ। ਸਾਡੇ ਬੇਨਤੀ ਕਰਨ ਤੇ ਉਨ੍ਹਾਂ ਪ੍ਰਸ਼ਾਦੇ ਦੀ ਸੇਵਾ ਕਬੂਲ ਕੀਤੀ ਅਤੇ ਚੁਪ ਚਾਪ ਅਸ਼ੀਰਵਾਦ ਦੇ ਕੇ ਚਲੇ ਗਏ। ਇਸ ਤਰ੍ਹਾਂ ਉਹ ਕਦੀ ਕਦੀ ਆਪਣੀ ਮੌਜ ਨਾਲ ਆਉਂਦੇ ਤੇ ਪ੍ਰਸ਼ਾਦਾ ਛੱਕ ਕੇ ਚਲੇ ਜਾਂਦੇ ਰਹੇ। ਮੈਂ ਸਮਝਦਾ ਹਾਂ ਇਹ ਕੋਈ ਗੁੱਝਾ ਭੇਤ ਸੀ। ਸੰਤਾਂ ਦੇ ਚੋਜ ਨਿਆਰੇ ਹੁੰਦੇ ਹਨ। ਆਤਮਕ ਖੇਤਰਾਂ ਵਿਚ ਸ਼ਾਇਦ ਜਦ ਕਦੀ ਸਤਿਗੁਰੂ ਦੀ ਮਿਹਰ ਹੋਣੀ ਹੁੰਦੀ ਹੈ ਤਾਂ ਇਹ ਮਿਹਰ ਦੁਨੀਆਂਦਾਰਾਂ ਨੂੰ ਸੰਤਾਂ ਦੇ ਦਰਸ਼ਨ ਤੇ ਵਸੀਲੇ ਰਾਹੀਂ ਉਪਲਬਧ ਹੁੰਦੀ ਹੈ।

ਸ. ਕਿਰਪਾਲ ਸਿੰਘ ਮਜੀਠੀਆ ਦਾ ਅਕਾਲ ਚਲਾਣਾ

ਸਰ ਸੁੰਦਰ ਸਿੰਘ ਮਜੀਠੀਆ ਜੋ ਆਪਣੇ ਸਮੇਂ ਦੇ ਬਹੁਤ ਉੱਘੇ ਤੇ ਸਿਰਕੱਢ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਅਕਤੀ ਸਨ, ਨੇ ਲਾਹੌਰ ਅਤੇ ਸ੍ਰੀ ਅੰਮ੍ਰਿਤਸਰ ਦੇ ਕੁਝ ਉੱਘੇ ਸਿੱਖ ਆਗੂਆਂ ਅਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਕੋਟ ਖਾਲਸਾ ਪਿੰਡ ਤੋਂ ਜ਼ਮੀਨ ਖਰੀਦ ਕੇ 1892 ਵਿਚ ਖਾਲਸਾ ਕਾਲਜ ਦੀ ਨੀਂਹ ਰੱਖੀ ਸੀ। ਪਹਿਲਾਂ ਇਹ ਸਕੂਲ ਸੀ,* 1897 ਤੋਂ ਕਾਲਜ ਦੀਆਂ ਕਲਾਸਾਂ ਸ਼ੁਰੂ ਹੋਈਆਂ। 1902 ਵਿਚ ਸਰ ਸੁੰਦਰ ਸਿੰਘ ਪਹਿਲੇ ਸਿੱਖ ਸੈਕਟਰੀ ਬਣੇ ਅਤੇ ਫਿਰ 1920 ਵਿਚ ਕਾਲਜ ਕੌਂਸਲ ਤੇ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਬਣੇ। 1941 ਵਿਚ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਵੱਡੇ ਸਪੁਤਰ ਸਰਦਾਰ ਕਿਰਪਾਲ ਸਿੰਘ ਮਜੀਠੀਆ ਕਾਲਜ ਦੇ ਪ੍ਰਧਾਨ ਬਣੇ। ਉਹ ਵੀ ਆਪਣੇ ਪਿਤਾ ਵਾਂਗ ਬੜੀ ਲਗਣ ਅਤੇ ਮਿਹਨਤ ਨਾਲ ਕਾਲਜ ਦੀ ਸੇਵਾ ਵਿਚ ਤਤਪਰ ਸਨ। ਜਦ ਮੈਂ ਕਾਲਜ ਵਿਚ ਅਕਤੂਬਰ 1943 ਵਿਚ ਨੌਕਰ ਹੋਇਆ ਤਾਂ ਉਹ ਇਕ ਬੜੇ ਹਰਮਨ ਪਿਆਰੇ ਵਿਅਕਤੀ ਸਨ। ਪਰ ਕਰਤਾਰ ਦਾ ਭਾਣਾ ਅਜੇਹਾ ਹੋਇਆ ਕਿ ਫਰਵਰੀ 1944 ਵਿਚ ਉਹ ਅਚਾਨਕ ਬੀਮਾਰ ਹੋ ਕੇ ਪ੍ਰਲੋਕ ਸਿਧਾਰ ਗਏ। ਮੈਨੂੰ ਯਾਦ ਹੈ ਕਾਲਜ ਕਮੇਟੀ ਦੇ ਮੈਂਬਰਾਂ, ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਉਨ੍ਹਾਂ ਦੇ ਵਿਛੋੜੇ ਦਾ ਬੜੇ ਤੀਬਰ ਜਜ਼ਬੇ ਨਾਲ ਦੁੱਖ ਮਹਿਸੂਸ ਕੀਤਾ। ਮੈਂ ਇਸ ਮੌਕੇ ਤੇ ਇਕ ਸ਼ੋਕ ਕਵਿਤਾ ਉਰਦੂ ਵਿਚ 'ਆਹ! ਸ. ਕਿਰਪਾਲ ਸਿੰਘ ਮਜੀਠੀਆ', ਲਿਖ ਕੇ ਕਾਲਜ ਮੈਗਜ਼ੀਨ 'ਦਰਬਾਰ' ਦੇ ਉਰਦੂ ਭਾਗ ਵਿਚ ਛਾਪੀ, ਜੋ ਕਾਫ਼ੀ ਜਜ਼ਬਾਤੀ ਕਿਸਮ ਦੀ ਸੀ। ਉਨ੍ਹਾਂ ਦੀ ਥਾਂ ਪਰਧਾਨ ਦੀ ਪਦਵੀ ਸਰਦਾਰ ਸੁਰਜੀਤ ਸਿੰਘ ਮਜੀਠੀਆ ਨੇ ਸੰਭਾਲੀ।

ਵਿਭਾਗ ਵਿਚ ਵਾਧਾ

ਕਾਲਜ ਦੇ ਫ਼ਾਰਸੀ ਉਰਦੂ ਵਿਭਾਗ ਵਿਚ ਮੈਂ ਇਕੱਲਾ ਹੀ ਅਧਿਆਪਕ ਤੇ ਮੁੱਖੀ ਸੀ। 1945 ਵਿਚ ਪਹਿਲੇ ਤੇ ਦੂਜੇ ਸਾਲ (ਐਫ.ਏ.) ਵਿਚ ਫ਼ਾਰਸੀ ਪੜ੍ਹਨ ਵਾਲਿਆਂ ਦੀ ਗਿਣਤੀ ਏਨੀ ਵਧ ਗਈ ਕਿ ਦੋ ਸੈਕਸ਼ਨ ਬਣਾਉਣੇ ਪਏ ਅਤੇ ਇਕ ਹੋਰ ਅਧਿਆਪਕ ਦੀ ਅਸਾਮੀ ਪੈਦਾ ਹੋ ਗਈ। ਪ੍ਰਿੰ. ਭਾਈ ਜੋਧ ਸਿੰਘ ਨੇ ਮੈਨੂੰ ਕਿਹਾ ਕਿ ਕੋਈ ਯੋਗ ਆਦਮੀ ਲੱਭੋ। ਲਾਹੌਰ ਵਿਚ ਮੇਰਾ ਫ਼ਾਰਸੀ ਐਮ.ਏ. ਦਾ ਜਮਾਤੀ ਗੁਲਵੰਤ ਸਿੰਘ ਬੇਰੁਜ਼ਗਾਰ ਸੀ। ਲਾਹੌਰ ਵਿਚ ਉਹ 1945 ਵਿਚ ਮੈਨੂੰ ਅਚਾਨਕ ਮਿਲ ਗਿਆ। ਮੈਂ ਉਸ ਨੂੰ ਦੱਸ ਪਾਈ। ਉਸ ਨੇ ਇਕ ਅਰਜ਼ੀ ਭਾਈ ਜੋਧ ਸਿੰਘ ਵੱਲ ਭੇਜ ਦਿੱਤੀ। ਭਾਈ ਸਾਹਿਬ ਨੇ ਉਸ ਨੂੰ ਬੁਲਾਇਆ ਤੇ ਮੈਨੂੰ ਵੀ ਸੱਦ ਲਿਆ। ਭਾਈ ਸਾਹਿਬ ਉਸ ਦੀ ਯੋਗਤਾ ਤੇ ਸਵੈ-ਵਿਸ਼ਵਾਸ ਤੋਂ ਪ੍ਰਭਾਵਿਤ ਹੋਏ। ਇਸ ਤਰ੍ਹਾਂ ਉਹ ਮੇਰੇ ਨਾਲ ਵਿਭਾਗ ਵਿਚ ਦੂਜਾ ਅਧਿਆਪਕ ਲੱਗ ਗਿਆ। ਫਿਰ ਉਹ ਕੁਝ ਸਾਲਾਂ ਬਾਅਦ ਇਥੋਂ ਚਲਾ ਗਿਆ ਪਰ ਸਾਡੇ ਮਿੱਤਰਤਾ ਵਾਲੇ ਸੰਬੰਧ ਬਣੇ ਰਹੇ।

---

*ਦੇਖੋ 'A History of the Khalsa College, Amritsar', ਰਚਿਤ ਡਾ. ਗੰਡਾ ਸਿੰਘ, 1949।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਰਦੂ ਕਵੀ ਵਜੋਂ ਸ਼ੁਹਰਤ

ਕਵੀ ਜਮਾਂਦਰੂ ਹੁੰਦਾ ਹੈ, ਬਣਾਇਆਂ ਜਾਂ ਜਤਨਾਂ ਨਾਲ ਨਹੀਂ ਬਣਦਾ। ਮੈਂ ਵੀ ਸਰਗੋਧਾ ਖਾਲਸਾ ਹਾਈ ਸਕੂਲ ਵਿਚ ਪੜ੍ਹਾਂਦਿਆਂ ਨਾਵੀਂ ਜਮਾਤ ਵਿਚ 15 ਸਾਲ ਦੀ ਉਮਰੇ ਉਰਦੂ ਕਵਿਤਾ ਲਿਖਣੀ ਸ਼ੁਰੂ ਕੀਤੀ। ਪੰਜਾਬੀ ਵਿਚ ਲਿਖਣਾ ਬਹੁਤ ਪਿਛੋਂ ਦੀ ਗੱਲ ਹੈ। ਉੰਜ ਮੈਂ ਲਾਹੌਰ ਵਿਚ ਪੜ੍ਹਦਿਆਂ ਵੀ ਕਈ ਅੰਗਰੇਜ਼ ਦੀਆਂ ਮਸ਼ਹੂਰ ਕਵਿਤਾਵਾਂ (ਸ਼ੈਲੇ, ਕੀਟਸ ਆਦਿ ਦੀਆਂ) ਪੰਜਾਬੀ ਕਵਿਤਾ ਵਿਚ ਅਨੁਵਾਦ ਕਰਕੇ ਗੌਰਮਿੰਟ ਕਾਲਜ ਦੇ ਮੈਗਜ਼ੀਨ 'ਰਾਵੀ' ਵਿਚ ਛਪਵਾਈਆਂ। ਲਾਹੌਰ ਵਿਚ ਮੈਂ ਕੋਈ 10-12 ਗਜ਼ਲਾਂ ਲਿਖੀਆਂ (1936-40 ਦੇ ਦੌਰਾਣ) ਜੋ 'ਰਾਵੀ' ਵਿਚ ਛਪੀਆਂ। 'ਸਾਦਿਕ' ਮੇਰਾ ਉਰਦੂ ਕਵਿਤਾ ਵਿਚ ਤਖ਼ੱਲਸ ਸੀ। ਮੈਨੂੰ ਓਦੋਂ ਮਿੱਤਰ ਯਾਰ ਤੇ ਰਿਸ਼ਤੇਦਾਰ 'ਸਾਦਿਕ' ਆਖ ਕੇ ਸੰਬੋਧਨ ਕਰਦੇ ਸਨ।

ਖ਼ਾਲਸਾ ਕਾਲਜ ਵਿਚ ਅਕਤੂਬਰ 1943 ਵਿਚ ਨੌਕਰੀ ਸ਼ੁਰੂ ਕਰਦੇ ਹੀ ਮੈਂ ਕਾਲਜ ਮੈਗਜ਼ੀਨ 'ਦਰਬਾਰ' ਦੇ ਉਰਦੂ ਸੈਕਸ਼ਨ ਦਾ ਸੰਪਾਦਕ ਬਣ ਗਿਆ। ਨਵੰਬਰ 1943 ਵਿਚ ਜੋ 'ਗੁਰੂ ਨਾਨਕ ਅੰਕ' ਛਪਿਆ, ਉਸ ਵਿਚ ਮੈਂ ਗੁਰੂ ਨਾਨਕ ਸਾਹਿਬ ਉੱਤੇ ਉਚੇਚੀ ਉਰਦੂ ਨਜ਼ਮ ਲਿਖ ਕੇ ਛਾਪੀ ਜਿਸਦਾ ਸਿਰਲੇਖ ਸੀ 'ਬੁਲਬੁਲਿ' ਤੌਹੀਦ'। ਇਸ ਅੰਕ ਵਿਚ ਆਪਣੀ ਇਕ ਗ਼ਜ਼ਲ ਵੀ ਛਾਪੀ ਜਿਸਦਾ ਪਹਿਲਾ ਸ਼ਿਅਰ (ਮਤਲਾ) ਇਹ ਸੀ :

ਇਸ਼ਕ ਹੀ ਕਿਆ ਕਿ ਦਿਲ ਹਜ਼ੀਂ ਨਾ ਰਹੇ।
ਹੁਸਨ ਹੀ ਕਿਆ ਕਿ ਦਿਲ ਨਜ਼ੀਂ ਨਾ ਰਹੇ।

ਹਜ਼ੀਂ ਦੇ ਅਰਥ ਦੁਖੀ ਤੇ ਦਿਲ ਨਸ਼ੀਂ ਦਾ ਭਾਵ ਜੋ ਦਿਲ ਵਿਚ ਵੱਸ ਜਾਏ। ਬਾਕੀ ਸ਼ਿਅਰ ਸੌਖਾ ਹੈ। ਏਸੇ ਗਜ਼ਲ ਦਾ ਇਕ ਹੋਰ ਮਕਬੂਲ (ਲੋਕ-ਪ੍ਰੀਅ) ਸ਼ਿਅਰ ਇਹ ਸੀ :

ਆਸ਼ਕੋਂ ਕੀ ਮੁਰਾਦ ਹੋ ਪੂਰੀ
ਯਾ ਜਹਾਂ ਮੇਂ ਕੋਈ ਹੁਸੀਨ ਨਾ ਰਹੇ।

ਇਨ੍ਹਾਂ ਨਜ਼ਮਾਂ ਦੇ ਛਪਣ ਨਾਲ ਮੈਂ ਇਕ ਦਮ ਉਰਦੂ ਸ਼ਾਇਰ ਵਜੋਂ ਮਸ਼ਹੂਰ ਹੋ ਗਿਆ। ਪ੍ਰਿੰ. ਜ਼ੋਧ ਸਿੰਘ ਨੇ ਵੀ ਮੇਰੀ ਗੁਰੂ ਨਾਨਕ ਸਾਹਿਬ ਵਾਲੀ ਨਜ਼ਮ ਪਸੰਦ ਕੀਤੀ। 'ਦਰਬਾਰ' ਦਾ ਨਵੰਬਰ 1943 ਵਾਲਾ ਇਹ ਅੰਕ ਅਜੇ ਤਕ ਮੇਰੇ ਪਾਸ ਸੁਰਖਿਅਤ ਹੈ।

ਗੁਰੂ ਨਾਨਕ ਸਾਹਿਬ ਦੀ ਸ਼ਾਨ ਵਿਚ ਲਿਖੀ ਨਜ਼ਮ ਇਸ ਤਰ੍ਹਾਂ ਹੈ :

ਬੁਲਬਲਿ ਤੌਹੀਦ

ਫਿਰ ਚਰਾਗਿ ਹੱਕ ਗੁਰੂ ਨਾਨਕ ਨੇ ਰੌਸ਼ਨ ਕਰ ਦੀਆ,
ਕੁਫ਼ਰ ਆਬਾਦਿ ਜਹਾਂ ਮਾਨਿੰਦ ਗੁਲਸ਼ਨ ਕਰ ਦੀਆ।
ਇਸ਼ਤਿਆਕਿ ਦੀਦ ਬੜ੍ਹ ਕਰ ਗ਼ੈਰਤਿ ਮੂਸਾ ਬਨਾ,
ਖ਼ਿੱਤਾਇ ਪੰਜਾਬ ਰਸ਼ਕਿ ਤੂਰ ਓ ਐਮਨ ਕਰ ਦੀਆ।
ਸ਼ਮਇ ਵਹਿਦਤ ਕੇ ਲੀਏ ਨਾਨਕ ਸਾ ਪਰਵਾਨਾ ਹੂਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਨੇ ਫ਼ਾਰਗ ਬੁਤ ਪ੍ਰਸਤੀ ਸੇ ਬ੍ਰਹਿਮਨ ਕਰ ਦੀਆ।
ਹਿੰਦੂ ਮੁਸਲਿਮ ਕੇ ਤਫ਼ਰਕੋਂ ਸੇ ਨਿਕਲੀ ਰਾਹਿ ਨੌ,
ਏਕ ਹੀ ਮਹਿਫਲ ਮੇਂ ਬਾਹਮ ਦੋਸਤ ਦੁਸ਼ਮਨ ਕਰ ਦੀਆ।
ਬੁਲਬੁਲਿ ਤੌਹੀਦ ਕੇ ਗਾਨੋਂ ਮੇਂ ਵੁਹ ਤਾਸੀਰ ਹੈ,
ਨਗ਼ਮਾਇ ਵਹਿਦਤ ਸੇ ਪੁਰ ਇਨਸਾਂ ਕਾ ਦਾਮਨ ਕਰ ਦੀਆ।

ਫਿਰ 'ਦਰਬਾਰ' ਦੇ ਅਗਲੇ ਅੰਕ, ਮਾਰਚ 1944 ਵਿਚ ਮੈਂ ਸਰਦਾਰ ਕਿਰਪਾਲ ਸਿੰਘ ਨਜੀਠੀਆ, ਪਰਧਾਨ ਖ਼ਾਲਸਾ ਕਾਲਜ ਮੈਨਿਜਿੰਗ ਕਮੇਟੀ ਦੇ ਅਚਾਨਕ ਅਕਾਲ ਚਲਾਣੇ ਤੋਂ ਪ੍ਰਭਾਵਿਤ ਹੋ ਕੇ ਇਕ 'ਮਰਸੀਆ' (ਮਾਤਮੀ ਕਵਿਤਾ) ਉਰਦੂ ਵਿਚ ਲਿਖ ਕੇ ਛਪਵਾਇਆ ਜੋ ਕਾਫੀ ਜਜ਼ਬਾਤੀ ਤੇ ਦਰਦ ਭਰਿਆ ਸੀ। ਇਸ ਦਾ ਸਿਰਲੇਖ ਸੀ 'ਆਹ ਸ. ਕਿਰਪਾਲ ਸਿੰਘ ਮਜੀਠੀਆਂ'। ਨਮੂਨੇ ਵਜੋਂ ਇਸ ਦਾ ਇਕ ਬੰਦ (stanza) ਹੇਠਾਂ ਲਿਖਦਾ ਹਾਂ। 'ਦਰਬਾਰ' ਦਾ ਇਹ ਅੰਕ ਵੀ ਮੇਰੇ ਪਾਸ ਸੁਰਖਿਅਤ ਹੈ।

ਤੂ ਭੀ ਰੋ ਐ ਖ਼ਾਲਸਾ ਕਾਲਜ! ਉਸੇ ਰੋ ਜ਼ਾਰ ਜ਼ਾਰ।
ਕਿਉਂ ਨਾ ਹੋਂ ਤੁਲਬਾ ਤਿਰੇ, ਮਾਤਮ ਮੇਂ ਉਸ ਕੇ ਅਸ਼ਕਬਾਰ।
ਦੇਖ ਬੇਸ਼ਕ ਚੱਪਾ ਚੱਪਾ ਸਰਜ਼ਮੀਂ ਕਾ ਅਪਨੀ ਆਜ,
ਯਾਦ ਮੇਂ ਉਸ ਕੀ ਪਰੇਸ਼ਾਂ, ਉਸ ਕੇ ਗ਼ਮ ਮੇਂ ਬੇਕਰਾਰ।
ਉਸ ਕੀ ਹਸਤੀ ਸੇ ਬੰਧੀ ਥੀ ਕਾਮਯਾਬੀ ਕੀ ਉਮੀਦ,
ਖ਼ਾਲਸਾ ਕਾਲਜ ਉਠਾਏ ਏਕ ਯੂਨੀਵਰਸਿਟੀ ਕਾ ਬਾਰ।
ਕਾਸ਼ ਰਹਿ ਜਾਇਂ ਨਾ ਤੇਰੇ ਖ਼ਾਬ ਬੇਤਾਬੀਰ, ਉੱਠ
ਦਿਲ ਮੇਂ ਤਜਵੀਜ਼ਿ ਅਮਲ ਕਾ ਉਸ ਕੀ ਅਬ ਨਕਸ਼ਾ ਉਤਾਰ।
ਗਰਚਿ ਉਸ ਕੀ ਮੌਤ ਪੈਗ਼ਾਮਿ ਖਿਜ਼ਾਂ ਗੁਲਸ਼ਨ ਮੇਂ ਹੈ,
ਇਸ ਖਿਜ਼ਾਂ ਮੇਂ ਪੈਦਾ ਕਰਦੇ ਅਜ਼ ਸਰਿ ਨੌਂ ਇਕ ਬਹਾਰ।
ਉਸ ਕਾ ਨਾਮਿ ਨੇਕ ਦੁਨੀਆ ਮੇਂ ਰਹੇ ਜ਼ਿੰਦਾ ਸਦਾ,
ਯਾਦਗਾਰ ਉਸ ਕੀ ਤੂ ਕਾਲਜ ਕੋ ਹੀ ਯੂਨੀਵਰਸਿਟੀ ਬਣਾ।

ਉਸ ਸਮੇਂ ਦਾ ਇਹ ਸ. ਕਿਰਪਾਲ ਸਿੰਘ ਮਜੀਠੀਆ ਅਤੇ ਖ਼ਾਲਸਾ ਕਾਲਜ ਦਾ ਸੁਪਨਾ 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰੂਪ ਵਿਚ ਪੂਰਾ ਹੋਇਆ।

ਪ੍ਰੋ. ਵਰਿਆਮ ਸਿੰਘ ਦੀ ਅਗਵਾਈ

ਕਾਲਜ ਦੇ ਇਕ ਬਹੁਤ ਉੱਘੇ ਪ੍ਰੋਫੈਸਰ ਵਰਿਆਮ ਸਿੰਘ ਨਾਲ ਮੇਰੀ ਜਾਨ ਪਛਾਣ ਹੋਈ ਤਾਂ ਉਨ੍ਹਾਂ ਨੇ ਮੈਨੂੰ ਦੋ ਬੜੀਆਂ ਨੇਕ ਸਲਾਹਾਂ ਦਿੱਤੀਆਂ। ਇਕ ਇਹ ਕਿ ਜੇ ਮੈਂ ਸਫਲ ਤੇ ਪ੍ਰਭਾਵਸ਼ਾਲੀ ਪ੍ਰੋਫੈਸਰ ਬਣਨਾ ਹੈ ਤਾਂ ਮੈਨੂੰ ਕਾਲਜ ਦੇ ਅਧਿਆਪਨ (ਪੜ੍ਹਾਈ) ਦੇ ਕੰਮ ਤੋਂ ਇਲਾਵਾ ਕਾਲਜ ਦੇ ਹੋਰ ਕਈ ਕੰਮਾਂ ਵਿਚ ਹਿੱਸਾ ਲੈਣਾ ਚਾਹੀਦਾ ਹੈ। ਮੈਨੂੰ ਉਨ੍ਹਾਂ ਦੀ ਸਲਾਹ ਬਹੁਤ ਪਸੰਦ ਆਈ। ਉਹ ਫੁਟਬਾਲ ਕਲੱਬ ਦਾ ਪ੍ਰਧਾਨ ਸਨ, ਮੈਨੂੰ ਉਨ੍ਹਾਂ ਨੇ ਆਪਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਹਾਇਕ ਪ੍ਰਧਾਨ ਬਣਾ ਲਿਆ। ਕਾਲਜ ਦੇ ਮੈਗਜ਼ੀਨ 'ਦਰਬਾਰ' ਦਾ ਮੈਂ ਸੁਤੇ ਸਿਧ ਉਰਦੂ ਭਾਗ ਦਾ ਸੰਪਾਦਕ ਬਣ ਗਿਆ। ਇਸੇ ਤਰ੍ਹਾਂ ਮੈਂ ਪਟਿਆਲਾ ਹੋਸਟਲ ਦਾ ਵੀ ਸਹਾਇਕ ਵਾਰਡਨ ਨਿਯੁਕਤ ਹੋ ਗਿਆ। ਨਾਲ ਹੀ ਮੈਂ ਗਤਕਾ ਕਲੱਬ ਦਾ ਇੰਚਾਰਜ (ਪਰਧਾਨ) ਬਣ ਗਿਆ, ਕਿਉਂਕਿ ਮੈਂ ਲਾਹੌਰ ਵਿਚ ਪੜ੍ਹਦਿਆਂ ਗਤਕੇ ਦਾ ਸਾਰੇ ਪੰਜਾਬ ਦਾ ਤਿੰਨ ਵਾਰੀ ਚੈਂਪੀਅਨ ਬਣਿਆ ਸੀ ਅਤੇ ਗੌਰਮਿੰਟ ਕਾਲਜ ਲਾਹੌਰ ਦਾ ਕਾਲਜ 'ਕਲਰ' ਪ੍ਰਾਪਤ ਕੀਤਾ ਸੀ ਜੋ ਖੇਡਾਂ ਵਿਚ ਸਭ ਤੋਂ ਵੱਡਾ ਸਨਮਾਨ ਹੁੰਦਾ ਸੀ। ਅਜੇ ਵੀ ਹਰ ਵੱਡੇ ਕਾਲਜ ਵਿਚ ਇਹ 'ਕਲਰ' ਦਿਤਾ ਜਾਂਦਾ ਹੈ। ਇਸ ਤੋਂ ਇਲਾਵਾ ਮੈਂ ਕਾਲਜ ਦੀ ਰੋਵਰ (ਸਕਾਊਟ) ਕਲੱਬ ਦਾ ਵੀ ਪ੍ਰਧਾਨ ਬਣ ਗਿਆ। ਜੇ ਆਦਮੀ ਕੰਮ ਕਰਨਾ ਚਾਹੇ ਤਾਂ ਕੰਮਾਂ ਦੀ ਘਾਟ ਨਹੀਂ ਹੁੰਦੀ। ਇਸ ਤਰ੍ਹਾਂ ਮੈਂ ਬਹੁਤ ਛੇਤੀ ਵਿਦਿਆਰਥੀਆਂ ਵਿਚ ਮਾਣ ਸਤਿਕਾਰ ਦਾ ਪਾਤਰ ਬਣ ਗਿਆ।

ਦੂਜੀ ਨੇਕ ਸਲਾਹ ਪ੍ਰੋ. ਵਰਿਆਮ ਸਿੰਘ ਨੇ ਇਹ ਦਿੱਤੀ ਕਿ ਜੇ ਮੈਂ ਚਾਹੁੰਦਾ ਹਾਂ ਕਿ ਕਾਲਜ ਤੋਂ ਬਾਹਰ ਵੀ ਲੋਕ ਮੈਨੂੰ ਜਾਣਨ ਤਾਂ ਮੈਨੂੰ ਪੁਸਤਕਾਂ ਲਿਖ ਕੇ ਛਪਵਾਉਣੀਆਂ ਚਾਹੀਦੀਆਂ ਹਨ। ਉਹ ਆਪ ਇਕ ਸਫਲ ਲੇਖਕ ਵੀ ਸਨ (ਸਫਲ ਅਧਿਆਪਕ ਤਾਂ ਸਨ ਹੀ)। ਪੁਲੀਟੀਕਲ ਸਾਇੰਸ ਵਿਸ਼ੇ ਤੇ ਲਿਖੀਆਂ ਉਨ੍ਹਾਂ ਦੀਆਂ ਕਈ ਕਿਤਾਬਾਂ ਸਾਰੇ ਪੰਜਾਬ ਸਗੋਂ ਪੰਜਾਬ ਤੋਂ ਬਾਹਰ ਵੀ ਪੜ੍ਹੀਆਂ ਜਾਂਦੀਆਂ ਸਨ। ਉਨ੍ਹਾਂ ਵਿਚੋਂ ਉਨ੍ਹਾਂ ਨੂੰ ਕਾਫੀ ਆਮਦਨ ਵੀ ਹੋ ਜਾਂਦੀ ਸੀ। ਮੈਂ ਫ਼ਾਰਸੀ ਵਿਚ ਤਾਂ ਕੀ ਲਿਖ ਕੇ ਛਾਪਣਾ ਸੀ, ਬਦੇਸ਼ੀ ਜ਼ਬਾਨ ਸੀ, ਪਰ ਮੈਂ ਲੇਖਕ ਬਣਨ ਦੇ ਸੁਪਨੇ ਜ਼ਰੂਰ ਲੈਣ ਲੱਗ ਪਿਆ ਅਤੇ 1949 ਵਿਚ ਮੈਂ ਪੰਜਾਬੀ ਦੀ ਆਪਣੀ ਪਹਿਲੀ ਪੁਸਤਕ 'ਫਰੀਦ ਦਰਸ਼ਨ' ਲਿਖੀ ਜੋ 1951 ਵਿਚ ਛਪ ਗਈ ਤੇ ਹੁਣ ਤਕ ਉਸ ਦੇ ਛੇ ਐਡੀਸ਼ਨ ਛਪ ਚੁਕੇ ਹਨ।

ਕਾਲਜ ਦੇ ਨਾਮੀ ਪ੍ਰੋਫੈਸਰ

ਮੇਰੇ ਨੌਕਰੀ ਸ਼ੁਰੂ ਕਰਨ ਸਮੇਂ ਕਾਲਜ ਵਿਚ ਪ੍ਰੋ. ਇੰਦਰ ਸਿੰਘ, ਪ੍ਰੋ. ਚਰਨ ਸਿੰਘ, ਪ੍ਰੋ. ਹਰਬੰਸ ਸਿੰਘ, ਪ੍ਰੋ. ਹਰਨਾਮ ਸਿੰਘ, ਪ੍ਰੋ. ਅਡਵਾਨੀ, ਪ੍ਰੋ. ਰਾਮ ਸਿੰਘ ਆਹੂਜਾ, ਪ੍ਰੋ. ਜਗਤ ਸਿੰਘ, ਪ੍ਰੋ. ਗੁਰਦਿਆਲ ਸਿੰਘ (ਕੈਂਟਬ), ਡਾ. ਹਰਦਿਤ ਸਿੰਘ, ਪ੍ਰੋ. ਵਰਿਆਮ ਸਿੰਘ, ਸ. ਹਰਬੇਲ ਸਿੰਘ (ਪ੍ਰਸਿੱਧ ਹਾਕੀ ਕੋਚ) ਆਦਿ ਆਪਣੇ ਸਮੇਂ ਦੇ ਉੱਘੇ ਪ੍ਰੋਫੈਸਰ ਸਨ। ਇਹ ਸਾਰੇ ਹੀ ਵਿਭਾਗਾਂ ਦੇ ਮੁਖੀ ਸਨ। ਉਦੋਂ ਕਾਲਜ ਵਿਚ ਕਈ ਅਜੇਹੇ ਪ੍ਰੋਫੈਸਰ ਵੀ ਸਨ ਜੋ ਇਥੋਂ ਬਾਹਰ ਜਾ ਕੇ ਤੇ ਵਿਕਾਸ ਕਰ ਕੇ ਬਹੁਤ ਵੱਡੀਆਂ ਪਦਵੀਆਂ ਤੇ ਪਹੁੰਚੇ, ਜਿਵੇਂ (ਡਾ.) ਕਰਮ ਸਿੰਘ ਗਿੱਲ, (ਡਾ.) ਫੌਜਾ ਸਿੰਘ ਬਾਜਵਾ, (ਡਾ.) ਅਮਰੀਕ ਸਿੰਘ, (ਡਾ.) ਦਰਸ਼ਨ ਸਿੰਘ ਮੈਨੀ, ਪ੍ਰੋ. ਹਰਬੰਸ ਸਿੰਘ ਉਪਲ, (ਡਾ.) ਗੰਡਾ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਿਬ, ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਗੁਲਵੰਤ ਸਿੰਘ ਆਦਿ। ਓਦੋਂ ਇਹ ਸਭ ਪ੍ਰੋਫੈਸਰ ਅਖਵਾਂਦੇ ਸਨ, ਪੀ. ਐਚ. ਡੀ. ਦਾ ਚੱਕਰ ਪਿਛੋਂ ਚੱਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਲਜ ਦੇ ਉੱਘੇ ਖਿਡਾਰੀ

ਜਦੋਂ ਮੈਂ ਕਾਲਜ ਵਿਚ ਆਇਆ ਤਾਂ ਉਸ ਵੇਲੇ ਖੇਡਾਂ ਦੇ ਮੈਦਾਨ ਵਿਚ ਕਾਲਜ ਦਾ ਨਾਂ ਬੜਾ ਉੱਚਾ ਸੀ। ਮੇਰੇ ਆਉਣ ਤੋਂ ਥੋੜਾ ਸਮਾਂ ਪਹਿਲਾਂ ਦੇ ਕੁਝ ਨਾਮੀ ਖਿਡਾਰੀਆਂ ਦੀ ਬਹੁਤ ਚਰਚਾ ਸੀ, ਜਿਵੇਂ ਜਗਤ ਸਿੰਘ, ਨਿਰੰਜਨ ਸਿੰਘ, ਰਣਜੋਧ ਸਿੰਘ ਆਦਿ। ਮਹਿੰਦਰ ਘੋੜਾ (ਘੋੜਾ ਇਸ ਲਈ ਕਿ ਉਹ ਘੋੜੇ ਵਾਂਗ ਤੇਜ਼ ਦੌੜਦਾ ਸੀ)।

ਮੇਰੇ ਕਾਲਜ ਵਿਚ ਆਉਣ ਸਮੇਂ ਕਈ ਬੜੇ ਉੱਘੇ ਖਿਡਾਰੀ ਕਾਲਜ ਵਿਚ ਸਨ ਜਿਵੇਂ ਹਾਕੀ ਦੇ ਮੰਨਾ ਸਿੰਘ, ਖ਼ੁੱਰਮ, ਧਰਮ ਸਿੰਘ, ਬਲਬੀਰ ਸਿੰਘ, ਬਾਬਾ ਗੁਰਦੀਪ, ਰਾਮ ਸਰੂਪ, ਰਾਜਿੰਦਰ ਸਿੰਘ, ਸੰਤੋਖ ਸਿੰਘ; ਫੁਟਬਾਲ ਦੇ ਰਾਮ ਸਿੰਘ (ਬਾਬਾ), ਸੁਖਮਿੰਦਰ (ਕਾਕਾ), ਰਾਜਿੰਦਰ ਸਿੰਘ, ਬਲਦੇਵ ਸਿੰਘ, ਰਾਮ ਚੰਦ, ਵਾਲੀਬਾਲ ਦੇ ਵਰਿਆਮ ਸਿੰਘ ਮਲ੍ਹੀ, ਕਰਮ ਚੰਦ, ਕੁਲਵੰਤ ਸੰਧੂ, ਸੁਰਿੰਦਰ ਸੰਧੂ, ਆਦਿ; ਅਥਲੈਟਿਕਸ ਦੇ ਸਰਦੂਲ ਸਿੰਘ, ਹਰਭਜਨ ਸਿੰਘ ਸੰਧੂ, ਕਰਮ ਚੰਦ, ਗੌਰ ਕਿਸ਼ੋਰ, ਬੰਤਾ ਸਿੰਘ; ਕਬੱਡੀ ਦੇ ਰਾਮ ਸਿੰਘ ਬਾਬਾ), ਹਰਚਰਨ ਸਿੰਘ (ਚਰਨਾ), ਬਲਦੇਵ ਸਿੰਘ, ਹਜ਼ੂਰ ਸਿੰਘ; ਕ੍ਰਿਕਟ ਦੇ ਮਲਕਾਨੀ, ਗੁਰਚਰਨ ਸਿੰਘ, ਓਮ ਪ੍ਰਕਾਸ਼, ਚੂਨੀ ਲਾਲ ਆਦਿ।

ਦੇਸ਼ ਵੰਡ ਤੋਂ ਪਿਛੋਂ ਕੁਝ ਸਾਲਾਂ ਵਿਚ ਕਾਲਜ ਨੇ ਜੋ ਨਾਮੀ ਖਿਡਾਰੀ ਪੈਦਾ ਕੀਤੇ ਉਨ੍ਹਾਂ ਦੇ ਨਾਂ ਇਹ ਹਨ : ਪ੍ਰੇਮ ਸਿੰਘ ਲਾਲਪੁਰਾ, ਸਬਦਲ ਸਿੰਘ, ਕਰਤਾਰ ਸਿੰਘ. ਈਸ਼ਰ ਸਿੰਘ (ਕਬੱਡੀ); ਬਲਬੀਰ ਸਿੰਘ, ਬਖਸ਼ੀਸ਼ ਸਿੰਘ, ਗੁਰਬਖਸ਼ ਸਿੰਘ, ਹਰਬਿੰਦਰ ਸਿੰਘ, ਵੀਰ ਸਿੰਘ ਬਾਠ. ਰਸ਼ਬੇਗ ਸਿੰਘ (ਹਾਕੀ), ਜੋਗਿੰਦਰ ਸਿੰਘ, ਸਬਦਲ ਸਿੰਘ, ਬਲਦੇਵ ਸਿੰਘ, ਜਗਦੀਸ਼ ਸਿੰਘ, ਪਿਆਰੇ ਲਾਲ (ਫੁਟਬਾਲ), ਸਰਬਦੀਪ ਸਿੰਘ, ਸੁੱਚਾ ਸਿੰਘ, ਮੰਗਲ ਸਿੰਘ ਆਦਿ (ਕੁਸ਼ਤੀ), ਈਸ਼ਰ ਸਿੰਘ, ਹਰਭਜਨ ਸਿੰਘ ਰੰਧਾਵਾ, ਪ੍ਰਵੀਨ ਕੁਮਾਰ, ਅਜਾਇਬ ਸਿੰਘ, ਗੁਰਬਚਨ ਸਿੰਘ ਰੰਧਾਵਾ, ਗੁਰਚਰਨ ਸਿੰਘ, ਜਗਦੀਸ਼ ਸਿੰਘ, ਜੁਗਰਾਜ ਸਿੰਘ, ਹਰਬੰਸ ਸਿੰਘ ਟਾਈਗਰ. ਦਿਲਜਿੰਦਰ ਸਿੰਘ, ਮੁਹਿੰਦਰ ਸਿੰਘ, ਜਗਤਾਰ ਸਿੰਘ ਆਦਿ (ਅਥਲੈਟਿਕਸ), ਬਿਸ਼ਨ ਸਿੰਘ ਬੇਦੀ, ਗੁਰਪਾਲ ਸਿੰਘ, ਹਰਪਾਲ ਸਿੰਘ ਮੱਕੜ (ਕ੍ਰਿਕਟ), ਪ੍ਰਦੁਮਨ ਸਿੰਘ, ਕਾਹਨ ਸਿੰਘ, ਸੁੱਚਾ ਸਿੰਘ, ਸਵਰਨ ਸਿੰਘ (ਗਤਕਾ)।

ਸ੍ਰੀ ਨਨਕਾਣਾ ਸਾਹਿਬ ਮੇਲੇ ਵਿਚ ਸੇਵਾ

ਨਵੰਬਰ 1946 ਵਿਚ ਮੈਂ ਕਾਲਜ ਵਲੋਂ ਪਹਿਲੀ ਵਾਰ ਇਕ ਰੋਵਰ ਪਾਰਟੀ ਸੋਸ਼ਲ ਸਰਵਿਸ (ਸਮਾਜ ਸੇਵਾ) ਦੇ ਆਸ਼ੇ ਨਾਲ ਸ੍ਰੀ ਨਨਕਾਣਾ ਸਾਹਿਬ ਲੈ ਕੇ ਗਿਆ। ਓਥੇ ਸਾਡੀ ਡਿਊਟੀ ਭੀੜ ਨੂੰ ਠੀਕ ਤਰੀਕੇ ਨਾਲ ਚਲਾਣਾ ਤੇ ਕੁਝ ਵਿਸ਼ੇਸ਼ ਥਾਵਾਂ ਤੇ ਜਿਵੇਂ ਲੰਗਰ ਆਦਿ ਵਿਚ ਅਮਨ ਸ਼ਾਂਤੀ ਕਾਇਮ ਰੱਖਣਾ ਸੀ। ਠਹਿਰਨ ਵਾਸਤੇ ਤੰਬੂ ਲੱਗੇ ਹੋਏ ਸਨ। ਖਾਣੇ ਦਾ ਪ੍ਰਬੰਧ ਚੰਗਾ ਸੀ। ਪੰਜਾਬ ਦੇ ਹੋਰ ਕਈ ਕਾਲਜਾਂ ਤੇ ਸਕੂਲਾਂ ਤੋਂ ਅਤੇ ਸੇਵਾ ਸੰਮਤੀਆਂ ਵਲੋਂ ਵੀ ਉਥੇ ਸੇਵਾਦਾਰ ਪਹੁੰਚੇ ਹੋਏ ਸਨ। ਗੁਰੂ ਨਾਨਕ ਸਾਹਿਬ ਦੇ ਆਗਮਨ ਦੇ ਇਸ ਮੇਲੇ ਵਿਚ ਯਾਤਰੂਆਂ ਦੀ ਬੇਸ਼ੁਮਾਰ ਭੀੜ ਹੁੰਦੀ ਸੀ। ਤਿੰਨ ਦਿਨ ਅਸੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਥੇ ਠਹਿਰੇ । ਰੋਵਰ ਤੇ ਸਕਾਊਟ ਖਾਕੀ ਵਰਦੀਆਂ ਪਾਂਦੇ ਸਨ ।

ਏਸੇ ਤਰ੍ਹਾਂ ਅਗਲੇਰੇ ਸਾਲਾਂ ਵਿਚ ਸਾਡਾ ਇਹ ਰੋਵਰ ਗਰੁਪ ਮੇਰੀ ਅਗਵਾਈ ਵਿਚ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਹਰਮੰਦਰ ਸਾਹਿਬ, ਛਿਹਰਟਾ ਸਾਹਿਬ, ਬੀੜ ਸਾਹਿਬ ਤੇ ਹੋਰ ਕਈ ਧਾਰਮਕ ਸਥਾਨਾਂ ਤੇ ਸੇਵਾ ਲਈ ਜਾਂਦਾ ਰਿਹਾ । 1946 ਦਸੰਬਰ ਦੇ ਵੱਡੇ ਦਿਨਾਂ (ਕ੍ਰਿਸਮਸ) ਵਿਚ ਸਾਰੇ ਪੰਜਾਬ ਦੇ 250 ਰੋਵਰਾਂ ਤੇ ਉਨ੍ਹਾਂ ਦੇ ਇੰਚਾਰਜਾਂ ਦਾ ਇਕ ਟਰੇਨਿੰਗ ਕੈਂਪ ਤਾਰਾ ਦੇਵੀ (ਸ਼ਿਮਲਾ) ਵਿਚ ਲਗਾਇਆ ਗਿਆ । ਮੈਂ ਵੀ ਕਾਲਜ ਦੇ 15 ਰੋਵਰਾਂ ਦੀ ਪਾਰਟੀ ਨਾਲ ਉਸ ਵਿਚ ਸ਼ਾਮਲ ਹੋਇਆ । ਉਨ੍ਹਾਂ ਦਿਨਾਂ ਵਿਚ ਓਥੇ ਬਰਫ਼ ਪੈਂਦੀ ਦੇਖਣ ਦੀ ਖੁਸ਼ੀ ਪ੍ਰਾਪਤ ਕੀਤੀ ।

ਪੰਜਾਬੀ ਸਾਹਿੱਤ ਵਲ ਝੁਕਾਅ

1946 ਵਿਚ ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ 'ਪੰਜਾਬ ਦੀਆਂ ਵਾਰਾਂ' ਛਾਪੀ ਤਾਂ ਭੂਮਿਕਾ ਵਿਚ ਮੇਰੇ ਵਲੋਂ ਦਿਤੇ ਕੁਝ ਸਾਹਿੱਤਕ ਸੁਝਾਵਾਂ ਲਈ ਮੇਰਾ ਧੰਨਵਾਦ ਕੀਤਾ। ਕਿਸੇ ਛਪੀ ਪੁਸਤਕ ਵਿਚ ਮੇਰੇ ਨਾਂ ਦਾ ਇਹ ਪਹਿਲਾ ਉਲੇਖ ਸੀ । ਇਸ ਨਾਲ ਵੀ ਮੈਨੂੰ ਲੇਖਕ ਬਣਨ ਦਾ ਨਵਾਂ ਉਤਸ਼ਾਹ ਮਿਲਿਆ । ਡਾ. ਗੰਡਾ ਸਿੰਘ ਨੂੰ ਨੇੜਿਓਂ ਦੇਖਣ ਦਾ ਮੈਨੂੰ ਅਵਸਰ ਕੁਝ ਸਾਲ ਮਿਲਦਾ ਰਿਹਾ । ਉਨ੍ਹਾਂ ਦਾ ਸੁਭਾ ਬੜਾ ਨਿੱਘਾ, ਮਿਹਨਤੀ ਤੇ ਉਤਸ਼ਾਹ-ਭਰਪੂਰ ਸੀ । ਦੂਜਿਆਂ ਦੀ ਸਹਾਇਤਾ ਕਰਨਾ ਉਨ੍ਹਾਂ ਦਾ ਜੀਵਨ ਆਦਰਸ਼ ਸੀ । ਸਿੱਖ ਇਤਿਹਾਸ ਦੀ ਖੋਜ ਵੱਲ ਉਹ ਏਨੇ ਪ੍ਰਤੀਬੱਧ (committed) ਸਨ ਕਿ ਦਿਨ ਤਾਂ ਕੀ ਰਾਤ ਨੂੰ ਵੀ ਦੇਰ ਤਕ ਉਹ ਲਿਖਦੇ ਪੜ੍ਹਦੇ ਰਹਿੰਦੇ ।

ਧਾਰਮਕ ਗਵਾਂਢ

ਪ੍ਰੋ: ਸਾਹਿਬ ਸਿੰਘ ਦਾ ਗਵਾਂਢੀ ਹੋਣਾ ਮੇਰੇ ਲਈ ਇਕ ਪ੍ਰਕਾਰ ਦੀ ਧਾਰਮਕ ਟਰੇਨਿੰਗ ਸੀ । ਉਹ ਕਾਲਜ ਦੇ ਧਾਰਮਕ ਪ੍ਰੋਫ਼ੈਸਰ ਸਨ । ਉਨ੍ਹਾਂ ਦਾ ਧਾਰਮਕ ਸੱਚੇ ਵਿਚ ਢਲਿਆ ਦਿਨ ਰਾਤ ਦਾ ਸਾਰਾ ਜੀਵਨ ਜਦ ਮੈਂ ਦੇਖਦਾ ਤਾਂ ਹੈਰਾਨ ਹੁੰਦਾ । ਉਹ ਕਾਲਜ ਤੋਂ ਆ ਕੇ ਕਵਾਟਰ ਦੇ ਬਾਹਰ ਕੁਰਸੀ ਤੇ ਬੈਠ ਕੇ ਸ਼ਾਮ ਤਕ ਲਿਖਦੇ ਰਹਿੰਦੇ । ਪਾਸ ਇਕ ਮੰਜੀ ਤੇ ਪੁਸਤਕਾਂ ਆਦਿ ਰੱਖ ਲੈਂਦੇ । ਉਹ ਸੁਭਾ ਦੇ ਕਰੜੇ ਸਨ, ਇਸ ਲਈ ਕੋਈ ਉਨ੍ਹਾਂ ਦੇ ਕੰਮ ਵਿਚ ਹਰਜ ਪਾਣ ਦੀ ਜੁਰੱਅਤ ਨਾ ਕਰਦਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1947 ਦੀ ਦੇਸ਼ ਵੰਡ

ਦੇਸ਼ ਦੀ ਵੰਡ ਕੀ ਸੀ, ਇਕ ਵੱਡੀ ਤਬਾਹੀ ਤੇ ਬਰਬਾਦੀ ਸੀ, ਇਕ ਭਾਰੀ ਆਪੱਤੀ, ਇਕ ਅਨਮਨੁੱਖੀ ਅਤਿਆਚਾਰ ! ਅੰਗਰੇਜ਼ ਜਾਂਦੇ ਹੋਏ ਪਿਛੇ ਦੰਗੇ ਫਸਾਦ, ਕਤਲਆਮ, ਲੁੱਟਮਾਰ ਅਤੇ ਬਹੁਤ ਸਾਰੀ ਵੱਸੋਂ ਦੀ ਹਿਜਰਤ (migration) ਛੱਡ ਗਏ। ਇਕ ਪਾਸੇ ਹਿੰਦੂ ਸਿੱਖ, ਦੂਜੇ ਪਾਸੇ ਮੁਸਲਮਾਨ ਇਕ ਦੂਜੇ ਦੇ ਜਾਨੀ ਦੁਸ਼ਮਨ ਬਣ ਗਏ। ਇਕੋ ਪਿੰਡ ਤੇ ਇਕੋ ਸ਼ਹਿਰ ਵਿਚ ਸਦੀਆਂ ਤੋਂ ਭਰਾਵਾਂ ਵਾਂਗ ਰਹਿੰਦੇ ਇਕ ਦਮ ਭਰਾ-ਮਾਰੂ ਹੋ ਗਏ। ਇਹ ਸੀ ਫਿਰਕੂ ਜ਼ਹਿਰ ਜੋ ਅੰਗਰੇਜ਼ ਨੀਤੀ ਨੇ ਸਾਡੇ ਦੇਸ਼ ਦੇ ਕੋਨੇ ਕੋਨੇ ਵਿਚ ਪਲੇਗ ਵਾਂਗ ਫੈਲਾ ਦਿਤਾ। ਪੰਜਾਬ ਤੇ ਬੰਗਾਲ ਪ੍ਰਾਂਤਾਂ ਦੇ ਦੋ ਹਿੱਸੇ ਕਰ ਦਿਤੇ ਗਏ। ਪੂਰਬੀ ਬੰਗਾਲ ਅਤੇ ਪੱਛਮੀ ਪੰਜਾਬ ਨਾਲ ਸਰਹੱਦੀ ਸੂਬਾ, ਬਲੋਚਿਸਤਾਨ ਤੇ ਸਿੰਧ ਪ੍ਰਾਂਤ ਮਿਲਾ ਕੇ ਮੁਸਲਿਮ ਬਹੁਗਿਣਤੀ ਵਾਲਾ ਪਾਕਿਸਤਾਨ ਬਣਾਇਆ ਗਿਆ। ਹਜ਼ਾਰਾਂ ਹਿੰਦੂ ਸਿੱਖ ਪੱਛਮੀ ਪੰਜਾਬ ਵਿਚ ਮਾਰੇ ਗਏ ਅਤੇ ਹਜ਼ਾਰਾਂ ਹੀ ਮੁਸਲਮਾਨ ਪੂਰਬੀ ਪੰਜਾਬ, ਹਰਿਆਣਾ ਦਿਲੀ ਆਦਿ ਵਿਚ ਮਾਰੇ ਗਏ। ਜੋ ਬਚੇ ਉਹ ਹਿਜਰਤ ਕਰ ਕੇ ਭਾਰਤ ਜਾਂ ਪਾਕਿਸਤਾਨ ਵਿਚ ਕਾਫਲੇ ਬਣਾ ਕੇ ਚਲੇ ਗਏ। ਲੱਖਾਂ ਕਰੋੜਾਂ ਲੋਕ ਬੇਜ਼ਮੀਨੇ, ਕੰਗਾਲ ਅਤੇ ਬੇਘਰ ਹੋ ਗਏ। ਇਨ੍ਹਾਂ ਉਜੜੇ ਪੁਜੜੇ ਲੋਕਾਂ ਨੂੰ ਰਿਫੂਜੀ ਦਾ ਨਾਂ ਦਿਤਾ ਗਿਆ ਅਰਥਾਤ ਸ਼ਰਨਾਰਥੀ।

ਭਾਵੇਂ 1946 ਵਿਚ ਪੂਰਬੀ ਬੰਗਾਲ, ਬਿਹਾਰ ਅਤੇ ਰਾਵਲਪਿੰਡੀ ਆਦਿ ਕੁਝ ਥਾਵਾਂ ਤੇ ਫਿਰਕੂ ਫਸਾਦ ਸ਼ੁਰੂ ਹੋ ਗਏ ਸਨ, ਸਮੁੱਚੇ ਪੰਜਾਬ ਵਿਚ ਇਸ ਦੀ ਸ਼ੁਰੂਆਤ 5 ਮਾਰਚ, 1947 ਨੂੰ ਹੋਈ। ਮਾਸਟਰ ਤਾਰਾ ਸਿੰਘ ਨੇ ਲਾਹੌਰ ਵਿਚ ਅਸੰਬਲੀ ਹਾਲ ਦੇ ਉਤੇ ਚੜ੍ਹ ਕੇ ਮੁਸਲਿਮ ਲੀਗ ਦਾ ਝੰਡਾ ਫਾੜ ਦਿਤਾ। ਸ੍ਰੀ ਅੰਮ੍ਰਿਤਸਰ ਵਿਚ ਪਹਿਲਾ ਫ਼ਿਰਕੂ ਕਤਲ ਏਸੇ ਮਨਹੂਸ ਤਾਰੀਖ ਨੂੰ ਖਾਲਸਾ ਕਾਲਜ ਦੇ ਵਿਦਿਆਰਥੀ ਭਾਈ ਮੋਹਨ ਸਿੰਘ ਦਾ ਹੋਇਆ ਜੋ ਟਾਂਗੇ ਵਿਚ ਸ੍ਰੀ ਦਰਬਾਰ ਸਾਹਿਬ ਤੋਂ ਆਉਂਦਾ ਹਾਲ ਬਾਜ਼ਾਰ ਵਿਚੋਂ ਲੰਘ ਰਿਹਾ ਸੀ ਕਿ ਮਸਜਿਦ ਖ਼ੈਰਦੀਨ ਦੇ ਨੇੜੇ ਕੁਝ ਮੁਸਲਮਾਨਾਂ ਨੇ ਉਸ ਨੂੰ ਸ਼ਹੀਦ ਕਰ ਦਿਤਾ। ਬਸ ਫਿਰ ਕੀ ਸੀ, ਹਰ ਪਾਸੇ ਇਹ ਭਿਆਨਕ ਅੱਗ ਫੈਲ ਗਈ। ਹਰ ਗਲੀ, ਹਰ ਮੁਹੱਲੇ, ਹਰ ਆਬਾਦੀ ਵਿਚ ਫ਼ਿਰਕੂ ਨਾਹਰੇ ਲੱਗਣੇ ਸ਼ੁਰੂ ਹੋ ਗਏ ਤੇ ਕਤਲ ਖੂਨ ਤੇ ਲੁੱਟਮਾਰ ਦਾ ਬਾਜ਼ਾਰ ਗਰਮ ਹੋ ਗਿਆ। ਸਭ ਕਾਲਜ ਸਕੂਲ ਬੰਦ ਹੋ ਗਏ, ਸਭ ਦੁਕਾਨਾਂ ਤੇ ਕਾਰੋਬਾਰ ਠੱਪ ਹੋ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਡਰ ਸੀ ਕਿ ਖਾਲਸਾ ਕਾਲਜ ਉਤੇ ਵੀ ਹਮਲਾ ਨਾ ਹੋ ਜਾਏ, ਇਸ ਲਈ ਸਾਰੇ ਸਟਾਫ਼ ਦੀ ਡਿਊਟੀ ਰਾਤ ਦਿਨ ਪਹਿਰਾ ਦੇਣ ਦੀ ਲੱਗ ਗਈ। ਕਈ ਵਿਦਿਆਰਥੀ ਹੋਸਟਲ ਛੱਡ ਕੇ ਘਰਾਂ ਨੂੰ ਚਲੇ ਗਏ। ਮੈਨੂੰ ਯਾਦ ਹੈ ਅਸੀਂ ਪ੍ਰੋਫੈਸਰਾਂ ਨੇ ਆਪਣੇ ਬਚਾਅ ਲਈ ਕਿਰਪਾਨਾਂ ਤੇ ਲਾਠੀਆਂ ਖਰੀਦ ਲਈਆਂ। ਅਸੀਂ ਪਹਿਰਾ ਦੇਣ ਵੇਲੇ ਹਥਿਆਰ ਨਾਲ ਰੱਖਦੇ। ਕਈ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਨੇ ਆਪਣੀ ਸੁਰਖਿਆ ਲਈ ਮੇਰੇ ਪਾਸੋਂ ਗਤਕਾ ਤੇ ਲਾਠੀ ਚਲਾਣਾ ਸਿਖਿਆ। ਡਾ. ਗੰਡਾ ਸਿੰਘ ਜੋ ਪਹਿਲੀ ਮਹਾਨ ਜੰਗ ਵਿਚ ਈਰਾਨ, ਇਰਾਕ ਆਦਿ ਵਿਚ ਫੌਜੀ ਨੌਕਰੀ ਕਰ ਚੁਕੇ ਸਨ, ਕਾਲਜ ਕੈਂਪਸ ਦੇ ਰਖਿਆ-ਕਮਾਂਡਰ ਨਿਯਤ ਹੋ ਗਏ। 15 ਅਗਸਤ ਨੂੰ ਆਜ਼ਾਦੀ ਦਾ ਏਲਾਨ ਕੀਤਾ ਗਿਆ। ਓਦੋਂ ਤਕ ਇਸੇ ਤਰ੍ਹਾਂ ਦਾ ਡਰ ਤੇ ਸਹਿਮ ਦਾ ਵਾਤਾਵਰਨ ਬਣਿਆ ਰਿਹਾ। ਹਰ ਵੇਲੇ ਭਿਆਨਕ ਅਫਵਾਹਾਂ ਉਡਦੀਆਂ ਰਹਿੰਦੀਆਂ।

ਅਗਸਤ 1947 ਵਿਚ ਹਿੰਦੂ ਸਿੱਖ ਸ਼ਰਨਾਰਥੀ ਪੱਛਮੀ ਪੰਜਾਬ ਵਿਚੋਂ ਨਿਕਲ ਕੇ ਹਜ਼ਾਰਾਂ ਦੀ ਗਿਣਤੀ ਵਿਚ ਆਉਣੇ ਸ਼ੁਰੂ ਹੋ ਗਏ। ਖਾਲਸਾ ਕਾਲਜ ਵਿਚ ਉਨ੍ਹਾਂ ਲਈ ਰਹਾਇਸ਼ੀ ਕੈਂਪ ਖੋਲ੍ਹ ਦਿੱਤਾ ਗਿਆ। ਲਗਪਗ 10,000 ਸ਼ਰਨਾਰਥੀ ਇਸ ਕੈਂਪ ਵਿਚ ਹਰ ਵੇਲੇ ਰਹਿੰਦੇ ਸਨ। ਕੁਝ ਚਲੇ ਜਾਂਦੇ ਉਨ੍ਹਾਂ ਦੀ ਥਾਂ ਹੋਰ ਆ ਜਾਂਦੇ। ਹੋਸਟਲਾਂ ਵਿਚ, ਕਾਲਜ ਦੀ ਇਮਾਰਤ ਵਿਚ, ਦਰਖਤਾਂ ਹੇਠਾਂ ਜਾਂ ਬਾਹਰ ਖੁਲ੍ਹੀ ਜਗ੍ਹਾ ਵਿਚ ਹਰ ਥਾਂ ਸ਼ਰਨਾਰਥੀ ਪਰਿਵਾਰ ਡੇਰੇ ਲਾਈ ਬੈਠੇ ਸਨ। ਬੀਮਾਰਾਂ ਲਈ ਇਲਾਜ ਦਵਾਈ ਆਦਿ ਦਾ ਵੀ ਪ੍ਰਬੰਧ ਸੀ। ਇਨ੍ਹਾਂ ਸਭ ਵਾਸਤੇ ਸਰਕਾਰੀ ਪ੍ਰਬੰਧ ਹੇਠ ਲੰਗਰ ਤਿਆਰ ਹੁੰਦਾ। ਸਟਾਫ ਦੇ ਮੈਂਬਰ ਇਹ ਪ੍ਰਬੰਧ ਚਲਾਂਦੇ ਸਨ। ਸ਼ਰਨਾਰਥੀਆਂ ਨੂੰ ਕਪੜੇ ਤੇ ਕੰਬਲ ਵੀ ਵੰਡੇ ਜਾਂਦੇ। ਇਹ ਕੰਮ ਪ੍ਰੋਫੈਸਰ ਅਤੇ ਵਿਦਿਆਰਥੀ ਕਰਦੇ। ਵਿਦਿਆਰਥੀਆਂ ਨੂੰ ਕਿਹਾ ਗਿਆ ਕਿ ਜੋ ਇਹ ਸਮਾਜ-ਸੇਵਾ ਦਾ ਕੰਮ ਕਰਨਗੇ ਉਨ੍ਹਾਂ ਨੂੰ ਐਫ. ਏ., ਬੀ.ਏ. ਦੀ ਸੋਸ਼ਲ ਸਰਵਿਸ ਡਿਗਰੀ ਮਿਲੇਗੀ। ਸੋ ਕਾਫੀ ਵਿਦਿਆਰਥੀ ਸੇਵਾ ਵਿਚ ਜੁੱਟ ਗਏ। ਫਰਵਰੀ ਮਾਰਚ 1948 ਤਕ ਇਹ ਸਮਾਜ-ਸੇਵਾ ਚਲਦੀ ਰਹੀ, ਫਿਰ ਅਪ੍ਰੈਲ 1948 ਵਿਚ ਨਵੇਂ ਸਿਰਿਓਂ ਕਾਲਜ ਦੀ ਪੜ੍ਹਾਈ ਸ਼ੁਰੂ ਕਰਨ ਦੇ ਉਪਰਾਲੇ ਕੀਤੇ ਗਏ।

ਛੋਟੇ ਭਾਈ ਦਾ ਅਕਾਲ ਚਲਾਣਾ

ਸਾਡੇ ਮਾਤਾ ਜੀ ਪੱਛਮੀ ਪੰਜਾਬ ਵਿਚ ਵਾਪਰਨ ਵਾਲੇ ਖਤਰੇ ਨੂੰ ਪਹਿਲਾਂ ਹੀ ਮਹਿਸੂਸ ਕਰ ਕੇ ਆਪਣੇ ਦੋਹਾਂ ਛੋਟੇ ਪੁੱਤਰਾਂ ਅਮਰੀਕ ਸਿੰਘ ਤੇ ਗੁਲਬਾਗ ਸਿੰਘ ਨੂੰ ਨਾਲ ਲੈ ਕੇ ਜੂਨ ਦੇ ਮਹੀਨੇ ਵਿਚ ਸ਼ਰਗੋਧੇ ਤੋਂ ਗੰਗਾ ਨਗਰ ਦੇ ਨੇੜੇ ਸਾਡੇ ਪਿੰਡ ਚੱਕ 20 ਜੀ.ਜੀ. ਵਿਚ ਚਲੇ ਗਏ ਸਨ। ਸਾਡੇ ਦੋਵੇਂ ਭਾਈ ਇਕਬਾਲ ਸਿੰਘ ਤੇ ਗੁਰਚਰਨ ਸਿੰਘ ਜੋ ਸਰਗੋਧੇ ਵਾਲੇ ਪਿੰਡ ਵਿਚ ਜ਼ਿਮੀਂਦਾਰੀ ਸਾਂਭਦੇ ਸਨ, ਪਿੰਡ ਵਿਚ ਹੀ ਠਹਿਰੇ ਕਿਉਂਕਿ ਮਾਸਟਰ ਤਾਰਾ ਸਿੰਘ ਦਾ ਏਲਾਨ ਸੀ ਕਿ ਆਪਣੇ ਪਿੰਡ ਨਾ ਛੱਡੋ, ਹਥਿਆਰ ਰਖੋ ਤੇ ਆਪਣੀ ਰੱਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਪ੍ਰਬੰਧ ਕਰੋ । ਉਹ ਦੋਵੇਂ ਫਿਰ ਬਹੁਤ ਪਿਛੋਂ ਪਰਿਵਾਰ ਸਮੇਤ ਕਾਫਲੇ ਨਾਲ ਭਾਰਤ ਵਿਚ ਬੜੀਆਂ ਮੁਸ਼ਕਲਾਂ 'ਚੋਂ ਲੰਘ ਕੇ ਪਹੁੰਚੇ ।

ਰੱਬ ਦਾ ਭਾਣਾ ਅਟੱਲ ਹੈ । 22 ਜੂਨ ਨੂੰ ਸਾਡਾ ਸਭ ਤੋਂ ਛੋਟਾ ਭਾਈ ਗੁਲਬਾਗ ਸਿੰਘ 16 ਸਾਲ ਦੀ ਉਮਰ ਵਿਚ ਗੰਗਾ ਨਗਰ ਵਾਲੇ ਪਿੰਡ ਚਕ 20 ਜੀ. ਜੀ. ਵਿਚ ਕਾਲ ਵੱਸ ਹੋ ਗਿਆ । ਸਾਨੂੰ ਖ਼ਾਲਸਾ ਕਾਲਜ ਵਿਚ ਇਹ ਖ਼ਬਰ ਮਿਲੀ ਤਾਂ ਬਹੁਤ ਦੁੱਖ ਹੋਇਆ : 'ਹਸਰਤ ਉਨ ਗੁੰਚੋਂ ਪੇ ਹੈ ਜੋ ਬਿਨ ਖਿਲੇ ਮੁਰਝਾ ਗਏ ।' ਉਸਦੇ ਸਸਕਾਰ ਉਪ੍ਰੰਤ ਉਥੋਂ ਮਾਤਾ ਜੀ ਤੇ ਹੋਰ ਪਰਿਵਾਰ ਸਰਗੋਧੇ ਵਾਲੇ ਪਿੰਡ (ਚਕ 115) ਵਿਚ ਆ ਗਏ । ਅਸੀਂ ਵੀ ਚਕ 115 ਵਿਚ ਮਾਤਮ ਲਈ ਪਹੁੰਚੇ । ਇਥੇ ਹੀ ਪਾਠ ਦਾ ਭੋਗ ਪਾਇਆ ਗਿਆ । ਮੈਂ, ਚਰਨਜੀਤ ਕੌਰ ਤੇ ਬੇਟੀ ਹਰਜੀਤ ਪਹਿਲੀ ਅਗਸਤ ਤਕ ਉਥੇ ਰਹੇ । ਫਿਰ ਉਥੋਂ ਖਤਰਾ ਮਹਿਸੂਸ ਕਰ ਕੇ ਮਾਤਾ ਜੀ, ਭੈਣ ਜੀ, ਬਹਿਨੋਈ ਸ. ਕੁਲਵੰਤ ਸਿੰਘ ਅਤੇ ਛੋਟੇ ਭਾਈ ਅਮਰੀਕ ਸਿੰਘ ਸਮੇਤ ਅਸੀਂ ਚਕ 20 ਗੰਗਾ ਨਗਰ ਚਲੇ ਗਏ ।

ਪਿੰਡ ਦੇ ਗੁਰਦਵਾਰੇ ਦੀ ਉਸਾਰੀ

ਚਕ 20 ਵਿਚ ਸਾਡੇ ਪਰਿਵਾਰ 'ਚੋਂ ਕਿਸੇ ਦੀ ਪੱਕੀ ਰਿਹਾਇਸ਼ ਤਾਂ ਨਹੀਂ ਸੀ ਪਰ ਕੁਝ ਕਮਰੇ ਰਿਹਾਇਸ਼ ਲਈ ਬਣਾਏ ਹੋਏ ਸਨ । ਜ਼ਮੀਨ ਮੁਜ਼ਾਰੇ ਵਾਹੁੰਦੇ ਸਨ । ਦਲੀਪ ਸਿੰਘ ਆਪਣੀ ਪਤਨੀ ਸਰਬਜੀਤ ਕੌਰ ਸਮੇਤ (ਅਜੇ ਉਨ੍ਹਾਂ ਦੇ ਔਲਾਦ ਨਹੀਂ ਸੀ) ਰਾਵਲਪਿੰਡੀ ਸ਼ਹਿਰ ਤੋਂ ਬੜੀ ਮੁਸ਼ਕਲ ਨਾਲ ਅਗਸਤ ਦੇ ਤੀਜੇ ਹਫਤੇ ਵਿਚ ਚਕ 20 ਵਿਚ ਪਹੁੰਚ ਗਿਆ । ਓਦੋਂ ਪੰਜਾਬ ਵਿਚ ਆਵਾਜਾਈ ਦੇ ਸਾਧਨ ਗੱਡੀਆਂ, ਬੱਸਾਂ ਆਦਿ ਸਭ ਬੰਦ ਸਨ । ਅਖਬਾਰਾਂ ਵੀ ਬੰਦ ਸਨ । ਇਸ ਲਈ ਕੋਈ ਕਿਤੋਂ ਖ਼ਬਰ ਨਹੀਂ ਸੀ ਪੁੱਜਦੀ । ਸਾਨੂੰ ਕਾਲਜ ਬਾਰੇ ਕੋਈ ਸੂਚਨਾ ਨਹੀਂ ਸੀ । ਇਥੇ ਰਹਿੰਦਿਆਂ ਪਿੰਡ ਦੇ ਰਿਸ਼ਤੇਦਾਰ ਵਾਸੀਆਂ ਦੇ ਸਹਿਯੋਗ ਨਾਲ ਮੈਂ ਪਿੰਡ ਦੇ ਗੁਰਦਵਾਰੇ ਵਿਚ ਪ੍ਰਕਾਸ਼-ਅਸਥਾਨ ਦੀ ਨਵੇਂ ਸਿਰਿਓਂ ਉਸਾਰੀ ਕਰਵਾਈ । ਆਪਣੇ ਆਪ ਪਿੰਡ ਵਾਲੇ ਨਾ ਇਕੱਠੇ ਹੁੰਦੇ, ਨਾ ਕੁਝ ਕਰਦੇ ਸਨ । ਮੇਰੇ ਇਸ ਧਾਰਮਕ ਯੋਗਦਾਨ ਤੇ ਉਹ ਬਹੁਤ ਖੁਸ਼ ਹੋਏ । ਮੈਨੂੰ ਵੀ ਚੰਗਾ ਰੁਝੇਵਾਂ ਮਿਲ ਗਿਆ । ਪਿੰਡ ਤੋਂ ਗੰਗਾ ਨਗਰ ਸ਼ਹਿਰ 8 ਮੀਲ ਦੂਰ ਸੀ । ਅਸੀਂ ਊਠਾਂ ਤੇ ਸਵਾਰ ਹੋ ਕੇ ਉਥੇ ਜਾਂਦੇ ਆਉਂਦੇ ਸਾਂ ।

ਦਲੀਪ ਸਿੰਘ ਦੇ ਲੜਕੇ ਦਾ ਜਨਮ

ਸ੍ਰੀ ਗੰਗਾ ਨਗਰ ਸ਼ਹਿਰ ਵਿਚ ਸਾਡੇ ਛੋਟੇ ਮਾਮਾ ਜੀ ਰਤਨ ਸਿੰਘ ਬਾਜਵਾ ਰਹਿੰਦੇ ਸਨ । ਉਹ ਐਗਰੀਕਲਚਰ ਮਹਿਕਮੇ ਵਿਚ ਨੌਕਰ ਸਨ । ਦੋ ਸਾਲ ਪਹਿਲਾ ਉਨ੍ਹਾਂ ਨੇ ਖ਼ਾਲਸਾ ਕਾਲਜ ਸਾਡੇ ਪਾਸ ਆ ਕੇ ਗਿਆਨੀ, ਐਫ. ਏ. ਤੇ ਫਿਰ ਬੀ, ਦੇ ਇਮਤਿਹਾਨ ਪਾਸ ਕੀਤੇ ਸਨ । ਉਨ੍ਹਾਂ ਦੇ ਮਕਾਨ ਵਿਚ ਦਲੀਪ ਸਿੰਘ ਦਾ ਇਕਲੌਤਾ ਸਪੁਤਰ ਅਮਰਪ੍ਰੀਤ ਸਿੰਘ 20 ਸਤੰਬਰ 1947 ਨੂੰ ਪੈਦਾ ਹੋਇਆ । ਸਭ ਪਰਿਵਾਰ ਨੂੰ ਬੇਹੱਦ ਖੁਸ਼ੀ ਹੋਈ । ਜਿਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਲਾਤ ਵਿਚ ਇਹ ਨਿਆਮਤ ਨਸੀਬ ਹੋਈ, ਉਹ ਬੜੇ ਪਰੇਸ਼ਾਨੀਭਰੇ ਸਨ। ਦਲੀਪ ਸਿੰਘ ਨੂੰ ਰਾਵਲਪਿੰਡੀ ਵਿਚ ਸਿੱਖ ਪੁਲੀਸ ਅਫਸਰ ਹੋਣ ਕਰ ਕੇ ਉਸ ਦੇ ਮੁਸਲਮਾਨ ਨੌਕਰ (ਜੋ ਮੱਝ ਸਾਂਭਦਾ ਸੀ) ਰਾਹੀਂ ਮੁਸਲਮਾਨਾਂ ਨੇ ਜ਼ਹਿਰ ਦੇ ਦਿੱਤਾ ਸੀ। ਉਹ ਚੰਗੀ ਕਿਸਮਤ ਸਦਕਾ ਬਚ ਤਾਂ ਗਿਆ ਪਰ ਜ਼ਹਿਰ ਦਾ ਮਾੜਾ ਅਸਰ ਕਈ ਸਾਲਾਂ ਤਕ ਰਿਹਾ। ਸੰਨ 1949–50 ਵਿਚ ਪੂਰਾ ਇਕ ਸਾਲ ਉਸ ਨੂੰ ਲਗਾਤਾਰ ਬੁਖ਼ਾਰ ਰਿਹਾ ਤੇ ਲੰਮੀ ਛੁਟੀ ਲੈਣੀ ਪਈ। ਉਹ ਦੋਵੇਂ ਪਤੀ ਪਤਨੀ (ਪਤਨੀ ਦੀ ਉਮੀਦਵਾਰੀ ਦੀ ਹਾਲਤ ਵਿਚ) ਪਤਾ ਨਹੀਂ ਕਿਸ ਕਿਸ ਔਕੜ 'ਚੋਂ ਲੰਘ ਕੇ ਗੰਗਾ ਨਗਰ ਪਹੁੰਚੇ ਸਨ।

ਮੁਸ਼ਕਲ ਨਾਲ ਕਾਲਜ ਵਿਚ ਪਹੁੰਚਣਾ

ਕਾਲਜ ਬਾਰੇ ਕੋਈ ਖਬਰ ਨਾ ਮਿਲਣ ਤੋਂ ਪਰੇਸ਼ਾਨ ਹੋ ਕੇ ਅੰਤ 5 ਅਕਤੂਬਰ ਨੂੰ ਮੈਂ ਇਕੱਲਾ ਸ੍ਰੀ ਅੰਮ੍ਰਿਤਸਰ ਲਈ ਚਲ ਪਿਆ। ਪਤਾ ਲੱਗਾ ਸੀ ਕਿ ਕੋਈ ਕੋਈ ਮਾਲ ਗੱਡੀ ਲੋਕਾਂ ਦੇ ਸਫਰ ਲਈ ਚਲਾਈ ਗਈ ਸੀ। ਪਹਿਲਾਂ ਬਠਿੰਡੇ ਤਕ ਤੇ ਫਿਰ ਉਥੋਂ ਲੁਧਿਆਣੇ ਤਕ ਰਾਤ ਦੇ ਸਮੇਂ ਮੈਂ ਮਾਲ ਗੱਡੀ ਦੀ ਛੱਤ ਉਤੇ ਬਹਿ ਕੇ ਆਇਆ। ਗੱਡੀ ਤੋਂ ਡਿੱਗਣ ਦੇ ਡਰੋਂ ਸਾਰੀ ਰਾਤ ਮੈਂ ਸੌਂ ਨਾ ਸਕਿਆ। ਹੋਰ ਸਵਾਰੀਆਂ ਵੀ ਬਹੁਤ ਸਨ ਪਰ ਸਭ ਘਬਰਾਏ ਹੋਏ ਤੇ ਦੁੱਖੀ। ਲੁਧਿਆਣੇ ਤੋਂ ਮੈਨੂੰ ਇਕ ਮੁਸਾਫਰ ਗੱਡੀ ਸ੍ਰੀ ਅੰਮ੍ਰਿਤਸਰ ਵਾਸਤੇ ਮਿਲ ਗਈ। ਰਾਤ ਦਾ ਉਨੀਂਦਰਾ ਹੋਣ ਕਰ ਕੇ ਮੈਂ ਊਂਘ ਗਿਆ ਅਤੇ ਕਿਸੇ ਨੇ ਮੇਰੀ ਜੇਬ ਵਿਚੋਂ 35 ਰੁਪਏ ਜੋ ਮੇਰੇ ਪਾਸ ਸਨ ਕੱਢ ਲਏ। ਸੋ ਇਸ ਹਾਲਤ ਵਿਚ ਮੈਂ ਸਟੇਸ਼ਨ ਤੋਂ ਪੈਦਲ ਚਲ ਕੇ ਕਾਲਜ ਪਹੁੰਚਿਆ। ਗਾਲਿਬ ਨੇ ਜੋ ਇਸ਼ਕ ਬਾਰੇ ਲਿਖਿਆ ਹੈ. ਉਹ ਇਸ਼ਕ ਤੋਂ ਬਿਨਾਂ ਮੇਰੇ ਨਾਲ ਵਾਪਰਿਆ :

ਸ਼ੌਕ ਹਰ ਰੰਗ ਰਕੀਬਿ ਸਰੋ ਸਾਮਾਂ ਨਿਕਲਾ।
ਕੈਸ ਤਸਵੀਰ ਕੇ ਪਰਦੇ ਮੇਂ ਭੀ ਉਰੀਆਂ ਨਿਕਲਾ।

ਅਰਥਾਤ—'ਇਸ਼ਕ ਹਮੇਸ਼ਾ ਸਾਜ਼ੋ ਸਾਮਾਨ (ਭਾਵ ਖੁਸ਼ਹਾਲੀ) ਦਾ ਦੁਸ਼ਮਨ ਹੀ ਰਿਹਾ। ਮਜਨੂੰ ਨੂੰ ਦੇਖੋ ਉਹ ਤਸਵੀਰ ਦੇ ਪਰਦੇ ਵਿਚ ਵੀ ਸਦਾ ਨੰਗਾ ਹੀ ਦਿਖਾਇਆ ਜਾਂਦਾ ਹੈ।' ਹਮਾਯੂੰ ਬਾਦਸ਼ਾਹ ਨੂੰ ਦੁਬਾਰਾ ਤਖ਼ਤ ਹਾਸਲ ਕਰਨ ਵਿਚ 15 ਸਾਲ ਲੱਗੇ। ਰੱਬ ਦਾ ਸ਼ੁਕਰ ਹੈ ਇਕ ਸਾਲ ਬਾਅਦ ਸਾਡੀ ਅਪਦਾ ਖਤਮ ਹੋ ਗਈ।

ਦਲੀਪ ਸਿੰਘ ਹੁਰਾਂ ਦਾ ਬੱਚਾ ਬਹੁਤ ਛੋਟਾ ਸੀ ਇਸ ਲਈ ਉਹ ਸਵਾ ਮਹੀਨਾ ਕਰ ਕੇ ਆਪਣੇ ਪਰਿਵਾਰ ਦੇ ਨਾਲ ਮੇਰੀ ਪਤਨੀ ਚਰਨਜੀਤ ਕੌਰ ਅਤੇ ਬੇਟੀ ਹਰਜੀਤ ਨੂੰ ਨਾਲ ਲੈ ਕੇ ਖਾਲਸਾ ਕਾਲਜ ਆ ਗਏ। ਦਲੀਪ ਸਿੰਘ ਦੀ ਸ੍ਰੀ ਅੰਮ੍ਰਿਤਸਰ ਵਿਚ ਹੀ ਥਾਨੇਦਾਰ ਵਜੋਂ ਨਿਯੁਕਤੀ ਹੋ ਗਈ। ਕੁਝ ਮਹੀਨੇ ਸਾਡੇ ਪਾਸ ਰਹਿ ਕੇ ਉਨ੍ਹਾਂ ਸ਼ਹਿਰ ਵਿਚ ਮਕਾਨ ਲੈ ਲਿਆ।

ਕਾਲਜ ਵਿਚ ਮੈਂ ਕਈ ਮਹੀਨੇ ਸ਼ਰਨਾਰਥੀਆਂ ਦੀ ਸੇਵਾ ਦੇ ਕੰਮ ਵਿਚ ਲਗਾ ਰਿਹਾ। ਫਿਰ ਅਪਰੈਲ 1948 ਵਿਚ ਪੜ੍ਹਾਈ ਸ਼ੁਰੂ ਹੋ ਗਈ। ਇਹ ਸਾਰਾ ਸਾਲ (1948) ਸਾਡਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰ ਸ਼ਰਨਾਰਥੀ ਰਿਸ਼ਤੇਦਾਰਾਂ ਦਾ ਨਿਵਾਸ ਘਰ ਬਣਿਆ ਰਿਹਾ। ਲਗ ਪਗ ਸਾਰੇ ਨਜ਼ਦੀਕੀ ਰਿਸ਼ਤੇਦਾਰ ਪਛਮੀ ਪੰਜਾਬ ਤੋਂ ਆਕੇ ਸਾਡੇ ਪਾਸ ਕੁਝ ਸਮਾਂ ਠਹਿਰੇ ਤੇ ਫਿਰ ਅਗਲੇ ਟਿਕਾਣਿਆਂ ਤੇ ਚਲੇ ਗਏ।

ਸ੍ਰੀ ਦਰਬਾਰ ਸਾਹਿਬ ਵਿਚ ਆਤਮ ਰਸ

2 ਅਕਤੂਬਰ 1948 ਨੂੰ ਸਾਡੀ ਦੂਜੀ ਲੜਕੀ ਹਰਪ੍ਰੀਤ ਕੌਰ ਡਾ. ਸਨੋਅ ਦੇ ਪ੍ਰਬੰਧ ਹੇਠ ਚਲ ਰਹੇ ਮਿਸ਼ਨ ਹਸਪਤਾਲ ਵਿਚ ਪੈਦਾ ਹੋਈ। ਹਸਪਤਾਲ ਵਿਚ ਅਸੀਂ ਪ੍ਰਾਈਵੇਟ ਕਮਰਾ ਲੈ ਲਿਆ ਜਿਸ ਵਿਚ ਮੈਂ ਵੀ ਇਕ ਹਫਤਾ (ਕਾਲਜ ਤੋਂ ਛੁੱਟੀ ਲੈ ਕੇ) ਠਹਿਰਿਆ। ਇਹ ਹਸਪਤਾਲ ਸ੍ਰੀ ਦਰਬਾਰ ਸਾਹਿਬ ਦੇ ਬਹੁਤ ਨੇੜੇ ਸੀ, ਕੋਤਵਾਲੀ ਦੇ ਬਿਲਕੁਲ ਨਾਲ। ਮੈਂ ਹਰ ਰੋਜ਼ ਨਾਸ਼ਤਾ ਕਰ ਕੇ 8 ਕੁ ਵਜੇ ਸਵੇਰੇ ਸ੍ਰੀ ਦਰਬਾਰ ਸਾਹਿਬ ਚਲਾ ਜਾਂਦਾ ਅਤੇ ਲਗਾਤਾਰ ਅੰਦਰ ਪ੍ਰਕਾਸ਼ ਅਸਥਾਨ ਵਿਚ ਰਾਗੀ ਜੱਥੇ ਦੇ ਸਾਮ੍ਹਣੇ 1 ਵਜੇ ਤਕ ਬੈਠਾ ਕੀਰਤਨ ਸੁਣਦਾ ਰਹਿੰਦਾ। ਸਤਿਗੁਰੂ ਦੀ ਐਸੀ ਮਿਹਰ ਹੋਈ ਕਿ ਮੈਨੂੰ ਕੋਈ ਅਕੇਵਾਂ ਜਾਂ ਥਕਾਵਟ ਨਹੀਂ ਹੁੰਦੀ ਸੀ। ਜੋ ਆਤਮਕ ਅਨੰਦ ਤੇ ਰਸ ਮੈਂ ਉਨ੍ਹਾਂ ਦਿਨਾਂ ਵਿਚ ਮਾਣਿਆ ਉਹ ਫਿਰ ਨਸੀਬ ਨਹੀਂ ਹੋਇਆ। ਓਦੋਂ ਮੇਰੀ ਆਤਮਾ ਵਿਚ ਇਕ ਉਚੇਰੀ ਕਿਸਮ ਦੀ ਰੌ ਪੈਦਾ ਹੋ ਗਈ ਪ੍ਰਤੀਤ ਹੁੰਦੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਲਸਾ ਕਾਲਜ (1948-70)

ਅੱਗੇ ਮੇਰੇ ਜੀਵਨ ਦੇ ਸਭ ਤੋਂ ਕੀਮਤੀ 23 ਸਾਲਾਂ ਵਿਚ ਪ੍ਰਾਪਤ ਕੀਤੇ ਬਹੁ-ਪੱਖੀ ਵਿਕਾਸ ਦੇ ਹਾਲਾਤ ਸੰਖੇਪ ਕਰ ਕੇ ਲਿਖੇ ਜਾਂਦੇ ਹਨ । ਇਹ ਸਾਲ ਮੇਰੇ ਲਈ ਬਹੁਤ ਸੁਭਾਗੇ ਸਨ ਕਿਉਂਕਿ ਇਨ੍ਹਾਂ ਵਿਚ ਮੈਨੂੰ ਕਈ ਵੱਡੇ ਸੰਤ ਪੁਰਸ਼ਾਂ ਦੇ ਪਵਿੱਤਰ ਦਰਸ਼ਨ ਕਰਨ ਦਾ ਅਵਸਰ ਮਿਲਦਾ ਰਿਹਾ ਅਤੇ ਕਈ ਮੰਨੇ ਪ੍ਰਮੰਨੇ ਧਾਰਮਕ ਵਿਅਕਤੀਆਂ ਦੀ ਸੰਗਤ ਪ੍ਰਾਪਤ ਹੁੰਦੀ ਰਹੀ ।

ਕਿਲ੍ਹੇ ਵਾਲੇ ਸੰਤਾਂ ਦੇ ਦਰਸ਼ਨਾਂ ਦਾ ਸਿਲਸਿਲਾ

ਜਿਵੇਂ ਉਪਰ ਲਾਹੌਰ ਦੇ ਹਾਲਾਤ ਵਿਚ ਲਿਖਿਆ ਹੈ, 1936 ਵਿਚ ਪਹਿਲੀ ਵਾਰ ਮੈਂ ਕਿਲ੍ਹਾ ਸੂਬਾ ਸਿੰਘ (ਜਿਲ੍ਹਾ ਸਿਆਲਕੋਟ) ਵਿਚ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਦਰਸ਼ਨ ਕੀਤੇ ਸਨ । ਦੇਸ਼-ਵੰਡ ਪਿਛੋਂ ਸੰਤ ਜੀ ਕਿਲ੍ਹਾ ਸੂਬਾ ਸਿੰਘ ਤੋਂ ਆ ਕੇ ਬਟਾਲਾ ਤੇ ਧਾਰੀਵਾਲ ਦੇ ਵਿਚਕਾਰ ਸਥਿਤ ਪਿੰਡ ਨੌਸ਼ਹਿਰਾ ਮੱਜਾ ਸਿੰਘ ਵਿਚ ਵੱਸ ਗਏ । ਇਹ ਪਿੰਡ ਬਟਾਲੇ ਤੋਂ ਅੱਠ ਮੀਲ ਦੂਰ ਪਠਾਨਕੋਟ ਜਾ ਰਹੀ ਵੱਡੀ ਸੜਕ ਉੱਤੇ ਵਾਕਿਆ ਹੈ । ਸੰਤਾਂ ਦੇ ਆਉਣ ਨਾਲ ਇਸ ਦੀ ਰੌਣਕ ਚੌਗੁਣੀ ਹੋ ਗਈ । ਸੜਕ ਦੇ ਦੋਵੇਂ ਪਾਸੇ ਕਾਫੀ ਦੁਕਾਨਾਂ ਖੁਲ੍ਹ ਗਈਆਂ । ਬਸਾਂ ਦਾ ਅੱਡਾ ਬਣ ਗਿਆ । ਸੰਤ ਜੀ ਦਾ ਡੇਰਾ ਹੌਲੀ ਹੌਲੀ ਵਧ ਕੇ ਇਕ ਮੁਹੱਲਾ ਹੀ ਬਣ ਗਿਆ । ਇਥੇ ਵੀ ਕਿਲ੍ਹਾ ਸੂਬਾ ਸਿੰਘ ਵਾਂਗ ਉਨ੍ਹਾਂ ਦੀ ਸ਼ੁਹਰਤ ਦੂਰ ਦੂਰ ਤਕ ਫੈਲ ਗਈ । ਹਰ ਰੋਜ਼ ਸੈਂਕੜੇ ਸ਼ਰਧਾਲੂਆਂ ਦਾ ਤਾਂਤਾ ਲੱਗਾ ਰਹਿੰਦਾ । ਮੈਂ ਵੀ 1948 ਦੀਆਂ ਗਰਮੀਆਂ ਵਿਚ ਆਪਣੇ ਪਰਵਾਰ ਅਤੇ ਪੂਜਯ ਮਾਤਾ ਜੀ ਨਾਲ ਸੰਤਾਂ ਦੇ ਦਰਸ਼ਨਾਂ ਨੂੰ ਗਿਆ । ਜਦੋਂ ਅਸੀਂ ਉਥੇ ਪਹੁੰਚੇ ਤਾਂ ਬਾਬਾ ਜੀ ਸੰਗਤ ਵਿਚ ਬੈਠੇ ਬੜੀ ਮਸਤੀ ਦੇ ਰੰਗ ਵਿਚ ਡੁੱਬੇ ਹੋਏ ਕਬੀਰ ਸਾਹਿਬ ਦਾ ਸ਼ਬਦ ਗਾ ਰਹੇ ਸਨ । ਉਨ੍ਹਾਂ ਦੇ ਚਿਹਰੇ ਦਾ ਤੇਜ ਅਤੇ ਅੱਖਾਂ ਦੀ ਮਸਤੀ ਝੱਲੀ ਨਹੀਂ ਸੀ ਜਾਂਦੀ । ਉਹ ਸ਼ਬਦ ਇਹ ਸੀ :

ਸੰਤਨ ਸੰਗਿ ਕਬੀਰਾ ਬਿਗਰਿਓ ॥
ਸੋ ਕਬੀਰੁ ਰਾਮੈ ਹੋਇ ਨਿਬਰਿਓ ॥ (1258)

ਇਕ ਦਮ ਮੇਰੀ ਆਤਮਾ ਕਿਸੇ ਅਗੰਮੀ ਰਸ ਵਿਚ ਗੜੂੰਦ ਹੋ ਗਈ । ਮੇਰੇ ਉਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਾ ਜੀ ਦੀ ਭਰਪੂਰ ਮਸਤੀ ਤੇ ਰਸ-ਮਗਣਤਾ ਦਾ ਡੂੰਘਾ ਪ੍ਰਭਾਵ ਪਿਆ। ਮੈਨੂੰ ਇਉਂ ਜਾਪਿਆ ਜਿਵੇਂ ਕਿਸੇ ਮਹਾਨ ਰੱਬ ਨੂੰ ਪਹੁੰਚੇ ਹੋਏ ਪੁਰਾਤਨ ਸੂਫ਼ੀ ਫ਼ਕੀਰ ਜਾਂ ਸੰਤ ਭਗਤ ਦੀ ਰੂਹ ਉਨ੍ਹਾਂ ਦੀ ਸ਼ਖਸੀਅਤ ਵਿਚ ਪ੍ਰਵੇਸ਼ ਕਰ ਗਈ ਹੋਏ। ਰੂਹਾਨੀਅਤ ਦਾ ਇਕ ਠਾਠਾਂ ਮਾਰਦਾ ਸਮੁੰਦਰ! ਸੰਤਾਂ ਪਾਸ ਜਾਣ ਦਾ ਇਹ ਪਵਿੱਤਰ ਸਿਲਸਿਲਾ ਓਸੇ ਦਿਨ ਤੋਂ ਕਾਇਮ ਹੋ ਗਿਆ। ਹਰ ਸਾਲ ਇਕ ਜਾਂ ਦੋ ਵਾਰੀ ਅਸੀਂ ਉਥੇ ਦਰਸ਼ਨਾਂ ਨੂੰ ਜ਼ਰੂਰ ਜਾਂਦੇ। ਇਨ੍ਹਾਂ ਯਾਤਰਵਾਂ ਦੌਰਾਨ ਕਈ ਕੌਤਕ ਵਾਪਰੇ ਜਿਨ੍ਹਾਂ ਦਾ ਜ਼ਿਕਰ ਮੈਂ ਪੁਸਤਕ 'ਹਮ ਸੰਤਨ ਕੀ ਰੇਨੁ' ਵਿਚ ਕੀਤਾ ਹੈ। ਇਸ ਪਹਿਲੀ ਯਾਤਰਾ ਸਮੇਂ ਮੇਰੇ ਦਿਲ ਦੀ ਜੋ ਹਾਲਤ ਹੋਈ, ਉਸ ਦਾ ਅਨੁਮਾਨ ਮੇਰੇ ਹੇਠ ਲਿਖੇ ਸ਼ਿਅਰ ਤੋਂ ਹੋ ਸਕਦਾ ਹੈ :

ਸਾਗਰ ਦੀ ਛੱਲ ਆਈ ਮੇਰੇ ਦਿਲ ਨੂੰ ਲੈ ਗਈ,
ਮੁੱਖ ਤੇਰਾ ਵੇਖਦਾ ਕਿ ਮੈਂ ਦਿਲ ਨੂੰ ਸੰਭਾਲਦਾ।

(ਪੁਸਤਕ 'ਅੰਦਾਜ਼ਿ ਗਜ਼ਲ' ਪੰਨਾ 33)

ਜ਼ਮੀਨ ਦੀ ਅਲਾਟਮੈਂਟ

1949 ਵਿਚ ਸਾਨੂੰ ਸਭ ਭਰਾਵਾਂ ਨੂੰ ਸਰਗੋਧੇ ਵਾਲੀ ਜ਼ਮੀਨ ਦੇ ਬਦਲੇ ਸੰਗਰੂਰ ਦੇ ਨੇੜੇ ਉਪਲੀ ਅਤੇ ਭਰੂਰ ਦੋ ਪਿੰਡਾਂ ਵਿਚ ਜ਼ਮੀਨ ਅਲਾਟ ਹੋਈ। ਸਰਗੋਧੇ ਤੋਂ ਆਏ ਸਾਡੇ ਨਾਨਾ ਜੀ ਅਤੇ ਮਾਸੜ ਅਵਤਾਰ ਸਿੰਘ ਗੁਰਾਇਆ ਨੂੰ ਵੀ ਪਿੰਡ ਉਪਲੀ ਵਿਚ ਹੀ ਜ਼ਮੀਨ ਮਿਲੀ। ਇਸ ਤਰ੍ਹਾਂ ਅਸੀਂ ਨਜ਼ਦੀਕੀ ਰਿਸ਼ਤੇਦਾਰ ਇਕ ਥਾਂ ਇਕੱਠੇ ਹੋ ਗਏ। ਉਪਲੀ ਦੀ ਜ਼ਮੀਨ ਦਾ ਪ੍ਰਬੰਧ ਭਾਈ ਇਕਬਾਲ ਸਿੰਘ ਨੇ ਸਾਂਭ ਲਿਆ ਅਤੇ ਭਰੂਰ ਦਾ ਗੁਰਚਰਨ ਸਿੰਘ ਨੇ। ਸਭ ਤੋਂ ਛੋਟਾ ਭਾਈ ਅਮਰੀਕ ਸਿੰਘ ਖ਼ਾਲਸਾ ਕਾਲਜ ਤੋਂ ਬੀ.ਏ. ਦੀ ਸੋਸ਼ਲ ਸਰਵਿਸ ਡਿਗਰੀ ਲੈ ਕੇ ਸਾਡੀ ਗੰਗਾ ਨਗਰ ਦੇ ਨੇੜੇ ਚਕ 20 ਜੀ ਜੀ ਵਾਲੀ ਜ਼ਮੀਨ ਦਾ ਇੰਚਾਰਜ ਬਣ ਕੇ ਚਲਾ ਗਿਆ। ਦਲੀਪ ਸਿੰਘ, ਜੋਗਿੰਦਰ ਸਿੰਘ ਅਤੇ ਮੈਂ ਪਹਿਲਾਂ ਹੀ ਨੌਕਰੀ ਤੇ ਸਾਂ।

ਮਸਤੂਆਣਾ ਸਾਹਿਬ ਵਿਚ ਸੰਤਾਂ ਦੇ ਦਰਸ਼ਨ

ਜਦੋਂ ਅਸੀਂ ਸੰਗਰੂਰ ਭਰਾਵਾਂ ਤੇ ਹੋਰ ਰਿਸ਼ਤੇਦਾਰਾਂ ਨੂੰ ਮਿਲਣ ਜਾਂਦੇ ਜਾਂ ਜ਼ਮੀਨ ਦੇ ਕੰਮ-ਕਾਰ ਬਾਰੇ ਜਾਣਾ ਪੈਂਦਾ ਤਾਂ ਅਸੀਂ ਜਤਨ ਕਰਦੇ ਕਿ ਮਸਤੂਆਣਾ ਸਾਹਿਬ ਜੋ ਸੰਗਰੂਰ ਤੋਂ ਤਿੰਨ ਕੁ ਮੀਲ ਉਤਰ ਵੱਲ ਹੈ ਅਤੇ ਸਾਡੇ ਪਿੰਡ ਉਪਲੀ ਤੋਂ ਵੀ ਕਾਫ਼ੀ ਨੇੜੇ ਹੈ, ਪਹੁੰਚ ਕੇ ਸੰਤ ਨਿਰੰਜਨ ਸਿੰਘ ਜੀ ਦੇ ਦਰਸ਼ਨ ਕਰੀਏ। ਉਨ੍ਹਾਂ ਨੇ ਉਥੇ ਪਹਿਲਾਂ ਸਕੂਲ ਅਤੇ ਫਿਰ ਕਾਲਜ ਖੋਲ੍ਹ ਕੇ ਇਸ ਪਛੜੇ ਇਲਾਕੇ ਵਿਚ ਬਹੁਤ ਕੁਝ ਵਿਦਿਆ ਦਾ ਪ੍ਰਚਾਰ ਕੀਤਾ। ਇਸ ਤਰ੍ਹਾਂ ਉਹ ਆਪਣੇ ਵੱਡੇ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਦੇ ਹੁਕਮ ਦੀ ਪਾਲਣਾ ਕਰਦੇ ਰਹੇ। ਦੇਸ਼ ਵੰਡ ਤੋਂ ਪਿਛੋਂ ਜ਼ਿਲ੍ਹਾ ਮਿੰਟਗੁਮਰੀ ਵਾਲੇ ਡੇਰੇ 'ਅਜੀਤ ਸਰ' ਤੋਂ ਆ ਕੇ ਉਨ੍ਹਾਂ ਨੇ ਇਥੇ ਮਸਤੂਆਣਾ ਸਾਹਿਬ ਵਿਚ ਪੱਕਾ ਡੇਰਾ ਕਰ ਲਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਮ. ਏ. ਪੰਜਾਬੀ ਦੀ ਪੜ੍ਹਾਈ

1947 ਤਕ ਪੰਜਾਬੀ ਭਾਸ਼ਾ ਦੀ ਸਭ ਤੋਂ ਉੱਚੀ ਪ੍ਰੀਖਿਆ 'ਗਿਆਨੀ' ਹੀ ਸੀ ਜਿਸ ਦੀ ਕੋਈ ਪੁਛ ਪ੍ਰਤੀਤ ਨਹੀਂ ਸੀ। ਪੰਜਾਬ ਦੇ ਵਿਦਿਅਕ ਇਤਿਹਾਸ ਵਿਚ ਪਹਿਲੀ ਵਾਰ ਖ਼ਾਲਸਾ ਕਾਲਜ ਵਿਚ ਐਮ. ਏ. ਪੰਜਾਬੀ ਦੀ ਪੜ੍ਹਾਈ 1949 ਵਿਚ ਸ਼ੁਰੂ ਕੀਤੀ ਗਈ। ਪੰਜਾਬੀ ਬੋਲੀ ਦੀ ਤਰੱਕੀ ਵਲ ਇਹ ਇਕ ਬਹੁਤ ਵੱਡਾ ਕਦਮ ਸੀ ਜਿਸ ਦਾ ਸਿਹਰਾ ਪ੍ਰਿੰ. ਭਾਈ ਜੋਧ ਸਿੰਘ ਦੇ ਸਿਰ ਤੇ ਹੈ। ਦੇਸ਼-ਵੰਡ ਤੋਂ ਪਿਛੋਂ ਪੂਰਬੀ ਪੰਜਾਬ ਵਿਚ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੋਵੇਂ ਸ਼ਾਮਲ ਸਨ, ਜੋ ਪਹਿਲੀ ਨਵੰਬਰ 1966 ਨੂੰ ਪੰਜਾਬੀ ਸੂਬਾ ਬਣਨ ਨਾਲ ਵਖਰੇ ਪ੍ਰਾਂਤ ਬਣ ਗਏ। 1948 ਵਿਚ ਇਕ ਨਵੀਂ ਪੰਜਾਬ ਯੂਨੀਵਰਸਿਟੀ ਕਾਇਮ ਕੀਤੀ ਗਈ ਜਿਸ ਦੇ ਦਫਤਰ ਪਹਿਲਾਂ ਸੋਲਨ (ਸ਼ਿਮਲਾ) ਅਤੇ ਫਿਰ ਚੰਡੀਗੜ੍ਹ ਵਿਚ ਸਥਾਪਤ ਕੀਤੇ ਗਏ। ਭਾਈ ਜੋਧ ਸਿੰਘ ਲਾਹੌਰ ਵਾਲੀ ਵੱਡੀ ਯੂਨੀਵਰਸਿਟੀ ਵਿਚ ਵੀ ਸੈਨੇਟ, ਸਿੰਡੀਕੇਟ ਆਦਿ ਦੇ ਮੈਂਬਰ ਰਹੇ ਸਨ ਅਤੇ ਪੰਜਾਬੀ ਭਾਸ਼ਾ ਨੂੰ ਐਫ. ਏ. ਬੀ. ਏ. ਅਤੇ ਐਮ. ਏ. ਵਿਚ ਹੋਰ ਵੱਡੇ ਮਜ਼ਮੂਨਾਂ ਵਾਂਗ ਪੜ੍ਹਾਏ ਜਾਣ ਦੇ ਵੱਡੇ ਸਮਰਥਕ ਤੇ ਦਾਵੇਦਾਰ ਰਹੇ ਸਨ। ਹੁਣ ਨਵੀਂ ਯੂਨੀਵਰਸਿਟੀ ਵਿਚ ਵੀ ਉਹ ਸਰਵੁੱਚ ਤੇ ਪ੍ਰਮੁਖ ਅਧਿਕਾਰੀਆਂ ਵਿਚੋਂ ਸਨ।

1949 ਦੇ ਸ਼ੁਰੂ ਵਿਚ ਭਾਈ ਸਾਹਿਬ ਨੇ ਮੈਨੂੰ ਬੁਲਾ ਕੇ ਕਿਹਾ ਕਿ 'ਦੇਸ਼-ਵੰਡ ਕਾਰਨ ਹੁਣ ਫ਼ਾਰਸੀ ਦੀ ਪੜ੍ਹਾਈ ਦੀ ਥਾਂ ਪੰਜਾਬੀ ਨੇ ਲੈ ਲੈਣੀ ਹੈ, ਤੁਸੀਂ 'ਗਿਆਨੀ' ਪਾਸ ਕਰ ਲਵੋ ਅਤੇ ਇਹ ਗੱਲ ਪ੍ਰੋ. ਗੁਲਵੰਤ ਸਿੰਘ ਨੂੰ ਵੀ ਕਹਿ ਦਿਓ। ਇਸ ਤਰ੍ਹਾਂ ਤੁਹਾਨੂੰ ਐਮ, ਏ. ਪੰਜਾਬੀ ਪਾਸ ਕਰਨਾ ਸੌਖਾ ਹੋ ਜਾਵੇਗਾ। ਅਸੀਂ ਛੇਤੀ ਹੀ ਪੰਜਾਬੀ ਵਿਭਾਗ ਸਥਾਪਤ ਕਰਨਾ ਹੈ ਤੇ ਲੈਕਚਰਰ ਭਰਤੀ ਕਰਨੇ ਹਨ। ਤੁਹਾਨੂੰ ਇਸ ਚੋਣ ਵਿਚ ਪਹਿਲ ਦਿਤੀ ਜਾਏਗੀ।' ਓਦੋਂ ਮੈਂ ਤੇ ਗੁਲਵੰਤ ਸਿੰਘ ਫ਼ਾਰਸੀ ਉਰਦੂ ਵਿਭਾਗ ਦੇ ਮੈਂਬਰ ਸਾਂ। ਅਸੀਂ ਦੋਹਾਂ ਨੇ ਭਾਈ ਸਾਹਿਬ ਦੀ ਸਲਾਹ ਮੰਨ ਕੇ 1949 ਦੀਆਂ ਗਰਮੀਆਂ ਵਿਚ ਬਹੁਤ ਚੰਗੇ ਨੰਬਰ ਲੈ ਕੇ 'ਗਿਆਨੀ' ਪਾਸ ਕਰ ਲਈ।

1949 ਅਕਤੂਬਰ ਵਿਚ ਪੰਜਾਬੀ ਵਿਭਾਗ ਖੋਲ੍ਹ ਕੇ ਐਮ. ਏ. ਪੰਜਾਬੀ ਦੀ ਪੜ੍ਹਾਈ ਸ਼ਾਮ ਦੀਆਂ ਕਲਾਸਾਂ ਦੇ ਰੂਪ ਵਿਚ ਚਾਲੂ ਕਰ ਦਿਤੀ ਗਈ। ਪ੍ਰੋ. ਸੰਤ ਸਿੰਘ ਸੇਖੋਂ ਨੂੰ ਇਸ ਨਵੇਂ ਪੰਜਾਬੀ ਵਿਭਾਗ ਦਾ ਮੁਖੀ ਬਣਾਇਆ ਗਿਆ। ਐਮ. ਏ. ਕਲਾਸ ਨੂੰ ਪੜ੍ਹਾਣ ਲਈ ਯੋਗਤਾ ਭਾਈ ਸਾਹਿਬ ਨੇ ਇਹ ਪ੍ਰਵਾਨ ਕੀਤੀ ਕਿ ਜਿਸ ਨੇ ਅੰਗਰੇਜ਼ੀ, ਫ਼ਾਰਸੀ ਅਤੇ ਸੰਸਕ੍ਰਿਤ ਵਿਚੋਂ ਕਿਸੇ ਇਕ ਕਲਾਸੀਕਲ (ਸਨਾਤਨ) ਭਾਸ਼ਾ ਦੀ ਐਮ. ਏ. ਕੀਤੀ ਹੋਵੇ ਤੇ ਨਾਲ ਹੀ ਗਿਆਨੀ ਪਾਸ ਕੀਤੀ ਹੋਵੇ ਉਹ ਐਮ. ਏ. ਪੜ੍ਹਾ ਸਕੇਗਾ। ਇਹ ਵਕਤੀ ਪ੍ਰਬੰਧ ਓਦੋਂ ਤਕ ਰਹਿਣਾ ਸੀ ਜਦ ਤਕ ਐਮ. ਏ. ਪੰਜਾਬੀ ਪਾਸ ਅਧਿਆਪਕ ਉਪਲਬਧ ਨਹੀਂ ਹੁੰਦੇ। ਸੋ ਇਸ ਛੋਟ ਅਨੁਸਾਰ ਮੇਰੇ ਤੋਂ ਇਲਾਵਾ ਪ੍ਰੋ. ਸੰਤ ਸਿੰਘ ਸੇਖੋਂ, ਪ੍ਰੋ. ਰੋਸ਼ਨ ਲਾਲ ਆਹੂਜਾ, ਪ੍ਰੋ. ਗੁਲਵੰਤ ਸਿੰਘ ਤੇ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਐਮ.ਏ. ਪੜ੍ਹਾਣ ਲੱਗ ਪਏ। ਕਲਾਸਾਂ ਪਟਿਆਲਾ ਹੋਸਟਲ ਦੇ ਕੁਝ ਬਾਹਰਲੇ ਕਮਰਿਆਂ ਵਿਚ ਖੋਲ੍ਹੀਆਂ ਗਈਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਦੇ ਨਾਲ ਐਮ. ਏ. ਅਰਥ-ਸ਼ਾਸਤਰ (ਇਕਨਾਮਿਕਸ) ਵੀ ਚਾਲੂ ਕੀਤੀ ਗਈ ਜਿਸ ਦੇ ਮੁਖੀ ਪ੍ਰੋ. ਕਰਮ ਸਿੰਘ ਗਿੱਲ ਮੁਕੱਰਰ ਹੋਏ ।

ਦੇਸ਼-ਵੰਡ ਉਪਰੰਤ ਸਰਕਾਰੀ ਐਗਰੀਕਲਚਰ ਕਾਲਜ ਤੋਂ ਇਲਾਵਾ ਯੂਨੀਵਰਸਿਟੀ ਦੇ ਤਿੰਨ ਵਿਭਾਗ ਆਰਜ਼ੀ ਤੌਰ ਤੇ ਖ਼ਾਲਸਾ ਕਾਲਜ ਦੇ ਖੁਲ੍ਹੇ ਕੈਂਪਸ ਵਿਚ ਰੱਖੇ ਗਏ । ਇਹ ਸਨ ਬਾਟਨੀ (ਬਨਸਪਤੀ ਵਿਗਿਆਨ) ਵਿਭਾਗ, ਸਪੋਰਟਸ (ਖੇਡ) ਵਿਭਾਗ ਅਤੇ ਪੰਜਾਬੀ ਵਿਭਾਗ ਜਿਸ ਦੇ ਮੁਖੀ ਡਾ. ਮੋਹਨ ਸਿੰਘ ਦੀਵਾਨਾ ਸਨ ਜੋ ਸਾਡੀ ਐਮ. ਏ. ਕਲਾਸ ਨੂੰ ਵੀ ਪੜ੍ਹਾਂਦੇ ਸਨ ।

ਇਸੇ ਸਮੇਂ ਵਿਚ ਡਾ. ਰੌਸ਼ਨ ਲਾਲ ਆਹੂਜਾ ਨਾਲ ਮੇਰਾ ਮੇਲ-ਜੋਲ ਕਾਫੀ ਵਧ ਗਿਆ ਅਤੇ ਅਸੀਂ ਸ਼ਾਮ ਦੀ ਸੈਰ ਨਿੱਤ ਬਿਲਾ-ਨਾਗਾ ਇਕੱਠੇ ਹੀ ਜਾਂਦੇ । ਉਹ 1956 ਵਿਚ ਖ਼ਾਲਸਾ ਕਾਲਜ ਤੋਂ ਸੋਹਨ ਲਾਲ ਟ੍ਰੇਨਿੰਗ ਕਾਲਜ, ਅੰਬਾਲਾ ਸ਼ਹਿਰ ਦੇ ਪ੍ਰਿੰਸੀਪਲ ਬਣ ਕੇ ਚਲੇ ਗਏ । ਉਦੋਂ ਤਕ ਸਾਡਾ ਇਹ ਨੇਮ ਨਿਰੰਤਰ ਨਿਭਦਾ ਰਿਹਾ ।

ਗਿਆਨੀ ਨਾਰਾਇਣ ਸਿੰਘ ਜੀ ਨਾਲ ਮੇਲ

ਕੁਦਰਤ ਦੇ ਭੇਤ ਬਹੁਤ ਗੁੱਝੇ ਅਤੇ ਮਨੁੱਖੀ ਸਮਝ ਤੋਂ ਪਰ੍ਹੇ ਹਨ । ਅਚਨਚੇਤ ਪਿਛਲੇ ਜਨਮਾਂ ਦਾ ਸੰਜੋਗ ਦੋ ਆਤਮਾਵਾਂ ਦਾ ਮੇਲ ਅਤੇ ਪਰਸਪਰ ਪਛਾਣ ਕਰਾ ਦਿੰਦਾ ਹੈ । ਅਜਿਹਾ ਇਕ ਮੇਲ ਮੇਰੇ ਨਾਲ ਵਾਪਰਿਆ ।

ਸੰਨ 1949 ਵਿਚ ਇਕ ਦਿਨ ਸਵੇਰੇ ਮੈਂ ਭਾਈ ਇਕਬਾਲ ਸਿੰਘ ਨਾਲ ਆਪਣੇ ਕਵਾਟਰ (ਨੰ. 25) ਦੇ ਬਰਾਂਡੇ ਵਿਚ ਤਾਜ਼ਾ ਹਵਾ ਲੈਣ ਲਈ ਖਲੋਤਾ ਸਾਂ ਕਿ ਕਾਲਜ ਗੁਰਦਵਾਰੇ ਦੀ ਸਮਾਪਤੀ ਉਪਰੰਤ ਗੁਰਦਵਾਰੇ ਦੇ ਹੈੱਡ ਗ੍ਰੰਥੀ ਗਿਆਨੀ ਨਰਾਇਣ ਸਿੰਘ ਜੀ ਗੁਰਦਵਾਰੇ ਤੋਂ ਆਉਂਦੇ ਹੋਏ ਕਮਜ਼ੋਰੀ ਤੇ ਬਿਰਧ ਅਵਸਥਾ ਕਾਰਨ ਹੌਲੀ-ਹੌਲੀ ਚੱਲਦੇ ਹੋਏ ਜਦ ਸਾਡੇ ਕਵਾਟਰ ਦੇ ਸਾਹਮਣੇ ਆਏ (ਇਥੋਂ ਨੇੜੇ ਹੀ ਅੱਗੇ ਉਨ੍ਹਾਂ ਦਾ ਕਵਾਟਰ ਸੀ) ਤਾਂ ਅਚਾਨਕ ਸਿਰ ਨੂੰ ਚੱਕਰ ਆਉਣ ਨਾਲ ਡਿੱਗ ਪਏ । ਅਸੀਂ ਉਨ੍ਹਾਂ ਦੀ ਇਹ ਹਾਲਤ ਵੇਖ ਕੇ ਸੁਭਾਵਕ ਹੀ ਹੈਰਾਨ ਤੇ ਚਿੰਤਾਤੁਰ ਹੋਏ। ਅਸੀਂ ਉਨ੍ਹਾਂ ਨੂੰ ਉਠਾ ਕੇ ਆਪਣੇ ਕਵਾਟਰ ਵਿਚ ਲੈ ਗਏ । ਉਨ੍ਹਾਂ ਦੀ ਖਬਰ-ਸੁਰਤ ਪੁੱਛੀ ਅਤੇ ਚਾਹ ਪਿਲਾਈ। ਏਨੇ ਵਿਚ ਉਹ ਠੀਕ ਹੋ ਗਏ ਅਤੇ ਕਹਿਣ ਲੱਗੇ, 'ਪਰਮਾਤਮਾ ਤੋਂ ਬਿਨਾ ਮੇਰਾ ਇਸ ਸੰਸਾਰ ਵਿਚ ਕੋਈ ਨਹੀਂ । ਮੇਰੀ ਪਤਨੀ ਅਤੇ ਬੱਚੇ ਪੱਛਮੀ ਪੰਜਾਬ ਦੇ ਜ਼ਿਲਾ ਜਿਹਲਮ ਵਿਚ 1947 ਵਿਚ ਕਤਲ ਹੋ ਗਏ ਸਨ । ਹੁਣ ਮੈਂ ਬੇਆਸਰਾ ਹਾਂ ।' ਅਸੀਂ ਪੁੱਛਿਆ, 'ਤੁਸੀਂ ਇਕੱਲੇ ਰਹਿੰਦੇ ਹੋ, ਤੁਹਾਡਾ ਖਾਣੇ ਦਾ ਕੀ ਪ੍ਰਬੰਧ ਹੈ ?' ਉਨ੍ਹਾਂ ਦੱਸਿਆ, 'ਕੋਈ ਖਾਸ ਪ੍ਰਬੰਧ ਨਹੀਂ, ਕੋਈ ਚੀਜ਼ ਮਿਲ ਜਾਏ ਤਾਂ ਖਾ ਲੈਂਦੇ ਹਾਂ, ਨਹੀਂ ਤਾਂ ਫ਼ਾਕਾ ।' ਸਾਨੂੰ ਉਨ੍ਹਾਂ ਦੀ ਹਾਲਤ ਤੇ ਬਹੁਤ ਤਰਸ ਆਇਆ । ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ 'ਅਸੀਂ ਸੇਵਾ ਲਈ ਹਾਜ਼ਰ ਹਾਂ । ਸਾਡੇ ਪਾਸ ਖਾਣਾ ਖਾਇਆ ਕਰੋ ।' ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿਣ ਲੱਗੇ, 'ਖਾਣਾ ਤਾਂ ਨਹੀਂ, ਕਦੀ-ਕਦੀ ਚਾਹ ਪੀ ਲਿਆ ਕਰਾਂਗਾ।' ਫਿਰ ਅਸੀਂ ਕਿਹਾ ਕਿ 'ਜਦੋਂ ਵੀ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਬਿਨਾਂ ਝਿਜਕ ਦੱਸ ਦਿਆ ਕਰੋ।'

ਇਹ ਸੀ ਸ਼ੁਰੂਆਤ ਇਕ ਡੂੰਘੇ ਆਤਮਕ ਮੇਲ ਦੀ। ਉਨ੍ਹਾਂ ਦੀ ਉਮਰ ਉਸ ਵੇਲੇ 65 ਕੁ ਸਾਲ ਦੀ ਸੀ। ਭਾਈ ਜੋਧ ਸਿੰਘ ਦੇ ਲਗਪਗ ਹਾਣੀ ਹੀ ਸਨ। ਉਨ੍ਹਾਂ ਨੇ ਸ਼ਾਇਦ 1905 ਵਿਚ ਖ਼ਾਲਸਾ ਕਾਲਜ ਤੋਂ ਹੀ ਬੀ. ਏ. ਪਾਸ ਕੀਤੀ ਸੀ (ਭਾਈ ਜੋਧ ਸਿੰਘ ਨੇ ਵੀ 1904 ਵਿਚ ਇਥੋਂ ਬੀ. ਏ. ਪੰਜਾਬ ਵਿਚੋਂ ਫਰਸਟ ਰਹਿ ਕੇ ਕੀਤੀ ਸੀ)। ਫਿਰ ਗਿਆਨੀ ਜੀ ਟੀਚਰ ਟ੍ਰੇਨਿੰਗ ਕੋਰਸ ਕਰ ਕੇ ਮਾਸਟਰ ਲੱਗ ਗਏ ਸਨ ਅਤੇ ਤਰੱਕੀ ਕਰ ਕੇ ਕਈ ਸਕੂਲਾਂ ਦੇ ਹੈੱਡ-ਮਾਸਟਰ ਵੀ ਰਹੇ ਸਨ।

ਗਿਆਨੀ ਜੀ ਉਮਰ ਵਿਚ ਮੇਰੇ ਸਵਰਗਵਾਗੀ ਪਿਤਾ ਜੀ ਨਾਲੋਂ ਵੀ ਕਈ ਸਾਲ ਵੱਡੇ ਸਨ, ਇਸ ਲਈ ਮੈਂ ਉਨ੍ਹਾਂ ਦਾ ਪੂਰਨ ਅਦਬ ਸਤਿਕਾਰ ਕਰਦਾ ਰਿਹਾ। ਉਹ 10 ਸਤੰਬਰ 1958 ਨੂੰ ਅਚਾਨਕ ਅਕਾਲ ਚਲਾਣਾ ਕਰ ਗਏ। ਓਦੋਂ ਤਕ ਸਾਡਾ ਧਾਰਮਕ ਪੱਧਰ ਦਾ ਸੰਪਰਕ ਨਿਰੰਤਰ ਬਣਿਆ ਰਿਹਾ। ਉਨ੍ਹਾਂ ਬਾਰੇ ਹੋਰ ਵਿਸਥਾਰ ਪੁਸਤਕ 'ਹਮ ਸੰਤਨ ਕੀ ਰੇਨੁ' ਵਿਚ ਦੇਖੋ। ਪੱਛਮੀ ਪੰਜਾਬ ਤੋਂ ਇਧਰ ਆ ਕੇ ਉਹ ਭਾਈ ਜੋਧ ਸਿੰਘ ਨੂੰ ਮਿਲੇ ਤਾਂ ਉਨ੍ਹਾਂ ਦੀ ਧਾਰਮਕ ਯੋਗਤਾ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਨੇ ਉਨ੍ਹਾਂ ਨੂੰ ਹੈੱਡ ਗ੍ਰੰਥੀ ਬਣਾ ਦਿਤਾ ਸੀ। ਨਿਰਸੰਦੇਹ ਉਹ ਇਕ ਬਹੁਤ ਵੱਡੀ ਧਾਰਮਕ ਸ਼ਖ਼ਸੀਅਤ ਸਨ ਅਤੇ ਆਤਮਕ ਅਨੁਭਵ ਦੀਆਂ ਉੱਚੀਆਂ ਮੰਜ਼ਲਾਂ ਤੈ ਕਰ ਚੁੱਕੇ ਹੋਏ ਸਨ।

ਐਨ. ਸੀ. ਸੀ. ਟ੍ਰੇਨਿੰਗ (ਅੰਬਾਲਾ ਛਾਉਣੀ)

15 ਜੁਲਾਈ ਤੋਂ 15 ਅਕਤੂਬਰ 1950 ਤਕ ਮੈਂ ਅਤੇ ਤਿੰਨ ਹੋਰ ਪ੍ਰੋਫ਼ੈਸਰਾਂ ਨੇ ਆਫੀਸਰ ਕੇਡਿਟ ਵਜੋਂ ਸਿੱਖ ਸੈਂਟਰ, ਅੰਬਾਲਾ ਛਾਉਣੀ ਵਿਚ ਐਨ. ਸੀ. ਸੀ. ਦੀ ਟ੍ਰੇਨਿੰਗ ਪ੍ਰਾਪਤ ਕੀਤੀ। ਇਸ ਨਾਲ ਮੈਨੂੰ ਸੈਨਿਕ ਜੀਵਨ, ਆਰਮੀ ਡਿਸਿਪਲਨ (ਜਬਤ) ਆਦਿ ਬਾਰੇ ਬਹੁਤ ਸਾਰੀ ਨਿੱਜੀ ਪੱਧਰ ਤੇ ਜਾਣਕਾਰੀ ਪ੍ਰਾਪਤ ਹੋਈ ਅਤੇ ਨਾਲ ਹੀ ਸਖ਼ਤ ਸਰੀਰਕ ਵਰਜ਼ਿਸ਼ (ਕਸਰਤ) ਕਰਨ ਨਾਲ ਮੇਰੀ ਆਮ ਸਿਹਤ ਵਿਚ ਬਹੁਤ ਸੁਧਾਰ ਹੋਇਆ।

ਉਸ ਸਮੇਂ ਮੇਰਾ ਛੋਟਾ ਭਾਈ ਮੇਜਰ ਜੋਗਿੰਦਰ ਸਿੰਘ ਮੇਰਠ ਛਾਉਣੀ ਵਿਚ ਹੋਣ ਕਰਕੇ ਕਦੀ-ਕਦੀ ਮੈਨੂੰ ਸਿੱਖ ਸੈਂਟਰ ਵਿਚ ਮਿਲਣ ਆਉਂਦਾ ਸੀ। ਉਹ ਉਸ ਵੇਲੇ 26 ਸਾਲਾਂ ਦਾ ਹੋ ਚੁੱਕਾ ਸੀ। ਪੂਜਯ ਮਾਤਾ ਜੀ ਨੇ ਮੈਨੂੰ ਕਈ ਵਾਰੀ ਕਿਹਾ ਸੀ ਕਿ ਮੈਂ ਉਸ ਨੂੰ ਸ਼ਾਦੀ ਕਰਨ ਲਈ ਪ੍ਰੇਰਨਾ ਕਰਾਂ। ਸੋ ਮੈਂ ਉਸ ਨਾਲ ਗੱਲ ਛੇੜੀ। ਮੇਰੇ ਪ੍ਰੇਰਨਾ ਕਰਨ ਤੇ ਉਹ ਸ਼ਾਦੀ ਕਰਨਾ ਮੰਨ ਗਿਆ ਪਰ ਤਿੰਨ ਸ਼ਰਤਾਂ ਰੱਖੀਆਂ। ਪਹਿਲੀ ਇਹ ਕਿ ਲੜਕੀ ਐਫ. ਏ. ਤੋਂ ਵੱਧ ਪੜ੍ਹੀ ਨਾ ਹੋਵੇ, ਕਿਉਂਕਿ ਉਹ ਆਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਫ. ਏ. ਕਰ ਕੇ ਆਰਮੀ ਸਰਵਿਸ ਵਿਚ ਚਲਾ ਗਿਆ ਸੀ। ਦੂਜੀ ਇਹ ਕਿ ਲੜਕੀ ਦਾ ਪਰਿਵਾਰ ਤੇ ਘਰ-ਬਾਰ ਚੰਗਾ ਇੱਜ਼ਤ ਮਾਣ ਵਾਲਾ ਹੋਵੇ। ਤੀਜੀ ਇਹ ਕਿ ਮਾਤਾ ਜੀ ਅਤੇ ਮੇਰੀ ਪਤਨੀ ਚਰਨਜੀਤ ਕੌਰ ਲੜਕੀ ਨੂੰ ਦੇਖ ਪਰਖ ਲੈਣ। ਉਹ ਕਹਿਣ ਲੱਗਾ ਮੈਂ ਆਪ ਲੜਕੀ ਨੂੰ ਸ਼ਾਦੀ ਤੋਂ ਪਹਿਲਾਂ ਨਹੀਂ ਦੇਖਾਂਗਾ। ਵੱਡਾ ਭਰਾ ਹੋਣ ਦੇ ਨਾਤੇ ਮੈਂ ਆਪਣੀ ਜ਼ਿੰਮੇਵਾਰੀ ਸਮਝ ਕੇ ਅੰਬਾਲਾ ਛਾਉਣੀ ਤੋਂ ਵਾਪਸ ਆ ਕੇ ਉਸ ਲਈ ਰਿਸ਼ਤਾ ਦੇਖਣਾ ਸ਼ੁਰੂ ਕਰ ਦਿਤਾ।

ਭਰਾਵਾਂ ਦੇ ਵਿਆਹ

ਅੰਬਾਲਾ ਛਾਉਣੀ ਤੋਂ ਵਾਪਸ ਆ ਕੇ ਮੈਨੂੰ ਛੇਤੀ ਹੀ ਜੋਗਿੰਦਰ ਸਿੰਘ ਦੀਆਂ ਸ਼ਰਤਾਂ ਅਨੁਕੂਲ ਉਸ ਲਈ ਇਕ ਯੋਗ ਰਿਸ਼ਤਾ ਸ੍ਰੀ ਅੰਮ੍ਰਿਤਸਰ ਦੇ ਪਿੰਡ ਨਾਰਲੀ ਦੇ ਸਰਦੇ-ਪੁਜਦੇ ਤੇ ਚੰਗੇ ਜ਼ਿਮੀਂਦਾਰ ਸੰਧੂ ਘਰਾਣੇ ਵਿਚ ਮਿਲ ਗਿਆ। ਸਾਡਾ ਸਾਰਾ ਪਰਿਵਾਰ ਮੇਰੇ ਕਵਾਟਰ ਵਿਚ ਇਕੱਠਾ ਹੋਇਆ ਅਤੇ ਮਈ 1951 ਵਿਚ (ਮੇਜਰ) ਜੋਗਿੰਦਰ ਸਿੰਘ ਦੀ ਸ਼ਾਦੀ ਸ. ਹਰੀ ਸਿੰਘ ਦੀ ਲੜਕੀ ਬੀਬੀ ਨਰਿੰਦਰ ਕੌਰ ਨਾਲ ਕਰ ਦਿਤੀ ਗਈ। ਇਹ ਰਿਸ਼ਤਾ ਵਿਸ਼ੇਸ਼ ਕਰਕੇ ਬੀਬੀ ਨਰਿੰਦਰ ਕੌਰ ਦੇ ਵੱਡੇ ਭਾਈ ਸੁਰਿੰਦਰ ਸਿੰਘ ਸੰਧੂ ਜੋ ਅੱਜ ਕੱਲ੍ਹ ਇਥੋਂ ਦੇ ਉੱਘੇ ਪਬਲਿਕ ਸਕੂਲ 'ਸਪ੍ਰਿੰਗ ਡੇਲ ਦਾ ਪ੍ਰਿੰਸੀਪਲ ਤੇ ਮਾਲਕ ਹੈ, ਦੇ ਉੱਦਮ ਨਾਲ ਹੋਇਆ। ਉਹ ਓਦੋਂ ਖ਼ਾਲਸਾ ਕਾਲਜ ਵਿਚ ਪੜ੍ਹਦਾ ਸੀ ਅਤੇ ਵਾਲੀ-ਬਾਲ ਦਾ ਨਾਮੀ ਖਿਡਾਰੀ ਸੀ। ਉਸ ਦੇ ਛੋਟੇ ਭਾਈ ਬ੍ਰਿਗੇਡੀਅਰ ਨਰਿੰਦਰ ਸਿੰਘ ਸੰਧੂ ਅਤੇ ਕਰਨਲ ਦਵਿੰਦਰ ਸਿੰਘ ਰਿਟਾਇਰ ਹੋ ਕੇ ਚੰਡੀਗੜ੍ਹ ਵਿਚ ਵੱਸ ਗਏ ਹਨ ਅਤੇ ਉਸ ਦਾ ਇਕਲੌਤਾ ਸਪੁੱਤਰ ਡਾ. ਸ਼ਿਵਿੰਦਰ ਸਿੰਘ ਏਥੇ ਇਕ ਸਥਾਨਕ ਆਰਥੋਪੀਡਿਕ ਕਲਿਨਿਕ ਦਾ ਸੰਚਾਲਕ ਤੇ ਮਾਲਕ ਹੈ।

ਜੋਗਿੰਦਰ ਸਿੰਘ ਤੋਂ ਛੋਟੇ ਭਾਈ ਅਮਰੀਕ ਸਿੰਘ ਦਾ ਰਿਸ਼ਤਾ ਵੀ ਇਸੇ ਸਮੇਂ ਮੈਂ ਚਰਨਜੀਤ ਕੌਰ ਦੀ ਵੱਡੀ ਭੈਣ ਬੀਬੀ ਗੁਰਦੀਪ ਕੌਰ ਅਤੇ ਭਣੂਜੇ ਸ. ਕਰਮ ਸਿੰਘ ਖਾਰ੍ਹਾ ਦੇ ਰਿਸ਼ਤੇਦਾਰਾਂ ਵਿਚ ਲੱਭ ਲਿਆ। ਬੀਬੀ ਦਾ ਪਿਤਾ ਸ. ਪਿਆਰਾ ਸਿੰਘ ਗਿੱਲ ਦਿੱਲੀ ਵਿਚ ਥਾਨੇਦਾਰ ਸੀ, ਇਸ ਲਈ ਇਹ ਸ਼ਾਦੀ ਅਸੀਂ ਭਾਈ ਦਲੀਪ ਸਿੰਘ ਸਬ ਇੰਸਪੈਕਟਰ ਪੁਲੀਸ ਪਾਸ (ਜੋ ਓਦੋਂ ਰੋਹਤਕ ਸ਼ਹਿਰ ਵਿਚ ਨਿਯੁਕਤ ਸੀ) ਰਚਾਈ। ਉਥੋਂ ਹੀ ਬਰਾਤ ਦਿੱਲੀ ਗਈ ਅਤੇ ਅਮਰੀਕ ਸਿੰਘ ਦੀ ਸ਼ਾਦੀ ਬੀਬੀ ਜਗਦੀਸ਼ ਕੌਰ ਨਾਲ ਫਰਵਰੀ 1951 ਵਿਚ ਕੀਤੀ ਗਈ।

1950-51 ਦੀ ਵਿਦਿਆਰਥੀ ਹੜਤਾਲ

ਦਸੰਬਰ 1950 ਵਿਚ ਕਾਲਜ ਦੇ ਖੱਬੇ-ਪੱਖੀ (leftist) ਵਿਦਿਆਰਥੀਆਂ ਨੇ, ਜੋ ਇਕ ਵੱਡੀ ਵਿਦਿਆਰਥੀ ਸੰਸਥਾ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਸਨ, ਨੇ ਯੂਨੀਵਰਸਿਟੀ ਇਮਤਿਹਾਨਾਂ ਵਿਚ ਬੈਠਣ ਲਈ ਦਾਖਲਾ ਰੋਕ ਲਏ ਜਾਣ ਦੇ ਸਵਾਲ ਤੇ ਹੜਤਾਲ ਕਰ ਦਿਤੀ। ਉਹ ਕਹਿੰਦੇ ਸਨ ਕਿਸੇ ਵਿਦਿਆਰਥੀ ਦਾ ਦਾਖਲਾ ਨਾ ਰੋਕਿਆ ਜਾਏ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵੇਂ ਉਹ ਘਰੋਗੀ ਪ੍ਰੀਖਿਆ ਵਿਚ ਲੋੜੀਂਦੀ ਯੋਗਤਾ ਪ੍ਰਾਪਤ ਕਰੇ ਜਾਂ ਨਾ ਕਰੇ। ਯੂਨੀਵਰਸਿਟੀ ਦੇ ਨੇਮਾਂ ਅਨੁਸਾਰ ਘਰੋਗੀ ਪ੍ਰੀਖਿਆ ਵਿਚ ਫੇਲ੍ਹ ਹੋਣ ਵਾਲੇ ਜਾਂ ਨਿਰਧਾਰਿਤ ਨੰਬਰ ਨਾ ਲੈਣ ਵਾਲੇ ਵਿਦਿਆਰਥੀਆਂ ਦਾ ਦਾਖਲਾ ਰੁਕ ਜਾਂਦਾ ਸੀ। ਇਹ ਹੜਤਾਲ ਲੰਮੀ ਹੋ ਗਈ। ਕੁਝ ਖੱਬ-ਪੱਖੀ ਪ੍ਰੋਫੈਸਰ ਵੀ ਇਸ ਹੜਤਾਲ ਦੀ ਗੁੱਝੀ ਹਮਾਇਤ ਕਰ ਰਹੇ ਸਨ। ਪਰ ਭਾਈ ਜੋਧ ਸਿੰਘ ਆਪਣੇ ਟੀਚੇ ਤੇ ਦ੍ਰਿੜ੍ਹ ਰਹੇ। ਜਦ ਵਿਦਿਆਰਥੀ ਉਨ੍ਹਾਂ ਦੇ ਤੇ ਸਟਾਫ ਦੇ ਸਮਝਾਣ ਤੇ ਨਾ ਮੰਨੇ ਤਾਂ ਭਾਈ ਸਾਹਿਬ ਨੇ ਫੈਸਲਾ ਕੀਤਾ ਕਿ ਹੋਸਟਲਾਂ ਵਿਚ ਰਹਿਣ ਵਾਲੇ ਵਿਦਿਆਰਥੀ ਹੋਸਟਲ ਛੱਡ ਜਾਣ। ਇਸ ਗੱਲ ਤੇ ਉਹ ਹੋਰ ਔਖੇ ਹੋਏ।

ਸਾਰਾ ਦਸੰਬਰ ਅਤੇ ਜਨਵਰੀ 1951 ਦੇ ਅੰਤ ਤੱਕ ਹੜਤਾਲ ਚੱਲਦੀ ਰਹੀ ਪਰ ਭਾਈ ਸਾਹਿਬ ਦਾ ਹੌਸਲਾ, ਸਬਰ ਅਤੇ ਇਰਾਦੇ ਦੀ ਦ੍ਰਿੜ੍ਹਤਾ ਵੇਖਣ ਵਾਲੀ ਸੀ। ਉਹ ਚਟਾਨ ਵਾਂਗ ਡਟੇ ਰਹੇ ਅਤੇ ਨਾ ਹੀ ਪੁਲੀਸ ਦੀ ਮਦਦ ਲਈ। ਵਿਦਿਆਰਥੀ ਕਈ ਡਰਾਵੇ ਦਿੰਦੇ ਸਨ, ਪ੍ਰਿੰਸੀਪਲ ਦੇ ਦਫਤਰ ਦਾ ਘਿਰਾਓ ਕਰਦੇ ਸਨ, ਬੜੇ ਜੋਸ਼ੀਲੇ ਤੇ ਉੱਚੀ ਆਵਾਜ਼ ਵਿਚ ਪ੍ਰਿੰਸੀਪਲ-ਵਿਰੋਧੀ ਨਾਹਰੇ ਲਗਾਂਦੇ ਸਨ ਹਾਏ-ਹਾਏ, ਪ੍ਰਿੰਸੀਪਲ ਮੁਰਦਾਬਾਦ ਆਦਿ) ਪਰ ਉਹ ਜ਼ਰਾ ਨਹੀਂ ਘਬਰਾਏ।

ਇਕ ਦਿਨ ਅਸੀਂ ਕੁਝ ਪ੍ਰੋਫੈਸਰ ਪ੍ਰਿੰਸੀਪਲ ਦੇ ਦਫਤਰ ਦੇ ਬਾਹਰ ਭਾਰੀ ਸ਼ੋਰ-ਸ਼ਰਾਬਾ ਅਤੇ ਜ਼ਬਰਦਸਤ ਘਿਰਾਓ ਨੂੰ ਵੇਖ ਕੇ ਭਾਈ ਸਾਹਿਬ ਦੇ ਪਾਸ ਉਨ੍ਹਾਂ ਦੀ ਸਹਾਇਤਾ ਲਈ ਗਏ। ਦਫਤਰ ਦੇ ਦਰਵਾਜ਼ੇ ਅੱਗੇ ਬਰਾਂਡੇ ਵਿਚ ਹਰ ਪਾਸੇ ਵਿਦਿਆਰਥੀ ਲੇਟੇ ਹੋਏ ਸਨ ਤੇ ਬਾਕੀ ਖੜੇ ਨਾਹਰੇ ਲਗਾ ਰਹੇ ਸਨ। ਜਾਪਦਾ ਸੀ ਕਿ ਉਹ ਭਾਈ ਸਾਹਿਬ ਦੀ ਹੱਤਕ ਕਰਨ ਤੋਂ ਵੀ ਨਹੀਂ ਟਲਣਗੇ। ਅਸੀਂ ਦਫਤਰ ਦੇ ਪਿਛਲੇ ਦਰਵਾਜ਼ੇ ਤੋਂ ਅੰਦਰ ਚਲੇ ਗਏ। ਭਾਈ ਸਾਹਿਬ ਅਡੋਲ ਆਪਣਾ ਦਫਤਰੀ ਕੰਮ ਕਰ ਰਹੇ ਸਨ, ਜਿਵੇਂ ਬਾਹਰ ਕੁਝ ਹੋ ਹੀ ਨਾ ਰਿਹਾ ਹੋਵੇ। ਅਸੀਂ ਬਹੁਤ ਹੈਰਾਨ ਹੋਏ ਤੇ ਕਿਹਾ, 'ਭਾਈ ਸਾਹਿਬ, ਅਸੀਂ ਇਸ ਸੰਕਟ ਵਿਚ ਆਪ ਦੇ ਪਾਸ ਰਹਿਣਾ ਚਾਹੁੰਦੇ ਹਾਂ ਤਾਂ ਜੋ ਵਿਦਿਆਰਥੀ ਤੁਹਾਡੀ ਸ਼ਾਨ ਵਿਚ ਕੋਈ ਅਵੱਗਿਆ ਨਾ ਕਰ ਦੇਣ।' ਉਹ ਕਹਿਣ ਲੱਗੇ, 'ਤੁਸੀਂ ਫਿਕਰ ਨਾ ਕਰੋ, ਮੈਨੂੰ ਕੋਈ ਡਰ ਜਾਂ ਖਤਰਾ ਨਹੀਂ। ਤੁਸੀਂ ਆਪਣਾ ਕੰਮ ਕਰੋ।' ਅਸੀਂ ਫਿਰ ਵੀ ਬੈਠੇ ਰਹੇ। ਬਾਰਾਂ ਵੱਜਣ ਵਾਲੇ ਸਨ। ਭਾਈ ਸਾਹਿਬ ਪੂਰੇ ਬਾਰਾਂ ਵਜੇ ਆਪਣੀ ਕੁਰਸੀ ਤੋਂ ਉੱਠ ਕੇ ਖਾਣਾ ਖਾਣ ਜਾਂਦੇ ਸਨ। ਉਹ ਬਾਰਾਂ ਵੱਜਣ ਤੇ ਅੱਗੇ ਵਾਂਗ ਉੱਠੇ ਤੇ ਹੌਲੀ-ਹੌਲੀ ਬਾਹਰ ਵੱਲ ਨੂੰ ਤੁਰੇ। ਅੱਗੇ ਰਸਤਾ ਰੁਕਿਆ ਸੀ। ਉਹ ਹੌਲੀ-ਹੌਲੀ ਤੁਰਦੇ ਗਏ (ਓਦੋਂ ਭਾਈ ਸਾਹਿਬ ਦੀ ਉਮਰ 69 ਸਾਲਾਂ ਦੀ ਸੀ)। ਉਨ੍ਹਾਂ ਨੂੰ ਵੇਖ ਕੇ ਵਿਦਿਆਰਥੀ ਹੋਰ ਭੜਕ ਉੱਠੇ ਤੇ ਉਨ੍ਹਾਂ ਦੇ ਇਰਦ-ਗਿਰਦ ਨੱਚਣ-ਟੱਪਣ ਲੱਗ ਪਏ। ਅਸੀਂ ਪ੍ਰੋਫੈਸਰ ਵੀ ਉਨ੍ਹਾਂ ਦੇ ਬਚਾਅ ਲਈ ਨਾਲ-ਨਾਲ ਜਾ ਰਹੇ ਸਾਂ। ਡਰ ਸੀ ਕਿ ਧੱਕਮ-ਧੱਕੇ ਵਿਚ ਉਹ ਡਿੱਗ ਨਾ ਪੈਣ। ਪਰ ਉਹ ਨਾ ਹੀ ਘਬਰਾਏ ਤੇ ਨਾ ਹੀ ਰੁਕੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਗੇ ਤੁਰਦੇ ਗਏ । ਜਦੋਂ ਕਾਲਜ ਡਿਉੜੀ (porch) ਦੀਆਂ ਪਉੜੀਆਂ ਉਤਰ ਗਏ ਤਾਂ ਵਿਦਿਆਰਥੀ ਹੋਰ ਵੀ ਜ਼ਿਆਦਾ ਛਿੱਥੇ ਪੈ ਗਏ ਤੇ ਉਨ੍ਹਾਂ ਦਾ ਘਰ ਵੱਲ ਜਾਣ ਦਾ ਰਾਹ ਰੋਕਣ ਲੱਗੇ । ਉਸ ਵੇਲੇ ਅਸੀਂ ਵੇਖਿਆ, ਫੁਟਬਾਲ ਦੇ ਪ੍ਰਸਿੱਧ ਕਪਤਾਨ ਅਤੇ ਕਬੱਡੀ ਦੇ ਚੈਂਪੀਅਨ ਖਿਡਾਰੀ ਸਬਦਲ ਸਿੰਘ (ਜੋ ਸਰੀਰਕ ਤੌਰ ਤੇ ਅਤਿ ਬਲਵਾਨ ਸੀ) ਨੂੰ ਜੋਸ਼ ਆ ਗਿਆ । ਉਸ ਨੇ ਹੜਤਾਲੀਆਂ ਨੂੰ ਲਲਕਾਰ ਕੇ ਕਿਹਾ, 'ਦੇਖੋ, ਇਹ ਤੁਹਾਡੇ ਬਾਬਿਆਂ ਦੀ ਉਮਰ ਦੇ ਹਨ, ਜੇ ਪ੍ਰਿੰਸੀਪਲ ਸਾਹਿਬ ਦੇ ਨੇੜੇ ਕੋਈ ਆਇਆ ਤਾਂ ਮੈਂ ਉਸ ਦਾ ਲਹੂ ਪੀ ਜਾਵਾਂਗਾ ।' ਬੱਸ ਉਸ ਦੀ ਵੰਗਾਰ ਸੁਣ ਕੇ ਹੜਤਾਲੀ ਪਿਛੇ ਹੱਟ ਗਏ ਅਤੇ ਭਾਈ ਸਾਹਿਬ ਆਪਣੀ ਕੋਠੀ ਵੱਲ ਚਲੇ ਗਏ । ਸਬਦਲ ਸਿੰਘ ਪਿਛੇ ਜਿਹੇ ਡੀ. ਐਸ. ਪੀ. ਵੱਜੋਂ ਰਿਟਾਇਰ ਹੋਇਆ ਹੈ ।

ਭਾਈ ਸਾਹਿਬ ਦੇ ਨਿਰੋਲ ਹੌਸਲੇ, ਦ੍ਰਿੜ੍ਹਤਾ ਅਤੇ ਆਪਣੇ ਟੀਚੇ ਤੇ ਡਟੇ ਰਹਿਣ ਨਾਲ ਹੀ ਵਿਦਿਆਰਥੀਆਂ ਦੇ ਹੌਸਲੇ ਢਹਿ ਗਏ ਅਤੇ ਉਹ ਆਪਣਾ ਸਾਲ ਮਾਰਿਆ ਜਾਂਦਾ ਵੇਖ ਕੇ ਸਿੱਧੇ ਰਸਤੇ ਤੇ ਆ ਗਏ ।*

1936 ਦੀ ਵੱਡੀ ਹੜਤਾਲ, ਜੋ ਰਾਜਸੀ ਮੱਤ-ਭੇਦਾਂ ਦਾ ਸਿੱਟਾ ਸੀ, ਤੋਂ ਬਾਅਦ ਇਹ ਭਾਈ ਸਾਹਿਬ ਦੇ ਪ੍ਰਸ਼ਾਸਨ-ਕਾਲ ਦੀ ਦੂਜੀ ਹੜਤਾਲ ਸੀ । ਇਨ੍ਹਾਂ ਦੋਹਾਂ ਨੂੰ ਜਿਸ ਸਫਲ ਢੰਗ ਨਾਲ ਉਨ੍ਹਾਂ ਨੇ ਨਜਿੱਠਿਆ, ਉਸ ਤੋਂ ਸਿੱਧ ਹੁੰਦਾ ਹੈ ਕਿ ਸੰਘਰਸ਼ ਦੀ ਸਾਣ ਤੇ ਚੜ੍ਹ ਕੇ ਹੀ ਉਹ ਜੀਵਨ ਵਿਚ ਏਨੇ ਉੱਚੇ ਉੱਠੇ ਸਨ ।

ਸਾਧੂ ਸਭਰਵਾਲ ਦੀ ਭਵਿੱਖ ਬਾਣੀ

ਭਾਈ ਜੋਧ ਸਿੰਘ ਨਿੱਤ ਗਰਮੀਆਂ ਦੀਆਂ ਛੁਟੀਆਂ ਵਿਚ ਪਰਵਾਰ ਸਹਿਤ ਕਸ਼ਮੀਰ ਜਾਂਦੇ ਸਨ । ਉਥੇ ਸ਼ਾਇਦ ਉਨ੍ਹਾਂ ਨੇ ਗੁਲਮਰਗ ਜਾਂ ਪਹਿਲਗਾਮ ਦੇ ਨੇੜੇ ਇਕ ਕੋਠੀ ਖਰੀਦ ਰੱਖੀ ਸੀ । ਉਥੇ ਉਨ੍ਹਾਂ ਨੇ ਇਕ ਸਾਧੂ ਪੁਰਸ਼ ਨੂੰ ਦੇਖਿਆ ਜੋ ਸਰਦੀਆਂ ਵਿਚ ਵੀ ਨੰਗੇ ਸਿਰ ਨੰਗੇ ਪੈਰ ਰਹਿੰਦੇ ਸਨ, ਕੇਵਲ ਇਕ ਕੰਬਲੀ ਨੰਗੇ ਸਰੀਰ ਉਪਰ ਲਪੇਟੀ ਰਖਦੇ ਸਨ ਅਤੇ ਬਹਰ ਬਰਫ ਵਿਚ ਬੈਠੇ ਰਾਤ ਗੁਜ਼ਾਰ ਦੇਂਦੇ ਸਨ । ਉਹ ਸਭਰਵਾਲ ਗੋਤ ਦੇ ਖਤਰੀ ਸਨ, ਚੰਗੇ ਪੜ੍ਹੇ ਲਿਖੇ ਅਤੇ ਸ਼ਾਇਦ ਡਾਕਖਾਨੇ ਦੇ ਬਾਬੂ ਵੀ ਰਹੇ ਸਨ ਪਰ ਤਿਆਗੀ ਹੋ ਕੇ ਇਕ ਸਿੱਖ ਸਾਧੂ ਜਾਂ ਸੰਤ ਵਜੋਂ ਵਿਚਰਦੇ ਸਨ । ਨਿੱਤ ਜਪਜੀ ਸਾਹਿਬ ਤੇ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ । ਭਾਈ ਸਾਹਿਬ ਅਤੇ ਉਨ੍ਹਾਂ ਦੀ ਸੁਪਤਨੀ, ਉਨ੍ਹਾਂ ਦੀ ਆਤਮਕ ਉੱਚਤਾ ਦੇਖ ਕੇ ਉਨ੍ਹਾਂ ਦੇ ਸ਼ਰਧਾਲੂ ਹੋ ਗਏ ਸਨ । ਸਾਧੂ ਸਭਰਵਾਲ ਨੇ ਜਪੁਜੀ ਸਾਹਿਬ ਦੀ ਉਰਦੂ ਵਿਚ ਭਰਪੂਰ ਵਿਆਖਿਆ ਲਿਖ ਕੇ ਛਪਵਾਣ ਦੀ ਵਿਉਂਤ ਬਣਵਾਈ । ਇਸ ਮੰਤਵ ਲਈ ਉਹ ਭਾਈ ਸਾਹਿਬ ਦੀ ਸਹਾਇਤਾ ਲੈਣ ਉਨ੍ਹਾਂ ਪਾਸ ਸ੍ਰੀ ਅੰਮ੍ਰਿਤਸਰ ਆਉਂਦੇ ਰਹਿੰਦੇ

---

*ਇਹ ਘਟਨਾ ਮੇਰੇ ਪਾਸੋਂ ਸੁਣ ਕੇ ਡਾ. ਪਿਆਰ ਸਿੰਘ ਨੇ ਆਪਣੇ ਢੰਗ ਨਾਲ ਪੁਸਤਕ 'ਭਾਈ ਜੋਧ ਸਿੰਘ : ਜੀਵਨ ਤੇ ਰਚਨਾ' ਵਿਚ ਅੰਕਿਤ ਕਰ ਦਿਤੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨ। ਉਨ੍ਹਾਂ ਦੀ ਪੁਸਤਕ ਅਰੋੜ ਬੰਸ ਪ੍ਰੈਸ ਵਿਚ ਛਪਣੀ ਸ਼ੁਰੂ ਹੋਈ। ਇਹ ਗੱਲ 1949 ਦੀ ਹੈ। ਭਾਈ ਸਾਹਿਬ ਨੇ ਪ੍ਰੋ. (ਡਾ.) ਗੰਡਾ ਸਿੰਘ ਨੂੰ ਬੇਨਤੀ ਕੀਤੀ ਕਿ ਪਰੂਫ ਦੇਖ ਲਿਆ ਕਰਨ। ਉਹ ਪਰੂਫ ਦੇਖਦੇ ਰਹੇ, ਪਰੰਤੂ ਕਿਸੇ ਗੱਲ ਤੇ ਪ੍ਰੋ. ਸਾਹਿਬ ਅਤੇ ਪ੍ਰੈਸ ਦੇ ਮਾਲਕ ਸ. ਬੂਟਾ ਸਿੰਘ ਵਿਚ ਮਤਭੇਦ ਹੋ ਗਿਆ। ਪ੍ਰੋ. ਗੰਡਾ ਸਿੰਘ ਨੇ ਪਰੂਫ ਦੇਖਣ ਤੋਂ ਨਾਂਹ ਕਰ ਦਿਤੀ।

ਇਕ ਦਿਨੀਂ ਭਾਈ ਸਾਹਿਬ ਨੇ ਮੈਨੂੰ ਬੁਲਾ ਕੇ ਕਿਹਾ, 'ਮੇਰੀ ਕੋਠੀ ਵਿਚ ਇਸ ਵੇਲੇ ਇਕ ਸਾਧੂ ਬੈਠੇ ਹਨ। ਤੁਸੀਂ ਉਨ੍ਹਾਂ ਨੂੰ ਜਾ ਕੇ ਮਿਲੋ ਅਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਉਨ੍ਹਾਂ ਦੀ ਪੁਸਤਕ 'ਜਪੁਜੀ ਸੰਦੇਸ਼' ਦੇ ਪਰੂਫ ਦੇਖ ਦਿਆ ਕਰੋ।' ਮੈਂ ਸਾਧੂ ਜੀ ਨੂੰ ਮਿਲ ਕੇ ਬਹੁਤ ਪ੍ਰਭਾਵਿਤ ਹੋਇਆ। ਇਸ ਤਰ੍ਹਾਂ ਮੇਰਾ ਉਨ੍ਹਾਂ ਨਾਲ ਮੇਲ ਜੋਲ ਹੋ ਗਿਆ। ਜਦੋਂ ਉਹ ਭਾਈ ਸਾਹਿਬ ਪਾਸ ਆਉਂਦੇ, ਮੈਨੂੰ ਬੁਲਾ ਲੈਂਦੇ।

ਜੂਨ 1951 ਦੀ ਗੱਲ ਹੈ ਇਕ ਦਿਨ ਕਾਲਜ ਲੱਗੇ ਵਿਚ ਸਾਧੂ ਜੀ ਮੈਨੂੰ ਮਿਲਣ ਲਈ ਕਾਲਜ ਦੇ ਦਫਤਰ ਅਤੇ ਸਟਾਫ਼ ਰੂਮ ਵਲ ਆ ਗਏ ਅਤੇ ਮੈਨੂੰ ਬਾਹਰ ਬਰਾਂਡੇ ਵਿਚ ਕਿਸੇ ਨੂੰ ਭੇਜ ਕੇ ਬੁਲਾਇਆ। ਮੈਂ ਦੇਖ ਕੇ ਬਹੁਤ ਹੈਰਾਨ ਅਤੇ ਦੁਖੀ ਹੋਇਆ, ਉਸੇ ਤਰ੍ਹਾਂ ਨੰਗੇ ਪੈਰ, ਨੰਗੇ ਸਿਰ, ਚਿੱਟੇ ਵਾਲ ਖੁਲ੍ਹੇ ਲਟਕਦੇ ਹੋਏਂ (ਸਾਧੂ ਜੀ ਓਦੋਂ 70-75 ਸਾਲਾਂ ਦੇ ਹੋਣਗੇ), ਕੰਬਲੀ ਲਪੇਟੀ ਹੋਈ। ਮੈਨੂੰ ਦੁਖ ਹੋਇਆ ਕਿ ਉਹ ਮੇਰੇ ਪਾਸ ਇਸ ਤਰ੍ਹਾਂ ਨੰਗੇ ਪੈਰ ਧੁੱਪ ਵਿਚ ਚਲ ਕੇ ਕਿਉਂ ਆਏ ? ਮੈਨੂੰ ਕੋਠੀ ਕਿਉਂ ਨਾ ਬੁਲਾ ਲਿਆ ? ਮੈਂ ਕਿਹਾ, ਬਾਬਾ ਜੀ ਤੁਸੀਂ ਕਿਉਂ ਏਨੀ ਖੇਚਲ ਕੀਤੀ ? ਹੱਸ ਕੇ ਕਹਿਣ ਲੱਗੇ (ਉਹ ਹਮੇਸ਼ਾ ਖੇੜੇ ਅਤੇ ਚੜ੍ਹਦੀ ਕਲਾ ਵਿਚ ਰਹਿੰਦੇ ਸਨ) : 'ਮੈਂ ਤੁਹਾਨੂੰ ਇਕ ਚੰਗੀ ਖਬਰ ਦੇਣ ਆਇਆ ਹਾਂ।' ਮੈਂ ਕਿਹਾ : 'ਫ਼ਰਮਾਓ।' ਕਹਿਣ ਲੱਗੇ, 'ਅੱਜ ਸਵੇਰੇ ਤੁਹਾਡਾ ਜ਼ਿਕਰ ਆਇਆ ਤਾਂ ਭਾਈ ਜੋਧ ਸਿੰਘ ਕਹਿਣ ਲੱਗੇ, 'ਦੀਵਾਨ ਸਿੰਘ ਸਾਫ ਦਿਲ ਈਮਾਨਦਾਰ ਅਤੇ ਮੇਹਨਤੀ ਪ੍ਰੋਫ਼ੈਸਰ ਹੈ। ਜਿਸ ਤੋਂ ਮੇਰਾ ਦਿਲ ਕਹਿੰਦਾ ਹੈ ਕਿ ਜਲਦੀ ਤੁਹਾਡੀ ਤਰੱਕੀ ਹੋ ਜਾਏਗੀ।' ਮੈਂ ਕਿਹਾ, 'ਹੋਰ ਕੋਈ ਕਹਿੰਦਾ ਤਾਂ ਮੈਨੂੰ ਯਕੀਨ ਨਾ ਆਉਂਦਾ ਪਰ ਤੁਸੀਂ ਮਹਾਤਮਾ ਪੁਰਸ਼ ਕਹਿੰਦੇ ਹੋ ਤਾਂ ਮੈਂ ਯਕੀਨ ਕਰ ਲੈਂਦਾ ਹਾਂ ਪਰ ਮੈਨੂੰ ਅਜੇ ਕੋਈ ਤਰੱਕੀ ਦੀਂ ਸੰਭਾਵਨਾ ਨਹੀਂ ਜਾਪਦੀ।' ਕੁਝ ਮਹੀਨਿਆਂ ਬਾਅਦ ਸਾਧੂ ਜੀ ਦੀ ਭਵਿੱਖ ਬਾਣੀ ਸੱਚੀ ਹੋ ਗਈ। ਸਾਧੂ ਸਭਰਵਾਲ ਜੀ ਬਾਰੇ ਮੇਰੀ ਪੁਸਤਕ 'ਹਮ ਸੰਤਨ ਕੀ ਰੇਨੁ' ਵਿਚ ਵੀ ਹੋਰ ਵਧੇਰੇ ਜ਼ਿਕਰ ਕੀਤਾ ਗਿਆ ਹੈ।

ਪੰਜਾਬੀ ਵਿਭਾਗ ਦਾ ਤੇ ਮੁਖੀ ਪ੍ਰੋਫ਼ੈਸਰ ਬਣਨਾ

ਹਾਲਾਤ ਨੇ ਅਚਾਨਕ ਪਲਟਾ ਖਾਧਾ। ਪ੍ਰੋ. ਸੰਤ ਸਿੰਘ ਨੇ ਕਿਸੇ ਕਾਰਨ 14 ਜੁਲਾਈ 1951 ਨੂੰ ਜਦੋਂ ਤਿੰਨ ਮਹੀਨੇ ਦੀਆਂ ਛੁੱਟੀਆਂ ਹੋਣੀਆਂ ਸਨ, ਉਸ ਤੋਂ ਇਕ ਦਿਨ ਪਹਿਲਾਂ ਅਚਾਨਕ ਅਸਤੀਫਾ ਦੇ ਦਿਤਾ। ਮੈਨੂੰ ਛੁੱਟੀਆਂ ਹੋ ਜਾਣ ਕਾਰਨ ਇਸ ਗੱਲ ਦਾ ਪਤਾ ਨਾ ਲੱਗਾ। ਕਾਫੀ ਦਿਨਾਂ ਬਾਅਦ ਇਹ ਅਫ਼ਵਾਹ ਫੈਲੀ। ਪਰ ਮੈਂ ਸਤੰਬਰ 1951 ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਮ. ਏ. ਪੰਜਾਬੀ ਦਾ ਇਮਤਿਹਾਨ ਦੇਣਾ ਸੀ, ਇਸ ਲਈ ਤਨੋਂ ਮਨੋਂ ਪੜ੍ਹਾਈ ਵਿਚ ਜੁੱਟ ਗਿਆ। ਇਕ ਪ੍ਰੋਫ਼ੈਸਰ ਲਈ ਨੌਜਵਾਨਾਂ ਦੇ ਨਾਲ ਪ੍ਰੀਖਿਆ ਵਿਚ ਬੈਠਣਾ ਨਾਜ਼ਕ ਕੰਮ ਹੁੰਦਾ ਹੈ ਤੇ ਇਜ਼ਤ ਦਾ ਸਵਾਲ ਬਣ ਜਾਂਦਾ ਹੈ। ਪਰ ਪਰਮਾਤਮਾ ਨੇ ਮੇਰੀ ਲਾਜ ਰੱਖੀ ਅਤੇ ਮੈਂ ਯੂਨੀਵਰਸਿਟੀ ਵਿਚੋਂ ਫਰਸਟ ਰਹਿ ਕੇ ਨੰਬਰਾਂ ਦਾ ਨਵਾਂ ਰੀਕਾਰਡ ਕਾਇਮ ਕੀਤਾ ਜੋ ਕਈ ਸਾਲਾਂ ਤਕ ਨਾ ਟੁੱਟ ਸਕਿਆ।

ਅਕਤੂਬਰ ਦੇ ਸ਼ੁਰੂ ਵਿਚ ਪ੍ਰੋ. ਸੇਖੋਂ ਦੀਂ ਖਾਲੀ ਥਾਂ ਭਰੀ ਜਾਣੀ ਸੀ। ਮੈਂ ਵੀ ਉਮੀਦਵਾਰ ਬਣਿਆ। ਅਜੇ ਇਮਤਿਹਾਨ ਦਾ ਨਤੀਜਾ ਨਹੀਂ ਨਿਕਲਿਆ ਸੀ ਇਸ ਲਈ ਡਰ ਸੀ ਕਿ ਜੇ, ਰੱਬ ਨਾ ਕਰੇ, ਨਤੀਜਾ ਚੰਗਾ ਨਾ ਨਿਕਲਿਆ ਤਾਂ ਕੀ ਬਣੇਗਾ? ਇੰਟਰਵੀਊ ਦਾ ਨਿਸਚਿਤ ਦਿਨ ਨੇੜੇ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਭਾਈ ਸਾਹਿਬ ਨੇ ਮੇਰੀ ਅਰਜ਼ੀ ਤੇ ਲਿਖਿਆ ਹੈ ਕਿ ਅਸੀਂ ਪ੍ਰੋ. ਦੀਵਾਨ ਸਿੰਘ ਨੂੰ ਚੰਗੀ ਤਰ੍ਹਾਂ ਜਾਣਦੇ ਹਾਂ ਇਸ ਲਈ ਉਸ ਨੂੰ ਇੰਟਰਵੀਊ ਵਿਚ ਪੇਸ਼ ਹੋਣ ਦੀ ਲੋੜ ਨਹੀਂ (Since we know him too well, he need not appear in the interview)। ਮੈਂ ਭਾਈ ਸਾਹਿਬ ਦੀ ਆਪਣੇ ਅਧਿਆਪਕਾਂ ਦੀ ਇਸ ਤਰ੍ਹਾਂ ਦੀ ਕਦਰ ਅਫਜ਼ਾਈ (ਪੂਰੀ ਕਦਰ ਕਰਨਾ) ਦੇਖ ਕੇ ਅਤਿਅੰਤ ਪ੍ਰਭਾਵਿਤ ਅਤੇ ਕ੍ਰਿਤਾਰਥ ਹੋਇਆ। ਇੰਟਰਵੀਊ ਦੇ ਨਤੀਜੇ ਵਜੋਂ ਮੈਨੂੰ ਗੈਰ ਹਾਜ਼ਰੀ ਵਿਚ ਹੀ ਚੁਣ ਲਿਆ ਗਿਆ ਅਤੇ ਇਸ ਤਰ੍ਹਾਂ ਮੈਂ ਪੰਜਾਬੀ ਵਿਭਾਗ ਦਾ ਪ੍ਰੋਫ਼ੈਸਰ ਅਤੇ ਮੁਖੀ ਬਣ ਗਿਆ।

ਇਕ ਦਿਨ ਮੈਂ ਨਿਮਰਤਾ ਸਹਿਤ ਭਾਈ ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰਾ ਐਮ. ਏ. ਦਾ ਨਤੀਜਾ ਅਜੇ ਨਿਕਲਿਆ ਨਹੀਂ ਤੇ ਤੁਸੀਂ ਪਹਿਲਾਂ ਹੀ ਮੈਨੂੰ ਉੱਚੀ ਪਦਵੀ ਬਖਸ਼ ਦਿਤੀ ਹੈ। ਕਹਿਣ ਲੱਗੇ, 'ਮੈਨੂੰ ਯਕੀਨ ਹੈ, ਤੁਹਾਡਾ ਨਤੀਜਾ ਚੰਗਾ ਨਿਕਲੇਗਾ।' ਮੇਰਾ ਪੱਕਾ ਵਿਚਾਰ ਹੈ ਕਿ ਜਿੰਨੀ ਡੂੰਘੀ ਸੂਝ ਅਤੇ ਆਪਣੇ ਅਧੀਨ ਕੰਮ ਕਰਨ ਵਾਲੇ ਵਿਅਕਤੀਆਂ ਦੀ ਯੋਗਤਾ ਦੀ ਪਛਾਣ ਤੇ ਕਦਰ ਭਾਈ ਜੋਧ ਸਿੰਘ ਨੂੰ ਸੀ ਓਨੀ ਸ਼ਾਇਦ ਹੀ ਵੀਹਵੀਂ ਸਦੀ ਦੇ ਕਿਸੇ ਵਿਦਿਅਕ ਖੇਤਰ ਦੇ ਪ੍ਰਸ਼ਾਸਕ ਨੂੰ ਹੋਵੇ।

ਪ੍ਰੋਫ਼ੈਸਰ ਬਣਨ ਤੋਂ ਛੇਤੀ ਪਿਛੋਂ ਇਤਫ਼ਾਕ ਨਾਲ ਇਕ ਵੱਡਾ ਕਵਾਟਰ (ਨੰ: 4) ਖਾਲੀ ਹੋ ਗਿਆ। ਇਹ ਮੈਨੂੰ ਅਲਾਟ ਹੋ ਗਿਆ। ਪਹਿਲੇ ਛੋਟੇ ਕਵਾਟਰ ਨਾਲੋਂ ਇਹ ਕਾਫੀ ਵੱਡਾ ਤੇ ਖੁਲ੍ਹਾ ਸੀ। ਸਾਡੇ ਘਰ ਪ੍ਰਾਹੁਣੇ ਬਹੁਤ ਆਉਂਦੇ ਸਨ। ਅਸੀਂ ਸੋਚਿਆ ਹੁਣ ਇਹ ਆਸਾਨੀ ਨਾਲ ਇਸ ਵਿਚ ਸਮਾ ਸਕਣਗੇ। ਇਕ ਕਮਰੇ ਵਿਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਵੀਂ ਬੀੜ ਲਿਆ ਕੇ ਪ੍ਰਕਾਸ਼ ਕਰ ਦਿਤਾ। ਸਾਡੇ ਗਵਾਂਢੀ ਇਕ ਪਾਸੇ ਕਮਿਸਟਰੀ ਦੇ ਹੈਡ ਪ੍ਰੋ. ਨਰਾਇਨ ਸਿੰਘ ਅਤੇ ਦੂਜੇ ਪਾਸੇ ਫ਼ਿਜ਼ਿਕਸ ਦੇ ਹੈੱਡ ਪ੍ਰੋ. ਰਾਮ ਨਰਾਇਨ ਬਾਲੀ ਸਨ। ਇਹ ਦੋਵੇਂ ਬਹੁਤ ਲਾਇਕ ਅਤੇ ਪੁਰਾਣੇ ਪ੍ਰੋਫ਼ੈਸਰ ਸਨ। ਸਾਡਾ ਨਵਾਂ ਕਵਾਟਰ (ਜਾਂ ਕੋਠੀ) ਪਟਿਆਲਾ ਹੋਸਟਲ ਦੇ ਬਿਲਕੁਲ ਨੇੜੇ ਸੀ ਜਿਥੇ ਐਮ. ਏ. ਦੀਆਂ ਕਲਾਸਾਂ ਲਗਦੀਆਂ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਰਨਜੀਤ ਕੌਰ ਦੀ ਬੀਮਾਰੀ ਤੇ ਇਲਾਜ

1952 ਵਿਚ ਚਰਨਜੀਤ ਕੌਰ ਇਕ ਅਜੇਹੀ ਜ਼ਨਾਨਾ ਬੀਮਾਰੀ ਨਾਲ ਬੀਮਾਰ ਹੋ ਗਏ ਜੋ ਇਸਤਰੀਆਂ ਵਿਚ ਆਮ ਹੁੰਦੀ ਹੈ। ਅਸੀਂ ਸਰਕਾਰੀ ਜ਼ਨਾਨਾ ਹਸਪਤਾਲ ਦੇ ਵੱਡੇ ਡਾਕਟਰ ਢੱਲ ਨੂੰ ਦਿਖਾਇਆ ਜੋ ਡਾਕਟਰ ਵਜੋਂ ਬਹੁਤ ਪ੍ਰਸਿੱਧ ਹੋਣ ਕਾਰਨ ਇਸ ਹਸਪਤਾਲ ਦਾ ਨਾਂ ਹੀ ਡਾ. ਢੱਲ ਦਾ ਹਸਪਤਾਲ ਪੈ ਗਿਆ ਸੀ। ਉਸ ਨੇ ਦਾਖਲ ਕਰ ਕੇ ਇਕ ਹਫਤਾ ਇਲਾਜ ਕੀਤਾ। ਫਿਰ ਕਹਿਣ ਲੱਗਾ, ਇਹ ਲੰਮੀ ਬੀਮਾਰੀ ਹੈ ਅਤੇ ਇਸ ਦਾ ਇਲਾਜ ਵੱਡਾ ਉਪਰੇਸ਼ਨ ਕਰ ਕੇ ਬੱਚੇਦਾਨੀ ਨੂੰ ਕੱਢ ਦੇਣ ਨਾਲ ਹੀ ਹੁੰਦਾ ਹੈ। ਨਾਲ ਹੀ ਉਸ ਨੇ ਕਿਹਾ ਜਦ ਤਕ ਮਰੀਜ਼ ਦੀ ਉਮਰ 40 ਸਾਲ ਦੀ ਨਾ ਹੋ ਜਾਏ, ਉਪਰੇਸ਼ਨ ਕਰਨਾ ਠੀਕ ਨਹੀਂ। ਅਸੀਂ ਬੇਨਤੀ ਕੀਤੀ ਕਿ ਅੱਗੇ ਸਾਡੇ ਘਰ ਦੋ ਲੜਕੀਆਂ ਹਨ, ਅਸੀਂ ਚਾਹੁੰਦੇ ਹਾਂ ਲੜਕੇ ਦਾ ਮੂੰਹ ਦੇਖੀਏ। ਉਹ ਕਹਿਣ ਲੱਗਾ, 'ਇਹ ਅਸੰਭਵ ਹੈ, ਮੈਂ ਲਿਖ ਕੇ ਦੇ ਸਕਦਾ ਹਾਂ ਕਿ ਇਸ ਬੀਮਾਰੀ ਵਿਚ ਬੱਚਾ ਪੈਦਾ ਨਹੀਂ ਹੋ ਸਕਦਾ।' ਅਸੀਂ ਸੋਚਿਆ ਆਖਰ ਇਹ ਇਕ ਡਾਕਟਰ ਹੀ ਹੈ, ਰੱਬ ਤਾਂ ਨਹੀਂ, ਐਵੇਂ ਕਿਉਂ ਨਿਰਾਸ ਹੋਈਏ ? ਅਸੀਂ ਉਸ ਦਾ ਇਲਾਜ ਛੱਡ ਕੇ ਸ਼ਹਿਰ ਦੇ ਵੱਡੇ ਹਕੀਮ ਕ੍ਰਿਸ਼ਨ ਦਿਆਲ ਜਿਸ ਦੀ ਦੁਕਾਨ ਅਕਾਲੀ ਮਾਰਕੀਟ ਵਿਚ ਸੀ, ਪਾਸ ਜਾ ਕੇ ਦੇਸੀ ਇਲਾਜ ਸ਼ੁਰੂ ਕਰ ਦਿੱਤਾ। ਕ੍ਰਿਸ਼ਨ ਦਿਆਲ ਦੀ ਸਹਾਇਤਾ ਲਈ ਅਸੀਂ ਆਪਣੇ ਪਿੰਡ ਚਕ 20 ਜੀ. ਜੀ. (ਗੰਗਾ ਨਗਰ) ਤੋਂ ਆਪਣੇ ਪੁਰਾਣੇ ਤੇ ਬਿਰਧ ਫੈਮਲੀ ਹਕੀਮ ਭਾਈ ਦਿਆਲ ਸਿੰਘ ਨੂੰ ਬੁਲਾਇਆ। ਉਹ ਸਾਡੇ ਪਾਸ ਦੋ ਤਿੰਨ ਮਹੀਨੇ ਠਹਿਰਿਆ ਅਤੇ ਦੋਵੇਂ ਹਕੀਮ ਸਲਾਹ ਕਰ ਕੇ ਇਲਾਜ ਕਰਦੇ ਰਹੇ। 4–5 ਮਹੀਨਿਆਂ ਦੇ ਇਲਾਜ ਨਾਲ ਕਾਫੀ ਫ਼ਾਇਦਾ ਹੋਇਆ ਅਤੇ ਕਮਜ਼ੋਰੀ ਵੀ ਘਟ ਗਈ। ਮੈਨੂੰ ਅਜੇ ਤਕ ਯਾਦ ਹੈ ਇਕ ਦਵਾਈ 'ਅਸ਼ੋਕਾਰਿਸ਼ਟ' ਦਾ ਉਹ ਬਹੁਤ ਪ੍ਰਯੋਗ ਕਰਾਂਦੇ ਰਹੇ।

ਸੰਤਾਂ ਦਾ ਅਸ਼ੀਰਵਾਦ (ਸੰਤਾਨ ਪ੍ਰਾਪਤੀ)

ਆਖਰ ਪਰਮਾਤਮਾ ਦੀ ਮਿਹਰ ਨਾਲ ਬੱਚੇ ਦੀ ਉਮੀਦਵਾਰੀ ਹੋ ਗਈ ਜਿਸ ਦੀ ਸਾਨੂੰ ਬਹੁਤ ਖੁਸ਼ੀ ਹੋਈ। ਕਮਜ਼ੋਰੀ ਦੂਰ ਕਰਨ ਲਈ ਅਸੀਂ ਕਾਲਜ ਦੇ ਡਾਕਟਰ ਸੁਲੱਖਣ ਸਿੰਘ ਪਾਸੋਂ ਹਰ ਹਫਤੇ ਕੈਲਸ਼ੀਅਮ ਦਾ 'ਇੰਟਰਾਵੀਨਸ ਟੀਕਾ ਲਗਵਾਦੇ ਰਹੇ। ਸਾਡੇ ਚੰਗੇ ਭਾਗਾਂ ਨੂੰ ਅਪ੍ਰੈਲ 1953 ਵਿਚ ਸੰਤ ਬਾਬਾ ਅਰਜਨ ਸਿੰਘ ਜੀ ਦੇ ਅਚਾਨਕ ਸਾਡੇ ਘਰ ਆਉਣ ਅਤੇ ਉਨ੍ਹਾਂ ਨਾਲ ਵੱਡੇ ਮਹਾਂ ਪੁਰਸ਼ ਸੰਤ ਬਾਬਾ ਵਿਸਾਖਾ ਸਿੰਘ ਜੀ ਪਾਸ ਤਰਨ ਤਾਰਨ ਜਾ ਕੇ ਅਸ਼ੀਰਵਾਦ ਪ੍ਰਾਪਤ ਕਰਨ ਤੇ ਸਾਨੂੰ ਪੂਰਾ ਯਕੀਨ ਹੋ ਗਿਆ ਕਿ ਲੜਕੇ ਦੀ ਦਾਤ ਪ੍ਰਾਪਤ ਹੋਵੇਗੀ। ਦੋਹਾਂ ਮਹਾਨ ਸੰਤ ਪੁਰਸ਼ਾਂ ਨਾਲ ਮੇਲ ਦਾ ਵਿਸਤ੍ਰਿਤ ਹਾਲ ਮੈਂ ਇਕ ਵੱਖਰੀ ਪੁਸਤਕ 'ਹਮ ਸੰਤਨ ਕੀ ਰੇਨੁ' ਵਿਚ ਛਾਪਿਆ ਹੈ।

2 ਜੁਲਾਈ, 1953 ਨੂੰ ਸਾਡੇ ਘਰ ਪਹਿਲਾਂ ਲੜਕਾ ਜੈਦੀਪ ਸਿੰਘ ਪੈਦਾ ਹੋਇਆ। ਸਾਰੇ ਪਰਿਵਾਰ ਨੇ ਇਸ ਅਵਸਰ ਤੇ ਭਾਰੀ ਖੁਸ਼ੀ ਮਨਾਈ। ਉਦੋਂ ਸਾਡੇ ਪੂਜਯ ਮਾਤਾ ਜੀ ਅਤੇ ਚਰਨਜੀਤ ਕੌਰ ਦੇ ਮਾਤਾ ਜੀ ਸਾਡੇ ਪਾਸ ਸਨ ਅਤੇ ਹੋਰ ਕਈ ਨਜ਼ਦੀਕੀ ਰਿਸ਼ਤੇਦਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਨੂੰ ਵਧਾਈ ਦੇਣ ਲਈ ਪਹੁੰਚੇ। ਇਤਫਾਕ ਨਾਲ ਓਦੋਂ ਭਾਈ ਦਲੀਪ ਸਿੰਘ ਵੀ ਸ੍ਰੀ ਅੰਮ੍ਰਿਤਸਰ ਵਿਚ ਨਿਯੁਕਤ ਸਨ। ਉਹ ਵੀ ਸਾਡੀ ਇਸ ਖੁਸ਼ੀ ਵਿਚ ਸ਼ਾਮਲ ਹੋਏ।

ਲੰਮੀ ਬੀਮਾਰੀ ਅਤੇ ਕਮਜ਼ੋਰੀ ਦੇ ਬਾਵਜੂਦ, ਸਤਿਗੁਰੂ ਦੀ ਬਖਸ਼ਿਸ਼ ਨਾਲ ਸਾਡੇ ਘਰ ਦੂਜੇ ਲੜਕੇ ਅਜੀਤ ਸਿੰਘ ਦਾ ਜਨਮ 10 ਫਰਵਰੀ 1956 ਨੂੰ ਹੋਇਆ। ਉਸ ਦਿਨ ਕਾਲਜ ਦੇ ਨੇੜੇ ਬੜੀਆਂ ਰੌਣਕਾਂ ਸਨ। ਇਕ ਪਾਸੇ ਆਲ ਇੰਡੀਆਂ ਕਾਂਗਰਸ ਕਮੇਟੀ ਦਾ ਸਾਲਾਨਾ ਸੈਸ਼ਨ (ਜਲਸਾ) ਅਤੇ ਸਾਡੇ ਵੱਡੇ ਲੀਡਰਾਂ ਪੰਡਿਤ ਨਹਿਰੂ, ਮੌਲਾਨਾ ਆਜ਼ਾਦ ਆਦਿ ਦੀ ਹਾਜ਼ਰੀ, ਦੂਜੇ ਪਾਸੇ ਇਕ ਬਹੁਤ ਵੱਡੀ ਅਕਾਲੀ ਕਾਨਫਰੈਂਸ ਅਤੇ ਪੰਜਾਬੀ ਸੂਬੇ ਲਈ ਅੰਦੋਲਨ ਦਾ ਜੋਸ਼ ਖਰੋਸ਼। ਉਸ ਦਿਨ ਵੀ ਸਾਡੇ ਘਰ ਕਾਫੀ ਰਿਸ਼ਤੇਦਾਰ ਵਧਾਈ ਦੇਣ ਆਏ। ਜਿਨ੍ਹਾਂ ਵਿਚ ਮਾਮਾ ਤਾਰਾ ਸਿੰਘ ਬਾਜਵਾ ਡੀ. ਐਸ. ਪੀ. (ਤਰਨ ਤਾਰਨ) ਦਾ ਨਾਂ ਵਿਸ਼ੇਸ਼ ਤੌਰ ਤੇ ਉਲੇਖਨੀਯ ਹੈ।

ਇਸ ਤੋਂ ਬਾਅਦ 8 ਅਗਸਤ 1958 ਨੂੰ ਸਾਡੇ ਘਰ ਤੀਜੀ ਲੜਕੀ ਖੁਸ਼ਦੀਪ ਕੌਰ ਪੈਦਾ ਹੋਈ।

ਇਨ੍ਹਾਂ ਬੱਚਿਆਂ ਦੇ ਪੈਦਾ ਹੋਣ ਨਾਲ ਚਰਨਜੀਤ ਕੌਰ ਦੀ ਬੀਮਾਰੀ ਨੂੰ ਅੱਸਿਧੇ ਢੰਗ ਨਾਲ ਲਾਭ ਪਹੁੰਚਿਆ, ਉਮੀਦਵਾਰੀ ਦੌਰਾਨ ਮਾਹਵਾਰੀ ਦਾ ਬੰਦ ਰਹਿਣਾ ਅਤੇ ਫਿਰ ਬੱਚੇ ਨੂੰ ਦੁਧ ਪਿਲਾਣ ਦੇ ਸਮੇਂ ਵਿਚ ਵੀ ਵਧੇਰੇ ਖੁਰਾਕ ਦੀ ਲੋੜ ਆਦਿ ਨਾਲ। ਅੰਤ ਫਰਵਰੀ 1960 ਵਿਚ ਵੱਡਾ ਉਪਰੇਸ਼ਨ ਕੀਤੇ ਜਾਣ ਨਾਲ ਉਸ ਨੂੰ ਬੀਮਾਰੀ ਤੋਂ ਛੁਟਕਾਰਾ ਮਿਲ ਗਿਆ।

ਭਾਈ ਜੋਧ ਸਿੰਘ ਦਾ ਰਿਟਾਇਰ ਹੋਣਾ

1952 ਵਿਚ ਕਾਲਜ ਦੇ ਤਿੰਨ ਪ੍ਰਮੁਖ ਵਿਅਕਤੀ ਰਿਟਾਇਰ ਹੋਏ, ਪ੍ਰਿੰ. ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਡਾ. ਸੁਲੱਖਣ ਸਿੰਘ, ਕ੍ਰਮਵਾਰ 70, 60 ਅਤੇ 65 ਸਾਲ ਦੀ ਉਮਰ ਵਿਚ। ਇਨ੍ਹਾਂ ਤਿੰਨਾਂ ਦੀ ਥਾਂ ਕ੍ਰਮਵਾਰ ਪ੍ਰੋ. ਇੰਦਰ ਸਿੰਘ, ਪ੍ਰਿੰਸੀਪਲ, ਪ੍ਰੋ. ਤਾਰਨ ਸਿੰਘ, ਧਾਰਮਕ ਪ੍ਰੋਫੈਸਰ ਅਤੇ ਡਾ. ਹਰਬਖਸ਼ ਸਿੰਘ ਸਿੱਧੂ, ਮੈਡੀਕਲ ਆਫੀਸਰ ਨਿਯੁਕਤ ਹੋਏ।

ਭਾਈ ਜੋਧ ਸਿੰਘ ਆਪਣੇ ਸਮੇਂ ਦੇ, ਸਗੋਂ ਵੀਹਵੀਂ ਸਦੀ ਦੇ ਸ਼ਰੋਮਣੀ ਸਿੱਖ ਵਿਦਵਾਨ ਅਤੇ ਵਿਦਿਅਕ ਖੇਤਰ ਦੇ ਪ੍ਰਮੁਖ ਨੇਤਾ ਸਨ। ਰਾਜਸੀ ਖੇਤਰ ਵਿਚ ਵੀ ਉਨ੍ਹਾਂ ਦੀ ਬੜੀ ਮਾਨਤਾ ਸੀ। ਨਨਕਾਣਾ ਸਾਹਿਬ ਦੁਖਾਂਤ ਸਮੇਂ ਅਤੇ ਚਾਬੀਆਂ ਦੇ ਮੋਰਚੇ ਆਦਿ ਕਈ ਸੰਕਟ ਦੇ ਸਮਿਆਂ ਵਿਚ ਉਨ੍ਹਾਂ ਦਾ ਕਰਤੱਵ ਬਹੁਤ ਮਹੱਤਵਪੂਰਨ ਸੀ। ਅੰਗਰੇਜ਼ ਸਰਕਾਰ ਨੇ ਵੀ ਉਨ੍ਹਾਂ ਦੀ ਉਚੇਰੀ ਤੇ ਨਿਰੰਤਰ ਵਿਦਿਅਕ ਸੇਵਾ ਅਤੇ ਅਗਵਾਈ ਨੂੰ ਮੁੱਖ ਰੱਖ ਕੇ 1943 ਵਿਚ 'ਸਰਦਾਰ ਬਹਾਦਰ' ਦਾ ਖ਼ਿਤਾਬ ਦਿਤਾ ਸੀ।

ਮੈਂ ਭਾਈ ਸਾਹਿਬ ਨਾਲ 9 ਸਾਲ ਕਾਲਜ ਵਿਚ ਨੌਕਰੀ ਕੀਤੀ। ਇਸ ਦੌਰਾਨ ਉਨ੍ਹਾਂ ਨੂੰ ਬਹੁਤ ਨੇੜਿਉਂ ਦੇਖਿਆ। ਉਨ੍ਹਾਂ ਵਿਚ ਬੜੇ ਉੱਚੇ, ਦੁਰਲੱਭ ਅਤੇ ਬਹੁਪੱਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨੁੱਖੀ ਗੁਣ ਇਕੱਠੇ ਹੋਏ ਸਨ। ਸੰਖੇਪ ਵਿਚ, ਉਹ ਅਤਿ ਮਿਹਨਤੀ, ਲਗਨ ਭਰਪੂਰ, ਵਕਤ ਦੇ ਪੂਰੇ ਪਾਬੰਦ, ਜ਼ਬਤ (ਡਿਸਿਪਲਨ) ਦੇ ਪੱਕੇ, ਸੰਜਮੀ, ਸਾਦਾ, ਨਿਸ਼ਕਾਮ, ਯੋਗਤਾ ਦੀ ਕਦਰ ਕਰਨ ਵਾਲੇ, ਦੀਰਘ ਦ੍ਰਿਸ਼ਟੀ ਦੇ ਮਾਲਕ ਅਤੇ ਕਾਰਜਸ਼ੀਲ ਤੇ ਪ੍ਰਾਕਰਮੀ ਸੁਭਾ ਦੇ ਸਨ। ਸਵੈ-ਵਿਸ਼ਵਾਸ, ਸਾਫ ਗੱਲ ਕਹਿਣ ਦੀ ਤੇ ਨਾਂਹ ਆਖਣ ਦੀ ਦਲੇਰੀ, ਸਕਟ ਤੇ ਮੁਸੀਬਤ ਦਾ ਟਾਕਰਾ ਕਰਨ ਦਾ ਹੌਂਸਲਾ ਉਨ੍ਹਾਂ ਉਤੇ ਖਤਮ ਸੀ। ਧਾਰਮਕ ਨਿਸ਼ਠਾ, ਸਿੱਖ ਧਰਮ ਦੇ ਡੂੰਘੇ ਅਧਿਐਨ ਅਤੇ ਗੁਰੂ ਸਾਹਿਬਾਨ ਅਤੇ ਸਿੱਖ ਪੰਥ ਵਿਚ ਅਨਿੰਨ ਸ਼ਰਧਾ ਵਿਚ ਸ਼ਾਇਦ ਹੀ ਕੋਈ ਸਿੱਖ ਵਿਦਵਾਨ ਉਨ੍ਹਾਂ ਦੇ ਟਾਕਰੇ ਦਾ ਹੋਵੇ।

ਪ੍ਰੋ. ਸਾਹਿਬ ਸਿੰਘ ਨੇ ਵੀ ਭਾਈ ਜੋਧ ਸਿੰਘ ਦੇ ਪ੍ਰਭਾਵ ਹੇਠ ਖ਼ਾਲਸਾ ਕਾਲਜ ਵਿਚ ਆ ਕੇ ਆਪਣਾ ਗੁਰਮਤਿ ਅਧਿਐਨ ਸੰਪੂਰਨ ਕੀਤਾ। ਦੋਹਾਂ ਵਿਚ ਕਈ ਮਤਭੇਦ ਵੀ ਸਨ ਪਰ ਦੋਹਾਂ ਦੀ ਪਰਸਪਰ ਪਛਾਣ ਵੀ ਬੜੀ ਸੁਖਾਵੀਂ ਸੀ। ਪ੍ਰੋ. ਸਾਹਿਬ ਸਿੰਘ 7 ਸਾਲ ਮੇਰੇ ਨਿਕਟ ਗਵਾਂਢੀ ਰਹੇ। ਗਰੀਬੀ ਵਿਚੋਂ ਉੱਠ ਕੇ ਉਹ ਬਹੁਤ ਉੱਚੇ ਵਿਦਿਅਕ ਤੇ ਧਾਰਮਕ ਸਤਰ ਤੇ ਪਹੁੰਚਣ ਵਿਚ ਸਫਲ ਹੋਏ। ਉਨ੍ਹਾਂ ਵਿਚ ਵੀ ਮੈਂ ਬਹੁਤ ਸਾਰੇ ਉੱਚੇ ਤੇ ਨਿੱਗਰ ਕਿਸਮ ਦੇ ਸਮਾਜਕ ਗੁਣ ਅਨੁਭਵ ਕੀਤੇ ਪਰ ਇਥੇ ਹੋਰ ਵਿਸਥਾਰ ਦੇਣ ਦੀ ਗੁੰਜਾਇਸ਼ ਨਹੀਂ। ਮੈਂ ਇਨ੍ਹਾਂ ਦੋਹਾਂ ਮਹਾਨ ਵਿਅਕਤੀਆਂ ਬਾਰੇ ਅਗਲੇ ਕਾਂਡ ਵਿਚ ਵਿਸਤਾਰ ਨਾਲ ਲਿਖਿਆ ਹੈ।

ਡਾ. ਸੁਲੱਖਣ ਸਿੰਘ 1943 ਤੋਂ ਲੈ ਕੇ 1984 (ਉਨ੍ਹਾਂ ਦੇ ਦੇਹਾਂਤ ਦਾ ਸਾਲ) ਤਕ ਸਾਡੇ ਫੈਮਿਲੀ ਡਾਕਟਰ ਰਹੇ। ਉਨ੍ਹਾਂ ਦਾ ਪਰਿਵਾਰ ਸਾਡੀ ਵੱਡੀ ਭੈਣ ਆਸ ਕੌਰ ਦੇ ਸਹੁਰਾ-ਪਿੰਡ ਸਾਹੂਵਾਲਾ (ਜ਼ਿਲਾ ਸਿਆਲਕੋਟ) ਤੋਂ ਉੱਠ ਕੇ ਸ੍ਰੀ ਅੰਮ੍ਰਿਤਸਰ ਵਿਚ ਆ ਵੱਸਿਆ ਸੀ। ਪ੍ਰਸਿਧ ਅੱਖਾਂ ਦੇ ਡਾਕਟਰ ਅਤੇ ਖ਼ਾਲਸਾ ਕਾਲਜ ਦੇ ਸੈਕਟਰੀ ਅਤੇ ਮੀਤ ਪ੍ਰਧਾਨ, ਡਾ. ਸੋਹਨ ਸਿੰਘ ਉਨ੍ਹਾਂ ਦੇ ਚਚੇਰੇ ਭਾਈ ਸਨ। ਡਾ. ਸੁਲੱਖਣ ਸਿੰਘ ਦੀ ਮੈਡੀਕਲ ਯੋਗਤਾ ਅਤੇ ਦੂਜਿਆਂ ਦੀ ਲਗਾਤਾਰ ਸੇਵਾ ਤੇ ਸਹਾਇਤਾ ਕਰਦੇ ਰਹਿਣਾ ਉਨ੍ਹਾਂ ਦੇ ਬਹੁਤ ਉੱਚੇ ਗੁਣ ਸਨ। ਰਿਟਾਇਰ ਹੋ ਕੇ ਕਾਲਜ ਦੇ ਨੇੜੇ ਹੀ ਆਬਾਦੀ ਵਿਚ ਉਨ੍ਹਾਂ ਨੇ ਆਪਣੀ ਦੁਕਾਨ ਖੋਲ੍ਹ ਲਈ ਸੀ। ਉਨ੍ਹਾਂ ਦੀ ਧਾਰਮਕ ਨਿਸ਼ਠਾ ਬਹੁਤ ਪੱਕੀ ਸੀ। ਹੁਣ ਉਨ੍ਹਾਂ ਦਾ ਸਪੁੱਤਰ ਡਾ. ਹਰਸ਼ਰਨ ਸਿੰਘ ਉਨ੍ਹਾਂ ਦੀ ਥਾਂ ਪ੍ਰੈਕਟਿਸ ਕਰਦਾ ਹੈ।

ਖ਼ਾਲਸਾ ਕਾਲਜ ਛੱਡਣ ਤੋਂ ਨਾਂਹ

1954 ਵਿਚ ਸਰਕਾਰੀ ਕਾਲਜ ਲੁਧਿਆਣਾ ਵਿਚ ਮੇਰੀ ਨਿਯੁਕਤੀ ਪੰਜਾਬੀ ਲੈਕਚਰਾਰ ਵਜੋਂ ਹੋਈ ਤਾਂ ਮੈਂ ਖ਼ਾਲਸਾ ਕਾਲਜ ਤੋਂ ਅਸਤੀਫ਼ਾ ਅਤੇ ਦੋ ਮਹੀਨੇ ਦਾ ਨੋਟਿਸ ਦਿੱਤਾ। ਪਰੰਤੂ ਕਾਲਜ ਕਮੇਟੀ ਦੇ ਸੈਕਟਰੀ ਸ. ਸੰਤ ਸਿੰਘ, ਪ੍ਰਿੰ. ਇੰਦਰ ਸਿੰਘ ਅਤੇ ਸਾਥੀ ਮਿੱਤਰ ਪ੍ਰੋਫ਼ੈਸਰਾਂ ਦੇ ਕਹਿਣ ਤੇ ਮੈਂ ਖ਼ਾਲਸਾ ਕਾਲਜ ਛੱਡਣ ਦਾ ਖਿਆਲ ਤਿਆਗ ਦਿੱਤਾ। ਇਥੋਂ ਤਕ ਕਿ ਇਕ ਦਿਨ ਸਵੇਰੇ ਮੇਰੇ ਬਜ਼ੁਰਗ ਮਿੱਤਰ ਤੇ ਕਾਲਜ ਦੇ ਮੁੱਖ ਗ੍ਰੰਥੀ ਗਿਆਨੀ ਨਰਾਇਣ ਸਿੰਘ ਜੀ ਨੇ ਕਾਲਜ ਦੇ ਗੁਰਦਵਾਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈਠੇ ਸੰਗਤ ਵਿਚ ਕਹਿ ਦਿੱਤਾ ਕਿ ਪ੍ਰੋ. ਦੀਵਾਨ ਸਿੰਘ ਆਪਣਾ ਜ਼ੋਰ ਲਾ ਲਵੇ ਅਸੀਂ ਉਸ ਨੂੰ ਇਥੋਂ ਨਹੀਂ ਜਾਣ ਦਿਆਂਗੇ। ਮੇਰੇ ਉੱਤੇ ਇਸ ਗੱਲ ਦਾ ਵਿਸ਼ੇਸ਼ ਅਸਰ ਹੋਇਆ ਤੇ ਮੈਂ ਨੋਟਿਸ ਪੀਰਡ ਦੌਰਾਨ ਹੀ ਅਸਤੀਫਾ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ।

ਪ੍ਰਿੰ. ਇੰਦਰ ਸਿੰਘ ਤੇ ਉਨ੍ਹਾਂ ਤੋਂ ਪਿਛੋਂ

ਪ੍ਰਿੰਸੀਪਲ ਇੰਦਰ ਸਿੰਘ ਵਲਾਇਤ-ਪਾਸ ਸਨ ਅਤੇ ਬਹੁਤ ਸ਼ਰੀਫ, ਖ਼ਾਨਦਾਨੀ ਅਤੇ ਨਰਮ ਸੁਭਾ ਦੇ ਸਨ। ਮੇਰੇ ਨਾਲ ਬਹੁਤ ਹਿੱਤ ਰੱਖਦੇ ਸਨ, ਸਗੋਂ ਸਾਰੇ ਸਟਾਫ਼ ਨਾਲ ਹੀ ਬਹੁਤ ਨਰਮੀ ਤੇ ਸੁਹਿਰਦਤਾ ਦਾ ਸਲੂਕ ਕਰਦੇ ਸਨ। ਵਿਦਿਆਰਥੀ ਨੂੰ ਬੱਚੇ ਸਮਝ ਕੇ ਮੁਆਫ ਕਰ ਦੇਂਦੇ ਸਨ। ਉਹ ਆਖਦੇ ਹੁੰਦੇ ਸਨ, 'ਵਿਦਿਆਰਥੀ ਸਾਡੇ ਗਾਹਕ ਹਨ ਅਤੇ ਅਸੀਂ ਵਿਦਿਆ ਵੇਚਣ ਵਾਲੇ ਹਾਂ। ਇਸ ਲਈ ਸਾਨੂੰ ਉਨ੍ਹਾਂ ਨੂੰ ਹਮੇਸ਼ਾ ਠੀਕ ਸਮਝ ਕੇ ਉਨ੍ਹਾਂ ਦੀਆਂ ਗਲਤੀਆਂ ਖਿਮਾ ਕਰ ਦੇਣੀਆਂ ਚਾਹੀਦੀਆਂ ਹਨ।' ਉਹ ਇਕ ਅੰਗਰੇਜ਼ੀ ਅਖਾਣ ਸੁਣਾਇਆ ਕਰਦੇ ਸਨ : A customer can do no wrong. ਇਸ ਤਰ੍ਹਾਂ ਉਨ੍ਹਾਂ ਨੇ ਇਕ ਕਿਸਮ ਦਾ 'ਹਲੇਮੀ ਰਾਜ' ਸਥਾਪਤ ਕੀਤਾ ਹੋਇਆ ਸੀ। ਪਰੰਤੂ ਭਾਈ ਜੋਧ ਸਿੰਘ ਦੇ ਕਰੜੇ ਜ਼ਬਤ ਤੋਂ ਬਾਅਦ ਸੁਭਾਵਕ ਹੀ ਸਟਾਫ ਤੇ ਵਿਦਿਆਰਥੀ ਬੇਪਰਵਾਹ ਹੁੰਦੇ ਗਏ ਅਤੇ ਕਈ ਖੁਲ੍ਹਾਂ ਲੈਣ ਲਗ ਪਏ। ਪ੍ਰਿੰਸੀਪਲ ਆਪ ਧਾਰਮਕ ਤੇ ਸੱਜੇ-ਪੱਖੀ ਵਿਚਾਰ ਦੇ ਸਨ, ਇਸ ਲਈ ਸੱਜੇ-ਪੱਖੀ ਪ੍ਰੋਫ਼ੈਸਰ ਜਿਵੇਂ ਪ੍ਰੋ. ਹਰਨਾਮ ਸਿੰਘ (ਫ਼ਿਲਾਸਫ਼ੀ ਦੇ ਹੈੱਡ), ਡਾ. ਰੋਸ਼ਨ ਲਾਲ ਆਹੂਜਾ (ਅੰਗਰੇਜ਼ੀ ਦੇ ਹੈੱਡ), ਮੈਂ (ਪੰਜਾਬੀ ਦਾ ਹੈੱਡ), ਪ੍ਰੋ. ਸਾਧੂ ਸਿੰਘ (ਐਗਰੀਕਲਚਰ ਦੇ ਹੈੱਡ) ਆਦਿ ਉਨ੍ਹਾਂ ਦੇ ਵਧੇਰੇ ਨੇੜੇ ਹੋ ਗਏ ਅਤੇ ਪ੍ਰੋ. ਵਰਿਆਮ ਸਿੰਘ (ਪੁਲੀਟੀਕਲ ਸਾਇੰਸ ਦੇ ਹੈੱਡ) ਪ੍ਰੋ. ਕਰਮ ਸਿੰਘ ਗਿੱਲ (ਇਕਨਾਮਿਕਸ), ਪ੍ਰੋ. ਅਮਰੀਕ ਸਿੰਘ (ਮੈਥੇਮੈਟਿਕਸ) ਆਦਿ ਖੱਬੇ-ਪੱਖੀ ਪ੍ਰੋਫ਼ੈਸਰ ਉਨ੍ਹਾਂ ਦਾ ਵਿਰੋਧ ਕਰਨ ਲਗ ਪਏ। ਇਸ ਤਰ੍ਹਾਂ ਸੀਨੀਅਰ ਸਟਾਫ ਵਿਚ ਇਕ ਦਵੰਦ ਜਾਂ ਦੁਫ਼ਾੜ (split) ਪੈਦਾ ਹੋ ਗਈ। ਬਾਕੀ ਪ੍ਰੋਫ਼ੈਸਰ ਨਿਰਪੱਖ (neutral) ਜਾਂ ਇਉਂ ਕਹੋ ਤਮਾਸ਼ਬੀਣ ਬਣ ਗਏ। ਇਸ ਤਰ੍ਹਾਂ ਸੁਭਾਵਕ ਹੀ ਕਾਲਜ ਦੀ ਉੱਨਤੀ ਰੁਕ ਗਈ ਅਤੇ ਪੱਤਨ ਸ਼ੁਰੂ ਹੋ ਗਿਆ। ਫਿਰ ਵੀ ਸਮੁੱਚੇ ਤੌਰ ਤੇ ਕਾਲਜ ਦਾ ਕੰਮ ਸੁਖਾਵਾਂ ਤੇ ਪੱਧਰਾ ਹੀ ਚਲਦਾ ਰਿਹਾ। 1957 ਵਿਚ ਪੰਜ-ਸਾਲਾ ਪ੍ਰਿੰਸੀਪਲੀ ਤੋਂ ਜਦ ਪ੍ਰਿੰ. ਇੰਦਰ ਸਿੰਘ ਰਿਟਾਇਰ ਹੋਏ ਤਾਂ ਉਸ ਤੋਂ ਪਿਛੋਂ ਕਾਲਜ ਦੀ ਗਿਰਾਵਟ ਤੇ ਅਣਸਥਿਰਤਾ ਦੇ ਚਿੰਨ੍ਹ ਸਪੱਸ਼ਟ ਰੂਪ ਵਿਚ ਸਾਹਮਣੇ ਆ ਗਏ। ਅਸਲ ਵਿਚ ਪ੍ਰਿੰ. ਜੋਧ ਸਿੰਘ ਤੋਂ ਪਿਛੋਂ ਕਾਲਜ ਫਿਰ ਉਸ ਪਹਿਲੇ ਤੁਲ ਤੇ ਨਹੀਂ ਆ ਸਕਿਆ।

ਪ੍ਰਿੰ. ਇੰਦਰ ਸਿੰਘ ਤੋਂ ਬਾਅਦ ਕਈ ਪ੍ਰਿੰਸੀਪਲ ਬਦਲੇ। ਡਾ. ਹਰਬੰਤ ਸਿੰਘ (1958–61) ਪ੍ਰੋ. ਵਰਿਆਮ ਸਿੰਘ (1961–62), ਸ. ਬਲਵੰਤ ਸਿੰਘ, ਭੂਤ-ਪੂਰਵ ਡਾਇਰੈਕਟਰ ਆਕਾਸ਼ ਵਾਣੀ (1962–63), ਪ੍ਰੋ. ਸ਼ਾਮ ਸਿੰਘ ਕੰਮ-ਚਲਾਊ ਪ੍ਰਿੰਸੀਪਲ (1963–64) ਅਤੇ ਸ. ਬਿਸ਼ਨ ਸਿੰਘ ਸਮੁੰਦਰੀ (1964–69)। ਇਨ੍ਹਾਂ ਸਾਲਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3 ਵਿਸ਼ੇਸ਼ ਘਟਨਾਵਾਂ ਵਾਪਰੀਆਂ, 1959 ਮਾਰਚ ਵਿਚ ਸ੍ਰੀ ਕ੍ਰਿਸ਼ਨਾ ਮੈਨਨ, ਕੇਂਦਰੀ ਰਖਿਆ ਮੰਤਰੀ ਦਾ ਕਾਲਜ ਵਿਚ ਆਉਣਾ, 1964 ਮਾਰਚ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਪੰਜਾਬ ਦਾ ਸਾਲਾਨਾ ਇਨਾਮ-ਵੰਡ ਜਲਸੇ ਤੇ ਆਉਣਾ ਅਤੇ 1965 ਦੀ ਹਿੰਦ-ਪਾਕ ਜੰਗ। ਇਸ ਜੰਗ ਬਾਰੇ ਹਾਲ ਅੱਗੇ ਲਿਖਿਆ ਜਾਏਗਾ। ਪ੍ਰਿੰ. ਸਮੁੰਦਰੀ ਵੇਲੇ ਕਾਲਜ ਨੇ ਕਈ ਪੱਖਾਂ ਤੋਂ ਭਾਰੀ ਉਨਤੀ ਕੀਤੀ ਅਤੇ ਪੜ੍ਹਾਈ ਤੇ ਖੇਡਾਂ ਲਈ ਫਿਰ ਤੋਂ ਸੁਖਾਵਾਂ ਵਾਤਾਵਰਨ ਪੈਦਾ ਹੋ ਗਿਆ। ਪਰੰਤੂ ਸਮੇਂ ਦੇ ਅਣਸੁਖਾਵੇਂ ਹਾਲਾਤ ਨੇ ਪੇਸ਼ ਨਾ ਜਾਣ ਦਿੱਤੀ। ਪ੍ਰਿੰ. ਸਮੁੰਦਰੀ ਦੇ ਸ਼ਾਸਨ-ਕਾਲ ਵਿਚ 1964 ਤੋਂ 1968 ਤਕ ਮੈਂ ਪੰਜਾਬ ਯੂਨੀਵਰਸਿਟੀ ਦਾ ਫੈਲੋ (ਸੈਨੇਟ ਦਾ ਮੈਂਬਰ), ਅਕਾਦਮਕ ਕੌਂਸਲ, ਆਰਟਸ ਤੇ ਭਾਸ਼ਾ ਫੈਕਲਟੀ ਦਾ ਮੈਂਬਰ ਅਤੇ ਪੰਜਾਬੀ ਬੋਰਡ ਦਾ ਪ੍ਰਧਾਨ ਰਿਹਾ। ਸਮੁੰਦਰੀ ਸਾਹਿਬ ਤੋਂ ਬਾਅਦ ਡਾ. ਹਰਬੰਸ ਸਿੰਘ (1971-74) ਅਤੇ ਸ. ਗੁਰਬਖਸ਼ ਸਿੰਘ ਸ਼ੇਰਗਿਲ (1974-89) ਪ੍ਰਿੰਸੀਪਲ ਵਜੋਂ ਕੰਮ ਕਰਦੇ ਰਹੇ। ਪ੍ਰਿੰ. ਸ਼ੇਰਗਿਲ ਨੇ ਆਪਣੇ ਲੰਮੇ ਪ੍ਰਸ਼ਾਸਨ ਦੌਰਾਨ ਕਾਲਜ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਕਈ ਉਪਰਾਲੇ ਕੀਤੇ ਅਤੇ ਸਾਇੰਸ ਦੀ ਪੜ੍ਹਾਈ ਤੇ ਚੰਗੇਰੇ ਪ੍ਰੀਖਿਆ-ਨਤੀਜਿਆਂ ਵੱਲ ਉਚੇਚਾ ਧਿਆਨ ਦਿਤਾ। ਫਿਰ ਦਸੰਬਰ 1989 ਤੋਂ ਪ੍ਰਿੰ. ਹਰਭਜਨ ਸਿੰਘ 'ਸੋਚ' ਕਾਲਜ ਦੇ ਨਵੇਂ ਪ੍ਰਿੰਸੀਪਲ ਬਣੇ। ਆਸ ਹੈ ਕਿ ਉਹ ਵੀ ਕਾਲਜ ਦੀ ਉੱਨਤੀ ਲਈ ਭਰਪੂਰ ਜਤਨ ਕਰਨਗੇ ਅਤੇ ਇਸ ਆਸ਼ੇ ਦੀ ਪੂਰਤੀ ਲਈ ਕਈ ਨਿੱਗਰ ਕਦਮ ਉਠਾਣਗੇ।

ਅੰਮ੍ਰਿਤ ਪ੍ਰਚਾਰ ਸੰਗਤ ਨਾਲ ਸੰਪਰਕ

ਜਿਵੇਂ ਉਪਰ ਲਿਖਿਆ ਹੈ, ਸੰਤ ਬਾਬਾ ਅਰਜਨ ਸਿੰਘ ਜੀ ਦੇ ਅਪਰੈਲ 1853 ਵਿਚ ਸਾਡੇ ਘਰ ਪ੍ਰਵੇਸ਼ ਕਰਨ ਨਾਲ ਜਿਥੇ ਸਾਨੂੰ ਲੜਕਿਆਂ ਦੀ ਦਾਤ ਮਿਲੀ, ਉਥੇ ਇਕ ਉੱਘੀ ਧਾਰਮਕ ਜਥੇਬੰਦੀ 'ਅੰਮ੍ਰਿਤ ਪ੍ਰਚਾਰ ਸੰਗਤ' ਨਾਲ ਸਾਡਾ ਸੰਬੰਧ ਜੁੜ ਗਿਆ। ਇਹ ਸੰਗਤ ਹਰ ਸਾਲ ਹੋਲੇ ਦਾ ਸਮਾਗਮ ਕਰ ਕੇ ਧਰਮ ਪ੍ਰਚਾਰ ਲਈ ਭਾਰੀ ਜਤਨ ਕਰਦੀ ਹੈ। ਮਾਰਚ 5, 1955 ਦਾ ਹੋਲਾ-ਸਮਾਗਮ ਪੱਟੀ ਦੇ ਨੇੜੇ ਕੁੱਲਾ ਪਿੰਡ ਵਿਚ ਸੀ। ਮੈਂ ਵੀ ਪਰਿਵਾਰ ਸਮੇਤ ਇਸ ਵਿਚ ਹਾਜ਼ਰ ਹੋਇਆ। ਇਥੇ ਬਾਬਾ ਅਰਜਨ ਸਿੰਘ ਜੀ ਤੋਂ ਇਲਾਵਾ, ਸੰਤ ਬਾਬਾ ਵਿਸਾਖਾ ਸਿੰਘ ਜੀ, ਸੰਤ (ਡਾ.) ਇੰਦਰ ਸਿੰਘ ਜੀ (ਜੋ ਅੰਮ੍ਰਿਤ ਪ੍ਰਚਾਰ ਸੰਗਤ ਦੇ ਸੰਤ ਬਾਬਾ ਭਗਵਾਨ ਸਿੰਘ ਜੀ ਮਲ੍ਹੋ ਵਾਲਿਆਂ ਤੋਂ ਬਾਅਦ ਜਥੇਦਾਰ ਚਲੇ ਆ ਰਹੇ ਸਨ) ਅਤੇ ਸੰਤ ਬਾਬਾ ਹਰਭਜਨ ਸਿੰਘ ਜੀ (ਉਰਫ ਸੰਤਾਂ ਜੀ) ਦੇ ਦੁਰਲੱਭ ਦਰਸ਼ਨ ਹੋਏ। ਸ੍ਰੀਮਾਨ ਸੰਤਾਂ ਜੀ ਦੇ ਤਾਂ ਇਸ ਸਮੇਂ ਪਹਿਲੀ ਵਾਰ ਦਰਸ਼ਨ ਨਸੀਬ ਹੋਏ। ਪਿਛੋਂ ਉਨ੍ਹਾਂ ਨਾਲ ਸਾਡਾ ਬਹੁਤ ਲੰਮਾ ਤੇ ਨਿਕਟਵਰਤੀ ਪੱਧਰ ਦਾ ਸੰਪਰਕ ਰਿਹਾ (1961 ਤੋਂ 1982 ਤਕ)। 1957 ਵਿਚ ਸੰਤ (ਡਾ.) ਇੰਦਰ ਸਿੰਘ ਜੀ ਦਾ ਸਪੁੱਤਰ ਸ. ਚੰਦਰ ਗੁਪਤ ਸਿੰਘ ਖ਼ਾਲਸਾ ਕਾਲਜ ਵਿਚ ਇਕਨਾਮਿਕਸ ਦਾ ਲੈਕਚਰਰ ਲੱਗ ਗਿਆ। ਉਸ ਦੇ ਪਾਸ ਮਾਨਯੋਗ ਡਾ. ਇੰਦਰ ਸਿੰਘ ਜੀ ਆਉਂਦੇ ਰਹਿੰਦੇ ਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸਾਨੂੰ ਵੀ ਉਨ੍ਹਾਂ ਦੇ ਦਰਸ਼ਨ ਹੋ ਜਾਂਦੇ ਸਨ। ਪ੍ਰੋ. ਚੰਦਰ ਗੁਪਤ ਸਿੰਘ ਨਾਲ ਸੁਭਾਵਕ ਹੀ ਵਿਚਾਰਾਂ ਤੇ ਸੁਭਾ ਦੀ ਸਾਂਝ ਕਾਰਨ ਬਹੁਤ ਨੇੜਤਾ ਹੋ ਗਈ। ਖਾਲਸਾ ਕਾਲਜ ਹਾਈ ਸਕੂਲ ਦੇ ਧਾਰਮਕ ਟੀਚਰ ਗਿਆਨੀ ਕਰਤਾਰ ਸਿੰਘ ਅਤੇ ਪ੍ਰੋ. ਚੰਦਰ ਗੁਪਤ ਸਿੰਘ, ਡਾ. ਰੋਸ਼ਨ ਲਾਲ ਆਹੂਜਾ ਦੇ ਕਾਲਜ ਤੋਂ ਚਲੇ ਜਾਣ ਤੋਂ ਬਾਅਦ, ਕਈ ਸਾਲ ਮੇਰੇ ਸ਼ਾਮ ਦੀ ਸੈਰ ਦੇ ਪੱਕੇ ਸਾਥੀ ਬਣੇ ਰਹੇ। ਡਾ. ਇੰਦਰ ਸਿੰਘ ਜੀ ਤੋਂ ਬਾਅਦ ਸ੍ਰੀਮਾਨ ਸੰਤਾਂ ਜੀ 1962 ਤੋਂ 1982 ਤਕ ਸੰਗਤ ਦੇ ਜਥੇਦਾਰ ਰਹੇ ਅਤੇ ਉਨ੍ਹਾਂ ਤੋਂ ਬਾਅਦ ਅੱਜ ਕੱਲ ਗਿਆਨੀ ਸੂਰਜ ਪਾਲ ਸਿੰਘ ਜੀ ਜਥੇਦਾਰ ਦੀ ਪਦਵੀ ਤੇ ਹਨ। ਗਿਆਨੀ ਜੀ ਸੰਤ ਬਾਬਾ ਅਰਜਨ ਸਿੰਘ ਜੀ ਦੇ ਨਿਕਟਵਰਤੀ ਰਹੇ ਹਨ। ਅੱਜ ਕੱਲ ਉਨ੍ਹਾਂ ਦਾ ਨਿਵਾਸ ਪਟਿਆਲਾ ਸ਼ਹਿਰ ਵਿਚ ਹੈ। ਇਨ੍ਹਾਂ ਸੰਤ ਮਹਾਂ ਪੁਰਸ਼ਾਂ ਬਾਰੇ ਮੈਂ ਵਿਸਤਾਰ ਸਹਿਤ ਪੁਸਤਕ 'ਹਮ ਸੰਤਨ ਕੀ ਰੇਨ' ਵਿਚ ਲਿਖਿਆ ਹੈ।

ਸ੍ਰੀ ਪਟਨਾ ਸਾਹਿਬ ਦੀ ਯਾਤਰਾ

ਮਾਰਚ 1959 ਵਿਚ ਅੰਮ੍ਰਿਤ ਪ੍ਰਚਾਰ ਸੰਗਤ ਦੇ ਨਾਲ ਹੋਲਾ ਮਹੱਲਾ ਸਮਾਗਮ ਤੇ ਮੈਂ ਵੀ ਸ੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਗਿਆ। ਉਥੋਂ ਪ੍ਰੋ. ਚੰਦਰ ਗੁਪਤ ਸਿੰਘ ਤੇ ਮੈਂ ਸ੍ਰੀ ਪਟਨਾ ਸਾਹਿਬ ਤੋਂ 'ਬੋਧ ਗਿਆ' ਅਤੇ 'ਨਾਲੰਦਾ' 'ਰਾਜ ਗਿਰ' ਆਦਿ ਇਤਿਹਾਸਕ ਸਥਾਨ ਦੇਖਣ ਗਏ। ਫਿਰ ਕਲਕੱਤਾ ਸ਼ਹਿਰ ਦੀ ਸੈਰ ਲਈ ਚਲੇ ਗਏ। ਉਥੋਂ ਵਾਪਸੀ ਤੇ ਆਗਰਾ (ਤਾਜ ਮਹੱਲ) ਤੇ ਫਤਹਪੁਰ ਸੀਕਰੀ ਦੇਖ ਕੇ ਵਾਪਸ ਸ੍ਰੀ ਅੰਮ੍ਰਿਤਸਰ ਪਰਤੇ।

ਸੰਤ ਬਾਬਾ ਖੜਕ ਸਿੰਘ ਬੀੜ ਸਾਹਿਬ ਵਾਲਿਆਂ ਦਾ ਮੇਲ

ਕਾਲਜ ਦੇ ਰੋਵਰ ਸਕਾਊਟਾਂ ਦਾ ਕੰਮ ਪ੍ਰਸਿੱਧ ਗੁਰਦੁਆਰਿਆਂ ਵਿਚ ਮੇਲਿਆਂ ਸਮੇਂ ਸੋਸ਼ਲ ਸਰਵਿਸ ਕਰਨਾ ਹੁੰਦਾ ਸੀ। ਇਸ ਸੰਬੰਧ ਵਿਚ ਗੁਰਦਵਾਰਾ ਬੀੜ ਬਾਬਾ ਬੁੱਢਾ ਜੀ ਦੇ ਸਾਲਾਨਾ ਮੇਲੇ ਸਮੇਂ ਸੇਵਾ ਕਰਨ ਲਈ ਕਾਲਜ ਦੇ ਰੋਵਰਾਂ ਨਾਲ ਮੈਂ ਅਤੇ ਸ. ਅਜਾਇਬ ਸਿੰਘ ਪੀ. ਟੀ. ਜਾਂਦੇ ਸਾਂ। 1960 ਤੋਂ ਬਾਅਦ ਅਜੇਹੇ ਮੌਕਿਆਂ ਤੇ ਸਾਨੂੰ ਸੰਤ ਬਾਬਾ ਖੜਕ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹ ਸਾਡੇ ਨਾਲ ਬੜੇ ਪ੍ਰੇਮ ਅਤੇ ਕ੍ਰਿਪਾਲਤਾ ਦੇ ਢੰਗ ਨਾਲ ਪੇਸ਼ ਆਉਂਦੇ ਸਨ। ਉਨ੍ਹਾਂ ਨਾਲ ਸੰਪਰਕ ਦਾ ਵੇਰਵਾ ਉਪਰ ਦੱਸੀ ਵੱਖਰੀ ਪੁਸਤਕ ਵਿਚ ਪ੍ਰਕਾਸ਼ਿਤ ਕੀਤਾ ਹੈ।

ਦੋ ਨੇਕ ਰੂਹਾਂ

ਜਿਵੇਂ ਦੋ ਨੇਕ ਸਿਤਾਰੇ ਇਕ ਬੁਰਜ ਵਿਚ ਇਕੱਠੇ ਹੋ ਜਾਂਦੇ ਹਨ, ਏਸੇ ਤਰ੍ਹਾਂ ਸੰਸਾਰ ਵਿਚ ਕਈ ਵਾਰੀ ਦੋ ਨੇਕ ਰੂਹਾਂ ਵੀ ਸੰਜੋਗ ਨਾਲ ਇਕ ਥਾਂ ਤੇ ਇਕੱਠੀਆਂ ਹੋ ਜਾਂਦੀਆਂ ਹਨ। ਕੁਦਰਤ ਦੇ ਇਸ ਨਿਯਮ ਅਨੁਸਾਰ 1956-57 ਵਿਚ ਸਾਡੇ ਵੱਡੇ ਮਾਮਾ ਜੀ ਤਾਰਾ ਸਿੰਘ ਬਾਜਵਾ ਡੀ.ਐਸ.ਪੀ. ਇਲਾਕਾ ਤਰਨ ਤਾਰਨ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਨੇੜੇ ਹੀ ਇਕ ਕੋਠੀ ਵਿਚ ਜੋ ਸ਼ਹਿਰ ਦੀ ਵੱਡੀ ਸੜਕ ਅਤੇ ਬਾਜ਼ਾਰ ਦੇ ਨਾਲ ਲੱਗਦੀ ਸੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦੇ ਸਨ ਤੇ ਦਫਤਰ ਵੀ ਕੋਠੀ ਦੇ ਇਕ ਹਿੱਸੇ ਵਿਚ ਸੀ । ਓਦੋਂ ਹੀ ਸ. ਮੁਹਿੰਦਰ ਸਿੰਘ ਰੰਧਾਵਾ ਬੀ.ਏ. ਪਾਸ ਕਰ ਕੇ ਪੰਜਾਬ ਰੋਡਵੇਜ਼ ਵਿਚ ਨੌਕਰੀ ਕਰਦੇ ਸਨ ਤੇ ਤਰੱਕੀ ਕਰਕੇ ਤਰਨ ਤਾਰਨ ਦੇ ਬੱਸ-ਅੱਡਾ ਇੰਚਾਰਜ ਬਣ ਗਏ ਸਨ । ਉਹ ਵੀ ਸ਼ਹਿਰ ਵਿਚ ਹੀ ਨਿਵਾਸ ਕਰਦੇ ਸਨ । ਇਨ੍ਹਾਂ ਦੋਹਾਂ ਵਿਅਕਤੀਆਂ ਦੀ ਪਰਸਪਰ ਜਾਣ ਪਛਾਣ ਇਕ ਡੂੰਘੀ ਧਾਰਮਕ ਸਾਂਝ ਰਾਹੀਂ ਹੋਈ । ਇਸ ਜਾਣ ਪਛਾਣ ਵਿਚੋਂ ਰੰਧਾਵਾ ਜੀ ਦੀ ਬੇਮਿਸਾਲ ਵਿਦਿਅਕ ਤੇ ਪੇਸ਼ਾਵਰੀ ਉੱਨਤੀ ਦੇ ਦਰਵਾਜ਼ੇ ਖੁਲ੍ਹ ਗਏ ਜਿਸ ਦਾ ਵਿਸਤਾਰ ਹੇਠ ਲਿਖੇ ਅਨੁਸਾਰ ਹੈ ।

ਮਾਮਾ ਜੀ ਖ਼ਾਲਸਾ ਕਾਲਜ ਦੇ ਗਰੈਜੂਏਟ (1921-25) ਹੋਣ ਕਾਰਨ ਪੂਰਨ ਤੌਰ ਤੇ ਧਾਰਮਕ ਨਿਸ਼ਠਾ ਦੇ ਮਾਲਕ ਸਨ । ਪੁਲੀਸ ਦੀ ਨੌਕਰੀ ਦੇ ਬਾਵਜੂਦ, ਉਹ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਵੇਰੇ ਇਸ਼ਨਾਨ ਕਰਨ ਉਪਰੰਤ ਪ੍ਰਕਾਸ਼ ਕਰਕੇ, ਵਾਕ ਲੈ ਕੇ ਤੇ ਨਿਤਨੇਮ ਪਾਠ ਮੁਕਾ ਦੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਦਰਸ਼ਨਾਂ ਲਈ ਜਾਂਦੇ ਅਤੇ ਸਰੋਵਰ ਦੀ ਪ੍ਰਕਰਮਾ ਕਰਦੇ । ਫਿਰ ਵਾਪਸ ਆ ਕੇ ਕੋਈ ਕੰਮ ਕਾਜ ਸ਼ੁਰੂ ਕਰਦੇ । ਇਹੋ ਨੇਮ ਸ. ਮੁਹਿੰਦਰ ਸਿੰਘ ਰੰਧਾਵਾ ਦਾ ਸੀ । ਗੁਰਦਵਾਰੇ ਅਤੇ ਪਰਕਰਮਾ ਵਿਚ ਅਕਸਰ ਉਨ੍ਹਾਂ ਦਾ ਮੇਲ ਹੋ ਜਾਂਦਾ ਅਤੇ ਇਸ ਤਰ੍ਹਾਂ ਚੰਗੀ ਜਾਣ ਪਛਾਣ ਹੋ ਗਈ । ਰੰਧਾਵਾ ਜੀ ਦਾ ਪਹਿਲਾ ਵਿਦਿਅਕ ਰਿਕਾਰਡ ਦੇਸ਼ ਵੰਡ ਤੋਂ ਪਹਿਲਾਂ ਲਾਇਲਪੁਰ ਵਿਚ ਪੜ੍ਹਦੇ ਸਮੇਂ ਤੋਂ ਚੰਗਾ ਸੀ । ਉਨ੍ਹਾਂ ਨੂੰ ਅੱਗੇ ਹੋਰ ਪੜ੍ਹਾਈ ਕਰਨ ਦਾ ਬੜਾ ਸ਼ੌਕ ਸੀ । ਜਦ ਉਨ੍ਹਾਂ ਨੂੰ ਮਾਮਾ ਜੀ ਤੋਂ ਮੇਰੇ ਬਾਰੇ ਪਤਾ ਲੱਗਾ ਕਿ ਮੈਂ ਖ਼ਾਲਸਾ ਕਾਲਜ ਵਿਚ ਪੰਜਾਬੀ ਵਿਭਾਗ ਦਾ ਮੁੱਖੀ ਹਾਂ ਤਾਂ ਉਨ੍ਹਾਂ ਪੰਜਾਬੀ ਦੀ ਐਮ. ਏ. ਕਰਨ ਦੀ ਸਲਾਹ ਬਣਾ ਲਈ ਅਤੇ ਮਾਮਾ ਜੀ ਪਾਸੋਂ ਸਿਫ਼ਾਰਸ਼ੀ ਚਿੱਠੀ ਲੈ ਕੇ 1957 ਦੇ ਦਾਖਲੇ ਸਮੇਂ ਮੇਰੇ ਪਾਸ ਆ ਗਏ । ਇਤਫ਼ਾਕ ਨਾਲ ਇਸ ਸਮੇਂ ਤੋਂ ਥੋੜਾ ਪਹਿਲਾਂ ਰੰਧਾਵਾ ਜੀ ਦੀ ਪਤਨੀ, ਸ਼ਾਦੀ ਉਪਰੰਤ ਇਕ ਸਾਲ ਦੇ ਅੰਦਰ ਹੀ ਬੀਮਾਰ ਹੋ ਕੇ ਗੁਜ਼ਰ ਗਈ ਸੀ । ਇਸ ਦੁਖਾਂਤ ਦਾ ਉਨ੍ਹਾਂ ਨੇ ਭਾਰੀ ਦੁੱਖ ਮਹਿਸੂਸ ਕੀਤਾ ਸੀ । ਉਨ੍ਹਾਂ ਦੀ ਪਤਨੀ ਸਾਡੇ ਦਾਮਾਦ ਬ੍ਰਿਗ. ਹਰਦੀਪ ਸਿੰਘ ਘੁੰਮਣ (ਸਾਡੀ ਭਾਣਜੀ ਕੁਲਬੀਰ ਦੇ ਪਤੀ) ਦੀ ਵੱਡੀ ਭੈਣ ਸੀ । ਬਾਅਦ ਵਿਚ ਇਹ ਘੁੰਮਣ ਸਾਹਿਬ ਵਾਲਾ ਰਿਸ਼ਤਾ ਰੰਧਾਵਾ ਜੀ ਨੇ ਹੀ ਕਰਵਾਇਆ ਜਦੋਂ ਉਹ ਖ਼ਾਲਸਾ ਕਾਲਜ ਵਿਚ ਮੇਰੇ ਪਾਸ ਪੰਜਾਬੀ ਦੇ ਲੈਕਚਰਰ ਸਨ ।

ਜਦੋਂ ਰੰਧਾਵਾ ਜੀ ਮਾਮਾ ਜੀ ਦੀ ਚਿੱਠੀ ਲੈ ਕੇ ਮੇਰੇ ਪਾਸ ਆਏ ਤਾਂ ਮੈਂ ਕਿਹਾ 'ਇਥੇ ਤਾਂ ਹਰ ਕੋਈ ਨਿਯਮਾਂ ਅਨੁਸਾਰ ਦਾਖ਼ਲ ਹੋ ਸਕਦਾ ਹੈ । ਤੁਹਾਨੂੰ ਸਿਫਾਰਸ਼ ਦੀ ਕੀ ਲੋੜ ਸੀ ? ਤੁਹਾਡਾ ਵਿਦਿਅਕ ਰਿਕਾਰਡ ਕਾਫੀ ਅੱਛਾ ਹੈ ।' ਖ਼ੈਰ ਰੰਧਾਵਾ ਜੀ ਦਾਖਲ ਹੋ ਕੇ ਛੇਤੀ ਹੀ ਮੇਰੇ ਚਾਹੇਤੇ ਵਿਦਿਆਰਥੀ ਬਣ ਗਏ ਕਿਉਂਕਿ ਉਨ੍ਹਾਂ ਦਾ ਸੁਭਾ ਬਹੁਤ ਨਿੱਘਾ ਤੇ ਭਰੋਸੇਯੋਗ ਸੀ ਅਤੇ ਨਾਲ ਹੀ ਜੀਵਨ ਤਜਰਬਾ ਹਾਸਲ ਕਰਕੇ ਕਾਫੀ ਪ੍ਰੌਢ (mature) ਵੀ ਹੋ ਚੁਕੇ ਸਨ । ਮੈਂ ਆਪਣਾ ਰਸੂਖ ਵਰਤ ਕੇ ਕਾਲਜ ਦੇ ਫਾਰਮ ਮੈਨੇਜਰ ਸ: ਤਾਰਾ ਸਿੰਘ ਦੀ ਲੜਕੀ ਬਲਧੀਰ ਕੌਰ ਨਾਲ ਉਨ੍ਹਾਂ ਦੀ ਦੂਜੀ ਸ਼ਾਦੀ ਕਰਵਾ ਦਿਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤਰ੍ਹਾਂ ਉਨ੍ਹਾਂ ਦੇ ਜੀਵਨ ਵਿਚ ਨਵੇਂ ਸਿਰੋਂ ਚਾਨਣ ਤੇ ਖੇੜਾ ਪੈਦਾ ਹੋ ਗਿਆ। ਰੰਧਾਵਾ ਜੀ ਐਮ.ਏ. ਕਰ ਕੇ ਪਹਿਲਾਂ ਦੱਬਵਾਲੀ ਤੇ ਫਿਰ ਸਾਡੇ ਪਾਸ ਪੰਜਾਬੀ ਦੇ ਲੈਕਚਰਰ ਲੱਗੇ ਰਹੇ। ਉਨ੍ਹਾਂ ਦਾ ਸਿਤਾਰਾ ਤਰੱਕੀ ਤੇ ਸੀ, ਛੇਤੀ ਪਿਛੋਂ ਉਹ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ ਤਰਨਤਾਰਨ ਦੇ ਪ੍ਰਿੰਸੀਪਲ ਬਣ ਗਏ। ਕੁਝ ਸਾਲਾਂ ਬਾਅਦ ਉਹ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪ੍ਰਿੰਸੀਪਲ ਬਣੇ। ਅੰਤ 1977 ਵਿਚ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਜਿਸਟਰਾਰ ਨਿਯੁਕਤ ਹੋ ਗਏ। ਪਤਾ ਨਹੀਂ ਉਨ੍ਹਾਂ ਦੀ ਇਹ ਬੇਮਿਸਾਲ ਤਰੱਕੀ ਕੁਦਰਤ ਨੂੰ ਨਾ ਭਾਈ ਕਿ ਯੂਨੀਵਰਸਿਟੀ ਵਿਚ ਹੀ 1980 ਵਿਚ ਸਖਤ ਬੀਮਾਰ ਹੋਣ ਉਪਰੰਤ ਉਹ ਚਲਾਣਾ ਕਰ ਗਏ। ਹੋਰ ਮਿੱਤਰਾਂ ਸਨੇਹੀਆਂ ਵਾਂਗ ਮੈਨੂੰ ਵੀ ਇਸ ਵਿਛੋੜੇ ਦਾ ਡੂੰਘਾ ਦੁੱਖ ਹੋਇਆ। 1957 ਤੋਂ 1980 ਤਕ ਲਗਪਗ 25 ਸਾਲ ਉਹ ਮੇਰੇ ਬਹੁਤ ਨਿਕਟਵਰਤੀ ਤੇ ਸੱਜੀ ਬਾਂਹ ਬਣੇ ਰਹੇ। ਰੰਧਾਵਾ ਜੀ ਨਿੱਤਨੇਮ ਤੇ ਧਾਰਮਕ ਸ਼ਰਧਾ ਵਿਚ ਚਟਾਨ ਵਾਂਗ ਪੱਕੇ ਸਨ। ਮਿਹਨਤੀ ਏਨੇ ਸਨ ਕਿ ਨੌਕਰੀ ਦੌਰਾਨ ਐਮ.ਏ, ਇੰਗਲਿਸ਼ ਵੀ ਚੰਗੇ ਨੰਬਰ ਲੈ ਕੇ ਪਾਸ ਕਰ ਲਈ ਸੀ। ਜਿਥੇ ਉਹ ਚੰਗੇ ਅਧਿਆਪਕ ਸਨ, ਉਥੇ ਇਕ ਸੁਘੜ ਪ੍ਰਸ਼ਾਸਕ ਵੀ ਸਾਬਤ ਹੋਏ। ਪਰ ਉਨ੍ਹਾਂ ਦਾ ਅੰਤ ਬੜਾ ਬੇਵਕਤ ਤੇ ਦੁਖਦਾਈ ਸੀ। ਮਾਮਾ ਜੀ 1962 ਵਿਚ ਰਿਟਾਇਰ ਹੋ ਕੇ ਪਹਿਲਾਂ ਸੰਗਰੂਰ ਤੇ ਲੁਧਿਆਣਾ ਸ਼ਹਿਰਾਂ ਵਿਚ ਕੁਝ ਸਾਲ ਰਹੇ, ਫਿਰ ਚੰਡੀਗੜ੍ਹ ਵਿਚ ਪੱਕੀ ਰਿਹਾਇਸ਼ ਕਰ ਲਈ। ਇਥੇ ਹੀ 1968 ਜੂਨ ਵਿਚ ਦਿਲ ਫੇਲ੍ਹ ਹੋਣ ਨਾਲ ਉਨ੍ਹਾਂ ਦਾ ਦੇਹਾਂਤ ਹੋਇਆ। ਜਿਸ ਦਿਨ ਉਨ੍ਹਾਂ ਦਾ ਅਕਾਲ ਚਲਾਣਾ ਹੋਇਆ, ਉਸ ਦਿਨ ਸਵੇਰੇ ਹੀ ਬਿਨਾ ਕੁਝ ਖਾਧੇ ਪੀਤੇ (ਸੁੱਚੇ ਮੂੰਹ) ਇਕ ਧਾਰਮਕ ਸੇਵਾ ਸੋਸਾਇਟੀ ਦੇ ਮੈਂਬਰ ਵਜੋਂ ਉਨ੍ਹਾਂ ਨੇ ਅਖੰਡ ਪਾਠਾਂ ਦੀ ਲੜੀ ਵਿਚ ਅਖੰਡ ਪਾਠ ਦੀ ਆਪਣੀ ਵਾਰੀ ਲਈ ਅਤੇ ਪਾਠ ਕਰਦਿਆਂ ਹੀ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਜੋ ਜਾਨ ਲੇਵਾ ਸਾਬਤ ਹੋਇਆ। ਉਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ .

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥ (1000)

ਉਨ੍ਹਾਂ ਦਾ ਇਕਲੌਤਾ ਸਪੁੱਤਰ ਦਿਲਜਿੰਦਰ ਸਿੰਘ ਏਅਰ ਫੋਰਸ ਦਾ ਬਹੁਤ ਵੱਡਾ ਅਫਸਰ ਹੈ ਤੇ ਦੋਵੇਂ ਲੜਕੀਆਂ ਸੁਖਪਾਲ ਕੌਰ ਤੇ ਸੁਖਬੰਸ ਕੌਰ ਵੀ ਬਹੁਤ ਚੰਗੇ ਘਰਾਂ ਵਿਚ ਵਿਆਹੀਆਂ ਹੋਈਆਂ ਹਨ। ਮਾਮਾ ਜੀ ਮੇਰੇ ਨਾਲ ਬਹੁਤ ਪਿਆਰ ਕਰਦੇ ਸਨ ਅਤੇ ਮੇਰੇ ਪਾਸ ਖਾਲਸਾ ਕਾਲਜ ਵਿਚ ਦਰਸ਼ਨ ਦੇਂਦੇ ਰਹਿੰਦੇ ਸਨ। ਲਾਹੌਰ ਵਿਚ ਪੜ੍ਹਦੇ ਸਮੇਂ ਵੀ 1941 ਵਿਚ ਜਦ ਮੈਂ ਮਾਲ ਰੋਡ ਤੇ ਇਕ ਫਲੈਟ ਵਿਚ ਰਹਿੰਦਾ ਸੀ, ਉਹ ਕਈ ਵਾਰ ਮੈਨੂੰ ਮਿਲਣ ਆਏ।

ਡਲਹੌਜ਼ੀ ਅਤੇ ਕਸ਼ਮੀਰ ਦੀ ਯਾਤਰਾ

ਜੁਲਾਈ 1957 ਵਿਚ 20 ਰੋਵਰ ਸਕਾਊਟਾਂ ਦੀ ਪਾਰਟੀ ਨਾਲ ਮੈਂ ਅਤੇ ਸ. ਮਿੱਤ ਸਿੰਘ ਪੀ. ਟੀ. ਪਹਿਲਾਂ ਡਲਹੌਜ਼ੀ ਅਤੇ ਫਿਰ ਨਾਲ ਹੀ ਕਸ਼ਮੀਰ ਦੀ ਯਾਤਰਾ ਲਈ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਾੜਾਂ ਤੇ ਪੈਦਲ ਚੜ੍ਹਾਈ-ਉਤਰਾਈ (hiking) ਰੋਵਰਾਂ ਦੀ ਟ੍ਰੇਨਿੰਗ ਦਾ ਹਿੱਸਾ ਹੁੰਦੀ ਹੈ। ਕਾਲਜ ਵਲੋਂ ਪ੍ਰਿੰ. ਇੰਦਰ ਸਿੰਘ ਦੀ ਮਿਹਰਬਾਨੀ ਨਾਲ ਸਾਡੇ ਕਿਰਾਏ ਦਾ ਪ੍ਰਬੰਧ ਹੋ ਗਿਆ। ਬਾਕੀ ਖਾਣ ਪੀਣ ਤੇ ਰਿਹਾਇਸ਼ ਦਾ ਖਰਚ ਸਾਡਾ ਆਪਣਾ। ਇਕ ਹਫਤਾ ਡਲਹੌਜ਼ੀ ਇਕ ਹੋਟਲ ਵਿਚ ਠਹਿਰੇ। ਦੋ ਦਿਨ ਲਈ ਖਜਿਆਰ ਦੀ ਪਦ-ਯਾਤਰਾ ਤੇ ਗਏ। ਬਿਸਤਰੇ ਘੋੜਿਆਂ ਤੇ ਲੱਦ ਕੇ ਲੈ ਗਏ। ਇਹ ਰਮਣੀਕ ਜਗ੍ਹਾ ਡਲਹੌਜ਼ੀ ਤੋਂ 10 ਮੀਲ ਤੇ ਹੈ। ਰਾਹ ਵਿਚ ਲੱਕੜ ਮੰਡੀ, ਡੈਨ ਕੁੰਡ ਆਦਿ ਦੀ ਸੈਰ ਕੀਤੀ। ਦੋ ਰਾਤਾਂ ਖਜਿਆਰ ਰਹੇ। ਫਿਰ ਵਾਪਸ ਆ ਕੇ ਪਠਾਨਕੋਟ ਇਕ ਰਾਤ ਠਹਿਰੇ। ਉਥੋਂ ਸਿੱਧੇ ਜੰਮੂ ਹੁੰਦੇ ਹੋਏ ਕਸ਼ਮੀਰ ਚਲੇ ਗਏ। ਕਸ਼ਮੀਰ 15 ਦਿਨ ਠਹਿਰੇ, ਦਰਿਆ ਜਿਹਲਮ ਵਿਚ, ਦੋ ਹਾਊਸ ਬੋਟਾਂ ਵਿਚ। ਸ੍ਰੀ ਨਗਰ ਦੇ ਸਾਰੇ ਇਤਿਹਾਸਕ ਬਾਗ, ਡੱਲ ਝੀਲ. ਸ਼ੰਕਰਾਚਾਰੀਆ ਆਦਿ ਦੇਖ ਕੇ ਦੋ ਰਾਤਾਂ ਪਹਿਲਗਾਮ ਜਾ ਠਹਿਰੇ। ਰਾਹ ਵਿਚ ਮਟਨ ਸਾਹਿਬ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣੇ ਗੁਰਦਵਾਰੇ ਦੇ ਦਰਸ਼ਨ ਕੀਤੇ। ਫਿਰ ਇਕ ਦਿਨ ਸੋਪੁਰ ਅਤੇ ਝੀਲ ਵੂਲਰ ਦੇਖਣ ਗਏ। ਇਕ ਦਿਨ ਗੁਲਮਰਗ ਅਤੇ ਖਿਲਣ ਮਰਗ ਦੀ ਯਾਤਰਾ ਲਈ ਵੀ ਗਏ। ਇਸ ਯਾਤਰਾ ਦਾ ਸਾਰਾ ਹਾਲ ਲਿਖਣ ਲੱਗਾਂ ਤਾਂ ਪੁਸਤਕ ਦਾ ਆਕਾਰ ਚਾਹੀਦਾ ਹੈ। ਸਾਡੇ ਨਾਲ ਇਸ ਯਾਤਰਾ ਵਿਚ ਖ਼ਾਲਸਾ ਕਾਲਜ ਦੇ 15 ਕੁ ਬੱਚਿਆਂ ਦੀ ਇਕ ਪਾਰਟੀ ਵੀ ਹੈੱਡ ਮਾਸਟਰ ਮਾਹਣਾ ਸਿੰਘ (ਸੁਰਗਵਾਸੀ) ਦੀ ਅਗਵਾਈ ਵਿਚ ਗਈ ਜਿਸ ਵਿਚ ਹੈੱਡ ਮਾਸਟਰ ਤੋਂ ਇਲਾਵਾ ਮਾਸਟਰ ਅਨੂਪ ਸਿੰਘ. ਮਾਸਟਰ ਬਲਦੇਵ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਸ਼ਾਮਲ ਹੋਏ।

ਗਿਆਨੀ ਕਲਿਆਨ ਸਿੰਘ ਦੀ ਮਿਤ੍ਰਤਾ

ਉਪਰ ਲਿਖੀ ਯਾਤਰਾ ਵਿਚ ਇਤਫਾਕ ਨਾਲ ਇਕ ਵਿਦਿਆਰਥੀ ਹਰਬੰਸ ਸਿੰਘ ਦੇ ਬੇਨਤੀ ਕਰਨ ਤੇ ਮੈਂ ਉਸ ਦੇ ਮਾਮਾ ਜੀ ਗਿਆਨੀ ਕਲਿਆਨ ਸਿੰਘ ਨੂੰ ਨਾਲ ਲੈ ਜਾਣ ਦੀ ਆਗਿਆ ਦੇ ਦਿਤੀ। ਇਹ ਮੇਰਾ ਬਹੁਤ ਚੰਗਾ ਫੈਸਲਾ ਸੀ, ਕਿਉਂਕਿ ਗਿਆਨੀ ਜੀ ਅਤਿ ਧਾਰਮਕ, ਸਿਆਣੇ ਅਤੇ ਸਾਊ ਪੁਰਸ਼ ਸਾਬਤ ਹੋਏ। 22 ਦਿਨ ਇਕੱਠੇ ਰਹਿਣ ਨਾਲ ਮੈਂ ਉਨ੍ਹਾਂ ਦੇ ਮਿੱਠੇ ਸੁਭਾ ਅਤੇ ਨਿਮਰਤਾ, ਸੁਹਿਰਦਤਾ ਆਦਿ ਗੁਣਾਂ ਤੋਂ ਅਤਿ ਪ੍ਰਭਾਵਿਤ ਹੋਇਆ। ਇਸ ਤਰ੍ਹਾਂ ਅਸੀਂ ਗੂੜ੍ਹੇ ਮਿੱਤਰ ਬਣ ਗਏ। ਸਾਡੀ ਇਹ ਮਿੱਤਰਤਾ ਹੌਲੀ ਹੌਲੀ ਡੂੰਘੀ ਪਰਿਵਾਰਕ ਸਾਂਝ ਦਾ ਰੂਪ ਧਾਰ ਗਈ। ਇਹ ਦੋਸਤੀ ਹੁਣ ਤਕ ਇਕਸਾਰ ਨਿਭਦੀ ਰਹੀ ਹੈ। ਸ਼ੋਕ, ਗਿਆਨੀ ਜੀ 1986 ਸਤੰਬਰ ਵਿਚ ਹਾਰਟ ਫੇਲ੍ਹ ਹੋਣ ਨਾਲ ਸੁਰਗਵਾਸ ਹੋ ਗਏ ਅਤੇ ਮੇਰੇ ਤੋਂ ਇਲਾਵਾ ਸ਼ਹਿਰ ਦੇ ਅਣਗਿਣਤ ਮਿੱਤਰਾਂ ਸਨੇਹੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਧਾਰਮਕ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ ਅਤੇ ਖੁਲ੍ਹੇ ਦਿਲ ਨਾਲ ਦਾਨ ਪੁੰਨ ਕਰਦੇ ਸਨ। ਸ਼ਹਿਰ ਦੀ ਗੁਰੂ ਅਰਜਨ ਦੇਵ ਸਤਿਸੰਗ ਸਭਾ ਦੇ ਉਹ ਕਾਫੀ ਸਾਲ ਸਕੱਤਰ ਰਹੇ।

1957 ਦੀ ਡਲਹੌਜ਼ੀ ਤੇ ਕਸ਼ਮੀਰ ਯਾਤਰਾ ਤੋਂ ਬਾਅਦ ਵੀ ਮੈਨੂੰ ਪਰਿਵਾਰ ਸਹਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3-4 ਵਾਰੀ ਡਲਹੌਜ਼ੀ ਅਤੇ 3 ਵਾਰੀ ਕਸ਼ਮੀਰ ਜਾਣ ਦਾ ਅਵਸਰ ਮਿਲਿਆ । ਇਨ੍ਹਾਂ ਸੈਰ-ਸਥਾਨਾਂ ਤੋਂ ਇਲਾਵਾ ਸ਼ਿਮਲਾ, ਡਿਹਰਾਦੂਨ ਅਤੇ ਮਸੂਰੀ ਦੀ ਯਾਤਰਾ ਕਰਨ ਦਾ ਵੀ 2-3 ਵਾਰੀ ਇਤਫਾਕ ਹੋਇਆ ।

ਜੌਹਲਾਂ ਵਾਲੇ ਸੰਤਾਂ ਦੇ ਦਰਸ਼ਨ

ਜਲੰਧਰ-ਹੁਸ਼ਿਆਰਪੁਰ ਸੜਕ ਤੇ ਜਲੰਧਰ ਛਾਉਣੀ ਤੋਂ 2-3 ਮੀਲ ਦੂਰ ਜੌਹਲਾਂ ਵਾਲੇ ਪ੍ਰਸਿੱਧ ਸੰਤ ਬਾਬਾ ਬਸੰਤ ਸਿੰਘ ਜੀ ਦਾ ਸੜਕ ਤੋਂ ਥੋੜੀ ਦੂਰ ਸੱਜੇ ਪਾਸੇ ਵਲ ਡੇਰਾ ਸੀ (ਜਿਥੇ ਹੁਣ ਉਨ੍ਹਾਂ ਤੋਂ ਪਿਛੋਂ ਉਨ੍ਹਾਂ ਦੇ ਉਤਰ-ਅਧਿਕਾਰੀ ਸੰਤ ਗਿਆਨ ਸਿੰਘ ਜੀ ਡੇਰੇ ਦੇ ਸਰਬਰਾਹ ਹਨ) । ਨਵੰਬਰ ਵਿਚ ਮੈਂ ਭਾਈ ਦਲੀਪ ਸਿੰਘ ਜੋ ਓਦੋਂ ਜਲੰਧਰ ਵਿਚ ਇੰਸਪੈਕਟਰ ਪੁਲੀਸ ਲੱਗੇ ਸਨ, ਨਾਲ ਪਹਿਲੀ ਵਾਰ ਉਨ੍ਹਾਂ ਦੇ ਦਰਸ਼ਨ ਕਰਨ ਗਿਆ । ਉਸ ਤੋਂ ਬਾਅਦ ਇਹ ਸਿਲਸਲਾ ਜਾਰੀ ਰਿਹਾ । ਸੰਤ ਬਾਬਾ ਜੀ ਦੇ ਅਤਿ-ਵਿਸ਼ੇਸ਼ ਆਤਮਕ ਪ੍ਰਭਾਵ ਅਤੇ ਆਪਣੀ ਯਾਤਰਾ ਲੜੀ ਦੇ ਹੋਰ ਹਾਲਾਤ ਵਿਸਤਾਰ ਨਾਲ ਵਖਰੀ ਪੁਸਤਕ 'ਸੰਤਨ ਕੀ ਰੇਨਿ' ਵਿਚ ਛਾਪੇ ਗਏ ਹਨ ।

ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ

ਨਵੰਬਰ 1958 ਵਿਚ, ਪਾਕਿਸਤਾਨ ਬਣਨ ਤੋਂ ਬਾਅਦ ਮੈਨੂੰ ਪਹਿਲੀ ਵਾਰ, ਸਿੱਖ ਯਾਤਰੀ ਜਥੇ ਨਾਲ ਖ਼ਾਲਸਾ ਕਾਲਜ ਦੇ ਆਪਣੇ ਤਿੰਨ ਸਾਥੀਆਂ ਪ੍ਰੋ. ਸ਼ਾਮ ਸਿੰਘ, ਪ੍ਰੋ. ਚੰਦਰ ਗੁਪਤ ਸਿੰਘ ਅਤੇ ਸ. ਦੀਨ ਦਿਆਲ ਸਿੰਘ (ਇੰਚਾਰਜ ਆਨ੍ਰੇਰੀ ਸੈਕਟਰੀ ਦਫਤਰ) ਦੇ ਨਾਲ ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਡਿਹਰਾ ਸਾਹਿਬ (ਲਾਹੌਰ) ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ । ਮੈਂ ਤੇ ਪ੍ਰੋ. ਸ਼ਾਮ ਸਿੰਘ ਕਾਲਜ ਲਾਹੌਰ ਦੇ ਪੁਰਾਣੇ ਵਿਦਿਆਰਥੀ (ਓਲਡ ਬੁਆਏ) ਸਾਂ । ਅਸੀਂ ਲਾਹੌਰ ਵਿਚ ਆਪਣਾ ਕਾਲਜ ਦੇਖਣ ਵੀ ਗਏ ਅਤੇ ਕਾਲਜ ਦੇ ਨਾਲ ਲਗਦੇ ਕੁਆਡਰੈਂਗਲ ਹੋਸਟਲ ਵਿਚ ਗਏ, ਜਿਥੇ ਅਸੀਂ ਰਹਿੰਦੇ ਰਹੇ ਸੀ । ਉਥੇ ਹੋਸਟਲ ਦੇ ਵਾਸੀ ਵਿਦਿਆਰਥੀਆਂ ਨੇ ਸਾਡਾ ਨਿੱਘਾ ਸੁਆਗਤ ਕੀਤਾ ਅਤੇ ਸਾਡੇ ਸਮੇਂ ਦੇ ਕਾਲਜ ਦੇ ਹਾਲਾਤ ਬਾਰੇ ਕਈ ਪ੍ਰਸ਼ਨ ਪੁੱਛੇ । ਮੇਰੇ ਮਿੱਤਰ ਸਰਦਾਰ ਕਿਰਪਾਲ ਸਿੰਘ, ਪ੍ਰਸਿੱਧ ਰਾਜਸੀ ਤੇ ਸਮਾਜਕ ਆਗੂ ਸਾਬਕ ਐਮ. ਪੀ. ਤੇ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ) ਵੀ ਇਸ ਯਾਤਰਾ ਵਿਚ ਸਾਡੇ ਸਾਥੀ ਸਨ । ਮੈਨੂੰ ਯਾਦ ਹੈ ਕਿ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦਵਾਰੇ ਵਿਚ ਸਾਨੂੰ ਦੋਹਾਂ ਨੂੰ ਗੁਰੂ ਨਾਨਕ ਸਾਹਿਬ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ ਗਿਆ ਸੀ । ਇਹ ਯਾਤਰਾ 4-5 ਦਿਨਾਂ ਵਿਚ ਸਮਾਪਤ ਹੋਈ । ਓਦੋਂ ਪਾਕਿਸਤਾਨ ਵਿਚ ਅਜੇ ਮਾਰਸ਼ਲ ਲਾਅ ਨਵਾਂ ਨਵਾਂ ਲੱਗਾ ਸੀ ।

ਲੜਕੀਆਂ ਦੀ ਸ਼ਾਦੀ

ਵੱਡੀ ਲੜਕੀ ਹਰਜੀਤ ਕੌਰ ਦੀ ਸ਼ਾਦੀ 15 ਅਗਸਤ, 1965 ਨੂੰ ਕੈਪਟਨ ਕੁਲਬੀਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਸਾਹੀ ਨਾਲ ਕੀਤੀ ਗਈ। ਕੈਪਟਨ ਸਾਹੀ ਸ. ਹਰਨਾਮ ਸਿੰਘ ਸਾਹੀ ਦੇ ਸਪੁੱਤਰ ਹਨ ਅਤੇ ਇਨ੍ਹਾਂ ਦਾ ਪਿਛਲਾ ਪਿੰਡ ਡਸਕਾ (ਜ਼ਿਲਾ ਸਿਆਲਕੋਟ) ਦੇ ਨੇੜੇ 'ਸਾਹਕੇ' ਸੀ। ਦੇਸ਼ ਵੰਡ ਤੋਂ ਪਿਛੋਂ ਉਨ੍ਹਾਂ ਨੂੰ ਲੁਧਿਆਣਾ-ਚੰਡੀਗੜ੍ਹ ਵੱਡੀ ਸੜਕ ਤੇ (ਖਮਾਣੋ ਦੇ ਨੇੜੇ ਸਥਿਤ) ਉੱਚਾ ਪਿੰਡ ਸੰਘੋਲ ਵਿਚ ਜ਼ਮੀਨ ਅਲਾਟ ਹੋਈ ਅਤੇ ਉਥੇ ਹੀ ਸ. ਹਰਨਾਮ ਸਿੰਘ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਕੇ ਆਪਣੀ ਕੋਠੀ ਵਿਚ ਨਿਵਾਸ ਕਰਦੇ ਰਹੇ ਹਨ। ਸ਼ੋਕ 15 ਜਨਵਰੀ 1989 ਨੂੰ ਉਹ ਸੁਰਗਵਾਸ ਹੋ ਗਏ।

ਦੂਜੀ ਲੜਕੀ ਹਰਪ੍ਰੀਤ ਕੌਰ ਦੀ ਸ਼ਾਦੀ 24 ਫਰਵਰੀ, 1967 ਨੂੰ ਕੈਪਟਨ ਸੁਰਿੰਦਰ ਪਾਲ ਸਿੰਘ ਵੜੈਚ ਨਾਲ ਕੀਤੀ ਗਈ। ਕੈਪਟਨ ਵੜੈਚ ਦੇ ਪਿਤਾ ਜੀ ਸ. ਹਜ਼ਾਰਾ ਸਿੰਘ ਵੜੈਚ ਸ੍ਰੀ ਅੰਮ੍ਰਿਤਸਰ ਦੇ ਪੁਰਾਣੇ ਤੇ ਉੱਘੇ ਵਕੀਲ ਸਨ ਅਤੇ ਰਾਣੀ ਦਾ ਬਾਗ ਵਿਚ ਆਪਣੀ ਕੋਠੀ ਵਿਚ ਨਿਵਾਸ ਕਰਦੇ ਸਨ। ਸ਼ੋਕ ਹੁਣੇ ਜੇਹੇ 25 ਜਨਵਰੀ. 1989 ਨੂੰ ਉਹ ਅਕਾਲ ਚਲਾਣਾ ਕਰ ਗਏ ਹਨ। ਵਕੀਲ ਸਾਹਿਬ ਸ. ਹਜ਼ਾਰਾ ਸਿੰਘ ਦਾ ਜੱਦੀ ਪਿੰਡ ਅੰਮ੍ਰਿਤਸਰ-ਤਰਨ ਤਾਰਨ ਸੜਕ ਤੇ ਸਥਿਤ ਮਸ਼ਹੂਰ ਇਤਿਹਾਸਕ ਪਿੰਡ ਚੱਬਾ ਸੀ ਜਿਥੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਚਰਨ ਪਾਏ ਸਨ ਅਤੇ ਇਕ ਬਿਰਧ ਮਾਈ ਨੂੰ ਸੱਤ ਪੁੱਤਰਾਂ ਦੀ ਦਾਤ ਬਖਸ਼ੀ ਸੀ।

1965 ਦੀ ਹਿੰਦ-ਪਾਕ ਜੰਗ

ਹਿੰਦ-ਪਾਕ ਜੰਗ ਅਚਾਨਕ ਹੀ 5 ਸਤੰਬਰ 1965 ਨੂੰ ਸ਼ੁਰੂ ਹੋਈ। ਮੈਂ ਅਤੇ ਭਾਈ ਦਲੀਪ ਸਿੰਘ ਨੇ 6 ਸਤੰਬਰ ਨੂੰ ਸ੍ਰੀ ਦਰਬਾਰ ਸਾਹਿਬ ਜਾ ਕੇ ਆਪਣੀ ਸ਼ਾਦੀ ਦੀ ਸਿਲਵਰ ਜੁਬਲੀ ਦੇ ਸੰਬੰਧ ਵਿਚ ਅਰਦਾਸ ਅਤੇ ਸ਼ੁਕਰਾਨਾ ਪ੍ਰਗਟ ਕਰਨਾ ਸੀ। ਪਰੰਤੂ 6 ਸਤੰਬਰ ਨੂੰ ਦਲੀਪ ਸਿੰਘ ਜੋ ਸ਼ਹਿਰ ਵਿਚ ਡੀ. ਐਸ. ਪੀ. ਲੱਗੇ ਹੋਇਆ ਸੀ ਦਾ ਸੁਨੇਹਾ ਆਇਆ ਕਿ ਸਾਡੀ ਫੌਜ ਬਾਰਡਰ ਤੋਂ ਅੱਗੇ ਨਿਕਲ ਗਈ ਹੈ ਅਤੇ ਤੇਜ਼ੀ ਨਾਲ ਲਾਹੌਰ ਵਲ ਵਧ ਰਹੀ ਹੈ। ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਖ਼ਬਰ ਭੇਜੀ ਕਿ ਇਚੋਗਿੱਲ ਨਹਿਰ ਤੋਂ ਥੋੜ੍ਹਾ ਅੱਗੇ ਜਾ ਕੇ ਸਾਡੀ ਫੌਜ ਰੁਕ ਗਈ ਹੈ ਕਿਉਂਕਿ ਦੁਸ਼ਮਨਾਂ ਨੇ ਪੱਕੇ ਮੋਰਚੇ ਬਣਾਏ ਹੋਏ ਹਨ ਅਤੇ ਉਨ੍ਹਾਂ ਵਿਚ ਬੈਠ ਕੇ ਸਾਡੀ ਫੌਜ ਦਾ ਨੁਕਸਾਨ ਕਰ ਰਹੇ ਹਨ।

ਲੜਾਈ ਦਾ ਆਰੰਭ ਅਸੀਂ ਆਪਣੇ ਕਵਾਟਰ ਵਿਚੋਂ ਦੇਖਿਆ। 5 ਸਤੰਬਰ ਲੌਢੇ ਵੇਲੇ ਅਸੀਂ ਪਿਛਲੇ ਵਿਹੜੇ ਵਿਚ ਬੈਠੇ ਸੀ ਕਿ 4-5 ਜੈੱਟ ਜਹਾਜ਼ ਲਾਹੌਰ ਵਲੋਂ ਬੜੇ ਨੀਵੇਂ ਉਡਦੇ ਹੋਏ ਆਏ। ਅਸੀਂ ਝੱਟ ਸਮਝ ਗਏ ਕਿ ਇਹ ਦੁਸ਼ਮਣ ਦੇ ਜਹਾਜ਼ ਹਨ। ਬੱਸ ਉਸੇ ਵੇਲੇ ਸਾਡੇ ਉਪਰ ਹਵਾਈ ਜਹਾਜ਼ਾਂ ਦੀ ਜੰਗ ਸ਼ੁਰੂ ਹੋ ਗਈ। ਮਿੰਟਾਂ ਵਿਚ ਹੀ ਆਦਮਪੁਰ ਹਵਾਈ ਅੱਡੇ ਤੋਂ ਸਾਡੇ ਜਹਾਜ਼ ਪਹੁੰਚ ਗਏ। ਸਾਡੇ ਕਵਾਟਰਾਂ ਤੋਂ ਇਹ ਦੁਸ਼ਮਨ ਜਹਾਜ਼ ਇਸ ਲਈ ਲੰਘਦੇ ਸਨ ਤਾਂ ਜੋ ਨੇੜੇ ਹੀ ਅੱਗੇ ਛਾਉਣੀ ਵਿਚ ਸਥਿਤ 'ਰਡਾਰ' ਨੂੰ ਤਬਾਹ ਕਰ ਸਕਣ। ਇਸ ਲਈ ਖ਼ਾਲਸਾ ਕਾਲਜ ਹਵਾਈ ਲੜਾਈ ਦਾ ਪਹਿਲਾ ਅੱਡਾ ਬਣ ਗਿਆ। ਸਭ ਲੋਕਾਂ ਨੂੰ ਹਦਾਇਤ ਕੀਤੀ ਗਈ ਕਿ ਜਦੋਂ ਹਵਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਮਲਾ ਹੋਵੇ ਮਕਾਨਾਂ ਦੇ ਅੰਦਰ ਚਲੇ ਜਾਓ । ਜੇ ਕੋਈ ਕਿਸੇ ਕਾਰਨ ਬਾਹਰ ਹੋਵੇ ਤਾਂ ਉਹ ਮੂਧਾ ਲੇਟ ਜਾਏ । ਰਾਤ ਨੂੰ ਪੱਕੀ 'ਬਲੈਕ ਆਊਟ' ਹੁੰਦੀ ਸੀ । ਕੋਈ ਰੋਸ਼ਨੀ ਦੀ ਕਿਰਨ ਕਿਤੋਂ ਦਿੱਸਣੀ ਨਹੀਂ ਚਾਹੀਦੀ ਸੀ ।

ਸਾਡੇ ਬੱਚੇ ਇਹ ਭਾਰੀ ਮੁਸੀਬਤ ਦੇਖ ਕੇ ਘਬਰਾ ਗਏ । ਪੂਜਯ ਮਾਤਾ ਜੀ ਵੀ ਸਾਡੇ ਪਾਸ ਹਨ, ਉਹ ਵੀ ਬਹੁਤ ਫ਼ਿਕਰਮੰਦ ਹੋ ਗਏ । ਬਹੁਤ ਖਤਰਾ ਸੀ ਕਿ ਕਾਲਜ ਉਤੇ ਕੋਈ ਬੰਬ ਨਾ ਡਿੱਗ ਪਵੇ । ਦੁਸ਼ਮਨ ਦੇ ਵਾਪਸ ਭੱਜਦੇ ਹੋਏ ਜਹਾਜ ਭਾਰ ਹੌਲਾ ਕਰਨ ਲਈ ਬੰਬ ਸੁੱਟ ਜਾਂਦੇ ਸਨ । ਇਕ 10 ਟੱਨ ਦਾ ਬੰਬ ਉਹ ਕਾਲਜ ਦੇ ਪਿੱਛੇ ਫਾਰਮ ਵਿਚ ਸੁੱਟ ਗਏ ਜਿਥੇ ਅੱਜਕਲ ਯੂਨੀਵਰਸਿਟੀ ਦਾ ਫਿਜ਼ਿਕਸ ਵਿਭਾਗ ਸਥਿਤ ਹੈ । ਇਹ ਬੰਬ ਏਨਾ ਸ਼ਕਤੀਸ਼ਾਲੀ ਸੀ ਕਿ ਇਸ ਦੇ ਕਿੰਕਰ (splinter) ਸਾਡੇ ਕਵਾਟਰਾਂ ਵਿਚ 400 ਗਜ਼ ਦੇ ਫਾਸਲੇ ਤੇ ਪਹੁੰਚੇ ਅਤੇ ਧਮਾਕੇ ਨਾਲ ਕਵਾਟਰਾਂ ਦੇ ਕਈ ਸ਼ੀਸ਼ੇ ਟੁੱਟ ਗਏ । ਇਸੇ ਤਰ੍ਹਾਂ ਇਕ ਬੰਬ ਕਾਲਜ ਦੇ ਨੇੜੇ ਮਾਹਲ ਪਿੰਡ ਵਿਚ ਡਿੱਗਿਆ ਅਤੇ ਇਕ ਵੱਡਾ ਬੰਬ ਛਿਹਰਟੇ ਦੇ ਬਾਜ਼ਾਰ ਵਿਚ ਸੁਟਿਆ ਗਿਆ ਜਿਸ ਨਾਲ ਜਾਨੀ ਅਤੇ ਇਮਾਰਤਾਂ ਡਿੱਗਣ ਦਾ ਨੁਕਸਾਨ ਹੋਇਆ ।

ਲੜਾਈ ਦੇ ਤੀਜੇ ਦਿਨ ਦਲੀਪ ਸਿੰਘ ਅਤੇ ਮੈਂ ਫੈਸਲਾ ਕੀਤਾ ਕਿ ਆਪਣੇ ਪਰਿਵਾਰ ਨੂੰ ਜਲੰਧਰ ਭੇਜ ਦੇਈਏ । ਉਥੇ ਦਲੀਪ ਸਿੰਘ ਦਾ ਆਪਣਾ ਮਕਾਨ ਸੀ । ਅਗਲੇ ਦਿਨ ਅਸੀਂ ਅਜੇਹਾ ਹੀ ਕੀਤਾ । ਮੈਂ ਦਲੀਪ ਸਿੰਘ ਦੇ ਪਾਸ ਸ਼ਹਿਰ ਵਿਚ ਬਸ ਅੱਡੇ ਦੇ ਨੇੜੇ ਉਸ ਦੇ ਕਵਾਟਰ ਵਿਚ ਆ ਠਹਿਰਿਆ । ਕਾਲਜ ਵਿਚ ਲਗਪਗ ਸਭ ਪ੍ਰੋਫੈਸਰਾਂ ਨੇ ਪਰਿਵਾਰ ਬਾਹਰ ਭੇਜ ਦਿੱਤੇ ਸਨ । ਸ਼ੁਕਰ ਹੈ ਕਿ ਲੜਾਈ ਬਹੁਤੇ ਦਿਨ ਨਾ ਚੱਲੀ ਨਹੀਂ ਤਾਂ ਪਤਾ ਨਹੀਂ ਕੀ ਹੁੰਦਾ । ਉਨ੍ਹਾਂ ਦਿਨਾਂ ਵਿਚ ਦਲੀਪ ਸਿੰਘ ਨੂੰ ਕਿਤੋਂ ਪਾਕਿਸਤਾਨ ਵਿਚ ਛਪੀ ਪੁਸਤਕ 'The Real Ranjit Singh' ਮਹਾਰਾਜੇ ਦੇ ਪ੍ਰਸਿੱਧ ਵਜ਼ੀਰ ਫ਼ਕੀਰ ਨੂਰ-ਉਦ-ਦੀਨ ਦੇ ਖਾਨਦਾਨ ਵਿਚੋਂ ਇਕ ਵਿਦਵਾਨ ਦੀ ਲਿਖੀ ਹੋਈ ਮਿਲ ਗਈ । ਮੈਂ ਉਹ ਬੜੇ ਧਿਆਨ ਨਾਲ ਪੜ੍ਹੀ । ਉਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਠੀਕ ਠੀਕ ਚਰਿਤਰ ਪੇਸ਼ ਕਰਨ ਦਾ ਜਤਨ ਕੀਤਾ ਹੈ ।

ਇਹ ਲੜਾਈ ਬੀਬੀ ਹਰਜੀਤ ਦੀ ਸ਼ਾਦੀ ਤੋਂ ਕੇਵਲ 20 ਦਿਨ ਪਿਛੋਂ ਛਿੜ ਗਈ ਸੀ ਇਸ ਲਈ ਉਸ ਉਤੇ ਭਾਰੀ ਬਿਪਤਾ ਬਣੀ । ਕੈਪਟਨ ਸਾਹੀ ਜੰਮੂ ਤੋਂ ਅੱਗੇ ਰਣਬੀਰ ਸਿੰਘ ਪੁਰਾ ਫਰੰਟ ਤੇ ਚਲਾ ਗਿਆ । ਉਹ ਆਪ ਆਪਣੇ ਸਹੁਰੇ ਉੱਚਾ ਪਿੰਡ ਵਿਚ ਬੜੀ ਚਿੰਤਾ ਦੀ ਦਸ਼ਾ ਵਿਚ ਰਹੀ । ਸਾਨੂੰ ਵੀ ਜਦ ਤਕ ਲੜਾਈ ਰਹੀ ਕੈਪਟਨ ਸਾਹੀ ਬਾਰੇ ਫਿਕਰ ਲੱਗਾ ਰਿਹਾ ।

ਸ਼ਾਇਦ ਲੜਾਈ ਦਾ ਤੀਜਾ ਦਿਨ ਸੀ ਕਿ ਭਾਰਤ ਲਈ ਭਾਰੀ ਖਤਰਾ ਪੇਸ਼ ਆ ਗਿਆ । ਉਹ ਇਸ ਤਰ੍ਹਾਂ ਕਿ ਦੁਸ਼ਮਨ ਫੌਜ ਨੇ ਸ਼ਹਿਰ ਕਸੂਰ ਵਲੋਂ ਖੇਮਕਰਨ ਦੇ ਰਸਤੇ 250 ਪੈਟਨ ਟੈਂਕਾਂ ਨਾਲ ਭਾਰੀ ਹਮਲਾ ਕਰ ਦਿੱਤਾ । ਦੁਸ਼ਮਨ ਫੌਜ ਦੀ ਯੋਜਨਾ ਇਹ ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਇਨ੍ਹਾਂ ਟੈਂਕਾਂ ਦੀ ਸਹਾਇਤਾ ਨਾਲ ਉਹ ਭਾਰਤੀ ਫੌਜ ਨੂੰ ਤਬਾਹ ਕਰਦੇ ਤੇ ਪਿਛਾੜਦੇ ਹੋਏ ਅੱਗੇ ਭਿਖੀਵਿੰਡ ਵਲ ਵਧ ਜਾਣਗੇ। ਉਥੋਂ ਸਿੱਧੇ ਸ੍ਰੀ ਅੰਮ੍ਰਿਤਸਰ ਸ਼ਹਿਰ ਅਤੇ ਹੋਰ ਕਾਫੀ ਖੇਤਰ ਨੂੰ 'ਬਾਈ ਪਾਸ' ਕਰ ਕੇ ਬਿਆਸ ਦਰਿਆ ਤੇ ਪਹੁੰਚ ਜਾਣਗੇ ਅਤੇ ਦਰਿਆ ਦੇ ਪੁੱਲ ਤੇ ਕਬਜ਼ਾ ਕਰ ਲੈਣਗੇ। ਇਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਸ਼ਹਿਰ ਅਤੇ ਬਹੁਤ ਸਾਰੀ ਭਾਰਤੀ ਫੌਜ ਉਨ੍ਹਾਂ ਦੇ ਘੇਰੇ ਵਿਚ ਆ ਜਾਣੀ ਸੀ। ਅਸੀਂ ਉਸ ਵੇਲੇ ਸੁਣਿਆ ਭਾਰਤ ਦੇ ਸੈਨਾਪਤੀ ਜਨਰਲ ਚੌਧਰੀ ਦਾ ਵਿਚਾਰ ਸੀ ਕਿ ਸ੍ਰੀ ਅੰਮ੍ਰਿਤਸਰ ਸ਼ਹਿਰ ਖਾਲੀ ਕਰ ਦਿੱਤਾ ਜਾਏ ਅਤੇ ਬਿਆਸ ਦਰਿਆ ਦੇ ਪਾਰ ਭਾਰਤੀ ਫੌਜ ਆਪਣੀ ਡੀਫੈਂਸ ਕਾਇਮ ਕਰੇ। ਪਰੰਤੂ ਜਨਰਲ ਹਰਬਖਸ਼ ਸਿੰਘ ਅਤੇ ਜਨਰਲ ਜੋਗਿੰਦਰ ਸਿੰਘ ਢਿਲੋਂ ਸ਼ਾਇਦ ਇਸ ਗੱਲ ਤੇ ਸਹਿਮਤ ਨਾ ਹੋਏ। ਉਨ੍ਹਾਂ ਕਿਹਾ ਕਿ ਅਸੀਂ ਹਰ ਹਾਲਤ ਵਿਚ ਪਵਿੱਤਰ ਸ਼ਹਿਰ ਸ੍ਰੀ ਅੰਮ੍ਰਿਤਸਰ ਦੀ ਰਖਿਆ ਕਰਾਂਗੇ। ਇਸ ਭਾਰੀ ਸੰਕਟ ਦੇ ਮੌਕੇ ਤੇ ਮੇਰਾ ਵਿਸ਼ਵਾਸ ਹੈ ਕਿ ਦੈਵੀ ਸ਼ਕਤੀਆਂ ਵਲੋਂ ਭਾਰਤ ਦੀ ਸਹਾਇਤਾ ਹੋਈ।

ਲੜਾਈ ਵਿਚ ਜੋ ਕੁਝ ਵਾਪਰਿਆ, ਉਹ ਇਤਿਹਾਸ ਦਾ ਹਿੱਸਾ ਹੈ। ਸਾਡੇ ਛੋਟੇ ਭਾਈ ਕਰਨਲ ਜੋਗਿੰਦਰ ਸਿੰਘ ਦਾ ਸਾਲਾ ਮੇਜਰ ਨਰਿੰਦਰ ਸਿੰਘ ਸੰਧੂ (ਹੁਣ ਬ੍ਰਿਗੇਡੀਅਰ ਰਿਟਾ.) ਇਸ ਟੈਂਕਾਂ ਦੀ ਲੜਾਈ ਵਿਚ ਸ਼ਾਮਲ ਸੀ। ਉਹ ਲੜਾਈ ਵਿਚ ਜ਼ਖ਼ਮੀ ਵੀ ਹੋਇਆ ਅਤੇ ਉਸ ਨੂੰ ਬਾਅਦ ਵਿਚ ਬਹਾਦਰੀ ਵਜੋਂ 'ਮਹਾਂਵੀਰ ਚੱਕਰ' ਦੇ ਕੇ ਸਤਿਕਾਰਿਆ ਗਿਆ। ਉਸ ਨੇ ਦੱਸਿਆ ਕਿ ਸਾਡੀ ਫੌਜ ਨੇ ਪਿੰਡ ਆਸਲ ਔਤਾਰ ਦੇ ਨੇੜੇ ਕਮਾਦ ਦੇ ਖੇਤਾਂ ਵਿਚ ਲੁੱਕ ਕੇ ਦੁਸ਼ਮਨ ਦੇ ਟੈਂਕਾਂ ਤੇ ਅਚਾਨਕ ਤੇ ਭਾਰੀ ਗੋਲਾਬਾਰੀ ਕੀਤੀ ਜਿਸ ਨਾਲ ਦੁਸ਼ਮਨ ਦੇ ਕਾਫੀ ਟੈਂਕ ਨਸ਼ਟ ਹੋ ਗਏ ਜਾਂ ਨਕਾਰਾ ਹੋ ਗਏ। ਓਸੇ ਸਮੇਂ ਦੁਸ਼ਮਨ ਫੌਜ ਦਾ ਇਕ ਬ੍ਰਿਗੇਡੀਅਰ ਜੋ ਕਮਾਂਡ ਕਰ ਰਿਹਾ ਸੀ ਮਾਰਿਆ ਗਿਆ। ਇਸ ਤਰ੍ਹਾਂ ਦੁਸ਼ਮਨ ਫੌਜ ਦੇ ਹੌਂਸਲੇ ਢਹਿ ਗਏ ਅਤੇ ਉਹ ਬਹੁਤ ਸਾਰੇ ਟੈਂਕ ਛੱਡ ਕੇ ਅਤੇ ਕੁਝ ਟੈਂਕ ਨਾਲ ਲੈ ਕੇ ਤੇਜੀ ਨਾਲ ਖੇਮਕਰਨ ਵਲ ਪਿਛੇ ਮੁੜ ਗਏ। ਇਹ ਸੀ ਉਨ੍ਹਾਂ ਦੀ ਵੱਡੀ ਯੋਜਨਾ ਦਾ ਮਾੜਾ ਤੇ ਅਪਮਾਨ-ਜਨਕ ਅੰਤ!

ਇਹ ਲੜਾਈ ਏਨੀ ਭਿਆਨਕ ਸੀ ਕਿ ਅੰਮ੍ਰਿਤਸਰ ਸ਼ਹਿਰ ਵਿਚ ਲੜਾਈ ਦੇ ਵਿਚਕਾਰ ਰਹਿੰਦੇ ਹੋਏ ਮੇਰੇ ਉਤੇ ਵੀ ਤਿੱਖਾ ਪ੍ਰਤੀਕਰਮ ਹੋਇਆ। ਉਨ੍ਹੀਂ ਦਿਨੀ ਮੈਂ ਇਕ ਗ਼ਜ਼ਲ ਲਿਖੀ ਜਿਸ ਦੇ ਦੋ ਹੇਠ ਲਿਖੇ ਸ਼ਿਅਰ ਲੜਾਈ ਦੀ ਭਿਆਨਕਤਾ ਬਾਰੇ ਹਨ:

ਮੌਤ ਪਰਛਾਵਾਂ ਕਿਵੇਂ ਅੱਜ ਦਿਲ ਮਿਰੇ ਤੇ ਛਾ ਗਿਆ,
ਆਸ਼ਾਵਾਦੀ ਸੀ ਬੜਾ ਇਹ ਅੱਜ ਕਿਉਂ ਘਬਰਾ ਗਿਆ?
ਕਿੰਨੀ ਘਾਤਕ ਤੇ ਭਿਆਨਕ ਅੱਜ ਦੀ ਜੰਗ ਹੋ ਗਈ,
ਵੇਖ ਕੇ ਦੁਨੀਆਂ ਦੀ ਹਾਲਤ ਨਰਕ ਵੀ ਸ਼ਰਮਾ ਗਿਆ।

ਸਾਹਿੱਤ ਰਚਨਾ

ਸਾਹਿੱਤ ਰਚਨਾ ਮੇਰੇ ਜੀਵਨ ਦਾ 1950 ਤੋਂ ਲੈ ਕੇ ਹੁਣ ਤਕ ਵਿਕਾਸ ਕਰ ਕੇ ਇਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਖ ਕਾਰਜ ਹੋ ਨਿਬੜਿਆ ਹੈ। ਇਸ ਲਈ ਇਸ ਬਾਰੇ ਲਿਖਣ ਵਾਸਤੇ ਕਾਫੀ ਵਿਸਤਾਰ ਅਤੇ ਆਕਾਰ ਦੀ ਲੋੜ ਹੈ। ਇਸ ਪੁਸਤਕ ਵਿਚ ਮੈਂ ਇਸ ਦਾ ਸੰਖੇਪ ਜ਼ਿਕਰ ਹੀ ਕਰ ਰਿਹਾ ਹਾਂ, ਕਿਉਂਕਿ ਹੋਰ ਕਈ ਲੇਖਾਂ ਅਤੇ ਪੁਸਤਕਾਂ ਵਿਚ ਇਸ ਬਾਰੇ ਲਿਖਿਆ ਮਿਲਦਾ ਹੈ।

ਮੈਂ ਸ਼ੁਰੂ ਤੋਂ ਹੀ ਉਰਦੂ ਫ਼ਾਰਸੀ ਦਾ ਉੱਘਾ ਤੇ ਜ਼ਹੀਨ (ਲਾਇਕ) ਵਿਦਿਆਰਥੀ ਸੀ। ਪੰਜਾਬੀ ਮੈਂ ਬਾਅਦ ਵਿਚ ਸਿੱਖੀ। ਨਾਵੀਂ ਜਮਾਤ ਵਿਚ ਮੈਂ ਪਹਿਲੀ ਜਜ਼ਬਾਤੀ ਕਿਸਮ ਦੀ ਨਜ਼ਮ ਦਸਵੀਂ ਜਮਾਤ ਦੀ ਵਿਦਾਇਗੀ ਦੇ ਸੰਬੰਧ ਵਿਚ ਲਿਖੀ (ਇਹ ਖ਼ਾਲਸਾ ਹਾਈ ਸਕੂਲ ਸਰਗੋਧਾ ਵਿਚ ਸੰਨ 1935 ਦੀ ਗੱਲ ਹੈ), ਫਿਰ ਏਸੇ ਤਰ੍ਹਾਂ ਕਿਸੇ ਭਾਵੁਕ ਪ੍ਰੇਰਨਾ ਹੇਠ ਉਰਦੂ ਦੀਆਂ ਦੋ ਚਾਰ ਮੁਢਲੀਆਂ ਨਜ਼ਮਾਂ ਲਿਖੀਆਂ। ਉਰਦੂ ਗਜ਼ਲਾਂ ਮੈਂ ਲਾਹੌਰ ਆ ਕੇ ਗੌਰਮਿੰਟ ਕਾਲਜ ਦੇ ਫ਼ਾਰਸੀ ਦੇ ਪ੍ਰੋਫੈਸਰ ਅਤੇ ਪ੍ਰਸਿੱਧ ਉਰਦੂ ਸ਼ਾਇਰ ਸੂਫ਼ੀ ਗੁਲਾਮ ਮੁਸਤਫਾ ਤਬੱਸਮ ਦੀ ਅਗਵਾਈ ਵਿਚ 1936 ਤੋਂ 1940 ਤਕ ਲਿਖੀਆਂ ਜੋ ਕਾਲਜ ਦੇ ਮੈਗਜ਼ੀਨ 'ਰਾਵੀ' ਵਿਚ ਛਪੀਆਂ। 'ਰਾਵੀ' ਦੇ ਪੰਜਾਬੀ ਭਾਗ ਵਿਚ ਮੈਂ ਕੁਝ ਪੰਜਾਬੀ ਕਵਿਤਾਵਾਂ ਵੀ ਛਪਵਾਈਆਂ ਕਿਉਂਕਿ ਉਸ ਸਮੇਂ ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਦੀਆਂ ਪੁਸਤਕਾਂ ਪੜ੍ਹ ਕੇ ਲੋਕਾਂ ਵਿਚ ਪੰਜਾਬੀ ਕਵਿਤਾ ਦਾ ਸ਼ੌਕ ਵਧ ਰਿਹਾ ਸੀ।

ਪੰਜਾਬੀ ਦੀ ਮੇਰੀ ਪਹਿਲੀ ਪੁਸਤਕ 'ਫ਼ਰੀਦ ਦਰਸ਼ਨ' 1951 ਵਿਚ ਛਪੀ। ਭਾਈ ਜੋਧ ਸਿੰਘ ਅਤੇ ਡ. ਮੋਹਨ ਸਿੰਘ ਦੀਵਾਨਾ ਨੇ ਇਸ ਦੇ ਮੁੱਖ ਬੰਦ ਲਿਖੇ। ਹੁਣ ਤਕ ਇਸ ਪੁਸਤਕ ਦੇ ਛੇ ਐਡੀਸ਼ਨ ਛਪ ਚੁਕੇ ਹਨ। ਇਸ ਤੋਂ ਪਿਛੋਂ 1953 ਵਿਚ ਮੈਂ ਆਪਣੇ ਆਲੋਚਨਾ-ਲੇਖ 'ਸਾਹਿਤ-ਆਦਰਸ਼' ਪੁਸਤਕ ਵਿਚ ਛਾਪੇ ਜੋ ਬਾਅਦ ਵਿਚ 'ਸੂਫ਼ੀਵਾਦ' ਅਤੇ 'ਆਧੁਨਿਕ ਪੰਜਾਬੀ ਸਾਹਿੱਤ' ਪੁਸਤਕਾਂ ਦੇ ਰੂਪ ਵਿਚ ਛਪੇ। ਫਿਰ ਇਨ੍ਹਾਂ ਸਾਲਾਂ (1953-58) ਵਿਚ ਡਾ. ਰੌਸ਼ਨ ਲਾਲ ਆਹੂਜਾ ਦੇ ਸਹਿਯੋਗ ਨਾਲ ਆਲੋਚਨਾ ਦੀਆਂ ਪੁਸਤਕਾਂ 'ਸੱਸੀ ਪੁੰਨੂੰ ਹਾਸ਼ਮ', 'ਸੋਹਣੀ ਫਜ਼ਲ ਸ਼ਾਹ', 'ਚਾਤ੍ਰਿਕ ਦੀ ਚੋਣਵੀਂ ਕਵਿਤਾ' ਅਤੇ 'ਸਾਹਿਤ ਸੰਕੇਤ' ਛਪੀਆਂ। 1960 ਵਿਚ ਮੇਰੀ ਪਹਿਲੀ ਕਵਿਤਾ ਦੀ ਪੁਸਤਕ (ਜਿਸ ਵਿਚ ਗ਼ਜ਼ਲਾਂ ਵਧੇਰੇ ਸਨ) 'ਰਸ ਰੰਗ' ਨਾਂ ਹੇਠ ਛਪੀ। ਇਸ ਦੇ ਮੁਖ ਬੰਦ ਮਸ਼ਹੂਰ ਕਵੀਆਂ ਕਰਤਾਰ ਸਿੰਘ ਬਲੱਗਣ (ਸੰਪਾਦਕ 'ਕਵਿਤਾ') ਅਤੇ (ਪ੍ਰੋ.) ਮੋਹਨ ਸਿੰਘ (ਸੰਪਾਦਕ 'ਪੰਜ ਦਰਿਆ' ਨੇ ਲਿਖੇ। ਮੋਹਨ ਸਿੰਘ ਨੇ ਮੇਰੀ ਗ਼ਜ਼ਲ ਨੂੰ 'ਟੀਸੀ ਦਾ ਬੇਰ' ਆਖ ਕੇ ਸਲਾਹਿਆ।

ਫਿਰ 1966 ਵਿਚ ਤੀਜੀ ਦਸ਼ਮੇਸ਼ ਜਨਮ ਸ਼ਤਾਬਦੀ ਸਮੇਂ 'ਦਸਮ ਗੁਰੂ ਜੀਵਨ ਤੇ ਸ਼ਖ਼ਸੀਅਤ' ਛਾਪੀ ਜਿਸ ਦੇ 5-6 ਐਡੀਸ਼ਨ ਨਿਕਲ ਚੁਕੇ ਹਨ। 1969 ਵਿਚ ਗੁਰੂ ਨਾਨਕ ਦੇਵ ਪੰਜਵੀਂ ਜਨਮ-ਸ਼ਤਾਬਦੀ ਸਮੇਂ 'ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਅਤੇ ਹੋਰ ਲੇਖ' ਛਪੀ। ਨਾਲ ਹੀ ਅੰਗਰੇਜ਼ੀ ਵਿਚ ਜਪੁਜੀ ਦੀ ਵਿਚਾਰਧਾਰਾ ਬਾਰੇ ਪੁਸਤਕ 'Guru Nanak's Message in Japji' ਛਾਪੀ ਗਈ। ਇਹ ਦੋਵੇਂ ਵੀ ਹੁਣ ਤੀਜੇ ਐਡੀਸ਼ਨ ਵਿਚ ਹਨ। 1970 ਵਿਚ ਆਪਣੀ ਕਾਵਿ-ਪੁਸਤਕ 'ਤਿਹਾਏ ਸੁਪਨੇ' ਪ੍ਰਕਾਸ਼ਿਤ ਕੀਤੀ। 1975 ਵਿਚ ਗੁਰੂ ਤੇਗ ਬਹਦਾਰ ਤੀਜੀ ਸ਼ਹੀਦੀ ਸ਼ਤਾਬਦੀ ਦੇ ਅਵਸਰ ਤੇ ਡਾ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿੰਦਰ ਸਿੰਘ ਦੇ ਸਹਿਯੋਗ ਨਾਲ 'ਗੁਰੂ ਤੇਗ ਬਹਾਦਰ : ਚਿੰਤਨ, ਕਲਾ ਤੇ ਬਾਣੀ' ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਛਾਪੀ ਗਈ । 1978 ਵਿਚ ਮੇਰੀ ਕਾਵਿ-ਪੁਸਤਕ 'ਅੰਦਾਜ਼-ਇ-ਗ਼ਜ਼ਲ ਪ੍ਰਕਾਸ਼ਿਤ ਹੋਈ ।

1980 ਤੋਂ ਬਾਅਦ ਡਾ. ਬਿਕਰਮ ਸਿੰਘ ਘੁੰਮਣ ਦੇ ਸਹਿਯੋਗ ਨਾਲ 'ਵਾਰਸ ਸ਼ਾਹ ਦਾ ਕਾਵਿ ਲੋਕ', 'ਬੁਲ੍ਹੇ ਸ਼ਾਹ ਦਾ ਕਾਵਿ ਲੋਕ', 'ਤੇਜਾ ਸਿੰਘ ਦੀ ਵਾਰਤਕ ਕਲਾ', 'ਬਲਬੀਰ ਸਿੰਘ ਦੀ ਵਾਰਤਕ ਕਲਾ' ਅਤੇ ਬਾਬਾ ਜਲੂਣ ਛਾਪੀਆਂ ਗਈਆਂ । ਏਸੇ ਤਰ੍ਹਾਂ ਪਾਠ-ਪੁਸਤਕਾਂ ਵਜੋਂ ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ 'ਕਾਵਿ-ਰਸ', 'ਕਾਵਿ-ਰੰਗ' ਅਤੇ 'ਕਵਿ-ਪ੍ਰਵਾਹ' ਪੁਸਤਕਾਂ ਸੰਪਾਦਿਤ ਕਰ ਕੇ ਛਪਵਾਈਆਂ ।

ਫਿਰ ਮੈਂ ਆਪਣੇ ਅੰਗਰੇਜ਼ੀ ਵਿਚ ਲਿਖੇ ਪੀ.ਐਚ.ਡੀ. ਥੀਸਿਸ ਵਿਚੋਂ ਦੋ ਕਾਂਡ 'What is Mysticism ?' ਅਤੇ Guru Nanak and the Indian Mystic Tradition' ਪੁਸਤਕ ਰੂਪ ਵਿਚ ਛਾਪੇ । ਮੇਰੀਆਂ ਪੁਸਤਕਾਂ ਦੀ ਕੁਲ ਗਿਣਤੀ 30 ਦੇ ਲਗ-ਪਗ ਹੈ । ਕੁਝ ਹੋਰ ਇਹ ਹਨ : 'ਚਾਤ੍ਰਿਕ ਦੀ ਪੁਸ਼ਪ ਮਾਲਾ', 'ਸਿਧ ਗੋਸ਼ਟਿ ਅਤੇ ਹੋਰ ਲੇਖ', 'ਸਿਖ ਧਰਮ ਬਾਰੇ', 'ਗੁਰਬਾਣੀ ਚਿੰਤਨ', 'ਗੁਰਮਤਿ ਸਿਧਾਂਤ' ਅਤੇ 'ਹਮ ਸੰਤਨ ਕੀ ਰੇਨੁ' ।

ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ

1968 ਸਤੰਬਰ ਵਿਚ ਅਸੀਂ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਦਾ ਪਰੋਗਰਾਮ ਬਣਾਇਆ । ਸਲਾਹ ਇਹ ਹੋਈ ਕਿ ਪਹਿਲਾਂ ਸਕੰਦਰਾਬਾਦ ਆਪਣੇ ਦਾਮਾਦ ਕੈਪਟਨ ਸੁਰਿੰਦਰਪਾਲ ਸਿੰਘ ਅਤੇ ਬੀਬੀ ਹਰਪ੍ਰੀਤ ਕੌਰ ਪਾਸ ਜਾ ਕੇ ਉਥੋਂ ਅੱਗੇ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਜਾਈਏ । ਸੋ ਮੈਂ ਚਰਨਜੀਤ ਕੌਰ, ਉਸ ਦੀ ਭੈਣ ਗੁਰਦੀਪ ਕੌਰ ਅਤੇ ਉਸ ਦੇ ਮਾਤਾ ਜੀ ਬਾਲ ਕੌਰ ਇਥੋਂ ਦਿਲੀ ਜਾ ਕੇ ਅਗੇ ਮਦਰਾਸ ਐਕਸਪ੍ਰੈਸ ਤੇ ਸਕੰਦਰਾਬਾਦ ਜਾ ਪਹੁੰਚੇ । ਉਨ੍ਹਾਂ ਦਾ ਘਰ ਹਵਾਈ ਅੱਡੇ ਦੇ ਨਾਲ ਹੀ 'ਬੇਗਮ ਪੇਟ' ਵਿਚ ਸੀ । ਉਦੋਂ ਉਨ੍ਹਾਂ ਦੀ ਵੱਡੀ ਲੜਕੀ ਗੁਲਸ਼ਨ ਛੇ ਮਹੀਨੇ ਦੀ ਸੀ । ਉਨ੍ਹਾਂ ਪਾਸ ਤਿੰਨ ਦਿਨ ਠਹਿਰ ਕੇ ਅਸੀਂ ਸਕੰਦਰਾਬਾਦ ਅਤੇ ਨਾਲ ਲੱਗਦੇ ਸ਼ਹਿਰ ਹੈਦਰਾਬਾਦ ਦੇਖੇ । ਦੋਹਾਂ ਸ਼ਹਿਰਾਂ ਵਿਚਕਾਰ ਕੇਵਲ ਇਕ ਵੱਡੀ ਝੀਲ ਹੈ । ਹੈਦਰਾਬਾਦ ਦੇ ਚਾਰ ਮੀਨਾਰ ਅਤੇ ਸਾਲਾਰ ਜੰਗ ਅਜਾਇਬ ਘਰ ਦੇਖਣ ਵਾਲੀਆਂ ਥਾਵਾਂ ਹਨ ਅਤੇ ਬਹੁਤ ਪ੍ਰਸਿੱਧ ਹਨ । ਉਥੋਂ ਅਸੀਂ ਚਾਰੇ ਯਾਤਰੀ ਰੇਲ ਗੱਡੀ ਤੇ ਨਾਂਦੇੜ ਪਹੁੰਚੇ ਅਤੇ ਸ੍ਰੀ ਹਜ਼ੂਰ ਸਾਹਿਬ ਦੇ ਪਵਿੱਤਰ ਦਰਸ਼ਨ ਕਰ ਕੇ ਨਿਹਾਲ ਹੋਏ । ਉਥੇ ਸਰਾਂਅ ਵਿਚ ਇਕ ਰਾਤ ਠਹਿਰੇ । ਬਾਕੀ ਗੁਰਦਵਾਰਿਆਂ ਦੇ ਵੀ ਦਰਸ਼ਨ ਕੀਤੇ । ਵਾਪਸ ਸਕੰਦਰਾਬਾਦ ਆ ਗਏ । ਇਥੋਂ ਫਿਰ ਅਸੀਂ ਇਕ ਦਿਨ ਬੱਸ ਤੇ ਬਿਦਰ ਗੁਰਦਵਾਰਾ 'ਨਾਨਕ ਝੀਰਾ' ਦੇ ਦਰਸ਼ਨਾਂ ਲਈ ਗਏ । ਸ਼ਾਮ ਨੂੰ ਵਾਪਸ ਆ ਗਏ । ਫਿਰ ਉਸੇ ਰਸਤੇ ਸਕੰਦਰਾਬਾਦ ਤੋਂ ਵਾਪਸ ਸ੍ਰੀ ਅੰਮ੍ਰਿਤਸਰ 10 ਕੁ ਦਿਨ ਦੀ ਯਾਤਰਾ ਕਰ ਕੇ ਪਰਤ ਆਏ । ਸਕੰਦਰਾਬਾਦ ਦਾ ਜਲਵਾਯੂ ਬਹੁਤ ਸੁਹਾਣਾ ਸੀ । ਹੈਦਰਾਬਾਦ ਇਸ ਦੇ ਉਲਟ ਸਫ਼ਾਈ ਤੋਂ ਵਿਰਵਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਯਾਤਰਾ ਦਾ ਵਿਸਤਾਰ ਲਿਖਣ ਲੱਗਾ ਤਾਂ ਬਿਆਨ ਬਹੁਤ ਲੰਮਾ ਹੋ ਜਾਏਗਾ। ਇਸ ਲਈ ਸੰਕੋਚ ਤੋਂ ਕੰਮ ਲਿਆ ਹੈ।

ਪ੍ਰੋ. ਵਰਿਆਮ ਸਿੰਘ ਦਾ ਹਾਸ-ਰਸ

ਸਾਡੇ ਜੀਵਨ ਵਿਚ ਹਾਸ-ਰਸ ਘੱਟਦਾ ਜਾ ਰਿਹਾ ਹੈ। ਹਰ ਕੋਈ ਮੁਸੀਬਤ ਦਾ ਮਾਰਿਆ ਤੇ ਪ੍ਰੇਸ਼ਾਨੀ ਦਾ ਸ਼ਿਕਾਰ ਨਜ਼ਰ ਆਉਂਦਾ ਹੈ। ਇਸ ਲਈ ਮੈਂ ਹਾਸ-ਰਸ ਦੀਆਂ ਕੁਝ ਮਿਸਾਲਾਂ ਪ੍ਰੋ ਵਰਿਆਮ ਸਿੰਘ ਦੇ ਹਵਾਲੇ ਨਾਲ ਲਿਖਦਾ ਹਾਂ। ਉਹ ਬਹੁਤ ਹਾਜ਼ਰ ਜਵਾਬ ਸਨ। ਉਨ੍ਹਾਂ ਨੂੰ ਗੱਲ ਬਹੁਤ ਫੁਰਦੀ ਜਾਂ ਅਹੁੜਦੀ ਸੀ। ਉਹ ਸ਼ਬਦਾਂ ਦੇ ਧਨੀ ਸਨ, ਨਵੇਂ ਤੋਂ ਨਵੇਂ ਮੁਹਾਵਰੇ ਘੜ ਲੈਂਦੇ ਸੀ। ਬਹੁਤ ਖੁਲ੍ਹੇ ਸੁਭਾ ਦੇ ਮਾਲਕ ਸਨ ਤੇ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਟਿਚਕਰ, ਵਿਅੰਗ ਅਤੇ ਤਿੱਖੀ ਗੱਲ ਕਹਿਣ ਦੇ ਵੀ ਪੂਰੇ ਮਾਹਿਰ ਸਨ।

ਪ੍ਰੋ. ਸੰਤ ਸਿੰਘ ਸੇਖੋਂ ਉਨ੍ਹਾਂ ਦੇ ਗੂੜ੍ਹੇ ਮਿੱਤਰ ਸਨ। ਇਕ ਦਿਨ ਉਨ੍ਹਾਂ ਦੀ ਅਤੇ ਪ੍ਰੋ. ਸੇਖੋਂ ਦੀ ਪਤਨੀ ਕਾਲਜ ਤੋਂ ਛਿਹਰਟਾ ਸਾਹਿਬ ਮੱਥਾ ਟੇਕਣ ਗਈਆਂ। ਉਥੋਂ ਵਾਪਸ ਆਉਣ ਵਿਚ ਉਨ੍ਹਾਂ ਨੂੰ ਦੇਰ ਹੋ ਗਈ। ਦੁਪਹਿਰ ਦੀਆਂ ਗਈਆਂ ਸਨ, ਸ਼ਾਮ ਹੋ ਗਈ। ਪ੍ਰੋ. ਸੇਖੋਂ ਨੇ ਕਿਹਾ, ਵਰਿਆਮ ਸਿੰਘ ਪਤਾ ਕਰੀਏ ਭਾਗਵਾਨਾਂ ਮੁੜੀਆਂ ਨਹੀਂ। ਵਰਿਆਮ ਸਿੰਘ ਕਹਿਣ ਲੱਗੇ, 'ਸੰਤਾ ਸਿੰਹਾਂ, ਉਨ੍ਹਾਂ ਬਾਝ ਕੀ ਥੁੜਿਐ, ਐਵੇਂ ਨਾ ਔਖਾ ਹੋ। ਸ਼ੁਕਰ ਨਹੀਂ ਕਰਦਾ। ਮਸਾਂ ਮਸਾਂ ਉਹ ਗਲੋਂ ਲੱਥੀਐਂ। ਜੇ ਨਾ ਵੀ ਆਈਆਂ ਤਾਂ ਹੋਰ ਲੱਭ ਲਵਾਂਗੇ।'

ਪ੍ਰੋ. ਵਰਿਆਮ ਸਿੰਘ ਦਾ ਵਿਚਾਰ ਸੀ ਕਿ ਪਤਨੀਆਂ ਤਿੰਨ ਕਿਸਮ ਦੀਆਂ ਹੁੰਦੀਆਂ ਹਨ, ਪੜ੍ਹੀਆਂ ਲਿਖੀਆਂ ਨੂੰ ਕਾਰਾਂ ਸਮਝੋ, ਥੋੜ੍ਹਾ ਪੜ੍ਹੀਆਂ ਟਾਂਗੇ ਵਰਗੀਆਂ ਜਾਣੋ ਅਤੇ ਅਨਪੜ੍ਹਾਂ ਨੂੰ ਗੱਡੇ ਸਮਝੋ। ਉਹ ਕਹਿੰਦਾ ਫਲਾਣੇ ਫਲਾਣੇ ਪ੍ਰੋਫੈਸਰਾਂ ਪਾਸ ਕਾਰਾਂ ਹਨ। ਕਈ ਟਾਂਗੇ ਵਰਗੀਆਂ ਲਈ ਫਿਰਦੇ ਹਨ। ਅਸੀਂ ਤਾਂ ਬੱਸ ਗੱਡਾ ਹੱਕੀ ਫਿਰਦੇ ਹਾਂ। ਸਭ ਤੋਂ ਵਧੀਆ ਹਾਸ ਰਸ ਉਹ ਹੁੰਦਾ ਹੈ ਜੋ ਆਪਣੇ ਆਪ ਤੇ ਢੁਕਾਇਆ ਜਾਏ।

ਇਕ ਪ੍ਰੋਫੈਸਰ ਨਾਲ ਉਨ੍ਹਾਂ ਦੀ ਰਾਜਸੀ ਵਿਸ਼ਿਆਂ ਤੇ ਬਹਿਸ ਚਲਦੀ ਰਹਿੰਦੀ ਸੀ। ਇਕ ਦਿਨ ਸਟਾਫ ਰੂਮ ਵਿਚ ਬਹਿਸ ਤਿੱਖੀ ਹੋ ਗਈ। ਉਹ ਪ੍ਰੋਫ਼ੈਸਰ ਵੀ ਹੱਠੀ ਸੀ ਤੇ ਪਿਛੇ ਹੱਟਣ ਵਾਲਾ ਨਹੀਂ ਹੀ। ਉਸ ਦਾ ਕੱਦ ਬਹੁਤ ਛੋਟਾ ਸੀ। ਗਰਮਾ ਗਰਮੀ ਜਦ ਹੋਰ ਵਧ ਗਈ ਤਾਂ ਪ੍ਰੋ. ਵਰਿਆਮ ਸਿੰਘ ਨੇ ਕਿਹਾ, ਭਾਈ ਤੂੰ ਹੋਰ ਗੱਲਾਂ ਛੱਡ, ਤੂੰ ਇਹ ਦੱਸ ਕਿ ਤੂੰ ਬੈਠਾ ਏਂ ਕਿ ਖਲੋਤਾ? ਉਹ ਵਿਚਾਰਾ ਠਿੱਠ ਹੋ ਗਿਆ। ਹੁਣ ਕੀ ਬੋਲੇ? ਸਾਰੇ ਪ੍ਰੋਫ਼ੈਸਰ ਹੱਸ ਹੱਸ ਕੇ ਦੋਹਰੇ ਹੋ ਗਏ।

ਪ੍ਰੋ. ਵਰਿਆਮ ਸਿੰਘ. ਪ੍ਰਿੰ. ਜੋਧ ਸਿੰਘ ਵਰਗੇ ਧਾਰਮਕ ਤੇ ਗੰਭੀਰ ਵਿਅਕਤੀ ਨੂੰ ਵੀ ਮਖੌਲ ਕਰਨੋਂ ਨਹੀਂ ਸੀ ਟਲਦੇ। ਇਕ ਦਿਨ ਸਟਾਫ ਰੂਮ ਵਿਚ ਕਹਿਣ ਲੱਗੇ, 'ਭਾਈ ਸਾਹਿਬ ਨੇ ਆਪਣੀ ਪੁਸਤਕ 'ਗੁਰਮਤ ਨਿਰਣਯ' ਵਿਚ ਗੁਰਬਾਣੀ ਦੀਆਂ ਟੂਕਾਂ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਰ ਦਿਤੀਆਂ ਹਨ ਆਪ ਤਾਂ ਕੁਝ ਲਿਖਿਆ ਨਹੀਂ। ਗਿਆਨੀ ਵਿਚ ਕੋਰਸ ਲਗਵਾ ਕੇ ਭਾਈ ਸਾਹਿਬ ਉਸ ਦੀ ਰਾਇਲਟੀ ਖਾਈ ਜਾ ਰਹੇ ਨੇ। ਓਦੋਂ ਪਤਾ ਲਗੂ ਜਦੋਂ ਅੱਗੇ ਜਾ ਕੇ ਗੁਰੂ ਨਾਨਕ ਸਾਹਿਬ ਨੇ ਪੁੱਛਿਆ, ਭਾਈ ਮੇਰੀ ਰਚੀ ਬਾਣੀ ਵਰਤ ਕੇ ਕਿਤੂੰ ਰਾਇਲਟੀ ਖਾਂਦੇ ਰਹੇ ਹੋ ? ਫਿਰ ਭਾਈ ਸਾਹਿਬ ਕੀ ਜਵਾਬ ਦੇਣਗੇ ?'

1944 ਸਰਦੀਆਂ ਦੀ ਗੱਲ ਹੈ। ਇਕ ਦਿਨ ਮੈਂ ਪਟਿਆਲਾ ਹੋਸਟਲ ਦੇ ਸਾਮ੍ਹਣੇ ਸਵੇਰੇ 9 ਕੁ ਵਜੇ ਹੋਸਟਲ ਦੇ ਸੁਪਰਡੰਟ ਗਿਆਨੀ ਪੂਰਨ ਸਿੰਘ (ਜੋ ਕੱਟੜ-ਪੰਥੀ ਕਿਸਮ ਦਾ ਗਿਆਨੀ ਸੀ) ਪਾਸੋਂ ਹੋਸਟਲ ਦੇ ਕਿਸੇ ਕੇਸ ਬਾਰੇ ਪੁੱਛ ਗਿੱਛ ਕਰ ਰਿਹਾ ਸੀ। ਉਹ ਕਹਿਣ ਲੱਗਾ, 'ਪਹਿਲਾਂ ਮੇਰੀ ਗੱਲ ਸੁਣੋ। ਮੈਨੂੰ ਬੜਾ ਖੇਦ ਹੋਇਆ ਹੈ, ਹੁਣੇ ਇਥੋਂ ਇਕ ਮੋਨਾ ਸਿਗਰਟ ਪੀਂਦਾ ਲੰਘ ਗਿਆ ਹੈ। ਖ਼ਾਲਸਾ ਕਾਲਜ ਵਿਚ ਇਹ ਅਨਅਰਥ ਮੈਥੋਂ ਸਹਾਰਿਆ ਨਹੀਂ ਜਾਂਦਾ।' ਮੈਂ ਕਿਹਾ ਤੁਸੀਂ ਉਸ ਨੂੰ ਮਨ੍ਹਾ ਕਰਨਾ ਸੀ। ਓਧਰੋਂ ਕਵਾਟਰਾਂ ਵਲੋਂ ਪ੍ਰੋ. ਵਰਿਆਮ ਸਿੰਘ ਕਾਲਜ ਜਾਣ ਲਈ ਮਾਰੋ ਮਾਰ ਕਰਦੇ ਆਉਂਦੇ ਸੀ। ਸਾਡੇ ਪਾਸ ਆ ਕੇ ਕਹਿਣ ਲੱਗੇ, ਸਵੇਰੇ ਸਵੇਰੇ ਕੀ ਘੁਸਰ ਮੁਸਰ ਲਾਈ ਹੈ ? ਮੈਂ ਕਿਹਾ, ਗਿਆਨੀ ਜੀ ਨੂੰ ਬਹੁਤ ਖੇਦ ਹੋਇਆ ਹੈ। ਉਹ ਕਹਿਣ ਲੱਗੇ, ਗਿਆਨੀ ਜੀ ਤੁਹਾਡੀ ਕਿੰਨੀ ਤਨਖਾਹ ਹੈ ? ਉਹ ਹੈਰਾਨ ਹੋ ਕੇ ਕਹਿਣ ਲੱਗਾ, ਕਾਹਦੀ ਤਨਖਾਹ ? ਐਵੇਂ ਤੀਹ ਚਾਲੀ ਰੁਪਏ ਮਿਲ ਜਾਂਦੇ ਨੇ। ਫਿਰ ਪ੍ਰੋ. ਵਰਿਆਮ ਸਿੰਘ ਜੀ ਨੇ ਪੁੱਛਿਆ, ਕਾਲਜ ਦਾ ਪ੍ਰਿੰਸੀਪਲ ਭਾਈ ਜੋਧ ਸਿੰਘ ਕੀ ਲੈਂਦਾ ਹੈ ? ਗਿਆਨੀ ਜੀ ਨੇ ਕਿਹਾ, ਜੀ, ਮੈਨੂੰ ਤਾਂ ਪਤਾ ਨਹੀਂ। ਮੈਂ ਕਿਹਾ, ਕੋਈ ਹਜ਼ਾਰ ਕੁ ਰੁਪਿਆ ਲੈਂਦੇ ਹੋਣਗੇ। ਵਰਿਆਮ ਸਿੰਘ ਕਹਿਣ ਲੱਗੇ, ਵਾਹ ਗਿਆਨੀ ਜੀ, ਹਜ਼ਾਰ ਰੁਪਿਆ ਲੈਣ ਵਾਲੇ ਪ੍ਰਿੰਸੀਪਲ ਨੂੰ ਇਨ੍ਹਾਂ ਗੱਲਾਂ ਦਾ ਫਿਕਰ ਹੋਣਾ ਚਾਹੀਦੈ, ਤੁਸੀਂ ਐਵੇਂ ਔਖੇ ਹੁੰਦੇ ਓ, ਜਾਓ ਆਪਣਾ ਕੰਮ ਕਰੋ। ਮੈਨੂੰ ਕਹਿਣ ਲੱਗੇ, ਆਓ ਚਲੀਏ, ਇਲਮ ਦੇ ਛਿੱਟੇ ਮਾਰ ਆਈਏ (ਯਾਣੀ, ਪੜ੍ਹਾ ਆਈਏ)।

ਪ੍ਰੋ. ਵਰਿਆਮ ਸਿੰਘ ਨੇ ਜਦੋਂ ਸਟਾਫ਼ ਰੂਮ ਵਿਚੋਂ ਆਪਣਾ ਪੀਰਡ ਲਗਾਣ ਲਈ ਉਠਣਾ ਤਾਂ ਕਦੀ ਕਹਿਣਾ, ਚਲੋ ਵਿਦਿਆ ਦਾਨ ਕਰ ਆਈਏ, ਕਦੀ ਕਹਿਣਾ, ਪ੍ਰਸ਼ਾਦੇ ਦਾ ਪ੍ਰਬੰਧ ਕਰ ਆਈਏ, ਕਦੀ, ਇਲਮ ਦੀ ਰੋਸ਼ਨੀ ਫੈਲਾ ਆਈਏ, ਇਲਮ ਦੀ ਵਰਖਾ ਕਰ ਆਈਏ, ਇਤਿ ਆਦਿ।

ਇਕ ਵਾਰੀ ਪ੍ਰੋ. ਵਰਿਆਮ ਸਿੰਘ ਦੋ ਕੁ ਦਿਨ ਬੀਮਾਰ ਰਹਿ ਕੇ ਜਦ ਕਾਲਜ ਆਏ ਤਾਂ ਕਿਸੇ ਪ੍ਰੋਫੈਸਰ ਨੇ ਰਸਮੀ ਤੌਰ ਤੇ ਪੁੱਛਿਆ, ਪ੍ਰੋ. ਸਾਹਿਬ, ਤੁਸੀਂ ਬੀਮਾਰ ਸੀ, ਸੁਣਾਓ ਕੀ ਹਾਲ ਹੈ ? ਅਗੋਂ ਵਰਿਆਮ ਸਿੰਘ ਤਿੱਖੇ ਵਿਅੰਗ ਦਾ ਵਾਰ ਕਰ ਕੇ ਕਹਿਣ ਲੱਗੇ, ਤੁਸੀਂ ਕੀ ਚਾਹੁੰਦੇ ਹੋ, ਰਾਜ਼ੀ ਹੋਵਾਂ ਕਿ ਬੀਮਾਰ ? ਉਹ ਪ੍ਰੋਫ਼ੈਸਰ ਵਿਚਾਰਾ ਸ਼ਰਮਿੰਦਾ ਹੋ ਕੇ ਰਹਿ ਗਿਆ।

ਪ੍ਰੋ. ਵਰਿਆਮ ਸਿੰਘ ਆਪਣੇ ਲਾਹੌਰ ਵਿਚ ਪੜ੍ਹਾਨ ਸਮੇਂ ਦੀ ਗੱਲ ਸੁਣਾਂਦੇ ਹੁੰਦੇ ਸੀ। ਉਥੇ ਇਕ ਦਿਨ ਹੋਸਟਲ ਵਿਚ ਪਿੰਡ ਤੋਂ ਆਇਆ ਇਕ ਸਿਧੜ ਜੇਹਾ ਮੁੰਡਾ ਸ਼ਹਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਚੋਂ ਘੁੰਮਦਾ ਫਿਰਦਾ ਜਦ ਹੋਸਟਲ ਵਾਪਸ ਆਇਆ ਤਾਂ ਕਹਿਣ ਲੱਗਾ, ਇਥੇ ਕੋਈ ਟਾਲੈਟ ਸਾਹਿਬ ਬੜਾ ਅਮੀਰ ਆਦਮੀ ਹੈ, ਮੈਂ ਉਸ ਦੀਆਂ ਕਈ ਕੋਠੀਆਂ ਦੇਖੀਆਂ, ਸਭ ਦੇ ਬਾਹਰ ਟਾਲੈਟ ਲਿਖਿਆ ਸੀ। ਹੋਸਟਲ ਦੇ ਮੁੰਡੇ ਉਸ ਨੂੰ ਛੇੜਨ ਲੱਗੇ, ਤੈਨੂੰ ਵੀ ਉਸ ਪਾਸੋਂ ਇਕ ਕੋਠੀ ਲੈ ਦੇਈਏ। (ਕਈ ਮਕਾਨਾਂ ਦੇ ਬਾਹਰ To let ਦਾ ਫੱਟਾ ਲੱਗਾ ਸੀ। ਉਹ ਬੁਧੂ ਟਾਲੈਟ ਸਾਹਿਬ ਸਮਝੀ ਫਿਰੇ)।

ਗੰਗਾ ਇਸ਼ਨਾਨ

ਪ੍ਰੋ. ਵਰਿਆਮ ਸਿੰਘ ਜਦ 1961 ਵਿਚ ਪ੍ਰਿੰਸੀਪਲ ਬਣੇ ਤਾਂ ਉਨ੍ਹਾਂ ਨੇ ਖੇਡਾਂ ਦੀ ਤਰੱਕੀ ਵੱਲ ਹੋਰ ਵਧੇਰੇ ਧਿਆਨ ਦਿਤਾ। ਖਾਸ ਕਰਕੇ ਫੁਟਬਾਲ, ਜਿਸ ਦੇ ਉਹ ਕਾਲਜ ਵਿਚ ਬੜੀ ਦੇਰ ਤੱਕ ਪ੍ਰਧਾਨ ਰਹੇ ਸਨ। ਇਸ ਸਮੇਂ ਦੌਰਾਨ ਸਥਾਨਕ ਡੀ. ਏ. ਵੀ. ਕਾਲਜ ਨਾਲ ਫੁਟਬਾਲ ਦਾ ਯੂਨੀਵਰਸਿਟੀ ਮੈਚ ਸੀ। ਦੋਹਾਂ ਕਾਲਜਾਂ ਵਿਚ ਮੁਕਾਬਲੇ ਦੀ ਭਾਵਨਾ ਕਾਰਨ ਬੜਾ ਜ਼ੋਸ਼-ਖਰੋਸ਼ ਸੀ। ਗਾਂਧੀ ਗਰਾਊਂਡ ਵਿਚ ਮੈਚ ਸੀ। ਦੋਹਾਂ ਕਾਲਜਾਂ ਦੇ ਸਟਾਫ ਤੇ ਵਿਦਿਆਰਥੀ ਹੁੰਮ-ਹੁਮਾ ਕੇ ਪਹੁੰਚੇ ਸਨ। ਪ੍ਰੋ. ਵਰਿਆਮ ਸਿੰਘ ਵੀ ਬੜੇ ਉਤਸ਼ਾਹ ਤੇ ਜੋਸ਼ ਦੇ ਵੇਗ ਵਿਚ ਉਥੇ ਜਾ ਬੈਠੇ। ਮੈਂ ਵੀ ਹੋਰ ਸਟਾਫ ਨਾਲ ਮੌਜੂਦ ਸੀ।

ਮੈਚ ਸ਼ੁਰੂ ਹੋਇਆ ਤਾਂ ਦੋਹਾਂ ਧਿਰਾਂ ਵੱਲੋਂ ਜੋਸ਼ੀਲੇ ਨਾਹਰੇ ਲੱਗਣ ਲੱਗੇ। ਮੌਸਮ ਵੀ ਕੁਝ ਗਰਮੀ ਦਾ ਸੀ। ਪ੍ਰੋ. ਸਾਹਿਬ ਨੂੰ ਪਿਆਸ ਲੱਗੀ ਤਾਂ ਉਨ੍ਹਾਂ ਖੇਡ ਵਿਭਾਗ ਦੇ ਚਪੜਾਸੀ ਨੂੰ ਪਾਣੀ ਪਿਲਾਣ ਲਈ ਕਿਹਾ। ਉਹ ਇਤਫਾਕ ਨਾਲ ਮਜ਼ਬੀ ਸੀ। ਪ੍ਰੋਫੈਸਰਾਂ ਵਿਚ ਮੇਰੇ ਗਵਾਂਢੀ ਪ੍ਰੋ. ਅਮਰ ਨਾਥ ਸ਼ਰਮਾ ਵੀ ਬੈਠੇ ਸਨ। ਸਭ ਦੇ ਨਾਲ ਉਨ੍ਹਾਂ ਵੀ ਪਾਣੀ ਪੀ ਲਿਆ। ਖੇਡ ਵੱਲ ਬਹੁਤੇ ਧਿਆਨ ਦੇ ਬਾਵਜੂਦ ਪ੍ਰੋਫੈਸਰ ਸਾਹਿਬ ਨੇ ਨੋਟ ਕਰ ਲਿਆ ਕਿ ਪ੍ਰੋ. ਸ਼ਰਮਾ ਕਾਬੂ ਆ ਗਏ ਹਨ। ਉਨ੍ਹਾਂ ਦੀ ਪਤਨੀ ਬਹੁਤ ਕੱਟੜ ਸੀ। ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, 'ਪੰਡਤ ਜੀ, ਹੁਣ ਕੀ ਬਣੂ, ਤੁਸੀਂ ਤਾਂ ਭਿੱਟੇ ਗਏ। ਤੁਹਾਨੂੰ ਤਾਂ ਹਰਦਵਾਰ ਜਾਣਾ ਪਵੇਗਾ। ਹੁਣੇ ਜਾ ਕੇ ਪੰਡਤਾਣੀ ਜੀ ਨੂੰ ਦੱਸ ਦਿੰਦੇ ਹਾਂ। ਤਿਆਰ ਹੋ ਜਾਓ।' ਸ਼ਰਮਾ ਸਾਹਿਬ ਘਬਰਾ ਗਏ ਤੇ ਮਿੰਨਤ-ਤਰਲੇ ਨਾਲ ਕਹਿਣ ਲੱਗੇ, 'ਪ੍ਰਿੰਸੀਪਲ ਸਾਹਿਬ, ਮਿਹਰਬਾਨੀ ਕਰ ਕੇ ਇਹ ਗੱਲ ਪ੍ਰਗਟ ਨਾ ਕਰਨੀ। ਮੈਨੂੰ ਹਰਦਵਾਰ ਜਾਣਾ ਪਏਗਾ।' ਪ੍ਰੋਫੈਸਰ ਸਾਹਿਬ ਕਹਿਣ ਲੱਗੇ, 'ਇਕ ਸ਼ਰਤ ਤੇ ਨਹੀਂ ਦੱਸਦੇ, ਜੇ ਚਾਹ ਤੇ ਮਿਠਾਈ ਮੰਗਵਾ ਕੇ ਹੁਣੇ ਖਵਾ ਦਿਓ।' ਸ਼ਰਮਾ ਸਾਹਿਬ ਨੂੰ ਮੰਨਣਾ ਪਿਆ।

ਖ਼ਾਲਸਾ ਕਾਲਜ ਵਿਚ ਮੇਰੇ ਤੋਂ ਬਹੁਤ ਪਹਿਲਾਂ ਕਾਲਜ ਦੇ ਆਰੰਭ ਤੋਂ 1933 ਤਕ ਮੌਲਵੀ ਮੁਰਤਜ਼ਾ ਹੁਸੈਨ† ਫ਼ਾਰਸੀ ਦੇ ਪ੍ਰੋਫੈਸਰ ਰਹੇ ਸਨ। ਪ੍ਰੋ. ਵਰਿਆਮ ਸਿੰਘ ਵੀ ਉਨ੍ਹਾਂ

---

† ਦੇਖੋ ਡਾ. ਗੰਡਾ ਸਿੰਘ 'ਏ ਹਿਸਟਰੀ ਆਫ਼ ਦਾ ਖ਼ਾਲਸਾ ਕਾਲਜ ਅੰਮ੍ਰਿਤਸਰ', 1949।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸ਼ਾਗਿਰਦ ਰਹੇ ਸਨ। ਮੌਲਵੀ ਬਹੁਤ ਵੱਡੀ ਉਮਰ ਦੇ ਸਨ ਅਤੇ ਬੜੀ ਅਣੋਖੀ ਤਬੀਅਤ ਦੇ ਮਾਲਕ ਸਨ। ਉਨ੍ਹਾਂ ਦੇ ਕਈ ਲਤੀਫ਼ੇ ਪ੍ਰੋ. ਵਰਿਆਮ ਸਿੰਘ ਸੁਣਾਇਆ ਕਰਦੇ ਸੀ। ਨਮੂਨੇ ਵਜੋਂ ਕੁਝ ਕੁ ਲਿਖਦਾ ਹਾਂ।

ਮੌਲਵੀ ਸਾਹਿਬ ਦੇ ਲੜਕੇ ਇਕਬਾਲ ਦੀ ਸ਼ਾਦੀ ਸੀ। ਜਦ ਸ਼ਾਦੀ ਦੀ ਤਿਆਰੀ ਮੁਕੰਮਲ ਹੋ ਗਈ ਅਤੇ ਨਿਕਾਹ ਪੜ੍ਹਨ ਲੱਗੇ ਤਾਂ ਮੌਲਵੀ ਸਾਹਿਬ ਕਹਿਣ ਲੱਗੇ, 'ਬੇਟਾ ਇਕਬਾਲ, ਤੁਮ ਤੋ ਮਾਸ਼ਾ ਅਲ੍ਹਾ! ਨੌਜਵਾਨ ਹੋ ਅਭੀ ਕਈ ਸ਼ਾਦੀਆਂ ਕਰੋਗੇ, ਮੈਂ ਬੂੜ੍ਹਾ ਹੋ ਗਿਆ ਹੂੰ ਪਰ ਮੇਰਾ ਦਿਲ ਅਭੀ ਜਵਾਨ ਹੈ। ਯਿਹ ਲੜਕੀ ਤੁਮ ਮੇਰੇ ਲੀਏ ਰਹਿਣੇ ਦੋ। ਮੇਰੀ ਚਾਰ ਸ਼ਾਦੀਆਂ ਪੂਰੀ ਹੋ ਜਾਏਂਗੀ। ਸ਼ਰਾ ਮੇਂ ਚਾਰ ਬੀਵੀਆਂ ਜਾਇਜ਼ ਹੈਂ।' ਇਕਬਾਲ ਕੀ ਕਹਿੰਦਾ? ਉਹ ਨਿਕਾਹ ਮੌਲਵੀ ਸਾਹਿਬ ਨੇ ਕਰਵਾ ਲਿਆ।

ਇਕ ਦਿਨ ਸ਼ੇਖੀ ਵਿਚ ਆ ਕੇ ਮੌਲਵੀ ਸਾਹਿਬ ਕਹਿਣ ਲੱਗੇ, 'ਦੇਖੋ ਮੇਰੇ ਔਰ ਪ੍ਰਿੰਸੀਪਲ ਮੇਂ ਕਿਆ ਫਰਕ ਹੈ? ਮੇਰੇ ਸਰ ਕੇ ਊਪਰ ਭੀ ਲੱਟੂ (ਬਿਜਲੀ ਦਾ ਪੱਖਾ) ਘੂਮਤਾ ਹੈ, ਪ੍ਰਿੰਸੀਪਲ ਕੇ ਸਰ ਪਰ ਭੀ ਲਟੂ ਘੂਮਤਾ ਹੈ। ਵਹੁ ਭੀ ਫੀਲੋ (ਯੂਨੀਵਰਸਿਟੀ ਦਾ Fellow) ਹੈ ਮੈਂ ਭੀ ਫੀਲੋ ਹੂੰ। ਵੁਹ ਭੀ ਕੁਰਸੀ ਪਰ ਬੈਠ ਕੇ ਕਾਮ ਕਰਤਾ ਹੈ, ਮੈਂ ਭੀ ਕੁਰਸੀ ਪਰ ਬੈਠ ਕਰ ਪੜ੍ਹਾਤਾ ਹੂੰ।'

ਮੌਲਵੀ ਸਾਹਿਬ ਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ। ਉਰਦੂ ਜ਼ਬਾਨ ਵਿਚ ਪੜ੍ਹਾਂਦੇ ਸਨ। ਪਰੰਤੂ ਯੂਨੀਵਰਸਿਟੀ ਨਿਯਮਾਂ ਅਨੁਸਾਰ ਫ਼ਾਰਸੀ ਤੋਂ ਅੰਗਰੇਜ਼ੀ ਵਿਚ ਤਰਜ਼ਮਾ ਕਰਨਾ ਹੁੰਦਾ ਸੀ। ਇਸ ਲਈ ਵਿਦਿਆਰਥੀ ਇਕ ਪ੍ਰੋਫ਼ੈਸਰ ਮਿਤਰਾ ਦੇ ਬਣਾਏ 'ਨੋਟ' (ਸਹਾਇਕ ਪੁਸਤਕ) ਨੂੰ ਪੜ੍ਹ ਕੇ ਕੰਮ ਚਲਾ ਲੈਂਦੇ ਸਨ। ਇਕ ਦਿਨ ਕਿਸੇ ਵਿਦਿਆਰਥੀ ਨੇ ਕਲਾਸ ਵਿਚ ਤਰਕ ਉਠਾਈ ਕਿ ਮੌਲਵੀ ਸਾਹਿਬ ਤੁਸੀਂ ਇਨ੍ਹਾਂ ਸਤਰਾਂ ਦਾ ਕੁਝ ਹੋਰ ਤਰਜਮਾ ਕੀਤਾ ਹੈ, ਮਿੱਤਰਾ ਨੇ ਹੋਰ ਕੁਝ ਲਿਖਿਆ ਹੈ। ਮੌਲਵੀ ਸਾਹਿਬ ਨੂੰ ਗੁੱਸਾ ਚੜ੍ਹ ਗਿਆ, ਕਹਿਣ ਲੱਗੇ, 'ਮਿੱਤਰਾ ਕਾ ਨਾਮ ਮਤ ਲੋ, ਮੇਰੇ ਪੇਸ਼ਾਬ ਕੇ ਏਕ ਕਤਰੇ ਸੇ ਸੈਂਕੜੋਂ ਮਿੱਤਰਾ ਨਿਕਲਤੇ ਹੈਂ।'

ਮੌਲਵੀ ਸਾਹਿਬ ਦੀਆਂ ਗੱਲਾਂ ਤੋਂ ਮੈਨੂੰ ਆਪਣੇ ਗੌਰਮਿੰਟ ਕਾਲਜ ਲਾਹੌਰ ਦੇ ਫ਼ਾਰਸੀ ਦੇ ਪ੍ਰੋਫ਼ੈਸਰ ਕਾਜ਼ੀ ਫ਼ਜ਼ਲ ਹੱਕ ਯਾਦ ਆ ਗਏ। ਉਨ੍ਹਾਂ ਨੂੰ ਵੀ ਅੰਗਰੇਜ਼ੀ ਨਹੀਂ ਆਉਂਦੀ ਸੀ। ਇਕ ਦਿਨ ਕਲਾਸ ਵਿਚ ਇਕ ਵਿਦਿਆਰਥੀ ਨੂੰ ਕਹਿਣਾ ਸੀ ਕਿ ਕਲਾਸ ਤੋਂ ਬਾਅਦ ਮੈਨੂੰ ਮਿਲੋ। ਪਰ ਕਾਜ਼ੀ ਸਾਹਿਬ ਨੇ ਅੰਗਰੇਜ਼ੀ ਵਿਚ ਫ਼ਰਮਾਇਆ : See me behind the class. ਸਾਰੇ ਮੁੰਡੇ ਹੱਸ ਪਏ ਪਰ ਕਾਜ਼ੀ ਸਾਹਿਬ ਨੂੰ ਆਪਣੀ ਗ਼ਲਤੀ ਦਾ ਪਤਾ ਨਾ ਲੱਗਾ। ਉਹ ਕਾਜ਼ੀ ਸਾਹਿਬ ਵੀ ਪੂਰਬ ਤੇ ਪੱਛਮ ਦਾ ਰਲਿਆ ਮਿਲਿਆ ਅਜੂਬਾ ਸਨ। ਕੁੱਲੇ ਉਤੇ ਬੱਧੀ ਤੁਰੇ ਵਾਲੀ ਸਫ਼ੈਦ ਪਗੜੀ ਨਾਲ ਐਚਕਨ ਤੇ ਸਲਵਾਰ ਪਹਿਣਦੇ ਸਨ, ਪਰ ਗਲੇ ਵਿਚ ਟਾਈ ਵੀ ਲਾਈ ਹੁੰਦੀ ਸੀ। ਬਿਲਕੁਲ ਕਾਰਟੂਨ ਜਾਪਦੇ ਸਨ।

ਖ਼ਾਲਸਾ ਕਾਲਜ ਦੇ ਧਾਰਮਕ ਵਿਅਕਤੀ

ਖ਼ਾਲਸਾ ਕਾਲਜ ਵਿਚ ਨੌਕਰੀ ਦੌਰਾਨ ਪ੍ਰਿੰ. ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਪ੍ਰੋ. (ਡਾ.) ਗੰਡਾ ਸਿੰਘ ਜਿਨ੍ਹਾਂ ਦਾ ਜ਼ਿਕਰ ਉਪਰ ਹੋ ਚੁਕਾ ਹੈ, ਤੋਂ ਇਲਾਵਾ ਜੋ ਧਾਰਮਕ ਵਿਅਕਤੀ ਮੇਰੇ ਨਿਕਟੀ ਸੰਬੰਧ ਵਿਚ ਆਏ ਉਨ੍ਹਾਂ ਦਾ ਸੰਖੇਪ ਵੇਰਵਾ ਦੇਣਾ ਵੀ ਜ਼ਰੂਰੀ ਜਾਪਦਾ ਹੈ। ਸੁਭਾ ਅਤੇ ਪ੍ਰਕਿਰਤੀ ਦੀ ਅਨੁਕੂਲਤਾ ਅਨੁਸਾਰ ਮੇਰਾ ਬਹੁਤਾ ਮੇਲ ਜੋਲ ਇਨ੍ਹਾਂ ਸੱਜਨਾਂ ਨਾਲ ਹੀ ਰਹਿੰਦਾ ਸੀ। ਪ੍ਰੋ. ਸਾਹਿਬ ਸਿੰਘ ਦੇ ਰਿਟਾਇਰ ਹੋਣ ਤੋਂ ਬਾਅਦ 1952 ਵਿਚ ਡਾ. ਤਾਰਨ ਸਿੰਘ ਧਾਰਮਕ ਪ੍ਰੋਫੈਸਰ ਬਣੇ। ਉਹ ਵੀ ਗੂੜ੍ਹੇ ਧਾਰਮਕ ਰੰਗ ਵਿਚ ਰੰਗੇ ਹੋਏ ਅਤੇ ਗੁਰਮਤਿ ਦੇ ਉੱਘੇ ਵਿਦਵਾਨ ਸਨ। ਉਨ੍ਹਾਂ ਨੇ ਕਈ ਉੱਚੇ ਪੱਧਰ ਦੀਆਂ ਖੋਜ-ਪੁਸਤਕਾਂ ਧਾਰਮਕ ਵਿਸ਼ਿਆਂ ਬਾਰੇ ਲਿਖੀਆਂ। ਕੁਝ ਸਾਲਾਂ ਬਾਅਦ ਉਹ ਖ਼ਾਲਸਾ ਕਾਲਜ ਛੱਡ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਚਲੇ ਗਏ। ਉਨ੍ਹਾਂ ਦੀ ਥਾਂ ਪ੍ਰੋ. ਉਪਕਾਰ ਸਿੰਘ ਧਾਰਮਕ ਪ੍ਰੋਫੈਸਰ ਨਿਯੁਕਤ ਹੋਏ। ਪ੍ਰੋ. ਉਪਕਾਰ ਸਿੰਘ ਪਹਿਲਾਂ ਇਥੇ ਖ਼ਾਲਸਾ ਕਾਲਜ ਸਕੂਲ ਵਿਚ ਧਾਰਮਕ ਟੀਚਰ ਰਹੇ ਸਨ। ਫਿਰ ਉਹ ਗੁਰੂ ਤੇਗ਼ ਬਹਾਦਰ ਖ਼ਾਲਸਾ ਸਕੂਲ ਦਿੱਲੀ ਵਿਚ ਚਲੇ ਗਏ ਸਨ। ਇਸ ਤਰ੍ਹਾਂ ਉਹ ਮੇਰੇ ਪੁਰਾਣੇ ਮਿੱਤਰ ਅਤੇ ਛੋਟੇ ਕਵਾਟਰਾਂ ਵਿਚ ਰਹਿੰਦੇ ਸਮੇਂ ਮੇਰੇ ਗਵਾਂਢੀ ਰਹੇ ਸਨ। ਉਹ ਵੀ ਵਿਸ਼ੇਸ਼ ਧਾਰਮਕ ਅਧਿਐਨ ਦੇ ਮਾਲਕ ਸਨ।

ਏਸੇ ਤਰ੍ਹਾਂ ਡਾ. ਗੰਡਾ ਸਿੰਘ ਦੇ ਖ਼ਾਲਸਾ ਕਾਲਜ ਤੋਂ 1949 ਵਿਚ ਸਰਕਾਰੀ ਨੌਕਰੀ ਤੇ ਚਲੇ ਜਾਣ ਉਪਰੰਤ ਪ੍ਰੋ. (ਡਾ.) ਕਿਰਪਾਲ ਸਿੰਘ ਹਿਸਟਰੀ ਰੀਸਰਚ ਵਿਭਾਗ ਦੇ ਇੰਚਾਰਜ ਬਣੇ ਅਤੇ ਉਨ੍ਹਾਂ ਦੇ ਕਾਲਜ ਤੋਂ ਜਾਣ ਉਪਰੰਤ ਪ੍ਰੋ. ਪ੍ਰਕਾਸ਼ ਸਿੰਘ ਇਸ ਵਿਭਾਗ ਦੇ ਮੁਖੀ ਬਣੇ। 1954 ਵਿਚ ਕਾਲਜ ਕਮੇਟੀ ਵਲੋਂ ਬੀ. ਏ. ਪਾਸ ਵਿਦਿਆਰਥੀਆਂ ਦੇ ਉਚੇਚੇ ਅਧਿਐਨ ਲਈ ਇਕ ਉਚ-ਪੱਧਰੀ ਤੇ ਵਿਸ਼ੇਸ਼ ਧਾਰਮਕ ਕਲਾਸ ਖੋਲ੍ਹੀ ਗਈ। ਡਾ. ਤਾਰਨ ਸਿੰਘ, ਪ੍ਰੋ. ਕਿਰਪਾਲ ਸਿੰਘ ਅਤੇ ਮੈਂ ਕਈ ਸਾਲ ਇਸ ਕਲਾਸ ਦੇ ਅਧਿਆਪਕ ਰਹੇ। ਸਾਡੇ ਨਾਲ ਬਜ਼ੁਰਗ ਧਾਰਮਕ ਵਿਦਵਾਨ ਸ. ਧਰਮਾਨੰਤ ਸਿੰਘ ਵੀ ਇਸ ਕਲਾਸ ਨੂੰ ਪੜ੍ਹਾਂਦੇ ਰਹੇ। ਮੇਰੇ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਅਤੇ ਹਿੱਤ ਸੀ। ਇਨ੍ਹਾਂ ਸੱਜਨਾਂ ਤੋਂ ਇਲਾਵਾ ਗਿਆਨੀ ਕਰਤਾਰ ਸਿੰਘ, ਸਕੂਲ ਦੇ ਧਾਰਮਕ ਟੀਚਰ, ਗਿਆਨੀ ਨਰਾਇਨ ਸਿੰਘ ਜੀ ਹੈੱਡ ਗ੍ਰੰਥੀ (ਜਿਨ੍ਹਾਂ ਦੋਹਾਂ ਦਾ ਜ਼ਿਕਰ ਪਹਿਲਾਂ ਹੀ ਹੋ ਚੁਕਿਆ ਹੈ), ਡਾ. ਸੁਲੱਖਣ ਸਿੰਘ, ਪ੍ਰੋ. ਸੰਤ ਸਿੰਘ (ਕੈਮਿਸਟਰੀ ਵਿਭਾਗ) ਪ੍ਰੋ. ਠਾਕੁਰ ਸਿੰਘ (ਲੁਧਿਆਣੇ ਦੇ ਪ੍ਰਸਿੱਧ ਸੰਤ ਬਾਬਾ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸ਼ਰਧਾਲੂ), ਪ੍ਰੋ. ਵਤਨ ਸਿੰਘ, ਸ. ਰਾਮ ਸਿੰਘ ਡਰਾਇੰਗ ਮਾਸਟਰ, ਪ੍ਰਹਿਲਾਦ ਸਿੰਘ, ਭਾਈ ਧੰਨਾ ਸਿੰਘ ਕੰਪਾਊਂਡਰ ਆਦਿ ਧਾਰਮਕ ਨਿਸ਼ਚੇ ਅਤੇ ਰਹੁਰੀਤ ਵਿਚ ਪਰਪੱਕ ਵਿਅਕਤੀ ਸਨ ਅਤੇ ਮੇਰੇ ਪਿਆਰ-ਸਤਿਕਾਰ ਦੇ ਪਾਤਰ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਲਸਾ ਕਾਲਜ ਦੇ ਕੁਝ ਉੱਘੇ ਵਿਅਕਤੀ

ਕਾਲਜ ਦੀ ਨੌਕਰੀ ਦੌਰਾਨ ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਗੰਡਾ ਸਿੰਘ ਅਤੇ ਹੋਰ ਮਹਾਨ ਵਿਅਕਤੀਆਂ ਦੇ ਸੰਪਰਕ ਵਿਚੋਂ ਮੈਨੂੰ ਬਹੁਤ ਕੁਝ ਜੀਵਨ ਤਜਰਬਾ ਹਾਸਲ ਹੋਇਆ, ਕਿਉਂਕਿ ਇਹ ਬਹੁਤ ਹੰਢੇ ਹੋਏ ਤੇ ਸਿਆਣੇ ਵਿਅਕਤੀ ਸਨ ਤੇ ਆਪਣੀ ਅਣਥੱਕ ਮਿਹਨਤ ਤੇ ਲਗਣ ਸਦਕਾ ਜੀਵਨ ਵ੍ਰਿਚ ਉੱਚੇ ਉੱਠੇ ਸਨ। ਸੋ ਇਸ ਤਰ੍ਹਾਂ ਪ੍ਰਾਪਤ ਹੋਏ ਜੀਵਨ ਤਜਰਬੇ ਅਤੇ ਹੋਰ ਨਿੱਜੀ ਪੱਧਰ ਤੇ ਪ੍ਰਾਪਤ ਕੀਤੇ ਜੀਵਨ ਅਨੁਭਵ ਦੇ ਆਧਾਰ ਤੇ ਮੈਂ ਕੁਝ ਉੱਘੇ ਵਿਅਕਤੀਆਂ ਦੇ ਚਰਿਤਰ ਪਾਠਕਾਂ ਦੇ ਲਾਭ ਹਿੱਤ ਪੇਸ਼ ਕਰਦਾ ਹਾਂ।

ਪ੍ਰਿੰ. ਭਾਈ ਜੋਧ ਸਿੰਘ

ਭਾਈ ਸਾਹਿਬ ਦੀ ਵਿਦਵਤਾ ਅਤੇ ਸਿੱਖ ਧਰਮ ਤੇ ਗੁਰਬਾਣੀ ਦਾ ਅਧਿਐਨ ਬਹੁਤ ਸਾਰਥਕ ਤੇ ਸਪੱਸ਼ਟ ਸੀ। ਇਕ ਦਿਨ ਮੈਨੂੰ ਉਨ੍ਹਾਂ ਪਾਸੋਂ ਗੁਰਮਤਿ ਦਾ ਇਕ ਸਿਧਾਂਤ ਸਮਝਣ ਦੀ ਲੋੜ ਪਈ। ਓਦੋਂ ਮੇਰਾ ਗੁਰਮਤਿ ਬਾਰੇ ਅਧਿਐਨ ਨਵਾਂ ਨਵਾਂ ਸੀ। ਮੈਂ ਸਮਝਦਾ ਸੀ ਕਿ ਹਉਮੈਂ ਨੂੰ ਕਿਸੇ ਹੱਦ ਤਕ ਨਕਾਰਨਾ (ਰੱਦ ਕਰਨਾ) ਜ਼ਰੂਰੀ ਹੈ, ਪੂਰਨ ਤੌਰ ਤੇ ਨਹੀਂ, ਇਸ ਲਈ ਮੈਂ ਇਕ ਦਿਨ ਸਟਾਫ ਰੂਮ ਵਿਚ ਬੈਠੇ ਭਾਈ ਸਾਹਿਬ ਤੋਂ ਪੁੱਛਿਆ ਕਿ ਹਉਮੈ ਦਾ ਕਿਸ ਹੱਦ ਤਕ ਅਭਾਵ ਹੋਣਾ ਚਾਹੀਦਾ ਹੈ ? ਉਨ੍ਹਾਂ ਨੇ ਤੁਰੰਤ ਉੱਤਰ ਦਿੱਤਾ ਕਿ ਗੁਰੂ ਸਾਹਿਬ ਦਾ ਇਸ ਬਾਰੇ ਸਪਸ਼ਟ ਫਰਮਾਣ ਹੈ :

> ਮਨੁ ਅਰਪਉ ਧਨੁ ਰਾਖਉ ਆਗੈ,
> ਮਨ ਕੀ ਮਤਿ ਮੋਹਿ ਸਗਲ ਤਿਆਗੀ ॥ (204)

ਮੈਂ ਏਨਾਂ ਸਪਸ਼ਟ ਤੇ ਤੁਰੰਤ ਉਤਰ ਸੁਣ ਕੇ ਚਕ੍ਰਿਤ ਰਹਿ ਗਿਆ।

ਇਕ ਦਿਨ ਸਟਾਫ ਰੂਮ ਵਿਚ ਜਦ ਭਾਈ ਸਾਹਿਬ ਬੈਠੇ ਅਖਬਾਰ ਦੇਖ ਰਹੇ ਸਨ ਤਾਂ ਇਕ ਪ੍ਰੋਫੈਸਰ ਨੇ ਉਨ੍ਹਾਂ ਦੇ ਪਾਸ ਬੈਠ ਕੇ ਝਕਦੇ ਝਕਦੇ ਗੱਲ ਚਲਾਈ ਕਿ ਫਲਾਣਾ ਪ੍ਰੋਫੈਸਰ ਤੇ ਉਸਦੀ ਪਤਨੀ ਬਹੁਤ ਲੜਦੇ ਰਹਿੰਦੇ ਹਨ, ਇਹ ਬੜੀ ਬਦਨਾਮੀ ਦੀ ਗੱਲ ਹੈ। ਭਾਈ ਸਾਹਿਬ ਆਪਣੇ ਵਕਤ ਨੂੰ ਅਤਿਅੰਤ ਕੀਮਤੀ ਸਮਝਦੇ ਸਨ। ਇਸ ਲਈ ਇਸ ਵਾਧੂ ਗੱਲ ਬਾਤ ਨੂੰ ਪਹਿਲਾਂ ਤਾਂ ਉਨ੍ਹਾਂ ਨੇ ਅਣਗੌਲਿਆ ਕੀਤਾ। ਫਿਰ ਕਹਿਣ ਲੱਗੇ, ਭਾਈ! ਜੇ ਤੈਨੂੰ ਉਨ੍ਹਾਂ ਦਾ ਏਨਾ ਹੀ ਫ਼ਿਕਰ ਹੈ ਤਾਂ ਜਾ ਕੇ ਉਸ ਪ੍ਰੋਫੈਸਰ ਨੂੰ ਸਮਝਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਹ, ਘਰ ਵਿਚ ਪਤਨੀ ਨੂੰ ਪੂਰਾ ਅਧਿਕਾਰ ਦੇ ਦੇਵੇ, ਸਾਰਾ ਝਗੜਾ ਮੁੱਕ ਜਾਏਗਾ। ਫਿਰ ਕਹਿਣ ਲੱਗੇ, 'ਮੈਂ ਜਦ ਤੋਂ ਆਪਣੀ ਪਤਨੀ ਨੂੰ ਘਰ ਵਿਚ ਪੂਰਨ ਅਧਿਕਾਰ ਦੇ ਦਿਤਾ ਹੈ ਮੈਂ ਬੜਾ ਸੌਖਾ ਹਾਂ। ਮਨੁੱਖ ਘਰੋਂ ਬਾਹਰ ਬਥੇਰੀ ਹਕੂਮਤ ਚਲਾ ਲੈਂਦਾ ਹੈ, ਘਰ ਵਿਚ ਤਾਂ ਪਤਨੀ ਨੂੰ ਕੁਝ ਹਕੂਮਤ ਕਰਨ ਦੇਵੇ।'

ਭਾਈ ਸਾਹਿਬ ਵਕਤ ਦੇ ਏਨੇ ਪਾਬੰਦ ਸਨ ਕਿ ਜਦ ਬਾਰਾਂ ਵਜੇ ਦੁਪਹਿਰ ਤੋਂ ਦੋ ਮਿੰਟ ਪਹਿਲਾਂ ਆਪਣੇ ਦਫਤਰ ਵਿਚੋਂ ਉੱਠ ਕੇ ਆਪਣੀ ਕੋਠੀ ਵੱਲ ਚੱਲ ਪੈਂਦੇ ਤਾਂ ਜੇ ਕੋਈ ਪ੍ਰੋਫੈਸਰ ਜਾਂ ਹੋਰ ਕੋਈ ਕਰਮਚਾਰੀ ਉਨ੍ਹਾਂ ਨਾਲ ਗੱਲ ਕਰਨਾ ਚਾਹੁੰਦਾ ਤਾਂ ਉਹ ਉਸ ਵੱਲ ਉੱਕਾ ਹੀ ਧਿਆਨ ਨਾ ਦਿੰਦੇ, ਕਿਉਂਕਿ ਸੜਕ ਤੇ ਜਾਂਦੇ ਜਾਂ ਖਲੋ ਕੇ ਗੱਲ ਕਰਨਾ ਉਹ ਬੁਰਾ ਸਮਝਦੇ ਸਨ। ਨਾਲੇ ਉਨ੍ਹਾਂ ਨੇ ਐਨ ਸਮੇਂ ਸਿਰ ਘਰ ਪਹੁੰਚ ਕੇ ਖਾਣਾ ਖਾਣਾ ਹੁੰਦਾ ਸੀ। ਖਾਣਾ ਵੀ ਬਹੁਤ ਥੋੜ੍ਹਾ ਤੇ ਵੈਸ਼ਨੂੰ ਪ੍ਰਕਾਰ ਦਾ ਖਾਂਦੇ ਸਨ। ਪ੍ਰੋ. ਵਰਿਆਮ ਸਿੰਘ ਉਨ੍ਹਾਂ ਬਾਰੇ ਮਖੌਲ ਕਰਦੇ ਹੁੰਦੇ ਸਨ ਕਿ ਭਾਈ ਸਾਹਿਬ ਮੂੰਗੀ ਦੀ ਦਾਲ ਖਾ ਕੇ ਏਡਾ ਵੱਡਾ ਕਾਲਜ ਚਲਾ ਰਹੇ ਹਨ। ਉਨ੍ਹਾਂ ਨੇ ਆਪਣਾ ਸਾਰਾ ਸਮਾਂ ਸਵੇਰ ਦੇ 4 ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ ਪੂਰੀ ਪਾਬੰਦੀ ਤੇ ਸੰਜਮ ਨਾਲ ਵੰਡਿਆ ਹੋਇਆ ਸੀ। ਉਹ ਕਿਹਾ ਕਰਦੇ ਸਨ, ਜਿਸ ਨੂੰ ਆਪਣੇ ਸਮੇਂ ਤੇ ਕਾਬੂ ਨਹੀਂ, ਉਹ ਆਦਮੀ ਕਾਰ-ਵਿਹਾਰ ਵਿਚ ਸਫ਼ਲ ਨਹੀਂ ਹੋ ਸਕਦਾ। ਇਸ ਭਾਰੀ ਸੰਜਮ ਸਦਕਾ ਹੀ ਉਹ ਲਗਪਗ ਸੌ ਵਰ੍ਹੇ ਦੀ ਉਮਰ ਤੱਕ ਜੀਵਤ ਰਹੇ (31 ਮਈ, 1882 ਤੋਂ 3 ਦਸੰਬਰ, 1981 ਤੱਕ)।

ਭਾਈ ਸਾਹਿਬ ਆਪ ਜੀਵਨ ਵਿਚ ਹਿੰਮਤ ਕਰ ਕੇ ਉੱਚੇ ਉੱਠੇ ਸਨ, ਇਸ ਲਈ ਹਿੰਮਤ ਕਰਨ ਵਾਲੇ ਆਦਮੀ ਨੂੰ ਪਸੰਦ ਕਰਦੇ ਸਨ। ਜਦ 1945 ਵਿਚ ਮੇਰੇ ਅਧੀਨ ਫ਼ਾਰਸੀ ਉਰਦੂ ਵਿਭਾਗ ਵਿਚ ਇਕ ਲੈਕਚਰਰ ਦੀ ਨਵੀਂ ਅਸਾਮੀ ਨਿਕਲੀ ਤਾਂ ਉਨ੍ਹਾਂ ਨੇ ਮੈਨੂੰ ਕਿਸੇ ਲਾਇਕ ਵਿਅਕਤੀ ਬਾਰੇ ਪੁੱਛਿਆ। ਮੈਂ (ਪ੍ਰੋ.) ਗੁਲਵੰਤ ਸਿੰਘ, ਜੋ ਲਾਹੋਰ ਵਿਚ ਮੇਰਾ ਐਮ. ਏ. ਫ਼ਾਰਸੀ ਵਿਚ ਜਮਾਤੀ ਰਿਹਾ ਸੀ ਤੇ ਐਮ. ਏ. ਕਰ ਕੇ ਨੌਕਰੀ ਲੱਭ ਰਿਹਾ ਸੀ, ਦਾ ਪਤਾ ਦੱਸਿਆ ਤਾਂ ਕਹਿਣ ਲੱਗੇ, ਉਸ ਨੂੰ ਬੁਲਾਓ। ਜਦ ਉਹ ਆਇਆ ਤਾਂ ਉਸ ਦੀ ਯੋਗਤਾ ਨਾਲੋਂ ਵੀ ਉਸ ਦੀ ਸਵੈਨਿਰਭਰਤਾ ਤੇ ਹਿੰਮਤ ਤੋਂ ਪ੍ਰਭਾਵਿਤ ਹੋਏ। ਗੁਲਵੰਤ ਸਿੰਘ ਨੇ ਕਿਹਾ ਕਿ ਮੇਰਾ ਕੋਈ ਵਸੀਲਾ ਨਹੀਂ ਸਿਵਾਏ ਹਿੰਮਤ ਦੇ, ਅਤੇ ਮਸ਼ਹੂਰ ਉਰਦੂ ਕਵੀ ਜ਼ੌਕ ਦਾ ਹੇਠ ਲਿਖਿਆ ਸ਼ਿਅਰ ਸੁਣਾਇਆ :

ਆਦਮੀਅਤ ਸੇ ਹੈ ਬਾਲਾ ਆਦਮੀ ਕਾ ਮਰਤਬਾ
ਪਸਤ ਹਿੰਮਤ ਯਿਹ ਨਾ ਹੋਵੇ ਪਸਤ ਕਾਮਤ ਹੋ ਤੋ ਹੋ।

ਅਰਥਾਤ ਮਨੁੱਖ ਦੀ ਸਾਰੀ ਕਦਰ-ਕੀਮਤ ਉਸ ਦੀ ਹਿੰਮਤ ਵਿਚ ਹੈ, ਕੱਦ-ਕਾਠ ਵਿਚ ਨਹੀਂ। ਇਹ ਸੁਣ ਕੇ ਭਾਈ ਸਾਹਿਬ ਬਹੁਤ ਖੁਸ਼ ਹੋਏ ਅਤੇ ਉਸ ਨੂੰ ਨੌਕਰੀ ਲਈ ਚੁਣ ਲਿਆ। ਹੁਣ ਸਾਰਾ ਪੰਜਾਬੀ ਜਗਤ ਪ੍ਰੋ. ਗੁਲਵੰਤ ਸਿੰਘ ਦੀ ਲਿਆਕਤ ਤੋਂ ਜਾਣੂ ਹੈ।

ਮੇਰੇ ਗਵਾਂਢੀ ਪ੍ਰੋ. ਰਾਮ ਨਰਾਇਣ ਬਾਲੀ (ਮੁਖੀ ਫ਼ਿਜ਼ਿਕਸ ਵਿਭਾਗ) ਨੇ ਮੈਨੂੰ ਦੱਸਿਆ ਕਿ ਇਕ ਪ੍ਰੋਫੈਸਰ ਭਾਈ ਸਾਹਿਬ ਪਾਸ ਜਾ ਕੇ ਕਹਿਣ ਲੱਗਾ ਕਿ ਫ਼ਲਾਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੋਫੈਸਰ ਤੁਹਾਡੇ ਖਿਲਾਫ ਬਹੁਤ ਜ਼ਹਿਰ ਉਗਲਦਾ ਹੈ ਤੇ ਹਰ ਥਾਂ ਤੁਹਾਡੀ ਨਿੰਦਾ ਕਰਦਾ ਹੈ, ਉਸ ਨੂੰ ਕੋਈ ਸਬਕ ਸਿਖਾਓ। ਭਾਈ ਸਾਹਿਬ ਕਿਸੇ ਦੇ ਵਿਰੁੱਧ ਕੋਈ ਗੱਲ ਨਹੀਂ ਸੁਣਦੇ ਸਨ ਕਿਉਂਕਿ ਇਸ ਨੂੰ ਉਹ ਨਿੰਦਾ ਸਮਝਦੇ ਸਨ ਅਤੇ ਗੁਰਬਾਣੀ ਵਿਚ ਨਿੰਦਾ ਕਰਨਾ ਜਾਂ ਸੁਣਨਾ ਵਰਜਤ ਹੈ। ਗੁਰੂ ਅਮਰਦਾਸ ਜੀ ਦਾ ਮਹਾਂਵਾਕ ਇਸ ਪ੍ਰਥਾਇ ਹੈ :

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰ ਪਵੰਨਿ ॥ (755)

ਭਾਈ ਸਾਹਿਬ ਉਸ ਪ੍ਰੋਫੈਸਰ ਨੂੰ ਕਹਿਣ ਲੱਗੇ, 'ਤੁਸੀਂ ਠਹਿਰੋ, ਉਸ ਨਿੰਦਕ ਨੂੰ ਬੁਲਾ ਲੈਂਦੇ ਹਾਂ ਤੇ ਸਾਹਮਣੇ ਗੱਲ ਕਰ ਲੈਂਦੇ ਹਾਂ।' ਉਹ ਪ੍ਰੋਫੈਸਰ ਕਹਿਣ ਲੱਗਾ, 'ਭਾਈ ਸਾਹਿਬ, ਉਸ ਪਾਸ ਮੇਰਾ ਨਾਂ ਵੀ ਨਾ ਲੈਣਾ, ਬੁਲਾਣਾ ਤਾਂ ਬਹੁਤ ਵੱਡੀ ਗੱਲ ਹੈ। ਇਸ ਤਰ੍ਹਾਂ ਉਹ ਮੇਰਾ ਦੁਸ਼ਮਨ ਬਣ ਜਾਏਗਾ।' ਭਾਈ ਸਾਹਿਬ ਕਹਿਣ ਲੱਗੇ, 'ਜੇ ਤੁਹਾਡੇ ਵਿਚ ਏਨੀ ਵੀ ਦਲੇਰੀ ਨਹੀਂ ਤਾਂ ਜਾਓ ਮੇਰਾ ਵਕਤ ਨਾ ਜ਼ਾਇਆ ਕਰੋ।'

ਇਕ ਦਿਨ ਭਾਈ ਸਾਹਿਬ ਨੇ ਸਾਨੂੰ ਇਕ ਜ਼ਰੂਰੀ ਪ੍ਰਬੰਧਕੀ ਨਿਯਮ ਇਹ ਦੱਸਿਆ ਕਿ ਜੇ ਦੋ ਜਾਂ ਵੱਧ ਵਿਦਿਆਰਥੀ ਆਪਸ ਵਿਚ ਕਿਸੇ ਥਾਂ ਲੜ ਰਹੇ ਹੋਣ ਤੇ ਕੋਈ ਪ੍ਰੋਫੈਸਰ ਜਾਂ ਪ੍ਰਿੰਸੀਪਲ ਖੁਦ ਉਥੋਂ ਲੰਘ ਰਿਹਾ ਹੋਵੇ ਤਾਂ ਉਸ ਵੇਲੇ ਉਹ ਕੋਈ ਦਖਲ ਨਾ ਦੇਵੇ ਅਤੇ ਚੁੱਪ ਕਰ ਕੇ ਉਥੋਂ ਚਲਾ ਜਾਏ, ਨਹੀਂ ਤਾਂ ਉਸ ਨੂੰ ਵੀ ਸੱਟ ਲੱਗ ਸਕਦੀ ਹੈ। ਫਿਰ ਜਦ ਕੋਈ ਧਿਰ ਉਨ੍ਹਾਂ ਵਿਚੋਂ ਆ ਕੇ ਸ਼ਕਾਇਤ ਕਰੇ ਤਾਂ ਪੁਛਗਿੱਛ ਕਰ ਕੇ ਉਚਿਤ ਕਾਰਵਾਈ ਕੀਤੀ ਜਾਏ। ਇਸ ਕਥਨ ਦੀ ਸੱਚਾਈ ਦਾ ਸਬੂਤ ਮੈਨੂੰ ਭਾਈ ਸਾਹਿਬ ਦੇ ਜਾਣ ਤੋਂ ਬਹੁਤ ਸਾਲਾਂ ਪਿਛੋਂ ਸੰਨ 1960 ਵਿਚ ਪ੍ਰਿੰ. ਹਰਬੰਤ ਸਿੰਘ ਦੇ ਸਮੇਂ ਮਿਲਿਆ, ਜਦ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਦੇ ਪ੍ਰਿੰਸੀਪਲ ਗੁਰਬਚਨ ਸਿੰਘ ਬੱਲ, ਆਪਣੇ ਕੁਝ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਸਮੇਤ ਸਾਡੇ ਕਾਲਜ ਵਿਚ ਦੁਵੱਲੀ ਮਿਲਣੀ (dual meet) ਲਈ ਆਏ ਹੋਏ ਸਨ ਅਤੇ ਦੋਹਾਂ ਕਾਲਜਾਂ ਦਾ ਸਾਂਝਾ ਕਲਚਰਲ ਪ੍ਰੋਗਰਾਮ ਹੋ ਰਿਹਾ ਸੀ। ਅਚਾਨਕ ਸਾਡੇ ਕਾਲਜ ਦੇ ਕੁਝ ਖਿਡਾਰੀ ਆਪਸ ਵਿਚ ਸਮਾਗਮ ਦੌਰਾਨ ਹੀ ਲੜ ਪਏ ਅਤੇ ਇਕ ਦੂਜੇ ਨੂੰ ਕੁਰਸੀਆਂ ਚੁੱਕ ਕੇ ਮਾਰਨ ਲੱਗੇ। ਸਾਰਾ ਜਲਸਾ ਤੇ ਪ੍ਰੋਗਰਾਮ ਭੰਗ ਹੋ ਗਿਆ। ਪ੍ਰਿੰ. ਹਰਬੰਤ ਸਿੰਘ ਨੇ ਉਠ ਕੇ ਗੁੱਸੇ ਵਿਚ ਆ ਕੇ ਲੜ ਰਹੇ ਇਕ ਖਿਡਾਰੀ ਨੂੰ ਚਪੇੜ ਮਾਰ ਦਿਤੀ। ਅੱਗੋਂ ਉਸ ਨੇ ਵੀ ਧਮਕੀ ਦਿਤੀ ਕਿ ਮੈਂ ਇਸ ਦਾ ਬਦਲਾ ਲਵਾਂਗਾ। ਪ੍ਰਿੰ. ਬੱਲ ਮੇਰੇ ਮਿੱਤਰ ਸਨ, ਉਹ ਘਬਰਾ ਕੇ ਮੇਰੇ ਨਾਲ ਮੇਰੇ ਕਵਾਟਰ ਵਿਚ ਆ ਗਏ। ਉਹ ਸ਼ੱਕਰ ਦੇ ਰੋਗੀ ਸਨ। ਉਨ੍ਹਾਂ ਨੂੰ ਬਾਥਰੂਮ ਜਾਣ ਦੀ ਲੋੜ ਪੈ ਗਈ। ਪ੍ਰਿੰ. ਹਰਬੰਤ ਸਿੰਘ ਨੂੰ ਆਪਣੀ ਗੁੱਸੇ ਵਿਚ ਆ ਕੇ ਕੀਤੀ ਹਰਕਤ ਦਾ ਪਿਛੋਂ ਬਹੁਤ ਪਛਤਾਵਾ ਹੋਇਆ ਅਤੇ ਕਈ ਦਿਨ ਉਹ ਪਰੇਸ਼ਾਨੀ ਵਿਚ ਘਰੋਂ ਬਾਹਰ ਨਾ ਨਿਕਲੇ। ਪੁਲਸ ਦਾ ਵੀ ਇਹੋ ਨਿਯਮ ਹੈ ਕਿ ਵਾਰਦਾਤ ਤੋਂ ਪਹਿਲਾਂ ਉਹ ਕੁਝ ਨਹੀਂ ਕਰਦੇ, ਵਾਰਦਾਤ ਦੇ ਵਾਪਰਨ ਪਿਛੋਂ ਹਰਕਤ ਵਿਚ ਆਉਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਈ ਸਾਹਿਬ ਨੂੰ ਇਕ ਕਰੜਾ ਪ੍ਰਸ਼ਾਸਕ ਤੇ ਸਖਤ ਸੁਭਾ ਦਾ ਵਿਅਕਤੀ ਸਮਝਿਆ ਜਾਂਦਾ ਸੀ ਪਰ ਇਹ ਪੂਰਨ ਸੱਚਾਈ ਨਹੀਂ ਸੀ। ਉਨ੍ਹਾਂ ਦੇ ਦਿਲ ਵਿਚ ਨਿਮਾਣਿਆਂ ਤੇ ਬੇਕਸੂਰਾਂ ਨਾਲ ਹਮਦਰਦੀ ਅਤੇ ਧਾਰਮਕ ਪੱਧਰ ਤੇ ਨਿਮਰਤਾ ਦਾ ਜਜ਼ਬਾ ਵੀ ਕਾਫੀ ਸੀ, ਜਿਸ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਲੱਗਦਾ ਸੀ, ਕਿਉਂਕਿ ਬਹੁਤੇ ਲੋਕ ਉਨ੍ਹਾਂ ਨੂੰ ਬਾਹਰਮੁਖੀ ਤੌਰ ਤੇ ਸਖਤੀ ਵਰਤਦੇ ਹੀ ਵੇਖਦੇ ਸਨ। ਉਨ੍ਹਾਂ ਦੀ ਹਮਦਰਦੀ ਬਾਰੇ ਮੈਨੂੰ ਇਕ ਘਟਨਾ ਯਾਦ ਹੈ। ਮੈਂ ਕਿਊਬੀਕਲ ਹੋਸਟਲ ਦਾ ਸਹਾਇਕ ਵਾਰਡਨ ਤੇ ਹਰਗੋਬਿੰਦ ਬਲਾਕ ਦਾ ਇੰਚਾਰਜ ਸੀ। ਪ੍ਰੋ. ਹਰਨਾਮ ਸਿੰਘ ਵਾਰਡਨ ਸਨ। ਇਹ ਗੱਲ 1950-51 ਸਰਦੀਆਂ ਦੀ ਹੈ। ਇਕ ਦਿਨ ਸ਼ਾਮ ਨੂੰ ਪ੍ਰੋ. ਹਰਨਾਮ ਸਿੰਘ ਤੇ ਮੈਂ ਹੋਸਟਲ ਵਿਚ ਪ੍ਰਬੰਧਕੀ ਡਿਊਟੀ ਤੇ ਗਏ। ਹੋਸਟਲ ਦਾ ਦਫ਼ਤਰ ਹਰਗੋਬਿੰਦ ਬਲਾਕ ਵਿਚ ਹੀ ਸੀ। ਪ੍ਰੋਫੈਸਰ ਸਾਹਿਬ ਦਫਤਰ ਵਿਚ ਬੈਠੇ ਤੇ ਮੈਂ ਬਲਾਕ ਦੇ ਰਾਊਂਡ (ਦੌਰੇ) ਤੇ ਗਿਆ। ਦਫਤਰ ਦੇ ਨੇੜੇ ਹੀ ਮੈਂ ਦੇਖਿਆ, ਇਕ ਕਮਰਾ ਅੰਦਰੋਂ ਬੰਦ ਸੀ ਤੇ ਉਸ ਵਿਚ ਹਨੇਰਾ ਸੀ। ਮੈਨੂੰ ਕੁਝ ਸ਼ੱਕ ਹੋਇਆ। ਬਾਕੀ ਕਮਰਿਆਂ ਵਿਚ ਵਿਦਿਆਰਥੀ ਪੜ੍ਹਾਈ ਕਰ ਰਹੇ ਸੀ। ਮੈਂ ਸੋਚਿਆ, ਸ਼ਾਇਦ ਇਸ ਬੰਦ ਕਮਰੇ ਵਾਲਾ ਬੀਮਾਰ ਹੈ ਜਾਂ ਕੋਈ ਹੋਰ ਕਾਰਨ ਹੈ। ਸੁਪ੍ਰਡੰਟ ਤੇ ਚਪੜਾਸੀ ਮੇਰੇ ਨਾਲ ਸਨ। ਦਰਵਾਜ਼ਾ ਖੜਕਾਇਆ ਤਾਂ ਕਿਸੇ ਨੇ ਬੱਤੀ ਨਾ ਜਗਾਈ ਤੇ ਹਨੇਰੇ ਵਿਚ ਹੀ ਬੂਹਾ ਖੋਲ੍ਹ ਦਿਤਾ। ਮੇਰਾ ਸ਼ੱਕ ਹੋਰ ਵੱਧ ਗਿਆ। ਉਥੇ ਦੋ ਵਿਦਿਆਰਥੀ ਰਹਿੰਦੇ ਸਨ, ਜੋ ਸੱਕੇ ਭਰਾ ਸਨ ਤੇ ਅਜੇ ਅਨ-ਦਾੜ੍ਹੀਏ ਹੀ ਸਨ। ਮੈਨੂੰ ਕਮਰੇ ਵਿਚੋਂ ਸ਼ਰਾਬ ਦੀ ਮੁਸ਼ਕ ਆਈ। ਮੈਂ ਕਿਹਾ, ਬਤੀ ਜਗਾਓ। ਦੇਖਿਆ ਤਾਂ ਉਹ ਸ਼ਰਾਬੀ ਸਨ। ਮੈਂ ਕਿਹਾ, 'ਠੀਕ-ਠੀਕ ਦੱਸ ਦਿਓ, ਤੁਸੀਂ ਸ਼ਰਾਬ ਪੀਤੀ ਹੈ? ਜੇ ਸੱਚ ਦੱਸੋਗੇ ਤਾਂ ਤੁਹਾਡਾ ਲਿਹਾਜ਼ ਕਰਾਂਗਾ ਤੇ ਬਚਾਅ ਕਰਾ ਦਿਆਂਗਾ।' ਮੈਂ ਚਪੜਾਸੀ ਨੂੰ ਕਮਰੇ ਦੀ ਤਲਾਸ਼ੀ ਲੈਣ ਲਈ ਕਿਹਾ। ਤਲਾਸ਼ੀ ਦੌਰਾਨ ਸ਼ਰਾਬ ਦੀ ਇਕ ਬੋਤਲ ਨਿਕਲ ਆਈ, ਜਿਸ ਵਿਚ ਥੋੜ੍ਹੀ ਜਿਹੀ ਸ਼ਰਾਬ ਸੀ। ਉਹ ਆਪਣੀ ਗਲਤੀ ਮੰਨਦੇ ਹੋਏ ਬੜੀ ਆਜਜ਼ੀ ਨਾਲ ਕਹਿਣ ਲੱਗੇ, 'ਸਾਨੂੰ ਮੁਆਫ਼ ਕਰ ਦਿਓ। ਸਾਡਾ ਮਾਮਾ ਸ਼ਰਾਬੀ ਹੈ, ਉਹ ਆਇਆ ਸੀ ਤੇ ਸਾਨੂੰ ਵੀ ਬਦੋ-ਬਦੀ ਪਿਲਾ ਗਿਆ ਹੈ।' ਮੈਨੂੰ ਤਰਸ ਆਇਆ ਪਰ ਕੇਸ ਤਾਂ ਚੱਲਣਾ ਹੀ ਸੀ। ਮੈਂ ਉਨ੍ਹਾਂ ਨੂੰ ਵਾਰਡਨ ਪਾਸ ਪੇਸ਼ ਕਰ ਦਿਤਾ ਤੇ ਰਿਪੋਰਟ ਲਿਖ ਦਿਤੀ। ਉਨ੍ਹਾਂ ਦੇ ਬਿਆਨ ਵੀ ਲੈ ਲਏ ਗਏ, ਜਿਨ੍ਹਾਂ ਵਿਚ ਉਨ੍ਹਾਂ ਕਸੂਰ ਮੰਨ ਕੇ ਮੁਆਫੀ ਵੀ ਮੰਗ ਲਈ। ਅਗਲੇ ਦਿਨ ਕੇਸ ਪ੍ਰਿੰਸੀਪਲ ਜੋਧ ਸਿੰਘ ਪਾਸ ਫੈਸਲੇ ਲਈ ਭੇਜ ਦਿਤਾ ਗਿਆ।

ਦੋਵੇਂ ਵਿਦਿਆਰਥੀ ਏਨੇ ਘਬਰਾਏ ਕਿ ਮੇਰੇ ਪਾਸ ਆ ਕੇ ਰੋਣ-ਹਾਕੇ ਜਿਹੇ ਹੋ ਕੇ ਕਹਿਣ ਲੱਗੇ, 'ਸਾਨੂੰ ਬਚਾਓ।' ਮੈਂ ਉਨ੍ਹਾਂ ਨੂੰ ਸਮਝਾਇਆ, 'ਇਕ ਤਰੀਕਾ ਹੈ ਬਚਣ ਦਾ। ਜੇ ਤੁਹਾਡਾ ਨਾਨਾ ਜਾਂ ਦਾਦਾ ਜੀਊਂਦਾ ਹੈ ਤਾਂ ਉਸ ਨੂੰ ਬੁਲਾ ਲਓ। ਮੈਂ ਉਸ ਬਜ਼ੁਰਗ ਦੇ ਨਾਲ ਤੁਹਾਨੂੰ ਪ੍ਰਿੰਸੀਪਲ ਸਾਹਿਬ ਦੇ ਪੇਸ਼ ਕਰ ਦਿਆਂਗਾ। ਤੁਸੀਂ ਜਿਸ ਤਰ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਹੋਵੇ ਉਥੇ ਥੋੜ੍ਹੇ ਜਿਹੇ ਅੱਥਰੂ ਵਗਾਣੇ ਹੋਣਗੇ । ਬਾਕੀ ਮੈਂ ਸਾਂਭ ਲਵਾਂਗਾ ।' ਪ੍ਰਿੰਸੀਪਲ ਸਾਹਿਬ ਨੇ ਮੇਰੀ ਰਿਪੋਰਟ ਦੇਖ ਕੇ ਮੈਨੂੰ ਬੁਲਾਇਆ ਤੇ ਕੇਸ ਬਾਰੇ ਵਿਸਥਾਰ ਨਾਲ ਪੁੱਛ-ਗਿੱਛ ਕੀਤੀ । ਮੈਂ ਦੱਸਿਆ, ਇਹ ਛੋਟੀ ਉਮਰ ਦੇ ਮੁੰਡੇ ਹਨ ਤੇ ਪਹਿਲੀ ਵਾਰ ਇਨ੍ਹਾਂ ਨੇ ਪੀਤੀ ਹੈ, ਉਹ ਵੀ ਸੱਕੇ ਮਾਮੇ ਦੇ ਕਹਿਣ ਤੇ । ਸੋ ਸਜ਼ਾ ਘੱਟ ਹੋਣੀ ਚਾਹੀਦੀ ਹੈ । ਭਾਈ ਸਾਹਿਬ ਨੂੰ ਵੀ ਕੁਝ ਤਰਸ ਆਇਆ । ਕਹਿਣ ਲੱਗੇ, 'ਉਨ੍ਹਾਂ ਨੂੰ ਪੇਸ਼ ਕਰੋ, ਮੈਂ ਉਨ੍ਹਾਂ ਨੂੰ ਵੇਖਣਾ ਚਾਹੁੰਦਾ ਹਾਂ ।' ਮੁੰਡਿਆਂ ਨੇ ਮੇਰੀ ਸਲਾਹ ਅਨੁਸਾਰ ਇਕ-ਦਮ ਜਾ ਕੇ ਆਪਣੇ ਨਾਨੇ ਨੂੰ ਲੈ ਆਂਦਾ ਸੀ । ਮੇਰੇ ਨਾਲ ਉਹ ਤਿੰਨੇ ਪੇਸ਼ ਹੋ ਗਏ । ਭਾਈ ਸਾਹਿਬ ਨੇ ਉਨ੍ਹਾਂ ਦੀ ਛੋਟੀ ਉਮਰ, ਉਨ੍ਹਾਂ ਦੇ ਅੱਥਰੂ ਵਗਾਣ ਤੇ ਭਾਈ ਸਾਹਿਬ ਦੇ ਪੈਰੀ ਪੈ ਜਾਣ ਅਤੇ ਨਾਨੇ ਦੇ ਤਰਲੇ-ਮਿੰਨਤ ਕਰਨ ਤੇ ਉਨ੍ਹਾਂ ਨੂੰ ਮੁਆਫ਼ ਕਰ ਦਿਤਾ । ਮੈਨੂੰ ਬੜੀ ਖ਼ੁਸ਼ੀ ਤੇ ਹੈਰਾਨੀ ਹੋਈ, ਕਿਉਂਕਿ ਭਾਈ ਸਾਹਿਬ ਕਸੂਰਵਾਰ ਨੂੰ ਕਦੀ ਮੁਆਫ ਨਹੀਂ ਕਰਦੇ ਸਨ । ਮੈਨੂੰ ਉਨ੍ਹਾਂ ਦੇ ਦਿਲ ਦੀ ਇਹ ਨਰਮੀ ਬਹੁਤ ਚੰਗੀ ਲੱਗੀ । ਮੈਂ ਇਹ ਘਟਨਾ ਡਾ. ਪਿਆਰ ਸਿੰਘ ਨੂੰ ਦੱਸੀ ਤਾਂ ਉਨ੍ਹਾਂ ਇਹ ਵਾਕਿਆ ਆਪਣੀ ਪੁਸਤਕ 'ਭਾਈ ਜੋਧ ਸਿੰਘ : ਜੀਵਨ ਤੇ ਰਚਨਾ' ਵਿਚ ਸੰਖੇਪ ਕਰ ਕੇ ਲਿਖ ਦਿਤਾ ਹੈ (ਪੰਨਾ 42)।

ਭਾਈ ਸਾਹਿਬ ਦੇ ਨਿਮਰਤਾ ਭਾਵ ਬਾਰੇ ਵੀ ਇਕ ਉਦਾਹਰਨ ਮੈਨੂੰ ਯਾਦ ਹੈ, ਜਿਸ ਤੋਂ ਉਨ੍ਹਾਂ ਦੀ ਹਾਜ਼ਰ-ਜਵਾਬੀ ਤੇ ਉਪਦੇਸ਼ ਕਰਨ ਦੀ ਰੁਚੀ ਦਾ ਵੀ ਪਤਾ ਲੱਗਦਾ ਹੈ । ਦੇਸ਼-ਵੰਡ ਤੋਂ ਬਾਅਦ ਜਦ ਪੰਜਾਬ ਯੂਨੀਵਰਸਿਟੀ ਦੇ ਆਰਜ਼ੀ ਦਫਤਰ ਸ਼ਿਮਲਾ ਦੇ ਨੇੜੇ ਸੋਲਨ ਵਿਚ ਖੁੱਲ੍ਹ ਗਏ ਤਾਂ ਯੂਨੀਵਰਸਿਟੀ ਦੇ ਬੋਰਡਾਂ ਆਦਿ ਦੀਆਂ ਕਈ ਮੀਟਿੰਗਾਂ ਅੰਬਾਲਾ ਛਾਉਣੀ ਦੇ ਇਕ ਹੋਟਲ ਵਿਚ ਕੀਤੀਆਂ ਜਾਂਦੀਆਂ ਸਨ । ਭਾਈ ਸਾਹਿਬ ਪੰਜਾਬੀ ਬੋਰਡ ਦੇ ਪ੍ਰਧਾਨ ਸਨ ਅਤੇ ਡਾ. ਸ਼ੇਰ ਸਿੰਘ (ਲੁਧਿਆਣਾ ਵਾਲੇ) ਤੇ ਮੈਂ ਬੋਰਡ ਦੇ ਮੈਂਬਰ ਸਨ । ਅੰਬਾਲਾ ਛਾਉਣੀ ਦੇ ਉਪਰ ਲਿਖੇ ਹੋਟਲ ਵਿਚ ਬੋਰਡ ਦੀ ਮੀਟਿੰਗ ਸੀ । ਹੋਰ ਵੀ ਦੋ-ਤਿੰਨ ਮੈਂਬਰ ਸਨ, ਜੋ ਸ਼ਾਮਲ ਹੋਏ । ਮੀਟਿੰਗ ਤੋਂ ਬਾਅਦ ਛਾਉਣੀ ਸਟੇਸ਼ਨ ਤੋਂ ਭਾਈ ਸਾਹਿਬ, ਡਾ. ਸ਼ੇਰ ਸਿੰਘ ਤੇ ਮੈਂ ਫਲਾਈਂਗ ਮੇਲ ਗੱਡੀ ਫੜਨੀ ਸੀ । ਉਨ੍ਹਾਂ ਦੋਹਾ ਲੁਧਿਆਣੇ (ਭਾਈ ਸਾਹਿਬ ਵੀ ਖ਼ਾਲਸਾ ਕਾਲਜ ਤੋਂ ਰਿਟਾਇਰ ਹੋ ਕੇ ਆਪਣੀ ਕੋਠੀ 496, ਮਾਡਲ ਟਾਊਨ, ਲੁਧਿਆਣਾ ਵਿਚ ਰਹਿੰਦੇ ਸਨ) ਤੇ ਮੈਂ ਸ੍ਰੀ ਅੰਮ੍ਰਿਤਸਰ ਆਉਣਾ ਸੀ । ਗੱਡੀ ਆਉਣ ਵਿਚ ਕੁਝ ਦੇਰ ਸੀ । ਅਸੀਂ ਤਿੰਨੇ ਪਲੇਟਫਾਰਮ ਤੇ ਟਹਿਲਣ ਲੱਗ ਪਏ । ਇਤਫ਼ਾਕ ਨਾਲ ਉਥੇ ਇਕ ਖਾਲੀ ਬੈਂਚ ਸੀ ਪਰ ਉਹ ਬਹੁਤ ਨੀਵਾਂ ਜਿਹਾ ਸੀ । ਡਾ. ਸ਼ੇਰ ਸਿੰਘ ਨੂੰ ਗੋਡਿਆਂ ਵਿਚ ਦਰਦ ਦੀ ਤਕਲੀਫ ਰਹਿੰਦੀ ਸੀ । ਉਹ ਕਹਿਣ ਲੱਗੇ, 'ਆਓ ਭਾਈ ਸਾਹਿਬ, ਬੈਠ ਜਾਈਏ ।' ਭਾਈ ਸਾਹਿਬ ਮੰਨ ਗਏ । ਜਦ ਅਸੀਂ ਉਸ ਨੀਵੇਂ ਬੈਂਚ ਪਾਸ ਆਏ ਤਾਂ ਡਾਕਟਰ ਸਾਹਿਬ ਕਹਿਣ ਲੱਗੇ, 'ਇਹ ਤਾਂ ਬਹੁਤ ਨੀਵਾਂ ਹੈ, ਕਿਵੇਂ ਬੈਠਾਂਗੇ ।' ਭਾਈ ਸਾਹਿਬ ਨੇ ਇਕ-ਦਮ ਕਿਹਾ, 'ਡਾਕਟਰ ਸ਼ੇਰ ਸਿੰਘ, ਕਦੀ ਨਿਮਰਤਾ ਵਿਚ ਵੀ ਆਇਆ ਕਰੋ, ਹਰ ਵੇਲੇ ਆਪਣੀ ਪਦਵੀ ਦੇ ਮਾਣ ਵਿਚ ਰਹਿੰਦੇ ਹੋ ।' ਡਾਕਟਰ ਸਾਹਿਬ ਨਿਰੁੱਤਰ ਹੋ ਕੇ ਸਾਡੇ ਨਾਲ ਬੈਂਚ ਤੇ ਬੈਠ ਗਏ । ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਕਏ ਤੋਂ ਭਾਈ ਸਾਹਿਬ ਦੀ ਵਡਿੱਤਣ ਦਾ ਪ੍ਰਮਾਣ ਮਿਲਦਾ ਹੈ।

ਰਿਟਾਇਰ ਹੋਣ ਤੋਂ ਦੋ ਕੁ ਸਾਲ ਬਾਅਦ ਭਾਈ ਸਾਹਿਬ ਇਕ ਵਾਰੀ ਕਾਲਜ ਵਿਚ ਆਏ ਤੇ ਵੱਡੇ ਕਵਾਟਰਾਂ ਵਿਚ ਪ੍ਰੋਫ਼ੈਸਰਾਂ ਨੂੰ ਮਿਲਣ ਲਈ ਵੀ ਗਏ। ਇਕ ਕਵਾਟਰ ਦੇ ਸਾਹਮਣੇ ਬਾਹਰ ਅਸੀਂ ਕੁਝ ਪ੍ਰੋਫ਼ੈਸਰ ਉਨ੍ਹਾਂ ਪਾਸ ਜੁੜ ਬੈਠੇ। ਕਾਲਜ ਦੀ ਨਵੀਂ ਸਥਿਤੀ ਬਾਰੇ ਇਕ ਪ੍ਰੋਫ਼ੈਸਰ ਨੇ ਕਿਹਾ ਕਿ ਭਾਈ ਸਾਹਿਬ ਆਪ ਦੇ ਸਮੇਂ ਤਾਂ ਕਾਲਜ ਵਿਚ ਬੜਾ ਡਿਸਿਪਲਨ ਸੀ, ਹੁਣ ਤਾਂ ਹਾਲਤ ਹੋਰ ਹੋ ਗਈ ਹੈ। ਇਹ ਸਮਾਂ ਪ੍ਰਿੰ. ਇੰਦਰ ਸਿੰਘ ਦੇ ਪ੍ਰਸ਼ਾਸਨ ਕਾਲ ਦਾ ਸੀ ਤੇ ਸਮੁੱਚਾ ਕੰਟਰੋਲ ਢਿੱਲਾ ਹੋ ਗਿਆ ਸੀ। ਭਾਈ ਸਾਹਿਬ ਕਹਿਣ ਲੱਗੇ ਦੁਨੀਆ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ। ਕੰਮ ਤਾਂ ਚਲਦਾ ਹੀ ਰਹਿੰਦਾ ਹੈ, ਕਦੀ ਚੰਗਾ ਕਦੀ ਮਾੜਾ। ਉਨ੍ਹਾਂ ਮਿਸਾਲ ਦਿਤੀ ਕਿ ਸਰ ਮੈਲਕਮ ਹੇਲੀ ਪੰਜਾਬ ਦਾ ਬੜਾ ਸਫਲ, ਮਿਹਨਤੀ ਤੇ ਜਾਬਰ (ਰੁਅਬਦਾਰ) ਗਵਰਨਰ ਸੀ, ਉਸ ਤੋਂ ਪਿਛੋਂ ਸਰ ਹੈਨਰੀ ਕਰੇਕ ਗਵਰਨਰ ਬਣਿਆ ਤਾਂ ਸਾਰਾ ਕੰਮ ਢਿੱਲਾ ਪੈ ਗਿਆ, ਕਿਉਂਕਿ ਉਹ ਐਸ਼-ਪਸੰਦ ਤੇ ਬੇਪਰਵਾਹ ਵਿਅਕਤੀ ਸੀ। ਪਰ ਸਮਾਂ ਦੋਹਾਂ ਦਾ ਲੰਘ ਹੀ ਗਿਆ। ਇਸ ਤਰ੍ਹਾਂ ਉਨ੍ਹਾਂ ਨੇ ਪ੍ਰਿੰ. ਇੰਦਰ ਸਿੰਘ ਬਾਰੇ ਨੁਕਤਾਚੀਨੀ ਟਾਲ ਦਿੱਤੀ।

ਇਹ ਸ਼ਾਇਦ 1946 ਦੀ ਗੱਲ ਹੈ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਕੁਝ ਸੀਨੀਅਰ ਮੈਂਬਰ ਸਰਦਾਰ ਬਹਾਦਰ ਡਾ. ਸੋਹਨ ਸਿੰਘ, ਸਰਦਾਰ ਤਰਲੋਚਨ ਸਿੰਘ, ਸ. ਸਤਿੰਦਰ ਸਿੰਘ, ਸਰਦਾਰ ਸੰਤ ਸਿੰਘ, ਸ. ਹਰਨਾਮ ਸਿੰਘ ਨੌਸ਼ਾਦਰ ਵਾਲੇ ਆਦਿ ਇਕ ਦਿਨ ਕਾਲਜ ਵਿਚ ਆਏ। ਸਾਰੇ ਸਟਾਫ ਦੀ ਇਕੱਤ੍ਰਤਾ ਬੁਲਾਈ ਗਈ। ਉਸ ਵਿਚ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਵਾਰੀ ਵਾਰੀ ਕਾਲਜ ਵਿਚ ਸਿੱਖ ਧਰਮ ਦੇ ਆਦਰਸ਼ਾਂ ਦੀ ਪੂਰਤੀ ਲਈ ਅਮਲੀ ਕਦਮ ਚੁੱਕੇ ਜਾਣ ਦੀ ਗੱਲ ਤੋਰੀ। ਇਹ ਕਿਹਾ ਗਿਆ ਕਿ ਪ੍ਰੋਫ਼ੈਸਰ ਤੇ ਵਿਦਿਆਰਥੀ ਨਿੱਤ ਨੇਮ ਦੇ ਪਾਠੀ ਹੋਣ, ਕੀਰਤਨ ਸਿੱਖਣ, ਮਾਲਾ ਫੇਰਨ, ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜਾਇਆ ਕਰਨ, ਰੋਜ਼ ਕਾਲਜ ਗੁਰਦਵਾਰੇ ਵਿਚ ਹਾਜ਼ਰ ਹੋਣ, ਗੁਰਬਾਣੀ ਯਾਦ ਕਰਨ, ਗੱਲ ਕੀ, ਉਨ੍ਹਾਂ ਸਿੱਖੀ ਆਸ਼ਿਆਂ ਖ਼ਾਤਰ ਜਿਨ੍ਹਾਂ ਲਈ, ਖ਼ਾਲਸਾ ਕਾਲਜ ਖੋਲ੍ਹਿਆ ਗਿਆ ਸੀ, ਵੱਧ ਤੋਂ ਵੱਧ ਸੁਚੇਤ ਹੋਣ। ਡਾ. ਸੋਹਨ ਸਿੰਘ ਨੇ ਇਕ ਕਾਗਜ਼ ਕੱਢ ਕੇ ਗੁਰੂ ਰਾਮਦਾਸ ਜੀ ਦਾ ਪ੍ਰਸਿੱਧ ਸ਼ਬਦ 'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ...।' ਪੜ੍ਹ ਕੇ ਸੁਣਾਇਆ। ਸਰਦਾਰ ਤਰਲੋਚਨ ਸਿੰਘ ਸਿੱਖੀ ਜਜ਼ਬੇ ਅਧੀਨ ਏਨੇ ਭਾਵੁਕ ਹੋਏ ਕਿ ਉਨ੍ਹਾਂ ਦੀਆਂ ਅੱਖਾਂ ਵਿਚ ਅਥਰੂ ਆ ਗਏ। ਸ. ਸੰਤ ਸਿੰਘ ਨੇ ਆਪਣੀ ਜੇਬ ਵਿਚੋਂ ਮਾਲਾ ਕੱਢ ਕੇ ਵਿਖਾਈ। ਇਹ ਉਪਦੇਸ਼ ਅਜੇ ਚੱਲ ਹੀ ਰਿਹਾ ਸੀ ਕਿ ਪ੍ਰਿੰ. ਭਾਈ ਜੋਧ ਸਿੰਘ ਉੱਠ ਕੇ ਖੜ੍ਹੇ ਹੋ ਗਏ ਤੇ ਕਹਿਣ ਲੱਗੇ, 'ਇਹ ਜੋ ਡਾ. ਸਾਹਿਬ ਨੇ ਸ਼ਬਦ ਕਾਗਜ਼ ਤੋਂ ਪੜ੍ਹ ਕੇ ਸੁਣਾਇਆ ਹੈ, ਇਹ ਮੈਨੂੰ ਜ਼ਬਾਨੀ ਯਾਦ ਹੈ। ਮੇਰਾ ਤਾਂ ਕੰਮ ਹੀ ਗੁਰਬਾਣੀ ਪੜ੍ਹਾਣਾ ਅਤੇ ਸਿੱਖ ਧਰਮ ਦੀ ਸਿਖਿਆ ਦੇਣਾ ਹੈ। ਇਸ ਲਈ ਮੈਂ ਇਹ ਸਾਰੀਆਂ ਧਾਰਮਕ ਗੱਲਾਂ ਜਾਣਦਾ ਹਾਂ ਪਰ ਮੈਨੂੰ ਇਹ ਦੱਸਿਆ ਜਾਏ ਕਿ ਇਨ੍ਹਾਂ ਪ੍ਰੋਫ਼ੈਸਰਾਂ ਨੂੰ ਤਨਖ਼ਾਹ ਕੈਮਿਸਟਰੀ, ਬਾਟਨੀ, ਹਿਸਟਰੀ, ਆਦਿ ਮਜ਼ਮੂਨ ਪੜ੍ਹਾਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਣੀ ਹੈ ਕਿ ਪਾਠ ਕਰਦੇ ਰਹਿਣ ਜਾਂ ਮਾਲਾ ਫੇਰਦੇ ਰਹਿਣ ਕਰ ਕੇ ਮਿਲਣੀ ਹੈ। ਜੇ ਇਨ੍ਹਾਂ ਵਲੋਂ ਇਮਤਿਹਾਨਾਂ ਦੇ ਚੰਗੇ ਨਤੀਜੇ ਦਿਖਾਏ ਜਾਣ ਦੀ ਸ਼ਰਤ ਹਟਾ ਦਿੱਤੀ ਜਾਏ ਤਾਂ ਮੈਂ ਇਹ ਸਾਰੇ ਧਾਰਮਕ ਟੀਚੇ ਪੂਰੇ ਕਰਾ ਸਕਦਾ ਹਾਂ ਜੋ ਇਥੇ ਬੜੇ ਜੋਸ਼ ਨਾਲ ਪ੍ਰਗਟ ਕੀਤੇ ਗਏ ਹਨ।' ਭਾਈ ਸਾਹਿਬ ਦੇ ਇਹ ਖਰੇ ਖਰੇ ਬਚਨ ਸੁਣ ਕੇ ਮੈਂਬਰ ਸਾਹਿਬਾਨ ਆਦਰਸ਼-ਵਾਦ ਦੇ ਆਕਾਸ਼ ਤੋਂ ਹੇਠਾਂ ਉਤਰ ਕੇ ਯਥਾਰਥ ਦੀ ਦੁਨੀਆ ਵਿਚ ਪ੍ਰਵੇਸ਼ ਕਰ ਗਏ ਅਤੇ ਚੁੱਪ ਚਾਪ ਦਿਲ ਦੀਆਂ ਦਿਲ ਵਿਚ ਲੈ ਕੇ ਚਲੇ ਗਏ।

ਮਾਰਚ 1947 ਦੇ ਸ਼ੁਰੂ ਵਿਚ ਜਦ ਸ੍ਰੀ ਅੰਮ੍ਰਿਤਸਰ ਵਿਚ ਫਿਰਕੂ ਦੰਗੇ ਫਸਾਦ ਸ਼ੁਰੂ ਹੋ ਗਏ ਤਾਂ ਉਨ੍ਹਾਂ ਦਿਨਾਂ ਵਿਚ ਕਾਲਜ ਦੇ ਦੋ ਸਿੱਖ ਵਿਦਿਆਰਥੀਆਂ ਨੇ ਕਾਲਜ ਦੇ ਪਿਛਲੇ ਪਾਸੇ ਰਾਮ ਤੀਰਥ ਸੜਕ ਤੇ ਇਕ ਮੁਸਲਮਾਨ ਗੁੱਜਰ ਦਾ ਦੁੱਧ ਨਾਲ ਲੱਦਿਆ ਸਾਈਕਲ ਰੋਕ ਲਿਆ ਤੇ ਉਸ ਨੂੰ ਕਿਰਪਾਨਾਂ ਮਾਰ ਕੇ ਵੱਢ ਦਿੱਤਾ। ਜਦ ਇਹ ਖ਼ਬਰ ਫੈਲ ਗਈ ਤੇ ਭਾਈ ਜੋਧ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਸਾਰੇ ਸਟਾਫ਼ ਤੇ ਵਿਦਿਆਰਥੀਆਂ ਦੀ ਮੀਟਿੰਗ ਬੁਲਾ ਕੇ ਬੜੇ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਨੂੰ ਸਮਝਾਇਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦਾ ਬੜਾ ਉੱਚਾ ਆਦਰਸ਼ ਨਿਸਚਿਤ ਕੀਤਾ ਸੀ। ਕਿਸੇ ਨਿਹੱਤੇ ਤੇ ਦੁਰਬਲ ਦੁਸ਼ਮਨ ਨੂੰ ਮਾਰਨਾ ਕੋਈ ਬਹਾਦਰੀ ਨਹੀਂ ਸਗੋਂ ਕਾਇਰਤਾ ਹੈ। ਦੋ ਚਾਰ ਮੁਸਲਮਾਨ ਮਾਰ ਕੇ ਤੁਸੀਂ ਕੀ ਸਵਾਰ ਲਵੋਗੇ ? ਸਗੋਂ ਇਸ ਤਰ੍ਹਾਂ ਕਰਨ ਨਾਲ ਆਪਣੇ ਆਪ ਨੂੰ ਤੇ ਆਪਣੇ ਧਰਮ ਨੂੰ ਦੁਨੀਆ ਵਿਚ ਬਦਨਾਮ ਕਰੋਗੇ। ਇਸ ਉਪਦੇਸ਼ ਤੋਂ ਬਾਅਦ ਵਿਦਿਆਰਥੀਆਂ ਨੇ ਨਾ ਕੇਵਲ ਕੋਈ ਮੁਸਲਮਾਨ ਕਤਲ ਕਰਨ ਤੋਂ ਸੰਕੋਚ ਕੀਤਾ ਸਗੋਂ ਕਾਲਜ ਵਿਚ ਪੜ੍ਹਦੇ ਤੇ ਹੋਸਟਲ ਵਿਚ ਰਹਿੰਦੇ ਮੁਸਲਮਾਨ ਲੜਕਿਆਂ ਦੀ ਪੂਰੀ ਰੱਖਿਆ ਕੀਤੀ।

ਸੰਨ 1958 ਵਿਚ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਬੋਰਡ ਦੀ ਜਲੰਧਰ ਸਰਕਾਰੀ ਕਾਲਜ ਆਫ ਐਜੂਕੇਸ਼ਨ ਵਿਚ ਇਕ ਮੀਟਿੰਗ ਸੀ। ਭਾਈ ਜੋਧ ਸਿੰਘ ਬੋਰਡ ਦੇ ਪ੍ਰਧਾਨ ਸਨ। ਮੈਂ ਵੀ ਇਸ ਦਾ ਮੈਂਬਰ ਸੀ। ਪੁਸਤਕਾਂ ਕੋਰਸਾਂ ਵਜੋਂ ਲਗਣੀਆਂ ਸਨ। ਇਕ ਨੌਜਵਾਨ ਲੇਖਕ ਦੀ ਇਕ ਪੁਸਤਕ ਵੀ ਵਿਚਾਰ ਅਧੀਨ ਸੀ। ਜਦ ਪਤਾ ਲੱਗਾ ਕਿ ਉਹ ਨੌਜਵਾਨ ਲੇਖਕ ਅਜੇ ਇਕ ਕਾਲਜ ਦਾ ਵਿਦਿਆਰਥੀ ਹੈ ਤਾਂ ਭਾਈ ਸਾਹਿਬ ਕਹਿਣ ਲੱਗੇ, ਇਕ ਵਿਦਿਆਰਥੀ ਦੀ ਪੁਸਤਕ ਕੋਰਸ ਵਜੋਂ ਲਗਾਉਣੀ ਉਚਿਤ ਨਹੀਂ, ਅਜੇ ਉਸ ਨੂੰ ਸਬਰ ਕਰਨਾ ਚਾਹੀਦਾ ਹੈ। ਮੀਟਿੰਗ ਤੋਂ ਬਾਅਦ ਜਦ ਬਾਹਰ ਆਏ ਤਾਂ ਪ੍ਰੋ. ਮੋਹਨ ਸਿੰਘ (ਜੋ ਉਦੋਂ ਇਕ ਪ੍ਰਕਾਸ਼ਕ ਸੀ), ਪ੍ਰਿੰ. ਸੰਤ ਸਿੰਘ ਸੇਖੋਂ ਅਤੇ ਹੋਰ ਕਈ ਪ੍ਰਕਾਸ਼ਕ ਬਾਹਰ ਆਪਣੀਆਂ ਪੁਸਤਕਾਂ ਦੀ ਕਿਸਮਤ ਦਾ ਫੈਸਲਾ ਜਾਣਨ ਲਈ ਖੜੇ ਸਨ। ਉਸ ਨੌਜਵਾਨ ਲੇਖਕ ਦਾ ਸਮਰਥਕ ਜੋ ਇਕ ਉੱਘਾ ਰਾਜਸੀ ਵਿਅਕਤੀ ਸੀ ਵੀ ਮੌਜੂਦ ਸੀ। ਜਦ ਉਨ੍ਹਾਂ ਸੱਜਨਾਂ ਨੂੰ ਦੱਸਿਆ ਗਿਆ ਕਿ ਨੌਜਵਾਨ ਲੇਖਕ ਨੂੰ ਅਜੇ ਕੁਝ ਸਮਾਂ ਸਬਰ ਕਰਨ ਦੀ ਲੋੜ ਹੈ ਤਾਂ ਉਸ ਦਾ ਸਮਰਥਕ ਕਾਫ਼ੀ ਨਿਰਾਸ ਹੋਇਆ। ਪ੍ਰਿੰ. ਸੇਖੋਂ ਨੇ ਸ਼ਾਹ ਮੁਹੰਮਦ ਦੀ ਮਸ਼ਹੂਰ ਤੁਕ 'ਸ਼ਾਹ ਮੁਹੰਮਦਾ ਅਜੇ ਨਹੀਂ ਜ਼ੋਰ ਸਾਡਾ...' ਸੁਣਾ ਕੇ ਹਾਸੇ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਲ ਟਾਲ ਦਿੱਤੀ। ਇਸ ਘਟਨਾ ਵਿਚੋਂ ਭਾਈ ਜੋਧ ਸਿੰਘ ਦੀ ਡੂੰਘੀ ਸੂਝ ਬੂਝ, ਫੈਸਲੇ ਦੀ ਦਲੇਰੀ ਅਤੇ ਦੂਰ ਅੰਦੇਸ਼ੀ (ਦੁਰੇਡੀ ਸੋਚ) ਦਾ ਪਤਾ ਲੱਗਦਾ ਹੈ।

ਮਾਲਵਾ ਟਰੇਨਿੰਗ ਕਾਲਜ ਲੁਧਿਆਣਾ (ਜਿਸਦੇ ਡਾ. ਸ਼ੇਰ ਸਿੰਘ ਪ੍ਰਿੰਸੀਪਲ ਸਨ) ਵਿਚ ਪੰਜਾਬੀ ਬੋਰਡ ਦੀ ਮੀਟਿੰਗ ਸੀ। ਭਾਈ ਜੋਧ ਸਿੰਘ ਮੀਟਿੰਗ ਦੇ ਪ੍ਰਧਾਨ ਸਨ ਤੇ ਡਾ. ਸ਼ੇਰ ਸਿੰਘ ਮੈਂਬਰ ਵੀ ਸਨ ਤੇ ਸਾਡੇ ਮੇਜ਼ਬਾਨ (host) ਵੀ ਸਨ। ਸਰਦੀਆਂ ਦੇ ਦਿਨ ਸਨ, 11 ਵਜੇ ਮੀਟਿੰਗ ਸ਼ੁਰੂ ਹੋਣੀ ਸੀ ਅਤੇ 12 ਵਜੇ ਲੰਚ। ਭਾਈ ਜੋਧ ਸਿੰਘ ਸਮੇਂ ਤੋਂ 10 ਮਿੰਟ ਪਹਿਲਾਂ ਹੀ ਆ ਗਏ। ਡਾ. ਸ਼ੇਰ ਸਿੰਘ ਤੇ ਮੇਰੇ ਸਮੇਤ ਹੋਰ ਕੁਝ ਮੈਂਬਰ ਵੀ ਆ ਗਏ ਸਨ। ਇਕ ਮੈਂਬਰ ਅਜੇ ਨਹੀਂ ਪਹੁੰਚਿਆ ਸੀ। ਇਧਰ ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਜਦੋਂ 11 ਵੱਜ ਗਏ ਤਾਂ ਭਾਈ ਸਾਹਿਬ ਇਕ ਦਮ ਉੱਠ ਕੇ ਮੀਟਿੰਗ ਦੇ ਕਮਰੇ ਵਿਚ ਜਾਣ ਲਈ ਤਿਆਰ ਹੋ ਗਏ। ਕਿਸੇ ਨੇ ਕਿਹਾ ਕਿ ਜੋ ਮੈਂਬਰ ਨਹੀਂ ਆਇਆ ਉਸ ਨੂੰ ਉਡੀਕ ਲਈਏ। ਭਾਈ ਸਾਹਿਬ ਇਹ ਨਾ ਮੰਨੇ ਕਿਉਂਕਿ ਉਹ ਸਮੇਂ ਦੇ ਪੂਰੇ ਪਾਬੰਦ ਹੁੰਦੇ ਸਨ। ਮੀਟਿੰਗ ਭਾਈ ਸਾਹਿਬ ਦੇ ਲੰਮੇ ਤਜਰਬੇ ਅਤੇ ਕਾਰਜ-ਕੁਸ਼ਲਤਾ (efficiency) ਸਦਕਾ ਅੱਧੇ ਘੰਟੇ ਵਿਚ ਮੁੱਕ ਗਈ। ਇਕ ਸੱਜਨ ਜੋ ਨਵੇਂ ਮੈਂਬਰ ਬਣੇ ਸਨ, ਕਹਿਣ ਲੱਗੇ 'ਬੱਸ ਭਾਈ ਸਾਹਿਬ! ਮੀਟਿੰਗ ਮੁੱਕ ਗਈ!' ਭਾਈ ਸਾਹਿਬ ਕਹਿਣ ਲੱਗੇ, 'ਜੇ ਤੁਸੀਂ ਚਾਹੁੰਦੇ ਹੋ ਤਾਂ ਇਕ ਵਾਰੀ ਫੇਰ ਕਰ ਲੈਂਦੇ ਹਾਂ।' ਸਾਰੇ ਇਸ ਗੱਲ ਤੇ ਹੱਸ ਪਏ। ਫਿਰ ਭਾਈ ਸਾਹਿਬ ਕਹਿਣ ਲੱਗੇ ਲੰਚ ਵਿਚ ਅਜੇ ਅੱਧਾ ਘੰਟਾ ਬਾਕੀ ਹੈ, ਚਲੋ ਨੇੜੇ ਹੀ ਸ਼ਹਿਰ ਵਿਚ ਅਕਾਲੀ ਕਾਨਫਰੰਸ ਹੋ ਰਹੀ ਹੈ ਉਹ ਵੇਖ ਆਈਏ। ਸੰਤ ਫਤਹ ਸਿੰਘ ਓਦੋਂ ਮਾਸਟਰ ਤਾਰਾ ਸਿੰਘ ਦੀ ਥਾਂ ਵੱਡੇ ਅਕਾਲੀ ਲੀਡਰ ਬਣੇ ਹੀ ਸਨ। ਭਾਈ ਸਾਹਿਬ ਉਨ੍ਹਾਂ ਨੂੰ ਦੇਖਣਾ ਚਾਹੁੰਦੇ ਸਨ। ਭਾਈ ਸਾਹਿਬ ਦੀ ਕਾਰ ਵਿਚ ਬੈਠ ਕੇ ਅਸੀਂ 4-5 ਮੈਂਬਰ ਕਾਨਫਰੰਸ ਦੇ ਸਥਾਨ ਤੇ ਜਾ ਪੁੱਜੇ। ਰਾਤ ਨੂੰ ਹਨੇਰੀ ਤੇ ਬਾਰਸ਼ ਕਾਰਨ ਪੰਡਾਲ ਡਿੱਗ ਪਿਆ ਸੀ। ਇਸ ਲਈ ਸੰਗਤ ਬਾਹਰ ਧੁੱਪੇ ਹੀ ਸੱਜੀ ਹੋਈ ਸੀ। ਭਾਈ ਸਾਹਿਬ ਪੁੱਛਣ ਲੱਗੇ, 'ਦੇਖੋ ਸਟੇਜ ਤੇ ਸੰਤ ਫਤਹ ਸਿੰਘ ਕਿੱਥੇ ਬੈਠਾ ਹੈ?' ਜਦ ਉਨ੍ਹਾਂ ਨੇ ਉਸ ਨੂੰ ਦੂਰੋਂ ਦੇਖਿਆ ਤਾਂ ਕਹਿਣ ਲੱਗੇ, 'ਪੂਰੀ ਤਰ੍ਹਾਂ ਨਹੀਂ ਦਿੱਸਿਆ, ਚਲੋ ਸੰਗਤ ਦੀ ਪ੍ਰਕਰਮਾ ਕਰੀਏ। ਜਦ ਅਸੀਂ ਪ੍ਰਕਰਮਾ ਕਰ ਰਹੇ ਸਾਂ ਤਾਂ ਇਕ ਥਾਂ ਤੋਂ ਸਟੇਜ ਨੇੜੇ ਸੀ ਉਥੋਂ ਸੰਤ ਫਤਹ ਸਿੰਘ ਨੂੰ ਉਨ੍ਹਾਂ ਠੀਕ ਤਰ੍ਹਾਂ ਦੇਖ ਲਿਆ। ਫਿਰ ਕਹਿਣ ਲੱਗੇ, ਸੰਗਤ ਦੇ ਦਰਸ਼ਨ ਬੜੇ ਦੁਰਲੱਭ ਹੁੰਦੇ ਹਨ। ਸੰਗਤ ਵਿਚ ਪਰਮਾਤਮਾ ਵੱਸਦਾ ਹੈ। ਚਲੋ ਹੁਣ ਦੇਖੀਏ ਲੰਗਰ ਦਾ ਕੀ ਪ੍ਰਬੰਧ ਹੈ? ਉਹ ਲੰਗਰ ਚਲਾਣ ਦੇ ਬੜੇ ਮਾਹਿਰ ਸਨ। ਸਿੱਖ ਐਜੂਕੇਸ਼ਨ ਕਾਨਫਰੰਸਾਂ ਵਿਚ ਉਹ ਆਮ ਕਰ ਕੇ ਲੰਗਰ ਦੇ ਇੰਚਾਰਜ ਹੁੰਦੇ ਰਹੇ ਸਨ। ਲੰਗਰ ਦੀ ਸਫ਼ਾਈ ਆਦਿ ਵੇਖ ਕੇ ਕਹਿਣ ਲੱਗੇ, 'ਚਲੋ ਹੁਣ ਵਾਪਸ ਚਲੀਏ।' 12 ਵਜੇ ਲੰਚ ਵਾਲੀ ਥਾਂ ਤੇ ਪਹੁੰਚ ਗਏ। ਉਸ ਦਿਨ ਮੈਨੂੰ ਜੀਵਨ ਵਿਚ ਪਹਿਲੀ ਵਾਰੀ ਅਮਲੀ ਤੌਰ ਤੇ ਸਮਝ ਆਈ ਕਿ ਸੰਗਤ ਦੀ ਕੀ ਮਹੱਤਾ ਹੈ। ਇਹ ਸਮਝ ਭਾਈ ਸਾਹਿਬ ਵਰਗੇ ਸਿਆਣੇ ਤੇ ਚੰਗੇ ਗੁਰਸਿੱਖ ਪਾਸੋਂ ਹੀ ਪ੍ਰਾਪਤ ਹੋ ਸਕਦੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਲਵਾ ਟਰੇਨਿੰਗ ਕਾਲਜ ਲੁਧਿਆਣਾ ਵਿਚ ਹੀ ਇਕ ਹੋਰ ਪੰਜਾਬੀ ਬੋਰਡ ਦੀ ਮੀਟਿੰਗ ਦੌਰਾਨ ਇਕ ਮੈਂਬਰ ਨੇ ਭਾਈ ਜੋਧ ਸਿੰਘ ਨੂੰ ਹਮਦਰਦੀ ਦੇ ਢੰਗ ਵਿਚ ਪੁੱਛਿਆ। 'ਭਾਈ ਸਾਹਿਬ ! ਪ੍ਰਿੰ. ਤੇਜਾ ਸਿੰਘ ਨੇ ਆਪਣੀ ਪੁਸਤਕ 'ਆਰਸੀ' ਵਿਚ ਆਪ ਦੇ ਬਾਰੇ ਜੋ ਲਿਖਿਆ ਹੈ ਉਹ ਆਪ ਨੇ ਪੜ੍ਹ ਲਿਆ ਹੈ ?' ਭਾਈ ਸਾਹਿਬ ਇਕ ਦਮ ਸਾਰੀ ਗੱਲ ਸਮਝ ਗਏ ਤੇ ਕਹਿਣ ਲੱਗੇ, 'ਹਾਂ ਮੈਂ ਪੜ੍ਹ ਲਿਆ ਹੈ ! ਪਰ ਪ੍ਰਿੰ. ਤੇਜਾ ਸਿੰਘ ਨੇ ਆਰਸੀ ਦਿਖਾਈ ਹੈ, ਜੇ ਮੈਂ ਉਸ ਨੂੰ ਸ਼ੀਸ਼ਾ ਦਿਖਾਇਆ ਤਾਂ ਉਹ ਭਾਰਤ ਛੱਡ ਕੇ ਬਾਹਰ ਦੌੜ ਜਾਏਗਾ।' ਅਸੀਂ ਸਭ ਇਸ ਗੱਲ ਤੋਂ ਹੈਰਾਨ ਹੋਏ। ਫਿਰ ਸਾਨੂੰ ਬਾਅਦ ਵਿਚ ਪਤਾ ਲੱਗਾ ਕਿ 'ਆਰਸੀ' ਵਿਚ ਪ੍ਰਿੰ. ਤੇਜਾ ਸਿੰਘ ਨੇ ਲਿਖਿਆ ਹੈ ਕਿ ਜੇ ਭਾਈ ਜੋਧ ਸਿੰਘ ਅਤੇ ਪ੍ਰਿੰ. ਨਿਰੰਜਨ ਸਿੰਘ (ਮਾਸਟਰ ਤਾਰਾ ਸਿੰਘ ਦੇ ਛੋਟੇ ਭਾਈ) ਆਪਸ ਵਿਚ ਸਾਂਢੂ ਨਾ ਹੁੰਦੇ ਤਾਂ ਪੰਜਾਬ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ। ਪਰੰਤੂ ਭਾਈ ਸਾਹਿਬ ਦੇ ਉਪਰ ਲਿਖੇ ਕਥਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਪਾਸ ਕੋਈ ਅਜੇਹੀ ਲੁਕਵੀਂ ਜਾਣਕਾਰੀ ਪ੍ਰਿੰ. ਤੇਜਾ ਸਿੰਘ ਬਾਰੇ ਸੀ ਜਿਸ ਨੂੰ ਉਹ ਛੁਪਾਈ ਰੱਖਣਾ ਚਾਹੁੰਦੇ ਸਨ। ਇਹ ਉਨ੍ਹਾਂ ਦੀ ਵਡਿੱਤਨ ਤੇ ਸੁਹਿਰਦਤਾ ਦਾ ਸਬੂਤ ਹੈ ਕਿਉਂ ਕਿ ਦੂਜਿਆਂ ਦੇ ਔਗਣ ਛੁਪਾਈ ਰੱਖਣਾ ਬਹੁਤ ਵੱਡਾ ਤੇ ਦੁਰਲੱਭ ਦੈਵੀ ਗੁਣ ਹੈ।

ਭਾਈ ਸਾਹਿਬ ਦਾ ਜੀਵਨ ਤਜਰਬਾ, ਜਿਵੇਂ ਉਪਰ ਲਿਖਿਆ ਹੈ, ਬਹੁਤ ਠੋਸ ਤੇ ਨਿੱਗਰ ਕਿਸਮ ਦਾ ਸੀ। ਇਕ ਵਾਰੀ ਉਨ੍ਹਾਂ ਪਤੀ-ਪਤਨੀ ਦੇ ਪਰਸਪਰ ਝਗੜੇ ਦੇ ਨਿਗੂਣੇਪਨ ਦੇ ਵਿਸ਼ੇ ਬਾਰੇ ਇਕ ਵਾਰਤਾ ਸੁਣਾਈ ਕਿ ਇਕ ਔਰਤ ਆਪਣੇ ਪਤੀ ਨਾਲ ਗੁੱਸੇ ਹੋ ਕੇ ਏਨੀ ਭੜਕ ਉੱਠੀ ਕਿ ਜੋਸ਼ ਵਿਚ ਘਰ ਛੱਡ ਕੇ ਚਲੇ ਜਾਣ ਲਈ ਤਿਆਰ ਹੋ ਗਈ। ਉਸ ਦੇ ਪਤੀ ਨੇ ਬਹੁਤ ਸਮਝਾਇਆ ਕਿ ਕਿਥੇ ਜਾਏਂਗੀ ਤੇ ਕਿਥੋਂ ਖਾਏਂਗੀ ? ਪਰ ਉਹ ਬਹੁਤ ਜ਼ਿੱਦੀ ਸੀ, ਘਰੋਂ ਕਾਹਲੀ ਤੇ ਗੁੱਸੇ ਨਾਲ ਬਾਹਵਾਂ ਮਾਰਦੀ ਨਿਕਲ ਪਈ। ਜਦ ਉਹ ਪਿੰਡ ਦੇ ਬਾਹਰ ਗਈ ਤਾਂ ਏਨੇ ਵਿਚ ਹੀ ਉਸ ਦਾ ਜੋਸ਼ ਕੁਝ ਠੰਢਾ ਹੋ ਗਿਆ ਤੇ ਸੋਚਣ ਲੱਗੀ ਕਿ 'ਕਿਥੇ ਜਾਵਾਂਗੀ ?' ਇਸ ਤਰ੍ਹਾਂ ਕਾਹਲੀ ਵਿਚ ਜਾ ਰਹੀ ਸੀ ਕਿ ਪਿੰਡ ਦੇ ਬਾਹਰ ਇਕ ਛਾਪੇ ਨਾਲ ਉਸ ਦੀ ਚੁੰਨੀ ਅੜ ਗਈ। ਉਹ ਉਥੇ ਖਲੋ ਗਈ ਤੇ ਕੰਡਿਆਂ ਵਾਲੇ ਛਾਪੇ (ਟਹਿਣੀ) ਨੂੰ ਕਹਿਣ ਲੱਗੀ, 'ਖਸਮਾਂ ਨੂੰ ਖਾਣਾ ਮੈਨੂੰ ਜਾਣ ਨਹੀਂ ਦੇਂਦਾ। ਨਹੀਂ ਤਾਂ ਮੈਂ ਕਦੀ ਰਹਿਣ ਵਾਲੀ ਸਾਂ।' ਉਥੋਂ ਹੀ ਮੁੜ ਆਈ ਤੇ ਆਪਣੇ ਪਤੀ ਨੂੰ ਕਹਿਣ ਲੱਗੀ—'ਜੇ ਮੈਨੂੰ ਛਾਪਾ ਨਾ ਰੋਕ ਲੈਂਦਾ ਤਾਂ ਕਦੀ ਵੀ ਇਥੇ ਮੁੜ ਕੇ ਨਾ ਆਉਂਦੀ।'

ਇਸੇ ਤਰ੍ਹਾਂ ਭਾਈ ਸਾਹਿਬ ਨੇ ਇਕ ਵਾਰੀ ਇਕ ਹੋਰ ਨੀਤੀ ਬਚਨ ਮਨੁੱਖ ਦੇ ਸ਼ਾਂਤ-ਚਿੱਤ ਤੇ ਨਰਮ ਹੋਣ ਬਾਰੇ ਤੇ ਨਾਲ ਹੀ ਕਦੀ ਕਦੀ ਦਾਬਾ ਤੇ ਰੁਅਬ ਰੱਖਣ ਬਾਰੇ ਸੁਣਾਇਆ। ਉਹ ਕਹਿਣ ਲੱਗੇ, 'ਕਿਸੇ ਪਿੰਡ ਦੇ ਬਾਹਰ ਇਕ ਵੱਡਾ ਫਨੀਅਰ ਸੱਪ ਇਕ ਖੁੱਡ ਵਿਚ ਰਹਿੰਦਾ ਸੀ। ਹਰ ਲੰਘਣ ਵਾਲੇ ਨੂੰ ਉਹ ਡਰਾਂਦਾ ਤੇ ਭੈਭੀਤ ਕਰਦਾ ਸੀ। ਕਦੀ ਉਨ੍ਹਾਂ ਨੂੰ ਡੱਸਣ ਲਈ ਫੱਨ ਖੜੀ ਕਰ ਲੈਂਦਾ, ਕਦੀ ਕਿਸੇ ਦੇ ਪਿੱਛੇ ਦੌੜ ਪੈਂਦਾ। ਲੋਕ ਉਸ ਪਾਸੋਂ ਡਰਦੇ ਉਹ ਰਾਹ ਹੀ ਛੱਡ ਬੈਠੇ ਸਨ। ਕੋਈ ਉਧਰੋਂ ਲੰਘਣ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਆ ਨਹੀਂ ਸੀ ਕਰਦਾ। ਕੁਝ ਸਮੇਂ ਬਾਅਦ ਪਿੰਡ ਵਿਚ ਇਕ ਜੋਗੀ ਆਇਆ। ਲੋਕਾਂ ਉਸ ਨੂੰ ਬੇਨਤੀ ਕੀਤੀ ਕਿ ਪਿੰਡ ਦੇ ਬਾਹਰ ਜੋ ਭਿਆਨਕ ਸੱਪ ਹੈ, ਉਸ ਨੂੰ ਕੀਲ ਕੇ ਸਮਝਾਓ ਕਿ ਸਾਨੂੰ ਤੰਗ ਨਾ ਕਰੇ।

ਜੋਗੀ ਜੰਤਰ ਮੰਤਰ ਦਾ ਮਾਹਰ ਸੀ, ਉਸ ਨੂੰ ਲੋਕਾਂ ਦੀ ਹਾਲਤ ਤੇ ਤਰਸ ਆਇਆ। ਉਸ ਨੇ ਸੱਪ ਨੂੰ ਕੀਲ ਕੇ ਸਮਝਾਇਆ ਕਿ ਤੂੰ ਲੋਕਾਂ ਨੂੰ ਤੰਗ ਕਰਨਾ ਤੇ ਡਰਾਉਣਾ ਛੱਡ ਦੇ। ਸੱਪ ਨੂੰ ਨਰਮ ਤੇ ਸਾਊ ਬਣਾ ਕੇ ਜੋਗੀ ਚਲਾ ਗਿਆ ਤਾਂ ਲੋਕਾਂ ਵੇਖਿਆ ਕਿ ਹੁਣ ਤਾਂ ਇਹ ਕੋਈ ਚੀਜ਼ ਹੀ ਨਹੀਂ। ਜਦ ਉਹ ਖੁੱਡ 'ਚੋਂ ਨਿਕਲਦਾ, ਬੱਚੇ ਉਸ ਨੂੰ ਵੱਟੇ ਮਾਰਦੇ। ਉਸ ਨੂੰ ਖੁਰਾਕ ਲੱਭਣੀ ਵੀ ਮੁਸ਼ਕਲ ਹੋ ਗਈ। ਹਰ ਵੇਲੇ ਖੁੱਡ ਵਿਚ ਹੀ ਲੁਕਿਆ ਰਹਿੰਦਾ। ਕੁਝ ਚਿਰ ਬਾਅਦ ਫਿਰ ਉਹ ਜੋਗੀ ਆਇਆ ਤਾਂ ਸੱਪ ਨੇ ਖੁੱਡ ਵਿਚੋਂ ਨਿਕਲ ਕੇ ਫ਼ਰਿਆਦ ਕੀਤੀ ਕਿ ਚੰਗਾ ਤੂੰ ਮੈਨੂੰ ਸਾਊ ਬਣਾਇਆ, ਮੈਨੂੰ ਤਾਂ ਲੋਕੀਂ ਜੀਊਣ ਹੀ ਨਹੀਂ ਦੇਂਦੇ। ਜੋਗੀ ਨੇ ਕਿਹਾ, ਮੈਂ ਤੈਨੂੰ ਇਹ ਕਿਹਾ ਸੀ ਕਿ ਲੋਕਾਂ ਨੂੰ ਡੰਗ ਨਾ ਮਾਰਿਆ ਕਰ ਤੇ ਨਾ ਹੀ ਡਰਾਇਆ ਕਰ। ਮੈਂ ਇਹ ਤੇ ਨਹੀਂ ਸੀ ਕਿਹਾ ਕਿ ਫੁੰਕਾਰਾ ਮਾਰਨਾ ਵੀ ਛੱਡ ਦੇ। ਕਦੀ ਕਦੀ ਨਿਕਲ ਕੇ ਫੁੰਕਾਰਾ ਮਾਰ ਛੱਡਿਆ ਕਰ, ਫਿਰ ਕੋਈ ਤੇਰੇ ਨੇੜੇ ਨਹੀਂ ਆਏਗਾ।

ਪ੍ਰੋ. ਸਾਹਿਬ ਸਿੰਘ

ਪ੍ਰੋ. ਸਾਹਿਬ ਸਿੰਘ ਜੀ ਦੀ ਸ਼ਖਸੀਅਤ ਅਸਾਧਰਨ ਤੇ ਵਿਸ਼ੇਸ਼ ਸੀ। ਸਵੈ-ਵਿਸ਼ਵਾਸ ਤੇ ਸਵੈ-ਨਿਰਭਰਤਾ ਇਸ ਦਾ ਕੇਂਦਰੀ ਬਿੰਦੂ ਸੀ। ਕਰੜਾ ਤੇ ਸਾਫ ਸਾਫ ਗੱਲ ਕਹਿਣ ਵਾਲਾ ਸੁਭਾ। ਖੜਕ ਕੇ ਤੇ ਉੱਚੀ ਆਵਾਜ਼ ਵਿਚ ਬੋਲਣਾ। ਆਪਣੇ ਬਣਾਏ ਅਸੂਲਾਂ ਉਤੇ ਕਾਇਮ ਰਹਿਣਾ, ਭਾਵੇਂ ਕੁਝ ਹੋ ਜਾਏ। ਕਿਸੇ ਵੱਡੇ ਜਾਂ ਨਾਢੂ ਖ਼ਾਨ ਦੀ ਪਰਵਾਹ ਨਹੀਂ ਕਰਨੀ, ਕਿਸੇ ਦੀ ਧੌਂਸ ਨਹੀਂ ਮੰਨਣੀ, ਕਿਸੇ ਦਾ ਰੁਅਬ ਨਹੀਂ ਸਹਿਣਾ। ਗਰੀਬੀ ਵਿਚੋਂ ਮਿਹਨਤ, ਲਗਣ ਅਤੇ ਹਿੰਮਤ ਨਾਲ ਉੱਚੇ ਉੱਠੇ ਹੋਣ ਕਾਰਨ ਉਹ ਸੁਭਾਵਕ ਹੀ ਗਰੀਬਾਂ ਨਿਤਾਣਿਆਂ, ਅਖੌਤੀ ਨੀਵੀਂ ਜਾਤੀਆਂ ਅਤੇ ਪਛੜੇ ਤੇ ਸਮਾਜ ਦੇ ਲਤਾੜੇ ਹੋਏ ਲੋਕਾਂ ਦੇ ਇਕ ਤਰ੍ਹਾਂ ਚੈਂਪੀਅਨ ਸਨ। ਇਹੋ ਕਾਰਨ ਹੈ ਕਿ ਪ੍ਰੋ. ਵਰਿਆਮ ਸਿੰਘ ਦੇ ਪ੍ਰਭਾਵ ਅਤੇ ਸੰਗਤ ਕਾਰਨ ਉਹ ਨਿਰੋਲ ਧਾਰਮਕ ਪੁਰਸ਼ ਹੁੰਦੇ ਹੋਏ ਵੀ ਰਾਜਸੀ ਪੱਖ ਤੋਂ ਖੱਬੇ-ਪੱਖੀ ਵਿਚਾਰ ਧਾਰਨ ਕਰ ਗਏ ਸਨ।

ਲੋਕ ਸੇਵਾ ਦਾ ਅੰਸ਼ ਉਨ੍ਹਾਂ ਵਿਚ ਅਧਿਕ ਸੀ। ਜਿਥੋਂ ਤਕ ਹੋ ਸਕੇ ਦੂਜਿਆਂ ਦੀ ਮਦਦ ਕਰਦੇ ਰਹਿੰਦੇ ਸਨ। ਆਪਣੇ ਘਰ ਵਿਚ ਜ਼ਬਤ (ਡਿਸਿਪਲਨ) ਦੇ ਪੱਕੇ ਸਨ। ਬੱਚਿਆਂ ਨੂੰ ਸਖਤੀ ਨਾਲ ਤੇ ਮਜਬੂਰ ਕਰ ਕੇ ਪੜ੍ਹਾਈ ਤੇ ਨੌਕਰੀ ਦੇ ਉੱਚੇ ਟੀਚਿਆਂ ਤਕ ਪਹੁੰਚਾਇਆ।† ਉਨ੍ਹਾਂ ਨੇ ਆਪ ਆਪਣੇ ਕਿੱਤੇ ਵਿਚ ਅਤੇ ਧਾਰਮਕ ਸਾਹਿੱਤ ਰਚਣ

†ਉਨ੍ਹਾਂ ਦੇ ਪੰਜੇ ਸਪੁਤਰ ਸ. ਕਰਤਾਰ ਸਿੰਘ, ਸ: ਹਰਦਿਆਲ ਸਿੰਘ, ਸ. ਅਮਰੀਕ ਸਿੰਘ, ਡਾ. ਕੁਲਵੰਤ ਸਿੰਘ ਅਤੇ ਡਾ. ਦਲਜੀਤ ਸਿੰਘ, ਉੱਚੀਆਂ ਪਦਵੀਆਂ ਤੇ ਪਹੁੰਚਣ ਵਿਚ ਸਫਲ ਹੋਏ। ਏਸੇ ਤਰ੍ਹਾਂ ਦੋਵੇਂ ਸਪੁਤਰੀਆਂ ਬੀਬੀ ਨਰਿੰਦਰ ਕੌਰ (ਪਤਨੀ ਪ੍ਰੋ. ਪ੍ਰੀਤਮ ਸਿੰਘ) ਅਤੇ ਬੀਬੀ (ਡਾ.) ਭੁਪਿੰਦਰ ਕੌਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਏਨੀ ਮਿਹਨਤ ਕੀਤੀ ਤੇ ਏਨੀ ਦੁਰਲੱਭ ਪ੍ਰਾਪਤੀ ਕੀਤੀ ਕਿ ਇਸ ਦੀ ਮਿਸਾਲ ਕਿਸੇ ਹੋਰ ਆਧੁਨਿਕ ਵਿਦਵਾਨ ਵਿਚ ਨਹੀਂ ਮਿਲਦੀ । ਉਨ੍ਹਾਂ ਦੀ ਰਚੀ ਸਵੈ-ਜੀਵਨੀ 'ਮੇਰੀ ਜੀਵਨ ਕਹਾਣੀ' ਮਨੁੱਖੀ ਪ੍ਰੇਰਨਾ ਦਾ ਅਥਾਹ ਸੋਮਾ ਹੈ । ਉਨ੍ਹਾਂ ਨੇ ਆਪਣੇ ਜੀਵਨ ਦਾ ਪੂਰਨ ਸੱਚ ਇੰਨ ਬਿੰਨ ਇਸ ਪੁਸਤਕ ਵਿਚ ਬਿਆਨ ਕਰ ਦਿਤਾ ਹੈ । ਆਪਣੀ ਪਹਿਲੀ ਘੋਰ ਗਰੀਬੀ ਉੱਤੇ ਉੱਕਾ ਹੀ ਪਰਦਾ ਨਹੀਂ ਪਾਇਆ, ਨਹੀਂ ਤਾਂ ਜੋ ਲੋਕ ਮਿਹਨਤ ਕਰ ਕੇ ਗਰੀਬੀ ਤੋਂ ਅਮੀਰੀ ਤੱਕ ਪਹੁੰਚ ਜਾਂਦੇ ਹਨ, ਉਹ ਲਗਪਗ ਸਾਰੇ ਹੀ ਆਪਣੀ ਗਰੀਬੀ ਦੇ ਦਿਨਾਂ ਬਾਰੇ ਕੁਝ ਕਹਿਣੋਂ ਸੰਕੋਚ ਕਰਦੇ ਹਨ ।

1944 ਤੋਂ 1951 ਤਕ 7 ਸਾਲ ਮੈਂ ਪ੍ਰੋ. ਸਾਹਿਬ ਸਿੰਘ ਦਾ ਖ਼ਾਲਸਾ ਕਾਲਜ਼ ਦੇ ਛੋਟੇ (ਪੂਰਬ ਵਲ ਦੇ) ਕਵਾਟਰਾਂ ਵਿਚ ਨਿਕਟ ਗਵਾਂਢੀ ਰਿਹਾ । ਇਸ ਲਈ ਮੈਂ ਉਨ੍ਹਾਂ ਨੂੰ ਬਹੁਤ ਨੇੜਿਓਂ ਦੇਖਿਆ ਪਰਖਿਆ । ਉਨ੍ਹਾਂ ਵਿਚ ਮੈਂ ਅਨੇਕਾਂ ਅਦੁੱਤੀ ਗੁਣ ਦੇਖੇ । ਇਥੇ ਮੈਂ ਨਿੱਜੀ ਜਾਣਕਾਰੀ ਦੇ ਆਧਾਰ ਤੇ ਉਨ੍ਹਾਂ ਬਾਰੇ ਆਪਣੀਆਂ ਕੁਝ ਯਾਦਾਂ ਪਾਠਕਾਂ ਨਾਲ ਸਾਂਝੀਆਂ ਕਰਦਾ ਹਾਂ ।

ਪ੍ਰੋ. ਸਾਹਿਬ ਸਿੰਘ ਆਪਣੀ ਚਿੱਠੀ ਸਦਾ ਹੀ ਆਪ ਜਾ ਕੇ ਲੈਟਰਬਾਕਸ ਵਿਚ ਪਾਂਦੇ ਸਨ, ਭਾਵੇਂ ਕਿੰਨੀ ਵਾਰੀ ਉਥੇ ਜਾਣਾ ਪਵੇ । ਉਨ੍ਹਾਂ ਦੇ ਕਵਾਟਰ ਤੋਂ ਡਾਕਖਾਨਾ ਦੋ ਢਾਈ ਸੌ ਗਜ਼ ਤੇ ਸੀ ਪਰ ਉਹ ਸਦਾ ਹੀ ਇਸ ਕੰਮ ਲਈ ਤੁਰੇ ਰਹਿੰਦੇ ਸਨ । ਮੈਂ ਇਸ ਗੱਲ ਤੇ ਹੈਰਾਨ ਹੁੰਦਾ ਸੀ ਪਰ ਇਕ ਦਿਨ ਮੈਨੂੰ ਵੀ ਉਨ੍ਹਾਂ ਪਾਸੋਂ ਕੀਮਤੀ ਸਬਕ ਮਿਲ ਗਿਆ । ਇਕ ਦਿਨ ਉਹ ਮੈਨੂੰ ਉੱਚੀ ਆਵਾਜ਼ ਵਿਚ ਕਹਿਣ ਲੱਗੇ, 'ਪ੍ਰੋ. ਦੀਵਾਨ ਸਿੰਘ ਜੀ, ਤੁਹਾਡੀਆਂ ਚਿੱਠੀਆਂ ਅੱਜ ਨਵੀਂ ਆਬਾਦੀ (ਜੋ ਕਵਾਟਰਾਂ ਦੇ ਪਿਛਲੇ ਪਾਸੇ ਸੀ ਤੇ ਕਵਾਟਰਾਂ ਤੋਂ ਉਧਰ ਛੋਟੇ ਦਰਵਾਜ਼ੇ ਨਿਕਲਦੇ ਸਨ) ਦੀ ਸੈਰ ਕਰ ਰਹੀਆਂ ਸਨ । ਔਹ ਲਉ ਇਨ੍ਹਾਂ ਨੂੰ ਸਾਂਭੋ ।' ਮੈਂ ਦੇਖ ਕੇ ਹੈਰਾਨ ਹੋਇਆ ਕਿ ਮੈਂ ਜੋ ਚਿੱਠੀਆਂ ਇਕ ਚਪੜਾਸੀ ਨੂੰ ਲੈਟਰਬਾਕਸ ਵਿਚ ਪਾਉਣ ਲਈ ਦਿਤੀਆਂ ਸਨ ਉਹ ਬਾਹਰ ਆਬਾਦੀ ਦੇ ਕੱਚੇ ਪਹੇ ਤੇ ਸੁੱਟ ਗਿਆ ਸੀ । ਮੈਨੂੰ ਇਸ ਗੱਲ ਦੀ ਸ਼ਰਮਿੰਦਗੀ ਹੋਈ ਤੇ ਉਸ ਸਮੇਂ ਤੋਂ ਲੈ ਕੇ ਅੱਜ ਤਕ ਵਾਹ ਲਗਦੇ ਆਪਣੀ ਚਿੱਠੀ ਆਪਣੀ ਹੱਥੀਂ ਪਾਂਦਾ ਹਾਂ ।

ਹਿੰਦੂ ਤੋਂ ਸਿੱਖ ਬਣੇ ਹੋਣ ਕਾਰਨ ਉਹ ਵਾਧੂ ਰਸਮਾਂ ਰੀਤਾਂ ਦੇ ਕਟੜ ਵਿਰੋਧੀ ਸਨ । ਜਾਤ ਪਾਤ, ਜੋ ਹਿੰਦੂ ਧਰਮ ਦਾ ਧੁਰਾ ਸੀ, ਛੱਡ ਕੇ ਉਹ ਸਿੱਖਾਂ ਵਿਚ ਜਾਤ ਪਾਤ ਕਿਵੇਂ ਮੰਨਦੇ ? ਉਨ੍ਹਾਂ ਨੇ ਧਾਰਮਕ ਪ੍ਰੋਫੈਸਰ ਹੋਣ ਕਰ ਕੇ ਖੁਲ੍ਹਮ ਖੁਲ੍ਹਾ ਕਥਾ ਜਾਂ ਲੈਕਚਰ ਦੌਰਾਨ ਕਾਲਜ ਦੇ ਗੁਰਦਵਾਰੇ, ਵਿਚ ਸਭ ਦੇ ਸਾਮ੍ਹਣੇ ਕਹਿ ਦੇਣਾ ਕਿ ਜੋ ਜਾਤ ਪਾਤ ਮੰਨਦਾ ਹੈ, ਉਹ ਸਿੱਖ ਹੀ ਨਹੀਂ । ਉਹ ਆਪਣੇ ਘਰ ਦਾ ਕੂੜਾ ਤੇ ਗੰਦ ਸੁੱਟਣ ਵਾਲੀ ਤੀਵੀਂ ਦੇ ਸਾਬਨ ਨਾਲ ਹੱਥ ਧੁਆ ਕੇ ਭਾਂਡੇ ਮੰਜਵਾ ਲੈਂਦੇ । ਕਈ ਲੋਕ ਨੱਕ ਚਾੜ੍ਹਦੇ ਪਰ ਉਹ ਕਦੀ ਪਰਵਾਹ ਨਹੀਂ ਸੀ ਕਰਦੇ । ਉਹ ਕਹਿੰਦੇ ਸਨ, ਸਿੱਖਾਂ ਪਾਸੋਂ ਵੀ ਅਜੇ ਸਿੱਖੀ ਬਹੁਤ ਦੂਰ ਹੈ । ਇਹ ਗੁਰਬਾਣੀ ਪੜ੍ਹ ਸੁਣ ਕੇ ਵੀ ਅਜੇ ਤਕ ਵਹਿਮਾਂ ਭਰਮਾਂ ਤੇ ਪੁਰਾਣੇ ਹਿੰਦੂ ਸੰਸਕਾਰਾਂ ਦੇ ਜੰਜਾਲ ਵਿਚ ਫਸੇ ਹੋਏ ਹਨ । ਉਹ ਅਮੀਰ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਰੀਬ, ਵੱਡੇ-ਛੋਟੇ ਦਾ ਫਰਕ ਨਹੀਂ ਮੰਨਦੇ ਸਨ। ਇਕ ਵਾਰੀ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਕਿਸੇ ਪ੍ਰਮੁੱਖ ਅਧਿਕਾਰੀ ਦੇ ਘਰ ਲੜਕੀ ਦੀ ਸ਼ਾਦੀ ਸੀ। ਉਨ੍ਹਾਂ ਪ੍ਰੋ. ਸਾਹਿਬ ਨੂੰ ਵਿਆਹ ਦੀ ਰਸਮ ਭੁਗਤਾਉਣ ਲਈ ਬੁਲਾਇਆ। ਉਨ੍ਹਾਂ ਨੇ ਨਾਂਹ ਕਰ ਦਿਤੀ। ਉਹ ਗੁੱਸੇ ਹੋ ਗਏ। ਪ੍ਰੋ. ਸਾਹਿਬ ਨੇ ਕਿਹਾ, ਮੈਂ ਕਾਲਜ ਵਿਚ ਮੁੰਡੇ ਪੜ੍ਹਾਣ ਦੀ ਤਨਖਾਹ ਲੈਂਦਾ ਹਾਂ, ਵਿਆਹ ਪੜ੍ਹਾਣ ਦੀ ਨਹੀਂ ਲੈਂਦਾ।

ਉਹ ਬੜੇ ਖਰੇ ਤੇ ਯਥਾਰਥ ਨੂੰ ਮੁੱਖ ਰਖਣ ਵਾਲੇ ਵਿਅਕਤੀ ਸਨ। ਇਕ ਦਿਨ ਗੁਰਦਵਾਰੇ ਜਾਂਦਿਆਂ ਮੈਂ ਦੇਖਿਆ ਉਨ੍ਹਾਂ ਨੇ ਬਹੁਤ ਮਾੜੇ ਕਿਸਮ ਦੇ ਸਲੀਪਰ ਪਾਏ ਹੋਏ ਸਨ। ਮੈਂ ਪੁੱਛਿਆ ਇਹ ਕੀ ਗੱਲ, ਏਨੇ ਮਾੜੇ ਸਲੀਪਰ ਪਾ ਕੇ ਜਾ ਰਹੇ ਹੋ। ਕਹਿਣ ਲੱਗੇ ਤੁਹਾਨੂੰ ਅਜੇ ਦੁਨੀਆਂ ਦਾ ਤਜਰਬਾ ਨਹੀਂ ਹੋਇਆ। ਤੁਸੀਂ ਕਦੀ ਕਦੀ ਗੁਰਦਵਾਰੇ ਜਾਣਾ ਹੋਇਆ ਤੇ ਮੈਂ ਹਰ ਰੋਜ਼ ਦੋ ਵੇਲੇ ਜਾਣਾ ਹੋਇਆ। ਜੇ ਤੁਹਾਡੇ ਵਾਂਗ ਸ਼ੌਕੀਨੀ ਕਰਦਾ ਤਾਂ ਹੁਣ ਤਕ ਪੰਜਾਹ ਜੁੱਤੀਆਂ ਗਵਾ ਬੈਠਾ ਹੁੰਦਾ। ਤੁਹਾਨੂੰ ਕੀ ਪਤਾ ਉਥੇ ਕਿੰਨੀਆਂ ਜੁੱਤੀਆਂ ਚੋਰੀ ਹੁੰਦੀਆਂ ਹਨ।

ਅਜੇ ਮੈਨੂੰ ਕਵਾਟਰ ਵਿਚ ਆਏ ਹੋਏ ਥੋੜਾ ਸਮਾਂ ਹੀ ਹੋਇਆ ਸੀ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਮੇਰੀ ਪਤਨੀ ਪੇਂਡੂ ਤੇ ਪੁਰਾਣੇ ਰਿਵਾਜ ਅਨੁਸਾਰ (ਇਹ ਗੱਲ 1944 ਦੀ ਹੈ) ਵਡੇਰੇ ਰਿਸ਼ਤੇਦਾਰਾਂ ਪਾਸੋਂ ਘੁੰਡ ਕੱਢਦੀ ਹੈ। ਉਹ ਹੈਰਾਨ ਹੋਏ ਤੇ ਇਕ ਦਿਨ ਮੈਨੂੰ ਕਹਿਣ ਲੱਗੇ, 'ਪ੍ਰੋ. ਦੀਵਾਨ ਸਿੰਘ ਜੀ ਤੁਸੀਂ ਐਮ. ਏ. ਪਾਸ ਕੀਤੀ ਹੈ ?' ਮੈਂ ਕਿਹਾ, ਜੇ ਐਮ. ਏ. ਨਹੀਂ ਕੀਤੀ ਤਾਂ ਪ੍ਰੋਫੈਸਰ ਕਿਸ ਤਰ੍ਹਾਂ ਲੱਗ ਗਿਆ ? ਕਹਿਣ ਲੱਗੇ, 'ਜਾਪਦਾ ਤਾਂ ਨਹੀਂ ਕਿ ਤੁਸੀਂ ਐਮ. ਏ. ਪਾਸ ਹੋ। ਤੁਸੀਂ ਆਪਣੀ ਵਹੁਟੀ ਨੂੰ ਗਠੜੀ ਬਣਾ ਰਖਿਆ ਹੈ। ਸ਼ਹਿਰ ਵਿਚ ਇਸ ਤਰ੍ਹਾਂ ਕੰਮ ਨਹੀਂ ਚਲਣਾ, ਬਦਲਣ ਦੀ ਕੋਸ਼ਿਸ਼ ਕਰੋ।' ਮੈਂ ਸਮੇਂ ਦੀ ਲੋੜ ਭਾਂਪ ਕੇ ਇਕ ਦਮ ਪਤਨੀ ਦਾ ਘੁੰਢ ਲਵ੍ਹਾ ਦਿਤਾ ਭਾਵੇਂ ਇਸ ਵਿਚ ਬੜੀਆਂ ਮੁਸ਼ਕਲਾਂ ਆਈਆਂ ਤੇ ਪਰਿਵਾਰ ਵਲੋਂ ਭਾਰੀ ਵਿਰੋਧਤਾ ਤੇ ਨੁਕਤਾਚੀਨੀ ਹੋਈ ਪਰ ਮੈਂ ਪਰਵਾਹ ਨਾ ਕੀਤੀ। ਪਰਿਵਾਰ ਵਿਚ ਇਹ ਸੁਧਾਰ ਕਰਨ ਵਾਲਾ ਮੈਂ ਪਹਿਲਾ ਵਿਅਕਤੀ ਬਣਿਆ ਜਿਸ ਲਈ ਮੈਂ ਪ੍ਰੋ. ਸਾਹਿਬ ਸਿੰਘ ਦਾ ਰਿਣੀ ਰਿਹਾ। ਉਹ ਮੇਰੇ ਪਿਤਾ ਸਮਾਨ ਸਨ ਮੈਂ ਉਨ੍ਹਾਂ ਦੀ ਸਿਖਿਆ ਨੂੰ ਬੁਰਾ ਨਹੀਂ ਮਨਾਂਦਾ ਸੀ।

ਊਚ ਨੀਚ ਦੇ ਫਰਕ ਬਾਰੇ ਇਕ ਗੱਲ ਯਾਦ ਆਈ। ਸਾਡੇ ਪਿੰਡੋਂ (ਸਰਗੋਧਿਓਂ) ਇਕ ਈਸਾਈ ਨੌਕਰ ਮੱਝ ਲੈ ਕੇ ਆਇਆ। ਓਦੋਂ ਦੂਜੀ ਸੰਸਾਰ ਜੰਗ ਲੱਗੀ ਹੋਈ ਸੀ। ਸ਼ਾਮ ਨੂੰ ਜਰਮਨੀ ਤੋਂ ਸੁਭਾਸ਼ ਚੰਦਰ ਬੋਸ ਨੇ ਕਿਸੇ ਲੁਕਵੇਂ ਸਟੇਸ਼ਨ ਤੋਂ ਰੇਡੀਓ ਤੇ ਬੋਲਣਾ ਸੀ। ਮੇਰੇ ਪਾਸ ਰੇਡੀਓ ਨਹੀਂ ਸੀ, ਮੈਂ ਤੇ ਮੇਰੇ ਵੱਡੇ ਭਾਈ ਇਕਬਾਲ ਸਿੰਘ (ਜੋ ਸਾਡੇ ਪਾਸ ਆਏ ਹੋਏ ਸਨ) ਪ੍ਰੋ. ਸਾਹਿਬ ਦੇ ਹਾਲ ਕਮਰੇ ਵਿਚ ਰੇਡੀਓ ਸੁਣਨ ਲਈ ਗਏ। ਨਾਲ ਹੀ ਉਹ ਈਸਾਈ ਨੌਕਰ ਵੀ ਗਿਆ। ਅਸੀਂ ਕੁਰਸੀਆਂ ਤੇ ਬੈਠ ਗਏ ਤੇ ਨੌਕਰ ਹੇਠਾਂ ਫਰਸ਼ ਤੇ। ਪ੍ਰੋ. ਸਾਹਿਬ ਨੂੰ ਇਹ ਮਨਜ਼ੂਰ ਨਹੀਂ ਸੀ। ਉਹ ਕਹਿਣ ਲੱਗੇ ਇਹ ਨੌਕਰ ਵੀ ਕੁਰਸੀ ਤੇ ਬੈਠੇਗਾ। ਅਸੀਂ ਕਿਹਾ ਸਾਨੂੰ ਕੋਈ ਇਤਰਾਜ਼ ਨਹੀਂ ਪਰ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੌਕਰ ਕਿਵੇਂ ਸਾਡੇ ਬਰਾਬਰ ਬੈਠਦਾ ? ਅਜੇਹਾ ਕਦੀ ਹੋਇਆ ਨਹੀਂ ਸੀ ਨਾ ਕਿਸੇ ਸੁਣਿਆ ਸੀ । ਉਹ ਨੌਕਰ ਆਖੇ ਮੈਂ ਹੇਠਾਂ ਹੀ ਬੈਠਾਂਗਾ । ਪ੍ਰੋ. ਸਾਹਿਬ ਕਹਿਣ ਲੱਗੇ, 'ਇਹ ਨਹੀਂ ਹੋ ਸਕਦਾ । ਜੇ ਇਹ ਕੁਰਸੀ ਤੇ ਨਹੀਂ ਬੈਠੇਗਾ ਤਾਂ ਮੈਂ ਵੀ ਕੁਰਸੀ ਤੇ ਨਹੀਂ ਬੈਠਾਂਗਾ । ਮੈਂ ਊਚ ਨੀਚ ਨਹੀਂ ਸਹਾਰ ਸਕਦਾ ।' ਇਸ ਝਗੜੇ ਨੂੰ ਦੇਖ ਕੇ ਉਹ ਨੌਕਰ ਸਿਆਣਾ ਸੀ, ਚੁਪ ਕਰ ਕੇ ਉਠ ਕੇ ਚਲਾ ਗਿਆ ।

ਯਥਾਰਥ ਦੀ ਪਕੜ ਬਾਰੇ ਇਕ ਘਟਨਾ ਲਿਖਦਾ ਹਾਂ । ਇਕ ਦਿਨ ਮੇਰੀ ਕਲਾਸ਼ ਦਾ ਇਕ ਵਿਦਿਆਰਥੀ ਕਲਾਸ ਖਤਮ ਹੋਣ ਤੇ ਕਮਰੇ ਦੇ ਬਾਹਰ ਨਿਕਲ ਕੇ ਮੇਰੇ ਪਾਸੋਂ ਕੁਝ ਧਾਰਮਕ ਸਵਾਲ ਪੁਛਣ ਲਗ ਪਿਆ । ਮੈਂ ਸੁਭਾਵਕ ਹੀ ਕਿਹਾ ਕਿ ਮੈਨੂੰ ਸਿੱਖ ਧਰਮ ਦੀਆਂ ਡੂੰਘੀਆਂ ਰਮਜ਼ਾਂ ਦਾ ਪਤਾ ਨਹੀਂ ਤੂੰ ਜਾ ਕੇ ਧਾਰਮਕ ਪ੍ਰੋਫੈਸਰ ਸਾਹਿਬ ਨੂੰ ਪੁੱਛ । ਸ਼ਾਮ ਨੂੰ ਮੈਂ ਪ੍ਰੋ. ਸਾਹਿਬ ਨੂੰ ਇਸ ਬਾਰੇ ਦੱਸਿਆ ਤਾਂ ਇਕ ਦਮ ਕੜਕ ਕੇ ਬੋਲੇ, 'ਉਸ ਦੇ ਚੱਕਰ ਵਿਚ ਨਾ ਫ਼ਸ ਜਾਇਓ । ਉਹ ਮੁੰਡਾ ਰਾਧਾ ਸਵਾਮੀ ਹੈ ਇਸ ਲਈ ਉਲਟੇ ਪੁਲਟੇ ਸਵਾਲ ਪੁੱਛਦਾ ਰਹਿੰਦਾ ਹੈ । ਮੇਰੇ ਪਾਸ ਉਹ ਨਹੀਂ ਆਏਗਾ ਕਿਉਂਕਿ ਮੈਂ ਉਸ ਦਾ ਘਰ ਪੂਰਾ ਕਰ ਦਿਤਾ ਹੈ ਤੇ ਉਸ ਦੀ ਅਸਲੀਅਤ ਪ੍ਰਗਟ ਕਰ ਦਿਤੀ ਹੋਈ ਹੈ ।' ਸੱਚਮੁਚ ਪ੍ਰੋ. ਸੋਹਿਬ ਸਿੰਘ ਦਾ ਧਾਰਮਕ ਗਿਆਨ ਬਹੁਤ ਪ੍ਰਚੰਡ ਸੀ ।

ਪ੍ਰੋ. ਸਾਹਿਬ ਦੀ ਆਦਤ ਸੀ ਕਿ ਜਦੋਂ ਕੋਈ ਧਾਰਮਕ ਲੇਖ ਲਿਖਦੇ ਤਾਂ ਪਹਿਲਾਂ ਮੈਨੂੰ ਪੜ੍ਹਾ ਲੈਂਦੇ ਤੇ ਫਿਰ ਛਪਵਾਂਦੇ । ਉਨ੍ਹਾਂ ਦਾ ਖਿਆਲ ਸੀ ਕਿ ਜੇ ਉਹ ਕੋਈ ਸਖਤ ਗੱਲ ਲਿਖ ਦੇਣਗੇ ਤਾਂ ਲੋਕ ਔਖੇ ਹੋ ਜਾਣਗੇ, । ਮੈਨੂੰ ਵਾਜ ਮਾਰਦੇ, ਬਹੁਤ ਉੱਚੀ, ਤੇ ਕਹਿੰਦੇ, ਕੀ ਕਰਦੇ ਹੋ ? ਮੈਂ ਕਹਿਣਾ ਕੋਈ ਗੱਲ ਨਹੀਂ ਦੱਸੋ । ਉਨ੍ਹਾਂ ਕਹਿਣਾ ਪਹਿਲਾਂ ਮੇਰਾ ਇਹ ਲੇਖ ਪੜ੍ਹ ਦਿਓ ਫਿਰ ਕੋਈ ਹੋਰ ਕੰਮ ਕਰਨਾ । ਮੈਂ ਅਜੇਹਾ ਹੀ ਕਰਦਾ ਤੇ ਉਹ ਖੁਸ਼ ਹੋ ਜਾਂਦੇ । ਮੈਨੂੰ ਪਤਾ ਸੀ ਜਦ ਤਕ ਮੈਂ ਇਹ ਲੇਖ ਪੜ੍ਹ ਨਾ ਲਵਾਂਗਾ, ਮੇਰੀ ਜਾਨ ਨਹੀਂ ਛੁੱਟਣੀ ।

ਇਕ ਦਿਨ ਅਚਾਨ੍ਹਕ ਇਕ ਅਣਸੁਖਾਵੀਂ ਘਟਨਾ ਵਾਪਰ ਗਈ । ਸਾਡੇ ਨਾਨਾ ਜੀ ਬੜੇ ਜਥੇ ਵਾਲੇ ਤੇ ਤੇਜ਼ ਸੁਭਾ ਦੇ ਸਨ । ਉਹ ਯਾਤਰਾ ਟਰੇਨ ਤੇ ਦੋ ਮਹੀਨੇ ਲਾ ਕੇ ਸਾਰੇ ਭਾਰਤ ਦੀ ਤੀਰਥ ਯਾਤਰਾ ਕਰ ਕੇ ਬੜੇ ਸੰਤੁਸ਼ਟ ਤੇ ਖੁਸ਼ ਹੋ ਕੇ ਵਾਪਸ ਮੁੜੇ ਤੇ ਸਾਡੇ ਪਾਸ ਆ ਕੇ ਠਹਿਰੇ । ਮੈਨੂੰ ਹੁਲਾਸ ਜੇਹੇ ਵਿਚ ਆ ਕੇ ਪੁੱਛਣ ਲੱਗੇ ਕਿ ਉਹ ਜੀਵਨ ਦਾ ਵੱਡਾ ਧਾਰਮਕ ਕਾਰਜ ਕਰ ਕੇ ਆਏ ਹਨ ਜਿਵੇਂ ਹਾਜੀ ਲੋਕ ਮੱਕੇ ਦਾ ਹੱਜ ਕਰ ਕੇ ਭਾਰੀ ਖੁਸ਼ੀ ਮਹਿਸੂਸ ਕਰਦੇ ਹਨ, ਹੁਣ ਤਾਂ ਉਨ੍ਹਾਂ ਨੂੰ ਜੀਵਨ ਵਿਚ ਹੋਰ ਕਿਸੇ ਧਾਰਮਕ ਕਾਰਜ ਦੀ ਲੋੜ ਨਹੀਂ ਰਹੀ ? ਮੈਨੂੰ ਇਨ੍ਹਾਂ ਗੱਲਾਂ ਦੀ ਓਦੋਂ ਸਮਝ ਨਹੀਂ ਸੀ । ਮੈਂ ਸਹਿਜ ਸੁਭਾ ਸੁਝਾ ਦਿੱਤਾ ਕਿ ਧਾਰਮਕ ਪ੍ਰੋਫੈਸਰ ਗਵਾਂਢੀ ਹਨ ਉਨ੍ਹਾਂ ਨੂੰ ਪੁੱਛ ਲੈਂਦੇ ਹਾਂ । ਅਸੀਂ ਪ੍ਰੋ. ਸਾਹਿਬ ਸਿੰਘ ਪਾਸ ਉਨ੍ਹਾਂ ਦੇ ਘਰ ਦੇ ਸਾਹਮਣੇ ਚਾਰਪਾਈ ਤੇ ਜਾ ਬੈਠੇ ਜਿਥੇ ਉਹ ਕੁਰਸੀ ਤੇ ਬੈਠੇ ਹਰ ਵੇਲੇ ਲਿਖਦੇ ਰਹਿੰਦੇ ਸਨ । ਉਹ ਨਾਨਾ ਜੀ ਨੂੰ ਮਿਲ ਕੇ ਖੁਸ਼ ਹੋਏ । ਸਿਆਲਕੋਟ ਜ਼ਿਲ੍ਹੇ ਦੇ ਹੋਣ ਕਰ ਕੇ ਕੁਝ ਅਪਣੱਤ ਜੇਹੀ ਵੀ ਸੀ । ਨਾਨਾ ਜੀ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦ ਆਪਣੀ ਤੀਰਥ ਯਾਤਰਾ ਬਾਰੇ ਬੜੇ ਮਾਣ ਜੇਹੇ ਨਾਲ ਪੁੱਛਿਆ ਕਿ ਹੋਰ ਕੋਈ ਧਾਰਮਕ ਕੰਮ ਤਾਂ ਹੁਣ ਬਾਕੀ ਨਹੀਂ ਰਿਹਾ, ਤਾਂ ਪ੍ਰੋ. ਸਾਹਿਬ ਨੇ ਕਿਹਾ ਕਿ ਤੀਰਥ ਯਾਤਰਾ ਦਾ ਕੋਈ ਬਹੁਤਾ ਲਾਭ ਨਹੀਂ। ਸਾਡੇ ਨਾਨਾ ਸ. ਲਾਭ ਸਿੰਘ ਜੀ ਇਹ ਸੁਣ ਕੇ ਨਾਰਾਜ਼ ਹੋ ਗਏ। ਉਹ ਕਹਿਣ ਲੱਗੇ ਮੈਂ ਦੋ ਮਹੀਨੇ ਔਖਾ ਹੋ ਕੇ ਤੇ ਸੋ ਕਸ਼ਟ ਸਹਿ ਕੇ ਏਨੇ ਤੀਰਥ ਦੇਖੇ ਹਨ ਤੁਸੀਂ ਕਹਿੰਦੇ ਹੋ ਇਸ ਦਾ ਲਾਭ ਹੀ ਕੋਈ ਨਹੀਂ, ਤੁਹਾਨੂੰ ਕਿਸ ਨੇ ਧਾਰਮਕ ਪ੍ਰੋਫ਼ੈਸਰ ਬਣਾ ਦਿੱਤਾ ਹੈ ? ਇਸ ਤੇ ਪ੍ਰੋ. ਸਾਹਿਬ ਸਿੰਘ ਨੂੰ ਵੀ ਗੁੱਸਾ ਆ ਗਿਆ। ਮੀਆਂ ਵੀ ਗਰਮ ਤੇ ਗੋਲੀਆਂ ਵੀ ਗਰਮ। ਪ੍ਰੋ. ਸਾਹਿਬ ਕਹਿਣ ਲੱਗੇ, 'ਮੈਂ ਤੁਹਾਨੂੰ ਕਦੋਂ ਬੁਲਾਇਆ ਹੈ ਕਿ ਮੇਰੀ ਸਲਾਹ ਆ ਕੇ ਲਵੋ।' ਉਹ ਕਹਿਣ ਮੈਂ ਤੇਰੇ ਪਾਸ ਆਉਣ ਦੀ ਗ਼ਲਤੀ ਕੀਤੀ ਹੈ। ਨਾਨਾ ਜੀ ਉਸ ਵੇਲੇ 80 ਸਾਲ ਦੇ ਬਜ਼ੁਰਗ ਸਨ। ਉਹ ਬਹੁਤ ਦੁੱਖੀ ਤੇ ਪਰੇਸ਼ਾਨ ਹੋਏ। ਮੈਨੂੰ ਵੀ ਇਨ੍ਹਾਂ ਦੁਹਾਂ ਦੀ ਮੁਲਾਕਾਤ ਦਾ ਭੈੜਾ ਨਤੀਜਾ ਦੇਖ ਕੇ ਦੁੱਖ ਹੋਇਆ। ਮੈਂ ਮੁਸ਼ਕਲ ਨਾਲ ਬੀਚ ਬਚਾਓ ਕਰ ਕੇ ਨਾਨਾ ਜੀ ਨੂੰ ਘਰ ਵਾਪਸ ਲੈ ਆਇਆ। ਅਸਲ ਗੱਲ ਇਹ ਸੀ ਕਿ ਪ੍ਰੋ. ਸਾਹਿਬ ਸਿੰਘ ਕੱਟੜ ਸਿਧਾਂਤਵਾਦੀ ਸਨ ਤੇ ਨਾਮ ਜਪਣ ਨੂੰ ਮੁੱਖ ਧਾਰਮਕ ਕਰਮ ਮੰਨਦੇ ਸਨ, ਜਿਵੇਂ ਗੁਰਵਾਕ ਹੈ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ (637)

ਇਸ ਦੇ ਉਲਟ ਨਾਨਾ ਜੀ ਰੂੜ੍ਹੀਵਾਦੀ ਧਾਰਮਕ ਨਿਸਚੇ ਦੇ ਸਿੱਖ ਸਨ। ਉਹ ਧਾਰਮਕ ਕਰਮ ਕਾਂਡ ਨੂੰ ਹੀ ਦੁਨੀਆਦਾਰ ਹੋਣ ਕਰ ਕੇ ਕਾਫੀ ਸਮਝਦੇ ਸਨ। ਸੋ ਝਗੜਾ ਤਾਂ ਹੋਣਾ ਹੀ ਸੀ।

ਪ੍ਰੋ. ਸਾਹਿਬ ਸਿੰਘ ਨਿਰੇ ਵਿਦਵਾਨ ਹੀ ਨਹੀਂ ਸਨ, ਕੁਦਰਤੀ ਇਲਾਜ ਦੇ ਡਾਕਟਰ ਵੀ ਸਨ। ਉਹ ਬਿਨਾਂ ਛਾਣੇ ਆਟੇ ਦੀ ਰੋਟੀ ਖਾਂਦੇ ਸਨ। ਕਈ ਬਾਇਓ-ਕੈਮਿਕ ਦਵਾਈਆਂ ਖਾਂਦੇ ਸਨ। ਸਾਦਾ ਖੁਰਾਕ, ਸਾਦਾ ਪੁਸ਼ਾਕ ਤੇ ਸਾਤਵਿਕ ਜੀਵਨ ਜੀਊਂਦੇ ਸਨ। ਰੋਜ਼ ਸਵੇਰੇ ਸੈਰ ਕਰਦੇ ਸਨ। ਸਵੇਰੇ ਤਿੰਨ ਚਾਰ ਵਜੇ ਉੱਠ ਕੇ ਪਾਠ ਕਰਦੇ ਤੇ ਫਿਰ ਗੁਰਦਵਾਰੇ ਡਿਊਟੀ ਤੇ ਜਾਂਦੇ ਸਨ। ਰਾਤ ਨੂੰ ਸਰਦੀਆਂ ਵਿਚ ਅੱਠ ਵਜੇ ਤੇ ਗਰਮੀਆਂ ਵਿਚ ਨੌਂ ਵਜੇ ਮਾਰਸ਼ਲ ਲਾਅ ਲਾ ਕੇ ਸੌਂ ਜਾਂਦੇ ਸਨ। ਫਿਰ ਉਨ੍ਹਾਂ ਨੂੰ ਕੋਈ ਜਗਾ ਨਹੀਂ ਸਕਦਾ ਸੀ। ਇਕ ਦਿਨ ਉਨ੍ਹਾਂ ਦਾ ਇਕ ਨਜ਼ਦੀਕੀ ਰਿਸ਼ਤੇਦਾਰ ਰਾਤ ਨੂੰ ਦੇਰ ਨਾਲ ਪਹੁੰਚਿਆ ਤੇ ਇਕ ਗਵਾਂਢੀ ਪਾਸੋਂ ਚਾਰਪਾਈ ਲੈ ਕੇ ਬਾਹਰ ਹੀ ਸੌਂ ਰਿਹਾ। ਸਵੇਰੇ ਸਾਹਿਬ ਸਿੰਘ ਹੁਰੀਂ ਉਸ ਪਾਸੋਂ ਲੰਘ ਕੇ ਬਾਹਰ ਚਲੇ ਗਏ। ਜਦ ਦਿਨ ਚੜ੍ਹਿਆ ਤਾਂ ਪਤਾ ਲੱਗਾ ਕਿ ਫਲਾਣੇ ਸੱਜਨ ਬਾਹਰ ਸੁੱਤੇ ਹੋਏ ਸਨ। ਉਹ ਸਹਿਜੇ ਹੀ ਕਹਿਣ ਲੱਗੇ, ਦੇਰ ਨਾਲ ਆਇਆ ਹੋਣਾ ਏ। ਆਪਣੇ ਲੜਕਿਆਂ ਦੇ ਵਿਆਹਾਂ ਤੇ ਕਈ ਵਾਰੀ ਉਹ ਬਾਰਾਤ ਨਾਲ ਵੀ ਨਹੀਂ ਸੀ ਗਏ। ਕਹਿੰਦੇ ਸਨ ਕਿਸੇ ਨੇ ਘਰ ਵੀ ਤਾਂ ਰਹਿਣਾ ਹੈ, ਮੈਂ ਹੀ ਰਹਿ ਲੈਂਦਾ ਹਾਂ। ਉਨ੍ਹਾਂ ਦੇ ਲੜਕਿਆਂ ਤੇ ਲੜਕੀਆਂ ਸਭ ਦੀ ਸ਼ਾਦੀ ਅਤਿਅੰਤ ਸਾਦਾ ਢੰਗ ਨਾਲ ਕੀਤੀ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੋ. ਸਾਹਿਬ ਦੇ ਕੁਦਰਤੀ ਇਲਾਜ ਬਾਰੇ ਇਕ ਰੋਚਕ ਗੱਲ ਯਾਦ ਆਈ। ਮੈਂ ਕਿਸੇ ਕੰਮ ਉਨ੍ਹਾਂ ਦੇ ਘਰ ਬਰਾਂਡੇ ਵਿਚ ਜਾ ਕੇ ਵਾਜ ਮਾਰੀ। ਕਹਿਣ ਲੱਗੇ, ਅੱਗੇ ਨਾ ਆਇਓ, ਠਹਿਰੋ, ਮੈਂ ਆਉਂਦਾ ਹਾਂ। ਮੈਂ ਹੈਰਾਨ ਹੋ ਕੇ ਪੁਛਿਆ, ਕੀ ਗੱਲ ਏ ? ਕਹਿਣ ਲੱਗੇ, ਆ ਕੇ ਦੱਸਦਾ ਹਾਂ। ਜਦ ਉਹ ਬਾਹਰ ਆਏ ਤਾਂ ਕਹਿਣ ਲੱਗੇ, ਮੈਂ ਰਤਨ ਕੌਰ ਨੂੰ ਪਾਣੀ ਦੇ ਟੱਬ ਵਿਚ ਬਿਠਾ ਕੇ ਉਸ ਨੂੰ ਹਿੱਪ-ਬਾਥ ਦੇ ਰਿਹਾ ਹਾਂ। ਮੈਂ ਕਿਹਾ ਫਿਰ ਤੁਸੀਂ ਦਰਵਾਜ਼ਾ ਬੰਦ ਕਿਉਂ ਨਾ ਕੀਤਾ ? ਕਹਿਣ ਲੱਗੇ, ਇਹ ਰੋਜ਼ ਦਾ ਕੰਮ ਹੈ, ਉਸਦੇ ਮੋਟਾਪੇ ਦਾ ਇਲਾਜ ਕਰ ਰਿਹਾ ਹਾਂ। ਮੈਂ ਕਿਹਾ ਤੁਸੀਂ ਧੰਨ ਹੋ, ਕਈ ਹੁਨਰ ਜਾਣਦੇ ਹੋ। ਪ੍ਰੋ. ਸਾਹਿਬ ਆਪ ਤਾਂ ਨਹੀਂ ਰਹੇ ਪਰ ਉਨ੍ਹਾਂ ਦੀ ਪਤਨੀ ਮਾਤਾ ਰਤਨ ਕੌਰ ਆਪਣੇ ਲੜਕੇ ਡਾ. ਦਲਜੀਤ ਸਿੰਘ (ਅੱਖਾਂ ਦੇ ਪ੍ਰਸਿੱਧ ਡਾਕਟਰ) ਪਾਸ ਰਹਿੰਦੇ ਹਨ ਤੇ 85-86 ਸਾਲ ਦੀ ਉਮਰ ਵਿਚ ਅਜੇ ਵੀ ਚੰਗੀ ਸਿਹਤ ਵਿਚ ਹਨ।

ਪ੍ਰੋ. (ਡਾ.) ਗੰਡਾ ਸਿੰਘ

ਪ੍ਰੋ. ਗੰਡਾ ਸਿੰਘ ਮੁਢਲੇ ਤੌਰ ਤੇ ਇਕ ਸੈਨਿਕ ਸਨ ਪਰ ਹੈਰਾਨੀ ਹੈ ਕਿ ਫੌਜੀ ਨੌਕਰੀ ਤੋਂ ਵਿਹਲੇ ਹੋ ਕੇ ਉਹ ਏਡੇ ਵੱਡੇ ਵਿਦਵਾਨ ਅਤੇ ਪ੍ਰਮੁੱਖ ਇਤਿਹਾਸਕਾਰ ਕਿਵੇਂ ਬਣ ਗਏ ਤੇ ਨਾਲ ਹੀ ਇਕ ਉੱਘੇ ਧਾਰਮਕ ਵਿਅਕਤੀ ਅਤੇ ਅਧਿਆਪਕ ਕਿਵੇਂ ਹੋ ਨਿਬੜੇ ? ਉਨ੍ਹਾਂ ਦੇ ਨਿੱਜੀ ਜੀਵਨ ਬਾਰੇ ਮੈਨੂੰ ਬਹੁਤੀ ਜਾਣਕਾਰੀ ਨਹੀਂ ਹੋ ਸਕੀ, ਕਿਉਂਕਿ ਖ਼ਾਲਸਾ ਕਾਲਜ ਵਿਚ ਉਹ ਕੇਵਲ 5-6 ਸਾਲ ਹੀ ਮੇਰੇ ਸਹਿ-ਪੇਸ਼ਾ (colleague) ਰਹੇ, ਪਰ ਜਿੰਨੀ ਵੀ ਮੈਨੂੰ ਉਨ੍ਹਾਂ ਦੀ ਜਾਨ ਪਛਾਨ ਹੋ ਸਕੀ, ਉਸ ਬਾਰੇ ਕੁਝ ਗੱਲਾਂ ਲਿਖਦਾ ਹਾਂ। ਉਨ੍ਹਾਂ ਦਾ ਹਿਰਦਾ ਅਤਿ ਵਿਸ਼ਾਲ ਸੀ ਅਤੇ ਅਸਲੋਂ ਹੀ ਉਨ੍ਹਾਂ ਦੀ ਸਖਸ਼ੀਅਤ ਬੜੀ ਸ਼ਕਤੀਸ਼ਾਲੀ ਤੇ ਬਹੁ-ਪੱਖੀ ਸੀ। ਉਨ੍ਹਾਂ ਦੇ ਵਿਚਾਰ, ਹਾਵ-ਭਾਵ, ਬੋਲ ਚਾਲ, ਵਤੀਰਾ, ਚੱਲਣ ਫਿਰਨ ਦਾ ਢੰਗ ਸਭ ਕੁਝ ਬਹੁਤ ਠੋਸ ਤੇ ਨਿੱਗਰ ਸੀ। ਈਮਾਨਦਾਰੀ ਉਨ੍ਹਾਂ ਦੇ ਜੀਵਨ ਦਾ ਪ੍ਰਮੁੱਖ ਸਿਧਾਂਤ ਅਤੇ ਪ੍ਰਾਪਤੀ ਸੀ। ਹੋਰ ਲੋਕਾਂ ਵਾਂਗ ਮੇਰੇ ਨਾਲ ਵੀ ਉਹ ਬਹੁਤ ਡੂੰਘਾ ਹਿੱਤ ਰਖਦੇ ਸਨ ਅਤੇ ਮੈਂ ਵੀ ਉਨ੍ਹਾਂ ਨੂੰ ਆਪਣਾ ਪਰਮ ਹਿਤੈਸ਼ੀ ਅਤੇ ਪਿਤਾ ਸਮਾਨ ਸਮਝਦਾ ਸਾਂ। ਉਨ੍ਹਾਂ ਦੇ ਜੀਵਨ ਤਜਰਬੇ ਤੋਂ ਮੈਂ ਕਾਫੀ ਕੁਝ ਸਿਖਿਆ। ਮੈਂ ਅੱਗੇ ਲਿਖ ਚੁਕਾ ਹਾਂ ਕਿ ਪੰਜਾਬੀ ਸਾਹਿੱਤ ਵਿਚ ਮੇਰਾ ਨਾਂ ਪਹਿਲੀ ਵਾਰ ਉਨ੍ਹਾਂ ਨੇ ਆਪਣੀ ਪੁਸਤਕ 'ਪੰਜਾਬ ਦੀਆਂ ਵਾਰਾਂ' (1946) ਦੀ ਭੂਮਿਕਾ ਵਿਚ ਛਾਪਿਆ।

ਪ੍ਰੋ. ਗੰਡਾ ਸਿੰਘ 1947 ਦੇ ਫਸਾਦਾਂ ਸਮੇਂ ਕਾਲਜ ਦੀ ਰਖਿਆ ਆਦਿ ਅਤੇ ਕਿਸੇ ਅਚਾਨਕ ਆਪੱਤੀ ਨਾਲ ਨਜਿੱਠਣ ਲਈ ਪ੍ਰਿੰ. ਭਾਈ ਜੋਧ ਸਿੰਘ ਵਲੋਂ ਬਾਕਾਇਦਾ ਤੌਰ ਤੇ ਕਮਾਂਡਰ ਨਿਯਤ ਹੋਏ ਸਨ। ਉਨ੍ਹਾਂ ਦੇ ਇੰਚਾਰਜ ਹੁੰਦਿਆਂ ਸਾਨੂੰ ਕੋਈ ਫ਼ਿਕਰ ਨਹੀਂ ਸੀ। ਉਨ੍ਹਾਂ ਦਾ ਰੁਅਬ ਏਨਾ ਸੀ ਕਿ ਆਦਮੀ ਗਲਤ ਇਰਾਦਾ ਲੈ ਕੇ ਜਾਂ ਠੱਗੀ ਮਾਰਨ ਲਈ ਉਨ੍ਹਾਂ ਦੇ ਨੇੜੇ ਨਹੀਂ ਢੁਕ ਸਕਦਾ ਸੀ। ਉਨ੍ਹਾਂ ਦੀ ਬਹਾਦਰੀ ਅਤੇ ਦਲੇਰੀ ਦੀ ਤਾਂ ਧੁੰਮ ਪਈ ਹੋਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨ੍ਹਾਂ ਦੀ ਬੇਮਿਸਾਲ ਈਮਾਨਦਾਰੀ ਬਾਰੇ ਪ੍ਰਸਿੱਧ ਹੈ ਕਿ ਇਕ ਵਾਰੀ ਉਹ ਖ਼ੁਸ਼-ਕਿਸਮਤੀ ਜਾਂ ਬਦਕਿਸਮਤੀ ਨਾਲ ਗਿਆਨੀ ਦੇ ਪ੍ਰੀਖਿਅਕ ਲੱਗ ਗਏ। ਲੋਕਾਂ ਨੂੰ ਨਜਾਇਜ਼ ਸਹਾਇਤਾ ਲੈਣ ਦੀ ਆਦਤ ਸਾਡੇ ਦੇਸ਼ ਵਿਚ ਆਮ ਹੈ। ਇਕ ਦੋ ਵਾਰੀ ਉਨ੍ਹਾਂ ਦਿਨਾਂ ਵਿਚ ਅਜੇਹਾ ਹੋਇਆ ਕਿ ਕੁਝ ਆਦਮੀ ਬੇਸਮਝੀ ਵਿਚ ਉਨ੍ਹਾਂ ਪਾਸ ਪਰਚਿਆਂ ਵਿਚ ਸਹਾਇਤਾ ਲੈਣ ਬਾਰੇ ਬੇਨਤੀ ਕਰਨ ਲਈ ਉਨ੍ਹਾਂ ਦੇ ਘਰ ਆ ਪਹੁੰਚੇ। ਪ੍ਰੋ. ਸਾਹਿਬ ਨੂੰ ਪਤਾ ਸੀ ਕਿ ਏਨ੍ਹਾਂ ਦਿਨਾਂ ਵਿਚ ਅਜੇਹਾ ਹੋਣ ਦੀ ਸੰਭਾਵਨਾ ਹੈ। ਇਸ ਲਈ ਜੋ ਆਦਮੀ ਮਿਲਣ ਆਉਂਦਾ ਉਸ ਨੂੰ ਕਹਿੰਦੇ ਜੇ ਪਰਚਿਆਂ ਬਾਰੇ ਕੋਈ ਗੱਲ ਕਰਨੀ ਹੈ ਤਾਂ ਇਥੋਂ ਹੀ 'ਅਬਾਊਟ ਟਰਨ' ਯਾਨੀ ਪਿਛੇ ਹੱਟ ਜਾਓ। ਜੇ ਕੋਈ ਹੋਰ ਗੱਲ ਹੈ ਤਾਂ ਅੱਗੇ ਆਓ। ਇਸ ਤਰ੍ਹਾਂ ਕਈ ਲੋਕਾਂ ਨੂੰ ਚੰਗਾ ਸਬਕ ਮਿਲਿਆ। ਮੈਂ ਸੋਚਦਾ ਹਾਂ ਈਮਾਨਦਾਰ ਆਦਮੀ ਸੰਸਾਰ ਵਿਚ ਬਹੁਤ ਦੁਰਲੱਭ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾਂ ਐਮਨਾਬਾਦ ਵਿਚ ਦਸਾਂ ਨੌਹਾਂ ਦੀ ਸੁੱਚੀ ਕਿਰਤ ਕਰਨ ਵਾਲਾ ਇਕ ਈਮਾਨਦਾਰ ਆਦਮੀ ਭਾਈ ਲਾਲੋ ਲੱਭਾ। ਉਹ ਗੁਰੂ ਸਾਹਿਬ ਦਾ ਪਹਿਲਾ ਸੱਚਾ ਤੇ ਆਦਰਸ਼ਕ ਸਿੱਖ ਬਣਿਆ।

ਮਹਾਨ ਵਿਅਕਤੀ ਐਵੇਂ ਨਹੀਂ ਉੱਚਾ ਉੱਠਦੇ। ਉਹ ਜੀਵਨ ਵਿਚ ਭਾਰੀ ਕੁਰਬਾਨੀ ਕਰਨ ਵਾਲੇ ਹੁੰਦੇ ਹਨ। ਪ੍ਰੋਫੈਸਰ ਸਾਹਿਬ ਵੀ ਘਰ ਦੇ ਕੰਮਾਂ ਤੋਂ ਉੱਕੇ ਹੀ ਬੇਪਰਵਾਹ ਤੇ ਬੇਲਾਗ ਰਹਿੰਦੇ ਸਨ। ਉਨ੍ਹਾਂ ਦੀ ਸੁਪਤਨੀ ਅਤੇ ਦੋਵੇਂ ਲੜਕੇ ਪ੍ਰੀਤਮ ਸਿੰਘ ਅਤੇ ਰਾਬਿੰਦਰ ਸਿੰਘ ਤਿੰਨੇ ਰਲ ਕੇ ਘਰ ਦਾ ਤੋਰਾ ਤੋਰੀ ਰਖਦੇ ਸਨ। ਪ੍ਰੋ. ਸਾਹਿਬ ਆਪ ਰਾਤ ਦਿਨ ਸਿੱਖ ਇਤਿਹਾਸ ਦੀ ਖੋਜ ਦੇ ਕੰਮ ਵਿਚ ਤਨੋਂ ਮਨੋਂ ਜੁਟੇ ਰਹਿੰਦੇ ਸਨ। ਇਕ ਦਿਨ ਮੈਨੂੰ ਬੜਾ ਤਰਸ ਆਇਆ। ਉਨ੍ਹਾਂ ਦਾ ਵੱਡਾ ਲੜਕਾ ਪ੍ਰੀਤਮ ਜੋ ਮੇਰੇ ਪਾਸ ਕਦੀ ਕਦੀ ਪੜ੍ਹਾਈ ਬਾਰੇ ਸਲਾਹ ਕਰਨ ਜਾਂ ਕਿਸੇ ਸਮੱਸਿਆ ਦੇ ਹੱਲ ਲਈ ਆਉਂਦਾ ਰਹਿੰਦਾ ਸੀ ਤੇ ਮੈਨੂੰ ਪਿਆਰ ਨਾਲ ਚਾਚਾ ਜੀ ਕਰ ਕੇ ਬੁਲਾਂਦਾ ਸੀ, ਇਕ ਦਿਨ ਬੜਾ ਭਾਵੁਕ ਜਿਹਾ ਹੋ ਕੇ ਕਹਿਣ ਲੱਗਾ, 'ਚਾਚਾ ਜੀ ਸਾਡੇ ਪਾਪਾ ਜੀ ਨੂੰ ਕਹੋ ਕਦੀ ਸਾਡੇ ਨਾਲ ਵੀ ਗੱਲ ਕਰ ਲਿਆ ਕਰਨ। ਕਿੰਨਾ ਕਿੰਨਾ ਚਿਰ ਉਹ ਸਾਨੂੰ ਬੁਲਾਂਦੇ ਤਕ ਨਹੀਂ। ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਅਸੀਂ ਕੀ ਕਰ ਰਹੇ ਹਾਂ, ਪੜ੍ਹਦੇ ਵੀ ਹਾਂ ਕਿ ਨਹੀਂ। ਪਤਾ ਨਹੀਂ ਅਸੀਂ ਜੀਵਨ ਵਿਚ ਅੱਗੇ ਜਾ ਕੇ ਕੀ ਕਰਾਂਗੇ ?' ਮੈਨੂੰ ਤਰਸ ਤਾਂ ਬੜਾ ਆਇਆ ਪਰ ਪ੍ਰੋ. ਸਾਹਿਬ ਨੂੰ ਇਸ ਬਾਰੇ ਕੁਝ ਕਹਿਣ ਦੀ ਹਿੰਮਤ ਨਾ ਪਈ। ਮੈਂ ਸੋਚਿਆ ਪ੍ਰੋ. ਸਾਹਿਬ ਕੌਮ ਦੀ ਸੇਵਾ ਕਰ ਰਹੇ ਹਨ, ਪਰਮਾਤਮਾ ਉਨ੍ਹਾਂ ਦੀ ਔਲਾਦ ਦਾ ਆਪੇ ਖਿਆਲ ਰੱਖੇਗਾ।

1946 ਦੀ ਗੱਲ ਹੈ, ਪ੍ਰੋ. ਗੰਡਾ ਸਿੰਘ, ਸਰਦਾਰ ਹਰਬੇਲ ਸਿੰਘ ਪੀ. ਟੀ. (ਪ੍ਰਸਿਧ ਓਲੰਪਿਕ ਹਾਕੀ ਪਲੇਅਰ) ਅਤੇ ਮੈਂ ਤਿੰਨੇ ਸਲਾਹ ਕਰ ਕੇ ਤੇ ਪ੍ਰਿੰ. ਜੋਧ ਸਿੰਘ ਤੋਂ ਆਗਿਆ ਲੈ ਕੇ ਮਜੀਠਾ ਹਾਊਸ ਕਾਲਜ ਦੇ ਪਰਧਾਨ ਸਰਦਾਰ ਸੁਰਜੀਤ ਸਿੰਘ ਮਜੀਠੀਆ ਨੂੰ ਮਿਲਣ ਗਏ। ਅਸੀਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਸਾਡੇ ਤਿੰਨਾਂ ਵਿਭਾਗਾਂ ਦੀ ਤਨਖ਼ਾਹ ਦਾ ਗਰੇਡ ਵੀ ਦੂਜੇ ਵਿਭਾਗਾਂ ਦੇ ਪ੍ਰੋਫੈਸਰਾਂ ਤੇ ਮੁੱਖੀਆਂ ਦੇ ਗਰੇਡ ਦੇ ਬਰਾਬਰ ਕਰ ਦਿਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਸਾਡਾ ਗਰੇਡ ਉਨ੍ਹਾਂ ਦੇ ਗਰੇਡ ਨਾਲੋਂ ਕੁਝ ਘਟ ਸੀ) । ਮਜੀਠਾ ਸਾਹਿਬ ਨੇ ਸਾਡੀ ਗੱਲ ਤਾਂ ਸੁਣ ਲਈ ਪਰ ਇਸ ਬਾਰੇ ਮਦਦ ਕਰਨ ਦਾ ਹੁੰਗਾਰਾ ਨਾ ਭਰਿਆ । ਅਸੀਂ ਨਿਰਾਸ਼ ਹੋ ਕੇ ਮੁੜ ਆਏ । ਪ੍ਰੋ. ਗੰਡਾ ਸਿੰਘ ਤੇ ਸਰਦਾਰ ਹਰਬੇਲ ਸਿੰਘ ਬਹੁਤ ਹਿੰਮਤੀ ਸਨ ਉਹ ਦੇਸ਼ ਵੰਡ ਤੋਂ ਪਿਛੋਂ ਕਾਲਜ ਛੱਡ ਕੇ ਵੱਡੀਆਂ ਨੌਕਰੀਆਂ ਤੇ ਚਲੇ ਗਏ ਅਤੇ ਮੈਂ ਸਬਰ ਕਰ ਕੇ ਬੈਠਾ ਰਿਹਾ । ਸ਼ੋਕ ਕਿ ਕੁਝ ਸਾਲਾਂ ਬਾਅਦ ਸ. ਹਰਬੇਲ ਸਿੰਘ ਜਰਮਨੀ ਤੋਂ ਮਾਸਕੋ ਜਾਂਦਿਆਂ ਹਵਾਈ ਜਹਾਜ਼ ਦੇ ਹਾਦਸੇ ਦਾ ਸ਼ਿਕਾਰ ਹੋ ਗਿਆ ।

ਪ੍ਰੋ. ਗੰਡਾ ਸਿੰਘ ਦੀ ਪੀ. ਐਚ. ਡੀ. ਲਈ ਖੋਜ ਅਤਿ ਮਹੱਤਵਪੂਰਨ ਹੈ । ਉਨ੍ਹਾਂ ਦਾ ਪੀ. ਐਚ. ਡੀ. ਥੀਸਿਸ 'ਅਹਿਮਦ ਸ਼ਾਹ ਦੁੱਰਾਨੀ' (ਅੰਗਰੇਜ਼ੀ ਵਿਚ ਛਪੀ ਪੁਸਤਕ) ਮੇਰੇ ਖਿਆਲ ਵਿਚ ਇਤਿਹਾਸਕ ਖੋਜ ਦੀ ਸਿਖਰ ਮੰਨੀ ਜਾ ਸਕਦੀ ਹੈ । ਪ੍ਰੋ. ਸਾਹਿਬ ਦੇ ਹਾਸ ਰਸ ਦੀ ਇਕ ਗੱਲ ਯਾਦ ਆ ਗਈ । ਇਕ ਦਿਨ ਉਨ੍ਹਾਂ ਦੱਸਿਆ ਕਿ ਜਦ ਉਹ ਅਲੀਗੜ੍ਹ ਮੁਸਲਮ ਯੂਨੀਵਰਸਿਟੀ ਵਿਚ ਐਮ. ਏ. ਇਤਿਹਾਸ ਦੀ ਪੜ੍ਹਾਈ ਕਰ ਰਹੇ ਸਨ ਤੇ ਦੋ ਸਾਲਾਂ ਦਾ ਕੋਰਸ ਸੀ, ਉਥੇ ਇਕ ਮੌਲਵੀ (ਉਨ੍ਹਾਂ ਦਾ ਜਮਾਤੀ) ਬਹੁਤ ਖਬਤੀ ਸੀ । ਅਜੇ ਪੜ੍ਹਾਈ ਸ਼ੁਰੂ ਹੋਇਆਂ ਇਕ ਮਹੀਨਾ ਹੀ ਹੋਇਆ ਸੀ ਕਿ ਮੌਲਵੀ ਸਾਹਿਬ ਘਬਰਾ ਕੇ ਕਹਿਣ ਲੱਗੇ, 'ਅਜੀ ਸਾਹਿਬ ਹਮ ਤੋ ਮਾਰੇ ਗਏ, ਫ਼ਕਤ ਤੇਈਸ ਮਹੀਨੇ ਬਾਕੀ ਰਹਿ ਗਏ ਔਰ ਕੋਈ ਕਾਮ ਨਹੀਂ ਹੂਆ । ਆਖਰ ਹਮ ਕਿਆ ਕਰੇਂਗੇ ?' ਸਭ ਵਿਦਿਆਰਥੀਆਂ ਨੇ ਮਖੌਲ ਨਾਲ ਉਸ ਮੌਲਵੀ ਦਾ ਨਾ 'ਫ਼ਕਤ ਤੇਈਸ ਮਹੀਨੇ' ਰੱਖ ਦਿਤਾ (ਫ਼ਕਤ ਤੋਂ ਭਾਵ ਹੈ ਸਿਰਫ)

ਮੌਲਵੀ ਦੀ ਗੱਲ ਤੋਂ ਮੈਨੂੰ ਪ੍ਰਿੰ. ਇੰਦਰ ਸਿੰਘ ਦੀ ਇਕ ਅਜੇਹੀ ਘਬਰਾਹਟ ਚੇਤੇ ਆ ਗਈ । ਸੰਨ 1955 ਦੀ ਇਕ ਸ਼ਾਮ ਸੀ । ਮੈਂ ਤੇ ਪ੍ਰੋ. ਹਰਨਾਮ ਸਿੰਘ (ਫਿਲਾਸਫੀ ਵਾਲੇ) ਪ੍ਰਿੰਸੀਪਲ ਸਾਹਿਬ ਦੀ ਕੋਠੀ ਦੇ ਸਾਹਮਣੇ ਖੁਲ੍ਹੀ ਜਗ੍ਹਾ ਬੈਠੇ ਸੀ । ਅਸੀਂ ਦੋਵੇਂ ਉਨ੍ਹਾਂ ਦੇ ਬਹੁਤ ਨਿਕਟਵਰਤੀ ਸਾਂ । ਕਾਲਜ ਬਾਰੇ ਗੱਲਾਂ ਹੁੰਦੀਆਂ ਰਹੀਆਂ । ਫਿਰ ਪ੍ਰਿੰ. ਸਾਹਿਬ ਨੇ ਨਿੱਜੀ ਗੱਲਾਂ ਸ਼ੁਰੂ ਕਰ ਦਿਤੀਆਂ । ਬੜੇ ਫਿਕਰ ਜੇਹੇ ਦੇ ਲਹਿਜੇ ਵਿਚ ਕਹਿਣ ਲੱਗੇ, 'ਇਸ ਦੇਸ਼ ਵੰਡ ਨੇ ਸਤਿਆਨਾਸ ਕਰ ਦਿਤਾ ਹੈ । ਲਾਹੌਰ ਵਿਚ ਕਿੰਨੀ ਹੀ ਜਾਇਦਾਦ ਸੀ ਜੋ ਕਿਸੇ ਕੰਮ ਨਹੀਂ ਆਈ । ਹੁਣ ਸਿਰਫ 5 ਲੱਖ ਰੁਪਏ ਪਾਸ ਰਹਿ ਗਏ ਹਨ, ਇਸ ਨਾਲ ਕੀ ਬਣੇਗਾ ?' ਅਸੀਂ ਇਹ ਸੁਣ ਕੇ ਹੈਰਾਨ ਹੋਏ ਕਿ ਪ੍ਰਿੰ. ਸਾਹਿਬ ਕੀ ਕਹਿ ਰਹੇ ਹਨ । ਅਸੀਂ ਬੇਨਤੀ ਕੀਤੀ ਕਿ ਅਸੀਂ ਤਾਂ ਕਦੀ 5 ਹਜ਼ਾਰ ਰੁਪਏ ਨਹੀਂ ਦੇਖੇ, ਤੁਸੀਂ ਪੰਜ ਲੱਖ ਦੀ ਗੱਲ ਕਰਦੇ ਹੋ । ਤੁਸੀਂ ਪ੍ਰਿੰ. ਸਾਹਿਬ ਸਾਡਾ ਫਿਕਰ ਕਰੋ ਸਾਡਾ ਕੀ ਬਣੇਗਾ, ਆਪਣੀ ਗੱਲ ਛੱਡੋ । ਪ੍ਰਿੰ. ਸਾਹਿਬ ਆਪਣੀ ਥਾਂ ਸੱਚੇ ਸਨ, ਉਨ੍ਹਾਂ ਦੇ ਵਡੇਰੇ ਭਾਈ ਵਸਤੀ ਰਾਮ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਨ । ਇਸ ਲਈ ਉਨ੍ਹਾਂ ਨੂੰ ਪੁਰਾਣੀ ਅਮੀਰੀ ਤੇ ਸ਼ਾਨ ਯਾਦ ਆਉਂਦੀ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨਲ ਸਰ ਬੂਟਾ ਸਿੰਘ

ਕਰਨਲ ਸਰ ਬੂਟਾ ਸਿੰਘ ਪੰਜਾਬ ਚੀਫਜ਼ (chiefs) ਵਿਚੋਂ ਸਨ. ਇਸ ਲਈ ਖ਼ਾਨਦਾਨੀ ਸ਼ਰਾਫਤ ਉਨ੍ਹਾਂ ਵਿਚ ਕੁੱਟ ਕੁੱਟ ਕੇ ਭਰੀ ਹੋਈ ਸੀ। ਸੁਭਾ ਵਿਚ ਨਰਮੀ ਤੇ ਮਿਠਾਸ ਸੀ ਪਰ ਲੋੜ ਪੈਣ ਤੇ ਸਖਤ ਵੀ ਬਹੁਤ ਸਨ । 1958 ਤੋਂ 1970 ਤਕ ਮੇਰਾ ਉਨ੍ਹਾਂ ਨਾਲ ਕਈ ਵਾਰੀ ਵਾਹ ਪੈਂਦਾ ਰਿਹਾ, ਜਿਸ ਨਾਲ ਮੈਨੂੰ ਉਨ੍ਹਾਂ ਦੀ ਸਖਸ਼ੀਅਤ ਬਾਰੇ ਕਾਫ਼ੀ ਅਨੁਭਵ ਹੋਇਆ । ਮੇਰੇ ਭਾਈ ਦਲੀਪ ਸਿੰਘ ਐਸ. ਪੀ. ਨਾਲ ਵੀ ਉਨ੍ਹਾਂ ਦਾ ਮੇਲ ਜੋਲ ਸੀ। ਮੇਰੇ ਬਾਰੇ ਉਨ੍ਹਾਂ ਦੀ ਰਾਏ ਚੰਗੀ ਸੀ ਜਿਸ ਦਾ ਅੰਦਾਜ਼ਾ ਮੈਨੂੰ ਕਈ ਗੱਲਾਂ ਤੋਂ ਹੋਇਆ ।

ਇਕ ਦਿਨ ਮੈਨੂੰ ਪੁੱਛਣ ਲੱਗੇ, ਪ੍ਰੋ. ਦੀਵਾਨ ਸਿੰਘ ! ਸੁਣਿਐ ਤੁਸੀਂ ਜੱਟ ਹੋ ?' ਮੈਂ ਕਿਹਾ ਆਪ ਜੀ ਨੂੰ ਇਸ ਬਾਰੇ ਕਿਉਂ ਸ਼ੱਕ ਹੋਇਆ ? ਕਹਿਣ ਲੱਗੇ, ਤੁਹਾਡੀ ਬੋਲ ਚਾਲ, ਲਹਿਜਾ ਤੇ ਤਬੀਅਤ ਕੁਝ ਰਾਵਲਪਿੰਡੀ ਵਲ ਦੇ ਲੋਕਾਂ ਨਾਲ ਮਿਲਦੀ ਹੈ। ਮੈਂ ਕਿਹਾ, ਤੁਸੀਂ ਠੀਕ ਕਹਿੰਦੇ ਹੋ। ਮੈਂ ਪੱਛਮੀ ਪੰਜਾਬ ਦੇ ਜ਼ਿਲੇ ਸਰਗੋਧਾ ਦਾ ਜੰਮ-ਪਲ ਹਾਂ। ਇਸ ਲਈ ਬੋਲੀ ਤੇ ਲਹਿਜਾ ਕੁਝ ਓਧਰ ਦਾ ਹੈ। ਪਿਛਲਾ ਜ਼ਿਲਾ ਸਿਆਲਕੋਟ ਸੀ। ਕਹਿਣ ਲੱਗੇ, ਜੱਟ ਤਾਂ ਖਰ੍ਹਵਾ ਬੋਲਦੇ ਹਨ, ਗਾਲ੍ਹਾਂ ਵੀ ਆਮ ਕੱਢਦੇ ਹਨ। ਤਹਾਡੇ ਪ੍ਰੋਫੈਸਰ ਵੀ ਕਈ ਅਜੇਹੇ ਹਨ । ਮੈਂ ਉਨ੍ਹਾਂ ਦੀ ਗੱਲ ਸਮਝ ਗਿਆ। ਮੈਂ ਕਿਹਾ ਜੀ, ਪੜ੍ਹ ਕੇ ਤੇ ਸ਼ਹਿਰ ਵਿਚ ਰਹਿ ਕੇ ਮੇਰੇ ਵਿਚ ਤਾਂ ਕਾਫ਼ੀ ਫਰਕ ਪੈ ਗਿਆ ਹੈ। ਕਹਿਣ ਲੱਗੇ, ਚੰਗੀ ਗੱਲ ਹੈ। ਮੈਂ ਕਿਹਾ, ਤੁਸੀਂ ਵੀ ਤਾਂ ਕਰਨਲ ਸਾਹਿਬ ! ਜੱਟ ਹੋ ਕੇ ਏਨੇ ਹਲੀਮ ਹੋ। ਕਹਿਣ ਲੱਗੇ ਛੱਡੋ ਇਹ ਗੱਲ, ਅਸੀਂ ਤਾਂ ਨਕਲੀ ਜੱਟ ਹਾਂ, ਅਸਲੀ ਜੱਟ ਤਾਂ ਖਾੜਕੂ ਹੀ ਹੁੰਦੇ ਹਨ। ਇਹ ਕਹਿ ਕੇ ਉਹ ਹੱਸਣ ਲੱਗ ਪਏ।

ਉਹ ਆਮ ਤੌਰ ਤੇ ਕਿਹਾ ਕਰਦੇ ਸਨ ਕਿ ਰੱਬ ਨੂੰ ਕਿਸੇ ਦੇਖਿਆ ਤਾਂ ਨਹੀਂ ਪਰ ਅਨਵਾਨਾਂ ਤੋਂ ਪਤਾ ਲਗਦਾ ਹੈ। ਮੈਂ ਹੈਰਾਨ ਸੀ ਕਿ ਇਹ ਕਥਨ ਤਾਂ ਉਨ੍ਹਾਂ ਦੀ ਵਿਦਵਤਾ ਦਾ ਇਕ ਚੰਗਾ ਸਬੂਤ ਸੀ, ਕਿਉਂਕਿ ਇਸ ਕਥਨ ਨਾਲ ਮਿਲਦੀ ਗੱਲ ਕੁਰਾਨ ਵਿਚ ਵੀ ਲਿਖੀ ਹੈ ਤੇ ਗੁਰੂ ਗ੍ਰੰਥ ਸਾਹਿਬ ਵਿਚ ਵੀ।

ਕਰਨਲ ਸਾਹਿਬ ਕਾਫ਼ੀ ਸਾਲ ਕਾਲਜ ਦੇ ਉਪ-ਪ੍ਰਧਾਨ ਰਹੇ। ਇਕ ਦਿਨ ਮੈਨੂੰ ਉਨ੍ਹਾਂ ਆਪਣੇ ਸੈਕਟਰੀ ਆਫਿਸ ਵਾਲੇ ਦਫਤਰ ਵਿਚ ਬੁਲਾ ਭੇਜਿਆ। ਮੈਂ ਗਿਆ ਤਾਂ ਉਨ੍ਹਾਂ ਪਾਸ ਦੋ ਪ੍ਰੋਫੈਸਰ ਬੈਠੇ ਸਨ ਪਰ ਕਮਰੇ ਵਿਚ ਕਾਫ਼ੀ ਤਨਾਓ ਦੀ ਸਥਿਤੀ ਸੀ। ਕਰਨਲ ਸਾਹਿਬ ਗੁੱਸੇ ਦੀ ਹਾਲਤ ਵਿਚ ਸਨ। ਮੈਂ ਹੈਰਾਨ ਹੋਇਆ, ਪਤਾ ਨਹੀਂ ਕੀ ਗੱਲ ਹੈ ? ਮੈਨੂੰ ਕਹਿਣ ਲੱਗੇ ਪ੍ਰੋ. ਦੀਵਾਨ ਸਿੰਘ, ਮੈਨੂੰ ਪਤਾ ਨਹੀਂ ਸੀ ਕਿ ਪ੍ਰੋਫੈਸਰ ਵੀ ਝੂਠ ਬੋਲ ਲੈਂਦੇ ਹਨ। ਇਨ੍ਹਾਂ ਦੋਹਾਂ ਪ੍ਰੋਫੈਸਰਾਂ ਦੇ ਬਿਆਨਾਂ ਵਿਚ ਮਤਭੇਦ ਹੈ। ਪਤਾ ਨਹੀਂ ਕਿਹੜਾ ਸੱਚਾ ਹੈ ਤੇ ਕਿਹੜਾ ਝੂਠਾ। ਪਰ ਇਹ ਪਤਾ ਲੱਗਾ ਹੈ ਕਿ ਜਿਸ ਵੇਲੇ ਇਹ ਗੱਲ ਵਾਪਰੀ ਤੁਸੀਂ ਉਥੇ ਸੀ। ਕੀ ਤੁਸੀਂ ਸੱਚ-ਸੱਚ ਦੱਸੋਗੇ ਕਿ ਕੀ ਗੱਲ ਹੋਈ ? ਮੈਂ ਕਿਹਾ ਜੋ ਤੁਸੀਂ ਪੁੱਛੋਗੇ ਮੈਂ ਸੱਚ ਦੱਸਾਂਗਾ, ਭਾਵੇਂ ਕੁਝ ਵੀ ਹੋਵੇ। ਉਨ੍ਹਾਂ ਫਿਰ ਸਾਰੀ ਗੱਲ ਦੱਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਮੈਂ ਜੋ ਕੁਝ ਦੇਖਿਆ ਸੁਣਿਆ ਸੀ, ਸੱਚ ਸੱਚ ਦੱਸ ਦਿਤਾ। ਬਸ ਉਸੇ ਵੇਲੇ ਕਰਨਲ ਸਾਹਿਬ ਗੁੱਸੇ ਨਾਲ ਭੜਕ ਉੱਠੇ ਤੇ ਜਿਸ ਪ੍ਰੋਫੈਸਰ ਦੀ ਗੱਲ ਗਲਤ ਨਿਕਲੀ, ਉਸ ਉੱਤੇ ਉੱਚੀ ਆਵਾਜ਼ ਵਿਚ ਵਰ੍ਹ ਪਏ। ਮੈਂ ਕਿਹਾ ਜੀ ਮੈਨੂੰ ਆਗਿਆ ਹੈ ਜਾਣ ਦੀ। ਉਨ੍ਹਾਂ ਕਿਹਾ, ਹਾਂ ਤੁਸੀਂ ਜਾ ਸਕਦੇ ਹੋ। ਇਸ ਘਟਨਾ ਦਾ ਸਿੱਟਾ ਇਹ ਨਿਕਲਿਆ ਕਿ ਦੋਹਾਂ ਪ੍ਰੋਫ਼ੈਸਰਾਂ ਵਿਚੋਂ ਜਿਸ ਦੀ ਗੱਲ ਝੂਠ ਨਿਕਲੀ, ਉਸਨੂੰ ਇਸਦਾ ਖ਼ਮਿਆਜ਼ਾ ਭੁਗਤਣਾ ਪਿਆ।

ਸਰਦਾਰ ਬਹਾਦਰ ਡਾ. ਸੋਹਨ ਸਿੰਘ

ਡਾ. ਸੋਹਨ ਸਿੰਘ ਸਿਆਲਕੋਟ ਦੇ ਮਸ਼ਹੂਰ ਪਿੰਡ ਸਾਹੂਵਾਲਾ (ਜਿਥੇ ਸਾਡੇ ਵੱਡੇ ਭੈਣ ਜੀ ਆਸ ਕੌਰ ਵਿਆਹੀ ਹੋਏ ਸੀ) ਤੋਂ ਉੱਠ ਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਆ ਵੱਸੇ ਸਨ। ਇਥੇ ਉਹ ਤਰੱਕੀ ਕਰ ਕੇ ਆਪਣੇ ਸਮੇਂ ਦੇ ਅੱਖਾਂ ਦੇ ਸਭ ਤੋਂ ਪ੍ਰਸਿੱਧ ਡਾਕਟਰ ਬਣ ਗਏ। ਉਨ੍ਹਾਂ ਦੇ ਪਿਤਾ ਡਾ. ਜਗਤ ਸਿੰਘ ਖਾਲਸਾ ਕਾਲਜ ਦੇ ਪਹਿਲੇ ਮੈਡੀਕਲ ਅਫ਼ਸਰ ਬਣੇ ਤੇ ਕਾਫੀ ਸਾਲ ਇਸ ਪਦਵੀ ਤੇ ਰਹੇ। ਖਾਲਸਾ ਕਾਲਜ ਦੇ ਡਾ. ਸੋਹਨ ਸਿੰਘ ਪਹਿਲਾਂ ਆਨ੍ਹਰੇਰੀ ਸੈਕਟਰੀ ਤੇ ਫਿਰ ਉਪ-ਪ੍ਰਧਾਨ ਰਹੇ। ਉਹ ਬੜੇ ਸਿਆਣੇ, ਤਜਰਬਾਕਾਰ, ਸ਼ਰੀਫ ਅਤੇ ਮਿਹਨਤੀ ਪੁਰਸ਼ ਸਨ। ਸਾਡੇ ਪਰਿਵਾਰ ਨਾਲ ਅਤੇ ਮੇਰੇ ਨਾਲ ਸਦਾ ਮਿਹਰਬਾਨੀ-ਭਰਿਆ ਸਲੂਕ ਕਰਦੇ ਸਨ।

ਡਾਕਟਰੀ ਯੋਗਤਾ ਤੋਂ ਇਲਾਵਾ ਡਾ. ਸੋਹਨ ਸਿੰਘ ਬਹੁਤ ਡੂੰਘੀ ਧਾਰਮਕ ਰੁਚੀ ਦੇ ਮਾਲਕ ਵੀ ਸਨ। 1954 ਵਿਚ ਉਨ੍ਹਾਂ ਕਾਲਜ ਵਿਚ ਇਕ ਉਚੇਰੀ ਧਾਰਮਕ ਕਲਾਸ ਖੋਲ੍ਹੀ ਜਿਸ ਵਿਚ ਬੀ.ਏ.-ਪਾਸ ਦਾਖ਼ਲ ਹੁੰਦੇ ਸਨ। ਡਾ. ਤਾਰਨ ਸਿੰਘ, ਪ੍ਰੋ. ਕਿਰਪਾਲ ਸਿੰਘ (ਸਿੱਖ ਹਿਸਟਰੀ ਵਾਲੇ) ਤੇ ਸ. ਧਰਮਾਨੰਤ ਸਿੰਘ ਦੇ ਨਾਲ ਮੈਂ ਵੀ ਇਸ ਕਲਾਸ ਦਾ ਅਧਿਆਪਕ ਸਾਂ। ਡਾ. ਸੋਹਨ ਸਿੰਘ ਜੀ ਨੇ ਇਸ ਕਲਾਸ ਦਾ ਕੰਟਰੋਲ ਸਿੱਧਾ ਆਪਣੇ ਹੱਥ ਵਿਚ ਰਖਿਆ ਹੋਇਆ ਸੀ। ਇਸ ਲਈ ਸਾਡਾ ਉਨ੍ਹਾਂ ਨਾਲ ਸੰਪਰਕ ਵਧ ਗਿਆ। ਉਹ ਆਪਣੇ ਬਾਰੇ ਦੱਸਦੇ ਸਨ ਕਿ ਜਦ ਉਹ ਮੈਡੀਕਲ ਕਾਲਜ, ਲਾਹੌਰ ਦੇ ਵਿਦਿਆਰਥੀ ਸਨ, ਉਸ ਸਮੇਂ ਤੋਂ ਹੀ ਉਹ ਹਮੇਸ਼ਾਂ ਸਵੇਰੇ 4 ਵਜੇ ਉੱਠ ਕੇ ਤੇ ਇਸ਼ਨਾਨ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਰਹੇ ਸਨ ਤੇ ਇਸ ਨੇਮ ਨੂੰ ਉਨ੍ਹਾਂ ਸਾਰੀ ਉਮਰ ਕਦੀ ਭੰਗ ਨਹੀਂ ਸੀ ਕੀਤਾ। ਗੁਰੂ ਗ੍ਰੰਥ ਸਾਹਿਬ ਤੋਂ ਵਾਕ ਪੜ੍ਹ ਕੇ ਫਿਰ ਉਹ ਹੋਰ ਕੋਈ ਕੰਮ ਕਰਦੇ ਸਨ। ਮੈਂ ਸਮਝਦਾ ਹਾਂ ਇਹ ਉਨ੍ਹਾਂ ਦੀ ਬਹੁਤ ਵੱਡੀ ਪ੍ਰਾਪਤੀ ਸੀ। ਅਸਲ ਵਿਚ ਉਨ੍ਹਾਂ ਦਾ ਜੀਵਨ ਸੰਜਮ ਤੇ ਨਿਅੰਤਰਨ ਦੇ ਸੱਚੇ ਵਿਚ ਢਲਿਆ ਹੋਇਆ ਸੀ। ਉਹ ਇਰਾਦੇ ਦੇ ਬੜੇ ਪੱਕੇ ਤੇ ਦ੍ਰਿੜ ਸਨ। ਸ਼ਖਸੀਅਤ ਬੜੀ ਨਿਖਰੀ ਹੋਈ, ਸ਼ਕਲ ਸੂਰਤ ਬੜੀ ਪ੍ਰਭਾਵਸ਼ਾਲੀ ਅਤੇ ਵਤੀਰਾ ਤੇ ਗੱਲਬਾਤ ਬੜੀ ਸਾਊ ਤੇ ਗੰਭੀਰ ਹੁੰਦੀ ਸੀ। ਉਨ੍ਹਾਂ ਦਾ ਰੁਅਬ ਤੇ ਪ੍ਰਭਾਵ ਹਰ ਕੋਈ ਮੰਨਦਾ ਸੀ। ਨਿਰਸੰਦੇਹ ਉਹ ਸ੍ਰੀ ਅੰਮ੍ਰਿਤਸਰ ਕੀ ਪੰਜਾਬ ਦੇ ਇਕ ਬਹੁਤ ਮਾਣ-ਪ੍ਰਤਿਸ਼ਟਾ ਵਾਲੇ ਵਿਅਕਤੀ ਵਜੋਂ ਜਾਣੇ ਜਾਂਦੇ ਸਨ। ਸਰਕਾਰ ਨੇ ਸਰਦਾਰ ਬਹਾਦਰ ਦਾ ਖਿਤਾਬ ਦੇ ਕੇ ਉਨ੍ਹਾਂ ਦੀ ਕਦਰ ਵਧਾਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦਿਨ ਉਨ੍ਹਾਂ ਉਪਰ-ਲਿਖੀ ਉਚੇਰੀ ਧਾਰਮਕ ਕਲਾਸ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਆਪਣੀ ਛਾਉਣੀ ਵਾਲੀ ਮਸ਼ਹੂਰ ਕੋਠੀ ਵਿਚ ਬੁਲਾਇਆ। ਮੰਤਵ ਉਨ੍ਹਾਂ ਦਾ ਇਹ ਸੀ ਕਿ ਸਟਾਫ ਤੇ ਵਿਦਿਆਰਥੀਆਂ ਵਿਚ ਧਾਰਮਕ ਜਜ਼ਬਾ ਅਤੇ ਉਤਸ਼ਾਹ ਪੈਦਾ ਕੀਤਾ ਜਾਏ। ਜਦ ਅਸੀਂ ਉਥੇ ਪਹੁੰਚੇ ਤਾਂ ਉਨ੍ਹਾਂ ਧਾਰਮਕ ਉਪਦੇਸ਼ ਸ਼ੁਰੂ ਕਰ ਦਿਤਾ। ਉਹ ਆਮ ਕਰਕੇ ਜਪੁਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਦੀ ਵਿਆਖਿਆ ਕਰਦੇ ਸਨ ਤੇ ਇਨ੍ਹਾਂ ਵਿਚੋਂ ਹੀ ਸਾਰਾ ਗੁਰਮਤਿ ਸਿਧਾਂਤ ਕੱਢ ਲੈਂਦੇ ਸਨ। ਉਪਦੇਸ਼ ਦੌਰਾਨ ਹੀ ਉਨ੍ਹਾਂ ਇਸ਼ਾਰਾ ਕਰਕੇ ਸੇਵਕਾਂ ਪਾਸੋਂ ਚਾਹ ਤੇ ਜਲੇਬੀਆਂ, ਸਮੋਸੇ ਆਦਿ ਮੰਗਵਾ ਲਏ। ਫਿਰ ਕਹਿਣ ਲੱਗੇ ਇਹ ਜਲੇਬੀਆਂ ਤੇ ਸਮੋਸੇ ਉਚੇਚੇ ਦੇਸੀ ਘਿਓ ਦੇ ਤਿਆਰ ਕਰਵਾਏ ਹਨ। ਹੁਣ ਮੁਸ਼ਕਲ ਇਹ ਬਣੀ ਕਿ ਇਕ ਪਾਸੇ ਗੰਭੀਰ ਉਪਦੇਸ਼ ਤੇ ਸਿਖਿਆ ਜੋ ਪੂਰੇ ਧਿਆਨ ਦੀ ਮੰਗ ਕਰਦੀ ਸੀ, ਦੂਜੇ ਪਾਸੇ ਵਧੀਆ ਜਲੇਬੀਆਂ ਤੇ ਸਮੋਸੇ। ਸਮਝ ਨਾ ਆਏ ਕਿਸ ਨੂੰ ਫੜੀਏ ਤੇ ਕਿਸਨੂੰ ਛੱਡੀਏ? ਏਨਾਂ ਡੂੰਘਾ ਭਾਸ਼ਨ ਛੱਡ ਕੇ ਜਲੇਬੀਆਂ ਆਦਿ ਖਾਣਾ ਸਾਨੂੰ ਪਾਪ ਜਾਪਿਆ। ਨਤੀਜਾ ਇਹ ਨਿਕਲਿਆ ਕਿ ਨਾ ਅਸੀਂ ਪੂਰੀ ਤਰ੍ਹਾਂ ਉਪਦੇਸ਼ ਸੁਣ ਸਕੇ ਤੇ ਨਾ ਹੀ ਜਲੇਬੀਆਂ ਖਾ ਸਕੇ। ਉਸ ਦਿਨ ਸਾਡੀ ਬੁਰੀ ਤਰ੍ਹਾਂ ਹਾਰ ਹੋਈ। ਡਾ. ਸਾਹਿਬ ਨੇ ਅਣਜਾਣੇ ਹੀ ਸਾਡਾ ਏਡਾ ਵੱਡਾ ਇਮਤਿਹਾਨ ਲਿਆ ਜੋ ਮੈਂ ਕਦੀ ਭੁਲ ਨਹੀਂ ਸਕਿਆ। ਉਸ ਦਿਨ ਮੈਨੂੰ ਸਮਝ ਆਈ ਕਿ ਇਕ-ਵਕਤ ਇਕੋ ਕੰਮ ਹੀ ਹੋ ਸਕਦਾ ਹੈ।

ਡਾ. ਸਾਹਿਬ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪਹਿਲਾਂ ਕਾਫੀ ਸਾਲ ਸੈਕਟਰੀ ਰਹੇ, ਫਿਰ 1956 ਤਕ ਕੁਝ ਸਾਲ ਉਪ-ਪਰਧਾਨ ਵੀ ਰਹੇ, (ਆਪ ਦਾ ਦੇਹਾਂਤ ਅੱਸੀ ਸਾਲ ਦੀ ਉਮਰ ਵਿਚ 1961 ਵਿਚ ਹੋਇਆ)। 1955 ਦੀ ਗੱਲ ਹੈ। ਮੈਂ ਪਟਿਆਲਾ ਹੋਸਟਲ ਦਾ ਵਾਰਡਨ ਸੀ। ਹੋਸਟਲ ਦੇ ਗਿਰਦ ਚਾਰ ਦੀਵਾਰੀ ਤਾਂ ਸੀ ਪਰ ਗੇਟ ਨਹੀਂ ਲੱਗੇ ਸਨ। ਹਰ ਪਾਸੇ ਕਈ ਰਸਤੇ ਖੁਲ੍ਹੇ ਸਨ। ਹਰ ਕੋਈ ਵੇਲੇ ਕੁਵੇਲੇ ਹੋਸਟਲ ਵਿਚ ਆ ਜਾ ਸਕਦਾ ਸੀ, ਜਿਸ ਨਾਲ ਚੋਰੀਆਂ ਤੋਂ ਇਲਾਵਾ ਵਿਦਿਆਰਥੀਆਂ ਵਿਚ ਅਨੁਸ਼ਾਸਨ (ਡਸਿਪਲਨ) ਕਾਇਮ ਕਰਨਾ ਮੁਸ਼ਕਲ ਸੀ। ਇਸ ਲਈ ਮੈਂ ਪ੍ਰਬੰਧਕੀ ਕਮੇਟੀ ਵਲ ਪ੍ਰਿੰ. ਇੰਦਰ ਸਿੰਘ ਦੀ ਸਲਾਹ ਨਾਲ ਹੋਸਟਲ ਦੇ ਵਾਧੂ ਰਸਤੇ ਬੰਦ ਕਰਾਉਣ ਲਈ ਬਿਨੇ-ਪੱਤਰ ਲਿਖ ਭੇਜਿਆ, ਜੋ ਡਾ. ਸਾਹਿਬ ਪਾਸ ਜਾ ਪੁੱਜਾ। ਉਨ੍ਹਾਂ ਨੇ ਆਦੇਸ਼ ਕੀਤਾ ਕਿ ਉਹ ਮੌਕਾ ਦੇਖ ਕੇ ਫੈਸਲਾ ਕਰਨਗੇ ਅਤੇ ਇਸ ਮੰਤਵ ਲਈ ਉਨ੍ਹਾਂ ਦਿਨ ਤੇ ਸਮਾਂ ਨਿਯਤ ਕਰ ਦਿਤਾ ਤੇ ਮੈਨੂੰ ਵੀ ਪ੍ਰਿੰ. ਸਾਹਿਬ ਤੋਂ ਇਲਾਵਾ ਹੋਸਟਲ ਵਿਚ ਹਾਜ਼ਰ ਹੋਣ ਲਈ ਕਿਹਾ।

ਡਾ. ਸਾਹਿਬ ਦੀ ਸਖਸ਼ੀਅਤ ਦਾ ਰੁਅਬ ਦਾਬ ਬਹੁਤ ਸੀ। ਮੈਂ ਸੋਚਿਆ ਪਤਾ ਨਹੀਂ ਮੇਰੀ ਤਜਵੀਜ਼ ਮੰਨਣ ਕਿ ਨਾਂ। ਮੈਂ ਆਪਣੇ ਵਲੋਂ ਬੜਾ ਸੁਚੇਤ ਹੋ ਕੇ ਸਮੇਂ ਸਿਰ ਹੋਸਟਲ ਪਹੁੰਚ ਗਿਆ। ਡਾ. ਸਾਹਿਬ ਨੇ ਮੁਆਮਲੇ ਦਾ ਵਿਸਥਾਰ ਗ੍ਰਹਿਣ ਕਰਕੇ ਮੈਨੂੰ ਪੁਛਿਆ, ਦੀਵਾਨ ਸਿੰਘ ਇਹ ਹੋਸਟਲ ਕਦੋਂ ਬਣਿਆ ਸੀ? ਮੈਂ ਬੇਨਤੀ ਕੀਤੀ, ਮੈਨੂੰ ਪੱਕਾ ਪਤਾ ਤਾਂ ਨਹੀਂ ਪਰ 50-60 ਸਾਲ ਹੋ ਗਏ ਹੋਣਗੇ। ਮੈਨੂੰ ਇਹ ਯਾਦ ਸੀ ਕਿ ਸਭ ਤੋਂ ਪਹਿਲਾਂ ਕਾਲਜ ਵਿਚ ਏਸੇ ਹੋਸਟਲ ਦੀ ਇਮਾਰਤ ਬਣੀ ਸੀ। ਇਹ ਸੁਣ ਕੇ ਕਹਿਣ ਲੱਗੇ: 'ਇਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੱਸੋ ਕਿ ਪਹਿਲਾਂ ਕਿਸੇ ਨੂੰ ਇਸ ਦੇ ਰਸਤੇ ਬੰਦ ਕਰਨ (enclose) ਕਰਨ ਦਾ ਕਿਉਂ ਖਿਆਲ ਨਾ ਆਇਆ ?' ਮੈਂ ਇਨ੍ਹਾਂ ਪ੍ਰਸ਼ਨਾਂ ਤੋਂ ਉਨ੍ਹਾਂ ਦਾ ਭਾਵ ਸਮਝ ਗਿਆ ਪਰ ਹੈਰਾਨ ਤੇ ਕੁਝ ਪਰੇਸ਼ਾਨ ਵੀ ਹੋਇਆ। ਮੈਂ ਕਿਹਾ, 'ਜੀ ਪਹਿਲਾਂ ਕਿਸੇ ਨੂੰ ਸ਼ਾਇਦ ਖਿਆਲ ਨਹੀਂ ਆਇਆ ਜਾਂ ਲੋੜ ਨਹੀਂ ਸਮਝੀ। ਹੁਣ ਮੈਨੂੰ ਇਸ ਦੀ ਲੋੜ ਜ਼ਰੂਰ ਮਹਿਸੂਸ ਹੋਈ ਹੈ।' ਉਹ ਇਹ ਸੁਣ ਕੇ ਚੁੱਪ ਧਾਰਨ ਕਰ ਗਏ। ਮੈਂ ਸਮਝ ਗਿਆ ਕਿ ਕਦਾਮਤ-ਪਸੰਦ (conservative) ਸੁਭਾ ਦੇ ਹੋਣ ਕਾਰਨ ਸ਼ਾਇਦ ਉਹ ਇਮਾਰਤ ਵਿਚ ਕੋਈ ਤਬਦੀਲੀ ਨਹੀਂ ਚਾਹੁੰਦੇ। ਸੋ ਮੈਂ ਵੀ ਹੋਰ ਬਹਿਸ ਨਾ ਕੀਤੀ ਤੇ ਚੁੱਪ ਕਰਕੇ ਉੱਠ ਆਇਆ। ਕਈ ਸਾਲਾਂ ਬਾਅਦ ਜਦ ਇਹ ਹੋਸਟਲ ਖ਼ਾਲਸਾ ਕਾਲਜ ਆਫ ਐਜੂਕੇਸ਼ਨ ਦਾ ਰੂਪ ਧਾਰ ਗਿਆ ਤਾਂ ਪ੍ਰਿੰ. ਗੁਰਨਾਮ ਸਿੰਘ ਸੰਧੂ ਨੂੰ ਇਹ ਕੰਮ ਕਰਨਾ ਪਿਆ ਜੋ ਮੈਂ ਨਾ ਕਰਵਾ ਸਕਿਆ।

ਡਾ. ਮਨਮੋਹਨ ਸਿੰਘ

ਡਾ. ਮਨਮੋਹਨ ਸਿੰਘ, ਡਾ. ਸੋਹਨ ਸਿੰਘ ਜੀ ਦੇ ਦਾਮਾਦ ਸਨ ਅਤੇ ਅੱਗੋਂ ਉਨ੍ਹਾਂ ਦੀ ਭੈਣ ਸਾਡੇ ਫੈਮਿਲੀ ਡਾਕਟਰ, ਡਾ. ਸੁਲੱਖਣ ਸਿੰਘ ਨਾਲ ਵਿਆਹੀ ਹੋਈ ਸੀ। ਇਸ ਤਰ੍ਹਾਂ ਵਿਚੇ ਵਿਚ ਰਿਸ਼ਤੇਦਾਰੀਆਂ ਸਨ। ਪਰ ਇਸ ਮਹਾਨ ਡਾਕਟਰਾਂ ਦੇ ਪਰਿਵਾਰ ਵਿਚ ਡਾ. ਮਨਮੋਹਨ ਸਿੰਘ ਦੀ ਸ਼ਖ਼ਸੀਅਤ ਸਭ ਤੋਂ ਅਨੂਠੀ ਤੇ ਰੋਚਕ ਸੀ। ਮੈਨੂੰ ਤਾਂ ਕਈ ਵਾਰੀ ਉਹ ਸ਼ੇਕਸਪੀਅਰ ਦੇ ਨਾਟਕਾਂ ਦਾ ਇਕ ਵਧੀਆ ਪਾਤਰ ਜਾਪਦੇ ਸਨ। ਉਨ੍ਹਾਂ ਦੀ ਸੁਪਤਨੀ ਸ੍ਰੀ ਅੰਮ੍ਰਿਤਸਰ ਦੇ ਗੌਰਮਿੰਟ ਕਾਲਜ ਫਾਰ ਵਿਮਨ ਦੇ ਪ੍ਰਿੰਸੀਪਲ ਸਨ। ਇਤਫਾਕ ਨਾਲ ਉਨ੍ਹਾਂ ਦੇ ਘਰ ਕੋਈ ਔਲਾਦ ਨਹੀਂ ਸੀ। ਇਸ ਲਈ ਉਹ ਦੋਵੇਂ ਦੰਪਤੀ ਕਾਫੀ ਸਵੈ-ਨਿਰਭਰ ਸੁਭਾ ਦੇ ਬਣ ਗਏ ਸਨ। ਪਰ ਹੈ ਸਨ ਬੜੇ ਨੇਕ, ਸਾਊ, ਸੁਹਿਰਦ ਤੇ ਰੱਬ ਦੇ ਨਾਂ ਵਾਲੇ।

ਜਦੋਂ ਡਾ. ਸੋਹਨ ਸਿੰਘ ਕਾਲਜ ਦੇ ਉਪ-ਪਰਧਾਨ ਸਨ ਤਾਂ ਡਾ. ਮਨਮੋਹਨ ਸਿੰਘ ਕਾਲਜ ਦੇ ਆਨੂਰੇਰੀ ਸੈਕਟਰੀ ਸਨ। ਇਹ ਸਮਾਂ ਸ. ਇੰਦਰ ਸਿੰਘ ਦੀ ਪ੍ਰਿੰਸੀਪਲੀ ਦਾ ਸੀ (1952 ਤੋਂ 1957 ਤਕ)। ਡਾ. ਮਨਮੋਹਨ ਸਿੰਘ ਦਾ ਪ੍ਰਿੰ. ਇੰਦਰ ਸਿੰਘ ਨਾਲ ਕਾਫੀ ਮਤਭੇਦ ਰਹਿੰਦਾ ਸੀ। ਕੁਝ ਪ੍ਰੋਫੈਸਰਾਂ ਦਾ ਵੀ ਇਸ ਮਤਭੇਦ ਨੂੰ ਵਧਾਣ ਵਿਚ ਹੱਥ ਸੀ। ਇਨ੍ਹਾਂ ਮਤਭੇਦਾਂ ਕਾਰਨ ਹੀ ਪ੍ਰਿੰ. ਇੰਦਰ ਸਿੰਘ ਨੂੰ 1957 ਵਿਚ ਰਿਟਾਇਰ ਹੋਣਾ ਪਿਆ ਨਹੀਂ ਤਾਂ ਸ਼ਾਇਦ ਉਨ੍ਹਾਂ ਦੀ ਨੌਕਰੀ ਵਿਚ ਕੁਝ ਸਾਲ ਹੋਰ ਵਾਧਾ ਹੋ ਜਾਂਦਾ। ਡਾ. ਸਾਹਿਬ ਖੁਦ ਉਨ੍ਹਾਂ ਦੀ ਥਾਂ ਪ੍ਰਿੰਸੀਪਲ ਬਣਨ ਦੇ ਚਾਹਵਾਨ ਹੋ ਗਏ। ਇਸ ਤਰ੍ਹਾਂ ਉਹ ਸਕੱਤਰ ਪਦ ਦੇ ਨਾਲ ਹੀ 1957-58 ਵਿਚ ਆਰਜ਼ੀ ਪ੍ਰਿੰਸੀਪਲ ਬਣਕੇ ਪ੍ਰਿੰਸੀਪਲ ਵਾਲੀ ਕਾਲਜ ਦੇ ਅੰਦਰ ਸਥਿਤ ਕੋਠੀ ਵਿਚ ਰਹਿਣ ਲਗ ਪਏ। ਯੂਨੀਵਰਸਿਟੀ ਨੇ ਉਨ੍ਹਾਂ ਦਾ ਪ੍ਰਿੰਸੀਪਲ ਬਣਨਾ ਪ੍ਰਵਾਨ ਨਾ ਕੀਤਾ, ਕਿਉਂਕਿ ਉਨ੍ਹਾਂ ਪਾਸ ਪੋਸਟ-ਗਰੈਜੂਏਟ ਡਿਗਰੀ ਨਹੀਂ ਸੀ, ਕੇਵਲ ਐਮ. ਬੀ. ਬੀ. ਐਸ. ਪਾਸ ਸਨ। 1958 ਵਿਚ ਉਨ੍ਹਾਂ ਕੁਝ ਸੀਨੀਅਰ ਪ੍ਰੋਫੈਸਰਾਂ (ਜਿਨ੍ਹਾਂ ਵਿਚ ਮੈਂ ਵੀ ਸੀ) ਦਾ ਹੱਕ ਪਿੱਛੇ ਸੁੱਟ ਕੇ ਕਾਲਜ ਦੇ ਪਰਧਾਨ ਤੇ ਕਮੇਟੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਲਾਹ ਨਾਲ ਡਾ. ਹਰਬੰਤ ਸਿੰਘ ਜੋ ਵਲਾਇਤ ਪਾਸ ਸਨ ਤੇ ਬਾਟਨੀ ਵਿਭਾਗ ਦੇ ਮੁੱਖੀ ਸਨ, ਨੂੰ ਪ੍ਰਿੰਸੀਪਲ ਬਣਾ ਦਿਤਾ। ਇਸ ਨਿਯੁਕਤੀ ਦੇ ਐਲਾਨ ਹੋਣ ਦਾ ਦ੍ਰਿਸ਼ ਬੜਾ ਰੋਚਕ ਹੈ।

ਇਕ ਦਿਨ ਡਾ. ਸਾਹਿਬ ਪਾਸ ਦਫਤਰੀ ਵਕਤ ਵਿਚ 11 ਕੁ ਵਜੇ ਪ੍ਰੋ. ਸ਼ਾਮ ਸਿੰਘ ਤੇ ਮੈਂ ਬੈਠੇ ਸਾਂ। ਅਸੀਂ ਦੋਵੇਂ ਡਾ. ਹਰਬੰਤ ਸਿੰਘ ਨਾਲੋਂ ਸੀਨੀਅਰ ਸਾਂ ਅਤੇ ਪ੍ਰੋ. ਵਰਿਆਮ ਸਿੰਘ ਸਭ ਤੋਂ ਸੀਨੀਅਰ ਸੀ। ਉਸੇ ਵਕਤ ਡਾਕ ਵਿਚ ਡਾ. ਸਾਹਿਬ ਪਾਸ ਡਾ. ਹਰਬੰਤ ਸਿੰਘ ਦਾ ਨਿਯੁਕਤੀ ਪੱਤਰ ਪਹੁੰਚਿਆ ਤਾਂ ਸਾਨੂੰ ਉਨ੍ਹਾਂ ਇਹ ਖ਼ਬਰ ਸੁਣਾਈ। ਇਹ ਖ਼ਬਰ ਐਨੀ ਅਚਾਨਕ ਸੀ ਕਿ ਅਸੀਂ ਹੈਰਾਨ ਹੋ ਗਏ। ਪ੍ਰੋ. ਸ਼ਾਮ ਸਿੰਘ ਤਾਂ ਇਕ ਦਮ ਉਥੋਂ ਉਠ ਕੇ ਚਲੇ ਗਏ। ਮੈਂ ਬੈਠਾ ਰਿਹਾ। ਡਾ. ਸਾਹਿਬ ਨੇ ਫ਼ੋਨ ਕਰ ਕੇ ਡਾ. ਹਰਬੰਤ ਸਿੰਘ ਨੂੰ ਉਨ੍ਹਾਂ ਦੇ ਦਫਤਰ ਵਿਚੋਂ ਬੁਲਾਇਆ। ਜਦ ਉਹ ਆਏ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਨਾਲ ਹੀ ਪੁਛਿਆ ਕਦੋਂ ਚਾਰਜ ਲਵੋਗੇ? ਉਹ ਕਹਿਣ ਲਗੇ, ਹੁਣੇ ਹੀ। ਡਾ. ਸਾਹਿਬ ਉਸੇ ਵੇਲੇ ਕੁਰਸੀ ਤੋਂ ਉਠ ਬੈਠੇ ਤੇ ਪ੍ਰੋ. ਹਰਬੰਤ ਸਿੰਘ ਨੂੰ ਆਪਣੀ ਕੁਰਸੀ ਤੇ ਬਿਠਾ ਦਿਤਾ। ਫਿਰ ਮੈਨੂੰ ਕਹਿਣ ਲੱਗੇ, ਆਓ ਅਸੀਂ ਹੁਣ ਚਲੀਏ। ਜਦ ਅਸੀਂ ਦੋਵੇਂ ਬਾਹਰ ਆਏ ਤਾਂ ਮੈਨੂੰ ਕਹਿਣ ਲੱਗੇ ਮੈਂ ਹੁਣ ਕਿਥੇ ਬੈਠਾਂ? ਮੈਂ ਕਿਹਾ, ਤੁਸੀਂ ਸਕੱਤਰ ਹੋ, ਆਪਣੇ ਕਮਰੇ ਵਿਚ ਚਲ ਬੈਠੋ। ਫਿਰ ਮੈਂ ਕਿਹਾ ਤੁਸੀਂ ਐਨੀ ਜਲਦੀ ਕਿਉਂ ਚਾਰਜ ਛੱਡ ਦਿੱਤਾ? ਕਹਿਣ ਲੱਗੇ, ਜੇ ਨਾ ਛੱਡਦਾ ਤਾਂ ਕੀ ਪਤਾ ਕੋਈ ਵਿਘਣ ਪੈ ਜਾਂਦਾ,ਕਿਉਂਕਿ ਪ੍ਰੋ. ਸ਼ਾਮ ਸਿੰਘ ਸਿੱਧਾ ਪ੍ਰੋ. ਵਰਿਆਮ ਸਿੰਘ ਪਾਸ ਜਾਏਗਾ ਤੇ ਹੋ ਸਕਦਾ ਹੈ ਹੜਤਾਲ ਹੋ ਜਾਏ। ਡਾ. ਸਾਹਿਬ ਦਾ ਖਿਆਲ ਠੀਕ ਸੀ, ਅਗਲੇ ਦਿਨ ਤੋਂ ਹੀ ਕਾਲਜ ਵਿਚ ਹੜਤਾਲ ਹੋ ਗਈ ਜੋ ਕਈ ਮਹੀਨੇ ਰਹੀ। ਸਾਰਾ ਹੜਤਾਲ ਦਾ ਭਰ-ਭਰਾ ਪ੍ਰੋ. ਵਰਿਆਮ ਸਿੰਘ, ਪ੍ਰੋ. ਸ਼ਾਮ ਸਿੰਘ ਅਤੇ ਮੇਰੇ ਤੇ ਪਿਆ।

ਸਮੇਂ ਦਾ ਫੇਰ ਦੇਖੋ। ਕੁਝ ਦਿਨ ਬਾਅਦ ਹੀ ਜਦ ਡਾ. ਸਾਹਿਬ ਨੇ ਹੜਤਾਲ ਦਾ ਜ਼ੋਰ ਤੇ ਜੋਸ਼ ਦੇਖਿਆ ਤਾਂ ਉਨ੍ਹਾਂ ਦਾ ਵਿਚਾਰ ਨਵੇਂ ਪ੍ਰਿੰਸੀਪਲ ਬਾਰੇ ਬਦਲ ਗਿਆ। ਉਹ ਸਮੂਹਕ ਪੱਧਰ ਤੇ ਚਲ ਰਹੇ ਵਿਚਾਰ ਤੇ ਅੰਦੋਲਨ ਤੋਂ ਪ੍ਰਭਾਵਿਤ ਹੋ ਗਏ। ਫਿਰ ਉਹ ਆਪਣੀ ਕੋਠੀ ਵਿਚ ਸਾਡੇ ਤਿੰਨਾਂ ਸੰਬੰਧਤ ਪ੍ਰੋਫੈਸਰਾਂ ਨਾਲ ਬੈਠ ਕੇ ਵਿਚਾਰ ਕਰਦੇ ਰਹਿੰਦੇ ਕਿ ਹੁਣ ਕੀ ਬਣੇਗਾ? ਇਕ ਦਿਨ ਅਸੀਂ ਤਿੰਨੇ ਪ੍ਰੋਫੈਸਰ (ਵਰਿਆਮ ਸਿੰਘ, ਸ਼ਾਮ ਸਿੰਘ ਤੇ ਮੈਂ) ਡਾ. ਸਾਹਿਬ ਤੇ ਉਨ੍ਹਾਂ ਦੀ ਪਤਨੀ ਪਾਸ ਬੈਠੇ ਸਾਂ ਕਿ ਗੱਲ ਨਵੇਂ ਪ੍ਰਿੰਸੀਪਲ ਦੀ ਅਯੋਗਤਾ ਦੀ ਚਲ ਪਈ। ਕਈ ਨੁਕਸ ਉਸ ਦੇ ਬਿਆਨ ਕੀਤੇ ਜਾਣ ਲੱਗੇ। ਡਾ. ਸਾਹਿਬ ਇਕ ਦਮ ਖਿੱਝ ਗਏ ਤੇ ਕਹਿਣ ਲਗੇ, ਇਹ ਕੀ ਹੋਇਆ, ਉਹ ਘੀਚਾ ਵੀ ਹੈ ਤੇ ਮੀਚਾ ਵੀ ਹੈ, ਇਕੋ ਵਾਰੀ ਕਿਉਂ ਨਹੀਂ ਕਹਿੰਦੇ ਕਿ ਉਹ ਅਯੋਗ ਹੈ। ਜਦ ਇਹ ਗੱਲਾਂ ਚਲ ਹੀ ਰਹੀਆਂ ਸਨ ਬਾਹਰ ਕਿਸੇ ਨੇ ਆ ਕੇ ਸਾਈਕਲ ਦੀ ਘੰਟੀ ਖੜਕਾ ਦਿਤੀ। ਡਾ. ਸਾਹਿਬ ਹੋਰ ਖਿੱਝ ਗਏ ਤੇ ਕਹਿਣ ਲੱਗੇ ਦੇਖੋ ਕੌਣ ਬਦਤਮੀਜ਼ ਹੈ? ਮੈਂ ਬਾਹਰ ਦੇਖਣ ਗਿਆ ਤਾਂ ਮੈਂ ਦੇਖਿਆ ਮੈਨੂੰ ਮਿਲਣ ਇਕ ਕਿਸੇ ਹੋਰ ਕਾਲਜ ਦਾ ਲੈਕਚਰਰ ਆਇਆ ਖੜਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਕਿਹਾ ਤੂੰ ਬੜੀ ਗਲਤੀ ਕੀਤੀ ਹੈ ਇਸ ਤਰ੍ਹਾਂ ਕੋਠੀਆਂ ਵਿਚ ਘੰਟੀ ਨਹੀਂ ਖੜਕਾਈ ਦੀ। ਜਾ ਤੂੰ ਇਥੋਂ ਇਕ ਦਮ ਖਿਸਕ ਜਾ, ਪ੍ਰਿੰਸੀਪਲ ਸਾਹਿਬ ਨਾਰਾਜ਼ ਹੋ ਗਏ ਹਨ। ਮੈਂ ਅੰਦਰ ਆ ਕੇ ਕਹਿ ਦਿਤਾ ਕੋਈ ਮੂਰਖ ਚਪੜਾਸੀ ਸੀ। ਡਾ. ਸਾਹਿਬ ਕਹਿਣ ਲਗੇ, ਇਨ੍ਹਾਂ ਮੂਰਖਾਂ ਨੂੰ ਕੌਣ ਸਮਝਾਏਗਾ ?

ਏਸੇ ਤਰ੍ਹਾਂ ਇਕ ਦਿਨ ਡਾ. ਸਾਹਿਬ ਆਪਣੇ ਪ੍ਰਿੰਸੀਪਲ ਵਾਲੇ ਦਫਤਰ ਵਿਚ ਬੈਠੇ ਸਨ। ਉਚੇਰੀ ਧਾਰਮਕ ਕਲਾਸ ਦੇ ਦਾਖਲੇ ਲਈ ਇੰਟਰਵਿਊ ਹੋ ਰਹੇ ਸਨ। ਮੈਂ ਤੇ ਦੋ ਹੋਰ ਪ੍ਰੋਫੈਸਰ ਉਨ੍ਹਾਂ ਪਾਸ ਬੈਠੇ ਸਾਂ। ਉਨ੍ਹਾਂ ਦੇ ਦਫਤਰ ਦੇ ਖੱਬੇ ਪਾਸੇ ਵੱਲ ਸਕੂਲ ਦੇ ਕਮਰੇ ਸਨ ਤੇ ਇਕ ਵੱਡੀ ਬਾਰੀ ਉਧਰ ਖੁਲ੍ਹਦੀ ਸੀ। ਉਥੋਂ ਕਿਸੇ ਮਾਸਟਰ ਦੇ ਕਿਸੇ ਮੁੰਡੇ ਨੂੰ ਮਾਰਨ ਅਤੇ ਮੁੰਡੇ ਦੇ ਉੱਚੀ ਰੋਣ ਦੀ ਆਵਾਜ਼ ਆਈ। ਡਾ. ਸਾਹਿਬ ਦਾ ਧਿਆਨ ਉਖੜ ਗਿਆ। ਮੈਨੂੰ ਕਹਿਣ ਲੱਗੇ, ਪਤਾ ਕਰੋ ਕਿਹੜਾ ਮਾਸਟਰ ਅੱਜਕੱਲ੍ਹ ਦੇ ਜ਼ਮਾਨੇ ਵਿਚ ਵੀ ਮਾਰ ਪਿਟਾਈ ਕਰ ਰਿਹਾ ਹੈ। ਮੈਂ ਜਾ ਕੇ ਉਸ ਮਾਸਟਰ ਨੂੰ ਕਿਹਾ ਤੁਹਾਨੂੰ ਪ੍ਰਿੰਸੀਪਲ ਸਾਹਿਬ ਨੇ ਬੁਲਾਇਆ ਹੈ। ਮੈਂ ਆ ਗਿਆ ਤੇ ਥੋੜ੍ਹੀ ਦੇਰ ਬਾਅਦ ਉਹ ਮਾਸਟਰ ਵੀ ਆ ਕੇ ਬਰਾਂਡੇ ਵਿਚ ਖਲੋ ਗਿਆ। ਅਜੇ ਡਾ. ਸਾਹਿਬ ਨੇ ਉਸ ਨੂੰ ਅੰਦਰ ਨਹੀਂ ਬੁਲਾਇਆ ਸੀ ਕਿ ਉਹ ਜ਼ੋਰ ਨਾਲ ਆਪਣਾ ਨੱਕ ਸਾਫ ਕਰਨ ਲੱਗ ਪਿਆ। ਡਾ. ਸਾਹਿਬ ਕਹਿਣ ਲੱਗੇ, ਵੇਖੋ ਕੌਣ ਇਥੇ ਆਪਣਾ ਸੀਂਢ ਕੱਢ ਰਿਹਾ ਹੈ। ਮੈਂ ਕਿਹਾ ਉਹ ਮਾਸਟਰ ਆਇਆ ਹੈ। ਕਹਿਣ ਲੱਗੇ, ਇਸ ਮਾਸਟਰ ਨੇ ਦੋ ਗਲਤੀਆਂ ਕੀਤੀਆਂ ਹਨ, ਦੋਵੇਂ ਇਕ ਦੂਜੇ ਤੋਂ ਭੈੜੀਆਂ। ਫਿਰ ਉਸ ਨੂੰ ਬੁਲਾ ਕੇ ਤਾੜਨਾ ਕੀਤੀ ਕਿ ਡਾਕਟਰ ਹੋਣ ਕਰ ਕੇ ਤੇ ਪ੍ਰਿੰਸੀਪਲ ਹੋਣ ਕਰ ਕੇ ਤੁਹਾਡੇ ਦੋਵੇਂ ਕਸੂਰ ਮੈਂ ਮੁਆਫ ਨਹੀਂ ਕਰ ਸਕਦਾ। ਖੈਰ ਸਾਡੇ ਆਖਣ ਵੇਖਣ ਤੇ ਉਨ੍ਹਾਂ ਕਾਫੀ ਤਾੜ ਫਾੜ ਕਰ ਕੇ ਕਿਹਾ ਕਿ ਫਿਰ ਅਜੇਹੀ ਗਲਤੀ ਕਦੀ ਨਾ ਕਰਨਾ।

ਜਿਨ੍ਹਾਂ ਦਿਨਾਂ ਵਿਚ ਡਾ. ਸਾਹਿਬ ਪ੍ਰਿੰਸੀਪਲ ਸਨ, ਉਦੋਂ ਦੀ ਗੱਲ ਹੈ। ਦੋ ਲੜਕੇ ਆਪਸ ਵਿਚ ਲੜ ਪਏ। ਇਕ ਨੇ ਦੂਜੇ ਨੂੰ ਲੋਹੇ ਦੀ ਸੀਖ ਜ਼ੋਰ ਨਾਲ ਮਾਰੀ। ਉਸ ਦੀ ਲੱਤ ਤੇ ਡੂੰਘਾ ਜ਼ਖਮ ਹੋ ਗਿਆ। ਉਸੇ ਵੇਲੇ ਹੋਰ ਮੁੰਡਿਆਂ ਨੇ ਜ਼ਖਮੀ ਮੁੰਡੇ ਨੂੰ ਫੜ ਕੇ ਕਾਲਜ ਡਿਸਪੈਂਸਰੀ ਵਿਚ ਪੱਟੀ ਕਰਵਾ ਦਿੱਤੀ ਤੇ ਜ਼ਖਮੀ ਮੁੰਡੇ ਨਾਲ ਜਾ ਕੇ ਪ੍ਰਿੰਸੀਪਲ ਨੂੰ ਸ਼ਕਾਇਤ ਕਰ ਦਿੱਤੀ। ਡਾ. ਸਾਹਿਬ ਨੇ ਵਿਭਾਗਾਂ ਦੇ ਮੁਖੀਆਂ ਦੀ ਮੀਟਿੰਗ ਬੁਲਾ ਲਈ। ਮੈਂ ਵੀ ਸ਼ਾਮਲ ਹੋਇਆ। ਡਾ. ਸਾਹਿਬ ਕਹਿਣ ਲੱਗੇ ਪਹਿਲਾਂ ਮੈਂ ਵੇਖ ਲਵਾਂ ਜ਼ਖਮ ਕਿੰਨਾ ਲੰਮਾ, ਚੌੜਾ ਤੇ ਡੂੰਘਾ ਹੈ। ਇਕ ਫੀਤਾ ਲੈ ਕੇ ਕਿੰਨਾ ਚਿਰ ਦੇਖਦੇ ਮਾਪਦੇ ਰਹੇ। ਫਿਰ ਇਕ ਕਾਗਜ਼ ਤੇ ਉਹ ਸਾਰਾ ਕੁਝ ਨੋਟ ਕਰ ਲਿਆ। ਸਾਡੇ ਵਾਸਤੇ ਇਹ ਨਵੀਂ ਗੱਲ ਸੀ। ਅਸੀਂ ਤਾਂ ਮੋਟਾ ਅੰਦਾਜ਼ਾ ਕਰ ਲੈਂਦੇ ਸੀ ਕਿ ਜ਼ਖਮ ਕਾਫੀ ਲੱਗਾ ਹੈ। ਡਾ. ਸਾਹਿਬ ਫਿਰ ਕਹਿਣ ਲੱਗੇ ਮਾਰਨ ਵਾਲੇ ਮੁੰਡੇ ਨੂੰ ਸੱਦੋ। ਉਹ ਪੇਸ਼ ਹੋ ਗਿਆ ਤੇ ਆਪਣਾ ਕਸੂਰ ਮੰਨ ਲਿਆ ਪਰ ਕਹਿਣ ਲੱਗਾ, ਇਸ ਨੇ ਮੈਨੂੰ ਪਹਿਲਾਂ ਗਾਲ੍ਹ ਕੱਢੀ ਸੀ। ਖੈਰ ਕੁਝ ਸਮਾਂ ਬਹਿਸ ਹੋਣ ਉਪਰੰਤ ਫੈਸਲਾ ਹੋਇਆ ਕਿ ਹਿੰਸਾ ਦਾ ਗੰਭੀਰ ਕੇਸ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਰਨ ਵਾਲੇ ਨੂੰ ਕਾਲਜ ਵਿਚੋਂ ਕੱਢ ਦਿੱਤਾ ਜਾਏ ! ਉਹ ਮੁੰਡਾ ਬਹੁਤ ਚੁਸਤ ਤੇ ਚਲਦਾ ਪੁਰਜ਼ਾ ਸੀ, ਕਈ ਸਿਫਾਰਸ਼ਾਂ ਪਹੁੰਚਾ ਕੇ ਉਸ ਨੇ ਸਜ਼ਾ ਘਟਾ ਕੇ ਸਥਾਨਕ ਹਿੰਦੂ ਕਾਲਜ ਵਿਚ ਮਾਈਗਰੇਸ਼ਨ (ਕਾਲਜ ਬਦਲੀ) ਕਰਵਾ ਲਈ । ਜਦ ਉਹ ਹਿੰਦੂ ਕਾਲਜ ਗਿਆ ਤਾਂ ਉਹਦਾ ਉਥੇ ਜੀਅ ਨਾ ਲੱਗਾ । ਫਿਰ ਉਹ ਵਾਪਸ ਆਉਣ ਲਈ ਹੱਥ ਪੈਰ ਮਾਰਨ ਲੱਗਾ । ਆਖਰ ਉਸ ਨੂੰ ਇਕ ਤਰਕੀਬ (ਵਿਉਂਤ) ਸੁਝੀ । ਇਹ ਜੂਨ 1958 ਦੀ ਗੱਲ ਹੈ । ਉਹ ਦੁਪਹਿਰ ਵੇਲੇ ਜਾ ਕੇ ਪ੍ਰਿੰਸੀਪਲ ਦੀ ਕੋਠੀ ਦੀ ਪੋਰਚ ਦੇ ਬਾਹਰ ਧੁੱਪੇ ਇਕ ਬੈਂਚ ਤੇ ਬਹਿ ਗਿਆ । ਡਾ. ਸਾਹਿਬ ਬਾਹਰ ਨਿਕਲੇ ਤੇ ਮੁੰਡੇ ਨੂੰ ਪਛਾਣ ਕੇ ਕਹਿਣ ਲੱਗੇ, ਤੂੰ ਇਥੇ ਕਿਉਂ ਬੈਠਾ ਹੈਂ ? ਉਹ ਕਹਿਣ ਲੱਗਾ, ਸਰ ! ਮੇਰੀ ਪੜ੍ਹਾਈ ਤਬਾਹ ਹੋ ਗਈ ਹੈ, ਮੈਂ ਜੀਊਣਾ ਨਹੀਂ ਚਾਹੁੰਦਾ । ਜੇ ਤੁਸੀਂ ਮੈਨੂੰ ਮੁਆਫ਼ ਨਹੀਂ ਕਰੋਗੇ ਤਾਂ ਮੈਂ ਇਥੇ ਬੈਠਾ ਹੀ ਜਾਨ ਦੇ ਦਿਆਗਾ । ਡਾ. ਸਾਹਿਬ ਅੰਦਰ ਜਾ ਕੇ ਆਪਣੀ ਪਤਨੀ ਨੂੰ ਕਹਿਣ ਲੱਗੇ, ਹੋਰ ਮੁਸੀਬਤ ਆ ਪਈ ਹੈ । ਇਕ ਮੁੰਡਾ ਸਾਡੀ ਕੋਠੀ ਵਿਚ ਮਰਨ ਲੱਗਾ ਹੈ । ਫਿਰ ਡਾ. ਸਾਹਿਬ ਕਹਿਣ ਲੱਗੇ, ਛੇਤੀ ਤਾਂ ਨਹੀਂ ਮਰਦਾ, ਪਰ ਉਂਜ ਜੇ ਬੈਠਾ ਰਿਹਾ ਤਾਂ ਮਰ ਵੀ ਸਕਦਾ ਹੈ । ਉਨ੍ਹਾਂ ਚਪੜਾਸੀ ਨੂੰ ਕਿਹਾ ਕਿ ਉਸ ਨੂੰ ਜਾ ਕੇ ਉਠਾ ਦੇਹ ਪਰ ਉਹ ਨਾ ਉਠਿਆ । ਫਿਰ ਡਾ. ਸਾਹਿਬ ਤੇ ਉਨ੍ਹਾਂ ਦੀ ਪਤਨੀ ਸੋਚਣ ਲੱਗ ਪਏ ਕਿ ਅੱਗੇ ਸਾਡੀ ਕੋਈ ਔਲਾਦ ਨਹੀਂ ਫਿਰ ਕਿਸੇ ਮਾਂ ਬਾਪ ਦਾ ਪੁੱਤਰ ਇਸ ਤਰ੍ਹਾਂ ਮਰਦਾ ਹੋਵੇ ਤਾਂ ਕਿਵੇਂ ਅਸੀਂ ਇਹ ਪਾਪ ਸਹਿ ਸਕਦੇ ਹਾਂ ? ਕੋਈ ਉਪਾਅ ਕਰੀਏ । ਡਾ. ਸਾਹਿਬ ਨੇ ਇਹ ਸਾਰਾ ਕੁਝ ਬਾਅਦ ਵਿਚ ਸਾਨੂੰ ਆਪ ਦੱਸਿਆ । ਉਨ੍ਹਾਂ ਦੱਸਿਆ ਕਿ ਉਹ ਆਪ ਜਾ ਕੇ ਮੁੰਡੇ ਦੇ ਨਾਲ ਬੈਂਚ ਤੇ ਬੈਠ ਕੇ ਅੰਦਾਜ਼ਾ ਕਰਨ ਲੱਗ ਪਏ ਕਿ ਏਨੀ ਸਖ਼ਤ ਧੁੱਪ ਵਿਚ ਬੰਦਾ ਕਿੰਨੇ ਚਿਰ ਵਿਚ ਮਰ ਸਕਦਾ ਹੈ । ਉਹ ਡਾਕਟਰ ਸਨ, 15-20 ਮਿੰਟ ਜਦ ਬੈਠੇ ਤਾਂ ਇਸ ਤੋਂ ਵੱਧ ਬੈਠਣਾ ਉਨ੍ਹਾਂ ਲਈ ਅਸਹਿ ਹੋ ਗਿਆ । ਉਹ ਅੰਦਰ ਆ ਕੇ ਪਤਨੀ ਨੂੰ ਕਹਿਣ ਲੱਗੇ ਕਿ 'ਮੈਂ ਅੰਦਾਜ਼ਾ ਕੀਤਾ ਹੈ, ਇਸ ਧੁੱਪ ਤੇ ਗਰਮੀ ਵਿਚ ਇਹ ਮੁੰਡਾ ਜੇ ਅੱਧਾ ਘੰਟਾ ਹੋਰ ਬੈਠਾ ਤਾਂ ਅਵੱਸ਼ ਇਸ ਨੂੰ ਸਰਸਾਮ (ਸੱਨ ਸਟਰੋਕ) ਹੋ ਜਾਏਗਾ ਤੇ ਇਹ ਬੇਹੋਸ਼ ਹੋ ਕੇ ਮਰ ਜਾਏਗਾ ।' ਉਨ੍ਹਾਂ ਦੀ ਪਤਨੀ ਸਾਹਿਬਾ ਬਹੁਤ ਘਬਰਾ ਗਏ ਤੇ ਰੋਣ ਲੱਗ ਪਏ । ਉਹ ਕਹਿਣ ਲੱਗੇ, ਜਿਵੇਂ ਹੋਵੇ ਇਹਦੀ ਜਾਨ ਬਚਾਓ । ਫਿਰ ਕਹਿਣ ਲੱਗੇ, ਅਸੀਂ ਚੰਗੇ ਪ੍ਰਿੰਸੀਪਲ ਬਣੇ ਹਾਂ । ਜਾਓ ਉਸ ਨੂੰ ਕਹੋ ਤੇਰਾ ਕੇਸ ਨਵੇਂ ਸਿਰਿਓਂ ਵਿਚਾਰ ਲਵਾਂਗੇ, ਤੂੰ ਜਾਨ ਨਾ ਗਵਾ । ਡਾ. ਸਾਹਿਬ ਨੇ ਮੁੰਡੇ ਨੂੰ ਤਸੱਲੀ ਦੇ ਦਿੱਤੀ । ਅਗਲੇ ਦਿਨ ਡਾ. ਸਾਹਿਬ ਨੇ ਮੁਖੀਆਂ ਦੀ ਫਿਰ ਮੀਟਿੰਗ ਬੁਲਾਈ ਤੇ ਦੱਸਿਆ ਕਿ ਮੈਂ ਮੁਸ਼ਕਲ ਨਾਲ ਉਸ ਮੁੰਡੇ ਦੀ ਜਾਨ ਬਚਾਈ ਹੈ, ਉਸ ਦੀ ਸਜ਼ਾ ਘਟਾ ਕੇ 100/- ਰੁਪਿਆ ਜੁਰਮਾਨਾ ਕਰ ਦੇਈਏ । ਆਖ਼ਰ ਇਹੋ ਫ਼ੈਸਲਾ ਹੋ ਗਿਆ । ਸਭ ਪ੍ਰੋਫੈਸਰਾਂ ਨੂੰ ਪਤਾ ਸੀ ਕਿ ਉਸ ਮੁੰਡੇ ਨੇ ਚਾਲ ਖੇਡੀ ਹੈ ਅਤੇ ਡਾ. ਸਾਹਿਬ ਤੇ ਉਨ੍ਹਾਂ ਦੀ ਪਤਨੀ ਸਾਹਿਬਾਂ ਦੀ ਨਰਮ ਦਿਲੀ ਤੇ ਸ਼ਰਾਫਤ ਦਾ ਫ਼ਾਇਦਾ ਉਠਾਇਆ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਰੌਸ਼ਨ ਲਾਲ ਆਹੂਜਾ

ਮੇਰੀ ਤੇ ਡਾ. ਅਹੂਜਾ ਦੀ ਮਿੱਤਰਤਾ (1949 ਤੋਂ ਹੁਣ 1989 ਤਕ) 40 ਸਾਲ ਪੁਰਾਣੀ ਹੈ। ਕਹਿੰਦੇ ਹਨ ਪੁਰਾਣੀ ਸ਼ਰਾਬ ਤੇ ਪੁਰਾਣੀ ਮਿੱਤਰਤਾ ਦੁਰਲੱਭ ਹੁੰਦੀ ਹੈ। ਉਰਦੂ ਕਵੀ ਜ਼ੌਕ ਦਾ ਸ਼ਿਅਰ ਹੈ :

ਐ ਜ਼ੌਕ ਕਿਸੀ ਦੋਸਤਿ ਦੇਰੀਨਾ ਕਾ ਮਿਲਣ,
ਬਿਹਤਰ ਹੈ ਮੁਲਾਕਾਤਿ ਮਸੀਹਾ ਓ ਖਿਜ਼ਰ ਸੇ।

ਅਰਥਾਤ ਕਿਸੇ ਪੁਰਾਣੇ ਮਿੱਤਰ ਦਾ ਮਿਲਣਾ ਪੈਗੰਬਰਾਂ ਦੇ ਮਿਲਣ ਨਾਲੋਂ ਵੀ ਚੰਗਾ ਹੈ। ਮੈਂ ਵੀ ਆਪਣੇ ਇਕ ਸ਼ਿਅਰ ਵਿਚ ਲਿਖਿਆ ਹੈ ਕਿ ਜੀਵਨ ਵਿਚ ਚੰਗੇ ਮਿੱਤਰ ਕਿਥੇ ਲੱਭਦੇ ਹਨ ?

ਭਾਰ ਜੀਵਨ ਦਾ ਹੌਲਾ ਕਰ ਸਕਦੇ,
ਦੋ ਵੀ ਮਿੱਤਰ ਅਜਿਹੇ ਨਿਕਲ ਨਾ ਸਕੇ।

ਡਾ. ਸਾਹਿਬ ਦਾ ਸੁਭਾ ਬਹੁਤ ਸਾਊ, ਹਲੀਮ (ਨਿਮਰ) ਅਤੇ ਇਕਸਾਰ ਰਹਿਣ ਵਾਲਾ ਸੀ। ਉਹ ਸਦਾ ਸ਼ਾਂਤ-ਚਿੱਤ ਰਹਿੰਦੇ ਸਨ ਅਤੇ ਕਦੀ ਗੁੱਸੇ ਵਿਚ ਨਹੀਂ ਸੀ ਆਉਂਦੇ। ਮਿਹਨਤੀ ਪੁੱਜ ਕੇ ਸਨ। 85 ਸਾਲ ਦੀ ਵੱਡੀ ਉਮਰ ਵਿਚ ਵੀ ਹਰ ਵੇਲੇ ਕੁਝ ਲਿਖਦੇ ਪੜ੍ਹਦੇ ਰਹਿੰਦੇ ਸਨ। ਉਨ੍ਹਾਂ ਦਾ ਘਰ (524 ਮਾਡਲ ਟਾਊਨ ਜਲੰਧਰ) ਵਿਦਵਾਨਾਂ ਤੇ ਲੇਖਕਾਂ ਲਈ ਮੱਕਾ ਸਮਾਨ ਸੀ। ਉਨ੍ਹਾਂ ਨੂੰ ਮਿਲ ਕੇ ਹਰ ਕਿਸੇ ਨੂੰ ਖੁਸੀ, ਹੁਲਾਸ ਤੇ ਉਤਸ਼ਾਹ ਮਿਲਦਾ ਸੀ। ਮੇਰੇ ਨਾਲ ਉਨ੍ਹਾਂ ਦੇ ਡੂੰਘੇ ਨਿੱਜੀ ਅਤੇ ਪਰਵਾਰਕ ਸੰਬੰਧ ਸਨ।

ਡਾ. ਸਾਹਿਬ ਦੇ ਸੁਭਾ ਵਿਚ ਜਮਾਂਦਰੂ ਹੀ ਨਾਟਕੀ ਅੰਸ਼ ਦੀ ਬਹੁਲਤਾ ਸੀ। ਐਵੇਂ ਤਾਂ ਨਹੀਂ ਏਡੇ ਵੱਡੇ ਨਾਟਕਕਾਰ ਬਣ ਗਏ। ਖ਼ਾਲਸਾ ਕਾਲਜ ਵਿਚ ਜਦ ਤਕ ਉਹ ਉਥੇ ਰਹੇ, ਅਸੀਂ ਦੋਵੇਂ ਸ਼ਾਮ ਦੀ ਸੈਰ ਇਕੱਠੀ ਕਰਦੇ ਰਹੇ ਅਤੇ ਇਸ ਵਿਚ ਕਦੀ ਨਾਗ਼ਾ ਨਹੀਂ ਪੈਣ ਦੇਂਦੇ ਸੀ। ਉਨ੍ਹਾਂ ਇਕ ਦਿਨ ਸੈਰ ਦੌਰਾਨ ਦੱਸਿਆ ਕਿ ਜਦ ਉਨ੍ਹਾਂ ਦੀ ਸ਼ਾਦੀ ਹੋਈ ਤਾਂ ਉਨ੍ਹਾਂ ਆਪਣੀ ਪਤਨੀ ਨਾਲ ਇਕ ਛੋਟਾ ਜਿਹਾ ਸੁਖਾਂਤ ਨਾਟਕ ਰਚਿਆ। ਪਤਨੀ ਸਾਹਿਬਾਂ ਨੂੰ ਸਹਿਜੇ ਹੀ ਕਹਿਣ ਲੱਗੇ, ਤੂੰ ਫਿਕਰ ਨਾ ਕਰੀਂ ਮੇਰੀ ਇਕ ਹੋਰ ਪਤਨੀ ਵੀ ਹੈ। ਉਸ ਵਿਚਾਰੀ ਦੀ ਖਾਨਿਉਂ ਗਈ ਤੇ ਉਹ ਰੋਣ ਲੱਗ ਪਈ। ਫਿਰ ਜਦ ਉਸ ਨੇ ਪੁਛਿਆ ਕਿ ਉਹ ਕਿਥੇ ਹੈ ਤਾਂ ਕਹਿਣ ਲੱਗੇ ਉਹ ਦੂਜੇ ਕਮਰੇ ਵਿਚ ਹੈ ਹੁਣੇ ਤੈਨੂੰ ਦਿਖਾਂਦਾ ਹਾਂ। ਉਹ ਹੋਰ ਉੱਚੀ ਰੋਣ ਲੱਗੀ ਕਿ ਫਿਰ ਮੇਰੇ ਨਾਲ ਸ਼ਾਦੀ ਕਿਉਂ ਕੀਤੀ ਤੇ ਮੈਨੂੰ ਪਹਿਲੀ ਸ਼ਾਦੀ ਬਾਰੇ ਪਹਿਲਾਂ ਕਿਉਂ ਨਾ ਦੱਸਿਆ ? ਜਦ ਨਾਲ ਦੇ ਕਮਰੇ ਵਿਚ ਗਏ ਤਾਂ ਇਕ ਅਲਮਾਰੀ ਖੋਲ੍ਹ ਕੇ ਕਹਿਣ ਲੱਗੇ ਇਹ ਕਿਤਾਬਾਂ ਜੋ ਹਨ, ਇਹ ਮੇਰੀ ਦੂਜੀ ਵਹੁਟੀ ਹੈ। ਉਨ੍ਹਾਂ ਦੀ ਪਤਨੀ ਦਾ ਰੋਣਾ ਇਕ ਦਮ ਹਾਸੇ ਦਾ ਰੂਪ ਧਾਰ ਗਿਆ। ਡਾ. ਸਾਹਿਬ ਦਾ ਅਸਲ ਭਾਵ ਇਹ ਸੀ ਕਿ ਜੇ ਉਹ ਹਰ ਵੇਲੇ ਪੜ੍ਹਦੇ ਲਿਖਦੇ ਰਹਿਣ ਤਾਂ ਉਨ੍ਹਾਂ ਦੀ ਪਤਨੀ ਕਦੀ ਬੁਰਾ ਨਾ ਮਨਾਏ। ਉਂਜ ਤਾਂ ਪ੍ਰੋਫ਼ੈਸਰ ਆਮ ਤੌਰ ਤੇ ਬਹੁਤ ਪੜ੍ਹਾਕੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੇ ਹਨ ਪਰ ਡਾ. ਸਾਹਿਬ ਜਿੰਨਾ ਪੜ੍ਹਾਕੂ ਤਾਂ ਸ਼ਾਇਦ ਹੀ ਕੋਈ ਹੋਵੇਗਾ ।

ਡਾ. ਸਾਹਿਬ ਦੀ ਪਤਨੀ ਸਾਹਿਬਾ ਏਨੇ ਧਾਰਮਕ ਸਨ ਕਿ ਥੋੜ੍ਹੇ ਸਾਲਾਂ ਵਿਚ ਹੀ ਉਹ ਇਕ ਧਾਰਮਕ ਆਗੂ ਤੇ ਪਰਮ-ਪੂਜਯ ਇਸਤਰੀ ਹੋ ਨਿਬੜੇ । ਹਰ ਕੋਈ ਉਨ੍ਹਾਂ ਨੂੰ 'ਮਾਤਾ ਜੀ' ਆਖ ਕੇ ਨਮਸਕਾਰਦਾ । ਉਹ ਨਾ ਕੇਵਲ ਗੁਰਬਾਣੀ ਤੇ ਕੀਰਤਨ ਦੇ ਪ੍ਰੇਮੀ ਸਨ, ਸਗੋਂ ਹਿੰਦੂ ਗ੍ਰੰਥਾਂ, ਗੀਤਾਂ ਆਦਿ ਦੀ ਵੀ ਚੰਗੀ ਕਥਾ ਕਰ ਲੈਂਦੇ ਸਨ । ਖ਼ਾਲਸਾ ਕਾਲਜ ਵਿਚ ਤੇ ਬਾਅਦ ਵਿਚ ਵੀ ਉਨ੍ਹਾਂ ਦਾ ਇਸਤਰੀ-ਸਤਿਸੰਗ ਕਾਫ਼ੀ ਲੋਕ-ਪ੍ਰਿਯ ਰਿਹਾ । ਉਹ ਆਪ ਤਾਂ 1984 ਵਿਚ ਜਲੰਧਰ ਵਿਚ ਸੁਰਗਵਾਸ ਹੋ ਗਏ ਸਨ ਪਰ ਉਨ੍ਹਾਂ ਦੀ ਪਰਮ-ਸ਼ਰਧਾਲੂ ਤੇ ਸੇਵਕਾ ਬੀਬੀ ਸੀਤਾ ਦੇਵੀ ਅੰਤ ਤਕ ਡਾ. ਆਹੂਜਾ ਦੀ ਬੇਟੀਆਂ ਵਾਂਗ ਸੇਵਾ ਕਰਦੀ ਰਹੀ । ਡਾ. ਸਾਹਿਬ ਦੇ ਆਪਣੇ ਦੋ ਲੜਕੇ ਹੀ ਹਨ, ਲੜਕੀ ਕੋਈ ਨਹੀਂ ਤੇ ਦੋਵੇਂ ਲੜਕੇ ਅਮਰੀਕਾ ਵਿਚ ਰਹਿੰਦੇ ਹਨ । ਡਾ. ਸਾਹਿਬ ਤੇ ਬੀਬੀ ਸੀਤਾ ਕਾਫ਼ੀ ਸਮਾਂ ਧਾਰਮਕ ਕਾਰਜਾਂ ਵਿਚ ਰੁਝੇ ਰਹਿੰਦੇ ਸਨ । ਉਨ੍ਹਾਂ ਨੂੰ ਇਕ ਸੰਸਥਾ ਵਲੋਂ ਮੁਫ਼ਤ ਰਿਹਾਇਸ ਵੀ ਪ੍ਰਾਪਤ ਸੀ ।

1949 ਵਿਚ ਮੈਂ ਗਿਆਨੀ ਪਾਸ ਕਰਨ ਦੀ ਸਲਾਹ ਬਣਾਈ ਤਾਂ ਜੋ ਉਸ ਤੋਂ ਬਾਅਦ ਐਮ. ਏ. ਪੰਜਾਬੀ ਪਾਸ ਕਰਕੇ ਪੰਜਾਬੀ ਲੈਕਚਰਰ ਬਣ ਸਕਾਂ । ਡਾ. ਸਾਹਿਬ ਕਹਿਣ ਲੱਗੇ, 'ਮੈਨੂੰ ਵੀ ਚਾ ਗਿਆਨੀ ਕਰਵਾ ਦਿਓ ।' ਮੈਂ ਕਿਹਾ ਜ਼ਰੂਰ ਕਰੋ । ਉਨ੍ਹਾਂ ਪੰਜਾਬੀ ਲਿਖਣੀ ਪੜ੍ਹਨੀ ਸ਼ੁਰੂ ਕਰ ਦਿੱਤੀ ਪਰ ਅੱਗ ਲੱਗਣ ਤੇ ਇਕ ਦਮ ਖੂਹ ਕਿਵੇਂ ਨਿਕਲਦਾ । ਫਿਰ ਵੀ ਉਹ ਇਰਾਦੇ ਦੇ ਪੱਕੇ ਰਹੇ । ਜਦ ਇਮਤਿਹਾਨ ਨੇੜੇ ਆਇਆ ਤਾਂ ਇਕ ਦਿਨ ਕਹਿਣ ਲੱਗੇ, ਮੇਰੇ ਸੱਜੇ ਹੱਥ ਦੇ ਅੰਗੂਠੇ ਵਿਚ ਜ਼ਰਬ (ਚੋਟ) ਆ ਗਈ ਹੈ । ਮੈਂ ਕਿਹਾ ਇਮਤਿਹਾਨ ਕਿਵੇਂ ਦੇਸੋ ? ਕਹਿਣ ਲੱਗੇ, 'ਇਸ ਦਾ ਵੀ ਹੱਲ ਨਿਕਲ ਆਸੀ ।' (ਉਨ੍ਹਾਂ ਦੀ ਬੋਲੀ ਠੇਠ ਲਹਿੰਦੀ ਸੀ) । ਉਨ੍ਹਾਂ ਅੰਗੂਠੇ ਤੇ ਪੱਟੀ ਬੰਨ੍ਹਵਾ ਲਈ ਤੇ ਯੂਨੀਵਰਸਿਟੀ ਨੇਮਾਂ ਅਨੁਸਾਰ ਇਕ 'ਲਿਖਾਰੀ' ਪਰਵਾਨ ਕਰਵਾ ਲਿਆ । ਅੰਗਰੇਜ਼ੀ ਦੇ ਪ੍ਰੋਫ਼ੈਸਰ ਹੋਣ ਕਾਰਨ ਆਲੋਚਨਾ ਦੀ ਸਮਝ ਤਾਂ ਪਹਿਲਾਂ ਹੀ ਸੀ । ਕੋਰਸਾਂ ਬਾਰੇ ਜਾਣਕਾਰੀ ਵੀ ਲੋੜ ਅਨੁਸਾਰ ਪ੍ਰਾਪਤ ਕਰ ਹੀ ਲਈ । ਸੈਰ ਦੌਰਾਨ ਮੇਰੇ ਪਾਸੋਂ ਨਾਵਲਾਂ ਤੇ ਕਹਾਣੀਆਂ ਦੇ ਪਲਾਟ ਜ਼ਬਾਨੀ ਸੁਣ ਲਏ । 'ਲਿਖਾਰੀ' ਵਜੋਂ ਮੈਂ ਇਕ ਦਸਵੀਂ ਜਮਾਤ ਦਾ ਲਾਇਕ ਤੇ ਚੰਗੇ ਖ਼ਤ ਵਾਲਾ ਲੜਕਾ ਲੱਭ ਦਿੱਤਾ । ਪ੍ਰੀਖਿਆ ਹਾਲ ਵਿਚ ਉਹ ਇਕ ਪਾਸੇ ਵੱਖਰੇ ਬੈਠ ਕੇ ਲਹਿੰਦੀ ਵਿਚ ਲਿਖਾਈ ਜਾਂਦੇ, ਉਹ ਲੜਕਾ ਕੇਂਦਰੀ ਪੰਜਾਬੀ ਵਿਚ ਲਿਖੀ ਜਾਂਦਾ । ਇਸ ਤਰ੍ਹਾਂ ਮੇਰੇ ਨਾਲ ਉਹ ਵੀ ਗਿਆਨੀ ਪਾਸ ਕਰ ਗਏ । ਫਿਰ ਉਹ ਪੰਜਾਬੀ ਲੇਖਕ ਬਣ ਗਏ । ਮੈਂ ਸੋਚਦਾ ਹਾਂ ਜੇ ਉਹ ਗਿਆਨੀ ਨਾ ਕਰਦੇ ਤਾਂ ਏਡੇ ਮਹਾਨ ਪੰਜਾਬੀ ਲੇਖਕ ਨਾ ਬਣਦੇ । ਮੈਂ ਉਨ੍ਹਾਂ ਨੂੰ ਕਹਿੰਦਾ ਸੀ 'ਇਹ ਤੁਹਾਡੀ ਬੜੀ ਨਾਟਕੀ ਪ੍ਰਾਪਤੀ ਹੈ । ਤੁਸੀਂ ਤਾਂ ਹੱਥ ਤੇ ਸਰ੍ਹੋਂ ਜਮਾ ਦਿੱਤੀ ਹੈ ।'

ਡਾ. ਸਾਹਿਬ ਨੇ ਇਕ ਵਾਰੀ ਮੇਰੇ ਨਾਲ ਰਲ ਕੇ ਇਕ ਬੜਾ ਰੋਚਕ ਨਾਟਕ ਰਚਾਇਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਨੂੰ ਹੁਣ ਵੀ ਜਦ ਅਸੀਂ ਯਾਦ ਕਰਦੇ ਹਾਂ ਤਾਂ ਹੱਸ ਹੱਸ ਕੇ ਦੋਹਰੇ ਹੁੰਦੇ ਹਾਂ। ਉਨ੍ਹਾਂ ਦੇ ਇਕ ਵਾਕਫ ਲੈਕਚਰਰ ਸਾਡੇ ਪਾਸ ਖ਼ਾਲਸਾ ਕਾਲਜ ਵਿਚ ਆਏ ਤੇ ਕਹਿਣ ਲੱਗੇ, ਐਮ. ਏ. ਪੰਜਾਬੀ ਕਰਨੀ ਹੈ। ਅਸੀਂ ਕਿਹਾ ਤੁਸੀਂ ਇਥੇ ਹੋਸਟਲ ਵਿਚ ਰਹਿ ਕੇ ਤਿਆਰੀ ਕਰੋ। ਸਾਨੂੰ ਪ੍ਰਸ਼ਨ-ਉਤਰ ਲਿਖ ਕੇ ਦਿਖਾ ਦਿਆ ਕਰੋ। ਉਹ ਹੋਸਟਲ ਵਿਚ ਰਹਿ ਕੇ ਸਾਨੂੰ ਆਪਣੀ ਲਿਖਤ ਦਿਖਾਂਦੇ ਰਹੇ। ਪਰ ਬਦਕਿਸਮਤੀ ਨਾਲ ਉਨ੍ਹਾਂ ਦੀ ਲਿਖਤ ਏਨੀ ਸੰਖੇਪ ਹੁੰਦੀ ਕਿ ਪੱਲੇ ਕੁਝ ਨਾ ਪੈਂਦਾ। ਕੁੱਜੇ ਵਿਚ ਮਾਨੋ ਸਮੁੰਦਰ ਬੰਦ ਕਰ ਦੇਂਦੇ। ਜਦੋਂ ਇਮਤਿਹਾਨ ਹੋ ਗਿਆ ਤਾਂ ਫਿਰ ਸਾਡੇ ਪਾਸ ਆਏ। ਕਹਿਣ ਲੱਗੇ, ਮੇਰੀ ਕੁਝ ਮਦਦ ਕਰੋ, ਫਲਾਣੇ ਪ੍ਰੋਫ਼ੈਸਰ ਪਾਸ ਸਿਫਾਰਸ਼ ਕਰੋ। ਅਸੀਂ ਕਿਹਾ ਇਹ ਮੁਸ਼ਕਲ ਹੈ। ਉਸ ਪ੍ਰੋਫ਼ੈਸਰ ਪਾਸ 'ਸੋਮਰਸ' ਕਿਵੇਂ ਭੇਟ ਕਰੋਗੇ ? ਉਹ ਕਹਿਣ ਲੱਗੇ ਚਲੋ ਔਖੇ ਸੌਖੇ ਜਤਨ ਕਰ ਲੈਂਦੇ ਹਾਂ। ਅਸੀਂ ਕਿਹਾ ਉਸ ਪ੍ਰੋਫ਼ੈਸਰ ਪਾਸ ਜਾ ਕੇ ਸਾਡਾ ਨਾਂ ਲੈਣਾ ਕਿ ਉਨ੍ਹਾਂ ਭੇਜਿਆ ਹੈ। ਉਹ ਵਿਚਾਰੇ ਭੋਲੇ ਬਾਦਸ਼ਾਹ ਕਿਤੋਂ ਠੇਕਾ ਲੱਭ ਕੇ ਤੇ 'ਵਸਤੂ' ਖਰੀਦ ਕੇ ਤੇ ਪੁੱਛ ਪੁਛਾ ਕੇ ਉਸ ਪ੍ਰੋਫ਼ੈਸਰ ਦੇ ਘਰ ਜਾ ਪਹੁੰਚੇ ! ਸਾਨੂੰ ਇਹ ਆਸ ਨਹੀਂ ਸੀ ਕਿ ਉਹ ਏਨਾ ਕੰਮ ਕਰ ਸਕਣਗੇ। ਉਥੇ ਜਾ ਕੇ ਉਹ ਘਰ ਦੇ ਬਾਹਰ ਚੱਕਰ ਲਾਂਦੇ ਰਹੇ, ਫਿਰ ਗੇਟ ਪਾਸ ਖਲੋਤੇ ਰਹੇ। ਅੰਦਰ ਜਾਣ ਦਾ ਹੌਂਸਲਾ ਨਾ ਪਏ। ਅੰਦਰੋਂ ਪ੍ਰੋਫ਼ੈਸਰ ਜੋ ਇਕੱਲਾ ਰਹਿੰਦਾ ਸੀ, ਦੇਖ ਕੇ ਸੋਚੇ ਕਿ ਕੋਈ ਸ਼ੱਕੀ ਆਦਮੀ ਹੈ ਜੋ ਗੇਟ ਦੇ ਬਾਹਰ ਇਧਰ ਉਧਰ ਫਿਰਦਾ ਹੈ (ਇਹ ਗੱਲਾਂ ਉਸ ਪ੍ਰੋਫ਼ੈਸਰ ਨੇ ਸਾਨੂੰ ਬਾਅਦ ਵਿਚ ਦੱਸੀਆਂ)। ਪ੍ਰੋਫ਼ੈਸਰ ਨੇ ਬਰਾਂਡੇ ਵਿਚ ਨਿਕਲ ਕੇ ਉਨ੍ਹਾਂ ਨੂੰ ਕਿਹਾ ਅੰਦਰ ਆ ਜਾਓ। ਉਹ ਅੰਦਰ ਜਾ ਕੇ ਬਰਾਂਡੇ ਵਿਚ 'ਵਸਤੂ' ਵਾਲਾ ਝੋਲਾ ਰੱਖ ਕੇ ਕਮਰੇ ਵਿਚ ਪ੍ਰੋਫੈਸਰ ਪਾਸ ਜਾ ਬੈਠੇ। ਉਥੇ ਸਾਡਾ ਨਾਂ ਲਿਆ ਤਾਂ ਉਨ੍ਹਾਂ ਕੁਝ ਹਮਦਰਦੀ ਪ੍ਰਗਟ ਕੀਤੀ। ਪਰ ਅਚਾਨਕ ਹੀ ਉਸ ਮੂਰਖ ਵਿਦਵਾਨ ਨੇ ਉਹ ਵਸਤੂ ਝੋਲੇ ਵਿਚੋਂ ਕੱਢ ਕੇ ਮੇਜ਼ ਤੇ ਰੱਖ ਦਿੱਤੀ। ਪ੍ਰੋਫ਼ੈਸਰ ਨੂੰ ਦੇਖ ਕੇ ਗੁੱਸਾ ਚੜ੍ਹ ਗਿਆ। ਕਹਿਣ ਲੱਗਾ, 'ਇਹ ਕੀ ਬਦਤਮੀਜ਼ੀ ਹੈ, ਤੁਸੀਂ ਮੈਨੂੰ ਕੀ ਸਮਝਿਆ ਹੈ ? ਇਹ ਸ਼ਰੀਫ ਆਦਮੀ ਦਾ ਘਰ ਹੈ। ਇਸ ਨੂੰ ਚੁੱਕ ਕੇ ਝੋਲੇ ਵਿਚ ਪਾਓ, ਕੋਈ ਵੇਖ ਲਏਗਾ।' ਉਨ੍ਹਾਂ ਨੇ ਡਰਦੇ ਡਰਦੇ ਝੋਲੇ ਵਿਚ ਪਾ ਲਈ। ਫਿਰ ਪ੍ਰੋਫ਼ੈਸਰ ਨੇ ਕਿਹਾ, 'ਜਾਓ ਏਥੋਂ ਦਫਾ ਹੋ ਜਾਓ। ਉੱਠ ਕੇ ਤੁਰ ਪੈਂਦੇ ਨੇ ਮੂੰਹ ਚੁੱਕ ਕੇ।' ਉਹ ਸੱਜਨ ਵਿਚਾਰੇ ਉੱਠ ਕੇ ਜਾਣ ਲੱਗੇ ਤਾਂ ਪ੍ਰੋਫ਼ੈਸਰ ਨੇ ਕਿਹਾ, 'ਇਹ ਝੋਲਾ ਕਿਥੇ ਲੈ ਚਲੇ ਹੋ, ਇਸ ਮਾਂ ਨੂੰ ਇਥੇ ਰੱਖੋ, ਬਾਹਰ ਕੋਈ ਵੇਖ ਲਏਗਾ।' ਉਹ ਵਸਤੂ ਵੀ ਰਖਵਾ ਲਈ। ਉਹ ਵਿਚਾਰੇ ਭਲੇ ਲੋਕ ਵਾਪਸ ਹੋ ਤੁਰੇ, ਨਿਰਾਸ ਤੇ ਦੁਖੀ ਜੇਹੇ ਹੋ ਕੇ।

ਇਧਰ ਡਾ. ਸਾਹਿਬ ਤੇ ਮੈਨੂੰ ਖਿਆਲ ਆਇਆ, ਚਲੋ ਉਸ ਪ੍ਰੋਫ਼ੈਸਰ ਨੂੰ ਮਿਲ ਕੇ ਪਤਾ ਕਰੀਏ ਕਿ ਕੋਈ ਲੋੜਵੰਦ ਤਾਂ ਉਨ੍ਹਾਂ ਪਾਸ ਨਹੀਂ ਪਹੁੰਚਿਆ ? ਜਦ ਅਸੀਂ ਗਲੀ ਵਿਚ ਪਹੁੰਚੇ ਤਾਂ ਉਹ ਭਲੇ ਪੁਰਸ਼ ਮੂੰਹ ਲਟਕਾਈ ਆਉਂਦੇ ਮਿਲੇ। ਕਹਿਣ ਲੱਗੇ, 'ਕੰਮ ਨਹੀਂ ਬਣਿਆ, ਮੈਨੂੰ ਵਸਤੂ ਪੇਸ਼ ਕਰਨ ਦਾ ਸ਼ਾਇਦ ਢੰਗ ਨਹੀਂ ਆਇਆ।' ਅਸੀਂ ਕਿਹਾ 'ਜਿਸ ਕਾ ਕਾਜ ਉਸੀ ਕੋ ਸਾਜੇ ਦੂਜਾ ਕਰੇ ਤੋਂ ਠੇਂਗਾ ਬਾਜੇ।' ਜਦ ਉਹ ਚਲੇ ਗਏ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਪ੍ਰੋਫੈਸਰ ਪਾਸ ਗਏ । ਉਹ ਸਾਡੇ ਤੇ ਵਰ੍ਹ ਪਏ । ਕਹਿਣ ਲੱਗੇ, 'ਤੁਹਾਡਾ ਸਾਰਾ ਕਸੂਰ ਹੈ । ਕਿਹੋ ਜਿਹਾ ਆਦਮੀ ਮੇਰੇ ਪਾਸ ਭੇਜ ਦਿੱਤਾ ?' 10 ਮਿੰਟ ਸਾਡੇ ਤੇ ਗੁੱਸਾ ਕੱਢਦੇ ਰਹੇ ਤੇ ਸਾਰੀ ਗੱਲ ਸੁਣਾਈ । ਫਿਰ ਉਸ ਦੀ ਮੂਰਖਤਾ ਉੱਤੇ ਹੱਸਣ ਲੱਗ ਪਏ । ਸਾਨੂੰ ਵੀ ਹਾਸਾ ਆਇਆ ਪਰ ਨਾਲ ਹੀ ਮਨੁੱਖੀ ਮਨ ਦੀ ਕਮਜ਼ੋਰੀ ਤੇ ਲੋੜ ਪੈਣ ਤੇ ਏਨਾ ਜ਼ਲੀਲ ਹੋਣ ਬਾਰੇ ਸੋਚ ਕੇ ਦੁੱਖ ਵੀ ਹੋਇਆ । ਜਦ ਅਸੀਂ ਵਾਪਸ ਕਾਲਜ ਵਿਚ ਪਹੁੰਚੇ ਤਾਂ ਉਹ ਸੱਜਨ ਫਿਰ ਸਾਨੂੰ ਮਿਲੇ । ਅਸੀਂ ਕਿਹਾ, 'ਤੁਸੀਂ ਜੋ ਕੁਝ ਹੋਇਆ, ਭੁੱਲ ਜਾਓ । ਤੁਹਾਡਾ, ਪਾਸ ਹੋਣਾ ਉਂਜ ਹੀ ਅਸੰਭਵ ਹੈ । ਤੁਸੀਂ ਹਰ ਪ੍ਰਸ਼ਨ ਦਾ ਉਤਰ ਇਕ ਪੰਨੇ ਤੇ ਮੁਕਾ ਦੇਂਦੇ ਹੋ, ਤੁਹਾਨੂੰ ਨੰਬਰ ਕਾਹਦੇ ਮਿਲਣ ? ਤੁਸੀਂ ਐਮ.ਏ. ਕਰਨ ਦਾ ਖ਼ਿਆਲ ਹੀ ਛੱਡ ਦਿਓ ।'

ਇਕ ਦਿਨ ਡਾ. ਆਹੂਜਾ ਰੋਜ਼ ਵਾਂਗ ਸੈਰ ਜਾਣ ਲਈ ਸਾਡੇ ਘਰ ਆਏ । ਉਥੋਂ ਅਸੀਂ ਕਾਲਜ਼ ਦੇ ਪਿਛਲੇ ਪਾਸੇ ਸੈਰ ਲਈ ਜਾਂਦੇ ਸੀ ਜਿਥੇ ਅੱਜਕਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣੀ ਹੈ । ਮੇਰੀ ਆਦਤ ਸੀ ਮੈਂ ਪਾਣੀ ਪੀ ਕੇ ਸੈਰ ਨੂੰ ਜਾਂਦਾ ਸੀ । ਪਤਨੀ ਦੀ ਲੰਮੀ ਬੀਮਾਰੀ ਕਾਰਨ ਸਾਨੂੰ ਕੁਝ ਸਾਲ ਨੌਕਰ ਰੱਖਣ ਦੀ ਲੋੜ ਪਈ ਸੀ । ਮੈਂ ਆਪਣੇ ਨੌਕਰ ਨੂੰ ਵਾਜ ਮਾਰੀ, ਰੌਸ਼ਨ ! ਪਾਣੀ ਦਾ ਗਲਾਸ ਲਿਆ । ਪਾਣੀ ਪੀ ਕੇ ਜਦ ਸੈਰ ਨੂੰ ਨਿਕਲੇ ਤਾਂ ਡਾ. ਸਾਹਿਬ ਗਿਲ੍ਹਾ ਜੇਹਾ ਕਰ ਕੇ ਕਹਿਣ ਲੱਗੇ, 'ਹੇ ਕੇ ਗੱਲ ਹੋਈ ? ਤੁਸੀਂ ਰੌਸ਼ਨ ਨਾਂ ਦਾ ਨੌਕਰ ਰੱਖਿਆ ਹੈ । ਹਰ ਵੇਲੇ ਮੇਰਾ ਨਾਂ ਨੌਕਰ ਵਜੋਂ ਲੈਂਦੇ ਹੋ । ਜਾਂ ਇਸ ਨੌਕਰ ਦਾ ਨਾਂ ਬਦਲ ਦਿਓ ਜਾਂ ਇਸ ਨੂੰ ਹਟਾ ਦਿਓ ।' ਮੈਂ ਕਿਹਾ, 'ਡਾ. ਸਾਹਿਬ, ਨਾਂ ਵਿਚ ਕੀ ਪਿਆ ਹੈ ? ਜਿਸ ਹੋਸਟਲ ਦਾ ਮੈਂ ਵਾਰਡਨ ਹਾਂ, ਉਸ ਦੇ ਚਪੜਾਸੀ ਦਾ ਨਾਂ ਮੇਰੇ ਪਿਤਾ ਜੀ ਵਾਲਾ ਹੈ । ਮੈਂ ਕੀ ਕਰਾਂ ? ਮੈਂ ਤਾਂ ਉਸ ਨੂੰ ਨਹੀਂ ਹਟਾਇਆ ।' ਇਹ ਸੁਣ ਕੇ ਉਹ ਚੁੱਪ ਕਰ ਰਹੇ ।

ਖਾਮੋਸ਼ੀ ਡਾ. ਸਾਹਿਬ ਦਾ ਵੱਡਾ ਗੁਣ ਤੇ ਆਦਤ ਸੀ । ਬਹੁਤ ਘੱਟ ਬੋਲਦੇ ਸਨ, ਸੁਣਦੇ ਜ਼ਿਆਦਾ ਸਨ । ਜਦ ਵੀ ਕੋਈ ਸਮੱਸਿਆ ਆਈ ਤੇ ਮੈਂ ਉਸਦਾ ਜ਼ਿਕਰ ਕੀਤਾ ਤਾਂ ਡਾ. ਸਾਹਿਬ ਨੇ ਸੁਣ ਕੇ ਕੇਵਲ ਦੋ ਸ਼ਬਦ ਬੋਲਣੇ, 'ਖ਼ੈਰ ਏ !' ਜਿਸ ਦਾ ਭਾਵ ਇਹ ਹੁੰਦਾ ਕਿ ਕੋਈ ਗੱਲ ਨਹੀਂ । ਸਭ ਠੀਕ ਹੋ ਜਾਏਗਾ । ਏਨਾ ਹੌਂਸਲਾ ਤੇ ਨਿਮਰਤਾ ! ਇਕ ਪਾਸੇ ਅਤਿ ਤੀਖਣ ਬੁਧੀ ਤੇ ਵਿਸ਼ਾਲ ਗਿਆਨ, ਦੂਜੇ ਪਾਸੇ ਫਕੀਰਾਂ, ਸਾਧੂਆਂ ਵਾਲੀ ਨਿਮਰਤਾ । ਡਾ. ਸਾਹਿਬ ਦੀ ਸ਼ਖਸੀਅਤ ਅਸਲੋਂ ਵਿਰੋਧਤਾ ਭਰੀ (paradoxical) ਸੀ । ਬੇਗਰਜ਼ੀ, ਉਪਰਾਮਤਾ, ਤਿਆਗ, ਹਲੀਮੀ ਦਾ ਨਾਂ ਸੀ ਡਾ. ਆਹੂਜਾ ।

ਡਾ. ਸਾਹਿਬ 28 ਮਾਰਚ 1990 ਨੂੰ ਅਚਾਨਕ ਪਰਲੋਕ ਗਮਨ ਕਰ ਗਏ ਅਤੇ ਹਜ਼ਾਰਾਂ ਮਿੱਤਰਾਂ, ਸਨੇਹੀਆਂ ਤੇ ਸ਼ਰਧਾਲੂਆਂ ਦੇ ਦਿਲਾਂ ਤੇ ਸਦੀਵੀ ਵਿਛੋੜੇ ਦਾ ਸੱਲ ਲਗਾ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ਾਲਸਾ ਕਾਲਜ ਦੀਆਂ ਰੋਚਕ ਯਾਦਾਂ

1. ਲੋਕਾਂ ਦੀ ਆਵਾਜ਼

ਮਾਰਚ 1952 ਦੀ ਗੱਲ ਹੈ। ਕਾਲਜ ਦੀ ਸ਼ਹਿਰੀ ਵਿਦਿਆਰਥੀਆਂ ਦੀ ਸੰਸਥਾ (ਸੀ. ਐਸ. ਏ.) ਦਾ ਸਾਲਾਨਾ ਸਮਾਗਮ ਚੀਫ਼ ਖ਼ਾਲਸਾ ਦੀਵਾਨ ਦੇ ਕੈਂਪਸ ਵਿਚ (ਜਿਥੇ ਇਸ ਸੰਸਥਾ ਦਾ ਦਫ਼ਤਰ ਤੇ ਇੰਨਡੋਰ ਖੇਡਾਂ ਦੇ ਕਮਰੇ ਸਨ) ਪ੍ਰਿੰ. ਜੋਧ ਸਿੰਘ ਦੀ ਪਰਧਾਨਗੀ ਹੇਠ ਹੋ ਰਿਹਾ ਸੀ। ਮੇਰੇ ਸਮੇਤ ਵਿਭਾਗਾਂ ਦੇ ਮੁਖੀ ਤੇ ਹੋਰ ਸਟਾਫ਼ ਅਤੇ ਸ਼ਹਿਰੀ ਵਿਦਿਆਰਥੀ ਭਾਰੀ ਗਿਣਤੀ ਵਿਚ ਸ਼ਾਮਲ ਹੋਏ ਸਨ। ਪ੍ਰੋ. ਜੀਵਨ ਸਿੰਘ (ਮੁਖੀ ਬਾਟਨੀ ਵਿਭਾਗ) ਇੰਚਾਰਜ ਸੀ। ਜਦ ਫੈਂਸੀ ਡਰੈੱਸ ਦਾ ਮੁਕਾਬਲਾ ਹੋਣ ਲੱਗਾ ਤਾਂ ਅਚਾਨਕ ਇਕ ਲੜਕਾ ਕਾਲੇ ਕਪੜੇ ਪਾ ਕੇ ਜਮਦੂਤ ਦਾ ਭਿਆਨਕ ਰੂਪ ਬਣਾ ਕੇ ਹੌਲੀ ਹੌਲੀ ਤੁਰਦਾ ਤੇ ਸਾਰੇ ਦਰਸ਼ਕਾਂ ਵਲ ਗਹੁ ਨਾਲ ਵੇਖਦਾ ਹੋਇਆ (ਜਿਵੇਂ ਕਿਸੇ ਨੂੰ ਲੱਭ ਰਿਹਾ ਹੋਵੇ) ਜਦ ਸਟੇਜ ਤੇ ਬੈਠੇ ਪ੍ਰਿੰਸੀਪਲ ਸਾਹਿਬ ਦੇ ਸਾਹਮਣੇ ਆਇਆ ਤਾਂ ਉਥੇ ਖਲੋ ਕੇ ਕਹਿਣ ਲੱਗਾ, 'ਬਾਬਾ ਜੀ! ਇਥੇ ਡੇਰੇ ਲਾਈ ਬੈਠੇ ਹੋ ? ਕਦੋਂ ਅੱਗੇ ਚੱਲਣਾ ਹੈ ? ਮੈਂ ਤੁਹਾਨੂੰ ਲੈਣ ਆਇਆ ਹਾਂ।' ਇਕ ਦਮ ਸਾਰੇ ਪੰਡਾਲ ਵਿਚ ਹੈਰਾਨੀ ਤੇ ਸਹਿਮ ਫੈਲ ਗਿਆ ਕਿ ਭਾਈ ਸਾਹਿਬ ਪਤਾ ਨਹੀਂ ਇਸ ਮੁੰਡੇ ਨੂੰ ਕੀ ਸਜ਼ਾ ਦੇਣਗੇ ? ਪਰ ਭਾਈ ਸਾਹਿਬ ਚੁੱਪ ਬੈਠੇ ਰਹੇ ਤੇ ਗੰਭੀਰ ਜੇਹੇ ਹੋ ਗਏ। ਲੋਕਾਂ ਦਾ ਖਿਆਲ ਸੀ ਕਿ ਓਸੇ ਦਿਨ ਭਾਈ ਸਾਹਿਬ ਨੇ ਘਰ ਜਾ ਕੇ ਸਲਾਹ ਕੀਤੀ ਕਿ ਲੋਕਾਂ ਦੀ ਆਵਾਜ਼ ਰੱਬ ਦੀ ਆਵਾਜ਼ ਹੁੰਦੀ ਹੈ, ਨੌਕਰੀ ਛੱਡਣ ਦਾ ਸਮਾਂ ਆ ਗਿਆ ਹੈ। ਓਸੇ ਸਾਲ ਜੂਨ ਵਿਚ ਉਹ ਰਿਟਾਇਰ ਹੋ ਗਏ। ਉਦੋਂ ਭਾਈ ਸਾਹਿਬ 70 ਸਾਲਾਂ ਦੇ ਸਨ।

2. ਅਸ਼ੀਰਵਾਦ

ਖ਼ਾਲਸਾ ਕਾਲਜ ਸਕੂਲ ਦਾ ਮਾਸਟਰ ਪ੍ਰਹਿਲਾਦ ਸਿੰਘ ਬਹੁਤ ਨੇਕ ਤੇ ਧਾਰਮਕ ਵਿਅਕਤੀ ਹੈ। ਉਸ ਦੇ ਪਿਤਾ ਭਾਈ ਹੁਕਮ ਸਿੰਘ (ਜੋ ਕਾਲਜ ਵਿਚ ਆਟੇ ਦਾਲ ਤੇ ਰਾਸ਼ਨ ਦੀ ਦੁਕਾਨ ਚਲਾਂਦੇ ਰਹੇ ਸਨ), ਉਸ ਦਾ ਵੱਡਾ ਭਾਈ ਬਲਬੀਰ ਸਿੰਘ (ਫੀ. ਕਲਰਕ) ਅਤੇ ਭਣੂਜਾ ਭਾ. ਅਮਰ ਸਿੰਘ ਕਾਲਜ ਦੀ ਫਰੂਟ ਸ਼ਾਪ ਦਾ ਮਾਲਕ—ਇਹ ਸਾਰੇ ਮੇਰੇ ਨਾਲ ਬਹੁਤ ਹਿੱਤ ਰਖਦੇ ਸਨ। ਜਦ ਪ੍ਰਹਿਲਾਦ ਸਿੰਘ ਦੀ ਸ਼ਾਦੀ ਹੋਈ ਤਾਂ ਇਕ ਸਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਅਦ ਲੜਕਾ ਹੋ ਗਿਆ । ਖੁਸ਼ੀ ਮਨਾਣ ਲਈ ਉਸ ਨੇ ਪ੍ਰੋ. ਉਪਕਾਰ ਸਿੰਘ (ਧਾਰਮਕ ਪ੍ਰੋਫ਼ੈਸਰ) ਪ੍ਰੋ. ਪ੍ਰਕਾਸ਼ ਸਿੰਘ (ਸਿੱਖ ਹਿਸਟਰੀ ਵਾਲੇ) ਤੇ ਮੇਰੇ ਸਮੇਤ ਪੰਜਾਬੀ ਦੇ ਪ੍ਰੋਫ਼ੈਸਰ ਚਾਹ ਪਾਰਟੀ ਤੇ ਕੈਂਟੀਨ ਵਿਚ ਬੁਲਾਏ । ਪਾਰਟੀ ਤੋਂ ਬਾਅਦ ਅਸੀਂ ਉਸ ਨੂੰ ਵਧਾਈ ਦਿਤੀ ਤੇ ਨਾਲ ਹੀ ਅਸ਼ੀਰਵਾਦ ਵੀ ਦਿਤੀ ਕਿ ਪਰਮਾਤਮਾ ਨਿੱਤ ਨਵੀਆਂ ਖੁਸ਼ੀਆਂ ਬਖਸ਼ੇ ! ਅਗਲੇ ਸਾਲ ਇਕ ਹੋਰ ਲੜਕਾ ਹੋ ਗਿਆ । ਉਸ ਨੇਕ ਪੁਰਸ਼ ਨੇ ਫਿਰ ਪਾਰਟੀ ਕੀਤੀ । ਜਦ ਖਾ ਪੀ ਚੁਕੇ ਤਾਂ ਉੱਠ ਕੇ ਤੇ ਹੱਥ ਜੋੜ ਕੇ ਉਹ ਬੇਨਤੀ ਕਰਨ ਲੱਗਾ ਕਿ 'ਮੈਨੂੰ ਵਧਾਈ ਬੇਸ਼ਕ ਦਿਓ । ਪਰ ਆਸ਼ੀਰਵਾਦ ਨਾ ਦਿਓ, ਕਿਉਂਕਿ ਆਪ ਜੇਹੇ ਧਾਰਮਕ ਪੁਰਸ਼ਾਂ ਦਾ ਅਸ਼ੀਰਵਾਦ ਕੁਝ ਵਧੇਰੇ ਹੀ ਅਸਰ ਰਖਦੀ ਹੈ ਤੇ ਮੈਂ ਦੋ ਲੜਕਿਆਂ ਤੋਂ ਵਧ ਪਾਲਣ ਦੇ ਸਮਰਥ ਨਹੀਂ ।

3. ਭੁਲੱਕੜ ਪ੍ਰੋਫ਼ੈਸਰ

ਪ੍ਰੋ. ਕਰਨ ਸਿੰਘ ਗਿੱਲ (ਜੋ ਪਿਛੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ) ਬੜੇ ਗੰਭੀਰ ਕਿਸਮ ਦੇ ਵਿਦਵਨ ਸਨ ਪਰ ਉਨ੍ਹਾਂ ਦੇ ਸੁਭਾ ਵਿਚ ਬੜਾ ਤਿੱਖਾ ਵਿਅੰਗ ਵੀ ਸੀ । ਇਕ ਦਿਨ ਇਕ ਪ੍ਰੋਫ਼ੈਸਰ ਬਾਰੇ ਜੋ ਸੋਚਣ ਵੇਲੇ ਮੂੰਹ ਖੁਲ੍ਹਾ ਰਖਦਾ ਸੀ, ਕਹਿਣ ਲੱਗੇ, ਉਸ ਪ੍ਰੋਫ਼ੈਸਰ ਨੇ ਮੱਖੀਆਂ ਨੂੰ ਖੁਲ੍ਹੀ ਛੁੱਟੀ ਦੇ ਰੱਖੀ ਹੈ ਜਦੋਂ ਚਾਹੁਣ ਅੰਦਰ ਜਾਣ ਜਦੋਂ ਚਾਹੁਣ ਬਾਹਰ ਨਿਕਲ ਜਾਣ । ਪ੍ਰੋ. ਸਾਹਿਬ ਅਸਲੀ ਪ੍ਰੋਫ਼ੈਸਰਾਂ ਵਾਂਗ ਭੁਲੱਕੜ (absent-minded) ਵੀ ਸਨ । 1952 ਵਿਚ ਉਹ ਪਟਿਆਲਾ ਹੋਸਟਲ ਦੇ ਵਾਰਡਨ ਸਨ । ਮਾਰਚ ਵਿਚ ਹੋਸਟਲ ਦਾ ਸਾਲਾਨਾ ਜਲਸਾ ਸੀ, ਚਾਹ ਪਾਰਟੀ, ਕਲਚਰਲ ਪ੍ਰੋਗਰਾਮ, ਇਨਾਮਾਂ ਦੀ ਵੰਡ ਆਦਿ । ਜਦ ਅਸੀਂ ਸਮਾਗਮ ਵਿਚ ਸ਼ਾਮਲ ਹੋਏ ਤਾਂ ਵਾਰਡਨ ਸਾਹਿਬ ਨਜ਼ਰ ਨਾ ਆਏ । ਪ੍ਰਿੰ. ਜੋਧ ਸਿੰਘ ਵੀ ਹੈਰਾਨ ਸਨ ਕਿ ਵਾਰਡਨ ਕਿਥੇ ਗਿਆ ? ਪ੍ਰੋ. ਵਰਿਆਮ ਸਿੰਘ ਕਹਿਣ ਲੱਗੇ, ਉਹ ਜ਼ਰੂਰ ਭੁਲ ਗਏ ਹੋਣਗੇ । ਉਹੀ ਗੱਲ ਹੋਈ ਜਦ ਅਸੀਂ ਹੋਸਟਲ ਤੋਂ ਸਮਾਗਮ ਪਿਛੋਂ ਬਾਹਰ ਆਏ ਤਾਂ ਸਾਹਮਣੇ ਵੱਡੇ ਗੇਟ ਵਲੋਂ ਪ੍ਰੋ. ਸਾਹਿਬ ਆਪਣੇ ਧਿਆਨ ਕਵਾਟਰਾਂ ਵਲ ਜਾਣ ਲਈ ਹੋਸਟਲ ਵਲ ਆ ਰਹੇ ਸਨ । ਵੇਖ ਕੇ ਕਹਿਣ ਲਗੇ, ਓਹੋ ! ਮੈਂ ਸਮਝਿਆ ਸੀ ਫੰਕਸ਼ਨ ਕਲ ਹੈ । ਭਾਈ ਜੋਧ ਸਿੰਘ ਹੱਸ ਕੇ ਕਹਿਣ ਲੱਗੇ, ਕੋਈ ਗੱਲ ਨਹੀਂ ਅੰਗਲੇ ਸਾਲ ਸਹੀ ।

4. ਇਕ ਹੋਰ ਭੁਲੱਕੜ ਪ੍ਰੋਫ਼ੈਸਰ

ਇਕ ਹੋਰ ਪ੍ਰੋਫ਼ੈਸਰ ਵੀ ਪ੍ਰੋ. ਗਿੱਲ ਵਾਂਗ ਕਾਫ਼ੀ ਭੁਲੱਕੜ ਸਨ । ਇਕ ਦਿਨ ਉਹ ਪ੍ਰਿੰਸੀਪਲ ਦੀ ਕੁਰਸੀ ਤੇ ਬੈਠੇ ਪ੍ਰਿੰਸੀਪਲ ਦਾ ਕੰਮ ਚਲਾ ਰਹੇ ਸਨ । ਕੰਮ ਦਾ ਜ਼ੋਰ ਸੀ, ਕਈ ਸਮਸਿਆਵਾਂ ਸਨ । ਮੈਂ ਵੀ ਇਤਫ਼ਾਕ ਨਾਲ ਉਨ੍ਹਾਂ ਦੇ ਪਾਸ ਬੈਠਾ ਸਾਂ । ਕੁਝ ਸਮੇਂ ਬਾਅਦ ਉਨ੍ਹਾਂ ਪਾਣੀ ਮੰਗਿਆ । ਚਪੜਾਸੀ ਪਾਣੀ ਪਿਲਾ ਕੇ ਚਲਾ ਗਿਆ । ਪਰ ਪ੍ਰੋ. ਸਾਹਿਬ ਕੰਮ ਵਿਚ ਏਨੇ ਮਗਨ ਸਨ ਕਿ ਬੇਧਿਆਨੇ ਪਾਣੀ ਪੀ ਗਏ । ਕੁਝ ਚਿਰ ਬਾਅਦ ਚਪੜਾਸੀ ਨੂੰ ਬੁਲਾ ਕੇ ਗੁੱਸੇ ਹੋਣ ਲੱਗੇ, ਤੈਥੋਂ ਪਾਣੀ ਮੰਗਿਆ ਸੀ ? ਉਹ ਕਹਿਣ ਲੱਗਾ, ਜੀ ਮੈਂ ਪਾਣੀ ਪਿਲਾ ਗਿਆ ਹਾਂ । ਉਹ ਹੋਰ ਭੜਕ ਉੱਠੇ ਕਿ ਨਾਲੇ ਕੰਮ ਨਹੀਂ ਕਰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲੇ ਝੂਠ ਬੋਲਦਾ ਹੈ ? ਉਹ ਵਿਚਾਰਾ ਬਹੁਤ ਘਬਰਾ ਗਿਆ ਤੇ ਮਾਫੀ ਮੰਗਣ ਲਗ ਪਿਆ। ਅੰਤ ਮੈਨੂੰ ਗਵਾਹੀ ਦੇਣੀ ਪਈ ਕਿ ਸੱਚਮੁਚ ਉਹ ਪਾਣੀ ਪਿਆ ਗਿਆ ਸੀ ਨਹੀਂ ਤਾਂ ਸ਼ਾਇਦ ਉਸ ਨੂੰ ਜੁਰਮਾਨਾ ਹੋ ਜਾਂਦਾ।

5. ਪੀ. ਟੀ. ਦੀ ਚਤੁਰਤਾ

ਪ੍ਰੋ. ਸ਼ਾਮ ਸਿੰਘ 1963-64 ਵਿਚ ਆਰਜ਼ੀ ਪ੍ਰਿੰਸੀਪਲ ਸਨ। ਉਨ੍ਹਾਂ ਦਾ ਸੁਭਾ ਕੁਝ ਤਿੱਖਾ ਤੇ ਸਖਤੀ ਕਰਨ ਦੇ ਰੌਂ ਵਾਲਾ ਸੀ। ਮੈਂ ਉਨ੍ਹਾਂ ਦੇ ਨਾਲ ਆਰਜ਼ੀ ਵਾਈਸ ਪ੍ਰਿੰਸੀਪਲ ਸਾਂ। ਮੈਨੂੰ ਇਕ ਦਿਨ ਕਹਿਣ ਲੱਗੇ, 'ਕਲਾਸਾਂ ਤੋਂ ਵਿਹਲੇ ਹੋ ਕੇ ਬਾਰਾਂ ਕੁ ਵਜੇ ਮੇਰੇ ਪਾਸ ਆ ਕੇ ਬੈਠਿਆ ਕਰੋ। ਕਈ ਸਲਾਹਵਾਂ ਕਰਨੀਆਂ ਹੁੰਦੀਆਂ ਹਨ।' ਫਿਰ ਕਹਿਣ ਲੱਗੇ, 'ਇਹ ਜੋ ਪ੍ਰਿੰਸੀਪਲ ਦੇ ਦਫਤਰ ਦੇ ਨਾਲ ਬਾਥ ਰੂਮ ਹੈ ਇਸ ਨੂੰ ਠੀਕ ਕਰਾ ਕੇ ਤੁਹਾਡਾ ਦਫਤਰ ਨਾ ਬਣਾ ਦੇਈਏ।' ਮੈਂ ਉਨ੍ਹਾਂ ਦਾ ਵਿਅੰਗ ਸਮਝ ਗਿਆ ਤੇ ਇਕ ਦਮ ਜਵਾਬ ਦਿਤਾ ਕਿ ਸੋਚ ਲਵੋ, ਕਲ ਕੋਈ ਪੱਕਾ ਪ੍ਰਿੰਸੀਪਲ ਆ ਗਿਆ ਤਾਂ ਤੁਸੀਂ ਵੀ ਵਾਈਸ ਪ੍ਰਿੰਸੀਪਲ ਬਣ ਕੇ ਇਸ ਬਾਥਰੂਮ ਵਿਚ ਬਹਿਣਾ ਹੋਵੇਗਾ। ਇਹ ਸੁਣ ਕੇ ਕਹਿਣ ਲੱਗੇ, 'ਯਾਰ ਤੂੰ ਬੜੀ ਚੋਟ ਕਰਨ ਲੱਗ ਪਿਆ ਹੈਂ।' ਮੈਂ ਕਿਹਾ, 'ਤੁਹਾਡੇ ਪਾਸੋਂ ਹੀ ਸਿਖਿਆ ਹਾਂ।' ਇਕ ਦਿਨ ਮੈਂ ਉਨ੍ਹਾਂ ਦੇ ਆਸ਼ੇ ਅਨੁਸਾਰ ਵਿਹਲਾ ਹੋ ਕੇ ਉਨ੍ਹਾਂ ਪਾਸ ਬੈਠਾ ਸਾਂ ਕਿ ਪੀ. ਟੀ. ਅਜਾਇਬ ਸਿੰਘ (ਖੇਡਾਂ ਦੇ ਇੰਚਾਰਜ) ਕੋਈ ਬਿਲ ਪਾਸ ਕਰਾਣ ਆ ਗਏ। ਪੀ. ਟੀ. ਸਾਹਿਬ ਬੜੇ ਹੁਸ਼ਿਆਰ ਤੇ ਹਾਜ਼ਰ ਜਵਾਬ ਸਨ। ਉਨ੍ਹਾ ਨੂੰ ਗੱਲ ਬੜੀ ਫੁਰਦੀ ਸੀ। ਕਿਸੇ ਨਾ ਕਿਸੇ ਤਰ੍ਹਾਂ ਆਪਣਾ ਕੰਮ ਕੱਢ ਹੀ ਲੈਂਦੇ ਸਨ। ਪ੍ਰਿੰ. ਸ਼ਾਮ ਸਿੰਘ ਕਹਿਣ ਲੱਗੇ ਇਕ ਤੁਸੀਂ ਟੂਰਨਾਮੈਂਟ ਵਿਚ ਹਾਕੀ ਦੀ ਟੀਮ ਹਰਾ ਕੇ ਆ ਗਏ ਹੋ, ਫਿਰ ਨਕਲੀ ਬਿਲ ਬਣਾ ਕੇ ਲੈ ਆਏ ਹੋ। ਐਹ ਜਿਹੜੇ ਤੁਸੀਂ ਰਿਕਸ਼ੇ ਕੀਤੇ ਸਨ, ਰਿਕਸ਼ੇ ਵਾਲਿਆਂ ਦੀ ਰਸੀਦ ਕਿਥੇ ਹੈ ? ਇਸ ਤਰ੍ਹਾਂ ਉਨ੍ਹਾਂ ਕਈ ਇਤਰਾਜ਼ ਕਰ ਦਿਤੇ। ਪ੍ਰੋ. ਅਜਾਇਬ ਸਿੰਘ ਨੇ ਬੇਨਤੀ ਕੀਤੀ ਕਿ ਹਾਰਣਾ ਜਿੱਤਣਾ ਤੇ ਬਣਿਆ ਹੀ ਹੈ। ਤੇ ਰਿਕਸ਼ੇ ਵਾਲਿਆਂ ਪਾਸੋਂ 3-4 ਰੁਪਏ ਦੀਆਂ ਰਸੀਦਾਂ ਬਣਵਾਉਣ ਦੀ ਵਿਹਲ ਸਾਨੂੰ ਕਿਥੇ ਹੁੰਦੀ ਹੈ ? ਟੀਮ ਨੂੰ ਸਾਂਭਣਾ ਕਿਹੜਾ ਸੌਖਾ ਹੁੰਦਾ ਹੈ ? ਤੁਸੀਂ ਇਥੇ ਦਫਤਰ ਵਿਚ ਬੈਠ ਕੇ ਪ੍ਰਿੰਸੀਪਲ ਸਾਹਿਬ! ਏਨੀ ਮੀਨ ਮੇਖ ਕਰਦੇ ਹੋ। ਕਦੀ ਸਾਡੇ ਨਾਲ ਟੂਰਨਾਮੈਂਟ ਤੇ ਚਲੋ ਤਾਂ ਆਪ ਨੂੰ ਵੀ ਸਾਡੀਆਂ ਮੁਸ਼ਕਲਾਂ ਦਾ ਪਤਾ ਲੱਗ ਜਾਏ। ਖੈਰ ਬਹਿਸ ਹੁੰਦੀ ਰਹੀ। ਦੋਵੇਂ ਆਪਣੇ ਪੱਖ ਤੋਂ ਹਾਰਨ ਵਾਲੇ ਨਹੀਂ ਸਨ। ਮੈਂ ਚੁੱਪ ਕਰ ਕੇ ਸੁਣਦਾ ਰਿਹਾ। ਇਕ ਵਾਰ ਮੈਂ ਜ਼ਰੂਰ ਕਿਹਾ ਕਿ ਪ੍ਰਿੰਸੀਪਲ ਸਾਹਿਬ ਛੋਟੇ ਛੋਟੇ ਇਤਰਾਜ਼ ਛੱਡ ਦਿਓ। ਜਦ ਗੱਲ ਬਣਦੀ ਨਾਂ ਦਿੱਸੀ ਤਾਂ ਪ੍ਰੋ. ਅਜਾਇਬ ਸਿੰਘ ਨੇ ਅੱਕ ਕੇ ਕਿਹਾ ਕਿ 'ਚੰਗਾ ਮੈਂ ਇਹ ਪੈਸੇ ਆਪਣੀ ਜੇਬ 'ਚੋਂ ਭਰ ਦਿਆਂਗਾ। ਜਿੰਨਾ ਜ਼ੋਰ ਮੈਂ ਇਹ ਬਿਲ ਪਾਸ ਕਰਾਉਣ ਵਿਚ ਲਾਇਆ ਹੈ, ਏਨੇ ਵਿਚ ਤਾਂ ਮੈਂ ਸੰਢਾ ਚੋਅ ਲੈਣਾ ਸੀ।' ਪ੍ਰੋ. ਸ਼ਾਮ ਸਿੰਘ ਇਹ ਸੁਣ ਕੇ ਨਿਰੁਤਰ ਹੋ ਗਏ ਤੇ ਕਹਿਣ ਲੱਗੇ, 'ਯਾਰ ਤੂੰ ਤਾਂ ਹੋਛੇ ਹਥਿਆਰਾਂ ਤੇ ਆ ਗਿਆ ਹੈਂ। ਲਿਆ ਤੇਰਾ ਬਿਲ ਪਾਸ ਕਰਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਪਏਗਾ। ਨਹੀਂ ਤਾਂ ਪਤਾ ਹੀਂ ਅੱਜ ਤੂੰ ਮੈਨੂੰ ਸੰਢਾ ਬਣਾਇਆ ਹੈ, ਕਲ ਪਤਾ ਨਹੀਂ ਕੀ ਬਣਾ ਦੇਵੇਂਗਾ ?'

6. ਖਰਾ ਜਵਾਬ

ਉਪਰ ਲਿਖੇ ਸਮੇਂ ਵਿਚ ਹੀ ਇਕ ਦਿਨ ਮੈਂ ਪ੍ਰਿੰ. ਸ਼ਾਮ ਸਿੰਘ ਪਾਸ ਬੈਠਾ ਸਾਂ ਕਿ ਉਨ੍ਹਾਂ ਨੇ ਇਕ ਵਿਗੜੇ ਹੋਏ ਕਬੱਡੀ ਦੇ ਖਿਡਾਰੀ ਜਿਸ ਨੇ ਕੋਈ ਮਾਰ ਕੁਟਾਈ ਵੀ ਕਰ ਦਿਤੀ ਸੀ ਨੂੰ ਦਫ਼ਤਰ ਵਿਚ ਬੁਲਾਇਆ। ਉਸ ਨੇ ਦਾੜ੍ਹੀ ਬੁਰੀ ਤਰ੍ਹਾਂ ਕੱਟੀ ਹੋਈ ਸੀ। ਜਦ ਉਹ ਅੰਦਰ ਆਇਆ ਤਾਂ ਪ੍ਰਿੰਸੀਪਲ ਨੇ ਉਸ ਨੂੰ ਬੜੀ ਝਾੜ ਪਾਈ ਤੇ ਕਿਹਾ ਕਿ ਆਪਣੀ ਸ਼ਕਲ ਤਾਂ ਵੇਖ, ਦਾੜ੍ਹੀ ਕਿਸ ਤਰ੍ਹਾਂ ਕੱਟੀ ਹੋਈ ਹੈ। ਉਹ ਲੜਕਾ ਬੜਾ ਸ਼ਰਾਰਤੀ ਸੀ। ਕਿਸੇ ਨੇ ਸ਼ਾਇਦ ਉਸ ਨੂੰ ਸਿਖਾ ਦਿਤਾ ਹੋਇਆ ਸੀ। ਉਹ ਕਹਿਣ ਲੱਗਾ, 'ਪ੍ਰਿੰਸੀਪਲ ਸਾਹਿਬ, ਮੈਂ 'ਰਹਿਤ ਮਰਯਾਦਾ' ਪੁਸਤਕ ਪੜ੍ਹ ਕੇ ਆਇਆ ਹਾਂ, ਉਸ ਵਿਚ ਲਿਖਿਆ ਹੈ ਕਿ ਕੱਟੀ ਹੋਈ ਦਾੜ੍ਹੀ, ਤੇ ਰੰਗੀ ਹੋਈ ਦਾੜ੍ਹੀ ਦੋਵੇਂ ਤਨਖਾਹ ਲੱਗਣ ਦੇ ਯੋਗ ਹਨ। ਪ੍ਰਿੰ. ਸ਼ਾਮ ਸਿੰਘ ਨੇ ਦਾੜ੍ਹੀ ਰੰਗੀ ਹੋਈ ਸੀ। ਉਹ ਇਹ ਅਚਾਨਕ ਹੋਇਆ ਤਿੱਖਾ ਵਾਰ ਸੁਣ ਕੇ ਭੜਕ ਉੱਠੇ ਤੇ ਕਹਿਣ ਲੱਗੇ, 'ਚਲ ਇਥੋਂ ਦਫ਼ਾ ਹੋ ਜਾ। ਤੇਰੇ ਵਰਗੇ ਲੋਕਾਂ ਦੀ ਮੈਂ ਸ਼ਕਲ ਨਹੀਂ ਦੇਖਣੀ ਚਾਹੁੰਦਾ। ਤੈਨੂੰ ਮੈਂ ਕਾਲਜ ਵਿਚੋਂ ਕੱਢ ਦਿਆਂਗਾ। ਗੈੱਟ ਆਊਟ।' ਜਦ ਉਹ ਚਲਾ ਗਿਆ ਤਾਂ ਮੈਨੂੰ ਕਹਿਣ ਲੱਗੇ, 'ਯਾਰ ਜਦੋਂ ਮੈਂ ਉਸ ਨੂੰ ਝਾੜ ਪਾ ਰਿਹਾ ਸੀ ਤੁਸੀਂ ਕਿਉਂ ਨਹੀਂ ਬੋਲੇ।' ਮੈਂ ਕਿਹਾ 'ਤੁਸੀਂ ਏਨੀ ਚੰਗੀ ਝਾੜ ਪਾ ਰਹੇ ਸੀ ਕਿ ਮੈਨੂੰ ਉਸ ਵਿਚ ਸ਼ਾਮਲ ਹੋਣ ਦੀ ਲੋੜ ਹੀ ਨਹੀਂ ਪਈ।'

7. ਜੋਸ਼ੀਲੀ ਤਬੀਅਤ

ਪ੍ਰਿੰ. ਹਰਬੰਤ ਸਿੰਘ ਨਾਲ ਭਾਵੇਂ ਉਨ੍ਹਾ ਦੇ ਪ੍ਰਿੰਸੀਪਲ ਬਣਨ ਤੇ ਮੇਰਾ ਮਤਭੇਦ ਸੀ ਪਰ ਨਿੱਜੀ ਤੌਰ ਤੇ ਸਾਡੇ ਪਰਸਪਰ ਸੰਬੰਧ ਸੁਖਾਵੇਂ ਹੀ ਰਹੇ। ਉਨ੍ਹਾਂ ਦੀ ਤਬੀਅਤ ਬੜੀ ਜੋਸ਼ੀਲੀ ਤੇ ਖੜਕੇ ਧੜਕੇ ਵਾਲੇ ਸੀ। ਇਕ ਦਿਨ ਮੈਂ, ਸ਼ਾਇਦ 1961 ਦੀ ਗੱਲ ਹੈ, ਕਿਸੇ ਕੰਮ ਉਨ੍ਹਾਂ ਦੇ ਦਫਤਰ ਵਿਚ ਗਿਆ ਤਾਂ ਬੜੇ ਗੁੱਸੇ ਵਿਚ ਸਨ ਤੇ ਕਹਿਣ ਲੱਗੇ ਇਹ ਹੈੱਡ ਕਲਰਕ ਬਹੁਤ ਨਕਾਰਾ ਹੈ ਮੈਂ ਇਸ ਨੂੰ ਡਿਸਮਿਸ ਕਰ ਦੇਣਾ ਹੈ। ਮੈਂ ਕਿਹਾ ਕਿਉਂ ਗਰੀਬ ਮਾਰ ਕਰਦੇ ਹੋ, ਉਹ ਤਾਂ ਅੱਗੇ ਹੀ ਰਿਟਾਇਰ ਹੋਣ ਵਾਲਾ ਹੈ। ਕਹਿਣ ਲੱਗੇ ਇਕ ਤਾਂ ਨਰਮ ਤਬੀਅਤ ਲੋਕ ਕੋਈ ਚੰਗਾ ਕੰਮ ਨਹੀਂ ਕਰਨ ਦੇਂਦੇ। ਫਿਰ ਕਹਿਣ ਲੱਗੇ, ਸੁਣੋ ਮੈਂ ਪੰਜਾਬੀ ਸੂਬੇ ਬਾਰੇ ਕੀ ਲਿਖਿਆ ਹੈ। ਅੰਗਰੇਜ਼ੀ ਵਿਚ ਲਿਖਿਆ ਆਪਣਾ ਬਿਆਨ ਉਹ ਬੜੇ ਜੋਸ਼ ਨਾਲ ਸੁਣਾਉਣ ਲੱਗੇ। ਉਸ ਵਿਚ ਸ. ਪਰਤਾਪ ਸਿੰਘ ਕੈਰੋਂ ਦੇ ਖ਼ਿਲਾਫ ਵੀ ਬਹੁਤ ਕੁਝ ਲਿਖਿਆ ਸੀ। ਮੈਂ ਕਹਿ ਬੈਠਾ ਇਹ ਤਾਂ ਬੜੀ fiery statement (ਜੋਸ਼ੀਲਾ ਬਿਆਨ) ਹੈ। ਕਹਿਣ ਲੱਗੇ, ਪ੍ਰੋ. ਦੀਵਾਨ ਸਿੰਘ, ਤੁਸੀਂ ਨਹੀਂ ਸਮਝ ਸਕਦੇ। ਤੁਹਾਨੂੰ ਪਤਾ ਹੀ ਹੈ ਕਿ ਮੇਰੀ ਤਬੀਅਤ ਕਿੰਨੀ fiery ਹੈ। ਇਸ ਲਈ ਇਹ ਲਿਖਤ ਵੀ 'ਫ਼ਾਇਰੀ' ਹੈ। ਮੈਂ ਕਿਹਾ ਇਸ ਨੂੰ ਥੋੜਾ ਨਰਮ ਕਰੋ। ਪਰ ਉਹ ਕਹਿਣ ਲੱਗੇ, ਇਹ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਸਕਦਾ । ਨਤੀਜਾ ਇਹ ਨਿਕਲਿਆ ਕਿ ਉਸੇ ਬਿਆਨ ਤੇ ਜੋ ਛਪਵਾ ਕੇ ਪਾਰਲੀਮੈਂਟ ਦੇ ਮੈਂਬਰਾਂ ਵਿਚ ਵੰਡਿਆ ਗਿਆ, ਦੇ ਕਾਰਨ ਪ੍ਰਿੰ. ਹਰਬੰਤ ਸਿੰਘ ਨੂੰ ਚੀਫ਼ ਮਨਿਸਟਰ ਸ. ਪਰਤਾਪ ਸਿੰਘ ਕੈਰੋਂ ਨੇ ਕਾਲਜ ਤੋਂ ਛੁੱਟੀ ਕਰਵਾ ਦਿਤੀ ।

8. ਰਾਜਨੀਤੀ

ਅਸੈਂਬਲੀ ਚੋਣਾਂ ਦੇ ਦਿਨ ਸਨ । ਮੇਰੇ ਪਾਸ ਮੇਰਾ ਇਕ ਪੁਰਾਣਾ ਵਾਕਫ ਜੋ ਆਪ ਅਸੈਂਬਲੀ ਦੀ ਚੋਣ ਲੜ ਰਿਹਾ ਸੀ, ਕਾਲਜ ਵਿਚ ਮੈਨੂੰ ਮਿਲਣ ਆਇਆ । ਉਹ ਪਹਿਲਾਂ ਸਾਡੇ ਕਾਲਜ ਦਾ ਵਿਦਿਆਰਥੀ ਵੀ ਰਹਿ ਚੁਕਾ ਸੀ, ਇਸ ਲਈ ਕਾਫੀ ਜਾਣ ਪਛਾਣ ਸੀ। ਮੈਂ ਕਲਾਸ ਪੜ੍ਹਾ ਰਿਹਾ ਸੀ । ਬਾਹਰ ਆਇਆ ਤਾਂ ਦੇਖਿਆ ਕਿ 5-7 ਆਦਮੀ ਉਸ ਦੇ ਨਾਲ ਸਨ । ਉਹ ਮੈਨੂੰ ਵਖਰਾ ਕਰ ਕੇ ਕਹਿਣ ਲੱਗਾ, 'ਇਕ ਜ਼ਰੂਰੀ ਕੰਮ ਹੈ । ਇਹ ਮੇਰੇ ਵੋਟਰ ਹਨ । ਇਨ੍ਹਾਂ ਦਾ ਇਕ ਲੜਕਾ ਇਕ ਨੰਬਰ ਤੇ ਫ਼ੇਲ੍ਹ ਹੋ ਰਿਹਾ ਹੈ । ਪਤਾ ਲਗਾ ਹੈ ਤੁਸ਼ੀਂ ਹੈੱਡ ਐਗਜ਼ਾਮੀਨਰ ਹੋ ।' ਮੈਂ ਕਿਹਾ, ਇਹ ਬੜਾ ਮੁਸ਼ਕਲ ਕੰਮ ਹੈ । ਮੇਰੇ ਨਾਲ 14 ਸਬ-ਐਗਜ਼ਾਮੀਨਰ ਹਨ । ਪਤਾ ਨਹੀਂ ਕਿਸ ਦੇ ਪਾਸ ਇਸ ਲੜਕੇ ਦਾ ਪਰਚਾ ਹੈ । ਮੈਂ ਸਿੱਧੇ ਤੌਰ ਤੇ ਕੋਈ ਨੰਬਰ ਵਧਾ ਘਟਾ ਨਹੀਂ ਸਕਦਾ । ਉਹ ਕਹਿਣ ਲੱਗਾ, ਮੇਰੀ ਖਾਤਰ ਥੋੜੀ ਜੇਹੀ ਰਾਜਨੀਤੀ ਤੋਂ ਕੰਮ ਲਵੋ । 10-12 ਦਿਨਾਂ ਤਕ ਚੋਣਾਂ ਹਨ ਇਨ੍ਹਾਂ ਨੂੰ ਸਿਰਫ ਇਹ ਕਹਿ ਦਿਓ ਕਿ ਤੁਹਾਡਾ ਕੰਮ ਜਿਵੇਂ ਹੋਇਆ ਕਰ ਦਿਆਂਗੇ । ਫਿਰ ਚੋਣਾਂ ਤੋਂ ਬਾਅਦ ਕਿਸ ਪੁੱਛਣਾ ਹੈ, ਮੁੰਡਾ ਫ਼ੇਲ੍ਹ ਹੋਇਆ ਕਿ ਪਾਸ ? ਮੈਂ ਉਸਦੇ ਸਾਥੀਆਂ ਨੂੰ ਕਹਿ ਦਿਤਾ ਕਿ ਜਿਨ੍ਹਾਂ ਦੇ ਨਾਲ ਤੁਸੀਂ ਆਏ ਹੋ, ਇਨ੍ਹਾਂ ਨੂੰ ਅਸੀਂ ਨਾਂਹ ਨਹੀਂ ਕਰ ਸਕਦੇ । ਉਹ ਇਹ ਸੁਣ ਕੇ ਖੁਸ਼ ਹੋ ਗਏ ਤੇ ਵਾਪਸ ਚਲੇ ਗਏ । ਸੱਚਮੁਚ ਰਾਜਨੀਤੀ ਅਜੀਬ ਚੀਜ਼ ਹੈ ।

9. ਜਨ ਗਨ ਮਨ

ਇਕ ਦਿਨ ਸਾਡੇ ਪਿੰਡ ਉਪਲੀ, ਜ਼ਿਲਾ ਸੰਗਰੂਰ ਤੋਂ ਮਾਮਾ ਗੁਰਬਚਨ ਸਿੰਘ ਤੇ ਵੱਡੇ ਭਾਈ ਇਕਬਾਲ ਸਿੰਘ ਮੈਨੂੰ ਮਿਲਣ ਆਏ । ਓਦੋਂ ਮੈਂ ਵੱਡੇ ਕਵਾਟਰਾਂ ਵਿਚ ਰਹਿੰਦਾ ਸੀ । ਉਹ ਆਉਂਦੇ ਹੀ ਕਹਿਣ ਲੱਗੇ, 'ਜਦ ਅਸੀਂ ਕਾਲਜ ਦੀ ਬਿਲਡਿੰਗ ਪਾਸੋਂ ਲੰਘ ਰਹੇ ਸੀ ਤਾਂ ਇਕ ਦਮ ਪਤਾ ਨਹੀਂ ਕੀ ਹੋਇਆ, ਜਿਥੇ ਵੀ ਕੋਈ ਜਾਂਦਾ ਸੀ ਉਥੇ ਹੀ ਖ਼ਲੋ ਗਿਆ । ਨਾ ਕੋਈ ਹਿੱਲੇ ਨਾ ਜੁੱਲੇ, ਜਿਵੇਂ ਸਭ ਨੂੰ ਝੋਲਾ ਮਾਰ ਗਿਆ ਹੋਵੇ । ਸਿਰਫ ਅਸੀਂ ਦੋਵੇਂ ਤੁਰ ਰਹੇ ਸੀ ਪਰ ਅਸੀਂ ਸਮਝਿਆ ਪਤਾ ਨਹੀਂ ਕੋਈ ਬਲਾ ਆ ਪਈ ਹੈ, ਅਸੀਂ ਵੀ ਖਲੋ ਗਏ । ਥੋੜੀ ਦੇਰ ਬਾਅਦ ਸਾਰੇ ਇਕ ਦਮ ਹਰਕਤ ਵਿਚ ਆ ਗਏ । ਦੀਵਾਨ ਸਿੰਘ ਤੂੰ ਦੱਸ ਇਹ ਕੀ ਜਾਦੂ ਦਾ ਖੇਲ ਸੀ ? ਮੈਨੂੰ ਇਹ ਸੁਣ ਕੇ ਹਾਸਾ ਆ ਗਿਆ । ਮੈਂ ਕਿਹਾ ਰੋਜ਼ ਸਵੇਰੇ ਨੌਂ ਵਜੇ ਇਹ ਜਾਦੂ ਦਾ ਖੇਲ ਹੁੰਦਾ ਹੈ, ਪਤਾ ਨਹੀਂ ਕਾਰਨ ਕੀ ਹੈ ? ਉਹ ਮੈਨੂੰ ਬਾਰ ਬਾਰ ਪੁੱਛਣ ਲੱਗੇ ਕਿ ਤੈਨੂੰ ਪਤਾ ਹੈ ਤੂੰ ਦੱਸਦਾ ਨਹੀਂ । ਮੈਂ ਕਿਹਾ ਤੁਸੀਂ ਡਰੇ ਤਾਂ ਨਹੀਂ । ਉਹ ਕਹਿਣ ਲੱਗੇ ਗੱਲ ਤਾਂ ਡਰ ਵਾਲੀ ਹੈ । ਜਦ ਉਨ੍ਹਾਂ ਬਹੁਤ ਹੈਰਾਨੀ ਤੇ ਪਰੇਸ਼ਾਨੀ ਪ੍ਰਗਟ ਕੀਤੀ ਤਾਂ ਮੈਂ ਉਨ੍ਹਾਂ ਨੂੰ ਦੱਸਿਆ ਕਿ ਰਿਕਾਰਡ ਪਲੇਅਰ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਰਤ ਦਾ ਕੌਮੀ ਤਰਾਨਾ 'ਜਨ ਗਨ ਮਨ' ਰੋਜ਼ ਕਾਲਜ ਖੁੱਲਣ ਲੱਗੇ ਪੜ੍ਹਦੇ ਹਨ ਤੇ ਹਰ ਕਿਸੇ ਨੂੰ ਉਸ ਵੇਲੇ ਹੁਕਮ ਹੁੰਦਾ ਹੈ ਕਿ ਹਰ ਕੋਈ ਜਿਥੇ ਵੀ ਤੇ ਜਿਸ ਹਾਲਤ ਵਿਚ ਹੋਵੇ ਅਹਿੱਲ ਖੜ੍ਹਾ ਹੋ ਜਾਵੇ। ਉਹ ਕਹਿਣ ਲੱਗੇ ਬਹੁਤੇ ਪੜ੍ਹੇ-ਲਿਖੇ ਲੋਕਾਂ ਦਾ ਦਿਮਾਗ ਠੀਕ ਨਹੀਂ ਹੁੰਦਾ, ਐਵੇਂ ਵਾਧੂ ਪਰੇਡ ਕਰਦੇ ਹਨ। ਮੈਂ ਸੋਚਿਆ ਉਹ ਆਪਣੀ ਥਾਂ ਠੀਕ ਹੀ ਕਹਿ ਰਹੇ ਸਨ। ਅਫ਼ਸੋਸ ਮਾਮਾ ਗੁਰਬਚਨ ਸਿੰਘ ਵਰਗੇ ਵਧੀਆ ਇਨਸਾਨ ਜਨਵਰੀ 1969 ਵਿਚ ਕਾਰ ਦੇ ਹਾਦਸੇ ਨਾਲ ਚੱਲ ਵੱਸੇ, ਰੱਬ ਉਨ੍ਹਾਂ ਨੂੰ ਸੁਰਗਾਂ ਵਿਚ ਵਾਸਾ ਦੇਵੇ ਅਤੇ ਸ਼ੋਕ ਹੁਣੇ ਜਿਹੇ 16 ਮਾਰਚ 1989 ਨੂੰ ਭਾਈ ਇਕਬਾਲ ਸਿੰਘ ਦਾ ਵੀ ਦੇਹਾਂਤ ਹੋ ਗਿਆ ਹੈ। ਵਾਹਿਗੁਰੂ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।

10. ਏਸ਼ੀਆ ਦਾ ਸਭ ਤੋਂ ਮਸ਼ਹੂਰ ਸਿੱਖ

1956 ਦੀ ਗੱਲ ਹੈ। ਪ੍ਰਿੰ. ਇੰਦਰ ਸਿੰਘ ਦਾ ਸਮਾਂ ਸੀ। ਅਮਰੀਕਾ ਤੋਂ ਸ. ਦਲੀਪ ਸਿੰਘ ਸੌਂਦ ਆਪਣੀ ਅਮਰੀਕਨ ਪਤਨੀ ਤੇ ਲੜਕੀ ਸਮੇਤ ਖ਼ਾਲਸਾ ਕਾਲਜ ਵਿਚ ਅਮਰੀਕਨ ਸਿਫਾਰਤਖਾਨੇ ਦੇ ਸਹਿਯੋਗ ਨਾਲ ਆਏ। ਕਾਲਜ ਦੇ ਹਾਲ ਵਿਚ ਉਨ੍ਹਾਂ ਦਾ ਭਰਪੂਰ ਸੁਆਗਤ ਕੀਤਾ ਗਿਆ। ਹਾਲ ਖਚਾ-ਖੱਚ ਭਰਿਆ ਸੀ। ਸਾਰਾ ਸਟਾਫ, ਵਿਦਿਆਰਥੀ ਤੇ ਸ਼ਹਿਰ ਤੋਂ ਬਹੁਤ ਲੋਕ ਆਏ, ਕਿਉਂਕਿ ਸ. ਦਲੀਪ ਸਿੰਘ ਸੌਂਦ ਏਸ਼ੀਆ ਦੇ ਪਹਿਲੇ ਆਦਮੀ ਸਨ, ਜੋ ਅਮਰੀਕਾ ਦੀ ਕਾਂਗਰਸ ਦੇ ਮੈਂਬਰ ਚੁਣੇ ਗਏ ਸਨ। ਉਹ ਸ੍ਰੀ ਅੰਮ੍ਰਿਤਸਰ ਜਿਲੇ ਦੇ ਪਿੰਡ ਛੱਜਲਵੱਡੀ, ਜਿਸ ਨੇ ਸ. ਗਹਿਲ ਸਿੰਘ ਵਰਗੇ ਮਹਾਨ ਨੇਤਾ ਅਤੇ ਸ. ਕਰਨੈਲ ਸਿੰਘ, ਭੂਤਪੂਰਵ ਚੇਅਰਮੈਨ ਭਾਰਤੀ ਰੇਲਵੇ ਬੋਰਡ ਵਰਗੇ ਵੱਡੇ ਅਫਸਰ ਪੈਦਾ ਕੀਤੇ, ਦੇ ਜੰਮਪਲ ਸੀ। ਉਹ ਜਦ ਬੋਲਣ ਲਈ ਉਠੇ ਤਾਂ ਕਿੰਨਾ ਚਿਰ ਤਾਲੀਆਂ ਵੱਜਦੀਆਂ ਰਹੀਆਂ। ਏਨਾ ਨਿੱਘਾ ਸੁਆਗਤ ਮੈਂ ਕਦੀ ਕਿਸੇ ਦਾ ਨਹੀਂ ਸੀ ਵੇਖਿਆ। ਉਨ੍ਹਾਂ ਨੇ ਠੇਠ ਪੰਜਾਬੀ ਵਿਚ ਲੈਕਚਰ ਕੀਤਾ, ਹਾਲਾਂਕਿ ਉਹ 40 ਸਾਲ ਅਮਰੀਕਾ ਵਿਚ ਰਹਿ ਕੇ ਦੇਸ ਵਾਪਸ ਆਏ ਸੀ। ਉਨ੍ਹਾਂ ਦੇ ਲੈਕਚਰ ਦਾ ਸਾਰ ਇਹ ਸੀ, 'ਪਿਆਰੇ ਦੋਸਤੋ, ਵੀਰੋ ਤੇ ਬੱਚਿਓ! ਮੈਂ ਤੁਹਾਡਾ ਨਿਮਾਣਾ ਦਾਸ ਹਾਂ। ਤੁਹਾਡੇ ਦਰਸ਼ਨ ਕਰਨ ਲਈ ਏਡੀ ਦੂਰੋਂ ਆਇਆ ਹਾਂ। ਭਾਵੇਂ ਮੇਰੇ ਸਿਰ ਤੇ ਵਾਲ ਨਹੀਂ ਪਰ ਅੰਦਰੋਂ ਮੈਂ ਪੂਰਾ ਸਿੱਖ ਹਾਂ। ਉਥੇ ਮੈਂ ਘਰ ਵਿਚ ਗੁਰੂ ਗ੍ਰੰਥ ਸਾਹਿਬ ਰੱਖਿਆ ਹੈ ਤੇ ਰੋਜ਼ ਸਵੇਰੇ ਪਾਠ ਕਰ ਕੇ ਫਿਰ ਕੋਈ ਹੋਰ ਕੰਮ ਕਰਦਾ ਹਾਂ। ਮੈਨੂੰ ਗੁਰਬਾਣੀ ਯਾਦ ਹੈ। ਇਸ ਵੇਲੇ ਗੁਰਬਾਣੀ ਦੀਆਂ ਇਹ ਤੁਕਾਂ ਮੇਰੇ ਤੇ ਢੁਕਦੀਆਂ ਹਨ :

> ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥
> ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥ (763)

ਫਿਰ ਉਹ ਕਹਿਣ ਲੱਗੇ, ਮੈਨੂੰ ਹੀਰ ਵੀ ਯਾਦ ਹੈ। ਮੈਨੂੰ ਓਪਰਾ ਨਾ ਸਮਝੋ, ਪੰਜਾਬੀ ਜਿੱਥੇ ਵੀ ਜਾਏਗਾ, ਪੰਜਾਬੀ ਹੀ ਰਹੇਗਾ। ਕਿਸੇ ਦਾ ਕਲਚਰ ਕਦੀ ਬਦਲ ਨਹੀਂ ਸਕਦਾ। ਇਹ ਸਦਾ ਨਾਲ ਰਹਿੰਦਾ ਹੈ। ਮੈਂ ਜਦ 40 ਸਾਲ ਪਹਿਲਾਂ ਅਮਰੀਕਾ ਨੂੰ ਚੱਲਿਆ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਜੇ ਛੋਟੀ ਉਮਰ ਦਾ ਸਾਂ। ਮੇਰੀ ਮਾਂ ਨੇ ਮੈਨੂੰ ਸਮਝਾਇਆ, ਪੁੱਤ, ਜਿਥੇ ਵੀ ਜਾਏਂ, ਮਿੱਤਰ ਬਣਾਈਂ, ਦੁਸ਼ਮਨ ਨਾ ਬਣਾਈਂ। ਜੇ ਕਿਸੇ ਨਾਲ ਰੁਸੇਵਾਂ ਵੀ ਹੋ ਜਾਏ ਤਾਂ ਉਸ ਨੂੰ ਮਨਾ ਲਈਂ, ਕਿਉਂਕਿ ਰੁੱਸੇ ਨੂੰ ਮਨਾਈਏ ਨਾ ਤੇ ਪਾਟੇ ਨੂੰ ਸੀਵੀਏਂ ਨਾ ਤਾਂ ਕਿਵੇਂ ਗੱਲ ਬਣੇ। ਮੇਰੀ ਮਾਂ ਹੁਣ ਦੁਨੀਆਂ ਵਿਚ ਨਹੀਂ ਰਹੀ ਪਰ ਮੈਨੂੰ ਉਸ ਦੀ ਨਸੀਹਤ ਯਾਦ ਹੈ। ਮੈਂ ਬਾਹਰ ਜਾ ਕੇ ਹਰ ਕਿਸੇ ਨੂੰ ਆਪਣਾ ਮਿੱਤਰ ਹੀ ਬਣਾਇਆ। ਤਾਂ ਹੀ ਉਥੇ ਕਾਂਗਰਸ ਦਾ ਮੈਂਬਰ ਬਣ ਸਕਿਆ। ਬੜੀ ਮਿਹਨਤ ਕੀਤੀ...।' ਇਹ ਗੱਲਾਂ ਕਹਿ ਕੇ ਫਿਰ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿੱਖਿਆ ਦਿਤੀ ਕਿ ਬੱਚੋ! ਖ਼ੂਬ ਮਿਹਨਤ ਕਰੋ। ਚੰਗੀ ਤੋਂ ਚੰਗੀ ਪੜ੍ਹਾਈ ਕਰੋ। ਭਾਵੇਂ ਕੇਸਾਂ ਦੀ ਬੜੀ ਮਹੱਤਾ ਹੈ, ਪਰ ਲੋਕਾਂ ਨੇ ਇਹ ਵੀ ਦੇਖਣਾ ਹੈ ਕਿ ਤੁਹਾਡੇ ਸਿਰ ਤੇ ਦਿਮਾਗ਼ ਦੇ ਅੰਦਰ ਕੀ ਹੈ? ਲਿਆਕਤ ਹੀ ਮਨੁੱਖ ਦੀ ਅਸਲੀਅਤ ਹੁੰਦੀ ਹੈ।' ਇਸ ਤਰ੍ਹਾਂ ਦਾ ਵਧੀਆ ਲੈਕਚਰ ਜਦ ਉਨ੍ਹਾਂ ਨੇ ਖ਼ਤਮ ਕੀਤਾ ਤਾਂ ਸੱਚ ਜਾਣੋ ਪੰਜ ਮਿੰਟ ਹਾਲ ਤਾਲੀਆਂ ਨਾਲ ਗੂੰਜਦਾ ਰਿਹਾ। ਮੈਂ ਆਪਣੇ ਜੀਵਨ ਵਿਚ ਏਨਾ ਲਾਇਕ ਤੇ ਚੰਗਾ ਆਦਮੀ ਬਹੁਤ ਘੱਟ ਵੇਖਿਆ ਹੈ। ਸ. ਪ੍ਰਤਾਪ ਸਿੰਘ ਕੈਰੋਂ, ਜੋ ਅਮਰੀਕਾ ਵਿਚੋਂ ਹੀ ਉਚੇਰੀ ਵਿਦਿਆ ਪ੍ਰਾਪਤ ਕਰ ਕੇ ਆਏ ਸੀ, ਨਾਲ ਕਿਸੇ ਹੱਦ ਤੱਕ ਉਨ੍ਹਾਂ ਨੂੰ ਤੁਲਨਾ ਦਿਤੀ ਜਾ ਸਕਦੀ ਹੈ। ਛੱਜਲਵੱਡੀ ਦੇ ਡਾ. ਇਕਬਾਲ ਕੌਰ ਸੌਂਦ (ਸਪੁੱਤਰੀ ਸਵਰਗੀ ਸ. ਗਹਿਲ ਸਿੰਘ), ਰੀਡਰ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਅਤੇ ਉਨ੍ਹਾਂ ਦੇ ਪਤੀ ਪ੍ਰਿੰ. ਨਰੋਤਮ ਸਿੰਘ (ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ) ਮੇਰੇ ਵਿਦਿਆਰਥੀ ਰਹੇ ਹਨ ਅਤੇ ਕਾਫੀ ਸਾਲਾਂ ਤੋਂ ਸਾਡੇ ਪਰਿਵਾਰ ਦੇ ਪਰਮ-ਹਿਤੈਸ਼ੀਆਂ ਵਿਚੋਂ ਹਨ।

11. ਰੁੱਖਾਂ ਦੀ ਜੀਰਾਂਦ

ਬਾਬਾ ਫ਼ਰੀਦ ਨੇ ਮਨੁੱਖ ਨੂੰ ਰੁੱਖਾਂ ਵਾਂਗ ਸਬਰ ਸੰਤੋਖ (ਜੀਰਾਂਦ) ਰੱਖਣ ਲਈ ਕਿਹਾ ਹੈ। ਪਰ ਇਹ ਔਖਾ ਕੰਮ ਹੈ। ਰੱਬ ਦੀ ਕ੍ਰਿਪਾ ਨਾਲ ਕੁਝ ਵਿਰਲੇ ਮਨੁੱਖਾਂ ਨੂੰ ਹੀ ਅਜਿਹਾ ਸਬਰ ਸੰਤੋਖ ਮਿਲਦਾ ਹੈ। ਉਂਜ ਜੀਵਨ ਵਿਚ ਉਚਾ ਉਠਣ ਲਈ ਅਜਿਹੇ ਦੁਰਲੱਭ ਗੁਣ ਆਵੱਸ਼ਕ ਹੁੰਦੇ ਹਨ। ਪ੍ਰਿੰਸੀਪਲ ਸ. ਬਿਸ਼ਨ ਸਿੰਘ ਸਮੁੰਦਰੀ ਇਕ ਦਿਨ ਕਿਸੇ ਜ਼ਰੂਰੀ ਕੰਮ ਮੈਨੂੰ ਮਿਲਣ ਮੇਰੇ ਵਿਭਾਗ (ਪੰਜਾਬੀ ਵਿਭਾਗ) ਵੱਲ ਆ ਗਏ। ਮੈਂ ਆਪਣੇ ਕਮਰੇ ਵਿਚ ਐਮ. ਏ. ਕਲਾਸ ਪੜ੍ਹਾ ਰਿਹਾ ਸੀ। ਉਨ੍ਹਾਂ ਕਿਸੇ ਨੂੰ ਮੇਰੇ ਪਾਸ ਭੇਜ ਕੇ ਆਪਣੇ ਆਉਣ ਬਾਰੇ ਦੱਸਿਆ ਤੇ ਆਪ ਕਮਰੇ ਦੇ ਬਾਹਰ ਖੜੇ ਰਹੇ। ਮੈਂ ਉਸ ਆਦਮੀ ਨੂੰ ਕਿਹਾ ਕਿ ਪ੍ਰਿੰਸੀਪਲ ਸਾਹਿਬ ਨੂੰ ਕਹੋ ਮੈਂ ਕਲਾਸ ਤੋਂ ਬਾਅਦ ਹਾਜ਼ਰ ਹੋ ਜਾਵਾਂਗਾ। ਪਰ ਮੈਂ ਜਦ ਅੱਧੇ ਘੰਟੇ ਬਾਅਦ ਕਲਾਸ ਪੜ੍ਹਾ ਕੇ ਨਿਕਲਿਆ ਤਾਂ ਮੈਨੂੰ ਇਹ ਦੇਖ ਕੇ ਬੇਹੱਦ ਹੈਰਾਨੀ ਹੋਈ ਕਿ ਸਮੁੰਦਰੀ ਸਾਹਿਬ ਏਨਾ ਸਮਾਂ ਉਨ੍ਹਾਂ ਪੈਰਾਂ ਤੇ ਹੀ ਖਲੋਤੇ ਕਿਸੇ ਆਦਮੀ ਨਾਲ ਗੱਲਾਂ ਕਰ ਰਹੇ ਸਨ। ਮੈਂ ਅਫ਼ਸੋਸ ਪ੍ਰਗਟ ਕੀਤਾ ਤੇ ਦਿਲ ਵਿਚ ਬਹੁਤ ਪਛਤਾਇਆ ਕਿ ਜੇ ਮੈਨੂੰ ਪਤਾ ਹੁੰਦਾ ਕਿ ਉਨ੍ਹਾਂ ਇਸ ਤਰ੍ਹਾਂ ਉਡੀਕ ਕਰਨੀ ਹੈ ਤਾਂ ਮੈਂ ਕਿਉਂ ਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਲਾਸ ਵਿਚੋਂ ਇਕ ਮਿੰਟ ਆ ਕੇ ਉਨ੍ਹਾਂ ਦੀ ਗੱਲ ਸੁਣ ਜਾਂਦਾ। ਫਿਰ ਮੈਨੂੰ ਇਹ ਅਹਿਸਾਸ ਹੋਇਆ ਕਿ ਇਹ ਪ੍ਰਿੰਸੀਪਲ ਸਾਹਿਬ ਦੀ ਵਡਿੱਤਣ ਦਾ ਇਕ ਪ੍ਰਤੱਖ ਪ੍ਰਮਾਣ ਸੀ। ਐਵੇਂ ਤਾਂ ਨਹੀਂ ਉਹ ਏਨੇ ਉਚੇ ਉਠ ਗਏ। ਅਸੀਂ ਲੋਕ ਪ੍ਰੋਫੈਸਰੀ ਕਰਦੇ ਰਹਿ ਗਏ ਅਤੇ ਉਹ ਉਠ ਕੇ ਵਾਈਸ ਚਾਂਸਲਰ ਬਣ ਗਏ। ਅਕਬਰ ਅਲਾਹਾਬਾਦੀ ਕਹਿੰਦਾ ਹੈ :

ਹਮ ਤੋ ਏ ਬੀ ਮੇਂ ਰਹੇ ਔਰ ਯਾਰ ਬੀ. ਏ. ਹੋ ਗਏ।

12. ਰੱਬ ਤਵੱਕਲ

ਪ੍ਰੋ ਸੁਖਦੇਵ ਰਾਜ ਕੋਹਲੀ, ਐਗਰੀਕਲਚਰ ਦੇ ਹੈੱਡ, ਮੇਰੇ ਗਵਾਂਢੀ ਸਨ। ਪ੍ਰਿੰਸੀਪਲ ਸਮੁੰਦਰੀ ਵੀ ਲੁਧਿਆਣੇ ਐਗਰੀਕਲਚਰ ਦੇ ਪ੍ਰੋਫੈਸਰ ਰਹਿ ਚੁੱਕੇ ਸਨ, ਇਸ ਲਈ ਉਨ੍ਹਾਂ ਦੋਹਾਂ ਦੀ ਪਰਸਪਰ ਕਾਫੀ ਨੇੜਤਾ ਸੀ। ਪ੍ਰੋਫੈਸਰ ਸੁਖਦੇਵ ਰਾਜ ਨੇ ਚਾਰ ਹਜ਼ਾਰ ਰੁਪਏ ਖਰਚ ਕੇ ਇਕ ਬਹੁਤ ਪੁਰਾਣੀ ਕਾਰ ਖਰੀਦ ਰੱਖੀ ਸੀ। ਇਹ 1964 ਦੀ ਗੱਲ ਹੈ। ਓਦੋਂ ਕੋਈ ਪ੍ਰੋਫੈਸਰ ਤਾਂ ਕੀ ਪ੍ਰਿੰਸੀਪਲ ਸਮੁੰਦਰੀ ਪਾਸ ਵੀ ਅਜੇ ਕਾਰ ਨਹੀਂ ਸੀ। ਪਰ ਇਹ ਪੁਰਾਣੀ ਕਾਰ ਚੱਲਦੀ ਘੱਟ ਤੇ ਖਲੋਤੀ ਬਹੁਤ ਰਹਿੰਦੀ ਸੀ। ਇਕ ਦਿਨ ਮੇਰੇ ਕਵਾਟਰ ਦੇ ਹਾਲ ਕਮਰੇ ਵਿਚ ਸਮੁੰਦਰੀ ਸਾਹਿਬ ਆਏ ਤੇ ਪ੍ਰੋ. ਸੁਖਦੇਵ ਰਾਜ ਨੂੰ ਬੁਲਾ ਕੇ ਕਹਿਣ ਲੱਗੇ, 'ਤੂੰ ਕਾਰ ਕਾਹਦੇ ਲਈ ਰੱਖੀ ਹੈ ? ਇਹਨੂੰ ਬਾਹਰ ਕੱਢ। ਕੱਲ੍ਹ ਕਾਦੀਆਂ ਚੱਲਣਾ ਹੈ, ਤੈਨੂੰ ਵੀ ਬਹਿਸ਼ਤ ਦੀ ਸੈਰ ਕਰਾ ਲਿਆਵਾਂਗੇ।' ਮੈਨੂੰ ਵੀ ਕਹਿਣ ਲੱਗੇ, 'ਤੂੰ ਵੀ ਚੱਲ। ਪਤਨੀਆਂ ਵੀ ਨਾਲ ਲੈ ਚੱਲੀਏ।' ਉਨ੍ਹਾਂ ਕਾਰ ਦੀ ਹਾਲਤ ਬਾਰੇ ਕੁਝ ਨਾ ਸੋਚਿਆ। ਉਨ੍ਹਾਂ ਉਥੇ ਸਰਦਾਰ ਗੁਰਬਚਨ ਸਿੰਘ ਬਾਜਵਾ, ਕਾਂਗਰਸ ਲੀਡਰ ਤੇ ਭੂਤ-ਪੂਰਵ ਮੰਤਰੀ ਪੰਜਾਬ ਨੂੰ ਮਿਲਣਾ ਸੀ। ਸੋ ਫੈਸਲਾ ਹੋਇਆ ਕਿ ਸਵੇਰੇ ਚੱਲਾਂਗੇ। ਅਸੀਂ ਤਿੰਨੇ ਜੋੜੇ ਤਿਆਰ ਹੋ ਗਏ।

ਅਗਲੀ ਸਵੇਰ ਬਹਿਸ਼ਤ ਦੇਖਣ ਦੇ ਚਾਅ ਵਿਚ ਜਦ ਕਾਲਜ ਤੋਂ ਚੱਲੇ ਤਾਂ ਹਰ ਕੋਈ ਖੁਸ਼ ਸੀ। ਸ਼ਹਿਰ ਤੋਂ ਬਾਹਰ ਨਿਕਲ ਕੇ ਮੈਂ ਸਮੁੰਦਰੀ ਸਾਹਿਬ ਨੂੰ ਕਿਹਾ, 'ਅੱਜ ਸਵੇਰੇ ਗੁਰੂ ਗ੍ਰੰਥ ਸਾਹਿਬ ਦਾ ਵਾਕ ਕੁਝ ਕਰੜਾ ਨਿਕਲਿਆ। ਉਸ ਵਿਚ ਮੌਤ ਆਦਿ ਦਾ ਜ਼ਿਕਰ ਸੀ।' ਉਹ ਕਹਿਣ ਲੱਗੇ, 'ਇਹ ਤਾਂ ਫਿਕਰ ਵਾਲੀ ਗੱਲ ਹੈ, ਚਲੋ ਮੁੜ ਚੱਲੀਏ।' ਮੈਂ ਕਿਹਾ, 'ਪਰ ਇਕ ਗੱਲ ਚੰਗੀ ਹੋਈ ਕਿ ਮੈਂ ਆਪਣੀ ਸਭ ਦੀ ਰੱਖਿਆ ਲਈ ਅਰਦਾਸ ਵੀ ਕਰ ਦਿਤੀ ਸੀ।' ਇਹ ਸੁਣ ਕੇ ਸਾਰੇ ਸਾਥੀ ਸੰਤੁਸ਼ਟ ਹੋ ਗਏ। ਜਦ ਬਟਾਲੇ ਦੇ ਰਾਹ ਵਿਚ ਅਸੀਂ ਕੱਥੂ ਨੰਗਲ ਦੇ ਨੇੜੇ ਜਾ ਰਹੇ ਸੀ ਤਾਂ ਸੜਕ ਦੇ ਖੱਬੇ (ਸਾਡੇ ਵਾਲੇ ਪਾਸੇ) ਸੜਕ ਦੀ ਮੁਰੰਮਤ ਲਈ ਬੱਜਰੀ ਪਈ ਸੀ। ਪ੍ਰੋ. ਸੁਖਦੇਵ ਰਾਜ ਗੱਡੀ ਹੌਲੀ-ਹੌਲੀ ਚਲਾ ਰਹੇ ਸੀ, ਫਿਰ ਵੀ ਅੱਗੋਂ ਕੋਈ ਵੱਡੀ ਗੱਡੀ ਆ ਜਾਣ ਕਰਕੇ ਕਾਰ ਬਚਦੀ-ਬਚਦੀ ਵੀ ਬੱਜਰੀ ਉਤੇ ਚੜ੍ਹ ਗਈ ਤੇ ਖਲੋ ਗਈ। ਸਮੁੰਦਰੀ ਸਾਹਿਬ ਕਹਿਣ ਲੱਗੇ, 'ਤੂੰ ਗੱਡੀ ਧਿਆਨ ਨਾਲ ਚਲਾ, ਬਰੇਕ ਕਿਉਂ ਨਾ ਲਾਈ ? ਅੱਗੇ ਹੀ ਸਾਡਾ ਦਿਲ ਡਰਿਆ ਹੋਇਆ ਹੈ।' ਖੈਰ ਕਿਸੇ ਤਰ੍ਹਾਂ ਕਾਰ ਬਟਾਲਾ ਸ਼ਹਿਰ ਲੰਘ ਕੇ ਅੱਗੇ ਕਾਦੀਆਂ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹੁੰਚੀ। ਜਾਂਦਿਆਂ ਹੀ ਅਸੀਂ ਮਿਰਜ਼ੇਈ ਮੁਸਲਮਾਨਾਂ ਦੀ ਬਣਾਈ ਬਹਿਸ਼ਤ (ਕੁਝ ਅਮੀਰ ਲੋਕਾਂ ਦੀਆਂ ਭਾਰੀ ਰਕਮਾਂ ਖਰਚ ਕੇ ਇਕ ਇਹਾਤੇ ਵਿਚ ਬਣੀਆਂ ਕਬਰਾਂ) ਵੇਖ ਕੇ ਸ. ਗੁਰਬਚਨ ਸਿੰਘ ਬਾਜਵਾ ਦੀ ਕੋਠੀ ਜਾ ਪਹੁੰਚੇ। ਮੇਰੇ ਵੀ ਉਹ ਰਿਸ਼ਤੇਦਾਰ ਹਨ। ਉਨ੍ਹਾਂ ਪਾਸ ਬੈਠੇ ਸਾਂ ਕਿ ਮੈਨੂੰ ਸੁਖਦੇਵ ਰਾਜ ਨੇ ਬਾਹਰ ਬੁਲਾਇਆ। ਉਹ ਕਾਰ ਦੀ ਛਾਣ-ਬੀਣ ਕਰ ਰਹੇ ਸੀ ਤੇ ਆਪਣੀ ਪਤਨੀ ਨਾਲ ਕੁਝ ਸਲਾਹ ਕਰ ਰਹੇ ਸੀ। ਮੈਨੂੰ ਕਹਿਣ ਲੱਗੇ, 'ਪ੍ਰੋਫੈਸਰ ਸਾਹਿਬ ! ਤੁਹਾਡੇ ਪਾਸੋਂ ਕੋਈ ਲੁਕਾ ਨਹੀਂ, ਸਮੁੰਦਰੀ ਸਾਹਿਬ ਨੂੰ ਪਤਾ ਨਾ ਲੱਗੇ, ਉਹ ਬਹੁਤ ਗੁੱਸੇ ਹੋਣਗੇ। ਕਾਰ ਦੀ ਬਰੇਕ ਪਹਿਲਾਂ ਹੀ ਢਿੱਲੀ ਸੀ। ਰਾਹ ਵਿਚ ਬੱਜਰੀ ਨਾਲ ਟਕਰਾ ਕੇ ਉਹ ਫੇਲ੍ਹ ਹੋ ਗਈ ਹੈ, ਹੁਣ ਕੀ ਕਰੀਏ ?' ਮੈਂ ਕਿਹਾ, 'ਤੁਸੀਂ ਦੱਸੋ ਕੀ ਸੋਚਿਆ ਹੈ ?' ਉਹ ਕਹਿਣ ਲੱਗੇ, 'ਅਸੀਂ ਦੋਹਾਂ ਪਤੀ-ਪਤਨੀ ਨੇ ਸਲਾਹ ਕੀਤੀ ਹੈ ਕਿ ਹੌਲੀ-ਹੌਲੀ 15-20 ਕਿਲੋਮੀਟਰ ਦੀ ਸਪੀਡ ਤੇ ਚਲਾ ਕੇ ਲੈ ਜਾਵਾਂਗੇ।' ਮੈਂ ਕਿਹਾ, 'ਚਲੋ ਰੱਬ ਤਵੱਕਲ ਪਹੁੰਚ ਹੀ ਜਾਵਾਂਗੇ।' ਸੁਖਦੇਵ ਰਾਜ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਪਤਨੀ ਅੱਗੇ ਉਸ ਦੇ ਨਾਲ ਬੈਠੇਗੀ ਤਾਂ ਜੋ ਉਸ ਨੂੰ ਤੇਜ਼ ਚਲਾਣ ਤੋਂ ਰੋਕਦੀ ਰਹੇ।

ਇਹ ਪ੍ਰਬੰਧ ਕਰ ਕੇ ਅਸੀਂ ਵਾਪਸ ਚੱਲ ਪਏ। ਰੱਬ ਆਸਰੇ ਹੌਲੀ-ਹੌਲੀ ਤੁਰੇ ਆਏ। ਪਰ ਵੇਰਕੇ ਪਹੁੰਚਣ ਤੋਂ ਥੋੜ੍ਹੀ ਦੂਰ ਪਹਿਲਾਂ ਕੁਝ ਮੱਝਾਂ ਸੜਕ ਪਾਰ ਕਰ ਰਹੀਆਂ ਸਨ। ਸੁਖਦੇਵ ਰਾਜ ਨੇ ਦੂਰੋਂ ਹੀ ਕਾਰ ਹੋਰ ਹੌਲੀ ਕਰ ਲਈ। ਫਿਰ ਵੀ ਮੱਝਾਂ ਤਾਂ ਲੰਘ ਗਈਆਂ ਪਰ ਸਭ ਤੋਂ ਪਿਛੇ ਆ ਰਹੀ ਇਕ ਕੱਟੀ ਨਾਲ ਕਾਰ ਜਾ ਟਕਰਾਈ ਅਤੇ ਖਲੋ ਗਈ। ਸਮੁੰਦਰੀ ਸਾਹਿਬ ਕਹਿਣ ਲੱਗੇ, 'ਅੱਜ ਅਸੀਂ ਬਚਦੇ ਨਜ਼ਰ ਨਹੀਂ ਆਉਂਦੇ, ਸ਼ਹਿਰ ਦੀ ਭੀੜ ਵਿਚੋਂ ਕਿਸ ਤਰ੍ਹਾਂ ਕਾਲਜ ਤੱਕ ਪਹੁੰਚਾਂਗੇ।' ਸਮੁੰਦਰੀ ਸਾਹਿਬ ਦੀ ਪਤਨੀ ਤੇ ਮੇਰੀ ਪਤਨੀ ਤਾਂ ਕਾਰ ਵਿਚ ਬਹਿਣ ਤੋਂ ਨਾਬਰ ਹੋ ਗਈਆਂ। ਕਹਿਣ ਲੱਗੀਆਂ, ਜਾਣ-ਬੁਝ ਕੇ ਕਿਉਂ ਜਾਨ ਗਵਾਈਏ ? ਅਸੀਂ ਬਹੁਤ ਸਮਝਾਇਆ ਕਿ ਸਭ ਦੀ ਜਾਨ ਇਕੋ ਜਿਹੀ ਪਿਆਰੀ ਹੈ। ਅਖੀਰ ਉਹ ਭਾਣਾ ਮੰਨ ਕੇ ਕਾਰ ਵਿਚ ਬਹਿ ਗਈਆਂ। ਅਸੀਂ ਸ਼ਹਿਰ ਵਿਚ ਪਹੁੰਚ ਕੇ ਸਟੇਸ਼ਨ ਅਤੇ ਜੀ. ਟੀ. ਰੋਡ ਦੀ ਥਾਂ ਮਾਲ ਰੋਡ ਤੇ ਰਾਮ ਤੀਰਥ ਰੋਡ ਰਾਹੀਂ ਕਾਲਜ ਜਾ ਪਹੁੰਚੇ। ਵਾਪਸ ਪਹੁੰਚ ਕੇ ਸੁਖਦੇਵ ਰਾਜ ਨੇ ਜਦ ਸਮੁੰਦਰੀ ਸਾਹਿਬ ਨੂੰ ਦੱਸਿਆ ਕਿ ਕਾਰ ਬਿਨਾਂ ਬਰੇਕਾਂ ਦੇ ਏਨਾ ਪੈਂਡਾ ਕਰ ਆਈ ਹੈ ਤਾਂ ਉਹ ਹੈਰਾਨ ਵੀ ਹੋਏ ਪਰ ਗੁੱਸੇ ਵਧੇਰੇ ਹੋਏ। ਕਹਿਣ ਲੱਗੇ. 'ਇਹ ਕਾਰ ਇਕ-ਦਮ ਵੇਚ ਦੇਹ। ਤੂੰ ਕੀ ਫੋਕੀ ਸ਼ਾਨ ਬਣਾਈ ਹੈ। ਸਾਨੂੰ ਰੱਬ ਨੇ ਬਚਾ ਲਿਆ ਹੈ, ਤੇਰੇ ਵੱਲੋਂ ਕੋਈ ਕਸਰ ਬਾਕੀ ਨਹੀਂ ਸੀ।' ਖੁਸ਼ੀ ਦੀ ਗੱਲ ਹੈ ਕਿ ਹੁਣ 25 ਸਾਲਾਂ ਬਾਅਦ ਪ੍ਰੋ. ਸੁਖਦੇਵ ਰਾਜ ਪਾਸ ਵਧੀਆ ਮਰੂਤੀ ਕਾਰ ਹੈ।

13. ਦਿੱਲੀ ਆਗਰਾ ਦੀ ਸੈਰ

1966 ਜਨਵਰੀ ਦੇ ਪਹਿਲੇ ਹਫਤੇ ਵਿਚ ਮੈਂ ਪਰਿਵਾਰ ਸਮੇਤ ਆਪਣੇ ਛੋਟੇ ਭਾਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨਲ ਜੋਗਿੰਦਰ ਸਿੰਘ ਪਾਸ ਦਿੱਲੀ ਗਿਆ। ਉਥੇ ਅਸੀਂ ਛਾਉਣੀ ਵਿਚ ਉਸ ਦੀ (ਸਰਕਾਰੀ) ਕੋਠੀ ਵਿਚ ਠਹਿਰੇ ਅਤੇ ਦਿੱਲੀ ਦੇ ਗੁਰਦਵਾਰਿਆਂ ਅਤੇ ਇਤਿਹਾਸਕ ਸਥਾਨਾਂ ਦੀ ਯਾਤਰਾ ਕੀਤੀ। ਫਿਰ ਸਾਡਾ ਦੋਹਾਂ ਪਰਿਵਾਰਾਂ ਦਾ ਆਗਰਾ ਤਾਜ ਮਹੱਲ ਦੇਖਣ ਦਾ ਪ੍ਰੋਗਰਾਮ ਬਣ ਗਿਆ। ਅਸੀਂ ਨਾਸ਼ਤੇ ਤੋਂ ਬਾਅਦ ਉਸ ਦੀ ਗੱਡੀ ਵਿਚ ਆਗਰਾ ਜਾਣ ਲਈ ਚੱਲ ਪਏ। ਨਾਲ ਇਕ ਡਰਾਈਵਰ ਲੈ ਲਿਆ। ਤਾਜ ਮਹੱਲ ਦੇਖ ਕੇ ਤੇ ਉਥੇ ਥੋੜ੍ਹਾ ਆਰਾਮ ਕਰ ਕੇ ਅਸੀਂ 4 ਕੁ ਵਜੇ ਵਾਪਸੀ ਸਫਰ ਤੇ ਚੱਲ ਪਏ। ਇਹ ਸਲਾਹ ਬਣੀ ਕਿ ਰਾਹ ਵਿਚ ਮਥਰਾ ਵੀ ਦੇਖ ਚੱਲੀਏ। ਸੋ ਮਥਰਾ ਦੇ ਮੁੱਖ ਬਾਜ਼ਾਰ ਦਾ ਚੱਕਰ ਲਗਾ ਕੇ ਉਥੋਂ ਦੇ ਮਸ਼ਹੂਰ ਪੇੜੇ ਖਰੀਦ ਕੇ ਜਦ ਦਿੱਲੀ ਵਾਲੀ ਵੱਡੀ ਸੜਕ ਤੇ ਚੜ੍ਹੇ ਤਾਂ ਸ਼ਾਮ ਹੋਣ ਦੇ ਨੇੜੇ ਸੀ। ਇਸ ਲਈ ਅਸੀਂ ਕਾਹਲੀ ਤੇ ਤੇਜ਼ੀ ਦੀ ਰੌਂ ਵਿਚ ਆ ਗਏ। ਮਥਰਾ ਤੋਂ ਥੋੜ੍ਹਾ ਅੱਗੇ ਆਏ ਤਾਂ ਸੜਕ ਤੋਂ ਥੋੜ੍ਹੀ ਦੂਰ ਸੱਜੇ ਹੱਥ ਗੁਰੂ ਤੇਗ ਬਹਾਦਰ ਜੀ ਦਾ ਗੁਰਦਵਾਰਾ ਨਜ਼ਰ ਆਇਆ। ਸਾਡੇ ਮਨ ਵਿਚ ਆਇਆ ਕਿ ਇਸ ਇਤਿਹਾਸਕ ਗੁਰਦਵਾਰੇ ਦੇ ਦਰਸ਼ਨ ਕਰਦੇ ਜਾਈਏ, ਪਰ ਕਾਹਲੀ ਦੇ ਪ੍ਰਭਾਵ ਹੇਠ ਅਤੇ ਰਾਤ ਪੈਂਦੀ ਵੇਖ ਕੇ ਅਸੀਂ ਉਥੋਂ ਹੀ ਨਮਸਕਾਰ ਕਰ ਕੇ ਲੰਘ ਆਏ। ਮੇਰੇ ਦਿਲ ਵਿਚ ਜ਼ਰੂਰ ਭਰਮ ਜੇਹਾ ਬਣ ਗਿਆ ਕਿ ਅਸੀਂ ਚੰਗਾ ਨਹੀਂ ਕੀਤਾ।

ਕੁਦਰਤ ਦੀ ਖੇਡ ਦੇਖੋ, ਸਾਨੂੰ ਇਸ ਦੁਬਿਧਾ ਨੇ ਕਿੰਨਾ ਪਰੇਸ਼ਾਨ ਕੀਤਾ। 10 ਕੁ ਮੀਲ ਅੱਗੇ ਆਏ ਤਾਂ ਇਕ ਟਾਇਰ ਪੰਕਚਰ ਹੋ ਗਿਆ। ਅਸੀਂ ਸਟੱਪਨੀ ਵਾਲਾ ਉਸ ਦੀ ਥਾਂ ਬਦਲ ਲਿਆ। ਫਿਰ ਕੋਈ 20 ਕੁ ਮੀਲ ਹੋਰ ਅੱਗੇ ਆਏ ਤਾਂ ਇਕ ਹੋਰ ਟਾਇਰ ਪੰਕਚਰ ਹੋ ਗਿਆ। ਸਾਨੂੰ ਬੜੀ ਘਬਰਾਹਟ ਹੋਈ ਕਿ ਹੁਣ ਕੀ ਕਰਾਂਗੇ। ਜ਼ਨਾਨਾ ਸਾਥ, ਛੋਟੇ ਛੋਟੇ ਬੱਚੇ ਅਤੇ ਰਾਤ ਦੀ ਕਰੜੀ ਸਰਦੀ। ਫਿਰ ਉਜਾੜ ਥਾਂ ਅਤੇ ਡਾਕੂਆਂ ਦਾ ਡਰ। ਅਸੀਂ ਬੱਚਿਆਂ ਤੇ ਲੇਡੀਜ਼ ਨੂੰ ਕਿਹਾ ਕਿ ਤੁਸੀਂ ਨਾ ਬੋਲਣਾ ਹੈ ਤੇ ਨਾ ਬਾਹਰ ਨਿਕਲਣਾ ਹੈ। ਮੈਂ, ਜੋਗਿੰਦਰ ਸਿੰਘ ਤੇ ਡਰਾਈਵਰ ਬਾਹਰ ਨਿਕਲ ਕੇ ਖਲੋ ਗਏ। ਜਿਸ ਗੱਡੀ ਨੂੰ ਰੁਕਣ ਲਈ ਹੱਥ ਦੇਈਏ, ਉਹ ਇਕ ਪਲ ਲਈ ਰਤਾ ਹੌਲੀ ਹੋ ਕੇ ਫਿਰ ਤੇਜ਼ ਹੋ ਜਾਏ। ਬੜੀ ਮੁਸ਼ਕਲ ਬਣੀ। ਅਸੀਂ ਓਵਰ ਕੋਟ ਪਾਏ ਸੀ, ਫਿਰ ਵੀ ਸਰਦੀ ਕਹਿਰਾਂ ਦੀ ਸੀ। ਕੋਈ ਅੱਧਾ ਘੰਟਾ ਉਡੀਕ ਕੇ ਇਕ ਪੁਲੀਸ ਦੀ ਗੱਡੀ ਰੁਕੀ। ਉਹ ਦਿੱਲੀ ਵੱਲ ਜਾ ਰਹੀ ਸੀ। ਉਸ ਵਿਚ ਡਰਾਈਵਰ ਨੂੰ ਪਲਵਲ ਸ਼ਹਿਰ ਟਾਇਰ ਸਮੇਤ ਭੇਜਿਆ। ਫਿਰ ਡਰਾਈਵਰ ਦੀ ਵਾਪਸੀ ਉਡੀਕਣ ਲੱਗੇ। ਰੱਬ ਰੱਬ ਕਰ ਕੇ ਉਹ 3 ਕੁ ਵਜੇ ਸਵੇਰ ਦੇ ਟਾਇਰ ਲੈ ਕੇ ਆਇਆ। ਫਿਰ ਚੱਲੇ ਤਾਂ ਭੁੱਖ ਨਾਲ ਬੁਰਾ ਹਾਲ ਸੀ। ਪਲਵਲ ਜਾ ਕੇ ਟਰੱਕਾਂ ਵਾਲੇ ਢਾਬੇ ਤੇ ਰੋਟੀ ਖਾਧੀ ਅਤੇ ਸਵੇਰ ਦੇ 6 ਕੁ ਵਜੇ ਵਾਪਸ ਦਿੱਲੀ ਪਹੁੰਚੇ। ਇਹੋ ਜਿਹਾ ਔਖਾ ਸਫਰ ਕਿਵੇਂ ਭੁੱਲ ਸਕਦਾ ਹੈ ? ਪਰ ਗੱਲ ਸਿਰਫ 10 ਮਿੰਟ ਲਈ ਪਵਿੱਤਰ ਗੁਰਦਵਾਰੇ ਦੇ ਦਰਸ਼ਨ ਕਰਨ ਦੀ ਸੀ, ਜਿਸ ਤੋਂ ਖੁੰਝ ਕੇ 12-14 ਘੰਟੇ ਲਈ ਖੱਜਲ ਖਰਾਬ ਹੋਣਾ ਪਿਆ। ਫ਼ਾਰਸੀ ਦਾ ਇਕ ਪ੍ਰਸਿੱਧ ਸ਼ਿਅਰ ਇਸ ਪ੍ਰਥਾਇ ਯਾਦ ਆਇਆ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਫ਼ਤਮ ਕਿ ਖ਼ਾਰ ਅਜ਼ ਪਾ ਕਸ਼ੱਮ, ਮਹਿਮਲ ਨਿਹਾਂ ਸ਼ੁਦ ਅਜ਼ ਨਜ਼ੱਰ,
ਯਕ ਲਹਿਜ਼ਾਂ ਗ਼ਾਫ਼ਿਲ ਗਸ਼ਤਮੋਂ, ਸਦ ਸਾਲਾ ਰਾ ਹਮ ਦੂਰ ਸ਼ੁਦ ।

ਅਰਥਾਤ, ਮੈਂ ਪੈਰ 'ਚੋਂ ਕੰਡਾ ਕੱਢਣ ਲਈ ਥੋੜਾ ਜਿਹਾ ਅਟਕਿਆ । ਏਨੇ ਵਿਚ ਊਠ ਦਾ ਕਚਾਵਾ (ਜਿਸ ਵਿਚ ਮਹਿਬੂਬ ਬੈਠਾ ਸੀ) ਅਖੋਂ ਓਹਲੇ ਹੋ ਗਿਆ । ਇਕ ਪਲ ਲਈ ਮੈਂ ਅਵੇਸਲਾ ਹੋਇਆ ਤਾਂ (ਸ਼ੋਕ) ਸੌ ਸਾਲਾਂ ਦੀ ਵਿੱਥ ਪੈ ਗਈ ।

14. ਮੱਝ ਤੇ ਗ਼ਲੀਚਾ

ਪਾਠਕਾਂ ਨੂੰ ਸਿਰਲੇਖ ਅਜੀਬ ਲੱਗ ਰਿਹਾ ਹੋਵੇਗਾ । ਮੌਕਾ ਹੀ ਅਜੀਬ ਸੀ, 1965 ਦੀ ਭਿਆਨਕ ਹਿੰਦ-ਪਾਕ ਜੰਗ । ਖਾਲਸਾ ਕਾਲਜ ਦੇ ਪੱਛਮ ਵੱਲ ਬਣੇ ਵੱਡੇ ਕਵਾਟਰਾਂ ਵਿਚ ਮੇਰਾ ਕਵਾਟਰ । ਹਵਾਈ ਹਮਲੇ ਦਾ ਹਰ ਵੇਲੇ ਖਤਰਾ । ਲੜਾਈ ਦੀਆਂ ਦੋ ਪਹਿਲੀਆਂ ਰਾਤਾਂ ਹੀ ਕਹਿਰ ਦੀਆਂ ਸਨ । ਰਾਤ ਨੂੰ ਬਲੈਕ-ਆਊਟ ਦਾ ਘੁੱਪ ਹਨੇਰਾ । ਸਾਰਾ ਪਰਿਵਾਰ ਖਾਸ ਕਰ ਕੇ ਬੱਚੇ ਬਹੁਤ ਭੈਭੀਤ ਹੋ ਗਏ । ਭਾਈ ਦਲੀਪ ਸਿੰਘ ਜੋ ਸ਼ਹਿਰ ਦਾ ਡੀ.ਐਸ.ਪੀ. ਸੀ ਨਾਲ ਸਲਾਹ ਕੀਤੀ ਕਿ ਉਨ੍ਹਾਂ ਦਾ ਤੇ ਮੇਰਾ ਪਰਿਵਾਰ ਜਲੰਧਰ ਭੇਜ ਦਿੱਤੇ ਜਾਣ । ਜਲੰਧਰ ਦਲੀਪ ਸਿੰਘ ਦਾ ਵੱਡਾ ਮਕਾਨ ਖਾਲੀ ਪਿਆ ਸੀ । ਜਦ ਇਹ ਸਲਾਹ ਬਣੀ ਤੇ ਸਵੇਰੇ ਇਕ ਸਟੇਸ਼ਨ ਵੈਗਨ ਵਿਚ ਸਾਮਾਨ ਤੇ ਇਸਤਰੀਆਂ ਬੱਚੇ ਜਾਣੇ ਸਨ ਤਾਂ ਘਰੋਂ ਲਿਜਾਣ ਵਾਲੇ ਕੀਮਤੀ ਸਾਮਾਨ ਦੀ ਭਾਲ ਹੋਣ ਲੱਗੀ । ਮੇਰੀ ਪਤਨੀ ਨੇ ਕਿਹਾ, ਸਮਾਂ ਥੋੜ੍ਹਾ ਹੈ ਤੁਸੀਂ ਹਰ ਇਕ ਕਮਰੇ ਵਿਚ ਫਿਰ ਕੇ ਦੇਖੋ ਕਿਹੜੀ ਚੀਜ਼ ਜਾਣੀ ਜ਼ਰੂਰੀ ਹੈ । ਮੈਂ ਸਾਰਾ ਘਰ ਫਿਰ ਕੇ ਤੇ ਵਿਹੜੇ ਦਾ ਚੱਕਰ ਵੀ ਲਾ ਕੇ ਆ ਕੇ ਰਿਪੋਰਟ ਕੀਤੀ ਕਿ 'ਮੈਨੂੰ ਦੋ ਹੀ ਚੀਜ਼ਾਂ ਕੀਮਤੀ ਲੱਭੀਆਂ ਹਨ, ਇਕ ਓ. ਸੀ. ਐਮ ਤੋਂ ਨਵਾਂ ਖਰੀਦਿਆ ਪੰਜ ਸੌ ਰੁਪਏ ਦਾ ਗ਼ਲੀਚਾ (ਉਹ ਗ਼ਲੀਚਾ ਇਸ ਵੇਲੇ 10 ਹਜ਼ਾਰ ਦਾ ਮਿਲਦਾ ਹੈ) ਅਤੇ ਦੂਜਾ ਨਵੀਂ ਲਈ ਪੰਜ ਸੌ ਰੁਪਏ ਦੀ ਮੱਝ (ਜੋ ਇਸ ਸਮੇਂ 6 ਹਜ਼ਾਰ ਦੀ ਮਿਲਦੀ ਹੈ) । ਮੱਝ ਉਤੇ ਗ਼ਲੀਚਾ ਪਾ ਕੇ ਉਤੇ ਬੱਚੇ ਲੱਦ ਕੇ ਤੁਰ ਪਈਏ ।' ਮੇਰੀ ਇਹ ਤਜਵੀਜ਼ ਸੁਣ ਕੇ ਸਭ ਹੱਸਣ ਲੱਗ ਪਏ । ਕਈ ਸਾਲਾਂ ਤਕ ਸਾਡੇ ਰਿਸ਼ਤੇਦਾਰਾਂ ਵਿਚ ਇਹ ਇਕ ਲਤੀਫ਼ਾ ਬਣਿਆ ਰਿਹਾ ।

15. ਫਤਿਆ ਫਤ ਫਤ

ਇਹ ਸਿਰਲੇਖ ਵੀ ਆਪ ਨੂੰ ਅਣੋਖਾ ਲੱਗ ਰਿਹਾ ਹੋਵੇਗਾ । ਮਈ 1951 ਦੀ ਗੱਲ ਹੈ । ਸਾਡੇ ਛੋਟੇ ਭਾਈ ਮੇਜਰ ਜੋਗਿੰਦਰ ਸਿੰਘ ਦੀ ਸ਼ਾਦੀ ਕਾਲਜ ਦੇ ਪੂਰਬ ਵਾਲੇ ਛੋਟੇ ਕਵਾਟਰਾਂ ਵਿਚ ਮੇਰੇ ਕਵਾਟਰ ਨੰ: 25 ਵਿਚ ਹੋਣੀ ਨਿਯਤ ਹੋਈ । ਪੂਜਯ ਮਾਤਾ ਜੀ ਦੀ ਨਿਗਰਾਨੀ ਵਿਚ ਜ਼ਿੰਮੇਦਾਰੀ ਸਾਰੀ ਮੇਰੇ ਸਿਰ ਤੇ ਸੀ । ਮੈਨੂੰ ਕੋਈ ਤਜਰਬਾ ਨਹੀਂ ਸੀ । 30 ਕੁ ਸਾਲ ਦੀ ਮੇਰੀ ਉਮਰ ਸੀ । ਕੋਈ ਵਿਆਹ ਤਾਂ ਕੀ ਕਰਨਾ ਸੀ, ਜਦੋਂ ਦੀ ਹੋਸ਼ ਸੰਭਾਲੀ ਸੀ ਕੋਈ ਚੱਜ ਦਾ ਵਿਆਹ ਹੀ ਨਹੀਂ ਵੇਖਿਆ ਸੀ (ਸਿਵਾਏ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਦਲੀਪ ਸਿੰਘ ਦੇ ਵਿਆਹਾਂ ਦੇ ਜੋ 1940 ਵਿਚ ਹੋਏ ਸਨ, ਜਿਨ੍ਹਾਂ ਨੂੰ ਪਤਨੀਆਂ ਦੇ ਡਰ ਤੋਂ ਚੱਜ ਦੇ ਹੀ ਕਹਿਣਾ ਚਾਹੀਦਾ ਹੈ)। ਮੈਂ ਆਪਣੇ ਤਰੀਕੇ ਨਾਲ ਪ੍ਰਬੰਧ ਕਰਨ ਲੱਗਾ। ਹਲਵਾਈ ਲੱਭ ਕੇ ਆਹਡਰ ਦੇ ਦਿਤਾ, ਰਸਦ ਸਾਮਾਨ ਖਰੀਦ ਲਿਆ। ਪਰ ਵਿਆਹ ਵਿਚ 3 ਦਿਨ ਰਹਿ ਗਏ ਸਨ। ਹਲਵਾਈ ਅਜੇ ਭੱਠੀਆਂ ਆਦਿ ਤਿਆਰ ਕਰ ਰਹੇ ਸਨ ਕਿ ਮਾਤਾ ਜੀ ਮੈਨੂੰ ਕਹਿਣ ਲੱਗੇ, 'ਤੂੰ ਕੱਖ ਤਿਆਰੀ ਨਹੀਂ ਕਰ ਰਿਹਾ। ਹੁਣ ਤਕ ਮਿਠਾਈ ਦੇ ਢੇਰ ਲੱਗ ਜਾਣੇ ਚਾਹੀਦੇ ਸਨ। ਮੇਲ ਆਉਣਾ ਸ਼ੁਰੂ ਹੋ ਜਾਣਾ ਹੈ ਤੇ ਤੇਰੀ ਫ਼ਤਿਆ ਫਤ ਫਤ ਹੋ ਜਾਣੀ ਹੈ।' ਮੈਂ ਉਨ੍ਹਾਂ ਦਾ ਭਾਵ ਸਮਝ ਗਿਆ ਕਿ ਮਿਠਾਈ ਛੇਤੀ ਨਾ ਬਣੀ ਤਾਂ ਮੇਰੀ ਲਹਾਈ ਹੋ ਜਾਏਗੀ। ਮੈਂ ਕੰਮ ਤੇਜ਼ ਕਰ ਦਿਤਾ ਅਤੇ ਮਾਤਾ ਜੀ ਦੀ ਝਾੜ ਦਾ ਬੁਰਾ ਨਾ ਮਨਾਇਆ। ਜਦ ਹਲਵਾਈਆਂ ਦਾ ਕੰਮ ਗਰਮ ਹੋ ਗਿਆ ਤੇ ਧੜਾ ਧੜ ਮਿਠਾਈ, ਸ਼ੱਕਰ ਪਾਰੇ, ਲੱਡੂ ਤੇ ਮੱਠੀਆਂ ਆਦਿ ਨਿਕਲਣ ਲੱਗੀਆਂ ਤਾਂ ਮਾਤਾ ਜੀ ਖ਼ੁਸ਼ ਹੋ ਗਏ। ਮੈਨੂੰ ਮਾਤਾ ਜੀ ਦਾ ਮੁਹਾਵਰਾ ਏਨਾ ਪਸੰਦ ਆਇਆ ਕਿ ਹਰ ਜ਼ਿੰਮੇਦਾਰੀ ਦੇ ਕੰਮ ਸਮੇਂ ਮੈਂ ਇਹ ਮੁਹਾਵਰਾ ਯਾਦ ਕਰ ਲੈਂਦਾ ਹਾਂ।

16. ਪੁੱਤਰ ਦਾ ਜਨਮ

ਮੈਂ ਕਿਊਬਲ ਹੋਸਟਲਾਂ ਦਾ ਵਾਰਡਨ ਸੀ। ਇਹ ਗੱਲ ਸ਼ਾਇਦ 1966-67 ਦੀ ਹੈ। ਹੋਸਟਲਾਂ ਦੇ ਕਿਚਨਾਂ ਵਿਚ ਹਰ ਸੋਮਵਾਰ ਤੇ ਸ਼ੁਕਰਵਾਰ ਸ਼ਾਮ ਨੂੰ ਮਾਸ ਪੱਕਦਾ ਸੀ। ਇਹ ਦੋਵੇਂ ਦਿਨ ਲੜਕਿਆਂ ਦੇ ਸ਼ਰਾਬ ਪੀਣ ਵੱਲ ਰੁਚਿਤ ਹੋ ਜਾਣ ਦੇ ਹੁੰਦੇ ਸਨ। ਇਸ ਲਈ ਮੈਂ ਇਨ੍ਹਾਂ ਦੋਹਾਂ ਦਿਨਾਂ ਦੀ ਸ਼ਾਮ ਨੂੰ ਹੋਸਟਲਾਂ ਦਾ ਦੌਰਾ ਕਰਦਾ ਤਾਂ ਜੋ ਕੋਈ ਗੜਬੜ ਨਾ ਹੋਵੇ। ਮੇਰੇ ਨਾਲ ਹੋਸਟਲ ਸੁਪ੍ਰਡੰਟ ਤੇ ਚਪੜਾਸੀ ਤੋਂ ਇਲਾਵਾ ਹੋਸਟਲ ਦੇ ਪਰੀਫੈਕਟ ਆਦਿ ਹੁੰਦੇ ਸਨ। ਇਕ ਸ਼ਾਮ ਮੈਂ ਫ਼ਰੀਦਕੋਟ ਹੋਸਟਲ ਦੇ ਕਿਚਨ ਪਾਸ ਲੰਘ ਰਿਹਾ ਸੀ ਕਿ ਕਿਚਨ ਵਿਚ ਸ਼ੋਰ ਮੱਚਦਾ ਸੁਣਿਆ। ਪਹਿਲਾਂ ਮੈਂ ਸੋਚਿਆ ਕਿ ਐਵੇਂ ਮੁੰਡੇ ਸ਼ੁਗਲ ਕਰ ਰਹੇ ਹਨ। ਫਿਰ ਮੈਂ ਸੋਚਿਆ ਕਿ ਦੇਖਣਾ ਚਾਹੀਦਾ ਹੈ। ਜਦ ਅਸੀਂ ਕਿਚਨ ਵਿਚ ਗਏ ਤਾਂ ਮੇਜ਼ ਦੁਆਲੇ ਬੈਠੇ 5-6 ਮੁੰਡੇ ਸ਼ਰਾਬ ਪੀ ਰਹੇ ਤੇ ਰੌਲਾ ਪਾ ਰਹੇ ਸਨ। ਮੈਨੂੰ ਦੇਖ ਕੇ ਇਕ ਦਮ ਹੈਰਾਨ ਜੇਹੇ ਹੋ ਗਏ ਅਤੇ ਉੱਠ ਕੇ ਖਲੋਣ ਦਾ ਜਤਨ ਕਰਨ ਲੱਗੇ। ਮੈਂ ਕਿਹਾ ਕੀ ਗੱਲ ਹੈ ? ਤੁਸੀਂ ਏਨਾ ਰੌਲਾ ਮਚਾਇਆ ਹੈ ? ਉਨ੍ਹਾਂ ਵਿਚ ਇਕ ਬੜਾ ਸ਼ਰੀਫ਼ ਤੇ ਸਾਊ ਘਰ ਦਾ ਲੜਕਾ ਸੀ (ਸ਼ਾਇਦ ਉਸ ਦਾ ਨਾਂ ਸੀ ਅਜੀਤ ਸਿੰਘ ਦਾਨੇਵਾਲੀਆ) ਜੋ ਇਕੱਲਾ ਪੁੱਤਰ ਹੋਣ ਕਰ ਕੇ ਕਾਫ਼ੀ ਜ਼ਮੀਨ ਦਾ ਮਾਲਕ ਵੀ ਸੀ। ਥੋੜਾ ਸਮਾਂ ਪਹਿਲਾਂ ਉਸ ਦਾ ਬਾਪ ਦਿਲ ਫੇਲ੍ਹ ਹੋਣ ਨਾਲ ਕਾਲਵੱਸ ਹੋ ਗਿਆ ਸੀ। ਮੈਂ ਉਸ ਨਾਲ ਹਮਦਰਦੀ ਭਰਿਆ ਸ਼ੋਕ ਵੀ ਪ੍ਰਗਟ ਕੀਤਾ ਸੀ ? ਉਸ ਨੂੰ ਮੈਂ ਪੁੱਛਿਆ ਤੂੰ ਦੱਸ ਇਹ ਸਭ ਕੀ ਹੈ ? ਤੇਰਾ ਬਾਪ ਗੁਜ਼ਰ ਗਿਆ ਹੈ ਤੇ ਤੂੰ ਖੁਸ਼ੀ ਮਨਾ ਰਿਹਾ ਹੈਂ। ਉਸ ਨੇ ਜ਼ਿਆਦਾ ਪੀਤੀ ਸੀ, ਫਿਰ ਵੀ ਕੁਝ ਹੋਸ਼ ਬਾਕੀ ਸੀ। ਮੇਰੇ ਪਾਸ ਆ ਕੇ ਕਹਿਣ ਲੱਗਾ, ਸਰ ਮੇਰਾ ਹੀ ਕਸੂਰ ਹੈ। ਮੈਂ ਹੀ ਦੋਸਤਾਂ ਨੂੰ ਸ਼ਰਾਬ ਪਿਲਾਈ ਹੈ, ਕਿਉਂਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਘਰ ਪੁੱਤਰ ਜੰਮਿਆ ਹੈ ਤੇ ਖੁਸ਼ੀ ਮਨਾਉਣ ਦਾ ਸਾਡਾ ਇਹੋ ਢੰਗ ਹੈ। ਮੈਂ ਕਿਹਾ, ਅੱਛਾ, ਹੁਣ ਤੁਸੀਂ ਲੋਕ ਸ਼ੋਰ ਨਾ ਕਰੋ ਤੇ ਆਪਣੇ ਕਮਰਿਆਂ ਵਿਚ ਚਲੇ ਜਾਓ। ਪਰ ਉਹ ਸ਼ਰੀਫ ਮੁੰਡਾ ਏਨਾ ਸ਼ਰਮਸਾਰ ਹੋਇਆ ਕਿ ਮੇਰੇ ਮਗਰ ਹੀ ਕਿਚਨ ਤੋਂ ਬਾਹਰ ਆ ਗਿਆ ਤੇ ਥਿੜਕਦਾ ਹੋਇਆ ਮੇਰੇ ਪੈਰੀ ਹੱਥ ਲਾਣ ਦਾ ਜਤਨ ਕਰਨ ਲੱਗਾ ਕਿ ਮੈਨੂੰ ਮਾਫ਼ ਕਰ ਦਿਉ। ਮੈਂ ਕਿਹਾ ਕੋਈ ਗੱਲ ਨਹੀਂ। ਹੁਣ ਤੂੰ ਜਾ। ਪਰ ਸ਼ਰਾਬੀ ਇਕੋ ਗੱਲ ਫੜ ਲੈਂਦਾ ਹੈ। ਉਹ ਅੰਗਰੇਜ਼ੀ ਬੋਲ ਕੇ ਆਖੀ ਜਾਏ, 'ਸਰ ! ਯੂ ਆਰ ਮਾਈ ਫ਼ਾਦਰ।' ਇਹੋ ਗੱਲ ਦੁਹਰਾਈ ਜਾਏ। ਮੈਂ ਕਿਹਾ, 'ਹਾਂ ਮੈਂ ਤੇਰਾ ਬਾਪ ਹਾਂ, ਤੂੰ ਮੇਰਾ ਪੁੱਤਰ ਹੈਂ।' ਬੜੀ ਮੁਸ਼ਕਲ ਨਾਲ ਮੈਂ ਉਸ ਨੂੰ ਸ਼ਾਂਤ ਕੀਤਾ। ਅਗਲੇ ਦਿਨ ਮਿਲਿਆ ਤਾਂ ਸ਼ਰਮ ਨਾਲ ਪਾਣੀ ਪਾਣੀ ਹੋਇਆ ਸੀ।

17. ਅਸਲੀ ਨਕਲੀ ਸਵੇਰ

ਇਹ ਗੱਲ 12 ਮਾਰਚ 1964 ਦੀ ਹੈ। ਸ. ਬਿਸ਼ਨ ਸਿੰਘ ਸਮੁੰਦਰੀ ਨੇ ਉਸ ਦਿਨ ਖ਼ਾਲਸਾ ਕਾਲਜ ਦੀ ਪ੍ਰਿੰਸੀਪਲੀ ਦਾ ਕੰਮ ਸੰਭਾਲਿਆ। ਪ੍ਰੋ. ਸ਼ਾਮ ਸਿੰਘ ਉਸ ਵੇਲੇ ਆਰਜ਼ੀ (ਕੰਮ ਚਲਾਊ) ਪ੍ਰਿੰਸੀਪਲ ਸੀ ਤੇ ਮੈਂ ਆਰਜ਼ੀ ਵਾਈਸ ਪ੍ਰਿੰਸੀਪਲ। ਸਮੁੰਦਰੀ ਦੇ ਸੁਆਗਤ ਦਾ ਬਹੁਤਾ ਪ੍ਰਬੰਧ ਪ੍ਰੋ. ਸ਼ਾਮ ਸਿੰਘ ਦੀ ਸਲਾਹ ਨਾਲ ਮੇਰੇ ਅਤੇ ਪ੍ਰੋ. ਠਾਕਰ ਸਿੰਘ ਡੀ. ਪੀ. ਏ. ਦੇ ਜ਼ਿੰਮੇ ਲੱਗਾ। ਸਮੁੰਦਰੀ ਸਾਹਿਬ ਸਾਡੇ ਦੋਹਾਂ ਦੇ ਪੁਰਾਣੇ ਮਿੱਤਰ ਸਨ। ਸੋ ਅਸੀਂ ਦੋਹਾਂ ਇਹ ਕੰਮ ਬੜੇ ਉਤਸ਼ਾਹ ਨਾਲ ਕੀਤਾ। ਬਾਹਰਲੇ ਵੱਡੇ ਗੇਟ ਤੋਂ ਕਾਲਜ ਦੀ ਪੋਰਚ (ਡਿਊੜੀ) ਤਕ ਸਾਰਾ ਰਸਤਾ ਸੁਆਗਤ ਲਈ ਖਿਡਾਰੀ ਅਤੇ ਰੋਵਰ ਸਕਾਊਟ ਖੜ੍ਹੇ ਕਰ ਦਿਤੇ। ਕਾਲਜ ਬਿਲਡਿੰਗ ਦੇ ਸਾਹਮਣੇ ਹਾਕੀ ਦੀ ਗਰਾਊਂਡ ਵਿਚ ਜਲਸਾ ਬਾਹਰ ਧੁੱਪੇ ਹੀ ਸਜਾਇਆ ਗਿਆ। ਗਰਾਊਂਡ ਦੇ ਨਾਲ ਉੱਚਾ ਪੱਕਾ ਥੜਾ ਸੀ, ਉਸ ਉੱਤੇ ਸਟਾਫ਼ ਦੇ ਬੈਠਣ ਦਾ ਪ੍ਰਬੰਧ ਸੀ। ਵਿਦਿਆਰਥੀ ਘਾਹ ਉੱਤੇ ਬੈਠੇ ਸਨ। ਕੋਈ ਅੱਠ ਕੁ ਸੌ ਵਿਦਿਆਰਥੀ ਹੋਣਗੇ ਤੇ ਸਾਰਾ ਸਟਾਫ। ਪ੍ਰੋ. ਠਾਕਰ ਸਿੰਘ ਦੀ ਤਕਰੀਰ ਤੋਂ ਬਾਅਦ ਮੇਰੀ ਬੋਲਣ ਦੀ ਵਾਰੀ ਸੀ, ਫਿਰ ਪ੍ਰੋ. ਸ਼ਾਮ ਸਿੰਘ ਨੇ ਸੁਆਗਤ ਦੇ ਕੁਝ ਸ਼ਬਦ ਬੋਲਣੇ ਸਨ। ਮੇਰੀ ਵਾਰੀ ਆਈ ਤਾਂ ਪਤਾ ਨਹੀਂ ਮੇਰਾ ਕਵੀ-ਮਨ ਉਡਾਰੀਆਂ ਮਾਰਨ ਲੱਗ ਪਿਆ। 3-4 ਸਾਲਾਂ ਤੋਂ ਹਰ ਸਾਲ ਵਸਾਖੀ ਦੇ ਨੇੜੇ ਪ੍ਰਿੰਸੀਪਲ ਬਦਲ ਜਾਂਦਾ ਸੀ। ਪਰ ਮੈਨੂੰ ਜਾਪਿਆ ਕਿ ਹੁਣ ਵਾਲਾ ਪ੍ਰਿੰਸੀਤਲ ਛੇਤੀ ਨਹੀਂ ਬਦਲੇਗਾ ਕਿਉਂਕਿ ਮੈਨੂੰ ਸਮੁੰਦਰੀ ਸਾਹਿਬ ਦੇ ਮਜ਼ਬੂਤ ਇਰਾਦੇ ਅਤੇ ਮਨ ਦੀ ਦ੍ਰਿੜ੍ਹਤਾ ਦਾ ਪਤਾ ਸੀ। ਮੈਂ ਕਿਹਾ : 'ਪਿਆਰੇ ਸਾਥੀਓ, ਫ਼ਾਰਸੀ ਵਾਲੇ ਕਹਿੰਦੇ ਹਨ, ਸਵੇਰ ਦੋ ਕਿਸਮ ਦੀ ਹੁੰਦੀ ਹੈ। ਇਕ ਸੁਬਿਹ ਕਾਜ਼ਿਬ (ਨਕਲੀ ਸਵੇਰ) ਅਤੇ ਦੂਜੀ ਸੁਬਿਹ ਸਾਦਿਕ (ਅਸਲੀ ਸਵੇਰ)। ਪ੍ਰਕਿਰਤੀ ਦਾ ਨਿਯਮ ਹੈ ਕਿ ਹਰ ਰੋਜ਼ ਸਵੇਰੇ ਪਹਿਲਾਂ ਕੁਝ ਚਾਨਣ ਜੇਹਾ ਹੁੰਦਾ ਹੈ ਤੇ ਜਾਪਦਾ ਹੈ ਕਿ ਸਵੇਰ ਹੋ ਰਹੀ ਹੈ ਪਰ ਉਹ ਨਕਲੀ ਸਵੇਰ ਹੁੰਦੀ ਹੈ। ਫਿਰ ਹਨੇਰਾ ਹੋ ਜਾਂਦਾ ਹੈ ਅਤੇ ਫਿਰ ਅਸਲੀ ਸਵੇਰ ਆਉਂਦੀ ਹੈ। ਸੋ ਇਸ ਕਾਲਜ ਵਿਚ ਵੀ ਹਰ ਸਾਲ ਨਕਲੀ ਸਵੇਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀ ਆਉਂਦੀ ਰਹੀ ਹੈ। ਸ਼ੁਕਰ ਹੈ ਕਿ ਹੁਣ ਅਸਲੀ ਸਵੇਰ ਆਈ ਹੈ।' ਮੇਰੇ ਵਿਚਾਰ ਸੁਣ ਕੇ ਸਰੋਤੇ ਖੁਸ਼ੀ ਤੇ ਹਾਸੇ ਨਾਲ ਮੱਚ ਉੱਠੇ। ਤਾਲੀਆਂ ਕਿੰਨਾ ਚਿਰ ਗੂੰਜਦੀਆਂ ਰਹੀਆਂ। ਅਖੀਰ ਤੇ ਪ੍ਰਿੰ. ਸਮੁੰਦਰੀ ਨੇ ਵੀ ਬੜੇ ਜੋਸ਼ ਤੇ ਜਜ਼ਬੇ ਅਧੀਨ ਕਿਹਾ ਕਿ 'ਮੈਂ ਇਸ ਕਾਲਜ ਦਾ ਵਿਦਿਆਰਥੀ ਰਿਹਾ ਹਾਂ। ਮੇਰੇ ਘਬਰਾਉਣ ਜਾਂ ਪਿਛੇ ਹਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਹਰ ਸਾਲ ਬਦਲਣ ਵਾਲੇ ਪ੍ਰਿੰਸੀਪਲਾਂ ਵਰਗਾ ਨਹੀਂ। ਮੈਂ ਇਥੇ ਪੈਰ ਜਮਾ ਕੇ ਹੀ ਬੈਠਾਂਗਾ। ਹੁਣ ਇਥੋਂ ਮੇਰੀ ਲਾਸ਼ ਹੀ ਜਾਏਗੀ। ਮੈਂ ਆਪ ਨਹੀਂ ਜਾਵਾਂਗਾ।' ਸਮੁੰਦਰੀ ਸਾਹਿਬ ਸਾਢੇ ਪੰਜ ਸਾਲ ਪ੍ਰਿੰਸੀਪਲੀ ਕਰਕੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮੋਢੀ ਵਾਈਸ ਚਾਂਸਲਰ ਬਣ ਕੇ ਹੀ 1969 ਨਵੰਬਰ ਵਿਚ ਕਾਲਜ ਤੋਂ ਬਾਹਰ ਗਏ।

18. ਹਿਚਕੀ ਦਾ ਇਲਾਜ

ਡਾ. ਮੋਹਨ ਸਿੰਘ ਦੀਵਾਨਾ, ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪਹਿਲੇ ਰੀਡਰ ਤੇ ਮੁਖੀ, ਬੜੇ ਪ੍ਰਸਿੱਧ ਵਿਦਵਾਨ ਤੇ ਸਾਹਿੱਤ ਖੋਜੀ ਸਨ। ਪਰ ਨਾਲ ਹੀ ਉਹ ਯੋਗ ਸਾਧਨਾ ਦੇ ਵੀ ਮਾਹਰ ਸਨ। ਜਦ ਉਨ੍ਹਾਂ ਦਾ ਵਿਭਾਗ 1947 ਤੋਂ ਬਾਅਦ ਕੁਝ ਸਾਲ ਖ਼ਾਲਸਾ ਕਾਲਜ ਵਿਚ ਟਿਕਿਆ ਰਿਹਾ ਤਾਂ ਉਹ ਆਪਣੀਆਂ ਪਤਨੀਆਂ ਦੇ ਝਮੇਲੇ ਤੋਂ ਫ਼ਾਰਗ ਹੋ ਕੇ ਕਾਲਜ ਦੇ ਨੇੜੇ ਆਬਾਦੀ ਵਿਚ ਦੋ ਤਿੰਨ ਕਮਰੇ ਲੈ ਕੇ ਰਹਿੰਦੇ ਸਨ। ਮੈਂ ਵੀ ਕਦੀ ਕਦੀ ਉਨ੍ਹਾਂ ਨੂੰ ਮਿਲਣ ਜਾਂਦਾ ਸੀ, ਕਿਉਂਕਿ ਉਹ ਮੇਰੇ ਪੀ. ਐਚ. ਡੀ. ਦੇ ਨਿਗਰਾਨ ਸਨ (ਭਾਵੇਂ ਇਹ ਸੰਬੰਧ ਸਿਰੇ ਨਾ ਚੜ੍ਹ ਸਕਿਆ) ਅਤੇ ਸਾਡੀ ਐਮ. ਏ. ਪੰਜਾਬੀ ਕਲਾਸ ਨੂੰ ਪੜ੍ਹਾਂਦੇ ਸਨ, ਜਿਸ ਦਾ ਮੈਂ ਮੁਖੀ ਸਾਂ। ਇਕ ਦਿਨ ਇਕ ਭਲੇ ਆਦਮੀ ਜੋ ਸਕੂਲ ਟੀਚਰ ਸਨ ਤੇ ਚੰਗੀ ਜਾਣ ਪਛਾਣ ਮੇਰੇ ਨਾਲ ਰੱਖਦੇ ਸਨ, ਮੇਰੇ ਪਾਸ ਆਏ ਤੇ ਕਹਿਣ ਲੱਗੇ, ਮੈਨੂੰ ਦੋ ਤਿੰਨ ਦਿਨ ਤੋਂ ਹਿਚਕੀ ਬਹੁਤ ਤੰਗ ਕਰ ਰਹੀ ਹੈ। ਮੈਂ ਕੀ ਇਲਾਜ ਕਰਾਂ। ਮੈਂ ਕਿਹਾ ਮੈਨੂੰ ਵੀ ਇਕ ਦੋ ਵਾਰੀ ਇਹ ਤਕਲੀਫ ਹੋਈ ਹੈ। ਮੈਨੂੰ ਡਾ. ਦੀਵਾਨਾ ਨੇ ਸਾਹ ਅੰਦਰ ਖਿੱਚਣ ਤੇ ਬਾਹਰ ਕੱਢਣ ਦੀ ਇਕ ਵਿਉਂਤ ਦੱਸੀ ਸੀ। ਮੈਨੂੰ ਉਸ ਨਾਲ ਫ਼ਾਇਦਾ ਹੋਇਆ। ਉਹ ਕਹਿਣ ਲੱਗਾ, ਚੰਗਾ ਮੈਂ ਵੀ ਦੀਵਾਨਾ ਸਾਹਿਬ ਪਾਸੋਂ ਸਾਹ ਦੀ ਵਰਜਿਸ਼ ਦਾ ਤਰੀਕਾ ਸਿਖਦਾ ਹਾਂ। ਡਾ. ਸਾਹਿਬ ਦਾ ਘਰ ਪੁੱਛ ਕੇ ਜਦ ਉਹ ਗਿਆ ਤਾਂ ਡਾ. ਸਾਹਿਬ ਘਰ ਵਿਚ ਹੀ ਸਨ। ਕਹਿਣ ਲੱਗੇ, ਜ਼ਾਓ, ਕੋਈ ਦਵਾਈ ਲੈ ਲਵੋ ਇਹ ਯੋਗ ਅਭਿਆਸ ਔਖਾ ਕੰਮ ਹੈ। ਇਸ ਤਰ੍ਹਾਂ ਡਾ. ਦੀਵਾਨਾ ਨੇ ਟਾਲਣ ਦਾ ਜਤਨ ਕੀਤਾ। ਪਰ ਜਦ ਉਹ ਮਾਸਟਰ ਬਹੁਤਾ ਖਹਿੜੇ ਪਿਆ ਤਾਂ ਕਹਿਣ ਲੱਗੇ, ਅੱਛਾ ਇਸ ਚਾਰਪਾਈ ਤੇ ਬੈਠ ਜਾਓ। ਸਿਰ ਤੇ ਠੋਡੀ ਉਪਰ ਉਠਾਓ। ਲੱਕ ਸਿੱਧਾ ਕਰੋ। ਧੌਣ ਅਕੜਾ ਕੇ ਰਖੋ। ਜਦ ਇਹ ਆਸਣ ਕਾਇਮ ਹੋ ਗਿਆ ਤਾਂ ਕਹਿਣ ਲੱਗੇ, ਲੌ ਹੁਣ ਸੱਜੀ ਨਾਸ ਵਿਚੋਂ ਸਾਹ ਉਪਰ ਖਿੱਚੋ ਅਤੇ ਬਾਹਰ ਕੱਢੋ, ਖੱਬੀ ਨਾਸ ਬੰਦ ਰਖੋ। ਇਕ ਵਾਰੀ ਇਸ ਤਰ੍ਹਾਂ ਕਰ ਕੇ ਫਿਰ ਇਸ ਦੇ ਉਲਟ ਕਰੋ। ਉਸ ਮਾਸਟਰ ਨੂੰ ਇਹ ਕਿਰਿਆ ਔਖੀ ਜਾਪੀ ਪਰ ਉਹ ਦੱਸੇ ਅਨੁਸਾਰ ਸਾਹ ਖਿਚਣ ਤੇ ਬਾਹਰ ਕੱਢਣ ਲੱਗਾ। ਡਾ. ਦੀਵਾਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਜਦ ਦੇਖਿਆ ਕਿ ਸਭ ਕਿਰਿਆ ਗਲਤ ਕਰ ਰਿਹਾ ਹੈ ਤਾਂ ਉਨ੍ਹਾਂ ਨੂੰ ਗੁੱਸਾ ਆ ਗਿਆ ਤੇ ਉਨ੍ਹਾਂ ਨੇ ਖਿੱਝ ਕੇ ਮਾਸਟਰ ਦੇ ਮੂੰਹ ਤੇ ਚਪੇੜ ਕੱਢ ਮਾਰੀ। ਮਾਸਟਰ ਇਕ ਦਮ ਘਬਰਾਇਆ ਤੇ ਗੁੱਸੇ ਵਿਚ ਆ ਗਿਆ । ਕਹਿਣ ਲੱਗਾ, 'ਇਹ ਕੀ ਤਮਾਸ਼ਾ ਹੈ ? ਮੈਂ ਤੁਹਾਡੇ ਪਾਸ ਇਲਾਜ ਲਈ ਆਇਆ, ਤੁਸੀਂ ਮੇਰੀ ਹੱਤਕ ਕਰ ਦਿਤੀ। ਮੈਂ ਇਸ ਦਾ ਬਦਲਾ ਲਵਾਂਗਾ।' ਡਾ. ਸਾਹਿਬ ਕਹਿਣ ਲੱਗੇ, 'ਤੁਹਾਨੂੰ ਸਮਝ ਨਹੀਂ ਆਈ। ਇਹੋ ਤੁਹਾਡਾ ਇਲਾਜ ਸੀ। ਵੇਖੋ ਤੁਹਾਡੀ ਹਿਚਕੀ ਖ਼ਤਮ ਹੋ ਗਈ ਹੈ। ਹੁਣ ਤੁਸੀਂ ਆਰਾਮ ਨਾਲ ਘਰ ਜਾਓ ਅਤੇ ਚਪੇੜ ਭੁੱਲ ਜਾਓ ।' ਇਹ ਗੱਲ ਮੈਨੂੰ ਉਸ ਮਾਸਟਰ ਨੇ ਆਪ ਸੁਣਾਈ।

19. ਆਮ ਦਾਅਵਤ

1962-63 ਵਿਚ ਇਕ ਸਾਲ ਲਈ ਸ. ਬਲਵੰਤ ਸਿੰਘ ਆਨੰਦ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਰਹੇ। ਉਹ ਆਕਾਸ਼ਵਾਣੀ ਵਿਚ ਡਾਇਰੈਕਟਰ ਰਹਿ ਚੁਕੇ ਸਨ ਤੇ ਉਸ ਤੋਂ ਪਹਿਲਾਂ ਖ਼ਾਲਸਾ ਕਾਲਜ ਲਾਇਲਪੁਰ ਦੇ ਪ੍ਰਿੰਸੀਪਲ ਵੀ ਰਹਿ ਚੁਕੇ ਸਨ। ਉਨ੍ਹਾਂ ਵੱਡੀ ਅਫ਼ਸਰੀ ਕੀਤੀ ਸੀ, ਖ਼ਾਲਸਾ ਕਾਲਜ ਵਿਚ ਮੈਨੇਜਿੰਗ ਕਮੇਟੀ ਦੀ ਅਧੀਨਗੀ ਕਿਸ ਤਰ੍ਹਾਂ ਸਹਿੰਦੇ ? ਇਸ ਲਈ ਛੇਤੀ ਛੱਡ ਕੇ ਚਲੇ ਗਏ। ਕਾਲਜ ਵਿਚ ਇਕ ਬੜੇ ਸਾਊ ਤੇ ਮਿੱਠੇ ਬੋਲੇ ਸੁਭਾ ਦੇ ਸੱਜਨ ਲਾਲਾ ਜਮੀਅਤ ਰਾਏ ਬਾਟਨੀ ਦੇ ਪ੍ਰੋਫ਼ੈਸਨ ਸਨ। ਉਹ ਜਦ ਪ੍ਰਿੰ. ਆਨੰਦ ਨੂੰ ਮਿਲਦੇ ਤਾਂ ਕਹਿੰਦੇ ਪ੍ਰਿੰ. ਸਾਹਿਬ ਸਾਡੇ ਘਰ ਕਿਸੇ ਦਿਨ ਚਾਹ ਪੀਣ ਦੀ ਕਿਰਪਾ ਕਰੋ। ਇਸ ਤਰ੍ਹਾਂ ਜਦ ਕਈ ਵਾਰੀ ਉਨ੍ਹਾਂ ਪ੍ਰਿੰ. ਸਾਹਿਬ ਨੂੰ ਚਾਹ ਦੀ ਦਾਅਵਤ ਦਿਤੀ ਤਾਂ ਇਕ ਦਿਨ ਆਨੰਦ ਸਾਹਿਬ ਕਹਿਣ ਲੱਗੇ, 'ਲਾਲਾ ਜੀ ! ਆਮ ਦਾਅਵਤ (general Invitation) ਕੋਈ ਦਾਅਵਤ ਨਹੀਂ ਹੁੰਦੀ । ਤੁਸੀਂ ਜੇ ਚਾਹ ਪਿਲਾਣੀ ਚਾਹੁੰਦੇ ਹੋ ਤਾਂ ਕੋਈ ਦਿਨ ਨਿਸਚਿਤ ਕਰੋ ਤਾਂ ਜੋ ਮੈਂ ਉਸ ਦਿਨ ਹਾਜ਼ਰ ਹੋ ਜਾਵਾਂ। ਪਰ ਹੁਣ ਤੇ ਤੁਸੀਂ ਕੇਵਲ ਚਾਹ ਪਿਲਾਣ ਦਾ ਸੁਪਨਾ ਹੀ ਲੈਂਦੇ ਹੋ।' ਲਾਲਾ ਜੀ ਕੁਝ ਕੱਚੇ ਜੇਹੇ ਹੋ ਗਏ। ਪਤਾ ਨਹੀਂ ਉਨ੍ਹਾਂ ਕੋਈ ਦਿਨ ਨਿਸ਼ਚਿਤ ਕੀਤਾ ਕਿ ਨਹੀਂ ? ਮੈਨੂੰ ਯਾਦ ਨਹੀਂ ਰਿਹਾ।

20. ਵਿਆਹ ਤੋਂ ਅਗਲਾ ਦਿਨ

ਮੇਰੇ ਕਿਰਪਾਲੂ ਮਿੱਤਰ ਡਾ. ਮਾਨ ਸਿੰਘ ਨਿਰੰਕਾਰੀ ਦੇ ਲੜਕੇ ਦੀ ਸ਼ਾਦੀ ਸੀ। ਇਹ ਗੱਲ ਕਾਫ਼ੀ ਪੁਰਾਣੀ ਹੈ। ਮੈਨੂੰ ਵੀ ਦਾਅਵਤੀ ਕਾਰਡ ਆਇਆ। ਮੈਂ ਜੋ ਹੋਰ ਪ੍ਰੋਫ਼ੈਸਰਾਂ ਵਾਂਗ ਕਾਫ਼ੀ ਭੁਲੱਕੜ ਹਾਂ, ਮੈਨੂੰ ਤਾਰੀਖ਼ ਦਾ ਚੇਤਾ ਨਾ ਰਿਹਾ। ਵਿਆਹ ਤੋਂ ਅਗਲੇ ਦਿਨ ਸ਼ਾਮ ਨੂੰ ਮੈਂ ਆਪਣੀ ਪਤਨੀ ਸਮੇਤ ਡਾ. ਸਾਹਿਬ ਦੇ ਘਰ ਪਾਰਟੀ ਦੇ ਦਿਤੇ ਸਮੇਂ ਅਨੁਸਾਰ ਜਾ ਪਹੁੰਚਿਆ। ਜਾ ਕੇ ਦੇਖਿਆ ਕਿ ਵਿਆਹ ਵਾਲੀ ਕੋਈ ਗੱਲ ਹੀ ਨਹੀਂ। ਅੰਦਰ ਗਏ ਤੇ ਡਾ. ਸਾਹਿਬ ਨੂੰ ਮਿਲ ਕੇ ਵਧਾਈ ਦਿਤੀ ਤਾਂ ਉਹ ਹੱਸ ਕੇ ਕਹਿਣ ਲੱਗੇ, ਵਿਆਹ ਤਾਂ ਕੱਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ ਪਰ ਆਪ ਦੇ ਦਰਸ਼ਨ ਨਹੀਂ ਹੋਏ। ਮੈਂ ਕਿਹਾ ਮੈਂ ਸਮਝਿਆ ਅੱਜ ਹੈ। ਤਾਰੀਖ ਦਾ ਭੁਲੇਖਾ ਲੱਗ ਗਿਆ। ਉਹ ਕਹਿਣ ਲੱਗੇ, ਕੋਈ ਗੱਲ ਨਹੀਂ, ਤੁਸੀਂ ਠੀਕ ਕਿਸਮ ਦੇ ਪ੍ਰੋਫ਼ੈਸਰ ਹੋ ਪਰ ਤੁਹਾਡੀ ਨੀਅਤ ਚੰਗੀ ਹੈ। ਨਹੀਂ ਤਾਂ ਤੁਸੀਂ ਅੱਜ ਕਿਉਂ ਆਉਂਦੇ ? ਮੈਂ ਕਿਹਾ, ਡਾ. ਸਾਹਿਬ ! ਜੋਗੀ ਭੁੱਲੇ ਦੂਣਾ ਲਾਹ। ਜੇ ਕੱਲ ਆਉਂਦੇ ਤਾਂ ਆਪ ਨਾਲ ਬੈਠਣ ਦਾ ਸਮਾਂ ਨਹੀਂ ਸੀ ਮਿਲਣਾ ਤੇ ਨਾ ਹੀ ਲਾੜੇ ਤੇ ਲਾੜੀ ਨਾਲ ਮੇਲ ਹੋਣਾ ਸੀ। ਸੋ ਤੁਸੀਂ ਸਾਡੀ ਵਧਾਈ ਵੀ ਪਰਵਾਨ ਕਰੋ ਤੇ ਸ਼ਗਨ ਵੀ। ਸੋ ਕਦੀ ਇਸ ਤਰ੍ਹਾਂ ਵੀ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਨੀਵਰਸਿਟੀ ਸਰਵਿਸ ਤੇ ਉਸ ਤੋਂ ਬਾਅਦ

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮੈਂ 13 ਸਾਲ (1970-83) ਨੌਕਰੀ ਕੀਤੀ। ਇਸ ਯੂਨੀਵਰਸਿਟੀ ਦਾ ਨੀਂਹ ਪੱਥਰ ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜਨਮ ਸ਼ਤਾਬਦੀ ਦੇ ਅਵਸਰ ਤੇ ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਨੇ 24 ਨਵੰਬਰ 1969 ਨੂੰ ਰੱਖਿਆ। ਇਸ ਦੇ ਕੈਂਪਸ ਲਈ ਖ਼ਾਲਸਾ ਕਾਲਜ ਨਾਲ ਲੱਗਦੀ ਫ਼ਾਰਮ ਵਿਚੋਂ 300 ਏਕੜ ਅਤੇ ਕਾਲਜ ਦੇ ਨੇੜੇ ਸਥਿਤ ਇਤਿਹਾਸਕ ਪਿੰਡ ਕਾਲੇ (ਜਿਥੋਂ ਦਾ ਸਰਦਾਰ ਫਤਹ ਸਿੰਘ ਕਾਲਿਆਂਵਾਲਾ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਸਿੱਧ ਦਰਬਾਰੀ ਸੀ) ਵਿਚੋਂ ਨਾਲ ਲਗਦੀ 200 ਏਕੜ ਜ਼ਮੀਨ ਖਰੀਦੀ ਗਈ। ਸ. ਬਿਸ਼ਨ ਸਿੰਘ ਸਮੁੰਦਰੀ ਇਸ ਦੇ ਪਹਿਲੇ ਤੇ ਮੋਢੀ ਵਾਈਸ ਚਾਂਸਲਰ ਬਣੇ ਤੇ ਸ. ਭਰਭੂਰ ਸਿੰਘ ਪਹਿਲੇ ਰਜਿਸਟਰਾਰ ਨਿਯੁਕਤ ਹੋਏ। ਯੂਨੀ-ਵਰਸਿਟੀ ਦੇ ਆਰਜ਼ੀ ਦਫ਼ਤਰ ਅਤੇ ਲਾਇਬਰੇਰੀ, ਖ਼ਾਲਸਾ ਕਾਲਜ ਦੀ ਵੱਡੀ ਬਿਲਡਿੰਗ ਦੇ ਪਿਛਲੇ ਪਾਸੇ ਬਣੀ ਨਵੀਂ ਐਗਰੀਕਲਚਰ ਵਿਭਾਗ ਦੀ ਇਮਾਰਤ ਵਿਚ ਖੋਲ੍ਹੇ ਗਏ। 1972 ਵਿਚ ਪਟਿਆਲਾ ਹੋਸਟਲ ਵਿਚ ਕੁਝ ਵਿਭਾਗਾਂ ਦੀ ਪੜ੍ਹਾਈ ਸ਼ੁਰੂ ਕੀਤੀ ਗਈ ਜਿਨ੍ਹਾਂ ਵਿਚ ਪੰਜਾਬੀ ਵਿਭਾਗ ਵੀ ਸੀ

ਮੈਂ 15 ਜੂਨ 1970 ਨੂੰ ਰੀਡਰ ਦੀ ਪਦਵੀਂ 'ਤੇ ਯੂਨੀਵਰਸਿਟੀ ਵਿਚ ਨਿਯੁਕਤ ਹੋਇਆ ਅਤੇ ਯੂਨੀਵਰਸਿਟੀ ਨੌਕਰੀ ਵਿਚ ਸ਼ਾਮਲ ਹੋਣ ਵਾਲਾ ਸਭ ਤੋਂ ਪਹਿਲਾ ਅਧਿਆਪਕ ਸੀ। ਮੇਰੇ ਤੋਂ ਛੇਤੀ ਬਾਅਦ ਡਾ. ਹਰਸ਼ਰਨ ਸਿੰਘ (ਇੰਗਲਿਸ਼), ਡਾ. ਕਿਹਰ ਸਿੰਘ (ਮੈਥਸ) ਡਾ. ਧਰਮ ਪਾਲ ਮੈਨੀ (ਹਿੰਦੀ), ਡਾ. ਐਸ. ਐਸ. ਸੰਧੂ (ਕੈਮਿਸਟਰੀ), ਡਾ. ਜੇ. ਐਸ. ਗਰੇਵਾਲ (ਹਿਸਟਰੀ) ਆਦਿ ਨੇ ਸੰਬੰਧਤ ਵਿਭਾਗਾਂ ਦੇ ਮੁਖੀ ਵਜੋਂ ਅਹੁਦੇ ਸੰਭਾਲੇ। 1973 ਤੋਂ ਯੂਨੀਵਰਸਿਟੀ ਕੈਂਪਸ ਤੇ ਕੁਝ ਇਮਾਰਤਾਂ ਤਿਆਰ ਹੋ ਜਾਣ ਨਾਲ ਦਫ਼ਤਰ, ਲਾਇਬਰੇਰੀ ਅਤੇ ਟੀਚਿੰਗ ਵਿਭਾਗ ਖੁਲ੍ਹ ਗਏ।

1970 ਤੋਂ 1972 ਤਕ ਦੋ ਸਾਲ ਮੈਂ ਯੂਨੀਵਰਸਿਟੀ ਵਲੋਂ ਰੀਡਰ-ਹੈੱਡ ਦੇ ਅਹੁਦੇ ਤੇ ਖ਼ਾਲਸਾ ਕਾਲਜ ਦੀ ਐਮ. ਏ. ਪੰਜਾਬੀ ਕਲਾਸਾਂ ਦਾ ਮੁਖੀ ਰਿਹਾ ਅਤੇ ਮੈਨੂੰ ਮੇਰਾ ਕਵਾਟਰ ਵੀ ਕਾਲਜ ਕਮੇਟੀ ਵਲੋਂ ਵਿਸ਼ੇਸ਼ ਰਿਆਇਤ ਕਰ ਕੇ ਦੋ ਸਾਲਾਂ ਲਈ ਰਿਹਾਇਸ਼ ਲਈ ਦਿਤਾ ਗਿਆ। ਯੂਨੀਵਰਸਿਟੀ ਵਿਚ ਅਜੇ ਕਵਾਟਰ ਨਹੀਂ ਬਣੇ ਸਨ, ਇਸ ਲਈ 30 ਅਪ੍ਰੈਲ 1972 ਨੂੰ ਖ਼ਾਲਸਾ ਕਾਲਜ ਵਾਲਾ ਕਵਾਟਰ (ਨੰ. 4) ਛੱਡ ਕੇ ਕਾਲਜ ਦੇ ਪੂਰਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲ ਵੱਸੀ ਆਬਾਦੀ ਗੁਰੂ ਨਾਨਕ ਵਾੜਾ ਵਿਚ ਇਕ ਸਾਲ ਲਈ ਇਕ ਮਕਾਨ ਕਰਾਏ ਤੇ ਲੈ ਕੇ ਰਿਹਾ। ਮਈ 1973 ਵਿਚ ਮੈਨੂੰ ਯੂਨੀਵਰਸਿਟੀ ਦੇ ਕੈਂਪਸ ਵਿਚ ਕਵਾਟਰ ਮਿਲ ਗਿਆ। ਪਹਿਲਾਂ ਬੀ-1 ਅਤੇ ਫਿਰ ਅਕਤੂਬਰ 1974 ਵਿਚ ਏ-10.

1973 ਵਿਚ ਮੈਂ Mysticism of Guru Nanak (ਗੁਰੂ ਨਾਨਕ ਦਾ ਰਹੱਸਵਾਦ) ਵਿਸ਼ੇ ਉਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕਰ ਲਈ ਅਤੇ 16 ਜੁਲਾਈ, 1973 ਨੂੰ ਰੀਡਰ ਤੋਂ ਤਰੱਕੀ ਕਰ ਕੇ ਪ੍ਰੋਫੈਸਰ ਬਣ ਗਿਆ। ਪੰਜਾਬੀ ਵਿਭਾਗ ਦਾ ਮੁਖੀ ਮੈਂ ਪਹਿਲਾਂ ਹੀ ਸੀ। ਯੂਨੀਵਰਸਿਟੀ ਸਰਵਿਸ ਦੌਰਾਨ ਮੈਂ 7-8 ਪੁਸਤਕਾਂ ਪ੍ਰਕਾਸ਼ਤ ਕੀਤੀਆਂ ਅਤੇ ਕਈ ਰੀਸਰਚ ਪੇਪਰ ਛਪਵਾਏ। ਖੋਜ (ਰੀਸਰਚ) ਦੀ ਮੇਰੇ ਵਲੋਂ ਕੀਤੀ ਨਿਗਰਾਨੀ ਨਾਲ 14 ਖੋਜਾਰਥੀਆਂ ਨੂੰ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਹੋਈ। ਉਨ੍ਹਾਂ ਦੇ ਨਾਂ ਇਹ ਹਨ :

ਡਾ. ਬਿਕਰਮ ਸਿੰਘ ਘੁੰਮਣ. ਡਾ. ਮਨਜੀਤ ਕੌਰ ਗਿੱਲ, ਡਾ. ਇਕਬਾਲ ਕੌਰ ਸੌਂਦ, ਡਾ. ਮਨਜੀਤਪਾਲ ਕੌਰ ਗਿੱਲ, ਸਵਰਗੀ ਡਾ. ਕਰਮਜੀਤ ਸਿੰਘ, ਡਾ. ਟੀ. ਆਰ. ਵਿਨੋਦ, ਡਾ. ਜੋਗਿੰਦਰ ਸਿੰਘ ਰਾਹੀ, ਡਾ. ਜਸਵੰਤ ਸਿੰਘ ਖ਼ੁਮਾਰ, ਡਾ. ਸ਼ਸ਼ੀ ਬਾਲਾ, ਡਾ. ਹਰਨੇਕ ਸਿੰਘ ਕੋਮਲ, ਡਾ. ਰਾਜਾ ਮ੍ਰਿਗਿੰਦਰਾ ਸਿੰਘ ਪਟਿਆਲਾ, ਡਾ. ਗਿਆਨ ਇੰਦਰ ਸਿੰਘ, ਡਾ. ਗੁਰਨਾਮ ਕੌਰ ਬੇਦੀ, ਅਤੇ ਡਾ. ਗੁਰਸ਼ਰਨ ਕੌਰ ਜੱਗੀ। ਪ੍ਰਿੰ. ਲਾਭ ਸਿੰਘ ਦਾ ਖੋਜ ਕੰਮ ਅਜੇ ਮੁਕੰਮਲ ਨਹੀਂ ਹੋਇਆ।

1978 ਨਵੰਬਰ ਵਿਚ ਸ. ਬਿਸ਼ਨ ਸਿੰਘ ਸਮੁੰਦਰੀ ਦੇ ਰਿਟਾਇਰ ਹੋਣ ਤੇ ਡਾ. ਕਰਮ ਸਿੰਘ ਗਿੱਲ (ਖ਼ਾਲਸਾ ਕਾਲਜ ਦੇ ਮੇਰੇ ਪੁਰਾਣੇ ਸਾਥੀ) ਵਾਈਸ ਚਾਂਸਲਰ ਬਣੇ। ਉਨ੍ਹਾਂ ਦੇ ਸਮੇਂ ਵਿਚ ਪਹਿਲੀ ਅਪ੍ਰੈਲ 1980 ਤੋਂ 30 ਜੂਨ 1981 ਤਕ ਮੈਂ ਡੀਨ ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ ਵਜੋਂ ਕੰਮ ਕੀਤਾ। ਯੂਨੀਵਰਸਿਟੀ ਦੀ ਸਾਰੀ ਸਰਵਿਸ ਦੌਰਾਨ ਲਗਾਤਾਰ ਮੈਂ ਸੈਨੇਟ ਦਾ ਮੈਂਬਰ ਅਤੇ 7-8 ਸਾਲ ਸਿੰਡੀਕੇਟ ਦਾ ਮੈਂਬਰ ਰਿਹਾ। 30 ਜੂਨ 1981 ਨੂੰ ਮੈਂ ਯੂਨੀਵਰਸਿਟੀ ਨੌਕਰੀ ਤੋਂ ਰਿਟਾਇਰ ਹੋ ਗਿਆ ਅਤੇ 30 ਸਤੰਬਰ 1981 ਨੂੰ ਆਪਣਾ ਕਵਾਟਰ (ਏ-10) ਛੱਡ ਕੇ ਆਪਣੀ ਕੋਠੀ 397, ਗਰੀਨ ਐਵੇਨਿਊ ਵਿੱਚ ਪੱਕੀ ਰਿਹਾਇਸ਼ ਕਰ ਲਈ।

ਫਿਰ ਦੁਬਾਰਾ ਨੌਕਰੀ ਮਿਲਣ ਤੇ 13 ਅਕਤੂਬਰ 1981 ਤੋਂ ਦਸੰਬਰ 1983 ਤਕ ਗੁਰੂ ਨਾਨਕ ਅਧਿਐਨ ਵਿਭਾਗ ਦਾ ਪ੍ਰੋ. ਅਤੇ ਮੁਖੀ ਰਿਹਾ ! ਇਹ ਲਗਪਗ ਦੋ ਸਾਲ ਦੀ ਵਾਧੂ ਸਰਵਿਸ ਮੈਨੂੰ ਮੇਰੀਆਂ ਪੂਰਵ-ਵਰਤੀ ਵਿਦਿਅਕ ਅਤੇ ਅਕਾਦਮਕ ਪ੍ਰਾਪਤੀਆਂ ਅਤੇ ਸਾਹਿਤੱਕ ਯੋਗਤਾ ਨੂੰ ਮੁੱਖ ਰੱਖ ਕੇ ਦਿੱਤੀ ਗਈ ਜਿਸ ਲਈ ਮੈਂ ਯੂਨੀਵਰਸਿਟੀ ਦਾ ਸ਼ੁਕਰ ਗੁਜ਼ਾਰ ਹਾਂ।

ਡਾ. ਗਿੱਲ ਦੇ 13 ਜੁਲਾਈ 1981 ਨੂੰ ਰਿਟਾਇਰਣ ਹੋ ਜਾਣ ਉਪਰੰਤ ਡਾ. ਜੇ. ਐਸ. ਗਰੇਵਾਲ ਵਾਈਸ ਚਾਂਸਲਰ ਬਣੇ। ਸੇਵਾ ਮੁਕਤੀ ਤੋਂ ਬਾਅਦ ਮਿਲੀ ਨੌਕਰੀ ਮੈਂ ਦੋ ਸਾਲ ਡਾ. ਗਰੇਵਾਲ ਅਧੀਨ ਪੂਰੀ ਕੀਤੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਇਕ ਦਿਲਚਸਪ ਤੱਥ ਲਿਖਣਾ ਕੁਥਾਂ ਨਹੀਂ ਹੋਵੇਗਾ। ਮੇਰੀ ਯੂਨੀਵਰਸਿਟੀ ਸਰਵਿਸ ਦੌਰਾਨ 5 ਵਿਭਾਗਾਂ ਦੇ ਪ੍ਰੋਫ਼ੈਸਰ ਤੇ ਮੁਖੀ, ਡਾ. ਕਰਮਜੀਤ ਸਿੰਘ ਰਾਏ (ਬਾਇਆਲੋਜੀ), ਡਾ. ਰਾਜਿੰਦਰ ਸਿੰਘ ਸੰਧੂ (ਬਾਇਆਲੋਜੀ), ਡਾ. ਪਿਆਰਾ ਸਿੰਘ ਹੁੰਦਲ (ਸਾਈਕਾਲੋਜੀ), ਡਾ, ਕਰਨੈਲ ਸਿੰਘ ਥਿੰਦ (ਪੰਜਾਬੀ) ਅਤੇ ਡਾ. ਹਰਸ਼ਰਨ ਸਿੰਘ,(ਇੰਗਲਿਸ਼) ਖ਼ਾਲਸਾ ਕਾਲਜ ਵਿਚ ਮੇਰੇ ਜਾਂ ਮੇਰੇ ਸਮੇਂ ਵਿਚ ਵਿਦਿਆਰਥੀ ਰਹਿ ਚੁਕੇ ਸਨ। ਇਸੇ ਤਰ੍ਹਾਂ ਪ੍ਰਿੰ. ਮਹਿੰਦਰ ਸਿੰਘ ਰੰਧਾਵਾ (ਰਜਿਸਟ੍ਰਾਰ) ਪ੍ਰੋ. ਜਗਜੀਤ ਸਿੰਘ ਖੰਨਾ (ਰਜਿਸਟ੍ਰਾਰ), ਸ. ਲੱਖਾ ਸਿੰਘ ਸੰਧੂ (ਰਜਿਸਟ੍ਰਾਰ), ਪ੍ਰਿੰਸੀਪਲ ਦਰਸ਼ਨ ਸਿੰਘ (ਡਿਪਟੀ ਰਜਿਸਟ੍ਰਾਰ), ਪ੍ਰਿੰ. ਮੋਹਣ ਸਿੰਘ ਜੌਹਲ (ਰਜਿਸਟ੍ਰਾਰ), ਸ. ਜਸਬੀਰ ਸਿੰਘ (ਡਿਪਟੀ ਰਜਿਸਟ੍ਰਾਰ) ਆਦਿ ਵੀ ਮੇਰੇ ਪੁਰਾਣੇ ਖ਼ਾਲਸਾ ਕਾਲਜ ਦੇ ਵਿਦਿਆਰਥੀ ਰਹਿ ਚੁਕੇ ਸਨ।

ਪ੍ਰਿੰ. ਭਰਪੂਰ ਸਿੰਘ ਦੀ ਹਾਜ਼ਰ ਜਵਾਬੀ

(ਪ੍ਰਿੰ.) ਭਰਪੂਰ ਸਿੰਘ ਨਾਲ ਮੇਰਾ ਪੁਰਾਣਾ ਸੰਬੰਧ ਅਤੇ ਮਿੱਤਰਤਾ ਸੀ, ਜਦ ਉਹ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਸਨ। ਉਹ ਕਾਫੀ ਸਾਲ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਰਹੇ ਅਤੇ ਪੰਜਾਬੀ ਮੋਰਚੇ ਸਮੇਂ ਕੈਦ ਵੀ ਰਹੇ। ਜਦ ਉਹ 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮੋਢੀ (Founder) ਰਜਿਸਟਰਾਰ ਬਣ ਕੇ ਆਏ ਅਤੇ ਮੈਂ ਵੀ 1970 ਵਿਚ ਉਥੇ ਪੰਜਾਬੀ ਦਾ ਰੀਡਰ-ਹੈੱਡ ਲੱਗ ਗਿਆ ਤਾਂ ਸਾਡੇ ਸੰਬੰਧ ਹੋਰ ਨਿਕਟੀ ਹੋ ਗਏ। ਉਨ੍ਹਾਂ ਦਾ ਨਿੱਘਾ ਸੁਭਾ, ਖੁਸ਼-ਰਹਿਣੀ ਤਬੀਅਤ ਅਤੇ ਹਾਜ਼ਰ ਜਵਾਬੀ ਆਦਿ ਦੁਰਲੱਭ ਗੁਣ ਮੈਨੂੰ ਬਹੁਤ ਪਸੰਦ ਸਨ। ਉਨ੍ਹਾਂ ਦੀ ਗੱਲ ਬਾਤ ਵਿਚੋਂ ਸਹਿਜੇ ਹੀ ਹਾਸ-ਰਸ ਨਿਕਲ ਆਉਂਦਾ ਸੀ। ਕੁਝ ਯਾਦਾਂ ਮੈਂ ਪਾਠਕਾਂ ਨਾਲ ਸਾਂਝੀਆਂ ਕਰਦਾ ਹਾਂ।

ਰਜਿਸਟਰਾਰ ਹੋਣ ਕਰ ਕੇ ਭਰਪੂਰ ਸਿੰਘ ਪਾਸ ਅਨਗਿਣਤ ਸਿਫਾਰਸ਼ਾਂ ਆਉਂਦੀਆਂ ਸਨ, ਜਿਨ੍ਹਾਂ ਨੂੰ ਪੂਰਾ ਕਰਨਾ ਅਸੰਭਵ ਸੀ। ਉਂਜ ਵੀ ਉਨ੍ਹਾਂ ਨੂੰ ਸਿਫਾਰਸ਼ ਕਰਨ ਜਾਂ ਸੁਣਨ ਤੋਂ ਨਫ਼ਰਤ ਸੀ। ਇਸ ਲਈ ਬਹੁਤੀ ਵਾਰੀ ਉਹ ਹੱਸ ਕੇ ਟਾਲ ਛੱਡਦੇ। ਲੋਕ ਸਦਾ ਗਿਲਾ ਹੀ ਕਰਦੇ ਰਹਿੰਦੇ। ਜਦ 1977 ਵਿਚ ਰਜਿਸਟਰਾਰੀ ਦੀ ਮਿਆਦ ਖਤਮ ਹੋਣ ਤੇ ਉਨ੍ਹਾਂ ਨੂੰ ਵਾਈਸ ਚਾਂਸਲਰ ਅਤੇ ਵਿਭਾਗਾਂ ਦੇ ਮੁਖੀਆਂ ਵਲੋਂ ਵਿਦਾਇਗੀ ਪਾਰਟੀ ਦਿਤੀ ਗਈ ਤਾਂ ਉਸ ਸਮੇਂ ਪਾਰਟੀ ਤੋਂ ਬਾਅਦ ਭਾਸ਼ਨਾਂ ਦੌਰਾਨ ਇਕ ਮੁਖੀ ਨੇ ਇਹ ਗੱਲ ਛੇੜ ਦਿਤੀ ਕਿ ਸ. ਭਰਪੂਰ ਸਿੰਘ ਨੂੰ ਲੋਕਾਂ ਨੇ ਬਹੁਤ ਕੰਮ ਦੱਸੇ ਪਰ ਉਨ੍ਹਾਂ ਨੇ ਘਟ ਹੀ ਕੀਤੇ। ਜਦ ਸਾਰੇ ਬੋਲ ਚੁਕੇ ਤਾਂ ਸ. ਭਰਪੂਰ ਸਿੰਘ ਦੀ ਵਾਰੀ ਆਈ। ਉਨ੍ਹਾਂ ਨੇ ਹੋਰ ਗੱਲਾਂ ਕਹਿ ਕੇ ਇਸ ਇਤਰਾਜ਼ ਬਾਰੇ ਉੱਤਰ ਦੇਂਦਿਆਂ ਆਪਣੇ ਪਿੰਡ ਦੀ ਇਕ ਵਾਰਤਾ ਸੁਣਾ ਦਿਤੀ। ਉਨ੍ਹਾਂ ਦਾ ਪਿੰਡ ਸਮਰਾਲਾ (ਜ਼ਿਲਾ ਲੁਧਿਆਣਾ) ਦੇ ਨੇੜੇ ਹੈ। ਮਲਵਈ ਬੋਲੀ ਵਿਚ ਉਨ੍ਹਾਂ ਨੇ ਵਾਰਤਾ ਇਉਂ ਸੁਣਾਈ, 'ਸਾਡੇ ਪਿੰਡ ਇਕ ਕੁਲ੍ਹਾੜੀ (ਵੇਲਣੇ) ਤੇ ਗੰਨੇ ਦਾ ਰਸ ਕਾੜ੍ਹ ਕੇ ਗੁੜ ਬਣਾ ਰਹੇ ਸੀ। ਦੂਰ ਦੂਰ ਤਕ ਇਸ ਦੀ ਖੁਸ਼ਬੂ ਫੈਲ ਰਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ। ਓਧਰੋਂ ਪਿੰਡ ਦਾ ਇਕ ਆਦਮੀ ਲੰਘ ਰਿਹਾ ਸੀ। ਗੁੜ ਦੀ ਖੁਸ਼ਬੂ ਆਈ ਤਾਂ ਉਸ ਦਾ ਜੀਅ ਤਾਜ਼ਾ ਗੁੜ ਖਾਣ ਨੂੰ ਕਰ ਆਇਆ। ਉਹ ਆ ਕੇ ਕੁਲ੍ਹਾੜੀ ਦੇ ਨੇੜੇ ਬੈਠ ਗਿਆ ਤੇ ਉੱਠਣ ਦਾ ਨਾਂ ਨਾ ਲਏ। ਕੁਲ੍ਹਾੜੀ ਵਾਲੇ ਨੇ ਕਿਹਾ, ਬਾਈ ਸਿਆਂ, ਕਿਵੇਂ ਆਉਣਾ ਹੋਇਆ ? ਉਹ ਕਹਿਣ ਲੱਗਾ, ਗੱਲ ਤਾਂ ਕੁਸ਼ ਨੀਂ, ਏਥੋਂ ਲੰਘ ਰਿਹਾ ਤੀ, ਐਮੇਂ ਚਿੱਤ ਕਰ ਆਇਆ ਭੋਰਾ ਗੁੜ ਹੀ ਖਾ ਜਾਮਾਂ। 'ਕੁਲ੍ਹਾੜੀ ਵਾਲਾ ਇਹ ਗੱਲ ਸੁਣ ਕੇ ਚੁੱਪ ਕਰ ਰਿਹਾ ਪਰ ਉਹ ਭਾਈ ਬੈਠਾ ਰਿਹਾ। ਜਦ ਜੱਟ ਨੇ ਦੇਖਿਆ ਕਿ ਇਹ ਜਾਂਦਾ ਨਹੀਂ, ਤਾਂ ਉਹ ਕਹਿਣ ਲੱਗਾ, ਬਾਈ ਸਿਆਂ, ਤੂੰ ਏਮੇਂ ਨਾ ਬੈਠ। ਅੱਜ ਤਾਂ ਨਹੀਂ ਫਿਰ ਕਿਸੇ ਦਿਨ ਤੈਨੂੰ ਗੁੜ ਖਮਾਮਾਂਗੇ।' ਵਾਰਤਾ ਸੁਣਾ ਕੇ ਸ. ਭਰਪੂਰ ਸਿੰਘ ਨੇ ਗੱਲ ਮੁਕਾਈ ਕਿ ਮੈਂ ਵੀ ਓਸ ਜੱਟ ਵਾਂਗ ਵਹਿਦੇ ਤਾਂ ਕਰਦਾ ਰਿਹਾ ਪਰ ਘਟ ਹੀ ਕਿਸੇ ਨੂੰ ਗੁੜ ਖਵਾਇਆ। ਇਹ ਸੁਣ ਕੇ ਸਾਰੇ ਹੱਸ ਪਏ।

ਇਕ ਵਾਰੀ ਸ. ਭਰਪੂਰ ਸਿੰਘ ਦਾ ਖ਼ੂਨ ਦਾ ਦਬਾਅ ਵਧ ਗਿਆ। ਦੋ ਦਿਨ ਛੁੱਟੀ ਤੇ ਰਹੇ। ਮੈਂ ਉਨ੍ਹਾਂ ਦੇ ਘਰ ਖਬਰ ਪੁੱਛਣ ਗਿਆ ਤਾਂ ਉਨ੍ਹਾਂ ਨੂੰ ਪੁੱਛਿਆ, 'ਭਰਪੂਰ ਸਿੰਘ ਜੀ! ਇਹ ਖ਼ੂਨ ਦਾ ਦਬਾਅ ਕਿਸ ਕਾਰਨ ਵਧ ਜਾਂਦੈ ? ਮੈਨੂੰ ਵੀ ਦੱਸੋ, ਮੈਂ ਖਿਆਲ ਰੱਖਾਂ!' ਉਹ ਕਹਿਣ ਲੱਗੇ, 'ਪ੍ਰੋ. ਸਾਹਿਬ! ਤੁਸੀਂ ਫਿਕਰ ਨਾ ਕਰੋ, ਤੁਹਾਡਾ ਦਬਾਅ ਕਦੇ ਵਧ ਨਹੀਂ ਸਕਦਾ। ਨਾ ਤੁਹਾਨੂੰ ਗੁੱਸਾ ਆਏ, ਨਾ ਖ਼ੂਨ ਜੋਸ਼ ਵਿਚ ਆਏ।' ਫਿਰ ਹੱਸ ਕੇ ਕਹਿਣ ਲੱਗੇ, 'ਕਦੀ ਕਦੀ ਕਦੀ ਨਕਲੀ ਗੁੱਸਾ ਹੀ ਚੜ੍ਹਾ ਲਿਆ ਕਰੋ। ਤੁਸੀਂ ਵਿਭਾਗ ਦੇ ਮੁਖੀ ਹੋ, ਐਵੇਂ ਲੋਕ ਕਾਬੂ ਨਹੀਂ ਆਉਂਦੇ ਤੇ ਨਾ ਹੀ ਕੰਮ ਕਰਦੇ ਹਨ।' ਮੈਂ ਕਿਹਾ, 'ਇਹ ਤਾਂ ਠੀਕ ਹੈ ਪਰ ਜੇ ਨਕਲੀ ਗੁੱਸੇ ਨਾਲ ਦਬਾਅ ਵੱਧ ਗਿਆ ਤਾਂ ਕੀ ਕਰਾਂਗੇ ?' ਫਿਰ ਮੈਂ ਉਨ੍ਹਾਂ ਨੂੰ ਜ਼ੌਕ ਦਾ ਸ਼ਿਅਰ ਸੁਣਾਇਆ :

ਅਬ ਤੋ ਘਬਰਾ ਕੇ ਕਹਿਤੇ ਹੈਂ ਕਿ ਮਰ ਜਾਏਂਗੇ।
ਮਰਕੇ ਭੀ ਚੈਨ ਨਾ ਪਾਇਆ ਤੋ ਕਿਧਰ ਜਾਏਂਗੇ।

ਇਕ ਦਿਨ ਸ. ਭਰਪੂਰ ਸਿੰਘ ਮੈਨੂੰ ਕਹਿਣ ਲੱਗੇ, 'ਪ੍ਰੋ ਸਾਹਿਬ! ਤੁਸੀਂ ਸਕੂਟਰ ਨਾ ਚਲਾਇਆ ਕਰੋ। ਤੁਹਾਡਾ ਸਰੀਰ ਏਡਾ ਵੱਡਾ ਤੇ ਭਾਰਾ ਹੈ, ਤੁਸੀਂ ਸਕੂਟਰਾਂ ਤੇ ਬੈਠੇ ਇਉਂ ਲਗਦੇ ਹੋ ਜਿਵੇਂ ਇਕ ਸ਼ੇਰ ਬੱਕਰੀ ਤੇ ਚੜ੍ਹਿਆ ਹੋਵੇ ਤੇ ਉਸ ਦੇ ਕੰਨ ਫੜੇ ਹੋਣ। ਛੱਡੋ ਤੁਸੀਂ ਇਹ ਫਜ਼ੂਲ ਕੰਮ।' ਮੈਂ ਸਮਝ ਗਿਆ ਕਿ ਸ. ਭਰਪੂਰ ਸਿੰਘ ਨੇ ਆਪ ਤਾਂ ਸਕੂਟਰ ਚਲਾਉਣਾ ਨਹੀਂ ਸਿੱਖਿਆ, ਕਿਉਂਕਿ ਯੂਨੀਵਰਸਿਟੀ ਦੀ ਗੱਡੀ ਨਾਲ ਉਨ੍ਹਾਂ ਦਾ ਕੰਮ ਚਲ ਜਾਂਦਾ ਹੈ, ਐਵੇਂ ਮੈਨੂੰ ਵੀ ਰੋਕਦਾ ਹੈ। ਪਰ ਉਂਜ ਕਵੀ ਹੋਣ ਕਰ ਕੇ ਮੈਨੂੰ ਉਨ੍ਹਾਂ ਦੀ ਵਰਤੀ ਉਪਮਾ (simile) ਪਸੰਦ ਆਈ। ਮੈਂ ਕਿਹਾ, 'ਭਰਪੂਰ ਸਿੰਘ ਜੀ, 'ਤੁਸੀਂ ਵੀ ਇਕ ਬੱਕਰੀ ਲੈ ਲਵੋ। ਹੋਰ ਨਹੀਂ ਤਾਂ ਦੁਧ ਦੇਣ ਦੇ ਕੰਮ ਤਾਂ ਆਏਗੀ।' ਮੈਂ ਦਿਲ ਵਿਚ ਸ਼ੁਕਰ ਕੀਤਾ ਉਨ੍ਹਾਂ ਨੇ ਬੱਕਰੀ ਦੀ ਥਾਂ ਜਾਂ ਸ਼ੇਰ ਦੀ ਥਾਂ ਕੁਝ ਹੋਰ ਨਹੀਂ ਸੀ ਕਹਿ ਦਿਤਾ। ਕੁਝ ਚੰਗੇ ਸ਼ਬਦ ਹੀ ਵਰਤੇ। ਅਸਲ ਵਿਚ ਉਹ ਬੜੇ ਸੁਹਿਰਦ ਤੇ ਸਾਊ ਵਿਅਕਤੀ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੂਨ 1970 ਵਿਚ ਨਵੀਂ ਬਣੀ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਦੀ ਸਥਾਪਨਾ ਲਈ ਇਕ ਰੀਡਰ-ਹੈੱਡ ਨਿਯੁਕਤ ਕਰਨਾ ਸੀ। ਮੈਂ ਵੀ ਉਮੀਦਵਾਰ ਸੀ ਤੇ ਹੋਰ 9-10 ਉਮੀਦਵਾਰ ਸਨ। ਜਦ ਅਸੀਂ ਸਾਰੇ ਇੰਟਰਵੀਊ ਲਈ ਹਾਜ਼ਰ ਹੋਏ ਤਾਂ ਯੂਨੀਵਰਸਿਟੀ ਦਾ ਆਰਜ਼ੀ ਦਫਤਰ ਖ਼ਾਲਸਾ ਕਾਲਜ ਬਿਲਡਿੰਗ ਦੇ ਪਿਛਲੇ ਪਾਸੇ ਐਗਰੀਚਲਰ ਵਿਭਾਗ ਦੀ ਨਵੀਂ ਇਮਾਰਤ ਵਿਚ ਸਥਿਤ ਹੋਣ ਕਰ ਕੇ ਉਮੀਦਵਾਰਾਂ ਦੇ ਬੈਠਣ ਲਈ ਕੋਈ ਕਮਰਾ ਨਹੀਂ ਸੀ। ਇਸ ਲਈ ਸਾਨੂੰ ਰਜਿਸਟਰਾਰ ਦੇ ਕਮਰੇ ਵਿਚ ਹੀ ਉਨ੍ਹਾਂ ਦੇ ਮੇਜ਼ ਦੇ ਸਾਮ੍ਹਣੇ ਸੱਜੀਆਂ ਕੁਝ ਕੁਰਸੀਆਂ ਤੇ ਬਿਠਾ ਦਿਤਾ ਗਿਆ। ਪਤਾ ਨਹੀਂ ਸ. ਭਰਪੂਰ ਸਿੰਘ ਨੂੰ ਕੀ ਸੁੱਝੀ, ਆਪਣੇ ਮੇਜ਼ ਤੇ ਬੈਠੇ ਫਾਈਲਾਂ ਦੇਖਦੇ ਹੋਏ ਅਚਾਨਕ ਬੋਲ ਉੱਠੇ, 'ਪ੍ਰੋ. ਸਾਹਿਬਾਨ! ਮੈਨੂੰ ਖੁਸ਼ੀ ਹੈ ਕਿ ਅੱਜ ਬੜਾ ਸ਼ੁਭ ਕਾਰਜ ਹੋਣ ਵਾਲਾ ਹੈ। ਸਾਡੀ ਯੂਨੀਵਰਸਿਟੀ ਦਾ ਪਹਿਲਾ ਅਧਿਆਪਕ ਚੁਣਿਆ ਜਾਣਾ ਹੈ। ਪਰ ਮੈਨੂੰ ਤਾਂ ਜਾਪਦਾ ਹੈ ਕਿ ਪ੍ਰੋ. ਦੀਵਾਨ ਸਿੰਘ ਤੁਹਾਡੇ ਵਿਚ ਲਾੜੇ ਵਾਂਗ ਸੱਜ ਰਹੇ ਹਨ ਤੇ ਬਾਕੀ ਸਾਰੇ ਜਾਂਜੀ ਬਣ ਕੇ ਆਏ ਹਨ।' ਇਹ ਸੁਣ ਕੇ ਸਾਰੇ ਹੱਸਣ ਲੱਗ ਪਏ ਪਰ ਕੁਝ ਉਮੀਦਵਾਰ ਉਨ੍ਹਾਂ ਦੀ ਭਵਿੱਖ ਬਾਣੀ ਤੇ ਅੰਦਰੋਂ ਕੁਝ ਔਖੇ ਵੀ ਹੋਏ ਹੋਣਗੇ। ਅਸਲ ਵਿਚ ਸ. ਭਰਪੂਰ ਸਿੰਘ ਨੂੰ ਮੇਰੇ ਲੰਮੇ ਅਧਿਆਪਨ ਤਜਰਬੇ ਅਤੇ 1951 ਤੋਂ ਪੰਜਾਬੀ ਵਿਭਾਗ ਦੇ ਮੁਖੀ ਰਹੇ ਹੋਣ ਕਰ ਕੇ ਮੇਰੀ ਪੋਜ਼ੀਸ਼ਨ ਦਾ ਠੀਕ ਅੰਦਾਜ਼ਾ ਸੀ। ਨਾਲੇ ਉਹ ਮੇਰੇ ਪਰਮ-ਹਿਤੈਸ਼ੀ ਵੀ ਸਨ।

ਪ੍ਰਿੰ. ਹਰਨਰਿੰਦਰ ਸਿੰਘ (ਉਰਫ 'ਰਾਜਾ ਜੀ' ਨਾਲ ਸ. ਭਰਪੂਰ ਸਿੰਘ ਦੀ ਗੂੜ੍ਹੀ ਦੋਸਤੀ ਦਾ ਮੂਲ ਕਾਰਨ ਵੀ ਮੇਰੇ ਖਿਆਲ ਵਿਚ ਉਨ੍ਹਾਂ ਦੋਹਾਂ ਦਾ ਪੱਕੇ ਹਾਸ-ਰਸੀਏ ਹੋਣਾ ਹੈ। ਦੋਵੇਂ ਇਕੱਠੇ ਹੋਣ ਤਾਂ ਲਤੀਫ਼ਿਆਂ ਦੀਆਂ ਖੂਬ ਫੁਲਝੜੀਆਂ ਚਲਦੀਆਂ ਹਨ। ਦੋਹਾਂ ਨੂੰ ਗੱਲ ਬਹੁਤ ਫੁਰਦੀ ਹੈ ਤੇ ਦੋਹਾਂ ਦਾ ਹਿਰਦਾ ਬਹੁਤ ਵਿਸ਼ਾਲ ਹੈ। ਹਾਸ ਰਸ ਕਦੀ ਤੰਗ-ਦਿਲੀ ਵਿਚੋਂ ਨਹੀਂ ਨਿਕਲਦਾ, ਇਹ ਸਦਾ ਹੀ ਖੁਲ੍ਹਦਿਲੀ ਵਿਚੋਂ ਉਪਜਦਾ ਹੈ। ਇਕ ਦਿਨ ਯੂਨੀਵਰਸਿਟੀ ਵਿਚੋਂ ਅਸੀਂ ਕੁਝ ਪ੍ਰੋਫੈਸਰ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦਾ ਕਿਸੇ ਪੱਖ ਤੋਂ ਨਿਰੀਖਣ ਕਰਨ ਯੂਨੀਸਰਸਿਟੀ ਗੱਡੀ ਵਿਚ ਗਏ। ਰਾਜਾ ਜੀ ਨੇ ਸਾਡਾ ਨਿੱਘਾ ਸਵਾਗਤ ਕੀਤਾ ਤੇ ਆਪਣੇ ਦਫਤਰ ਦੇ ਕਮਰੇ ਵਿਚ ਬਿਠਾ ਕੇ ਸਾਡਾ ਹਾਲ ਚਾਲ ਪੁੱਛਿਆ। ਫਿਰ ਕਹਿਣ ਲੱਗੇ, 'ਪ੍ਰੋ. ਸਾਹਿਬਾਨ! ਆਪ ਦਾ ਆਉਣਾ ਸਿਰ ਮੱਥੇ ਪਰ ਇਹ ਦੱਸੋ ਕਿ ਕੀ ਖਾਓਂ ਪੀਓਂਗੇ? ਜੇ ਕਹੋਂ ਤਾਂ ਹੋਸਟਲ ਦੇ ਲੰਗਰ ਵਿਚ ਵਧੀਆ ਖਾਣਾ ਤਿਆਰ ਕਰਵਾ ਦੇਈਏ। ਜੇ ਕਹੋਂ ਤਾਂ ਗਰਮ ਗਰਮ ਦੁਧ ਮੰਗਾ ਦੇਈਏ। ਜੇ ਕਹੋਂ ਤਾਂ ਚਾਹ ਤੇ ਸਮੋਸੇ ਝਟਪਟ ਮੰਗਾ ਦੇਈਏ। ਜਾਂ ਫਿਰ ਕਹੋਂ ਤਾਂ ਦੁਧ ਸੋਡਾ ਮੰਗਾ ਲਈਏ। ਬੱਸ ਆਪ ਦੇ ਹੁਕਮ ਕਰਨ ਦੀ ਦੇਰ ਹੈ।' ਮੈਂ ਕਿਹਾ, 'ਰਾਜਾ ਜੀ! ਆਪ ਦੀ ਪ੍ਰਾਹੁਣਚਾਰੀ ਤੇ ਸਾਨੂੰ ਕੋਈ ਸ਼ੱਕ ਨਹੀਂ ਪਰ ਮੁਸ਼ਕਲ ਇਹ ਹੈ ਕਿ ਏਨੀਆਂ ਚੀਜ਼ਾਂ ਦੇ ਨਾਂ ਆਪ ਨੇ ਲੈ ਲਏ ਹਨ ਕਿ ਸਾਨੂੰ ਫੈਸਲਾ ਕਰਨਾ ਔਖਾ ਹੋ ਗਿਆ ਹੈ। ਤੁਸੀਂ ਪਹਿਲਾਂ ਸਾਦਾ ਪਾਣੀ ਮੰਗਾ ਦਿਓ, ਫਿਰ ਆਪਾਂ ਦੇਖਾਂਗੇ।' ਇਸ ਤੇ ਸਾਰੇ ਹੱਸਣ ਲੱਗ ਪਏ ਤੇ ਮਾਹੌਲ ਹੋਰ ਸੁਖਾਵਾਂ ਹੋ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦਿਨ ਸ, ਭਰਪੂਰ ਸਿੰਘ ਨੇ ਇਕ ਲਤੀਫਾ ਸੁਣਾਇਆ । ਦੋ ਉਰਦੂ ਦੇ ਵੱਡੇ ਸ਼ਾਇਰ ਆਪਸ ਵਿਚ ਆਪਣੀ ਵਡਿਆਈ ਦੀ ਸ਼ੇਖੀ ਮਾਰਨ ਲੱਗੇ । ਉਨ੍ਹਾਂ 'ਚੋਂ ਇਕ ਦੂਜੇ ਨੂੰ ਕਹਿਣ ਲੱਗਾ, 'ਅਮਾ ! ਹਿੰਦੋਸਤਾਨ ਮੈਂ ਅਬ ਲੇ ਦੇ ਕੇ ਦੋ ਹੀ ਤੋ ਬੜੇ ਸ਼ਾਇਰ ਬਾਕੀ ਰਹਿ ਗਏ ਹੈਂ । ਸ਼ਾਇਰੋਂ ਕਾ ਤੋ ਅਬ ਬਸ ਕਹਿਤ (ਅਰਥਾਤ ਕਾਲ) ਹੀ ਸਮਝੋ । ਏਕ ਤੋ ਮਾਸ਼ਅੱਲਾ ! ਮੈਂ ਹੂੰ ਔਰ ਏਕ ਆਪ ਹੈਂ । ਔਰ ਅਮਾਂ ! ਅਗਰ ਗ਼ੌਰ ਸੇ ਦੇਖਾ ਜਾਏ ਤੋ ਆਪ ਭੀ ਕਿਆ ਹੈਂ ? ਮੈਂ ਹੀ ਮੈਂ ਹੂੰ ।' ਸੱਚ ਹੈ ਇਕ ਜੰਗਲ ਵਿਚ ਦੋ ਸ਼ੇਰ ਨਹੀਂ ਰਹਿ ਸਕਦੇ ।

ਮੈਂ ਜਦ ਵੀ ਉਨ੍ਹਾਂ ਦੇ ਕਮਰੇ ਵਿਚ ਕਿਸੇ ਕੰਮ ਜਾਣਾ, ਤਾਂ ਉਹ ਆਮ ਤੌਰ ਤੇ ਫਾਈਲਾਂ ਦੇ ਚੱਕਰ ਵਿਚ ਫਸੇ ਹੁੰਦੇ । ਕੋਈ ਸੁਪ੍ਰਡੰਟ ਜਾਂ ਅਸਿਸਟੰਟ ਖਲੋ ਕੇ ਫਾਈਲਾਂ ਦਿਖਾ ਰਿਹਾ ਹੁੰਦਾ । ਮੇਰੇ ਜਾਣ ਤੇ ਉਨ੍ਹਾਂ ਨੇ ਸੁਆਗਤ ਦੇ ਕੁਝ ਅਤਿ ਮਿੱਠੇ ਸ਼ਬਦ ਬੋਲ ਕੇ ਉਸ ਕਰਮਚਾਰੀ ਨੂੰ ਕਹਿਣਾ, 'ਯਾਰ ਤੁਸੀਂ ਕੀ ਹਰ ਵੇਲੇ ਫ਼ਾਈਲਾਂ ਮੇਰੇ ਸਿਰ ਤੇ ਚਾੜ੍ਹੀ ਰਖਦੇ ਹੋ । ਵੇਖਦੇ ਨਹੀਂ, ਪ੍ਰੋ. ਸਾਹਿਬ ਆਏ ਹਨ । ਇਹ ਸਾਡੇ ਪਾਸ ਕਦੋਂ ਆਉਂਦੇ ਹਨ ? ਛੱਡੋ ਫਾਈਲਾਂ । ਠਹਿਰ ਕੇ ਆਇਓ ।' ਫਿਰ ਚਪੜਾਸੀ ਨੂੰ ਬੁਲਾ ਕੇ ਕਹਿਣਾ, 'ਵਧੀਆ ਚਾਹ ਬਣਾ ਕੇ ਲਿਆ ਤੇ ਨਾਲ ਵੀ ਕੁਝ ਲਿਆ ।' ਫਿਰ ਬੜੇ ਮਿੱਠੇ ਲਹਿਜੇ ਵਿਚ ਗੱਲ ਬਾਤ ਕਰਨੀ ਤੇ ਹਾਲ ਚਾਲ ਪੁੱਛਣਾ । ਭਾਵੇਂ ਇਹ ਗੱਲ ਮਾਮੂਲੀ ਜਾਪਦੀ ਹੈ । ਪਰ ਬੜੇ ਥੋੜੇ ਅਫ਼ਸਰ ਅਜੇਹਾ ਵਤੀਰਾ ਪ੍ਰਗਟ ਕਰਦੇ ਹਨ । ਬਹੁਤੇ ਤਾਂ ਅੱਕੇ ਹੋਏ ਤੇ ਸੜੇ ਹੋਏ ਮੱਥੇ ਨਾਲ ਪੇਸ਼ ਆਉਂਦੇ ਹਨ । ਮੈਨੂੰ ਇਹ ਨਾਟਕੀ ਢੰਗ ਸ. ਭਰਪੂਰ ਸਿੰਘ ਦੀ ਇਕ ਖਾਸ ਵਡਿੱਤਣ ਜਾਪਦੀ ਸੀ । ਇਹੋ ਕਾਰਨ ਹੈ ਕਿ ਉਹ ਗੁਰੂ ਨਾਨਕ ਦੇਵ, ਯੂਨੀਵਰਸਿਟੀ ਵਿਚੋਂ ਜਾ ਕੇ ਕਈ ਸਾਲ ਪੰਜਾਬ ਸਕੂਲ ਸਿਖਿਆ ਬੋਰਡ ਦੇ ਚੇਅਰਮੈਨ ਰਹੇ ਤੇ ਹੁਣ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਦੇ ਪ੍ਰਿੰਸੀਪਲ ਹਨ । ਅਜੇਹੇ ਵਧੀਆ ਪ੍ਰਬੰਧਕ ਸਿੱਖਾਂ ਵਿਚ ਬਹੁਤ ਘਟ ਹਨ । ਉਹ ਹੁਣ ਰਾਜਨੀਤੀ ਤੋਂ ਲਗਪਗ ਇਕ ਪਾਸੇ ਹੋ ਗਏ ਹਨ ।

ਛੋਟੀ ਲੜਕੀ ਅਤੇ ਲੜਕਿਆਂ ਦੀ ਸ਼ਾਦੀ

ਯੂਨੀਵਰਸਿਟੀ ਵਿਚ ਰਹਿੰਦਿਆਂ ਨਵੰਬਰ 1979 ਵਿਚ ਸਭ ਤੋਂ ਛੋਟੀ ਲੜਕੀ ਖੁਸ਼ਦੀਪ ਕੌਰ ਦੀ ਸ਼ਾਦੀ ਫਲਾਈਇੰਗ ਅਫਸਰ ਦਲਬੀਰ ਸਿੰਘ ਸੰਧੂ ਸਪੁਤਰ ਸ. ਅਜੀਤ ਸਿੰਘ ਸੰਧੂ (ਰਿਟਾਇਰਡ ਇੰਸਪੈਕਟਰ ਪੁਲੀਸ) ਵਾਸੀ ਪਿੰਡ ਛਿੱਡਨ ਨਾਲ ਕੀਤੀ ਗਈ । ਇਹ ਸ਼ਾਦੀ ਯੂਨੀਵਰਸਿਟੀ ਕੈਂਪਸ ਤੇ ਹੀ ਕੀਤੀ ਗਈ ।

ਨਵੰਬਰ 1980 ਵਿਚ ਜੈਦੀਪ ਸਿੰਘ ਦੀ ਸ਼ਾਦੀ ਸ. ਦਲਜੀਤ ਸਿੰਘ ਕਾਹਲੋਂ (ਵਾਸੀ ਪਿੰਡ ਤੂਰਾਂ ਨੇੜੇ ਦਸੂਹਾ) ਦੀ ਸਪੁਤਰੀ ਬੀਬੀ ਸੁਰਿੰਦਰ ਕੌਰ ਨਾਲ ਵੱਡੇ ਦਾਮਾਦ ਕਰਨਲ ਸਾਹੀ ਅਤੇ ਬੀਬੀ ਹਰਜੀਤ ਪਾਸ ਜਲੰਧਰ ਛਾਉਣੀ ਵਿਚ, ਦੋਹਾਂ ਟੱਬਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਸਹੂਲਤ ਨੂੰ ਮੁੱਖ ਰਖ ਕੇ ਕੀਤੀ ਗਈ । ਬਰਾਤ ਸਕਾਈਲਾਰਕ ਹੋਟਲ, ਜਲੰਧਰ ਵਿਚ ਢੁਕੀ ।

ਅਜੀਤ ਸਿੰਘ ਦੀ ਸ਼ਾਦੀ ਨਵੰਬਰ 1982 ਨੂੰ ਬੀਬੀ ਪਰਮਜੀਤ ਕੌਰ ਸਪੁਤਰੀ ਡਾ. ਬਾਬੂ ਸਿੰਘ ਛੀਨਾ (ਰਿਟਾਇਰਡ ਜ਼ਿਲਾ ਪਸ਼ੂ ਪਾਲਣ ਅਫਸਰ) ਵਾਸੀ ਜਗਰਾਉਂ, ਨਾਲ ਰਚਾਈ ਗਈ । ਬਰਾਤ ਲੁਧਿਆਣੇ 'ਅਪਾਰ ਗੈਸਟ ਹਾਊਸ' ਵਿਚ ਢੁਕੀ । ਹੁਣ ਡਾ. ਪਰਮਜੀਤ ਕੌਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰੀਡਰ ਹੈ ।

ਇਕ ਭਿਆਨਕ ਹਾਦਸਾ

ਸਤੰਬਰ 1971 ਵਿਚ ਦਾਮਾਦ ਕੈਪਟਨ ਸੁਰਿੰਦਰਪਾਲ ਸਿੰਘ (ਜੋ ਫੌਜ ਦੀ ਨੌਕਰੀ ਛੱਡ ਕੇ ਪੰਜਾਬ ਮਾਰਕਫੈਡ ਅਧੀਨ ਹੁਸ਼ਿਆਰਪੁਰ, ਡਿਸਟਰਿਕਟ ਮੈਨੇਜਰ ਲੱਗਾ ਸੀ) ਅਤੇ ਬੀਬੀ ਹਰਪ੍ਰੀਤ ਕੌਰ, ਵਕੀਲ ਸ. ਹਜ਼ਾਰਾ ਸਿੰਘ ਜੀ ਸਮੇਤ ਆਪਣੀ ਕਾਰ ਵਿਚ ਦਿੱਲੀ ਤੋਂ ਵਾਪਸ ਆ ਰਹੇ ਸਨ ਕਿ ਉਨ੍ਹਾਂ ਦੇ ਡਰਾਈਵਰ ਤੋਂ ਕਾਰ ਬੇਕਾਬੂ ਹੋ ਜਾਣ ਨਾਲ ਪਾਨੀਪਤ ਦੇ ਨੇੜੇ ਕਾਰ ਨੂੰ ਹਾਦਸਾ ਪੇਸ਼ ਆ ਗਿਆ, ਜਿਸ ਨਾਲ ਕੈਪਟਨ ਤੇ ਬੀਬੀ ਦਾ ਇਕਲੌਤਾ ਲੜਕਾ ਲਾਲ ਜੀ ਜੋ ਇਕ ਸਾਲ ਦਾ ਸੀ ਚਲਾਣਾ ਕਰ ਗਿਆ ਅਤੇ ਹਰਪ੍ਰੀਤ ਕੌਰ ਸਿਰ ਤੇ ਭਾਰੀ ਚੋਟ ਲੱਗਣ ਨਾਲ ਬੇਹੋਸ਼ ਹੋ ਗਈ । ਕੈਪਟਨ ਅਤੇ ਉਸ ਦੇ ਪਿਤਾ ਜੀ ਨੂੰ ਵੀ ਸੱਟਾਂ ਲੱਗੀਆਂ । ਖਬਰ ਮਿਲਣ ਤੇ ਅਸੀਂ ਪਾਨੀਪਤ ਪਹੁੰਚੇ ਅਤੇ ਉਥੋਂ ਜ਼ਖਮੀ ਪਰਿਵਾਰ ਨੂੰ ਗੱਡੀ ਵਿਚ ਸ੍ਰੀ ਅੰਮ੍ਰਿਤਸਰ ਲਿਆਂਦਾ । ਹਰਪ੍ਰੀਤ ਇਕ ਹਫਤਾ ਬੇਹੋਸ਼ ਰਹੀ, ਫਿਰ ਡਾ. ਗੁਰਮੇਲ ਸਿੰਘ ਅਤੇ ਡਾ. ਸੁਲੱਖਣ ਸਿੰਘ ਦੇ ਇਲਾਜ ਨਾਲ ਇਕ ਮਹੀਨੇ ਬਾਅਦ ਰਾਜ਼ੀ ਹੋ ਗਈ ਪਰੰਤੂ ਉਸ ਨੂੰ ਬੱਚੇ ਦੇ ਅਚਾਨਕ ਗੁਜ਼ਰ ਜਾਣ ਦਾ ਡੂੰਘਾ ਦੁੱਖ ਕਈ ਮਹੀਨੇ ਪਰੇਸ਼ਾਨ ਕਰਦਾ ਰਿਹਾ ।

ਕਿਲ੍ਹੇ ਵਾਲੇ ਸੰਤਾਂ ਦੀ ਬਖਸ਼ਿਸ਼

ਜਿਵੇਂ ਉਪਰ ਜ਼ਿਕਰ ਆਇਆ ਹੈ ਸਾਡੇ ਪਰਿਵਾਰ, ਖਾਸ ਕਰ ਕੇ ਹਰਪ੍ਰੀਤ ਕੌਰ ਨੂੰ, ਸੰਤ ਬਾਬਾ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆਂ ਉਤੇ ਵਿਸ਼ੇਸ਼ ਸ਼ਰਧਾ ਤੇ ਵਿਸਵਾਸ ਸੀ, ਇਸ ਲਈ ਅਸੀਂ ਕੈਪਟਨ ਐਸ. ਪੀ. ਸਿੰਘ ਅਤੇ ਹਰਪ੍ਰੀਤ ਕੌਰ ਨੂੰ ਨਾਲ ਲੈ ਕੇ 1971 ਦੇ ਅੰਤ (ਨਵੰਬਰ ਜਾਂ ਦਸੰਬਰ) ਵਿਚ ਸੰਤ ਜੀ ਮਹਾਰਾਜ ਪਾਸ ਹਾਜ਼ਰ ਹੋਏ ਅਤੇ ਕਾਕਾ ਜੀ ਦੇ ਦੇਹਾਂਤ ਬਾਰੇ ਬੇਨਤੀ ਕੀਤੀ ਅਤੇ ਉਨ੍ਹਾਂ ਪਾਸੋਂ ਬੱਚੇ ਦੀ ਦਾਤ ਮੰਗੀ। ਬਾਬਾ ਜੀ ਬੜੇ ਦਿਆਵਾਨ ਅਤੇ ਕਿਰਪਾਲੂ ਪੁਰਸ਼ ਸਨ, ਉਨ੍ਹਾਂ ਨੇ ਹੌਸਲਾ ਦਿਤਾ ਅਤੇ ਬੀਬੀ ਨੂੰ ਕਿਹਾ ਕਿ ਸਵੇਰੇ ਅਸ਼ਨਾਨ ਕਰ ਕੇ ਜਪੁਜੀ ਤੇ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰੋ, ਵਾਹਿਗੁਰੂ ਭਲੀ ਕਰੇਗਾ । ਅਸੀਂ ਇਸ ਅਸ਼ੀਰਵਾਦ ਨਾਲ ਸੰਤੁਸ਼ਟ ਹੋ ਗਏ ਕਿਉਂਕਿ ਸਾਧ-ਬਚਨ ਅਟੱਲ ਹੁੰਦਾ ਹੈ । ਸਤਿਗੁਰੂ ਦੀ ਕਿਰਪਾ ਨਾਲ ਇਕ ਸਾਲ ਦੇ ਅੰਦਰ ਹੀ (18 ਅਕਤੂਬਰ 1972) ਨੂੰ ਸਾਨੂੰ ਦੁਬਾਰਾ ਭੁਜੰਗੀ ਦੀ ਦਾਤ ਪ੍ਰਾਪਤ ਹੋ ਗਈ। ਕਾਕੇ ਦਾ ਨਾਂ ਸੁਖਮਨੀ ਸਾਹਿਬ ਦੀ ਬਾਰ੍ਹਵੀਂ ਅਸਟਪਦੀ ਦੇ ਅੰਤ ਵਿਚ ਆਏ ਸ਼ਬਦਾਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਰਕਤ ਵਜੋਂ ਲੈ ਕੇ ਮਨਪ੍ਰੀਤ ਸਿੰਘ ਰਖਿਆ ਗਿਆ ।

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥
ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥ (12, 8)

1971 ਦੀ ਹਿੰਦ-ਪਾਕ ਜੰਗ

ਦਸੰਬਰ 1971 ਦੀ ਇਹ ਜੰਗ ਵੀ 1965 ਦੀ ਜੰਗ ਵਾਂਗ ਅਤਿ ਭਿਆਨਕ ਸੀ। ਪਰੰਤੂ ਫ਼ਰਕ ਇਹ ਸੀ ਕਿ ਇਸ ਵਿਚ ਲੜਾਈ ਦਾ ਜ਼ੋਰ ਪੰਜਾਬ ਦੀ ਥਾਂ ਬੰਗਲਾ ਦੇਸ਼ ਵਾਲੇ ਪਾਸੇ ਸੀ। ਫਿਰ ਵੀ ਸ੍ਰੀ ਅੰਮ੍ਰਿਤਸਰ ਵਿਚ ਹਵਾਈ ਹਮਲੇ, ਬਲੈਕ ਆਊਟ, ਬੰਬ ਡਿੱਗਣ ਦਾ ਖਤਰਾ, ਤੋਪਾਂ ਦੀ ਗਰਜ ਤੇ ਗੋਲਾ ਬਾਰੀ ਅੱਗੇ ਵਾਂਗ ਸੀ। ਅਸੀਂ ਬੱਚਿਆਂ ਨੂੰ ਹੁਸ਼ਿਆਰਪੁਰ ਆਪਣੇ ਦਾਮਾਦ ਕੈਪਟਨ ਐਸ. ਪੀ. ਸਿੰਘ ਤੇ ਬੀਬੀ ਹਰਪ੍ਰੀਤ ਕੌਰ ਪਾਸ ਭੇਜ ਦਿਤਾ, ਕਿਉਂਕਿ ਖ਼ਾਲਸਾ ਕਾਲਜ ਵਿਚ ਬਹੁਤ ਖਤਰਾ ਤੇ ਸਹਿਮ ਸੀ। ਮੈਂ ਤੇ ਚਰਨਜੀਤ ਕੌਰ ਆਪਣੇ ਕਵਾਟਰ ਵਿਚ ਰਾਖੀ ਲਈ ਠਹਿਰੇ ਪਰ ਰਾਤ ਨੂੰ ਵੱਡੀਆਂ ਤੋਪਾਂ ਦੀ ਗਰਜ ਤੇ ਧਮਕ ਅਤੇ ਹਵਾਈ ਹਮਲੇ ਦੇ ਡਰ ਕਾਰਨ ਅਸੀਂ ਸ਼ਾਮ ਨੂੰ ਹਨੇਰੇ ਵਿਚ ਪੈਦਲ (ਕਿਉਂਕਿ ਉਦੋਂ ਰਿਕਸ਼ੇ ਟਾਂਗੇ ਆਦਿ ਚਲਣੇ ਬੰਦ ਹੋ ਗਏ ਸਨ) ਆਪਣੇ ਮਿੱਤਰ ਪ੍ਰੋਫੈਸਰ ਨਰੋਤਮ ਸਿੰਘ ਦੇ ਘਰ ਸੁਲਤਾਨ ਵਿੰਡ ਗੇਟ ਦੇ ਨੇੜੇ ਜਾ ਠਹਿਰਦੇ ਅਤੇ ਸਵੇਰੇ ਲੋ ਲਗਦੇ ਹੀ ਪੈਦਲ ਕਾਲਜ ਵਿਚ ਆ ਜਾਂਦੇ ਤਾਂ ਜੋ ਇਹ ਪ੍ਰਭਾਵ ਪਏ ਕਿ ਅਸੀਂ ਕਵਾਟਰ ਵਿਚ ਹੀ ਰਹਿੰਦੇ ਹਾਂ ਅਤੇ ਚੋਰੀ ਤੋਂ ਬਚ ਜਾਈਏ। ਹਰ ਪਾਸੇ ਸੁੰਨਸਾਨ ਜੇਹੀ ਹਾਲਤ ਸੀ। ਸ਼ਹਿਰ ਬਹੁਤ ਸਾਰਾ ਖਾਲੀ ਹੋ ਚੁੱਕਾ ਸੀ ਅਤੇ ਕਾਲਜ ਦੇ ਕਵਾਟਰ ਵੀ ਬਹੁਤੇ ਖਾਲੀ ਸਨ, ਜਾਂ ਇੱਕਾ ਦੁੱਕਾ ਆਦਮੀ ਰਾਖੀ ਲਈ ਰਹਿੰਦਾ ਸੀ।

ਕਿਲ੍ਹੇ ਵਾਲੇ ਸੰਤਾਂ ਦੀ ਇਕ ਹੋਰ ਕਿਰਪਾ

ਫਿਰ ਸਾਡੇ ਲਈ ਇਕ ਹੋਰ ਬਿਪਤਾ ਆ ਪਈ। ਸਾਡਾ ਵੱਡਾ ਦਾਮਾਦ ਮੇਜਰ ਕੁਲਬੀਰ ਸਿੰਘ ਸਾਹੀ 1971 ਦੀ ਜੰਗ ਵਿਚ ਬੰਗਲਾ ਦੇਸ਼ ਦੇ ਪੂਰਬੀ ਹਿੱਸੇ ਵਿਚ ਲੜ ਰਿਹਾ ਸੀ ਅਤੇ ਉਸ ਦੇ ਜ਼ਖਮੀ ਹੋਣ ਦੀ ਅਫਵਾਹ ਫੈਲ ਰਹੀ ਸੀ। ਸਾਨੂੰ ਭਾਰੀ ਪ੍ਰੇਸ਼ਾਨੀ ਹੋ ਰਹੀ ਸੀ। ਅਸੀਂ ਸ੍ਰੀ ਦਰਬਾਰ ਸਾਹਿਬ ਜਾ ਕੇ ਅਰਦਾਸ ਕੀਤੀ (ਉਹੀ ਰੋਜ਼ ਵਾਂਗ ਬਲੈਕ ਆਊਟ ਵਿਚ ਕਾਲਜ ਤੋਂ ਸੁਲਤਾਨ ਵਿੰਡ ਗੇਟ ਜਾਂਦੇ ਹੋਏ ਰਾਹ ਵਿਚ)। ਉਧਰ ਬੀਬੀ ਹਰਜੀਤ ਕੌਰ ਆਪਣੇ ਸਹੁਰੇ ਉੱਚਾ ਪਿੰਡ ਸੰਘੋਲ ਵਿਚ ਰਾਤ ਦਿਨ ਫਿਕਰ ਵਿਚ ਗੁਜ਼ਾਰ ਰਹੀ ਸੀ। ਉਸ ਨੇ ਇਕ ਦਿਨ ਸਵੇਰੇ ਪਾਠ ਕਰਕੇ ਸੰਤ ਬਾਬਾ ਕਿਲ੍ਹੇ ਵਾਲਿਆਂ ਨੂੰ ਯਾਦ ਕੀਤਾ ਅਤੇ ਬੜੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਉਸ ਦੇ ਪਤੀ ਦੀ ਜਾਨ ਬਚ ਜਾਏ। ਦੋ ਕੁ ਦਿਨ ਬਾਅਦ ਸਾਨੂੰ ਇਕ ਤਾਰ ਮੇਜਰ ਸਾਹੀ ਦੇ ਜ਼ਖਮੀ ਹੋਣ ਅਤੇ ਪਿੱਛੇ ਹਸਪਤਾਲ ਵਿਚ ਦਾਖਲ ਹੋਣ ਬਾਰੇ ਮਿਲ ਗਈ। ਫਿਰ ਉਸ ਦਾ ਪੱਤਰ ਆਇਆ ਕਿ ਉਸ ਦੀ ਜਾਨ ਬਚ ਗਈ ਹੈ ਅਤੇ ਜ਼ਖਮ ਠੀਕ ਹੋ ਰਹੇ ਹਨ। ਸਾਨੂੰ ਤਸੱਲੀ ਹੋ ਗਈ। ਜਦ ਦੋ ਮਹੀਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਅਦ ਉਹ ਛੁਟੀ ਆਇਆ ਤਾਂ ਅਸੀਂ ਸਾਰੇ ਸ਼ੁਕਰਾਨੇ ਵਜੋਂ ਸੰਤ ਬਾਬਾ ਜੀ ਪਾਸ ਪਹੁੰਚੇ। ਮੇਜਰ ਸਾਹੀ ਨੂੰ ਦੇਖ ਕੇ ਬਾਬਾ ਜੀ ਨੇ ਬਚਨ ਕੀਤਾ : 'ਬੜਾ ਔਖਾ ਵਕਤ ਸੀ ਪਰ ਰੱਖਣ ਵਾਲੇ ਨੇ ਰੱਖ ਲਿਆ।'

ਸੰਤ ਬਾਬਾ ਨਿਸਚਲ ਸਿੰਘ ਜੀ ਦੇ ਦਰਸ਼ਨ

ਯਮਨਾ ਨਗਰ ਦੇ ਪ੍ਰਸਿੱਧ ਸੰਤ ਬਾਬਾ ਨਿਸਚਲ ਸਿੰਘ ਜੀ ਦੀ ਆਤਮਕ ਉੱਚਤਾ ਬਾਰੇ ਮੈਂ ਕਈ ਸਾਲ ਪਹਿਲਾਂ ਤੋਂ ਬੜੀ ਸ਼ੁਹਰਤ ਸੁਣੀ ਹੋਈ ਸੀ ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਮਨ ਵਿਚ ਬੜੀ ਤਾਂਘ ਸੀ। ਸੰਨ 1972 ਵਿਚ ਮੈਂ ਅਤੇ ਚਰਨਜੀਤ ਕੌਰ ਨੇ ਉਨ੍ਹਾਂ ਦੇ ਦਰਸ਼ਨ ਲਈ ਜਾਣ ਦਾ ਅਤੇ ਉਥੋਂ ਅੱਗੇ ਸ੍ਰੀ ਪਾਉਂਟਾ ਸਾਹਿਬ ਦੀ ਯਾਤਰਾ ਦਾ ਪ੍ਰੋਗਰਾਮ ਬਣਾਇਆ। ਯਮਨਾ ਨਗਰ ਜਾ ਕੇ ਅਸੀਂ ਸ. ਸਵਰਨ ਸਿੰਘ (ਆਪਣੇ ਪੁਰਾਣੇ ਪਿੰਡ ਚਕ 115 ਜਨੂਬੀ ਦੇ ਹਾਣੀ ਤੇ ਮਿੱਤਰ) ਪਾਸ ਠਹਿਰੇ। ਸ਼ਾਮ ਵੇਲੇ ਸੰਤ ਬਾਬਾ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਨੂੰ ਮਿਲ ਕੇ ਸਾਡੀ ਆਤਮਾ ਵਿਚ ਖੇੜਾ ਅਤੇ ਸ਼ਾਂਤੀ ਭਰ ਗਈ। ਇਸ ਮੇਲ ਬਾਰੇ ਮੈਂ ਵਿਸਤਾਰ ਸਹਿਤ ਪੁਸਤਕ 'ਹਮ ਸੰਤਾਨ ਕੀ ਰੇਨੁ' ਵਿਚ ਲਿਖਿਆ ਹੈ। ਇਸ ਯਾਤਰਾ ਤੋਂ ਬਾਅਦ ਦੋ ਤਿੰਨ ਵਾਰ ਸਾਨੂੰ ਉਨ੍ਹਾਂ ਦੇ ਡੇਰੇ ਜਾ ਕੇ ਦਰਸ਼ਨ ਕਰਨ ਦੀ ਖੁਸ਼ੀ ਪ੍ਰਾਪਤ ਹੋਈ।

ਸ੍ਰੀ ਪਾਉਂਟਾ ਸਾਹਿਬ ਦੇ ਦਰਸ਼ਨ

ਬੜੇ ਚਿਰ ਤੋਂ ਸਾਡੇ ਮਨ ਵਿਚ ਸ੍ਰੀ ਪਾਉਂਟਾ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਸੀ। ਯਮਨਾ ਨਗਰ ਰਾਤ ਰਹਿ ਕੇ ਸਵੇਰੇ ਅਸੀਂ ਉਥੋਂ ਬਸ ਵਿਚ ਸ੍ਰੀ ਪਾਂਉਂਟਾ ਸਾਹਿਬ ਪੁੱਜੇ ਅਤੇ ਦਰਿਆ ਜਮਨਾ ਦੇ ਸੱਜੇ ਕੰਢੇ ਤੇ ਬਣਿਆ ਅਤਿ ਸੁੰਦਰ ਗੁਰਦਵਾਰਾ ਅਤੇ ਅਤਿ ਸੁਹਾਣਾ ਚੌਗਿਰਦਾ ਅਤੇ ਵਾਤਾਵਰਨ ਦੇਖ ਕੇ ਦਿਲ ਬਹੁਤ ਗਦ ਗਦ ਹੋਇਆ। ਦਰਿਆ ਜਮਨਾ ਦਾ ਵਹਾ ਉਥੇ ਪਹਾੜੀ ਇਲਾਕਾ ਹੋਣ ਕਰ ਕੇ ਬਹੁਤ ਤੇਜ਼ ਹੈ। ਦਰਿਆ ਦੇ ਖੱਬੇ ਕੰਢੇ ਤੇ ਬਹੁਤ ਉੱਚੇ ਪਹਾੜ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਜਮਨਾ ਦਰਿਆ ਗੁਰਦਵਾਰੇ ਤੋਂ ਉਤਲੇ ਪਾਸੇ ਬਹੁਤ ਸ਼ੋਰ ਮਚਾਂਦਾ ਆਉਂਦਾ ਹੈ ਪਰ ਗੁਰਦਵਾਰੇ ਦੇ ਨੇੜੇ ਆ ਕੇ ਬਿਲਕੁਲ ਸ਼ਾਂਤ ਅਤੇ ਬਿਨਾਂ ਸ਼ੋਰ ਦੇ ਲੰਘਦਾ ਹੈ। ਹਰ ਕੋਈ ਇਹ ਚਮਤਕਾਰ ਦੇਖ ਕੇ ਹੈਰਾਨ ਹੁੰਦਾ ਹੈ ਅਤੇ ਦਸਮੇਸ਼ ਗੁਰੂ ਜੀ ਦੇ ਉਥੇ ਨਿਵਾਸ ਕਰਨ ਦੇ ਫਲਸਰੂਪ ਇਹ ਚਮਤਕਾਰ ਵਾਪਰੇ ਹੋਣ ਦਾ ਵਿਸ਼ਵਾਸ ਧਾਰਨ ਕਰਦਾ ਹੈ।

ਅਸੀਂ ਗੁਰਦਵਾਰੇ ਦੇ ਰਮਨੀਕ ਚੌਗਿਰਦੇ ਤੇ ਜਲ-ਵਾਯੂ ਤੋਂ ਪ੍ਰਭਾਵਤ ਹੋ ਕੇ ਅਤੇ ਉਥੇ ਠਹਿਰਨ ਦਾ ਚੰਗਾ ਪ੍ਰਬੰਧ ਦੇਖ ਕੇ ਇਕ ਰਾਤ ਉਥੇ ਠਹਿਰੇ ਅਤੇ ਫਿਰ ਵਾਪਸ ਪਰਤ ਆਏ।

ਸ੍ਰੀ ਪਟਨਾ ਸਾਹਿਬ ਦੀ ਯਾਤਰਾ

ਚਰਨਜੀਤ ਕੌਰ ਦੀ ਵੱਡੀ ਭੈਣ ਗੁਰਦੀਪ ਕੌਰ ਅਤੇ ਮਾਤਾ ਜੀ ਬਾਲ ਕੌਰ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਦੀ ਪ੍ਰਬਲ ਇੱਛਾ ਸੀ। ਉਨ੍ਹਾਂ ਨੇ ਚਰਨਜੀਤ ਕੌਰ ਤੇ ਮੈਨੂੰ ਪ੍ਰੇਰਨਾ ਕੀਤੀ ਕਿ ਇਹ ਧਾਰਮਕ ਯਾਤਰਾ ਕਰ ਕੇ ਜਨਮ ਸਫਲ ਕਰੀਏ। ਮੈਂ 1959 ਵਿਚ (ਜਿਵੇਂ ਪਹਿਲਾਂ ਲਿਖਿਆ ਹੈ) ਅੰਮ੍ਰਿਤ ਪ੍ਰਚਾਰ ਸੰਗਤ ਨਾਲ ਇਸ ਮਹਾਨ ਤੀਰਥ ਦੇ ਦਰਸ਼ਨ ਕਰ ਆਇਆ ਸੀ ਪਰ ਮੈਂ ਦੁਬਾਰਾ ਦਰਸ਼ਨਾਂ ਲਈ ਤਿਆਰ ਹੋ ਗਿਆ। ਮਈ 1973 ਵਿਚ ਅਸੀਂ ਚਾਰੇ ਸ੍ਰੀ ਪਟਨਾ ਸਾਹਿਬ ਦੀ ਯਾਤਰਾ ਲਈ ਗਏ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਪਵਿਤਰ ਦਰਸ਼ਨ ਕਰ ਕੇ ਅਤੇ ਉਥੇ ਸਰਾਂ ਵਿਚ ਦੋ ਦਿਨ ਠਹਿਰ ਕੇ ਉਥੋਂ ਦੇ ਸਾਰੇ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਕੀਤੇ। ਫਿਰ ਅਸੀਂ ਉਥੋਂ ਕਲਕਤਾ ਦੀ ਸੈਰ ਲਈ ਚਲੇ ਗਏ ਅਤੇ ਉਥੇ ਸਵੇਰ ਤੋਂ ਸ਼ਾਮ ਤਕ ਇਕ ਟੈਕਸੀ ਲੈ ਕੇ ਵਿਕਟੋਰੀਆ ਮੈਮੋਰੀਅਲ, ਬੋਟੈਨੀਕਲ ਗਾਰਡਨ, ਚਿੜੀਆ ਘਰ, ਹਾਵੜਾ ਬਰਿਜ (ਪੁੱਲ), ਬੈਲੂਰ ਮੱਠ, ਡਾਇਮੰਡ ਹਾਰਬਰ ਆਦਿ ਦੇਖ ਕੇ ਗੁਰਦਵਾਰਾ ਬੜੀ ਸੰਗਤ ਦੇ ਦਰਸ਼ਨ ਕੀਤੇ। ਫਿਰ ਅਸੀਂ ਉਸੇ ਦਿਨ ਸ਼ਾਮ ਦੀ ਗੱਡੀ ਫੜ ਕੇ ਵਾਪਸ ਪਰਤ ਆਏ।

ਇਥੇ ਇਹ ਦੱਸਣਾ ਅਨੁਚਿਤ ਨਹੀਂ ਹੋਵੇਗਾ ਕਿ ਸਾਡੇ ਮਾਤਾ ਹਰਨਾਮ ਕੌਰ ਜੀ ਨੇ ਦੋ ਵਾਰੀ ਤੀਰਥ ਯਾਤਰਾ ਟਰੇਨ ਤੇ ਦੋ ਦੋ ਮਹੀਨੇ ਲਗਾ ਕੇ ਸਾਰੇ ਪ੍ਰਸਿੱਧ ਤੀਰਥਾਂ ਦੀ ਯਾਤਰਾ ਕਰ ਲਈ ਹੋਈ ਸੀ। ਇਸ ਲਈ ਉਹ ਸਾਡੇ ਨਾਲ ਇਸ ਮੌਕੇ ਤੇ ਨਹੀਂ ਗਏ।

ਪੂਜਯ ਮਾਤਾ ਜੀ ਦਾ ਸਦੀਵੀ ਵਿਛੋੜਾ

ਜੋ ਇਸ ਸੰਸਾਰ ਵਿਚ ਆਉਂਦਾ ਹੈ, ਅਵੱਸ਼ ਉਸ ਨੇ ਇਥੋਂ ਜਾਣਾ ਹੁੰਦਾ ਹੈ। ਜਿਸ ਚੀਜ਼ ਦਾ ਆਦਿ ਹੈ, ਉਸ ਦਾ ਅੰਤ ਵੀ ਜ਼ਰੂਰ ਹੈ। ਇਹ ਕੁਦਰਤ ਦਾ ਅਟੱਲ ਨਿਯਮ ਹੈ। ਇਹ ਪਰਮਾਤਮਾ ਦੀ ਖੇਡ ਹੈ।

1976 ਦੇ ਆਰੰਭ ਵਿਚ ਸੰਤ ਬਾਬਾ ਹਰਭਜਨ ਸਿੰਘ ਜੀ (ਉਰਫ ਸੰਤਾਂ ਜੀ) ਨੇ ਪੂਜਯ ਮਾਤਾ ਜੀ ਨੂੰ ਸਲਾਹ ਦਿੱਤੀ (ਉਦੋਂ ਮਾਤਾ ਜੀ ਦੀ ਆਯੂ ਅੱਸੀ ਸਾਲ ਤੋਂ ਉਪਰ ਹੋ ਚੁਕੀ ਸੀ) ਕਿ ਮਰਨ ਤੋਂ ਬਾਅਦ ਤਾਂ ਸੱਕੇ ਸਹੋਦਰੇ ਰਿਸ਼ਤੇਦਾਰ ਸਰਦਾ ਪੁੱਜਦਾ ਕਿਰਿਆ-ਕਰਮ, ਧਾਰਮਕ ਰਹੁ-ਰੀਤ ਅਤੇ ਦਾਨ ਪੁੰਨ ਕਰਦੇ ਹੀ ਹਨ ਪਰ ਚੰਗਾ ਹੋਵੇ ਜੇ ਉਹ ਆਪਣੇ ਜੀਉਂਦੇ ਜੀਅ ਅਖੰਡ ਪਾਠ ਕਰਵਾ ਕੇ ਤੇ ਗਰੀਬ ਗੁਰਬੇ ਨੂੰ ਖੁਲ੍ਹਾ ਯੱਗ ਕਰਕੇ ਭੋਜਨ ਛਕਾਉਣ ਅਤੇ ਹੋਰ ਵੀ ਜੋ ਹੋ ਸਕੇ ਪੁੰਨਦਾਨ ਕਰ ਦੇਣ। ਇਸ ਦਾ ਬਹੁਤਾ ਲਾਭ ਹੋਵੇਗਾ। ਇਹ ਸਲਾਹ ਮੰਨ ਕੇ ਮਾਤਾ ਜੀ ਨੇ ਸਾਡੇ ਪਿੰਡ ਉਪਲੀ (ਨੇੜੇ ਸੰਗਰੂਰ) ਵਿਚ ਭਾਈ ਇਕਬਾਲ ਸਿੰਘ ਅਤੇ ਉਨ੍ਹਾਂ ਦੇ ਲੜਕੇ ਸੁਖਦੇਵ ਸਿੰਘ ਦੇ ਪ੍ਰਬੰਧ ਹੇਠ ਜੂਨ 1976 ਵਿਚ ਇਹ ਅਖੰਡ ਪਾਠ ਅਤੇ ਯੱਗ ਆਦਿ ਕਰਵਾ ਦਿੱਤਾ। ਅਸੀਂ ਸਾਰਾ ਪਰਿਵਾਰ ਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਇਸ ਵਿਚ ਸ਼ਾਮਲ ਹੋਏ। ਇਸ ਤਰ੍ਹਾਂ ਇਹ ਸਮਝਿਆ ਗਿਆ ਕਿ ਮਾਤਾ ਜੀ ਨੇ ਆਪਣੀ ਜੀਵਨ ਯਾਤਰਾ ਦੀ ਸਮਾਪਤੀ ਦੀ ਤਿਆਰੀ ਕਰ ਲਈ ਹੈ।

ਇਸ ਤੋਂ ਬਾਅਦ ਮਾਤਾ ਜੀ ਆਪਣੇ ਛੋਟੇ ਲੜਕੇ ਅਮਰੀਕ ਸਿੰਘ ਪਾਸ ਚਕ 20

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀ ਜੀ (ਗੰਗਾ ਨਗਰ) ਜਾ ਠਹਿਰੇ। ਉਥੇ ਉਨ੍ਹਾਂ ਦੀ ਸਿਹਤ ਨਿਰੰਤਰ ਡਿਗਦੀ ਗਈ ਪਰ 1978 ਜਨਵਰੀ ਵਿਚ ਅਚਾਨਕ ਭੈਣ ਜੀ ਆਸ ਕੌਰ ਦੇ ਦੇਹਾਂਤ ਅਤੇ ਫਿਰ ਛੇਤੀ ਪਿਛੋਂ ਸਾਡੇ ਭਣੂਜੇ ਕੁਲਵੰਤ ਸਿੰਘ ਦੇ ਅਪ੍ਰੈਲ 1978 ਵਿਚ ਚਲਾਣੇ ਬਾਰੇ ਸੁਣ ਕੇ ਉਹ ਅਤਿਅੰਤ ਦੁਖੀ ਹੋਏ ਅਤੇ ਦਿਲ ਛੱਡ ਗਏ। ਜਦ ਉਹ ਬਹੁਤ ਕਮਜ਼ੋਰ ਹੋ ਗਏ ਤਾਂ ਇਲਾਜ ਲਈ ਭਾਈ ਇਕਬਾਲ ਸਿੰਘ ਉਨ੍ਹਾਂ ਨੂੰ ਅਗਸਤ 1981 ਵਿਚ ਚੰਡੀਗੜ੍ਹ ਆਪਣੇ ਪਾਸ ਲੈ ਆਏ। ਇਥੇ 16 ਅਕਤੂਬਰ 1981 ਨੂੰ ਉਹ ਪਰਲੋਕ ਸਿਧਾਰ ਜਏ। ਉਨ੍ਹਾਂ ਦੀ ਅਤਿਅੰਤ ਕਮਜ਼ੋਰੀ ਨੂੰ ਮੁੱਖ ਰੱਖ ਕੇ ਮੈਂ ਅਤੇ ਚਰਨਜੀਤ ਸਤੰਬਰ ਦੇ ਮਹੀਨੇ ਉਨ੍ਹਾਂ ਦੇ ਆਖਰੀ ਦਰਸ਼ਨ ਕਰ ਆਏ ਸੀ। ਚੰਡੀਗੜ੍ਹ ਵਿਚ ਹੀ ਉਨ੍ਹਾਂ ਦਾ ਸਸਕਾਰ, ਅੰਤਮ ਰਸਮਾਂ, ਪਾਠ-ਅਰਦਾਸ ਆਦਿ ਕੀਤੀਆਂ ਗਈਆਂ ਫਿਰ ਇਥੇ ਸ੍ਰੀ ਅੰਮ੍ਰਿਤਸਰ ਆ ਕੇ ਪਿੰਗਲਵਾੜੇ ਅਤੇ ਯਤੀਮ ਖਾਨੇ ਵਿਚ ਭਾਰੀ ਰਕਮ ਦਾਨ ਵਜੋਂ ਦਿੱਤੀ ਗਈ।

ਹਰ ਮਨੁੱਖ ਦੇ ਜੀਵਨ ਵਿਚ ਸਭ ਤੋਂ ਵੱਡਾ ਉਪਕਾਰ (ਇਹਸਾਨ) ਉਸ ਦੀ ਮਾਤਾ ਦਾ ਹੁੰਦਾ ਹੈ। ਇਸ ਲਈ ਹਰ ਮਨੁੱਖ ਲਈ ਮਾਤਾ ਦਾ ਵਿਛੋੜਾ ਅਤਿ ਦੁਖਦਾਈ ਹੁੰਦਾ ਹੈ। ਸਾਡੇ ਲਈ ਤਾਂ ਉਹ ਮਾਤਾ ਤੋਂ ਇਲਾਵਾ ਪਿਤਾ ਦੀ ਥਾਂ ਵੀ ਸਨ, ਇਸ ਲਈ ਸਾਡਾ ਪੁਰਾਣਾ ਦੁੱਖ ਨਵੇਂ ਸਿਰੋਂ ਤਾਜ਼ਾ ਹੋ ਗਿਆ ਅਤੇ ਨਵਾਂ ਦੁੱਖ ਅਜਿਹਾ ਸੀ, ਜਿਸ ਦਾ ਕੋਈ ਅੰਦਾਜ਼ਾ ਨਹੀਂ ਹੋ ਸਕਦਾ।

1984 ਦਾ ਘਲੂਘਾਰਾ

ਜੋ ਕੁਝ 1984 (4 ਜੂਨ ਤੋਂ 7 ਜੂਨ ਤਕ) ਵਾਪਰਿਆ, ਉਹ ਸਭ ਦੁਨੀਆਂ ਦੇ ਸਾਹਮਣੇ ਹੈ। ਆਪਣੇ ਹੀ ਦੇਸ਼ ਦੀ ਕਈ ਡਵੀਜਨ ਫੌਜ਼ ਨੇ ਟੈਂਕਾਂ, ਤੋਪਖਾਨੇ, ਰਾਕਟਾਂ, ਮਸ਼ੀਨ ਗੰਨਾਂ, ਹਵਾਈ ਜਹਾਜ਼ਾਂ ਆਦਿ ਨਾਲ ਸਾਰੇ ਪੰਜਾਬ ਵਿਚ ਕਰਫੀਊ ਲਗਾ ਕੇ ਸਿੱਖਾਂ ਦੇ ਸਭ ਤੋਂ ਪਵਿੱਤਰ, ਧਾਰਮਕ ਤੇ ਇਤਿਹਾਸਕ ਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਉਤੇ ਹਮਲਾ ਕੀਤਾ ਅਤੇ ਸ੍ਰੀ ਅਕਾਲ ਤਖਤ, ਸਿੱਖ ਰੈਫਰੈਂਸ ਲਾਇਬ੍ਰੇਰੀ, ਤੋਸ਼ਾਖਾਨਾ, ਅਜਾਇਬ ਘਰ, ਤੇਜਾ ਸਿੰਘ ਸਮੁੰਦਰੀ ਹਾਲ ਤੇ ਹੋਰ ਕਈ ਇਮਾਰਤਾਂ ਤਬਾਹ ਕਰ ਦਿਤੀਆਂ ਜਾਂ ਜਲਾ ਦਿਤੀਆਂ। ਇਹ ਸਭ ਕੁਝ ਹੁਣ ਸੰਸਾਰ ਦੀ ਇਕ ਵੱਡੀ ਘਟਨਾ ਬਣ ਗਈ ਹੈ। ਇਸ ਦੇ ਜੋ ਭਿਆਨਕ ਸਿੱਟੇ ਨਿਕਲੇ, ਉਹ ਵੀ ਇਤਿਹਾਸ ਦੀ ਇਕ ਘਿਣਾਉਣੀ ਗਾਥਾ ਬਣ ਚੁੱਕੀ ਹੈ। ਇਸ ਮੰਦਭਾਗੀ ਘਟਨਾ ਨੇ ਸਿੱਖ ਕੌਮ ਦੀ ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ, ਮੀਰ ਮੰਨੂੰ, ਜ਼ਕਰੀਆ ਖਾਨ ਆਦਿ ਦੇ ਭਾਰੀ ਜ਼ੁਲਮਾਂ ਤੇ ਅਤਿਆਚਾਰਾਂ ਨਾਲ ਕਈ ਸਦੀਆਂ ਤੋਂ ਜ਼ਖਮੀ ਹੋਈ ਸਿਮਰਤੀ ਅਤੇ ਮਾਨਸਿਕਤਾ (Psyche) ਵਿਚ ਇਕ ਹੋਰ ਭਿਆਨਕ ਤੇ ਖੂਨੀ ਕਾਂਡ ਦਾ ਵਾਧਾ ਕੀਤਾ ਹੈ। ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਕੇਵਲ ਦੋ ਕੁ ਸੌ ਮਰਜੀਵੜੇ ਕਿਸਮ ਦੇ ਹਥਿਆਰਬੰਦ ਸਿੱਖ ਵਿਦਰੋਹੀਆਂ ਨੂੰ ਖਤਮ ਕਰਨ ਲਈ ਇਹ ਸਾਰਾ ਕੁਝ ਕੀਤਾ ਗਿਆ। ਹਜ਼ਾਰਾਂ ਸਿੱਖ ਮਰਦ, ਇਸਤਰੀਆਂ ਤੇ ਬੱਚੇ ਇਸ ਸਾਕੇ ਵਿਚ ਸ਼ਹੀਦ ਹੋਏ ਅਤੇ ਅਣਗਿਣਤ ਸਿੱਖ ਨੌਜਵਾਨ ਕੈਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਕੇ ਜੇਲ੍ਹਾਂ ਵਿਚ ਡੱਕ ਦਿਤੇ ਗਏ ।

ਇਸ ਭਾਰੀ ਕ੍ਰੋਪੀ ਦੇ ਵਾਪਰਨ ਤੋਂ 7 ਸਾਲ ਬਾਅਦ ਵੀ ਅਜੇ ਤਕ ਪੰਜਾਬ ਦੇ ਗੜ-ਬੜ ਹਾਲਾਤ ਵਿਚ ਕੋਈ ਸੁਧਾਰ ਨਹੀਂ ਹੋਇਆ ਅਤੇ ਨਾ ਹੀ ਅਜੇ ਅਮਨ-ਸ਼ਾਂਤੀ ਕਾਇਮ ਹੋਣ ਦੀ ਕੋਈ ਸੰਭਾਵਨਾ ਦਿਸਦੀ ਹੈ । ਪਤਾ ਨਹੀਂ ਸਿੱਖ ਕੌਮ ਦੀ ਕਿਸਮਤ ਵਿਚ ਅਜੇ ਹੋਰ ਕੀ ਕੁਝ ਲਿਖਿਆ ਹੈ । 1984 ਦੇ ਸਾਕੇ ਦੇ ਪ੍ਰਤੀਕਰਮ ਵਿਚੋਂ ਉਪਜਿਆ ਇਹ ਸਿੱਖ ਸੰਘਰਸ਼ ਹੁਣ ਵਧ ਕੇ ਖ਼ੁਦਮੁਖਤਾਰੀ ਦੀ ਮੰਗ ਬਣਦਾ ਜਾ ਰਿਹਾ ਹੈ ।

ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਦੇ ਦਰਸ਼ਨ

1947 ਤੋਂ ਬਾਅਦ ਮੈਨੂੰ ਨਵੰਬਰ 1958 ਵਿਚ ਸ੍ਰੀ ਨਨਕਾਣਾ ਸਾਹਿਬ ਤੇ ਸ੍ਰੀ ਡਿਹਰਾ ਸਾਹਿਬ (ਲਾਹੌਰ) ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ । ਓਦੋਂ ਮੈਂ ਖ਼ਾਲਸਾ ਕਾਲਜ ਦੇ ਤਿੰਨ ਸਾਥੀਆਂ (ਪ੍ਰੋ. ਸ਼ਾਮ ਸਿੰਘ, ਪ੍ਰੋ. ਚੰਦਰ ਗੁਪਤ ਸਿੰਘ ਅਤੇ ਸ. ਦੀਨ ਦਿਆਲ ਸਿੰਘ) ਨਾਲ ਸਿੱਖ ਯਾਤਰੀ ਜਥੇ ਨਾਲ ਗਿਆ ਸੀ, ਜਿਸ ਦਾ ਜ਼ਿਕਰ ਉਪਰ ਖ਼ਾਲਸਾ ਕਾਲਜ ਦੇ ਹਾਲਾਤ ਵਿਚ ਆਇਆ । ਫਿਰ ਦੂਜੀ ਵਾਰ ਯਾਤਰੀ ਜਥੇ ਨਾਲ ਮੈਂ ਅਤੇ ਚਰਨਜੀਤ ਕੌਰ ਨਵੰਬਰ 1978 ਵਿਚ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਲਈ ਗਏ । ਇਸ ਜਥੇ ਵਿਚ ਪ੍ਰਸਿੱਧ ਅਕਾਲੀ ਆਗੂ ਸੁਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ, ਸ. ਪ੍ਰਕਾਸ਼ ਸਿੰਘ ਮਜੀਠਾ ਅਤੇ ਸ. ਭਾਗ ਸਿੰਘ ਅਣਖੀ (ਚੀਫ ਖ਼ਾਲਸਾ ਦੀਵਾਨ ਵਾਲੇ) ਸ਼ਾਮਲ ਸਨ । ਚੰਡੀਗੜ੍ਹ ਦੇ ਪੰਜਾਬੀ ਕਵੀ ਪ੍ਰੋਫੈਸਰ (ਡਾ.) ਗੁਰਚਰਨ ਸਿੰਘ ਸਾਕੀ ਅਤੇ ਮੈਂ ਕੁਝ ਸਥਾਨਕ ਪੰਜਾਬੀ ਕਵੀਆਂ ਨੂੰ ਮਿਲੇ ਅਤੇ ਇਕ ਸਾਹਿੱਤਕ ਮਿਲਣੀ ਵੀ ਹੋਈ ।

ਗੁਰੂ ਰਾਮ ਦਾਸ ਜੀ ਵੱਲੋਂ ਰੱਖਿਆ

ਖ਼ਾਲਸਾ ਕਾਲਜ ਵਿਚ ਨੌਕਰੀ ਸ਼ੁਰੂ ਕਰਨ ਸਮੇਂ ਦਾ ਜ਼ਿਕਰ ਕਰਦਿਆਂ ਮੈਂ ਉਪਰ ਲਿਖਿਆ ਸੀ ਕਿ ਮੈਨੂੰ ਗੁਰੂ ਰਾਮ ਦਾਸ ਜੀ ਦੀ ਸ਼ਰਨ ਪ੍ਰਾਪਤ ਹੋ ਗਈ । ਗੁਰੂ ਮਹਾਰਾਜ ਨੇ ਆਪਣੇ ਬਿਰਦ ਦੀ ਲਾਜ ਰੱਖੀ ਅਤੇ 1986 ਅਕਤੂਬਰ ਵਿਚ ਆਪਣੀ ਅਪਾਰ ਕ੍ਰਿਪਾ ਦਾ ਚਮਤਕਾਰ ਦਿਖਾ ਕੇ ਮੇਰੀ ਜਾਨ ਬਚਾਈ। ਮੈਨੂੰ ਇਕ ਅਜਿਹੀ ਬੀਮਾਰੀ ਨੇ ਕੁਝ ਦਵਾਈਆਂ ਦੇ ਪ੍ਰਤੀਕਰਮ ਕਾਰਨ ਆ ਘੇਰਿਆ ਕਿ ਜਿਸ ਦਾ ਕੋਈ ਇਲਾਜ ਨਹੀਂ ਸੀ । ਮੇਰੇ ਖ਼ੂਨ ਦੇ ਚਿੱਟੇ ਸੈੱਲ ਏਨੇ ਘੱਟ ਗਏ ਕਿ ਡਾਕਟਰਾਂ ਨੇ ਜਵਾਬ ਦੇ ਦਿਤਾ ਅਤੇ ਕਿਹਾ ਕਿ ਦਵਾ ਨਹੀਂ ਹੁਣ ਦੁਆ ਹੀ ਠੀਕ ਕਰ ਸਕਦੀ ਹੈ । ਆਪਣੀ ਪਤਨੀ, ਬੱਚਿਆਂ, ਨਜ਼ਦੀਕੀ ਰਿਸ਼ਤੇਦਾਰਾਂ ਅਤੇ ਮਿੱਤਰਾਂ ਸਨੇਹੀਆਂ ਦੀਆਂ ਅਰਦਾਸਾਂ ਸੱਚੇ ਪਾਤਸ਼ਾਹ ਨੇ ਕਬੂਲ ਕਰ ਕੇ ਆਪਣੀ ਰੱਖਿਆ ਦਾ ਹੱਥ ਮੇਰੇ ਸਿਰ ਤੇ ਰੱਖ ਦਿਤਾ । ਫਿਰ ਅਗਸਤ 1990 ਵਿਚ ਮੈਨੂੰ ਦਿਲ ਦਾ ਦੌਰਾ ਪਿਆ ਪਰ ਸਤਿਗੁਰੂ ਨੇ ਅਪਾਰ ਕ੍ਰਿਪਾ ਕਰ ਕੇ ਦੁਬਾਰਾ ਜਾਨ ਬਖ਼ਸ਼ੀ ਕਰ ਦਿਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਿਵਾਰ ਦੀ ਅਜੋਕੀ ਸਥਿਤੀ

ਦੇਸ਼-ਵੰਡ ਤੋਂ ਪਹਿਲਾਂ ਸਾਡਾ ਲਗਪਗ ਸਾਰਾ ਪਰਿਵਾਰ ਤੇ ਨਾਨਕਾ ਪਰਵਾਰ ਸਰਗੋਧਾ ਜ਼ਿਲੇ ਵਿਚ ਵੱਸਿਆ ਹੋਇਆ ਸੀ । ਹੁਣ ਇਹ ਸਾਰਾ ਪਰਿਵਾਰ ਖਿੱਲਰ ਗਿਆ ਹੈ। ਇਥੋਂ ਤਕ ਕਿ ਸਾਡੇ ਵਿਚੋਂ ਕੋਈ ਦੋ ਭਰਾ ਵੀ ਇਕ ਥਾਂ ਜਾਂ ਸ਼ਹਿਰ ਵਿਚ ਇਕੱਠੇ ਨਹੀਂ ਰਹਿ ਸਕੇ ।

ਸਵਰਗੀ ਭਾਈ ਇਕਬਾਲ ਸਿੰਘ ਦਾ ਸਾਰਾ ਪਰਵਾਰ ਕੁਝ ਸਾਲ ਪਹਿਲਾਂ ਅਮਰੀਕਾ ਜਾ ਵੱਸਿਆ ਸੀ । ਅੰਤ ਉਹ ਆਪ ਤੇ ਭਾਬੀ ਜੀ ਵੀ 1987 ਵਿਚ ਉਥੇ ਚਲੇ ਗਏ । ਉਥੇ ਹੀ ਦਿਲ ਫੇਲ੍ਹ ਹੋਣ ਨਾਲ ਮਾਰਚ 1989 ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ । ਉਨ੍ਹਾਂ ਦੇ ਦੋਵੇਂ ਸਪੁੱਤਰ ਸੁਖਦੇਵ ਸਿੰਘ ਅਤੇ ਰਾਜਪਾਲ ਸਿੰਘ ਪਰਵਾਰਾਂ ਸਮੇਤ ਕੈਲੇਫੋਰਨੀਆ ਦੇ ਸ਼ਹਿਰ ਸੈਨਹੋਜ਼ੇ (Sanjose) ਦੇ ਵਾਸੀ ਬਣ ਗਏ ਹਨ ਤੇ ਉਨ੍ਹਾਂ ਦੀ ਭੈਣ ਸਤਵੰਤ ਕੌਰ ਤੇ ਭਣੂਜਾ ਸੁਖਚੈਨ ਸਿੰਘ ਸੰਧੂ, ਸੀਨੀਅਰ ਇਲੈਕਟ੍ਰੀਕਲ ਇੰਜੀਨੀਅਰ, ਡੀਟਰਾਇਟ ਸ਼ਹਿਰ ਵਿਚ ਖੁਸ਼ਹਾਲ ਜ਼ਿੰਦਗੀ ਬਿਤਾ ਰਹੇ ਹਨ ।

ਭਾਈ ਦਲੀਪ ਸਿੰਘ ਦਾ ਨਿਵਾਸ ਜਲੰਧਰ ਵਿਚ, ਗੁਰਚਰਨ ਸਿੰਘ ਦਾ ਸੁਨਾਮ (ਜ਼ਿਲਾ ਸੰਗਰੂਰ) ਅਤੇ ਜੋਗਿੰਦਰ ਸਿੰਘ ਦਾ ਚੰਡੀਗੜ੍ਹ ਵਿਚ ਹੈ । ਭਾਈ ਦਲੀਪ ਸਿੰਘ ਦਾ ਇਕਲੌਤਾ ਸਪੁੱਤਰ ਅਮਰਪ੍ਰੀਤ ਸਿੰਘ ਵਪਾਰਕ ਰੁਝੇਵਿਆਂ ਕਾਰਨ ਕਦੀ ਸ੍ਰੀ ਅੰਮ੍ਰਿਤਸਰ ਅਤੇ ਕਦੀ ਬਾਹਰ ਰਹਿੰਦਾ ਹੈ । ਜੋਗਿੰਦਰ ਸਿੰਘ ਦਾ ਇਕਲੌਤਾ ਸਪੁੱਤਰ ਤੇਜਿੰਦਰ ਸਿੰਘ ਚੰਡੀਗੜ੍ਹ ਹਾਈ ਕੋਰਟ ਵਿਚ ਵਕਾਲਤ ਕਰਦਾ ਹੈ । ਗੁਰਚਰਨ ਸਿੰਘ ਦੇ ਲੜਕੇ ਮਨੋਹਰ ਪਾਲ ਸਿੰਘ ਅਤੇ ਦਰਸ਼ਨਜੀਤ ਸਿੰਘ ਸਵੈ-ਨਿਰਭਰ ਹਨ ਅਤੇ ਇੰਦਰਜੀਤ ਸਿੰਘ ਚੰਡੀਗੜ੍ਹ ਵਿਚ ਸਹਿਕਾਰੀ ਬੈਂਕ ਦਾ ਕਰਮਚਾਰੀ ਹੈ । ਸਭ ਤੋਂ ਛੋਟਾ ਭਾਈ ਅਮਰੀਕ ਸਿੰਘ ਵੀ ਆਪਣੇ ਛੋਟੇ ਲੜਕੇ ਗੁਰਤੇਜ ਸਿੰਘ ਪਾਸ ਕੈਨੇਡਾ ਵਿਚ ਜਾ ਵੱਸਿਆ ਹੈ । ਉਸ ਦਾ ਵੱਡਾ ਲੜਕਾ ਪ੍ਰਿਥਵੀਰਾਜ ਸਿੰਘ ਚੰਡੀਗੜ੍ਹ ਵਿਚ ਪ੍ਰਾਪਰਟੀ ਡੀਲਰ ਹੈ । ਮੇਰਾ ਵੱਡਾ ਲੜਕਾ ਜੈਦੀਪ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਿਚ ਅਤੇ ਛੋਟਾ ਅਜੀਤ ਸਿੰਘ ਸਵੈ-ਨਿਰਭਰ ਹੈ ।

ਸਾਡੇ ਸਭ ਭਰਾਵਾਂ ਦੇ ਦਾਮਾਦਾਂ ਵਿਚੋਂ ਬਹੁਗਿਣਤੀ ਆਰਮੀ ਅਫਸਰਾਂ ਦੀ ਹੈ, ਬਾਕੀ ਸਿਵਲ ਅਧਿਕਾਰੀ ਹਨ । ਭਾ. ਦਲੀਪ ਸਿੰਘ ਦੇ ਦਾਮਾਦ ਕਰਨਲ ਨਵਤੇਜ ਸਿੰਘ ਬਾਜਵਾ (ਜਸਪ੍ਰੀਤ ਦਾ ਪਤੀ), ਦਰਸ਼ਨ ਸਿੰਘ ਐਡਵੋਕੇਟ (ਇੰਦਰਜੀਤ ਦਾ ਪਤੀ), ਮੇਜਰ ਪਰਮਜੀਤ ਸਿੰਘ ਢਿਲੋਂ (ਬਲਜੀਤ ਦਾ ਪਤੀ), ਬਲਜੀਤ ਸਿੰਘ ਹੁੰਦਲ ਕਾਰਜਕਾਰੀ ਅਫ਼ਸਰ ਪ੍ਰਤਾਪ ਸਟੀਲ ਮਿਲਜ਼ (ਹਰਪ੍ਰੀਤ ਦਾ ਪਤੀ) । ਮੇਰੇ ਦਾਮਾਦ ਕਰਨਲ ਕੁਲਬੀਰ ਸਿੰਘ ਸਾਹੀ (ਹਰਜੀਤ ਦਾ ਪਤੀ), ਕੈਪਟਨ ਸੁਰਿੰਦਰਪਾਲ ਸਿੰਘ ਵੜੈਚ, ਸੀਨੀਅਰ ਅਧਿਕਾਰੀ ਮਾਰਕਫੈਡ (ਹਰਪ੍ਰੀਤ ਦਾ ਪਤੀ), ਸਕਵਾਡਰਨ ਲੀਡਰ ਦਲਬੀਰ ਸਿੰਘ ਸੰਧੂ (ਖੁਸ਼ਦੀਪ ਦਾ ਪਤੀ) । ਗੁਰਚਰਨ ਸਿੰਘ ਦਾ ਦਾਮਾਦ, ਡਾ. ਚੰਨਣ ਸਿੰਘ ਚੰਨ, ਸੀਨੀਅਰ ਵੈਟਰਨਰੀ ਅਫਸਰ (ਦਲਜੀਤ ਦਾ ਪਤੀ) । ਜੋਗਿੰਦਰ ਸਿੰਘ (ਕਰਨਲ) ਦਾ ਦਾਮਾਦ, ਗਰੁਪ ਕੈਪਟਨ ਜੇ. ਐਸ.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੱਗੀ (ਮੰਨਜਿੰਦਰ ਦਾ ਪਤੀ), ਲੈਫ. ਜਨਰਲ ਐਨ. ਪੀ. ਐਸ. ਬੱਲ (ਗੁਰਿੰਦਰ ਦਾ ਪਤੀ), ਕਰਨਲ ਗੁਰਜੀਤ ਸਿੰਘ ਢਿਲੋਂ (ਤਪਿੰਦਰ ਦਾ ਪਤੀ) ਅਤੇ ਅਮਰੀਕ ਸਿੰਘ ਦਾ ਦਾਮਾਦ ਕਰਨਲ ਜੇ. ਐਸ. ਰੰਧਾਵਾ (ਗੁਰਪ੍ਰੀਤ ਦਾ ਪਤੀ) । ਭੈਣ ਆਸ ਕੌਰ ਦਾ ਦਾਮਾਦ ਹਰਭਜਨ ਸ਼ਿੰਘ ਵਿਰਕ, ਡੀ. ਡੀ. ਏ. (ਕਿਰਪਾਲ ਦਾ ਪਤੀ) ਅਤੇ ਬ੍ਰਿਗ. ਹਰਦੀਪ ਸਿੰਘ ਘੁੰਮਣ (ਕੁਲਬੀਰ ਦਾ ਪਤੀ)

ਤਾਇਆ ਜੀ. ਡਾ. ਕਿਸ਼ਨ ਸਿੰਘ (ਸਵਰਗੀ) ਦਾ ਵੱਡਾ ਸਪੁਤਰ ਵਿੰਗ ਕਮਾਂਡਰ (ਰਿਟਾ.) ਸਤੰਬਰ 1983 ਵਿਚ ਕਾਲਵਾਸ ਹੋ ਗਿਆ ਸੀ । ਛੋਟਾ ਸਪੁੱਤਰ ਨਰਿੰਦਰ ਸਿੰਘ ਸਰਹੰਦ ਬੱਸੀ ਦੇ ਨੇੜੇ ਆਪਣੀ ਜ਼ਮੀਨ ਤੇ ਡੇਅਰੀ ਫਾਰਮ ਦਾ ਪ੍ਰਬੰਧ ਕਰਦਾ ਹੈ । ਤਾਇਆ ਜੀ ਦੀ ਵੱਡੀ ਸਪੁਤਰੀ ਸਵਰਗਵਾਸੀ ਭੈਣ ਕਰਤਾਰ ਕੌਰ ਦੇ ਪਤੀ ਸ. ਬਲਵੰਤ ਸਿੰਘ ਨਾਗਰਾ ਦਿੱਲੀ ਵਿਚ ਰਹਿੰਦੇ ਹਨ । ਦੂਜੀ ਸਪੁਤਰੀ ਭੈਣ ਕਰਤਾਰ ਕੌਰ ਦੇ ਪਤੀ ਜਵਾਨੀ ਵਿਚ ਹੀ ਸੁਰਗਵਾਸ ਹੋ ਗਏ ਸਨ । ਉਹ ਆਪ ਬਟਾਲਾ ਦੇ ਨੇੜੇ ਪਿੰਡ ਵਿਚ ਰਹਿੰਦੇ ਹਨ। ਤਾਇਆ ਜੀ ਦੇ ਭਤੀਜੇ ਮੇਜਰ ਪਿਆਰਾ ਸਿੰਘ (ਸਵਰਗੀ) ਦਾ ਪਰਵਾਰ ਮਾਡਲ ਟਾਊਨ ਜਲੰਧਰ ਵਿਚ ਨਿਵਾਸ ਕਰਦਾ ਹੈ । ਬਾਪੂ ਵੀਰ ਸਿੰਘ (ਸਾਡੇ ਦਾਦਾ ਜੀ ਦੇ ਛੋਟੇ ਭਾਈ) ਦੀ ਸੰਤਾਨ ਚਕ 20 ਜੀ ਜੀ. ਸ੍ਰੀ ਗੰਗਾ ਨਗਰ ਵਿਚ ਆਬਾਦ ਹੈ ।

ਸਾਡਾ ਨਾਨਕਾ ਪਰਿਵਾਰ ਦੇਸ਼ ਵੰਡ ਪਿੱਛੋਂ ਪਿੰਡ ਉਪਲੀ (ਸੰਗਰੂਰ) ਵਿਚ ਰਹਿੰਦਾ ਹੈ।

7743

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar